# ਪੂੰਜੀਵਾਦ ਦਾ ਵਿਨਾਸ਼ ਜ਼ਰੂਰੀ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਪੂੰਜੀਵਾਦ ਦਾ ਵਿਨਾਸ਼ ਜਰੂਰੀ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

**ਡਿਪਟੀ ਮੈਡੀਕਲ ਕਮਿਸ਼ਨਰ**

ਬੀਬੀ ਵਾਲਾ ਰੋਡ, ਗਲੀ ਨੰਬਰ 6,
ਬਠਿੰਡਾ।
ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2010

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ : ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** 100/-

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    ਭਾਗ-1
    ਭਾਗ-2
    ਭਾਗ-3
    ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਕਟਹਿਰੇ 'ਚ ਰਾਜਨੀਤੀ
15. ਪੂੰਜੀਵਾਦ ਦਾ ਵਿਨਾਸ਼ ਜਰੂਰੀ

# ਤਤਕਰਾ


1. ਵਧਦੀ ਮਹਿੰਗਾਈ ਲਈ ਸਰਕਾਰ ਦੀਆਂ ਨੀਤੀਆਂ ਜ਼ਿੰਮੇਵਾਰ ਕਿਵੇਂ? 5
2. ਔਰਤ ਦੇ ਸੰਵੇਦਨਸ਼ੀਲ ਅੰਗ ਨੂੰ ਕੱਟਣ ਦਾ ਰਿਵਾਜ ਕਿੰਨਾ ਕੁ ਸਹੀ? 7
3. ਕੀ ਗਰਭ ਨਿਰੋਧਕ ਗੋਲੀਆਂ ਸਿਹਤ ਦੀਆਂ ਦੁਸ਼ਮਣ ਵੀ ਹਨ? 10
4. ਕੀ ਨੌਕਰੀਆਂ ਹਮਲੇ ਅਜੇ ਵੀ ਜਾਰੀ ਹਨ? 12
5. ਆਖ਼ਰ ਰੁਕਦੀ ਕਿਉਂ ਨਹੀਂ ਮਹਿੰਗਾਈ? 13
6. ਯਸ਼ਪਾਲ ਸੰਮਤੀ-ਉਚ ਸਿੱਖਿਆ 'ਚ ਨਿੱਜੀਕਰਨ ਦੀ ਪੈਰੋਕਾਰੀ 16
7. ਆਖਿਰ ਮਾਜਰਾ ਹੈ ਕੀ? 23
8. ਸੋਕੇ ਦੀ ਮਾਰ ਨਾਲ ਲੋਕ ਭੁੱਖਮਰੀ ਕਿਨਾਰੇ ਕਿਵੇਂ? 25
9. ਨਾਟਕਬਾਜੀ ਦਾ ਕੀ ਮਤਲਬ? 28
10. ਕਿਵੇਂ ਹਨ ਮਿਡ-ਡੇ ਮੀਲ ਦੀ ਰਾਹ 'ਚ ਕੰਕਰ ਭ੍ਰਿਸ਼ਟਾਚਾਰ ਦੇ? 31
11. ਸ਼ਰਾਬਬੰਦੀ ਦੇ ਬਹਾਨੇ ਕਰੋੜਾਂ ਦੀ ਕਮਾਈ ਕਿਵੇਂ? 34
12. ਨੁਮਾਇੰਦੇ ਲੋਕਾਂ ਦੇ ਜਾਂ ਜੋਕਾਂ ਦੇ 37
13. ਫੈਲਦਾ ਕਿਵੇਂ ਹੈ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ? 40
14. ਇਤਿਹਾਸ ਦੇ ਬਹਾਨੇ ਰਾਜਨੀਤੀ ਦੀ ਖੇਡ ਕਿਵੇਂ? 47
15. ਕਟਹਿਰੇ 'ਚ ਨਿਆਂ ਪ੍ਰਣਾਲੀ ਕਿਵੇਂ? 50
16. ਠੇਕਾ, ਵਣ ਤੇ ਕੋਲਾ ਮਾਫੀਆ ਸੱਤਾ ਦੇ ਗਲਿਆਰਿਆਂ 'ਚ ਕਿਵੇਂ? 57
17. ਸਿਆਸਤ 'ਚ ਵੰਸ਼ਵਾਦ ਨੂੰ ਹੱਲਾਸ਼ੇਰੀ ਕਿਉਂ? 61
18. ਸਰਕਾਰੀ ਸਕੂਲ ਦੀ ਦੁਰਦਸ਼ਾ ਕਿਉਂ? 64
19. ਮੌਤ ਸਸਤੀ, ਇਲਾਜ ਮਹਿੰਗਾ ਕਿਉਂ? 67
20. ਅਨੁਵੰਸ਼ਿਕ ਤੌਰ 'ਤੇ ਸੋਧਿਤ (ਜੀ. ਐਮ) ਫਲ ਸਬਜ਼ੀਆਂ ਕਿਵੇਂ ਜਾਇਜ਼ 70
21. ਕਾਲ ਸੈਂਟਰ ਨਵੇਂ ਗੁਲਾਮਾਂ ਦੀ ਦਰਦ ਭਰੀ ਦਾਸਤਾਨ 75
22. ਦਿੱਲੀ 'ਚ ਰਾਸ਼ਟਰ ਮੰਡਲ ਖੇਡਾਂ ਦੀ ਤਿਆਰੀ ਕਿੰਨੀ ਕੁ ਸਹੀ? 79
23. ਕਟਦੇ ਹੋਏ ਜੰਗਲਾਂ ਦਾ ਸ਼ੋਕਗੀਤ 82
24. ਜਲਵਾਯੂ ਤਬਦੀਲੀ ਸਬੰਧੀ ਜ਼ਿੰਮੇਵਾਰੀ ਕਿਸ ਦੀ? 86
25. ਦੋਹਰੀ ਮਾਰ-ਗ਼ਰੀਬੀ ਤੇ ਬੀਮਾਰੀ 88
26. ਕੀ ਹੈ ਯੂ. ਪੀ. ਏ. ਸਰਕਾਰ ਦਾ ਨਵਾਂ ਏਜੰਡਾ? 90
27. ਕੀ ਗ਼ਰੀਬਾਂ 'ਤੇ ਮੰਦੇ ਦਾ ਕਹਿਰ ਜਾਰੀ ਰਹੇਗਾ ਅਜੇ ਵੀ? 94
28. ਕੀ ਹੈ ਬੁਰਜੂਆ ਜਮਹੂਰੀਅਤ 'ਚ "ਬਹੁਮਤ" ਦੀ ਅਸਲੀਅਤ 97
29. ਯੂਰਪ 'ਚ ਜਲਵਾਯੂ ਤਬਦੀਲੀ ਅੱਗ ਨਾਲ 5 ਲੱਖ ਏਕੜ ਜ਼ਮੀਨ ਦੀ ਤਬਾਹੀ 99
30. ਜੋਤਸ਼ੀਆਂ ਤੇ ਬਾਬਿਆਂ ਦੇ ਧਰਮ ਦਾ ਬਾਜ਼ਾਰ 102
31. ਘੋਰ ਗਰੀਬੀ ਦੀ ਕਹਾਣੀ-ਮੀਡੀਆ ਦੀ ਸਨਸਨੀ 107
32. ਇਨਸਾਫ਼ ਦੀ ਬੁਨਿਆਦ ਬਨਾਮ ਭ੍ਰਿਸ਼ਟਾਚਾਰ 110
33. ਪੰਜਾਬ-ਹਰਿਆਣਾ 'ਚ ਔਰਤਾਂ ਦੀ ਘਾਟ ਬਣੀ ਮੁਸੀਬਤ 114
34. ਪਾਰਲੀਮਾਨੀ ਪਾਰਟੀਆਂ ਦੇ ਹਿਸਾਬੀ ਘਪਲੇ ਕਿਵੇਂ? 117
35. ਪਿੱਤੇ ਦੀ ਬਿਮਾਰੀ ਅਤੇ ਚਰਬੀ ਤੋਂ ਪ੍ਰਹੇਜ 120
36. ਸ਼ਰਧਾਂਜਲੀ 122
37. ਅੱਧੀ ਆਬਾਦੀ ਅਧਿਕਾਰਾਂ ਤੋਂ ਵੰਚਿਤ ਕਿਉਂ? 126
38. ਟੀ. ਵੀ. ਚੈਨਲਾਂ ਦਾ ਵਪਾਰੀਕਰਣ ਕੌਣ ਰੋਕੇ? 129
39. ਬੁੰਦੇਲਖੰਡ 'ਚ ਬਦਹਾਲੀ ਤਾਂ ਅੰਤ ਹੋਊ ਕਦੇ? 133
40. ਬੈਂਕ ਕਿਸਾਨਾਂ ਨੂੰ ਠਗਦੇ ਕਿਵੇਂ ਹਨ? 136
41. ਕੀ ਹੈ ਪੁਲਸ ਤੇ ਸ਼ਰਾਬ ਮਾਫੀਆ 'ਚ ਮਿਲੀਭੁਗਤ? 139
32. ਕਿਵੇਂ ਗਾਇਬ ਹੁੰਦੀਆਂ ਹਨ ਆਦੀਵਾਸੀ ਲੜਕੀਆਂ? 142
43. ਕਿੰਨੀ ਕੁ ਜਾਇਜ਼ ਨਿਆਂ ਪ੍ਰਣਾਲੀ 'ਚ ਸੁਧਾਰਾਂ ਦੀ ਮੰਗ? 146
44. ਫਿਰਕੂ ਦੰਗੇ, ਫਿਰਕੂ ਵੰਡ ਤੇ ਆਰਥਕ ਵਿਕਾਸ 151
45. ਅੱਗ ਅੱਛੀ ਸਿਹਤ ਲਈ ਅੱਛਾ ਤੰਤਰ ਕਿਉਂ ਜ਼ਰੂਰੀ? 153
46. ਕੀ ਹੈ ਗਰੀਬੀ ਦੀ ਰਾਜਨੀਤੀ? 156
47. ਅੱਗ ਇਹ ਉਠਦੀ ਕਿਥੋਂ ਹੈ? 160
48. ਗੁੱਜ਼ਰ ਤੇ ਮੀਣਾ ਆਪਸੀ ਵੈਰੀ ਕਿਵੇਂ ਬਣੇ? 163
49. ਕੀ ਅਮਨ ਕਨੂੰਨ ਦੀ ਰਾਖੀ ਕਰਦੀ ਹੈ ਨਰੇਂਦਰ ਮੋਦੀ ਸਰਕਾਰ? 167
50. ਬੇਹੱਦ ਸੁੰਦਰ ਡੱਲ ਵੀ ਸੰਕਟ ਵਿਚ ਕਿਵੇਂ? 170
51. ਜਨਮ ਸ਼ਤਾਬਦੀ ਮੌਕੇ ਦੋ ਵਿਗਿਆਨੀਆਂ ਨੂੰ ਯਾਦ ਕਰਦਿਆਂ 173

# ਵਧਦੀ ਮਹਿੰਗਾਈ ਲਈ ਸਰਕਾਰ ਦੀਆਂ ਨੀਤੀਆਂ ਜਿੰਮੇਵਾਰ ਕਿਵੇਂ?

ਸੰਨ 1988 'ਚ ਪਿਆਜ ਦੀਆਂ ਕੀਮਤਾਂ 80 ਰੁਪਏ ਕਿਲੋ ਤਕ ਪਹੁੰਚ ਗਈਆਂ ਸਨ। ਤਦ ਕੇਂਦਰ 'ਚ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ। ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਕੇਂਦਰ 'ਚ ਨਿੱਜੀਕਰਨ ਵਿਸ਼ਵੀਕਰਨ-ਉਦਾਰੀਕਰਨ ਦੀਆਂ ਨੀਤੀਆਂ ਅਨੁਸਾਰ ਦੌੜ ਰਹੀ ਸੀ। ਸਾਲ ਬਦਲਿਆ ਸਮਾਂ ਬਦਲਿਆ ਸੰਨ 2004 'ਚ ਸਰਕਾਰ ਬਦਲੀ ਹੋਈ ਸੀ। ਕੇਂਦਰ 'ਚ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ। ਕਾਂਗਰਸ ਦੀ ਅਗਵਾਈ 'ਚ ਯੂ. ਪੀ. ਏ. ਸਰਕਾਰ ਨਿੱਜੀਕਰਣ-ਵਪਾਰੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ 'ਤੇ ਸਵਾਰ ਹੋ ਕੇ ਤੇਜੀ ਨਾਲ ਦੌੜ ਰਹੀ ਸੀ। ਤਦ ਫਰਵਰੀ 2007 'ਚ ਕਣਕ ਚੌਲ ਤੇ ਦਾਲਾਂ ਦੇ ਭਾਵਾਂ 'ਚ ਵਾਧਾ ਜੋ ਹੋਣਾ ਸ਼ੁਰੂ ਹੋਇਆ ਤਾਂ ਵਧਦਾ ਹੀ ਗਿਆ। ਮੁਦਰਾ ਸਫਿਤੀ ਦਰ 12 ਫੀਸਦੀ ਤੋਂ ਉਪਰ ਹੋ ਗਈ। ਦੇਸ਼ 'ਚ ਮਹਿੰਗਾਈ 'ਤੇ ਹਾ-ਹਾ-ਕਾਰ ਮੱਚ ਗਈ। ਕੇਂਦਰ ਸਰਕਾਰ ਨੂੰ ਤਦ ਹਮਾਇਤ ਦੇ ਰਹੇ ਅਖੌਤੀ ਖੱਬੇ ਵਿਰੋਧ ਦੀ ਰਸਮ ਅਦਾ ਕਰਨ ਲੱਗੇ। ਮਨਮੋਹਨ ਸਿੰਘ ਜਮਾਖੋਰਾਂ ਤੇ ਸੱਟੇਬਾਜ਼ਾਂ ਨੂੰ ਬੇਨਤੀ ਕਰਨ ਲੱਗੇ ਕਿ ਉਹ ਅਨਾਜ ਸਬੰਧੀ ਸੱਟੇਬਾਜੀ ਤੇ ਜਮਾਖੋਰੀ ਨਾ ਕਰਨ। ਤਦ ਕਣਕ 'ਤੇ ਸੱਟੇਬਾਜੀ ਉਪਰ ਕੁਝ ਸਮੇਂ ਲਈ ਪਾਬੰਦੀ ਲਾ ਦਿੱਤੀ ਗਈ ਸੀ। ਖੈਰ ਤਦ ਤਕ ਜਮਾਖੋਰਾਂ ਤੇ ਸੱਟੇਬਾਜਾਂ ਨੇ ਜੰਮ ਕੇ ਆਪਣੀਆਂ ਚਲਾਈਆਂ। ਫਿਰ ਮਹਿੰਗਾਈ ਕੁਝ ਘੱਟ ਹੁੰਦੀ ਜਾਂ ਨਾ ਹੁੰਦੀ ਪਰ ਜੁਲਾਈ ਆਉਂਦੇ ਆਉਂਦੇ ਪ੍ਰਮਾਣੂ ਸਮਝੌਤਾ ਦਾ ਮੁੱਠਾ ਜ਼ੋਰ ਸ਼ੋਰ ਨਾਲ ਉਠਿਆ, ਵੇਖਦਿਆਂ ਹੀ ਵੇਖਦਿਆਂ ਮਹਿੰਗਾਈ ਦਾ ਮੁੱਦਾ ਅਖ਼ਬਾਰਾਂ ਟੀ. ਵੀ. ਚੈਨਲਾਂ ਤੇ ਰਾਜਸੀ ਪਾਰਟੀਆਂ ਦੇ ਨੇਤਾਵਾਂ ਦੀ ਜੁਬਾਨ ਤੋਂ ਗਾਇਬ ਹੋ ਗਿਆ ਅਤੇ ਮੇਹਨਤਕਸ਼ ਜਨਤਾ ਦੇ ਜੀਵਨ 'ਚ ਇਹ ਪਰਛਾਵੇਂ ਵਾਂਗੂੰ ਲੱਗਿਆ ਰਿਹਾ। ਸਮੇਂ ਦਾ ਪਹੀਆ ਫਿਰ ਘੁੰਮਿਆ। ਕਲੈਂਡਰ ਦੇ ਸਾਲ ਬਦਲੇ ਤਾਰੀਖ ਬਦਲੀ ਹਾਂ ਇਕ ਹੋਰ ਚੀਜ਼ ਜੋ ਪਿਛਲੇ 18-19 ਸਾਲ ਤੋਂ ਨਹੀਂ ਬਦਲੀ ਉਹ ਸੀ ਸਰਕਾਰ ਦੀ ਨੀਤੀ 'ਨਵੀਂ ਆਰਥਕ ਨੀਤੀ' ਯਾਨੀ ਨਿੱਜੀਕਰਨ-ਉਦਾਰੀਕਰਨ ਹੁਣ ਦੇ ਮਨਮੋਹਨ ਸਿੰਘ ਦੇ ਕੁਰਸੀ 'ਤੇ ਬੈਠਦਿਆਂ ਹੀ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ '100 ਦਿਨਾਂ ਦੀ ਕਾਰਜਯੋਜਨਾ' ਬਣਾ ਕੇ ਨਵੀਂ ਆਰਥਿਕ ਨੀਤੀ ਦੀ ਸੁਧਾਰਾਂ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੀ ਗੱਲ ਕੀਤੀ। ਅਜਿਹੇ ਉਹ ਕਰ ਵੀ ਰਹੀ ਹੈ। ਅਜਿਹਾ ਕਰਨ ਨਾਲ ਸਨਅਤਕਾਰਾਂ, ਵਪਾਰੀਆਂ, ਜਮਾਖੋਰਾਂ ਤੇ ਸੱਟੇਬਾਜਾਂ ਦੀ ਹੀ ਪੌਂ-ਬਾਰਾਂ ਹੋਣੀ ਸੀ। ਇਸ ਲਈ ਮਹਿੰਗਾਈ ਵੀ ਤੇਜ਼ੀ ਨਾਲ ਵਧਣੀ ਸੀ ਅਤੇ ਉਹ ਤੇਜ਼ੀ ਨਾਲ ਵਧੀ ਤੇ ਵਧਦੀ ਹੀ ਜਾ ਰਹੀ ਹੈ ਕਿਉਂਕਿ ਉਦਾਰੀਕਰਨ, ਨਿੱਜੀਕਰਨ ਦੀ ਨੀਤੀ ਨਾਲ ਮਹਿੰਗਾਈ ਦਾ ਖਾਸ ਰਿਸ਼ਤਾ ਹੈ ਅਤੇ ਇਹ ਇਸ ਰੂਪ 'ਚ ਕਿ ਸਾਲ 2003 'ਚ ਹੀ ਕੇਂਦਰ 'ਚ ਸੱਤਾ 'ਚ ਤਦ ਹੀ ਭਾਜਪਾ ਸਰਕਾਰ ਨੇ ਚਾਵਲ, ਆਟਾ, ਦਾਲਾਂ, ਤੇਲ, ਚੀਨੀ ਤੇ ਹੋਰ ਜ਼ਰੂਰੀ ਵਸਤਾਂ 'ਤੇ ਜਮਾਂਖੋਰੀ ਤੇ ਸੱਟੇਬਾਜੀ ਦੀ ਖੁੱਲ੍ਹੀ ਛੋਟ ਕਾਨੂੰਨੀ ਰੂਪ 'ਚ ਦੇ ਦਿੱਤੀ ਸੀ। ਅਜਿਹਾ ਨਿੱਜੀਕਰਨ-ਉਦਾਰੀਕਰਨ ਦੇ ਤਹਿਤ

ਹੀ ਹੋਇਆ। ਜਦ ਕਿ ਲਾਜ਼ਮੀ ਚੀਜ਼ਾਂ ਕਾਨੂੰਨ 1955 ਤੇ ਵਾਅਦਾ ਸੌਦਾ ਕਾਨੂੰਨ 1952 ਦੇ ਤਹਿਤ ਜਮ੍ਹਾਂਖੋਰੀ ਤੇ ਸੱਟੇਬਾਜੀ ਅਪਰਾਧ ਸੀ। ਪਾਬੰਦੀਸ਼ੁਦਾ ਵੀ ਪਰ ਇਹਨੂੰ ਖਤਮ ਕਰ ਦਿੱਤਾ ਗਿਆ। ਚੀਨੀ ਇਸ ਦੀ ਇਕ ਮਿਸਾਲ ਹੈ। ਪਿਛਲੇ ਸਾਲ ਦਾ ਸਟਾਕ ਤੇ ਇਸ ਸਾਲ ਦੀ ਚੀਨੀ ਦੀ ਪੈਦਾਵਾਰ ਮਿਲਾ ਕੇ ਕੁਲ 230 ਲੱਖ ਟਨ ਚੀਨੀ ਦੇਸ਼ 'ਚ ਹੈ ਜਦਕਿ ਦੇਸ਼ 'ਚ ਖਪਤ 210 ਲੱਖ ਟਨ ਹੈ। ਇਸ ਦੇ ਬਾਵਜੂਦ ਚੀਨੀ ਦੇ ਭਾਅ 'ਚ ਪਿਛਲੇ 6-7 ਮਹੀਨਿਆਂ 'ਚ 70-80 ਫੀਸਦੀ ਦਾ ਵਾਧਾ ਹੋ ਚੁੱਕਿਆ ਹੈ। ਜਮ੍ਹਾਂ ਖੋਰ ਜਿਥੇ ਮੇਹਨਤਕਸ਼ ਜਨਤਾ ਦੇ ਜੀਵਨ ਦੀਆਂ ਇਹਨਾਂ ਜ਼ਰੂਰੀ ਚੀਜ਼ਾਂ ਨੂੰ ਕੁਇੰਟਲ ਦੇ ਹਿਸਾਬ ਨਾਲ ਸਟਾਕ ਕਰਕੇ ਇਸਦੇ ਭਾਅ ਵਧਾ ਰਹੇ ਹਨ ਉਥੇ ਸੱਟੇਬਾਜ ਕਮਡਿਟੀ ਐਕਸਚੇਂਜ 'ਚ ਇਕ ਦੇ ਚਾਰ ਅਤੇ ਚਾਰ ਦੇ ਸੋਲ੍ਹਾਂ ਵਾਲੇ ਫੰਡੇ 'ਤੇ ਅਨਾਜ, ਦਾਲ, ਤੇਲਾਂ ਦੀ ਸੱਟਾ ਬਾਜ਼ਾਰੀ ਕਰਕੇ ਅਰਬਾਂ ਦੇ ਵਾਰੇ-ਨਿਆਰੇ ਕਰ ਰਹੇ ਹਨ। ਅਤੇ ਮਹਿੰਗਾਈ ਵਧਾ ਕੇ ਦੇਸ਼ ਦੀ ਮੇਹਨਤਕਸ਼ ਜਨਤਾ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਇਕ ਹੀ ਝਟਕੇ 'ਚ ਖਿੱਚ ਕੇ ਉਹ ਆਪਣੀ ਤਿਜੌਰੀ ਭਰ ਰਹੇ ਹਨ। ਇਸ ਲਈ ਮਲਟੀ ਕਮਡਿਟੀ ਐਕਸਚੇਂਜ ਅਤੇ ਨੈਸ਼ਨਲ ਮਲਟੀ ਕਮਡਿਟੀ ਐਕਸਚੇਂਜ ਅਤੇ ਨੈਸ਼ਨਲ ਕਮਡਿਟੀ ਐਂਡ ਡੇਰੀਵੇਟਿਵਜ ਐਕਸਚੇਂਜ ਨੇ ਆਪਣੇ ਅਗਸਤ ਦੇ ਕਾਰੋਬਾਰ 'ਚ 45-50 ਫੀਸਦੀ ਵਾਧਾ ਦਰਜ ਕੀਤਾ (ਸਰੋਤ ਬਿਜਨਸ ਸਟੈਂਡਰਡ) ਇਹ ਅਗਸਤ ਮਹੀਨੇ 'ਚ 617, 484, 83 ਕਰੋੜ ਰੁਪਏ ਦਰਜ ਕੀਤਾ ਗਿਆ। ਸਾਫ ਸਾਫ ਹੈ ਕਿਮ ਇਹ ਦੌਲਤ ਮੇਹਨਤਕਸ਼ ਜਨਤਾ ਦੇ ਖ਼ੂਨ ਪਸੀਨੇ ਦੀ ਕਮਾਈ ਹੈ ਜਿਸ ਨੂੰ ਮੁੱਠੀਭਰ ਦਲਾਲ ਨੌਕਰਸ਼ਾਹ ਸਰਮਾਏਦਾਰਾਂ ਨੂੰ ਹਥਿਆ ਲਿਆ ਹੈ। ਇਸ ਤੋਂ ਇਲਾਵਾ ਵੱਖ-ਵੱਖ ਸਮੇਂ ਦੀ ਕੇਂਦਰ ਦੀ ਸਰਕਾਰ ਨੇ ਨਿੱਜੀਕਰਨ-ਉਦਾਰੀਕਰਨ ਦੀ ਨੀਤੀ ਤਹਿਤ ਹੀ ਮਹਿੰਗਾਈ ਨੂੰ ਇਕ ਹੱਦ ਤਕ ਕੰਟਰੋਲ ਕਰਨ ਵਾਲੀ ਮੂਲ ਕੰਟਰੋਲ ਪ੍ਰਣਾਲੀ ਤੇ ਜਨਤਕ ਵੰਡ ਪ੍ਰਣਾਲੀ ਨੂੰ ਤਹਿਸ ਨਹਿਸ ਕਰ ਦਿੱਤਾ ਗਿਆ ਹੈ। ਖੇਤੀ ਦਾ ਵਿਕਾਸ ਰੁੰਡ ਮਰੁੰਡ ਹੈ। ਇਸ ਨੇ ਮਹਿੰਗਾਈ ਨੂੰ ਵਧਾਉਣ ਦਾ ਹੀ ਕੰਮ ਕੀਤਾ ਹੈ। ਜੇ ਮੌਜੂਦਾ ਮਹਿੰਗਾਈ ਦੇ ਤੇਜ਼ ਵਾਧੇ ਨੂੰ ਛੱਡ ਵੀ ਦਿੱਤਾ ਜਾਵੇ ਤਾਂ ਵੀ ਮਹਿੰਗਾਈ ਇਸ ਪੂੰਜੀਵਾਦੀ ਵਿਵਸਥਾ ਦਾ ਸੱਚ ਹੈ। ਮਹਿੰਗਾਈ ਨਾਲ 60 ਤੇ 70 ਦੇ ਦਹਾਕੇ 'ਚ ਵੀ ਲੋਕ ਗ੍ਰਸਿਤ ਸਨ। ਤਦ ਦੇ ਦੌਰ 'ਚ ਭਲੇ ਹੀ ਨਵੀਂ ਆਰਥਿਕ ਨੀਤੀ ਨਹੀਂ ਸੀ ਪਰ ਇਸ ਦੇ ਬਰਕਸ ਪੂੰਜੀਪਤੀਆਂ ਦੀ ਮੁਨਾਫਾਖੋਰ ਨੀਤੀ ਤਾਂ ਹੈ ਹੀ ਸੀ। ਇਹੀ ਨੀਤੀਆਂ ਜਿਹਨਾਂ ਨੇ ਪਾਲਪੋਸ ਕੇ ਟਾਟਾ, ਬਿਰਲਾ ਅੰਬਾਨੀ ਵਰਗੇ ਦਲਾਲ ਸਰਮਾਏਦਾਰਾਂ ਨੂੰ ਖੁਸ਼ਹਾਲ ਬਣਾਇਆ ਜੋ ਅੱਜ ਪਾਣੀ ਪੀ ਪੀ ਕੇ ਇਹਨਾਂ ਨੀਤੀਆਂ ਨੂੰ ਅਤੇ ਨਹਿਰੂ ਸਰਕਾਰ ਨੂੰ ਕੋਸਣ ਦਾ ਨਾਟਕ ਕਰਦੇ ਰਹਿੰਦੇ ਹਨ। ਦੇਸ਼ ਦੀ ਮੇਹਨਤਕਸ਼ ਜਨਤਾ ਦੇ ਹਿੱਤ ਅਤੇ ਜਨਤਾ ਦੀਆਂ ਜ਼ਰੂਰਤਾਂ ਨਾ ਅੱਜ ਤਰਜੀਹ 'ਤੇ ਹਨ ਤੇ ਨਾ ਪਹਿਲਾਂ ਸਨ। ਜਿਹਨਾਂ ਨੇ ਦਰਜ ਕੀਤਾ ਉਹੀ ਦਵਾ ਦੇਣਗੇ ਦੀ ਤਰਜ 'ਤੇ ਜੋ ਰਾਜਸੀ ਪਾਰਟੀਆਂ। ਸਰਕਾਰ ਮਹਿੰਗਾਈ ਲਈ ਜ਼ਿੰਮੇਵਾਰ ਹਨ। ਉਥੇ ਮਹਿੰਗਾਈ ਦੇ ਵਿਰੋਧ ਦਾ ਨਾਟਕ ਕਰ ਰਹੀ ਹੈ। ਕਈ ਅਜਿਹੇ ਨਾਟਕਾਂ ਨਾਲ ਮਹਿੰਗਾਈ ਰੋਕੀ ਜਾ ਸਕਦੀ ਹੈ।

# ਔਰਤ ਦੇ ਸੰਵੇਦਨਸ਼ੀਲ ਅੰਗ ਨੂੰ ਕੱਟਣ ਦਾ ਰਿਵਾਜ ਕਿੰਨਾ ਕੁ ਸਹੀ?

ਅੱਜ ਵੀ ਸਮਾਜ 'ਚ ਔਰਤ ਦੇ ਕੁਆਰੇਪਣ ਦੇ ਸੁਆਲ 'ਤੇ ਮਰਦ ਦੀ ਮਾਨਸਿਕਤਾ ਸਦੀਆਂ ਪੁਰਾਣੀ ਹੈ। ਵਿਆਹ ਲਈ ਹਰ ਮਰਦ ਨੂੰ ਐਸੀ ਔਰਤ ਦੀ ਤਲਾਸ਼ ਰਹਿੰਦੀ ਹੈ ਜਿਸ ਦਾ ਕੁਆਰਾਪਣ ਪੂਰੀ ਤਰ੍ਹਾਂ ਸੁਰੱਖਿਅਤ ਹੋਵੇ। ਅਫਰੀਕਾ ਦੇ ਕਰੀਬ 20 ਦੇਸ਼ਾਂ 'ਚ ਔਰਤ ਦੀ ਯੌਨ ਵਾਸ਼ਣਾ ਨੂੰ ਬੜਾ ਗਲਤ ਮੰਨਿਆ ਜਾਂਦਾ ਹੈ ਅਤੇ ਇਸ ਦੇ ਲਈ ਉਥੋਂ ਦੀਆਂ ਲੜਕੀਆਂ ਦਾ ਭਗਨਾਸਾ ਅੱਠ-ਨੌਂ ਸਾਲ ਦੀ ਉਮਰ 'ਚ ਹੀ ਕੱਟ ਦਿੱਤਾ ਜਾਂਦਾ ਹੈ ਅਤੇ ਯੌਨੀ ਮੁੱਖ ਦੀਆਂ ਬੁਲੀਆਂ ਨੂੰ ਚਮੜੇ ਦੇ ਧਾਗੇ-ਸੂਈ ਨਾਲ ਸਿਲਾਈ ਕਰ ਦਿੱਤੀ ਜਾਂਦੀ ਹੈ। ਇਸ ਸਿਲਾਈ ਨੂੰ ਸੁਹਾਗਰਾਤ ਵਾਲੇ ਦਿਨ ਉਸ ਦਾ ਪਤੀ ਕੈਂਚੀ ਰਾਹੀਂ ਕੱਟ ਕੇ ਆਪਣੀ ਪਤਨੀ ਦਾ ਯੌਨੀ ਮੁੱਖ ਖੋਲ੍ਹਦਾ ਹੈ। ਫਿਰ ਉਸ ਨਾਲ ਸੰਭੋਗ ਕਰਦਾ ਹੈ। ਯੌਨੀ ਦੇ ਮੂੰਹ ਨੂੰ ਇਸ ਤਰ੍ਹਾਂ ਬੰਨ੍ਹਣ ਦਾ ਮੁੱਖ ਕਾਰਨ ਹੈ ਜਾਂ ਉਦੇਸ਼ ਹੈ ਕਿ ਮੁਟਿਆਰ ਦਾ ਕੁਆਰਾਪਣ ਸ਼ਾਦੀ ਤਕ ਸੁਰੱਖਿਅਤ ਰਹੇ ਅਤੇ ਸ਼ਾਦੀ ਤੋਂ ਬਾਅਦ ਹੀ ਉਸ ਦਾ ਇਹ ਕੁਆਰਾਪਣ ਉਸ ਦੇ ਪਤੀ ਵੱਲੋਂ ਭੰਗ ਹੋਵੇ। ਜਦ ਕਿ ਭਗਨਾਸਾ ਕੱਟਣ ਦਾ ਉਦੇਸ਼ ਔਰਤਾਂ 'ਚ ਸੈਕਸ ਵਾਸ਼ਣਾ ਦੀ ਉਤੇਜਨਾ ਨਾ ਆਉਣ ਦਾ ਕਾਰਨ ਦੱਸਿਆ ਜਾਂਦਾ ਹੈ ਜਿਸ ਨੂੰ 'ਖਤਨਾ' ਕਿਹਾ ਜਾਂਦਾ ਹੈ। ਇਹਨਾਂ ਖੇਤਰਾਂ ਦੇ ਲੋਕਾਂ ਦੀ ਐਸੀ ਮਾਨਸਿਕਤਾ ਹੈ ਕਿ ਜੇ ਔਰਤ ਦਾ ਭਗਨਾਸਾ ਕੱਟ ਦਿੱਤਾ ਜਾਵੇ ਤਾਂ ਉਸ 'ਚ ਵਾਸਨਾ ਦੀ ਉਤੇ ਜਨਾ ਨਹੀਂ ਆਵੇਗੀ। ਜਿਸ ਕਾਰਨ ਉਹ ਕੁਰਾਹੇ ਨਹੀਂ ਪਾਵੇਗੀ। ਅਫਰੀਕੀ ਦੇਸ਼ਾਂ ਦੀ ਇਸ ਪ੍ਰਥਾ ਨੂੰ ਇਕ ਤਰ੍ਹਾਂ ਨਾਲ ਔਰਤਾਂ ਨੂੰ ਦਾਸ ਬਣਾ ਕੇ ਰੱਖਣ ਵਾਲੀ ਪ੍ਰਥਾ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਔਰਤਾਂ ਦੀ ਯੌਨ ਇੱਛਾ ਨੂੰ ਕਰੂਰਤਾ ਪੂਰਨ ਇਕ ਬੰਧਨ 'ਚ ਬੰਨ ਕੇ ਇਥੋਂ ਦਾ ਮਰਦ ਸਮਾਜ ਰੱਖਦਾ ਹੈ। ਜਦ ਕਿ ਮਰਦ ਆਪਣੀ ਯੌਨ ਇੱਛਾ ਦੀ ਪੂਰਤੀ ਕਿਸੇ ਮਨ ਮਰਿਯਾਦਾ ਤੇ ਬੰਧਨਾਂ ਤੋਂ ਮੁਕਤ ਹੋ ਕੇ ਕਰਦਾ ਹੈ। ਮਰਦਾਂ ਨੂੰ ਆਪਣੀ ਯੌਨ ਇੱਛਾਪੂਰਤੀ ਕਰਨ ਲਈ ਉਹਨਾਂ ਨੂੰ ਪੂਰੀ ਛੋਟ ਮਿਲੀ ਹੋਈ ਹੈ। ਸ਼ਿਕਾਰ ਅਤੇ ਮੱਛੀ ਫੜਨ ਦੇ ਮੌਸਰਾ ਨੂੰ ਛੱਡ ਕੇ ਆਪਣੇ ਕਿਸੇ ਵੀ ਤਿਉਹਾਰ ਦੀ ਰਾਤ ਨੂੰ ਸਮੂਹਕ ਸੰਭੋਗ ਨੂੰ ਇਹ ਲੋਕ ਯੌਨ ਅਨੁਭਵ ਦਾ ਆਦਰਸ਼ ਮੰਨਦੇ ਹਨ। ਇਕ ਮੁਟਿਆਰ ਨਾਲ 10-15 ਮਰਦ ਯੌਨ ਸੁੱਖ ਹਾਸਲ ਕਰਦੇ ਹਨ। ਕਈ ਮੁਟਿਆਰਾਂ ਦੀ ਮੌਤ ਵੀ ਹੋ ਜਾਂਦੀ ਹੈ ਉਸ ਰਾਤ ਨੂੰ ਜਦ ਮਰਦਾਂ ਦਾ ਉਸਤਾਦ ਉਹਨਾਂ ਦੇ ਜਿਸਮ ਨੂੰ ਬੁਰੀ ਤਰ੍ਹਾਂ ਨਚੋੜਨ ਲੱਗਦਾ ਹੈ। ਪਰ ਮਰਦ ਪ੍ਰਧਾਨ ਸਮਾਜ ਹੋਣ ਅਤੇ ਔਰਤਾਂ ਨੂੰ ਸਿਰਫ 'ਉਪਭੋਗ' ਦੀ ਵਸਤੂ ਸਮਝਣ ਕਰਕੇ ਮਰਦਾਂ ਨੂੰ ਇੱਛਾਵਾਂ ਪ੍ਰਤੀ ਵਿਦਰੋਹ ਜਾਂ ਸਮਾਜਕ ਨਿਆਂ ਦੀ ਪ੍ਰਾਪਤੀ ਦਾ ਸੁਆਲ ਹੀ ਨਹੀਂ ਉੱਠਦਾ। ਮੁਸਲਮਾਨ ਅਤੇ ਯਹੂਦੀ ਲੋਕਾਂ 'ਚ ਮਰਦ ਦੇ ਲਿੰਗ ਦੇ ਅਗਲੇ ਹਿੱਸੇ ਦੇ ਮਾਸ ਨੂੰ ਕੱਟਣ ਦੀ ਧਾਰਮਿਕ ਪ੍ਰਥਾ ਹੈ। ਇਸ ਨੂੰ ਸੁੰਨਤ ਜਾਂ ਖਤਨਾ ਕਹਿੰਦੇ ਹਨ ਅਤੇ ਡਾਕਟਰੀ ਭਾਸ਼ਾ 'ਚ ਇਸ ਨੂੰ ਸਰਕਮ ਸੀਜਨ ਕਿਹਾ ਜਾਂਦਾ ਹੈ। ਧਾਰਮਿਕ ਪ੍ਰਥਾ ਹੋਣ ਕਰਕੇ ਇਹ ਕੋਈ ਕੁ ਪ੍ਰਥਾ ਨਹੀਂ ਹੈ ਬਲਕਿ ਵਿਗਿਆਨੀਆਂ ਨੇ ਇਸਨੂੰ ਸਿਹਤ ਲਈ ਜ਼ਰੂਰੀ ਸਮਝਿਆ ਹੈ ਇਸ ਕਰਕੇ ਮੁਸਲਮਾਨਾਂ

ਤੇ ਯਹੂਦੀਆਂ ’ਚ ਲਿੰਗ ਕੈਂਸਰ ਦੀ ਬੀਮਾਰੀ ਘੱਟ ਹੁੰਦੀ ਹੈ ਕਿਉਂਕਿ ਉਪਰਲੀ ਚਮੜੀ ਹਟਾ ਦੇਣ ਨਾਲ ਲਿੰਗ ਦਾ ਸਮੈਗਮਾ (ਤੇਲ) ਇਕ ਜਗਾਹ ਇਕੱਠਾ ਨਹੀਂ ਹੁੰਦਾ ਤੇ ਨਾ ਹੀ ਇਸ ਨਾਲ ਇੰਫੈਕਸ਼ਨ ਹੋਣ ਦਾ ਡਰ ਰਹਿੰਦਾ ਹੈ। ਪਰ ਔਰਤਾਂ ਦਾ ਭਗਨਾਸਾ ਕੱਟਣਾ ਅਤੇ ਯੌਨੀ ਦੇ ਮੂੰਹ ਦੀ ਸਿਲਾਈ ਕਰਨਾ ਸਿਹਤ ਲਈ ਲਾਭਦਾਇਕ ਤਾਂ ਹੁੰਦੀ ਹੀ ਨਹੀਂ ਬਲਕਿ ਮਰਦਾਂ ਦੀ ਇਹ ਬੇਰਹਿਮ ਤੇ ਹੈਵਾਨੀਅਤ ਨਾਲ ਭਰੀ ਮਾਨਸਿਕਤਾ ਹੈ, ਜੋ ਬੇਹੱਦ ਪੀੜਾ ਦਾ ਇਕ ਤੇ ਅਤਿਆਚਾਰੀ ਹੈ। ਅਫਰੀਕਾ ਦੇ 20 ਦੇਸਾਂ ’ਚ ਘੱਟੋ-ਘੱਟ 50 ਫੀਸਦੀ ਔਰਤਾਂ ਨੂੰ ਇਸ ਅਤਿਆਚਾਰੀ ਪ੍ਰਥਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਪਤਾ ਨਹੀਂ ਹੈ ਕਿ ਇਹ ਪ੍ਰਥਾ ਕਦੋਂ ਅਤੇ ਕਿਉਂ ਸ਼ੁਰੂ ਹੋਈ ਪਰ ਕਿਹਾ ਜਾਂਦਾ ਹੈ ਕਿ ਆਦਮ ਯੁੱਗ ਤੋਂ ਹੀ ਇਹ ਪ੍ਰਥਾ ਇਹਨਾਂ ਖੇਤਰਾਂ ’ਚ ਹੈ। ਅੱਜ ਇਹ ਪੂਰੇ ਅਫਰੀਕਾ ’ਚ ਵਿਆਪਕ ਤੌਰ ’ਤੇ ਪ੍ਰਚੱਲਤ ਹੈ। ਇਥੋਪੀਆ ’ਚ ਕਰੀਬ 90 ਫੀਸਦੀ ਔਰਤਾਂ ਇਸ ਦੀ ਸ਼ਿਕਾਰ ਬਣਦੀਆਂ ਹਨ। ਕੁਝ ਮਾਹਰਾਂ ਦਾ ਕਹਿਣਾ ਹੈ ਕਿ ਇਹ ਪ੍ਰਥਾ ਇਸਲਾਮ ਤੇ ਸ਼ੁਰੂ ਕੀਤੀ ਸੀ। ਪਰ ਇਥੋਪੀਆ ’ਚ ਇਸਾਈ ਪਰਿਵਾਰ ਵਾਲੇ ਵੀ ਆਪਣੀਆਂ ਬੇਟੀਆਂ ਦਾ ਖਤਨਾ ਕਰਵਾਉਂਦੇ ਹਨ। ਪੱਛਮੀ ਏਸ਼ੀਆ, ਮਲੇਸ਼ੀਆ ਤੇ ਇੰਡੋਨੇਸ਼ੀਆ ’ਚ ਖਤਨਾ ਦਾ ਰਿਵਾਜ ਪ੍ਰਚਲਤ ਹੈ।

ਪ੍ਰਸਿੱਧ ਸਮਾਜ ਸਾਸ਼ਤਰੀ ਸੇਗੇਂਈ ਗੋਲ ਦੇ ਅਫਰੀਕਾ ਦੇ ਦੇਸ਼ਾਂ ’ਚ ਔਰਤਾਂ ਦਾ ਭਗਨਾਸਾ ਕੱਟਣ ਦੇ ਪ੍ਰਸੰਗ ’ਚ ਆਪਣੀ ਖੋਜ ਦੇ ਆਧਾਰ ’ਤੇ ਕਹਿੰਦੇ ਹਨ ਇਨ੍ਹਾਂ ਖੇਤਰਾਂ ਦੇ ਮਰਦ ਔਰਤ ਨੂੰ ਆਪਣੀ ਜਾਇਦਾਦ ਮੰਨਦੇ ਹਨ ਤੇ ਉਹਨਾਂ ਦੇ ਜਿਸਮ ਨੂੰ ਭੋਗਣ ਦੀ ਚੀਜ਼ਾਂ ਉਹਨਾਂ ਨੇ ਆਪਣੇ ਲਿੰਗ ਦੀ ਤਰ੍ਹਾਂ ਔਰਤ ਦੇ ਸਰੀਰ ’ਚ ਉਹੋ ਜਿਹਾ ਹੀ ਅੰਗ (ਭਗਨਾਸਾ) ਦਿਸਿਆ ਤਾਂ ਈਰਖਾ ਦੇ ਨਾਲ ਹੀ ਔਰਤ ’ਤੇ ਆਪਣੀ ਸ਼ਕਤੀ ਜਾਹਰ ਕਰਨ ਲਈ ਤੇ ਉਸ ਨੂੰ ਜਬਰ ਦਾ ਸ਼ਿਕਾਰ ਬਣਾਉਣ ਲਈ ਭਗਨਾਸਾ ਕੱਟਣ ਦੀ ਜਾਲਮ ਪ੍ਰਥਾ ਦੀ ਸ਼ੁਰੂਆਤ ਹੋਈ, ਇਸ ’ਚ ਉਸ ਦੇ ਬਰਾਬਰ ਨਾ ਹੋ ਸਕੇ।” ਘਰ ਦੇ ਮਰਦ ਆਪਣੇ ਖੇਤਰ ਦੇ ਪੁਜਾਰੀ ਨਾਲ ਮਿਲ ਕੇ ਖਤਨਾ ਦੀ ਤਰੀਕ ਤਹਿ ਕਰਦੇ ਹਨ ਤੇ ਫਿਰ ਡਾਕਟਰ ਨੂੰ ਮਿਲਦੇ ਹਨ। ਖਤਨਾ ਦੀ ਤਰੀਕ ਜਿਸ ਦਿਨ ਤਹਿ ਹੁੰਦੀ ਹੈ ਉਸ ਪਰਿਵਾਰ ’ਚ ਉਹ ਦਿਨ ਮੇਲੇ ਤਿਉਹਾਰ ਵਰਗਾ ਹੁੰਦਾ ਹੈ। ਸਕੇ ਸਬੰਧੀਆਂ ਤੇ ਦੋਸਤਾਂ ਨੂੰ ਸੱਦਿਆ ਜਾਂਦਾ ਹੈ ਤੇ ਉਹਨਾਂ ਦੇ ਭੋਜਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਿਸ ਲੜਕੀ ਦਾ ਖਤਨਾ ਕਰਨਾ ਹੁੰਦਾ ਹੈ, ਉਸ ਨੂੰ ਇਸ਼ਨਾਨ ਕਰਾਉਣ ਪਿੱਛੋਂ ਉਸ ਦੀ ਨੰਗਿਆਂ ਕਰਕੇ ਪੂਜਾ ਕੀਤੀ ਜਾਂਦੀ ਹੈ। ਫਿਰ ਉਥੇ ਹੀ ਡਾਕਟਰ ਉਸ ਦੀ ਭਗਨਾਸਾ ਕੱਟ ਦਿੰਦਾ ਹੈ। ਲੜਕੀ ਨੂੰ ਗਹਿਰੇ ਸਦਮੇ ਅਤੇ ਪੀੜਾ ’ਚੋਂ ਗੁਜ਼ਰਨਾ ਪੈਂਦਾ ਹੈ। ਉਹ ਦਰਦ ਨਾਲ ਚੀਕਦੀ ਚਿਲਾਉਂਦੀ ਹੈ ਤੇ ਬੇਹੋਸ਼ ਤੱਕ ਹੋ ਜਾਂਦੀ ਹੈ। ਉਸ ਦਾ ਦਰਦ ਘੱਟ ਕਰਨ ਲਈ ਉਸ ਨੂੰ ਕੁਝ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਲੜਕੀ ਦੇ ਜ਼ਖ਼ਮ ’ਚੋਂ ਨਿਕਲਿਆ ਇਕੱਠਾ ਕੀਤਾ ਖ਼ੂਨ ਸ਼ਰਾਬ ’ਚ ਮਿਲਾ ਕੇ ਘਰ ਵਾਲੇ ਤੇ ਮਹਿਮਾਨ ਪੀਂਦੇ ਹਨ। ਫਿਰ ਭੋਜਨ ਕਰਨ ਪਿੱਛੋਂ ਸਭ ਮਹਿਮਾਨ ਆਪਣੇ-ਆਪਣੇ ਘਰਾਂ ਨੂੰ ਚਲੇ ਜਾਂਦੇ ਹਨ, ਜ਼ਖ਼ਮ ਠੀਕ ਹੋਣ ਪਿੱਛੋਂ ਯੌਨੀ ਦੇ ਮੂੰਹ ਦੀ ਸਿਲਾਈ ਕਰ ਦਿੱਤੀ ਜਾਂਦੀ ਹੈ ਜੋ ਬੇਹੱਦ ਪੀੜਾ ਦਾਇਕ ਹੁੰਦੀ ਹੈ। ਮੁਟਿਆਰ ਦੀ ਚੀਖਾਂ ਉਸ ਵਕਤ ਅਸਮਾਨ ’ਚ ਗੂੰਜਦੀਆਂ ਹਨ। ਤਿੰਨ ਚਾਰ ਵਿਅਕਤੀ ਉਸ ਨੂੰ ਮਜ਼ਬੂਤੀ ਨਾਲ ਫੜੀ ਰੱਖਦੇ ਹਨ। ਇਸ ਪ੍ਰਸੰਗ ਨੂੰ ਯੂਨੀਸੇਫ

ਦਾ ਕਹਿਣਾ ਹੈ ਕਿ ਇਸ ਤਰ੍ਹਾਂ ਯੋਨੀ ਦੇ ਮੂੰਹ ਨੂੰ ਬੰਦ ਕਰਨ ਦਿੱਤੇ ਜਾਣ ਤੇ ਭਗਨਾਸਾ ਕੱਟਣ 'ਖਤਨਾ' ਰਸਮ ਕਹਿ ਕੇ ਨਜ਼ਰਅੰਦਾਜ਼ ਕਰ ਦੇਣਾ, ਇਸ ਦੀ ਕਰੂਰਤਾ ਤੇ ਭਿਅੰਕਰਤਾ 'ਤੇ ਪੜਦਾ ਪਾਉਣ ਬਰਾਬਰ ਹੈ। ਖਤਨਾ ਕੀਤੇ ਜਾਣ ਦੌਰਾਨ ਤੇ ਉਸ ਪਿੱਛੋਂ ਵੱਡੇ ਪੈਮਾਨੇ 'ਤੇ ਖ਼ੂਨ ਵਗਦਾ ਹੈ। ਲੜਕੀ ਨੂੰ ਗਹਿਰੇ ਸਦਮੇ ਤੇ ਪੀੜਾ ਜਨਕ ਸਥਿਤੀ 'ਚੋਂ ਗੁਜਰਨਾ ਪੈਂਦਾ ਹੈ ਕਿਉਂਕਿ ਇਥੋਂ ਦੇ ਡਾਕਟਰ ਆਧੁਨਿਕ ਡਾਕਟਰੀ ਵਿਗਿਆਨ ਦਾ ਗਿਆਨ ਨਹੀਂ ਰੱਖਦੇ। ਇਸ ਕਾਰਨ ਖਤਨਾ ਪਿੱਛੋਂ ਜਖਮ 'ਚ ਇਨਫੈਕਸ਼ਨ ਹੋਣ ਦੀ ਸੰਭਾਵਨਾ ਰਹਿੰਦੀ ਹੈ ਵਿਸ਼ਵ ਸਿਹਤ ਸੰਸਥਾ ਦਾ ਕਹਿਣਾ ਹੈ ਕਿ ਖਤਨਾ ਪਿੱਛੋਂ ਅਨੇਕਾਂ ਲੜਕੀਆਂ ਦੀ ਮੌਤ ਹੋ ਜਾਂਦੀ ਹੈ ਜਾਂ ਭਾਵੀ ਜੀਵਨ 'ਚ ਉਹਨਾਂ ਨੂੰ ਅਨੇਕ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਨੇਕਾਂ ਔਰਤਾਂ ਨੂੰ ਸੰਭੋਗ ਸਮੇਂ ਤੇ ਮਹਾਵਾਰੀ ਸਮੇਂ ਅਨੇਕਾਂ ਪੀੜਾਂ ਝੱਲਣੀਆਂ ਪੈਂਦੀਆਂ ਹਨ। ਸੁਹਾਗਰਾਤ ਵਾਲੇ ਦਿਨ ਜਦੋਂ ਪਤੀ ਪਤਨੀ ਦਾ ਯੌਨ ਮੁੱਖ ਖੋਲ੍ਹਦਾ ਹੈ ਤਾਂ ਉਦੋਂ ਵੀ ਅਸਹਿ ਪੀੜਾ ਹੁੰਦੀ ਹੈ। ਕਈ ਔਰਤ ਸੰਸਥਾਵਾਂ ਤੇ ਯੂਨੀਸੇਵ ਇਸ ਪ੍ਰਥਾ 'ਤੇ ਪਾਬੰਦੀ ਲਾਉਣ ਦੀ ਮੰਗ ਕਰ ਰਹੀਆਂ ਹਨ। ਇਹ ਪ੍ਰਥਾ ਬਹੁਤ ਸਾਰੀਆਂ ਬੀਮਾਰੀਆਂ ਦਾ ਕਾਰਨ ਬਣਦੀ ਹੈ। ਮਾਨਵਤਾ ਵਿਰੁੱਧ ਇਹ ਹਿੰਸਾਤਮਕ ਕਾਰਵਾਈ ਹੈ। ਕਿਸੇ ਮਨੁੱਖ ਦਾ ਅੰਗ ਕੱਟ ਕੇ ਅਲੱਗ ਕਰਨਾ ਜੁਰਮ ਹੈ। ਇਹ ਔਰਤ ਨੂੰ ਅਪਾਹਜ ਬਣਾਉਣ ਵਾਲਾ ਅਮਲ ਹੈ। ਦਰਅਸਲ ਅਫਰੀਕੀ ਦੇਸ਼ਾਂ ਦੇ ਮਰਦ ਜਿਸ ਤਰ੍ਹਾਂ ਘਰ ਤੇ ਜਾਇਦਾਦ ਨੂੰ ਆਪਣੀ ਸੰਪਤੀ ਮੰਨਦੇ ਹਨ ਉਸੇ ਤਰ੍ਹਾਂ ਔਰਤ ਨੂੰ ਵੀ ਇਹ ਲੋਕ ਆਪਣਾ ਜਾਇਦਾਦ ਮੰਨਦੇ ਹਨ। ਇਹਨਾਂ ਦੀਆਂ ਨਜ਼ਰਾਂ 'ਚ ਔਰਤ ਦਾ ਸਰੀਰ ਭੋਗ ਵਿਲਾਸ ਕਰਨ ਤੇ ਬੱਚੇ ਜੰਮਣ ਲਈ ਹੁੰਦਾ ਹੈ। ਇਸੀ ਕਾਰਨ ਇਹ ਔਰਤ ਜਿਸਮ ਨੂੰ ਬੰਨ ਕੇ ਰੱਖਣ 'ਚ ਵਿਸਵਾਸ਼ ਰੱਖਦੇ ਹਨ।

# ਕੀ ਗਰਭ ਨਿਰੋਧਕ ਗੋਲੀਆਂ ਸਿਹਤ ਦੀਆਂ ਦੁਸ਼ਮਣ ਵੀ ਹਨ?

ਸਰਬਜੀਤ ਪਿਛਲੇ ਕਈ ਦਿਨਾਂ ਤੋਂ ਪ੍ਰੇਸ਼ਾਨ ਦਿੱਸਦੀ ਹੈ, ਛੋਟੀ-ਛੋਟੀ ਗੱਲ ਤੇ ਚਿੜਦੀ ਹੈ। ਗੱਲ-ਗੱਲ ਤੇ ਖੁੱਲ ਕੇ ਹੱਸਣ ਵਾਲੀ ਸਰਬਜੀਤ ਦਾ ਵਿਹਾਰ ਅਚਾਨਕ ਇੰਨਾ ਚਿੜਚਿੜਾ ਕਿਉਂ ਹੈ। ਅਜੇ ਪਿਛਲੀ ਮਾਰਚ 'ਚ ਹੀ ਤਾਂ ਉਸਦੀ ਸ਼ਾਂਦੀ ਹੋਈ ਸੀ । ਉਸ ਪਾਸ ਕਿਸੇ ਵੀ ਚੀਜ਼ ਦੀ ਕਮੀ ਨਹੀਂ ਹੈ ਫਿਰ ਉਹ ਏਨੀ ਬੈਚੇਨ ਕਿਉਂ ਹੈ? ਉਸ ਦੇ ਇਸ ਵਿਹਾਰ ਨਾਲ ਘਰ ਅਤੇ ਉਸਦੇ ਦਫ਼ਤਰ ਦੇ ਲੋਕ ਵੀ ਕੁਝ ਸਮਝ ਨਹੀਂ ਸਕੇ ਹਨ। ਉਸ ਦੀ ਸਭ ਤੋਂ ਪਿਆਰੀ ਸਹੇਲੀ ਪ੍ਰਭਾ ਨੇ ਜਦ ਉਸ ਨੂੰ ਖੁਰਚਿਆ ਤਾਂ ਉਸ ਨੇ ਰੋਂਦੇ ਰੋਂਦੇ ਆਪਣੀ ਗੱਲ ਸੁਣਾਈ। ਮੈਂ ਟੀ. ਵੀ. ਤੇ ਇਸ਼ਤਿਹਾਰ ਦੇਖਿਆ ਸੀ, ਕੰਜਰਵੇਟਿਵ ਪਿਲਸ (ਗੋਲੀਆਂ) ਦਾ। ਮੈਂ ਸ਼ਾਂਦੀ ਪਿੱਛੋਂ ਇਹ ਗਰਭ ਨਿਰੋਧਕ ਗੋਲੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਉਹ ਗੋਲੀ ਹਫ਼ਤੇ 'ਚ ਇਕ ਵਾਰ ਲੈਣ ਲੱਗੀ। ਪਿਛਲੇ ਕੁਝ ਦਿਨਾਂ 'ਚ ਮੇਰੇ ਪੇਟ, ਸੀਨੇ ਤੇ ਪੈਰਾਂ 'ਚ ਕਾਫੀ ਦਰਦ ਹੋ ਰਹੀ ਸੀ। ਪਹਿਲਾਂ ਤਾਂ ਮੈਂ ਟਾਲ ਗਈ ਪਰ ਦਰਦ ਜਦ ਵੱਧ ਹੋਣ ਲੱਗਿਆ ਤਾਂ ਇਕ ਸਰਜਨ ਡਾਕਟਰ ਨੂੰ ਮਿਲੀ ਉਸ ਨੇ ਮੇਰਾ ਚੈਕਅੱਪ ਕੀਤਾ ਤੇ ਮੈਨੂੰ ਔਰਤਾਂ ਦੀ ਮਾਹਿਰ ਡਾਕਟਰ ਨਾਲ ਸਲਾਹ ਮਸ਼ਵਰਾ ਕਰਨ ਦੀ ਰਾਇ ਦਿੱਤੀ। ਹੁਣ ਮੈਂ ਗਾਇਨਾ ਕੋਲੋਜਿਸਟ ਦੇ ਸੰਪਰਕ ਵਿਚ ਹਾਂ। ਉਨ੍ਹਾਂ ਕਿਹਾ ਕਿ ਮੇਰੀ ਜੋ ਮੁਸ਼ੀਬਤ ਹੈ ਉਹ ਸਭ ਗਰਭ ਨਿਰੋਧਕ ਗੋਲੀਆਂ ਕਾਰਨ ਹੈ। ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਇਹ ਗੋਲੀਆਂ ਕਦੇ ਨਾ ਲੈਂਦੀ। ਜੀ ਹਾਂ ਸਰਬਜੀਤ ਵਰਗੀਆਂ ਜਾਣੇ ਕਿੰਨੀਆਂ ਹੀ ਸ਼ਾਦੀ ਸ਼ੁਦਾ ਤੇ ਕੁਆਰੀਆਂ ਲੜਕੀਆਂ ਹਨ ਜੋ ਇਸ਼ਤਿਹਾਰ ਰਾਹੀਂ ਪ੍ਰਚਾਰਿਤ ਕੰਜਰਵੇਟਿਵ ਪਿਲਸ (ਗਰਭ ਨਿਰੋਧਕ ਗੋਲੀਆਂ) ਦੇ ਚੱਕਰਾਂ 'ਚ ਪੈ ਕੇ ਨਾ ਸਿਰਫ਼ ਭਟਕ ਰਹੀਆਂ ਹਨ ਬਲਕਿ ਆਪਣੀ ਸਿਹਤ ਦੇ ਨਾਲ ਖਿਲਵਾੜ ਵੀ ਕਰ ਰਹੀਆਂ ਹਨ। ਦਰਅਸਲ ਇਹ ਗੋਲੀਆਂ ਦਾ ਪ੍ਰਚਾਰ ਇਸ ਤਰ੍ਹਾਂ ਨਾਲ ਕੀਤਾ ਜਾ ਰਿਹਾ ਹੈ ਕਿ ਜਿਵੇਂ ਇਹ ਹਾਜ ਮੁੱਲਾਂ ਦੀਆਂ ਗੋਲੀਆਂ ਹੋਣ। ਕੁਝ ਵੱਧ ਖਾ ਲਈਆਂ ਤਾਂ ਵੀ ਕੋਈ ਗੱਲ ਨਹੀਂ ਹਾਜ ਮੁੱਲਾ ਹੈ ਨਾ। ਠੀਕ ਐਸਾ ਹੀ ਬਚਾਅ ਨਹੀਂ ਵਰਤਿਆਂ ਜਾਂਦਾ। 72 ਘੰਟਿਆਂ ਵਿਚ ਲਵੋ ਤੇ ਐਸ਼ ਕਰੋ। ਸੱਚ ਤਾਂ ਇਹ ਹੈ ਕਿ ਇਹ ਗੋਲੀਆਂ ਅਣਚਾਹੇ ਗਰਭ ਨੂੰ ਰੋਕਣ ਲਈ ਬਣਾਈਆਂ ਗਈਆਂ ਹਨ। ਪਰ ਇਸ ਦੀ ਇਸ਼ਤਿਹਾਰਬਾਜ਼ੀ ਦੇ ਜੋ ਤਰੀਕੇ ਹਨ ਉਹ ਲੋਕਾਂ ਨੂੰ ਕੁਝ ਵੱਧ ਹੀ ਜਾਗਰੂਕ ਕਰ ਰਹੇ ਹਨ। ਇਸ਼ਤਿਹਾਰ ਦੇ ਡਾਇਲਾਗ, ਆਸ ਪਾਸ ਦੇ ਦ੍ਰਿਸ਼ ਅਤੇ ਕਾਮੁਕਤਾ ਭਰੇ ਅੰਦਾਜ਼ ਨੇ ਲੋਕਾਂ ਨੂੰ ਇਸ ਹੱਦ ਤੱਕ ਆਕ੍ਰਸ਼ਿਤ ਕੀਤਾ ਹੈ ਕਿ ਉਹ ਇਸ਼ਤਿਹਾਰਬਾਜ਼ੀ ਦੇ ਮੂਲ ਉਦੇਸ਼ ਨੂੰ ਹੀ ਗੌਣਕਰ ਦਿੱਤੇ ਹਨ ਅਤੇ ਇਸ ਤੱਥ ਨੂੰ ਹਾਈ ਲਾਈਟ ਕਰ ਰਹੇ ਹਨ ਕਿ ਜਿਵੇਂ ਇਹ ਗੋਲੀਆਂ ਐਮਰਜੈਂਸੀ 'ਚ ਨਹੀਂ ਬਲਕਿ ਰੁਟੀਨ 'ਚ ਲੈਣੀਆਂ ਹਨ। ਅੱਜ ਕਿਸ਼ੋਰ ਵੱਧ ਸੈਕਸੂਅਲੀ ਐਕਟਿਵ ਹਨ ਤਾਂ ਇਸ ਦੀ ਵਜ੍ਹਾ ਐਮਰਜੈਂਸੀ ਗੋਲੀਆਂ ਵੀ ਹਨ। ਉਹ ਸੋਚ ਦੇ ਹਨ ਕਿ ਕੁਝ ਵੀ ਕਰ ਲਓ, ਫਿਰ ਗੋਲੀ ਖਾ ਲਉ। ਇਸ 'ਚ ਉਨ੍ਹਾਂ ਦਾ ਦੋਸ਼ ਨਹੀਂ ਬਲਕਿ

ਖੁੱਲੇ ਮਹੌਲ ਦਾ ਹੈ। ਜਿਥੇ ਇਹਨਾਂ ਚੀਜ਼ਾਂ ਨੂੰ ਉਤੇਜਕ ਸੰਵਾਦ ਅਤੇ ਦ੍ਰਿਸ਼ ਦੇ ਨਾਲ ਪੇਸ਼ ਕੀਤਾ ਜਾਂਦਾ ਹੈ। ਐਸੇ 'ਚ ਉਸ ਚੀਜ਼ ਨੂੰ ਅਪਣਾਉਣ ਦਾ ਜੋ ਤਜ਼ਰਬਾ ਹੈ ਉਸ 'ਚ ਸ਼ਾਦੀਸ਼ੁਦਾ ਤੇ ਕੁਆਰੀਆਂ ਲੜਕੀਆਂ ਵੀ ਪਿੱਛੇ ਨਹੀਂ ਹੱਟਦੀਆਂ। ਇਸ ਦੀ ਵਜ੍ਹਾ ਸਕੂਲ-ਕਾਲਜ 'ਚ ਪੜ੍ਹਨ ਵਾਲੀਆਂ ਲੜਕੀਆਂ ਵੀ ਇਨ੍ਹਾਂ ਐਮਰਜੈਂਸੀ ਗੋਲੀਆਂ ਦੀ ਆੜ ਵਿਚ ਸੈਕਸ ਨੂੰ ਨਾ ਸਿਰਫ਼ ਮਨੋਰੰਜਨ ਸਮਝਦੀਆਂ ਹਨ ਬਲਕਿ ਸਰੀਰਕ ਤੌਰ 'ਤੇ ਕਈ ਰੋਗਾਂ ਨੂੰ ਸੱਦਾ ਵੀ ਦਿੰਦੀਆਂ ਹਨ। ਵੱਧਦੀ ਉਮਰ ਦੇ ਲੜਕੇ ਲੜਕੀਆਂ ਕੱਚੀ ਉਮਰ 'ਚ ਹੀ ਤਜਰਬੇ ਕਰਨਾ ਚਾਹੁੰਦੇ ਹਨ। ਉਸ 'ਤੇ ਮੀਡੀਆ ਵਲੋਂ ਪਹਿਲਾਂ ਦੀ ਮੁਕਾਬਲੇ ਜ਼ਿਆਦਾ ਜਾਣਕਾਰੀ ਮਿਲਣ ਕਰਕੇ ਉਨ੍ਹਾਂ ਦੀ ਉਤਸੁਕਤਾ ਵੱਧ ਰਹੀ ਹੈ ਅਤੇ ਛੋਟੀ ਉਮਰ 'ਚ ਹੀ ਵੱਡੇ ਹੋਣ ਦਾ ਅਨੁਭਵ ਕਰਨਾ ਚਾਹੁੰਦੇ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਨਾਲ ਗਰਭ ਨਿਰੋਧਕ ਗੋਲੀਆਂ ਦਾ ਪ੍ਰਚਾਰ-ਪ੍ਰਸਾਰ ਹੋ ਰਿਹਾ ਹੈ। ਉਸ 'ਚ ਸਿਰਫ ਸ਼ਾਦੀਸ਼ੁਦਾ ਦੀ ਨਹੀਂ ਬਲਕਿ ਕੁਆਰੇ ਵੀ ਇਸ ਤੇ ਕੁਝ ਜ਼ਿਆਦਾ ਹੀ ਭਰੋਸਾ ਕਰਨ ਲੱਗੇ ਹਨ। ਪਰ ਜਰੂਰੀ ਨਹੀਂ ਕਿ ਹਰ ਵਾਰੀ ਇਹ ਗੋਲੀਆਂ ਆਪ ਦਾ ਸਾਥ ਦੇਣ। ਸਿੱਟਾ ਅਣਚਾਹਿਆ ਗਰਭ ਹੋਵੇਗਾ। ਇਨ੍ਹਾਂ ਹੀ ਨਹੀਂ ਇਹਨਾਂ ਗੋਲੀਆਂ ਦੀ ਆੜ 'ਚ ਲੜਕੇ ਲੜਕੀਆਂ ਅਸੁਰੱਖਿਅਤ ਯੌਨ ਸਬੰਧ ਵੀ ਬਣਾਉਂਦੇ ਹਨ। ਇਸ ਨਾਲ ਏਡਜ਼ ਵਰਗੀ ਬੀਮਾਰੀ ਦੇ ਹੋਣ ਦਾ ਖਤਰਾ ਵੀ ਰਹਿੰਦਾ ਹੈ ਕਿਉਂਕਿ ਅਜਿਹੀਆਂ ਗੋਲੀਆਂ ਐਚ. ਆਈ. ਵੀ. ਜਾਂ ਯੌਨ ਸੰਚਾਰਿਤ ਰੋਗਾਂ ਤੋਂ ਰਾਖੀ ਨਹੀਂ ਕਰਦੀਆਂ। ਇਸ ਦੇ ਬਾਵਜੂਦ ਲੋਕ ਅਸੁਰੱਖਿਅਤ ਯੌਨ ਸਬੰਧ ਬਣਾਉਂਦੇ ਹਨ। ਇਹਨਾਂ ਗੋਲੀਆਂ ਨੂੰ ਖਾਣ ਪਿਛੋਂ ਜੀ ਕੱਚਾ ਹੋਣਾ, ਉਲਟੀ ਸਿਰਦਰਦ ਮਰੋੜ ਧਕਾਨ ਤੇ ਛਾਤੀ 'ਚ ਦਰਦ ਹੋ ਸਕਦਾ ਹੈ। ਕਦੀ ਕਦੀ ਇਸ ਕਾਰਨ ਅਨਿਯਮਤ ਖ਼ੂਨ ਪੈਣ ਜਾਂ ਮਾਂਹਵਾਰੀ 'ਚ ਗੜਬੜ ਵੀ ਹੋ ਸਕਦੀ ਹੈ। ਇਹ ਗੋਲੀਆਂ ਬੇਹੱਦ ਮਾਨਸਿਕ ਤਣਾਅ ਤੇ ਉਦਾਸੀ ਵੀ ਪੈਦਾ ਕਰਦੀਆਂ ਹਨ। ਖੁੱਲ੍ਹੇ ਸੈਕਸ ਨੂੰ ਹੁਲਾਰਾ ਦੇਣ ਦਾ ਇਹ ਸਾਮਰਾਜੀਆਂ ਦੀ ਦਲਾਲ ਸਰਮਾਏਦਾਰੀ ਦਾ ਕਾਰਨਾਮਾ ਹੈ ਜੋ ਬੰਦਿਆਂ ਨਾਲੋਂ ਵੱਧ ਵਪਾਰ ਜਾਂ ਬਾਜ਼ਾਰ ਨੂੰ ਵੱਧ ਮਹੱਤਵਪੂਰਨ ਮੰਨਦੀ ਹੈ।

# ਕੀ ਨੌਕਰੀਆਂ ਹਮਲੇ ਅਜੇ ਵੀ ਜਾਰੀ ਹਨ?

ਸੰਨ 2007 ਦੇ ਆਖਰੀ ਮਹੀਨੇ ਦਸੰਬਰ ਤੋਂ ਸ਼ੁਰੂ ਹੋਇਆ ਮੰਦੀ ਦਾ ਸਫਰ ਅਜੇ ਜਾਰੀ ਹੈ। ਅਮਰੀਕਾ ਤੋਂ ਲੈ ਕੇ ਭਾਰਤ ਤੱਕ ਮੰਦੀ ਲਗਾਤਾਰ ਹਾਕਮਾ ਦੇ ਦਾਅਵਿਆਂ ਤੇ ਵਿਸ਼ਲੇਸ਼ਕਾਂ ਨੂੰ ਝੂਠਾ ਸਾਬਿਤ ਕਰਦੀਆਂ ਆ ਰਹੀਆਂ ਹਨ। ਅਮਰੀਕੀ ਸਰਕਾਰ ਵੱਲੋਂ ਜਾਰੀ ਅੰਕੜਿਆਂ ਮੁਤਾਬਿਕ ਇਸ ਸਾਲ ਅਗਸਤ ਮਹੀਨੇ ਅਮਰੀਕਾ 'ਚ 2,16000 ਕਾਮਿਆਂ ਦੀ ਛਾਂਟੀ ਹੋ ਗਈ ਅਤੇ 26 ਸਾਲਾਂ 'ਚ ਬੇਰੁਜ਼ਗਾਰੀ ਦਰ ਉੱਚੇ ਪੱਧਰ 'ਤੇ ਪਹੁੰਚ ਗਈ। ਸਾਲ 2007 ਦੇ ਦਸੰਬਰ ਮਹੀਨੇ ਤੋਂ ਅਗਸਤ 2009 ਤਕ 69 ਲੱਖ ਕਾਮੇ ਨੌਕਰੀ ਤੋਂ ਹੱਥ ਧੋ ਬੈਠੇ ਹਨ। ਰਿਪੋਰਟ ਮੁਕਾਬਕ ਬੇਰੁਜ਼ਗਾਰੀ ਦਰ ਜੁਲਾਈ 2009 'ਚ 9.4 ਫੀਸਦੀ ਸੀ ਜੋ ਅਗਸਤ ਮਹੀਨੇ 'ਚ ਵਧ ਕੇ 9.7 ਫੀਸਦੀ ਹੋ ਗਈ। ਵਿਸ਼ਵ ਅਰਥਚਾਰੇ ਦਾ ਸੰਕਟ ਅਜੇ ਜਾਰੀ ਹੈ। ਅਰਥਚਾਰੇ ਸੁੰਗੜ ਦਾ ਸ਼ਿਕਾਰ ਹਨ। ਇਸ ਕਾਰਨ ਨੌਕਰੀਆਂ 'ਚ ਛਾਂਟੀ ਜਾਰੀ ਹੈ। ਕੌਮਾਂਤਰੀ ਮੁਦਰਾ ਕੋਸ਼ ਮੁਤਾਬਕ ਵਿਸ਼ਵ ਦਾ ਅਰਥਚਾਰਾ 2009 'ਚ 1.3 ਫੀਸਦੀ ਦੀ ਦਰ ਨਾਲ ਸੁੰਗੜ ਜਾਵੇਗਾ। ਯੂਰਪੀਅਨ ਸੈਂਟਰਲ ਬੈਂਕ ਦੇ ਮੁਖੀ ਜੀਨ ਕਲਾਡ ਟ੍ਰਿਕੈਟ ਅਨੁਸਾਰ "ਵਿਸ਼ਵੀ ਵਿਤੀ ਸੰਕਟ ਅਜੇ ਖਤਮ ਨਹੀਂ ਹੋਇਆ ਹੈ।" ਸਪੱਸ਼ਟ ਹੈ ਕਿ ਸਾਮਰਾਜੀ ਮੁਲਕਾਂ ਦੀਆਂ ਵਿਤੀ ਸੰਸਥਾਵਾਂ ਤੇ ਹਾਕਮ ਵੀ ਮੰਦੀ ਦੇ ਪ੍ਰਭਾਵ ਨੂੰ ਮੰਨਣ ਲਈ ਮਜ਼ਬੂਰ ਹਨ। ਹਾਲਾਂਕਿ ਅਰਥਚਾਰੇ 'ਚ ਮਾਮੂਲੀ ਸੁਧਾਰ ਦਿਸਣ 'ਤੇ ਇਹ ਆਕਾਸ਼ ਸਿਰ 'ਤੇ ਉਠਾ ਲੈਂਦੇ ਹਨ ਅਤੇ ਪ੍ਰਚਾਰ ਕਰਦੇ ਹਨ ਕਿ ਬਸ ਹੁਣ ਤਾਂ ਅਰਥਚਾਰੇ ਦੇ ਸੁਨਹਿਰੀ ਦਿਨ ਆਉਣ ਵਾਲੇ ਹਨ। ਪਰ ਫਿਰ ਮੰਦੀ ਦਾ ਭੂਤ ਉਹਨਾਂ ਦੇ ਸਾਹਮਣੇ ਪ੍ਰਗਟ ਹੋ ਜਾਂਦਾ ਹੈ ਉਹਨਾਂ ਦੇ ਸਾਰੇ ਦਾਅਵਿਆਂ ਤੇ ਵਿਸਲੇਸ਼ਣਾ ਨੂੰ ਹਵਾ 'ਚ ਉਡਾਉਂਦੇ ਹੋਇਆ। ਸਾਡੇ ਦੇਸ਼ ਦਾ ਹਾਕਮ ਵੀ ਇਹਨਾਂ ਤੋਂ ਘੱਟ ਨਹੀਂ ਹੈ ਛਾਂਟੀਆਂ ਜਾਰੀ ਹਨ। ਖੇਤੀ ਤੇ ਉਦਯੋਗਾਂ 'ਚ ਵਿਕਾਸ ਨਾਕਾਰਾਤਮਕ ਹੈ ਪਰ ਉਹ ਇਹ ਹਕੀਕਤ ਨੂੰ ਝੁਠਲਾ ਕੇ ਸ਼ੇਅਰ ਬਾਜਾਰਾਂ ਦੇ ਇੰਡੈਕਸ ਨੂੰ ਹੀ ਵਿਕਾਸ ਦੀ ਦਰ ਮੰਨ ਕੇ ਦਰਸਾ ਰਿਹਾ ਹੈ। ਸਭ ਨੂੰ ਖੁਸ਼ੀ ਜ਼ਾਹਰ ਕਰਨ ਲਈ ਕਹਿ ਰਿਹਾ ਹੈ। ਖੈਰ! ਇਹੀ ਤਾਂ ਹਾਕਮਾ ਦੀ ਖਾਸੀਅਤ ਹੁੰਦੀ ਹੈ ਕਿ ਉਹ ਸਮੱਸਿਆ ਦੇ ਬੁਨਿਆਦੀ ਕਾਰਕਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦੇ ਹਨ।

ਮੰਦੀ ਵੀ ਇਸੇ ਤਰ੍ਹਾਂ ਦੀ ਹੈ ਜੋ ਕਿ ਇਸ ਪ੍ਰਬੰਧ ਦੀ ਲਾਇਲਾਜ ਬੀਮਾਰੀ ਹੈ। ਜਿਸ ਵਿੱਚ ਅਸੀਂ ਜਿਉਂ ਰਹੇ ਹਾਂ ਜੋ ਲੁੱਟ 'ਤੇ ਟਿਕੀ ਹੋਈ ਹੈ।

ਦੇਰ ਸਵੇਰ ਨੌਕਰੀਆਂ 'ਤੇ ਲਟਕਦੀ ਤਲਵਾਰ ਦਾ ਰੁਖ ਬਦਲ ਜਾਵੇਗਾ, ਹਾਕਮ ਇਸ ਦੇ ਨਿਸ਼ਾਨੇ 'ਤੇ ਹੋਣਗੇ।

# ਆਖ਼ਰ ਰੁਕਦੀ ਕਿਉਂ ਨਹੀਂ ਮਹਿੰਗਾਈ?

ਮਹਿੰਗਾਈ ਅਮਰਵੇਲ ਵਾਗੂੰ ਵਧਦੀ ਹੀ ਜਾ ਰਹੀ ਹੈ ਅਤੇ ਆਮ ਆਦਮੀ ਆਪਣੀ ਢਿੱਲੀ ਪੈਂਦੀ ਜੇਬ ਤੋਂ ਤੰਗ ਹੈ, ਉਪਰੋਂ ਪ੍ਰਧਾਨ ਮੰਤਰੀ ਬਿਆਨ ਦੇ ਰਹੇ ਹਨ ਕਿ ਮਹਿੰਗਾਈ ਹੋਰ ਵਧੇਗੀ। ਦੀਵਾਲੀ ਭਾਵੇਂ ਦੂਰ ਹੈ ਪਰ ਲੋਕਾਂ ਦੀ ਦੀਵਾਲੀ ਐਂਤਕੀ ਫਿੱਕੀ ਹੀ ਰਹਿਣੀ ਹੈ। ਚੀਨੀ, ਅਨਾਜ, ਸਬਜ਼ੀਆਂ, ਤੇਲਾਂ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਤੋਂ ਅਜਿਹਾ ਲੱਗਦਾ ਹੈ ਕਿ ਇਸ ਵਾਰ ਘਰ 'ਚ ਉਵੇਂ ਮਿਠਾਈ ਪਕਾਉਣ ਦੇ ਸੁਪਨੇ ਧਰੇ ਧਰਾਈ ਹੀ ਰਹਿਣਗੇ। ਤਿਉਹਾਰਾਂ ਦੇ ਨਾਂ 'ਤੇ ਜੋ ਮਹੀਨੇ 'ਚ ਬਚਤ ਕੀਤੀ ਜਾਂਦੀ ਸੀ ਤਾਂ ਉਹ ਤਾਂ ਦੂਰ ਦੀ ਗੱਲ ਖਰਚੇ ਵੀ ਪੂਰੇ ਨਹੀਂ ਹੁੰਦੇ। ਗ੍ਰਹਿਣੀਆਂ ਚੀਜਾਂ ਦੀਆਂ ਵਧਦੀਆਂ ਕੀਮਤਾਂ ਕਾਰਨ ਪ੍ਰੇਸ਼ਾਨ ਹਨ। ਖਾਣੇ ਦੀ ਥਾਲੀ ਦਿਨ-ਬ-ਦਿਨ ਛੋਟੀ ਹੁੰਦੀ ਜਾ ਰਹੀ ਹੈ। ਬੱਚੇ ਕੁਪੋਸ਼ਣ ਤੋਂ ਪੀੜਤ ਹੋਣ ਲੱਗ ਗਏ ਹਨ। ਕਟੌਤੀ ਦੀ ਤਾਂ ਜ਼ਰੂਰਤ ਦੀ ਹਰ ਚੀਜ਼ 'ਤੇ ਪਹਿਲਾਂ ਹੀ ਲਾਗੂ ਹੈ। ਮਹਿੰਗਾਈ ਦਾ ਮਾਰ ਨੇ ਕਿਸੇ ਤਿਉਹਾਰ ਨੂੰ ਆਪਣੀ ਲਪੇਟ 'ਚ ਲੈਣ ਤੋਂ ਨਹੀਂ ਛੱਡਿਆ। ਭਾਈ ਭੈਣ ਸ਼ਗਨ ਤਕ ਦੇਣ ਦੀ ਹਾਲਤ ਕਿਥੇ ਰਿਹਾ ਹੈ। ਜਦ ਮਹਿੰਗਾਈ ਕਾਰਨ ਮੱਧਵਰਗ ਦਾ ਇਹ ਹਾਲ ਹੈ ਤਾਂ ਲੋਕ ਜੋ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ ਉਹਨਾਂ ਦੀ ਹਾਲਤ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਦੂਜੇ ਪਾਸੇ ਸਮਾਜ ਦਾ ਇੱਕ ਐਸਾ ਵਰਗ ਵੀ ਹੈ ਜਿਸ ਦਾ ਮਹਿੰਗਾਈ ਨਾਲ ਕੁਝ ਨਹੀਂ ਵਿਗੜਦਾ। ਉਹਨਾਂ 'ਤੇ ਜ਼ਰੂਰੀ ਲੋੜ ਦੀਆਂ ਵਸਤਾਂ ਦੇ ਭਾਅ ਵਧਣ ਦਾ ਕੋਈ ਅਸਰ ਹੁੰਦਾ ਹੀ ਨਹੀਂ, ਉਹ ਉਨ੍ਹੀਂ ਹੀ ਖਰੀਦਦਾਰੀ ਕਰ ਰਿਹਾ ਹੈ। ਉਨ੍ਹਾਂ ਹੀ ਨਿਵੇਸ਼ ਕਰ ਰਿਹਾ ਹੈ ਜਿਹਨਾਂ ਪਹਿਲਾਂ ਕਰਦਾ ਸੀ। ਪਰ ਇਸ ਵਧਦੀ ਮਹਿੰਗਾਈ ਨੇ ਗਰੀਬ ਨੂੰ ਹੋਰ ਗਰੀਬ ਬਣਾ ਦਿੱਤਾ ਹੈ ਲੋਕ ਜਮ੍ਹਾਂਪੂੰਜੀ ਤਕ ਘਰ ਦੇ ਖਾਣ ਪੀਣ ਅਤੇ ਜ਼ਰੂਰੀ ਵਸਤਾਂ ਦੀ ਖਰੀਦ 'ਤੇ ਖਰਚ ਰਹੇ ਹਨ। ਇਸ ਮਹਿੰਗਾਈ ਦਾ ਜੇ ਕਿਸੇ ਨੂੰ ਸਭ ਤੋਂ ਵੱਧ ਫਾਇਦਾ ਹੋ ਰਿਹਾ ਹੈ ਤਾਂ ਉਹ ਹੈ ਪ੍ਰਚੂਨ ਵਪਾਰੀ ਤੇ ਵਿਚੋਲੇ ਦਲਾਲਾਂ ਨੂੰ। ਐਸੋਚਮ ਦੀ ਰਿਪੋਰਟ ਅਨੁਸਾਰ ਪਿਛਲੇ ਪੰਜ ਸਾਲਾਂ 'ਚ ਘੱਟੋ-ਘੱਟ ਸਹਾਇਕ ਮੁੱਲ ਤੇ ਥੋਕ ਮੁੱਲ 'ਚ 33 ਫੀਸਦੀ ਦਾ ਫਰਕ ਹੈ ਅਤੇ ਥੋਕ ਦੇ ਮੁਕਾਬਲੇ ਪ੍ਰਚੂਨ ਮੁੱਲ 'ਚ 60 ਫੀਸਦੀ ਦਾ ਵਾਧਾ ਹੋਇਆ ਹੈ। ਕਿਸਾਨਾਂ ਪਾਸੋਂ 22 ਰੁਪਏ ਕਿਲੋ ਖਰੀਦੀ ਜਾਣ ਵਾਲੀ ਦਾਲ ਦੀ ਕੀਮਤ ਖਪਤਕਾਰਾਂ ਤਕ ਪਹੁੰਚਦਿਆਂ ਹੀ 80-90 ਰੁਪਏ ਕਿਲੋ ਹੋ ਜਾਂਦੀ ਹੈ। ਅਜਿਹੀ ਸਥਿਤੀ 'ਚ ਬਾਜ਼ਾਰ 'ਚ ਚੀਜ਼ਾਂ ਦੀ ਵਧਦੀ ਕੀਮਤ ਦਾ ਫਾਇਦਾ ਉਹਨਾਂ ਨੂੰ ਨਹੀਂ ਮਿਲ ਰਿਹਾ ਹੈ। ਜਿਸ ਦੇ ਉਹ ਹੱਕਦਾਰ ਹਨ। ਪ੍ਰਧਾਨ ਮੰਤਰੀ ਮਹਿੰਗਾਈ ਹੋਰ ਵਧਣ ਦੀਆਂ ਭਵਿੱਖਬਾਣੀਆਂ ਕਰ ਰਹੇ ਹਨ। ਪ੍ਰਧਾਨ ਮੰਤਰੀ ਵਾਂਗੂੰ ਹੀ ਅੱਜ ਤੋਂ ਦੋ ਸਾਲ ਪਹਿਲਾਂ ਵਿੱਤ ਮੰਤਰੀ ਨੇ ਕਿਹਾ ਸੀ ਕਿ ਮਹਿੰਗਾਈ 'ਤੇ ਕੰਟਰੋਲ ਸੰਭਵ ਨਹੀਂ। ਉਹਨਾਂ ਕਿਹਾ ਸੀ ਕਿ ਲੋਕਾਂ ਨੂੰ ਮਹਿੰਗੀਆਂ ਚੀਜ਼ਾਂ ਖਰੀਦਣ ਦੀ ਆਦਤ ਪਾਉਣੀ ਚਾਹੀਦੀ ਹੈ। ਲੋਕ ਮਹਿੰਗਾਈ ਸਹਿਣ ਦੀ ਸਮਰੱਥਾ ਵਿਕਸਤ ਕਰਨ। ਇਹ ਬਿਆਨ ਵਿੱਤ ਮੰਤਰੀ ਨੇ ਉਸ ਸਮੇਂ ਦਿੱਤਾ ਸੀ ਜਦ ਮੌਨਸੂਨ ਮੇਹਰਬਾਨ ਸੀ ਪਰ ਇਸ ਵਾਰੀ ਸਰਕਾਰ ਮੌਨਸੂਨ ਦਾ ਵੀ ਰੋਣਾ ਰੋ ਰਹੀ ਹੈ। ਪਰ ਇਹ ਗੱਲ ਵੀ ਵਰਨਣਯੋਗ ਹੈ ਕਿ ਭਾਰਤ

ਵਰਗੇ ਦੇਸ਼ 'ਚ ਮੌਨਸੂਨ ਦੀ ਅਨਿਸ਼ਚਤਤਾ ਅਤੇ ਸੋਕਾ ਕੋਈ ਨਵੀਂ ਗੱਲ ਨਹੀਂ ਹੈ। 'ਆਜਾਦੀ' ਪਿੱਛੋਂ ਵੀ ਕਈ ਵਾਰ ਦੇਸ਼ ਨੂੰ ਸੋਕੇ ਤੇ ਅਕਾਲ ਦਾ ਸਾਹਮਣਾ ਕਰਨਾ ਪਿਆ ਹੈ। ਪਰ ਮਹਿੰਗਾਈ ਦਾ ਜੋ ਅਸਰ ਹੁਣ ਦਿਸ ਰਿਹਾ ਹੈ ਉਹ ਪਹਿਲਾਂ ਨਹੀਂ ਦਿਸਿਆ। ਮਹਿੰਗਾਈ ਘੱਟ ਕਰਨ ਲਈ ਸਰਕਾਰ ਕਣਕ ਤੇ ਚੌਲ ਦੀ ਬਰਾਮਦ ਨੂੰ ਕੰਟਰੋਲ ਕਰ ਚੁੱਕੀ ਹੈ, ਕਰ-ਰਹਿਤ ਚੀਨੀ ਨੂੰ ਮਨਜੂਰੀ ਦੇ ਚੁੱਕੀ ਹੈ ਪਰ ਮਹਿੰਗਾਈ ਰੁਕ ਨਹੀਂ ਰਹੀ। ਸੱਚ ਤਾਂ ਇਹ ਹੈ ਕਿ ਮਹਿੰਗਾਈ ਦੇ ਮੂਲ ਕਾਰਜ ਜਮ੍ਹਾਖੋਰੀ ਤੇ ਕਾਲਾਬਾਜ਼ਾਰੀ ਨੂੰ ਰੋਕਣ ਦੀ ਚਿੰਤਾ ਵਿਖਾਈ ਨਹੀਂ ਦੇ ਰਹੀ ਹੈ। ਨਾ ਤਾਂ ਸਰਕਾਰ ਤੇ ਨਾ ਹੀ ਵਿਰੋਧੀ ਧਿਰ 'ਚ ਬੈਠੇ ਲੋਕਾਂ ਲਈ ਇਹ ਬਹਿਸ ਦਾ ਮੁੱਦਾ ਬਣ ਸਕੀ ਹੈ। ਮੁਰਲੀ ਦੇਵੜਾ, ਮੁਲਾਇਮ ਸਿੰਘ ਯਾਦਵ, ਅਮਰ ਸਿੰਘ ਸਮੇਤ ਕਈ ਮੰਤਰੀ ਅੰਬਾਨੀ ਭਰਾਵਾਂ ਦੇ ਝਮੇਲੇ ਨੂੰ ਸੁਲਝਾਉਣ 'ਚ ਮਗਨ ਹਨ। ਖੇਤੀ ਮੰਤਰੀ ਸ਼ਰਦ ਪਵਾਰ ਖੇਤੀ ਤੋਂ ਵੱਧ ਕ੍ਰਿਕਟ ਨੂੰ ਲੈ ਕੇ ਚਿੰਤਤ ਦਿਸਦੇ ਹਨ। ਅਜਿਹੇ 'ਚ ਆਮ ਆਦਮੀ ਪਾਸ ਆਪਣੀਆਂ ਪ੍ਰੇਸ਼ਾਨੀਆਂ 'ਚ ਘੁਟਦੇ ਰਹਿਣ ਤੋਂ ਇਲਾਵਾ ਹੋਰ ਕੋਈ ਰਾਹ ਵੀ ਨਹੀਂ ਬਚਦਾ। ਜਦ ਮਹਿੰਗਾਈ ਸਬੰਧ ਹੋ-ਹੱਲਾ ਕਾਫੀ ਤੇਜ਼ ਹੋਣ ਲੱਗਿਆ ਤਦ ਕੁਝ ਰਾਜਾਂ 'ਚ ਜਮ੍ਹਾਖੋਰੀ ਖਿਲਾਫ ਥੋੜ੍ਹਾ ਫਿਕਰ ਦਿਸਿਆ ਸੀ। ਛਾਪੇ ਪਏ ਤਾਂ ਹਜ਼ਾਰਾਂ ਕੁਇੰਟਲ ਅਨਾਜ ਬਰਾਮਦ ਕੀਤਾ ਗਿਆ ਪਰ ਇਹ ਜਮ੍ਹਾਂਖੋਰੀ ਦੇ ਸਮੁੰਦਰ 'ਚੋਂ ਪਾਣੀ ਦੀ ਗੜਬੀ ਭਰ ਲੈਣ ਜਿੰਨਾ ਹੀ ਸੀ ਵੈਸੇ ਮੱਧ ਪ੍ਰਦੇਸ਼ ਨੇ ਇਸ ਮਾਮਲੇ 'ਚ ਖੁਦ ਸੁਲਾਹਣਯੋਗ ਕੰਮ ਕੀਤਾ ਸਰਕਾਰ ਨੇ ਜਮ੍ਹਾਂਖੋਰੀ ਖਿਲਾਫ ਮੁਹਿੰਮ ਚਲਾਈ ਜਿਸ 'ਚ 1000 ਕੁਇੰਟਲ ਛੋਲੇ ਅਤੇ 500 ਕੁਇੰਟਲ ਨਾਜਾਇਜ਼ ਮਟਰ ਬਰਾਮਦ ਕੀਤੇ ਗਏ। ਚੰਡੀਗੜ੍ਹ 'ਚ ਵੀ ਜ਼ਰੂਰੀ ਵਸਤਾਂ ਜਿਵੇਂ ਘੀ, ਆਟਾ, ਤੇਲ ਆਦਿ ਦੀ ਬਹੁਤ ਵੱਡੀ ਮਾਤਰਾ ਮਿਲੀ। ਝਾਰਖੰਡ ਵਿੱਚ ਨਜਾਇਜ਼ ਦਾਲਾਂ ਨੂੰ ਜਬਤ ਕੀਤਾ ਗਿਆ। ਇਹ ਇਸ ਗੱਲ ਦਾ ਸਬੂਤ ਹੈ ਕਿ ਮਹਿੰਗਾਈ ਦੇ ਵਧਣ ਦਾ ਸਭ ਤੋਂ ਵੱਡਾ ਕਾਰਨ ਮੁਨਾਫਾਖੋਰਾਂ ਦੀ ਖੇਡ ਹੀ ਹੈ, ਜਿਸ ਦੇ ਰੁਕਣ 'ਤੇ ਹੀ ਇਸ ਸਮੱਸਿਆ ਦਾ ਹੱਲ ਸੰਭਵ ਹੈ। ਜੇ ਇਮਾਨਦਾਰੀ ਨਾਲ ਜਮ੍ਹਾਂਖੋਰਾਂ ਖਿਲਾਫ ਨੀਤੀਆਂ ਬਣਾਈਆਂ ਜਾਣ ਤਾਂ ਲੋਕਾਂ ਨੂੰ ਅਜਿਹੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਸਰਕਾਰ ਵਾਰ ਵਾਰ ਘੱਟ ਹੁੰਦੀ ਅਨਾਜ ਸਮਰੱਥਾ ਨੂੰ ਵਧਦੀ ਮਹਿੰਗਾਈ ਲਈ ਜ਼ਿੰਮੇਵਾਰ ਦੱਸ ਰਹੀ ਹੈ। ਦੇਸ਼ 'ਚ ਕਣਕ ਤੇ ਚੌਲ ਦਾ ਮੌਜੂਦਾ ਸਟਾਕ 530 ਲੱਖ ਟਨ ਹੈ ਜੋ ਪੂਰੀ ਆਬਾਦੀ ਲਈ ਕਾਫੀ ਹੈ ਪਰ ਇਸ ਦੀ ਕੀਮਤ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਖੰਡ ਦਾ ਭਾਅ ਵੀ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਖੇਤੀ ਮੰਤਰੀ ਘੱਟ ਪੈਦਾਵਾਰ ਨੂੰ ਮੂਲ ਵਾਧੇ ਦਾ ਕਾਰਨ ਦੱਸ ਰਹੇ ਹਨ। ਫਰਵਰੀ-ਮਾਰਚ 'ਚ ਜਦ ਗੰਨੇ ਦੇ ਸਹੀ ਵਾਜਬ ਭਾਅ ਦੀ ਗੱਲ ਕੀਤੀ ਜਾ ਰਹੀ ਸੀ ਅਤੇ ਚੀਨੀ ਦੇ ਭੰਡਾਰ 'ਚ ਕਿਸੇ ਤਰ੍ਹਾਂ ਦੀ ਕਮੀ ਹੋਣ ਦੀ ਗੱਲ ਨਹੀਂ ਮੰਨੀ ਜਾ ਰਹੀ ਸੀ ਉਸ ਸਮੇਂ ਵੀ ਬਾਜ਼ਾਰ 'ਚ ਚੀਨੀ ਦੀ ਕੀਮਤ 15 ਰੁਪਏ ਤੋਂ ਵਧ ਕੇ 25 ਰੁਪਏ ਹੋ ਗਈ ਸੀ। ਜੇ ਮੌਨਸੂਨ ਦੀ ਅਨਿਸ਼ਚਤਤਾ ਦਾ ਖਿਆਲ ਕੀਤਾ ਜਾਵੇ ਤਾਂ ਇਸ ਦਾ ਅਸਰ ਸਿਰਫ ਚੌਲ ਦੀ ਪੈਦਾਵਾਰ 'ਤੇ ਹੋਣਾ ਚਾਹੀਦਾ ਹੈ। ਤੇਲ ਅਤੇ ਦਾਲ ਦੀ ਪੈਦਾਵਾਰ 'ਤੇ ਨਹੀਂ। ਸੰਨ 2008 'ਚ ਵਸਤੂਆਂ ਦੇ ਭਾਅ ਵਧਣ ਦਾ ਕਾਰਨ ਕੌਮਾਂਤਰੀ ਬਾਜ਼ਾਰ 'ਚ ਵਧਦੀ ਤੇਲ ਦੀ ਕੀਮਤ ਨੂੰ ਦੱਸਿਆ ਗਿਆ ਸੀ। ਪਰ ਤੇਲ ਦੀ ਕੀਮਤ ਘਟਣ ਪਿੱਛੋਂ ਵੀ

ਮਹਿੰਗਾਈ ਨਹੀਂ ਘਟੀ। ਮਹਿੰਗਾਈ ਦਰ ਘਟਦੀ ਰਹੀ ਅਤੇ ਮਹਿੰਗਾਈ ਵਧਦੀ ਰਹੀ। ਇਸ ਆਪਾ ਵਿਰੋਧੀ ਨੇ ਥੋਕ ਮੁੱਲ ਸੂਚਕਾਂਕ (DPI) ਦੇ ਫਰਕ ਨੂੰ ਬਹਿਸ ਦਾ ਮੁੱਦਾ ਬਣਾਇਆ। ਮੂਲ 'ਚ ਵੇਖੀਏ ਤਾਂ ਇਸ ਲਈ ਲਚਰ ਸਰਕਾਰੀ ਨੀਤੀਆਂ ਹੀ ਜਿੰਮੇਵਾਰ ਦਿਸਦੀਆਂ ਹਨ। ਦੇਸ਼ 'ਚ ਥੋਕ ਮੁੱਲ ਸੂਚਕਾਂਕ ਦੇ ਅਧਾਰ 'ਤੇ ਮਹਿੰਗਾਈ ਦਰ ਦਾ ਨਿਰਧਾਰਣ ਹੁੰਦਾ ਹੈ। ਇਸ ਸੂਚਕਾਂਕ 'ਚ ਆਮ ਆਦਮੀ ਦੀ ਜ਼ਰੂਰਤ ਦੀਆਂ ਚੀਜਾਂ ਘੱਟ ਹੁੰਦੀਆਂ ਹਨ ਅਤੇ ਕੌਮਾਂਤਰੀ ਵਪਾਰ ਨੂੰ ਪ੍ਰਭਾਵਿਤ ਕਰਨ ਵਾਲੀਆਂ ਚੀਜ਼ਾਂ ਜ਼ਿਆਦਾ ਹੁੰਦੀਆਂ ਹਨ। ਨਾਲ ਹੀ ਇਸ ਵਿਚ ਚੀਜਾਂ ਦੀ ਕੀਮਤ ਦਾ ਨਿਰਧਾਰਣ ਥੋਕ ਦੇ ਆਧਾਰ 'ਤੇ ਹੁੰਦਾ ਹੈ। ਇਸ ਲਈ ਜ਼ਰੂਰੀ ਵਸਤਾਂ ਦੀ ਕੀਮਤ ਸਬੰਧੀ ਅੰਕੜਿਆਂ ਦਾ ਆਪਾ ਵਿਰੋਧ ਪੈਦਾ ਹੁੰਦਾ ਹੈ। ਧਿਆਨਯੋਗ ਹੈ ਕਿ ਮਹਿੰਗਾਈ ਘੱਟ ਕਰਨ ਦਾ ਸਭ ਤੋਂ ਵੱਧ ਅਸਰਦਾਰ ਤਰੀਕਾ ਸਰਕਾਰੀ ਨੀਤੀਆਂ ਦੇ ਬਦਲਾਅ ਨਾਲ ਸਬੰਧਤ ਹੈ। ਸਪਲਾਈ ਤੇ ਮੰਗ ਵਿਚਕਾਰ ਤਾਲਮੇਲ ਬਣਾ ਕੇ ਹੀ ਮਹਿੰਗਾਈ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਜਮ੍ਹਾਂਖੋਰੀ ਰੋਕਣਾ ਤਾਂ ਸਰਕਾਰ ਦਾ ਸ਼ਲਾਘਾਯੋਗ ਕੰਮ ਹੋ ਸਕਦਾ ਹੈ। ਪਰ ਸਮੱਸਿਆ ਦੇ ਖਾਤਮੇ ਲਈ ਦਰੁਸਤ ਲੋਕ ਪੱਖੀ ਆਰਥਿਕ ਨੀਤੀਆਂ ਦੀ ਲੋੜ ਹੈ। ਜੋ ਸਾਮਰਾਜ ਦੇ ਦਖਲ ਤੋਂ ਮੁਕਤ ਹੋਣ। ਅੱਜ ਆਮ ਜਨਤਾ ਨੂੰ ਅਨਾਜ ਦੇ ਮਾੜੇ ਪ੍ਰਬੰਦ ਦਾ ਖਮਿਆਜਾ ਭੁਗਤਣਾ ਪੈ ਰਿਹਾ ਹੈ। ਪਿਛਲੇ 15-20 ਸਾਲਾਂ 'ਚ ਸਰਕਾਰੀ ਨੀਤੀ ਤੇ ਨਿਵੇਸ਼ 'ਚ ਖੇਤੀ ਦੀ ਅਣਦੇਖੀ ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ 'ਚ ਕਮੀ ਲਾਗਤ ਖਰਚਿਆਂ ਵਿਚ ਵਾਧਾ, ਰਿਟੇਲ ਸਾਮਰਾਜੀ ਕੰਪਨੀਆਂ ਅਤੇ ਈ-ਚੌਪਾਲ ਦੇ ਨਾਂ 'ਤੇ ਅਨਾਜ ਦੀ ਜਮ੍ਹਾਂਖੋਰੀ ਵੱਲ ਸਰਕਾਰ ਦਾ ਧਿਆਨ ਜਾਣ ਬੁੱਝ ਕੇ ਨਾ ਦੇਣਾ ਵੀ ਇੱਕ ਵੱਡੀ ਵਜਾਹ ਹੈ। ਵਿੱਤੀ ਸਾਲ 2009-10 ਦੇ ਬਜਟ ਨੂੰ ਵੇਖੋ ਤਾਂ ਇਸ 'ਚ ਖੇਤੀ ਕਰਜੇ ਦੀ ਸਹੂਲਤ ਤੋਂ ਇਲਾਵਾ ਇਸ ਖੇਤਰ ਲਈ ਕੋਈ ਹੋਰ ਵੱਡੀ ਵਿਵਸਥਾ ਨਹੀਂ ਹੈ। ਹਰੇ ਇਨਕਲਾਬ ਵੱਲੋਂ ਕਣਕ ਤੇ ਚੌਲ ਦੀ ਪੈਦਾਵਾਰ ਤੋਂ ਇਲਾਵਾ ਹੋਰ ਜ਼ਰੂਰੀ ਅਨਾਜ ਪਦਾਰਥਾਂ ਦੀ ਪੈਦਾਵਾਰ ਲਈ ਸਾਮਰਾਜ ਤੋਂ ਆਜ਼ਾਦ ਲੋਕ ਪੱਖੀ ਨੀਤੀਆਂ ਅਪਣਾਉਣੀਆਂ ਜ਼ਰੂਰੀ ਹਨ। ਪਿਛਲੇ ਚਾਰ ਸਾਲ ਤੋਂ ਭਾਰਤ 20-25 ਹਜ਼ਾਰ ਕਰੋੜ ਰੁਪਏ ਦੀ ਦਾਲ ਦਰਾਮਦ ਕਰ ਰਿਹਾ ਹੈ। ਖਾਦ ਤੇਲ ਦੀ ਵੀ ਇਹੀ ਸਥਿਤੀ ਹੈ। ਇਸ ਲਈ ਸਾਲ 1986 ਤੋਂ ਤਿਲੇ ਹਨ ਦੀ ਪੈਦਾਵਾਰ 'ਤੇ ਜੋਰ ਦੇਣ ਲਈ ਰਾਜੀਵ ਗਾਂਧੀ ਟੈਕਨੋਲੋਜੀ ਮਿਸ਼ਨ ਗਠਿਤ ਕੀਤਾ ਗਿਆ ਸੀ। ਪਰ ਸਾਲ 1993 ਤਕ ਇਸ ਦੇ ਆਖਰੀ ਟੀਚੇ ਨੂੰ ਹਾਸਲ ਕਰਨ ਲਈ ਜਰੂਰੀ ਯਤਨ ਨਹੀਂ ਕੀਤੇ ਗਏ। ਮਹਿੰਗਾਈ ਰੋਕਣ ਲਈ ਲੰਮੇ ਦਾਅ ਦੇ ਨੀਤੀਗਤ ਫੈਸਲਿਆਂ ਦੇ ਨਾਲ ਕੁਝ ਫੌਰੀ ਤਬਦੀਲੀਆਂ ਦੀ ਲੋੜ ਹੈ। ਮਹਿੰਗਾਈ ਰੋਕਣ ਲਈ ਸਰਕਾਰ ਨੂੰ ਫੌਰੀ ਜਾਂ ਜਮ੍ਹਾਂਖੋਰੀ 'ਤੇ ਕੰਟਰੋਲ ਸਥਾਪਤ ਕਰਨਾ ਚਾਹੀਦਾ ਹੈ। ਖਾਦ ਪਦਾਰਥਾਂ ਦੀ ਸਹੀ ਵੰਡ ਦੀ ਰਣਨੀਤੀ ਤਿਆਰ ਕੀਤੀ ਜਾਣੀ ਚਾਹੀਦੀ ਹੈ। ਜਨਤਕ ਵੰਡ ਪ੍ਰਣਾਲੀ ਨੂੰ ਦਰੁਸਤ ਕਰਨਾ ਚਾਹੀਦਾ ਹੈ। ਸਾਮਰਾਜੀ ਦਖਲ ਅੰਦਾਜੀ ਵਿਰੁੱਧ ਡਟਣਾ ਚਾਹੀਦਾ ਹੈ।

# ਯਸ਼ਪਾਲ ਸੰਮਤੀ-ਉਚ ਸਿੱਖਿਆ 'ਚ ਨਿੱਜੀਕਰਨ ਦੀ ਪੈਰੋਕਾਰੀ

28 ਫਰਵਰੀ 2008 ਨੂੰ ਭਾਰਤ ਸਰਕਾਰ ਨੇ ਪ੍ਰੋ. ਯਸ਼ਪਾਲ (ਸਾਬਕਾ ਚੇਅਰਮੈਨ ਯੂਨੀਵਰਸਿਟੀ ਗਰਾਂਟਸ ਕਮਿਸ਼ਨ) ਦੀ ਅਗਵਾਈ 'ਚ ਉਚ ਸਿੱਖਿਆ ਦੇ ਖੇਤਰ 'ਚ ਇਕ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਦਾ ਨਾਂ ਯੂ. ਜੀ. ਸੀ./ ਏ. ਆਈ. ਸੀ. ਟੀ. ਟੀ. ਰੀਵਿਊ ਕਮੇਟੀ ਰੱਖਿਆ ਗਿਆ ਸੀ। ਜਿਸ ਨੂੰ ਉੱਚ ਪ੍ਰੋਫੈਸ਼ਨ ਤੇ ਤਕਨੀਕੀ ਸਿੱਖਿਆ 'ਚ ਆਈਆਂ ਤਬਦੀਲੀਆਂ ਦੇ ਮੱਦੇਨਜ਼ਰ ਇਹਨਾਂ ਦੋਹਾਂ ਸੰਸਥਾਵਾਂ ਦੇ ਕੰਮਾਂ ਦਾ ਮੁਲਾਂਅੰਕਣ ਕਰਨਾ ਸੀ। ਬਾਅਦ 'ਚ ਇਸ ਕਮੇਟੀ ਨੇ ਆਪਣੇ ਕਾਰਜ ਖੇਤਰ ਨੂੰ ਵਧਾਉਣ ਦੀ ਮੰਗ ਸਰਕਾਰ ਤੋਂ ਕੀਤੀ ਜਿਸ ਕਾਰਨ 14 ਅਕਤੂਬਰ 2008 ਨੂੰ ਇਸ ਕਮੇਟੀ ਕਾਰਜ ਖੇਤਰ ਵਧਾਉਂਦਿਆਂ ਇਸ ਦਾ ਨਾਂ (ਦਾ ਕਮੇਟੀ ਅਡਵਾਈਜ ਆਨ ਐਂਡ ਰਿਜੂਵਿਨੇਸ਼ਨ ਆਫ ਹਾਇਰ ਏਜੂਕੇਸ਼ਨ) ਕਰ ਦਿੱਤਾ ਗਿਆ। ਹਾਲ 'ਚ ਹੀ ਇਸ ਕਮੇਟੀ ਨੂੰ ਆਪਣੀ ਰਿਪੋਰਟ ਭਾਰਤ ਸਰਕਾਰ ਨੂੰ ਸੌਂਪੀ। ਇਸ ਕਮੇਟੀ ਨੇ ਉੱਚ ਸਿੱਖਿਆ ਦੇ ਸਮੂਹ ਢਾਂਚੇ ਦੇ ਸੁਧਾਰ ਲਈ ਕਿੰਨੀਆਂ ਹੀ ਗੱਲਾਂ ਦੀ ਨਿਸ਼ਾਨਦੇਹੀ ਕੀਤੀ ਹੈ। ਇਸ ਲੇਖ 'ਚ ਆਪਾਂ ਕਮੇਟੀ ਦੇ ਸੁਝਾਵਾਂ ਦਾ ਮੁਲਾਂਅੰਕਣ ਕਰਨ ਦੀ ਕੋਸ਼ਿਸ਼ ਕਰਾਂਗੇ। ਸੰਖੇਪ 'ਚ ਕਮੇਟੀ ਵੱਲੋਂ ਰਿਪੋਰਟ 'ਚ ਵਰਣ ਕੀਤੀਆਂ ਗੱਲਾਂ 'ਤੇ ਸੁਝਾਅ ਇਸ ਪ੍ਰਕਾਰ ਹੈ।

1. ਉਚ ਸਿੱਖਿਆ 'ਚ ਵਿਦਿਆਰਥੀਆਂ ਦੀ ਗਿਣਤੀ ਵਧ ਰਹੀ ਹੈ। ਹੁਣ ਉਚ ਸਿੱਖਿਆ 'ਚ ਉਚ ਜਾਂ ਸਿੱਖਿਅਤ ਮੱਧ ਵਰਗ ਤੋਂ ਬਾਹਰ ਪਿਛੜੇ ਤਬਕੇ ਵੀ ਰੁਚੀ ਲੈ ਰਹੇ ਹਨ। ਕਿਉਂਕਿ ਉਚ ਸਿੱਖਿਆ ਅੱਛਾ ਰੁਜਗਾਰ ਹਾਸਲ ਕਰਕੇ ਆਪਣੀ ਜਮਾਤ ਨੂੰ ਬਦਲਣ ਦਾ ਮਾਧਿਅਮ ਬਣ ਚੁੱਕੀ ਹੈ। ਇਸ ਪ੍ਰਸਾਰ ਨੂੰ ਹੋਰ ਵੱਧ ਵਧਾਉਣ ਦੀ ਜ਼ਰੂਰਤ ਹੈ। ਇਹ ਗੁਣਵੰਣਤਾ ਦੇ ਨਾਲ ਸੰਭਵ ਹੈ ਜਦ ਰਾਜਸੀ ਆਰਥਕ ਤਾਕਤਾਂ ਦੀ ਦਖਲਅੰਦਾਜ਼ੀ ਨੂੰ ਉਚ ਸਿੱਖਿਆ 'ਚ ਬੰਦ ਕਰ ਦਿੱਤਾ ਜਾਵੇ।

2. ਮੌਜੂਦਾ ਸਲੇਬਸ ਵੱਧ ਸਿਧਾਂਤਕ ਹੈ ਅਤੇ ਇਹਨਾਂ ਦਾ ਪ੍ਰਯੋਗਿਕ ਵਿਹਾਰਕ ਪੱਖ ਕਮਜੋਰ ਹੈ। ਇਹ ਜ਼ਰੂਰੀ ਹੈ ਕਿ ਵਿਦਿਆਰਥੀ ਨੂੰ ਸੰਸਥਾ ਤੋਂ ਬਾਹਰ ਦੀ ਦੁਨੀਆਂ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ। ਉਸ ਨੂੰ ਸਰੀਰਕ ਮੇਹਨਤ ਤੋਂ ਲੈ ਕੇ ਬੁੱਧੀਜੀਵੀ ਕਰਮ ਸਭ ਤਰ੍ਹਾਂ ਦੇ ਕੰਮਾਂ ਤੋਂ ਵਾਕਿਫ ਕਰਵਾਇਆ ਜਾਣਾ ਚਾਹੀਦਾ ਹੈ ਤਾਂ ਕਿ ਉਹ ਅਸਲੀ ਦੁਨੀਆਂ ਨੂੰ ਸਮਝ ਸਕੇ ਅਤੇ ਪੜ੍ਹਾਈ ਪਿੱਛੋਂ ਇਸ 'ਚ ਉਸ ਦਾ ਦਾਖਲਾ ਵੱਧ ਸੌਖਾ ਹੋ ਸਕੇ। ਮੌਜੂਦਾ ਪ੍ਰੀਖਿਆ ਪ੍ਰਣਾਲੀ ਜੋ ਸਾਲ ਜਾਂ ਸੇਮੇਸਟਰ ਦੇ ਅੰਤ 'ਚ ਲਿਖਤੀ ਪ੍ਰੀਖਿਆ 'ਤੇ ਅਧਾਰਤ ਹੈ, ਨੂੰ ਬਦਲਣ ਦੀ ਜ਼ਰੂਰਤ ਹੈ। ਛੁੱਟੀਆਂ 'ਚ ਜਾਂ ਇੰਟਰਨਸ਼ਿਪ 'ਚ ਵਿਦਿਆਰਥੀਆਂ ਨੂੰ ਵਿਹਾਰਕ ਕੰਮਾਂ 'ਚ ਲਾਇਆ ਜਾਵੇ ਅਤੇ ਇਸ ਅਧਾਰ 'ਤੇ ਉਹਨਾਂ ਦਾ ਮੁਲਅੰਕਣ ਵੀ ਹੋਵੇ।

3. ਲੰਮੇ ਖੋਜ ਜਾਂ ਅਧਿਆਪਨ ਇਕ ਹੀ ਸਿੱਖਿਅਕ ਕੰਮ ਦੇ ਦੋ ਪਹਿਲੂ ਹਨ। ਪਰ ਪਿਛਲੇ ਸਮੇਂ ਤੋਂ ਖੋਜ ਸੰਸਥਾਵਾਂ ਯੂਨੀਵਰਸਿਟੀ ਤੋਂ ਵੱਖਰੀਆਂ ਸਥਾਪਤ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਖੋਜ ਦਾ ਨੌਜਵਾਨ ਸੱਚ ਨਾਲ ਸਬੰਧ ਖਤਮ

ਹੋ ਗਿਆ ਹੈ ਅਤੇ ਨੌਜਵਾਨਾਂ ਨੂੰ ਖੋਜ ਦਾ ਕੰਮ ਨਹੀਂ ਮਿਲ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਸਭ ਖੋਜ ਸੰਸਥਾਵਾਂ ਨੂੰ ਯੂਨੀਵਰਸਿਟੀ ਨਾਲ ਜੋੜਿਆ ਜਾਵੇ ਅਤੇ ਖੋਜ ਕਰਨ ਵਾਲਿਆਂ ਨੂੰ ਪੜ੍ਹਨ ਦਾ ਮੌਕਾ ਵੀ ਮਿਲੇ। ਸਭ ਯੂਨੀਵਰਸਿਟੀਆਂ ਖੋਜ ਅਤੇ ਅਧਿਆਪਨ ਦਾ ਕੰਮ ਕਰਨ।

4. ਅੱਜ ਆਈ. ਆਈ. ਟੀ. ਤੇ ਆਈ. ਆਈ. ਐਮ. ਵਰਗੀਆਂ ਮਸ਼ਹੂਰ ਇੰਜਨੀਰਿੰਗ ਤੇ ਮੈਨੇਜਮੈਂਟ ਸੰਸਥਾਵਾਂ ਬਲਕਿ ਉਚ ਸਿੱਖਿਆ ਦੇ ਸਲੇਬਸਾਂ ਤੋਂ ਕੱਟੇ ਹੋਏ ਹਨ। ਪ੍ਰੋਫੈਸ਼ਨਲ ਕੋਰਸ ਕਰ ਰਹੇ ਵਿਦਿਆਰਥੀਆਂ ਨੂੰ ਸਮਾਜ ਦੀ ਅਰਥ ਵਿਵਸਥਾ, ਰਾਜਨੀਤੀ, ਸਭਿਆਚਾਰ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਲਈ ਜ਼ਰੂਰੀ ਹੈ ਕਿ ਪ੍ਰੋਫੈਸ਼ਨਲ ਕੋਰਸ ਯੂਨੀਵਰਸਿਟੀ ਦੇ ਦਾਇਰੇ ’ਚ ਹੀ ਬਾਕੀ ਕੋਰਸਾਂ ਦੇ ਨਾਲ ਚਲਾਏ ਜਾਣੇ ਚਾਹੀਦੇ ਹਨ। ਇਸ ਦੇ ਨਾਲ ਹੀ ਪੋਲੀਟੈਕਨਿਕ ਆਈ. ਟੀ. ਆਈ. ਕਰ ਰਹੇ ਵਿਦਿਆਰਥੀਆਂ ਨੂੰ ਵੀ ਯੂਨੀਵਰਸਿਟੀ ’ਚ ਦਾਖਲੇ ਦੇ ਰਾਹ ਖੁੱਲ੍ਹੇ ਹੋਣੇ ਚਾਹੀਦੇ ਹਨ।

5. ਭਾਰਤ ਵਿੱਚ ਜਿੱਥੇ ਸਮਾਜਿਕ ਉਚਤਾ ਤੇ ਵੰਡ ਕਾਫੀ ਵੱਧ ਤੇ ਤਿੱਖੀ ਹੈ। ਕਾਲਜਾਂ ਵਿੱਚ ਵੀ ਤਾਕਤਵਰਾਂ ਦਾ ਦਾਬਾ ਹੈ। ਅਜਿਹੇ ’ਚ ਉੱਚ ਸਿੱਖਿਆ ਕੈਂਪਸਾਂ ’ਚ ਸ਼ਾਂਤੀਪੂਰਨ ਮਾਹੌਲ ’ਚ ਵਿਰੋਧੀ ਵਿਚਾਰਾਂ ਵਿਚਾਰਧਾਰਾਵਾਂ ਵਿਚਕਾਰ ਖੁੱਲ੍ਹੀ ਬਹਿਸ ਦਾ ਮੌਕਾ ਹੋਣਾ ਚਾਹੀਦਾ ਹੈ। 1947 ਦੀ ਸੱਤਾ ਤਬਦੀਲੀ ਪਿੱਛੋਂ ਕੁਝ ਦਹਾਕਿਆਂ ਤਕ ਇਹ ਮਾਹੌਲ ਮੌਜੂਦ ਰਿਹਾ ਪਰ ਪਿਛਲੇ ਕੁਝ ਸਾਲਾਂ ਤੋਂ ਸਥਿਤੀ ਮਾੜੀ ਹੀ ਹੋਈ ਹੈ। ਜਥੇਬੰਦ ਨੌਜਵਾਨ ਤੇ ਸਰਕਾਰੀ ਮਸ਼ੀਨਰੀ ਸ਼ਾਂਤੀਪੂਰਨ ਬਹਿਸ ਪੈਦਾ ਕਰਨ ਵਿੱਚ ਅੜਿੱਕਾ ਖੜ੍ਹਾ ਕਰ ਰਹੇ ਹਨ। ਇਹ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਹ ਯੂਨੀਵਰਸਿਟੀ ਦੀ ਧਾਰਨਾ ਨੂੰ ਹੀ ਨੁਕਸਾਨ ਪਹੁੰਚਾ ਰਿਹਾ ਹੈ। ਜਿਸ ਦੇ ਤਹਿਤ ਯੂਨੀਵਰਸਿਟੀ ਦਾ ਕੰਮ ਗਿਆਨ ਦਾ ਨਿਰਮਾਣ ਆਜ਼ਾਦ ਸਿਖਲਾਈ ਤੇ ਬਹਿਸ ਜ਼ਰੀਏ ਕਰਨਾ ਹੈ। ਅੱਜ ਜਦ ਵਿਸ਼ਵੀ ਪੱਧਰ ’ਤੇ ਦੀਵਾਰਾਂ ਢਹਿ ਰਹੀਆਂ ਹਨ ਐਸੇ ’ਚ ਜਰੂਰੀ ਹੈ ਕਿ ਦੁਨੀਆਂ ਨੂੰ ਉਸ ਦੀ ਵੰਨਸਵੰਨਤਾ ਨਾਲ ਪੜ੍ਹਿਆ ਜਾਵੇ। ਵੰਨ-ਸੁਵੰਨਤਾ ਦੀ ਇੱਜ਼ਤ ਕੀਤੀ ਜਾਵੇ ਨਾ ਕਿ ਸਾਰੀਆਂ ਚੀਜ਼ਾਂ ਨੂੰ ਇਕ ਹੀ ਢਾਂਚੇ ’ਚ ਢਾਲਣ ਦੀ ਕੋਸ਼ਿਸ਼ ਕੀਤੀ ਜਾਵੇ।

6. ਸਨਾਤਕ ਪੱਧਰ ਤੇ ਵਿਦਿਆਰਥੀਆਂ ਨੂੰ ਉਸ ਦੇ ਵਿਸ਼ੇ ਤੋਂ ਇਲਾਵਾ ਮਾਨਵੀ, ਸਮਾਜਿਕ, ਗਿਆਨ ਦਰਸ਼ਨ ਆਦਿ ਬਾਰੇ ਵੀ ਪੜ੍ਹਾਇਆ ਜਾਵੇ। ਸਭ ਪੱਧਰਾਂ ਦੇ ਅਧਿਆਪਕਾਂ ਦੀ ਸਿਖਲਾਈ ਯੂਨੀਵਰਸਿਟੀ ਦਾ ਹਿੱਸਾ ਹੋਵੇ ਅਰਥਾਤ ਬੀ. ਐਡ. ਤੋਂ ਇਲਾਵਾ ਪ੍ਰਾਇਮਰੀ ਅਧਿਆਪਕਾਂ ਨੂੰ ਪੜ੍ਹਾਉਣ ਦਾ ਕੰਮ ਵੀ ਯੂਨੀਵਰਸਟਿ ਕਰੇ।

7. ਸੀ. ਐਸ. ਆਈ. ਆਰ. ਇਸਰੋ, ਆਈ. ਆਈ. ਟੀ. ਆਈ. ਆਈ. ਐਮ. ਨੂੰ ਯੂਨੀਵਰਸਿਟੀ ਦਾ ਦਰਜਾ ਦਿੱਤਾ ਜਾਵੇ ਜੋ ਆਪਣੇ ਖੇਤਰਾਂ ਤੋਂ ਇਲਾਵਾ ਹੋਰ ਖੇਤਰ ਦੇ ਸਨਾਤਕ ਤੇ ਸਨਾਤਕੋਤਰ ਸਲੇਬਸ ਚਲਾਵੇ। ਦੇਸ਼ ਦੇ ਉੱਚ ਚੋਣਵੇਂ 1500 ਕਾਲਜਾਂ ਨੂੰ ਯੂਨੀਵਰਸਿਟੀ ਦਾ ਦਰਜਾ ਦਿੱਤਾ ਜਾਵੇ ਤਾਂ ਕਿ ਯੂਨੀਵਰਸਿਟੀ ਉਹਨਾਂ ’ਤੇ ਠੀਕ ਤਰ੍ਹਾਂ ਨਾਲ ਕੰਟਰੋਲ ਕਰ ਸਕੇ।

8. ‘ਆਜਾਦੀ’ ਪਿੱਛੋਂ ਡੀਮਡ ਯੂਨੀਵਰਸਿਟੀ ਸਿਰਫ ਖੇਤਰ ਵਿਸੇਸ਼ ਦੇ

ਕਾਲਜਾਂ ਨੂੰ ਐਲਾਨਣ ਦੀ ਵਿਵਸਥਾ ਰੱਖੀ ਗਈ ਸੀ। 1956-90 ਤਕ ਸਿਰਫ 29 ਡੀਮਡ ਯੂਨੀਵਰਸਿਟੀਆਂ ਸਨ ਪਰ ਪਿਛਲੇ ਕੁਝ ਸਾਲਾਂ 'ਚ ਹਰ ਕਿਸੇ ਨੂੰ ਡੀਮਡ ਯੂਨੀਵਰਸਿਟੀ ਐਲਾਨਣ ਕਰਕੇ ਇਹਨਾਂ ਦੀ ਗਿਣਤੀ 108 ਤਕ ਜਾ ਪਹੁੰਚੀ। ਇਹਨਾਂ ਦੀਆਂ ਸਹੂਲਤਾਂ 'ਤੇ ਪੱਧਰ ਕਿਧਰੋਂ ਵੀ ਡੀਮਡ ਯੂਨੀਵਰਸਿਟੀ ਦੇ ਲਾਇਕ ਨਹੀਂ ਹੈ। ਇਸ ਲਈ ਅਗਲੇ ਤਿੰਨ ਸਾਲਾਂ 'ਚ ਇਹ ਆਪਣੇ ਪੱਧਰ ਨੂੰ ਠੀਕ ਨਹੀਂ ਕਰ ਸਕੇ ਤਾਂ ਇਹਨਾਂ ਤੋਂ ਡੀਮਡ ਯੂਨੀਵਰਸਿਟੀ ਦਰਜਾ ਖੋਹ ਲੈਣਾ ਚਾਹੀਦਾ ਹੈ।

9. ਯੂਨੀਵਰਸਿਟੀ ਦਾ ਮੁਲਾਅੰਕਣ ਮੁੱਖ ਤੌਰ 'ਤੇ ਲਿੰਗ, ਜਾਤੀ, ਆਰਥਕ ਵਰਗ ਦੀ ਨਾ ਬਰਾਬਰੀ ਨੂੰ ਉਸ ਨੇ ਕਿੰਨਾ ਘਟਾਇਆ ਹੈ। ਇਸ ਅਧਾਰ 'ਤੇ ਹੋਵੇ ਇਸ ਪਿੱਛੋਂ ਸਿੱਖਿਆ ਸਹੂਲਤ ਤੇ ਯੂਨੀਵਰਸਟਿ ਵੱਲੋਂ ਤਹਿ ਟੀਚਿਆਂ ਦੀ ਪੂਰਤੀ ਦੇ ਆਧਾਰ 'ਤੇ ਹੋਵੇ।

10. ਪਿਛਲੇ ਦੋ ਦਹਾਕਿਆਂ ਵਿੱਚ ਉਚ ਸਿੱਖਿਆ ਦਾ ਪ੍ਰਸਾਰ ਮੁੱਖ ਤੌਰ 'ਤੇ ਪ੍ਰਾਈਵੇਟ ਅਦਾਰਿਆਂ ਦੇ ਕਾਰਨ ਹੋਇਆ ਹੈ ਪਰ ਲਾਭ ਦੇ ਤਰਕ 'ਤੇ ਕੰਮ ਕਰਨ ਵਾਲੇ ਅਦਾਰੇ ਖਾਸੇ ਦਿਕਤ ਤਲਬ ਹਨ। ਵਿਦਿਆਰਥੀਆਂ ਤੋਂ ਵੱਧ ਪੈਸੇ ਲੈਣ, ਮੈਨੇਜਮੈਂਟ 'ਚ ਇਕ ਹੀ ਪਰਿਵਾਰ ਦਾ ਦਾਬਾ, ਅਧਿਆਪਕਾਂ ਨੂੰ ਘੱਟ ਤਨਖਾਹ, ਪਸੰਦ ਦੇ ਲੜਕਿਆਂ ਨੂੰ ਵੱਧ ਨੰਬਰ ਦੇਣਾ ਤੇ ਨਾਪਸੰਦ ਵਿਦਿ: ਨੂੰ ਫੇਲ ਕਰਨਾ ਆਦਿ ਰਾਹੀਂ ਇਹ ਸਥਿਤੀ ਵਿਗਾੜ ਰਹੇ ਹਨ। ਸਿੱਖਿਆ ਦੇ ਪ੍ਰਸਾਰ ਲਈ ਪ੍ਰਾਈਵੇਟ ਹਿੱਸੇਦਾਰੀ ਵਧਾਉਣੀ ਹੋਵੇਗੀ। ਪਰ ਮੈਨੇਜਮੈਂਟ 'ਚ ਪਰਿਵਾਰ ਦੇ ਮੈਂਬਰ ਹੀ ਨਾ ਭਰੇ ਹੋਣ। ਕੁਲਪਤੀ ਪਰਿਵਾਰ ਦੇ ਮੈਂਬਰ ਦੀ ਬਜਾਏ ਸਿੱਖਿਆ ਖੇਤਰ ਦੇ ਹੋਣ ਅਦਾਰੇ ਕੌਮੀ ਮਾਪਦੰਡ ਪੂਰੇ ਕਰੋ।

11. ਯੂਨੀਵਰਸਿਟੀ ਨੂੰ ਖੁਦਮੁਖਤਿਆਰੀ ਹਾਸਲ ਹੋਵੇ। ਫੰਡ ਲਈ ਉਹ ਸਾਬਕਾ ਵਿਦਿ: ਤੋਂ ਮਦਦ ਲੈ ਸਕਦੇ ਹਨ। ਕੁਝ ਪ੍ਰੋਫੈਸ਼ਨਲ ਫੰਡ ਪੈਦਾ ਕਰਨ ਵਾਲਿਆਂ ਨੂੰ ਨੌਕਰੀ 'ਤੇ ਰੱਖ ਗੈਰ ਸਰਕਾਰੀ ਖੇਤਰ ਤੋਂ ਫੰਡ ਇਕੱਠਾ ਕਰ ਸਕਦੇ ਹਨ। ਯੂਨੀਵਰਸਿਟੀ ਨੂੰ ਪਲਾਨ ਲਈ ਗਰਾਂਟ ਦੀ ਬਜਾਏ ਯੂਨੀਵਰਸਿਟੀ ਦੀ ਤਰਜੀਹ ਲਈ ਗਰਾਂਟ ਮਿਲੇ। ਜੋ ਵਿਦਿਆਰਥੀ ਫੀਸ ਦੇ ਸਕਦੇ ਹਨ। ਉਹਨਾਂ ਨੂੰ ਸਬਸਿਡੀ ਨਾ ਦਿੱਤੀ ਜਾਵੇ ਜਾਂ ਕਰਜਾ ਜਾਂ ਹੋਸਟਲ ਲੈ ਸਕਦੇ ਹੋਣ ਉਹਨਾਂ ਲਈ ਇਸ ਦਾ ਇੰਤਜਾਮ ਹੋਵੇ, ਜੋ ਇਹ ਵੀ ਨਾ ਕਰ ਸਕੇ ਉਹਨਾਂ ਨੂੰ ਮੁਫਤ ਸਿੱਖਿਆ ਮਿਲੇ। ਕੁਲ ਮਿਲਾ ਕੇ ਕੋਈ ਵਿਦਿਆਰਥੀ ਪੈਸੇ ਦੀ ਘਾਟ ਕਾਰਨ ਪੜ੍ਹਾਈ ਨਾ ਛੱਡੇ। ਫੰਡ ਵਧਾਉਣ ਲਈ ਵਿਦੇਸ਼ੀ ਵਿਦਿਆਰਥੀਆਂ ਨੂੰ ਆਕ੍ਰਸ਼ਿਤ ਕੀਤਾ ਜਾਵੇ।

ਯੂਨੀਵਰਸਿਟੀ ਦੀ ਖੁਦਮੁਖਤਿਆਰੀ 'ਚ ਦਖਲਅੰਦਾਜੀ ਬੰਦ ਹੋਵੇ। ਵਿਦਿਆਰਥੀ ਦਾਖਲਾ ਅਧਿਆਪਕ ਦੀ ਚੋਣ, ਕੁਲਪਤੀ, ਵਿਭਾਗਾਂ ਦੇ ਮੁਖੀ ਤੇ ਡੀਨ ਦੀ ਨਿਯੁਕਤੀ 'ਚ ਘਪਲੇਬਾਜ਼ੀ ਬੰਦ ਹੋਵੇ। ਯੂਨੀਵਰਸਿਟੀ ਨੂੰ ਕੋਰਸ ਸ਼ੁਰੂ ਕਰਨ, ਕੋਰਸ ਬਣਾਉਣ, ਮੁਲਅੰਕਨ ਕਰਨ ਦੀ ਛੋਟ ਹੋਵੇ। ਵਿਦਿਆਰਥੀਆਂ ਨੂੰ ਵੀ ਵੱਖ-ਵੱਖ ਯੂਨੀਵਰਸਟੀਆਂ ਤੋਂ ਕੋਰਸ ਕਰਨ ਦੀ ਛੋਟ ਹੋਵੇ।

12. ਹਰ ਵਿਦੇਸ਼ੀ ਯੂਨੀਵਰਸਿਟੀ ਨੂੰ ਆਉਣ ਦੀ ਛੋਟ ਦੇਣ ਦੀ ਬਜਾਏ ਚੋਟੀ ਦੀਆਂ 200 ਯੂਨੀਵਰਸਿਟੀਆਂ ਨੂੰ ਦੇਸ਼ 'ਚ ਬੁਲਾਇਆ ਜਾਵੇ ਨਾਲ ਹੀ ਵੱਖ-ਵੱਖ ਖੇਤਰਾਂ ਦੇ ਵਿਦੇਸ਼ੀ ਮਾਹਰਾਂ ਨੂੰ ਦੇਸ਼ 'ਚ ਸੱਦਿਆ ਜਾਣਾ ਚਾਹੀਦਾ ਹੈ ਤਾਂ ਕਿ

ਗੁਣਵੰਣਤਾ ਬੇਹਤਰ ਹੋ ਸਕੇ।

13 ਪੜ੍ਹਾਉਣ 'ਚ ਬੇਹਤਰ ਅਧਿਆਪਕਾਂ ਨੂੰ ਪ੍ਰਸਾਸ਼ਨਿਕ ਕੰਮਾਂ ਤੋਂ ਮੁਕਤ ਕਰਨਾ ਚਾਹੀਦਾ ਹੈ। ਵੱਖ-ਵੱਖ ਤਰ੍ਹਾਂ ਦੀਆਂ ਰੇਗੂਲੇਟਰੀ ਸੰਸਥਾਵਾਂ ਏ. ਆਈ. ਸੀ. ਟੀ. ਈ. ਯੂ. ਜੀ. ਸੀ. ਬੀ. ਸੀ. ਆਈ. (ਬਾਰ ਕਾਊਂਸਲ ਆਫ ਇੰਡੀਆ) ਸੀ. ਓ. ਏ. (ਕਾਊਂਸਲ ਆਫ ਐਗਰੀਕਲਚਰ) ਆਈ. ਐਨ. ਸੀ. ਐਸ. ਸੀ. ਆਈ. ਐਨ. ਸੀ. ਟੀ. ਈ. ਪੀ. ਸੀ. ਆਈ. ਡੀ. ਈ. ਸੀ. ਆਦਿ ਨੂੰ ਖਤਮ ਕਰਕੇ ਕੌਮੀ ਪੱਧਰ 'ਤੇ ਇਕ ਸਿੱਖਿਆ ਕਮਿਸ਼ਨ ਬਣਾਇਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਸੰਸਥਾਵਾਂ ਮਾਨਤਾ ਦੇਣ ਵਿੱਚ ਖਾਸ਼ਾ ਭ੍ਰਿਸ਼ਟਾਚਾਰ ਤੇ ਜਟਿਲਤਾ ਪੈਦਾ ਕਰਦੀਆਂ ਹਨ। ਕਮਿਸ਼ਨ ਦਾ ਨਾਂ ਉਚ ਸਿੱਖਿਆ ਅਤੇ ਖੋਜ ਕਮਿਸ਼ਨ ਹੋਵੇ 14-ਇਹ ਕਮਿਸ਼ਨ ਸੰਵਿਧਾਨਕ ਸੋਧ ਰਾਹੀਂ ਬਣੇ। ਜੋ ਸਰਕਾਰ ਦੇ ਕਿਸੇ ਮੰਤਰਾਲੇ ਦੀ ਬਜਾਏ ਸਿੱਧਾ ਸੰਸਦ ਨੂੰ ਜੁਆਬਦੇਹ ਹੋਵੇ ਜਿਸ ਨੂੰ ਵਿੱਤ ਮੰਤਰਾਲੇ ਤੋਂ ਫੰਡ ਮਿਲਣ। ਕਮਿਸ਼ਨ 'ਚ 7 ਸੰਸਦੀ ਬੋਰਡ ਹੋਣ। ਜਿਸ ਵਿੱਚ 5 ਸਿੱਖਿਆ ਸ਼ਾਸਤਰੀ ਇਕ ਸਨਅਤੀ ਦੁਨੀਆ ਤੇ ਇਕ ਸਮਾਜ ਸੇਵਾ ਦੇ ਖੇਤਰ ਦਾ ਵਿਅਕਤੀ ਹੋਵੇ। ਬੋਰਡ ਦੀ ਚੋਣ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਨੇਤਾ ਤੇ ਚੀਫ ਜਸਟਿਸ ਦੀ ਟੀਮ ਵੱਖ-ਵੱਖ ਖੇਤਰ ਦੇ ਲੋਕਾਂ ਨਾਲ ਬਣੇ ਕੋਲੇ ਜ਼ਿਅਮ ਦੀ ਮਦਦ ਨਾਲ ਕਰੇ। 15 ਕਮਿਸ਼ਨ ਉਚ ਸਿੱਖਿਆ ਦੇ ਖੇਤਰ ਦੇ ਮੁਲਅੰਕਣ, ਵਿਸਥਾਰ ਯੂਨੀਵਰਸਿਟੀ ਖੁਦਮੁਖਤਿਆਰੀ ਨੂੰ ਯਕੀਨੀ ਬਣਾਉਣ, ਨਵੇਂ ਸੁਧਾਰ ਕਰਨ, ਰਾਜ ਯੂਨੀਵਰਸਿਟੀ ਨੂੰ ਸਾਧਨ ਮੁਹੱਈਆ ਕਰਾਉਣ ਨਿਵੇਸ਼ ਵਧਾਉਣ ਤੇ ਲੋਕਾਂ ਦੀ ਰਾਇ ਨੂੰ ਇਕੱਠੀ ਕਰੇਗਾ। ਇਸਦੇ ਤਹਿਤ ਯੂਨੀਵਰਸਿਟੀਆਂ ਖੁਦ ਮੁਖਤਿਆਰ ਹੋਣਗੀਆਂ ਜੋ ਆਪਣੇ ਸਲੇਬਸ ਖੁਦ ਚਲਾਉਣਗੀਆਂ। ਕਾਨੂੰਨੀ ਵਿਵਾਦਾਂ ਦੇ ਲਈ ਵੱਖਰਾ ਕੌਮੀ ਸਿੱਖਿਆ ਟ੍ਰਿਬਿਊਨਲ ਤੇ ਸੂਬਾਈ ਸਿੱਖਿਆ ਟ੍ਰਿਬਿਊਨਲ ਗਠਿਤ ਹੋਵੇ। ਜੋ ਤੇਜੀ ਨਾਲ ਵਿਵਾਦਾਂ ਦਾ ਨਿਪਟਾਰਾ ਕਰੇ। ਸਾਲ 'ਚ ਇਕ ਤੋਂ ਵੱਧ ਵਾਰੀ ਯੂਨੀਵਰਸਿਟੀ ਦਾਖਲ ਇਮਤਿਹਾਨ (GIC) ਆਯੋਜਿਤ ਹੋਵੇ ਜਿਸ ਦੇ ਅਧਾਰ 'ਤੇ ਯੂਨੀਵਰਸਿਟੀ ਦਾਖਲਾ ਦੇਵੇ। ਰਾਜ ਤੇ ਕੇਂਦਰੀ ਯੂਨੀਵਰਸਿਟੀ ਨੂੰ ਬਰਾਬਰ ਸਹੂਲਤਾਂ ਮਿਲਣ। ਹੁਣ ਆਓ ਇਹਨਾਂ ਸਾਰੀਆਂ ਗੱਲਾਂ, ਸੁਝਾਵਾਂ ਦੇ ਵਿਸਲੇਸ਼ਣ ਦੀ ਕੋਸ਼ਿਸ਼ ਕਰੀਏ। ਆਜ਼ਾਦੀ ਪਿੱਛੋਂ ਸਾਡੇ ਦੇਸ਼ ਵਿਚ ਉੱਚ ਸਿੱਖਿਆ ਦਾ ਜੋ ਢਾਂਚਾ ਖੜ੍ਹਾ ਕੀਤਾ ਗਿਆ ਉਸ ਦਾ ਉਦੇਸ਼ ਕਿਤੋਂ ਵੀ ਸਰਭਗੁਣ ਵਿਕਸਤ ਇਨਸਾਨ ਦੀ ਉਸਾਰੀ ਨਹੀਂ ਸੀ। ਇਸ ਢਾਂਚੇ ਦੇ ਦੋ ਮਕਸਦ ਸਨ। ਪਹਿਲਾਂ ਪੂੰਜੀਵਾਦੀ ਪ੍ਰਬੰਧ ਦੀ ਲੋੜ ਅਨੁਸਾਰ ਵੱਖ-ਵੱਖ ਖੇਤਰਾਂ 'ਚ ਮਾਹਰ ਲੋਕ (ਡਾਕਟਰ, ਇੰਜੀਨੀਅਰ, ਮੈਨੇਜਰ, ਕਲਰਕ, ਅਧਿਆਪਕ ਆਦਿ) ਤਿਆਰ ਕਰਨਾ। ਦੂਜਾ ਪੂੰਜੀਵਾਦੀ ਵਿਵਸਥਾ ਦੇ ਦਰਸ਼ਨ ਦੇ ਪੱਖ 'ਚ ਵਿਦਿਃ ਵਰਗ ਨੂੰ ਖੜ੍ਹਾ ਕਰਨਾ ਤਾਂ ਕਿ ਪੂਰੇ ਸਮਾਜ ਨੇ ਇਸ ਦੀ ਮੱਦਦ ਨਾਲ ਮੀਡੀਆ 'ਚ ਵਰਤੋਂ ਰਾਹੀਂ ਪੂੰਜੀਵਾਦੀ ਪ੍ਰਬੰਧ ਦੇ ਵਿੱਚ ਖੜ੍ਹਾ ਕਰਨਾ। ਇਸ ਢਾਂਚੇ ਨੇ ਆਪਣੇ ਇਹਨਾਂ ਦੋਹਾਂ ਉਦੇਸ਼ਾਂ ਨੂੰ ਬਾਖੂਬੀ ਨਿਭਾਇਆ। ਪਰ ਹੌਲੀ ਹੌਲੀ ਪੂੰਜੀਵਾਦੀ ਵਿਵਸਥਾ ਦੀਆਂ ਅਨੇਕਾਂ ਬੁਰਾਈਆਂ ਨੇ ਉਚ ਸਿੱਖਿਆ ਦੇ ਖੇਤਰ ਵਿੱਚ ਵੀ ਆਪਣੇ ਪੈਰ ਫੈਲਾਏ। ਜੋ ਇੱਕ ਹੱਦ ਤੋਂ ਵੱਧ ਵਧ ਜਾਣ ਕਰਕੇ ਖੁਦ ਵਿਵਸਥਾ ਲਈ ਫਾਇਦੇਮੰਦ ਨਹੀਂ ਰਹਿ ਗਏ। ਮਸਲਨ ਪ੍ਰੀਖਆ ਆਧਾਰਤ ਸਲੇਬਸ, ਭ੍ਰਿਸ਼ਟਾਚਾਰ ਗੈਰ ਵਿਹਾਰਕ ਸਲੇਬਸ ਆਦਿ। ਪਿਛਲੇ 15-20 ਸਾਲਾਂ 'ਚ ਨਿੱਜੀਕਰਨ ਦੇ ਅਮਲ

ਕਰਕੇ ਮੁਨਾਫੇ 'ਤੇ ਅਧਾਰਤ ਪ੍ਰਾਈਵੇਟ ਕਾਲਜਾਂ ਕਾਰਨ ਉਚ ਸਿੱਖਿਆ ਦੀ ਗੁਣਵੰਣਤਾ 'ਚ ਖਾਸੀ ਗਿਰਾਵਟ ਆਈ ਹੈ। ਇਹਨਾਂ ਬੁਰਾਈਆਂ ਨੂੰ ਪ੍ਰਮੁੱਖਤਾ ਨਾਲ ਯਸ਼ਪਾਲ ਸੰਮਤੀ ਨੇ ਉਠਾਇਆ ਹੈ ਅਤੇ ਇਹਨਾਂ ਨੂੰ ਹੀ ਦੂਰ ਕਰਨ ਦੇ ਸੁਝਾਅ ਸੰਮਤੀ ਨੇ ਦਿੱਤੇ ਹਨ ਜਿਸ ਸੰਮਤੀ ਦਾ ਉਦੇਸ਼ ਕਿਸੇ ਪਾਸਿਉਂ ਪੂੰਜੀਵਾਦ ਵਿਕਾਸ ਸਿੱਖਿਆ ਦੇ 'ਤੇ ਹਮਲਾ ਕਰਨਾ ਹੀ ਨਹੀਂ ਹੈ ਬਲਕਿ ਪੂੰਜੀਵਾਦੀ ਦਾਇਰੇ 'ਚ ਹੀ ਸੁਧਾਰ ਰਾਹੀਂ ਉੱਚ ਸਿੱਖਿਆ 'ਚ ਗੁਣਵੰਣਤਾ ਤੇ ਵਿਸਥਾਰ ਨੂੰ ਯਕੀਨੀ ਬਣਾਉਣਾ ਹੈ। ਇਸ ਲਈ ਇਸ ਨੇ ਨਾ ਤਾਂ ਸਿੱਖਿਆ ਦੇ ਬੁਨਿਆਦੀ ਕਿਰਦਾਰ ਦੀ ਆਲੋਚਨਾ ਕੀਤੀ ਅਤੇ ਨਾ ਹੀ ਇਸ 'ਚ ਸੁਧਾਰ ਦੀ ਮੰਗ।

ਪ੍ਰੋ. ਯਸ਼ਪਾਲ ਨੇ ਇਸ ਤੱਥ ਨੂੰ ਨਹੀਂ ਉਠਾਇਆ ਕਿ ਮੌਜੂਦਾ ਉਚ ਸਿੱਖਿਆ ਦਾ ਢਾਂਚਾ ਸਮਾਜ ਦੇ ਮੇਹਨਤਕਸ਼ ਵਰਗ ਪ੍ਰਤੀ ਨਫਰਤ ਅਤੇ ਪੂੰਜੀਵਾਦੀ ਵਰਗ ਪ੍ਰਤੀ ਇੱਜ਼ਤ ਪੈਦਾ ਕਰਦਾ ਹੈ। ਇਸ ਦੀ ਬਜਾਏ ਉਹ ਖੁਦ ਇਸ ਗੱਲ ਦੀ ਤਾਰੀਫ ਕਰਦੇ ਹਨ ਕਿ ਉਚ ਸਿੱਖਿਆ ਰਾਹੀਂ ਰੁਜ਼ਗਾਰ ਹਾਸਲ ਕਰਕੇ ਨਿਮਨ ਵਰਗ ਦੇ ਲੋਕ ਉਪਰਲੇ ਵਰਗ 'ਚ ਜਾ ਸਕਦੇ ਹਨ। ਅਰਥਾਤ ਉਹ ਮੰਨਦੇ ਹਨ ਕਿ ਉਚ ਸਿੱਖਿਆ ਦਾ ਉਦੇਸ਼ ਅਮੀਰ ਬਣਨ ਵੱਲੋਂ ਵਧਣਾ ਹੈ। ਜਾਹਿਰ ਹੀ ਹੈ ਇਸ ਉਦੇਸ਼ ਦੇ ਨਾਲ ਸਿੱਖਿਅਤ ਵਿਅਕਤੀ ਸਮਾਜ ਦੇ ਗਰੀਬ ਮੇਹਨਤਕਸ਼ ਤਬਕੇ ਪ੍ਰਤੀ ਨਫ਼ਰਤ ਦਾ ਨਜ਼ਰੀਆ ਹੀ ਰੱਖੇਗਾ। ਜਦ ਪ੍ਰੋ. ਯਸ਼ਪਾਲ ਸਮਾਜ ਦੇ ਵੱਖ-ਵੱਖ ਪੇਸ਼ਿਆਂ ਦੀ ਜਾਣਕਾਰੀ ਵਿਦਿ : ਨੂੰ ਦੇਣ ਦੀ ਗੱਲ ਕਰਦੇ ਹਨ ਤਦ ਉਹਨਾਂ ਦਾ ਉਦੇਸ਼ ਮੇਹਨਤਕਸ਼ ਪ੍ਰਤੀ ਵਿਦਿ: 'ਚ ਲਗਾਅ ਪੈਦਾ ਕਰਨਾ ਨਹੀਂ ਹੈ ਬਲਕਿ ਉਹਨਾਂ ਦਾ ਮੁੱਖ ਉਦੇਸ਼ ਵਿਹਾਰਕ ਦੁਨੀਆਂ ਤੋਂ ਵਿਦਿ : ਨੂੰ ਸਿਰਫ ਵਾਕਿਫ ਕਰਨਾ ਹੀ ਹੈ ਤਾਂ ਕਿ ਉਹ ਅਸਲੀ ਦੁਨੀਆਂ 'ਚ ਆਸਾਨੀ ਨਾਲ ਦਾਖਲ ਹੋ ਸਕਣ। ਜਾਹਿਰ ਹੈ ਕਿ ਇਸ ਦਾ ਅਮਲ ਐਨ. ਸੀ. ਸੀ. ਐਨ. ਐਸ. ਐਸ. ਦਾ ਉਹਨਾਂ ਵਿਦਿ : ਵਜੋਂ ਹੀ ਹੋਵੇਗਾ। ਇਕ ਸਰਟੀਫਿਕੇਟ ਹਾਸਲ ਕਰਨ ਲਈ ਭਰੇ ਮਨ ਨਾਲ ਸਾਲ ਭਰ 'ਚ ਦੋ ਚਾਰ ਦਿਨ ਗਲੀਆਂ-ਨਾਲੀਆਂ ਸਾਫ ਕਰਨ ਦਾ ਨਾਟਕ ਕਰਨਗੇ ਅਤੇ ਫਿਰ ਕਦੀ ਇਹਨਾਂ ਕੰਮਾਂ ਵੱਲ ਨਹੀਂ ਵੇਖਣਗੇ। ਅਸਲ 'ਚ ਸਮਾਜ ਦਾ ਪੂਰਾ ਢਾਂਚਾ ਮੇਹਨਤਕਸ਼ ਸਮੂਹ (ਮਜ਼ਦੂਰ ਕਿਸਾਨ) ਦੇ ਮੋਢਿਆਂ 'ਤੇ ਟਿਕਿਆ ਹੈ, ਜੇ ਫੈਕਟਰੀ 'ਚ ਮਜ਼ਦੂਰ ਅਤੇ ਪਿੰਡਾਂ 'ਚ ਕਿਸਾਨ ਕੰਮ ਕਰਨਾ ਬੰਦ ਕਰ ਦੇਣ ਤਾਂ ਸਮਾਜ ਦੇ ਬਾਕੀ ਸਾਰੇ ਪੇਸ਼ੇ, ਸਾਰੇ ਕੰਮ ਧਰੇ ਧਰਾਏ ਰਹਿਣਗੇ। ਅਜਿਹੇ 'ਚ ਸਮਾਜ ਦੀ ਸਿੱਖਿਆ ਨੂੰ ਇਹਨਾਂ ਮੇਹਨਤ ਕਰਨ ਵਾਲੇ ਲੋਕਾਂ ਤੇ ਮੇਹਨਤਕਸ਼ਾਂ ਪ੍ਰਤੀ ਇੱਜ਼ਤ ਪੈਦਾ ਕਰਨੀ ਚਾਹੀਦੀ ਹੈ। ਇਹਨਾਂ ਦੀ ਸਥਿਤੀ 'ਚ ਸੁਧਾਰ ਸਿੱਖਿਆ ਦਾ ਉਦੇਸ਼ ਹੋਣਾ ਚਾਹੀਦਾ ਹੈ ਪਰ ਕਿਉਂਕਿ ਪੂੰਜੀਪਤੀ ਵਰਗ (ਜੋ ਕਿ ਮੇਹਨਤਕਸ਼ਾਂ ਦੀ ਮੇਹਨਤ ਦੀ ਲੁੱਟ ਕਰਕੇ ਆਪਣੇ ਆਲੀਸ਼ਾਨ ਮਹਿਲ ਖੜ੍ਹੇ ਕਰਦਾ ਹੈ) ਸਮਾਜ ਦੀ ਹਾਕਮ ਜਮਾਤ ਹੈ ਇਸ ਲਈ ਉਹ ਮੇਹਨਤ ਦੇ ਇੱਜਤ ਦੀ ਬਜਾਏ ਖੁਦ ਅਮੀਰੀ ਨੂੰ ਆਦਰਸ਼ ਵਜੋਂ ਸਥਾਪਤ ਕਰਦਾ ਹੈ। ਯਸ਼ਪਾਲ ਸੰਮਤੀ ਇਸ ਸੰਘਰਸ਼ 'ਚ ਕਿਸੇ ਤਬਦੀਲੀ ਦੀ ਗੱਲ ਨਹੀਂ ਕਰਦੀ ਹੈ। ਪੂੰਜੀਵਾਦ ਦੀ ਵੱਡੀ ਵਿਸੇਸ਼ਤਾ ਵਿਅਕਤੀਵਾਦ ਹੈ। ਹਰ ਖੋਜ ਕਾਢ ਨੂੰ ਉਚ ਵਿਸੇਸ਼ ਵਿਅਕਤੀ ਦੀ ਕਾਬਲੀਅਤ ਵਜੋਂ ਪ੍ਰਚਾਰਿਆ ਜਾਂਦਾ ਹੈ। ਜਦ ਕਿ ਅਸਲ 'ਚ ਗਿਆਨ ਜੋ ਕਿ ਪੂਰੇ ਸਮਾਜ ਦੀਆਂ ਸਮੂਹਕ ਕੋਸ਼ਿਸ਼ਾਂ ਦੀ ਉਪਜ ਹੈ, ਸਮਾਜਿਕ ਜਾਇਦਾਦ ਹੈ। ਯਸ਼ਪਾਲ ਸੰਮਤੀ

ਵਿਦਿਆਰਥੀਆਂ 'ਚ ਵਿਅਕਤੀਵਾਦ ਦੇ ਮੁਕਾਬਲੇ ਸਮਹੂਕਤਾ ਸਥਾਪਤ ਕਰਨ ਦੀ ਕੋਈ ਗੱਲ ਨਹੀਂ ਕਰਦੀ ਨਾ ਹੀ ਵਿਦਿਆਰਥੀਆਂ ਨੂੰ ਪੜ੍ਹਾਈ ਦੌਰਨ ਜਾਂ ਪ੍ਰੀਖਿਆ ਦੌਰਾਨ ਸਮੂਹਕ ਸਰਗਰਮੀ ਦੀ ਕੋਈ ਕੋਸ਼ਿਸ਼ ਕਰਨ ਲਈ ਸੰਮਤੀ ਕੁਝ ਕਹਿੰਦੀ ਹੈ। ਪਰ ਇਸ ਦੇ ਬਾਵਜੂਦ ਕੁਝ ਮਹੱਤਵਪੂਰਨ ਗੱਲਾਂ ਨੂੰ ਸੰਮਤੀ ਨੇ ਉਠਾਇਆ ਹੈ ਮਸਲਨ ਸਿੱਖਿਆ ਅਦਾਰਿਆਂ 'ਚ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਚੁੱਕੇ ਹਨ। ਅਧਿਆਪਕਾਂ ਦੀ ਨਿਯੁਕਤੀ, ਕੁਲਪਤੀ ਡੀਨ ਦੀ ਨਿਯੁਕਤੀ ਸਬੰਧੀ ਕੋਰਸਾਂ ਨੂੰ ਮਾਨਤਾ ਆਦਿ ਸਭ ਖੇਤਰ ਰਿਸ਼ਵਤਖੋਰੀ ਦਾ ਸ਼ਿਕਾਰ ਹਨ। ਖੋਜ ਤੇ ਸਿੱਖਿਆ ਦਾ ਅਲਗਾਅ ਨੁਕਸਾਨਦਾਇਕ ਹੈ। ਪ੍ਰਾਈਵੇਟ ਕਾਲਜਾਂ ਦੀ ਲੁੱਟ-ਘਸੁੱਟ ਦਾ ਰਿਪੋਰਟ 'ਚ ਜ਼ਿਕਰ ਹੈ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਵੱਧ ਯੋਗ ਬਣਾਉਣ ਲਈ ਵੱਖ-ਵੱਖ ਖੇਤਰਾਂ ਦਾ ਗਿਆਨ ਦੇਣ ਦੀ ਗੱਲ ਰਿਪੋਰਟ 'ਚ ਕੀਤੀ ਗਈ ਹੈ। ਸਿੱਖਿਆ 'ਚ ਰਾਜਸੀ ਹਸਤੀਆਂ ਤੇ ਅਮੀਰਾਂ ਦੀ ਦਖਲਅੰਦਾਜੀ ਦੀ ਵੀ ਰਿਪੋਰਟ 'ਚ ਆਲੋਚਨਾ ਕੀਤੀ ਗਈ ਹੈ। ਉਚ ਸਿੱਖਿਆ ਦੇ ਵਿਸਥਾਰ 'ਤੇ ਜ਼ੋਰ ਦਿੱਤਾ ਗਿਆ ਹੈ। ਇਹਨਾਂ 'ਚ ਸੁਧਾਰ ਲਈ ਸੁਝਾਅ ਵੀ ਕਮੇਟੀ ਨੂੰ ਦਿੱਤੇ ਹਨ। ਕਮੇਟੀ ਸਾਰੀਆਂ ਕੰਟਰੋਲ ਕਰਨ ਵਾਲੀਆਂ ਸੰਸਥਾਵਾਂ ਵਿ. ਵਿ. ਗਰਾਂਟ ਕਮਿਸ਼ਨ ਸੰਵਿਧਾਨਕ ਸੋਧ ਰਾਹੀਂ ਹੋਂਦ 'ਚ ਆਵੇਗਾ ਤੇ ਚੋਣ ਕਮਿਸ਼ਨ ਵਾਂਗੂੰ ਆਜ਼ਾਦ ਹੋਵੇਗਾ। ਇਹ ਕਮਿਸ਼ਨ ਮੁਲਵਾਨ ਉਚ ਸਿੱਖਿਆ ਚ ਸੁਧਾਰ ਵਿਕਾਸ ਤੇ ਵਿਸਥਾਰ ਫੰਡ ਦੀ ਵੰਡ ਤੇ ਅੰਕੜੇ ਇਕੱਠੇ ਕਰਨ ਦਾ ਕੰਮ ਕਰੇਗਾ। ਇਸ ਦੇ ਅਧੀਨ ਵਿ. ਵਿ. ਖੁਦ ਮੁਖਤਿਆਰ ਹੋਣਗੀਆਂ ਜੋ ਆਪਣੇ ਕੋਰਸ, ਇਮਤਿਹਾਨ ਪ੍ਰਣਾਲੀ ਖੁਦ ਨਿਰਧਾਰਿਤ ਕਰਨਗੀਆਂ। ਇਥੋਂ ਤਕ ਕਿ ਫੰਡ ਇਕੱਠਾ ਕਰਨ ਦੇ ਕੰਮ ਨੂੰ ਹੀ ਉਹ ਆਜ਼ਾਦ ਤੌਰ ਤੇ ਕਰ ਸਕਣਗੇ। ਮਾਨਤਾ ਦੇਣਾ ਯੂਨੀਵਰਸਿਟੀ ਦੇ ਅਧਿਕਾਰ ਖੇਤਰ 'ਚ ਹੋਵੇਗਾ। ਯੂਨੀਵਰਸਿਟੀਆਂ ਛੋਟੇ ਆਕਾਰ ਦੀਆਂ ਹੋਣਗੀਆਂ। ਇਸ ਲਈ 1500 ਅੱਛੇ ਕਾਲਜ ਨੂੰ ਛਾਂਟ ਕੇ ਯੂਨੀਵਰਸਿਟੀਆਂ ਦਾ ਦਰਜਾ ਦਿੱਤਾ ਜਾਵੇਗਾ। ਯੂਨੀਵਰਸਿਟੀ 'ਚ ਪ੍ਰੋਫੈਸ਼ਨਲ ਆਮ ਕੋਰਸਾਂ ਤੋਂ ਲੈ ਕੇ ਖੋਜ ਸਭ ਕੁਝ ਹੋਵੇਗਾ।

ਉਪਰੋਕਿਤ ਨਵਾਂ ਤਾਣਾ ਬਾਣਾ ਭ੍ਰਿਸ਼ਟਾਚਾਰ ਤੇ ਹੋਰ ਬੀਮਾਰੀਆਂ ਤੋਂ ਜਿਹਨਾਂ ਨੂੰ ਖਤਮ ਕਰਨ ਦਾ ਇਹ ਦਾਅਵਾ ਕਰਦਾ ਹੈ ਤੋਂ ਕਿਵੇਂ ਆਜਾਦ ਹੋਵੇਗਾ। ਇਸ ਬਾਰੇ ਪ੍ਰੋ. ਯਸ਼ਪਾਲ ਕੋਈ ਵਿਸੇਸ਼ ਸਲਾਹ ਨਹੀਂ ਦਿੰਦੇ। ਕਮੇਟੀ ਨਿੱਜੀ ਸਿੱਖਿਆ ਦੇ ਪਸਾਰ 'ਚ ਇਹਨਾਂ ਦੀ ਭੂਮਿਕਾ ਨੂੰ ਵਧਾਉਣ ਦੀ ਹਮਾਇਤੀ ਹੈ। ਬੱਸ ਇਹ ਅਦਾਰੇ ਅੰਨੀ ਲੁੱਟ ਨਾ ਕਰਨ ਕੁਝ ਗੁਣਵੰਣਤਾ ਦਾ ਖਿਆਲ ਵੀ ਕਰਨ।

ਕਮੇਟੀ ਫੀਸ ਢਾਂਚੇ ਦੇ ਪ੍ਰਸੰਗ 'ਚ ਜੋ ਗੱਲ ਕਰਦੀ ਹੈ ਉਸ ਅਨੁਸਾਰ ਜੋ ਫੀਸ ਸਹਿਣ ਕਰ ਸਕਦੇ ਹਨ, ਉਹਨਾਂ ਨੂੰ ਸਬਸਿਡੀ ਨਾ ਦਿੱਤੀ ਜਾਵੇ। ਜੋ ਕਰਜਾ ਜਾਂ ਵਜੀਫਾ ਲੈ ਸਕਦੇ ਹਨ ਉਹਨਾਂ ਨੂੰ ਇਹ ਮੁਹੱਈਆ ਕਰਵਾਈ ਜਾਵੇ ਤੇ ਜੋ ਇਹ ਵੀ ਨਾ ਕਰ ਸਕਣ ਉਹਨਾਂ ਨੂੰ ਮੁਫਤ ਸਿੱਖਿਆ ਮਿਲੇ। ਬਾਹਰੀ ਤੌਰ 'ਤੇ ਇਸ ਢਾਂਚੇ ਦੇ ਸਹੀ ਦਿਸਣ ਦੇ ਬਾਵਜੂਦ ਵਿਹਾਰ 'ਚ ਇਹ ਇਸ ਰੂਪ ਚ ਲਾਗੂ ਹੋਣਗੇ। ਕਿ ਫੀਸਾਂ ਤੇਜੀ ਨਾਲ ਵਧ ਜਾਣਗੀਆਂ। ਕੁਝ ਫੀਸਦੀ ਸੀਟਾਂ ਮੁਫਤ ਹੋਣਗੀਆਂ ਇਸ ਤਰ੍ਹਾਂ ਫੀਸਾਂ 'ਤੇ ਸਬਸਿਡੀ ਆਮ ਰੂਪ 'ਚ ਲਾਗੂ ਹੋਣ ਦਾ ਢਾਂਚਾ ਖਤਮ ਹੋ ਜਾਵੇਗਾ। ਇਸ ਤਰ੍ਹਾਂ ਕਮੇਟੀ ਫੀਸ ਵਾਧੇ ਦੀ ਹਾਮੀ ਹੈ। ਹਾਲਾਂਕਿ ਇਹ ਕਿਸ ਦੇ ਸਿੱਖਿਆ ਨਾ ਛੱਡਣ ਦੀ ਵਿਵਸਥਾ ਦੀ ਗੱਲ ਵੀ ਕਰਦੀ ਹੈ। ਯੂਨੀਵਰਸਿਟੀ ਵੱਲੋਂ ਗੈਰ ਸਰਕਾਰੀ

ਖੇਤਰ ਤੋਂ ਫੰਡ ਇਕੱਠਾ ਕਰਨ ਦੀ ਗੱਲ ਵੀ ਨਿੱਜੀਕਰਨ ਦੇ ਅਮਲ ਦਾ ਦੂਜਾ ਰੂਪ ਹੈ। ਹੁਣ ਯੂਨੀਵਰਸਿਟੀ ਕੁਝ ਫੰਡ ਇਕੱਠਾ ਕਰਨ ਵਾਲੇ ਲੋਕਾਂ ਨੂੰ ਰੁਜ਼ਗਾਰ ਦੇ ਕੇ ਉਹਨਾਂ ਨੂੰ ਫੰਡ ਇਕੱਠਾ ਕਰਨ 'ਚ ਲਾਉਣਗੇ। ਜਾਹਿਰ ਹੀ ਹੈ ਕਿ ਇਹ ਯੂਨੀਵਰਸਿਟੀਆਂ ਤੋਂ ਕੁਝ ਕੰਮ ਭਾਲਣਗੇ ਅਤੇ ਇਹ ਭ੍ਰਿਸ਼ਟਾਚਾਰ ਦੀ ਨਵੀਆਂ ਕੜੀਆਂ ਪੈਦਾ ਕਰੇਗਾ। ਸਿੱਖਿਆ ਤੇ ਸਰਕਾਰੀ ਖਬਚ ਵਧਾਉਣ ਬਾਰੇ ਕਮਿਸ਼ਨ ਖਾਮੋਸ਼ ਹੈ। ਇਸ ਤਰ੍ਹਾਂ ਸਰਕਾਰ ਵਲੋਂ ਉੱਚ ਸਿੱਖਿਆ ਦੇਣ 'ਚ ਖਰਚ ਕਰਨ ਬਾਰੇ ਕੁਝ ਨਹੀਂ ਕਹਿੰਦੇ। ਖੁਦ ਮੁਖਤਿਆਰ ਉਚ ਸਿੱਖਿਆ ਦੇ ਤਹਿਤ ਖੁਦਮੁਖਤਿਆਰ ਯੂਨੀਵਰਸਿਟੀਆਂ ਹੋਣ ਨਾਲ ਯੂਨੀਵਰਸਿਟੀਆਂ ਵੱਡੇ ਪੱਧਰ ਤੇ ਮਾਨਤਾ ਮੁਹੱਈਆ ਕਰਨਗੀਆਂ। ਇਸ ਰੂਪ 'ਚ ਨਿੱਜੀ ਅਦਾਰੇ ਜਿਨ੍ਹਾਂ ਨੂੰ ਮਾਨਤਾ ਹਾਸਲ ਕਰਨ ਲਈ ਖਾਸ ਪੈਮਾਨਿਆਂ ਦਾ ਪਾਲਣ ਕਰਨਾ ਪੈਂਦਾ ਸੀ ਹੁਣ ਅਸਾਨੀ ਨਾਲ ਮਾਨਤਾ ਹਾਸਲ ਕਰ ਸਕਣਗੇ (ਜੇ ਯੂਨੀਵਰਸਿਟੀ ਦੀ ਕਾਰਜ ਪ੍ਰਣਾਲੀ ਪਹਿਲਾਂ ਰਹੀ ਹੋਵੇ) ਇਸ ਤਰ੍ਹਾਂ ਨਾਲ ਨਿੱਜੀਕਰਨ ਦੀ ਮਾਰ ਤੇ ਵੱਧ ਵਿਦਿ 'ਤੇ ਪਵੇਗੀ। ਕੁਲ ਮਿਲਾ ਕੇ ਯਸ਼ਪਾਲ ਕਮੇਟੀ ਦੀ ਰਿਪੋਰਟ ਪੂੰਜੀਵਾਦੀ ਦਾਅਰੇ 'ਚ ਉਚ ਸਿੱਖਿਆ 'ਚ ਸੁਧਾਰਾਂ ਦਾ ਮਸਵਿਦਾ ਹੈ। ਜੇ ਇਹ ਆਪਣੀ ਮੂਲ ਭਾਵਨਾ ਨਾਲ ਲਾਗੂ ਹੋ ਜਾਵੇ ਤਾਂ ਉਚ ਸਿੱਖਿਆ ਦੀ ਗੁਣਵੰਣਤਾ ਪੂੰਜੀਵਾਦੀ ਰੰਗ ਢੰਗ 'ਚ ਸੁਧਾਰ ਸਕਦੀ ਹੈ ਪਰ ਜੇ ਕਮੇਟੀ ਦੀ ਰਿਪੋਰਟ ਦੀ ਢਾਂਚਾਗਤ ਵਿਵਸਥਾ ਹੀ ਲਾਗੂ ਹੁੰਦੀ ਹੈ ਅਤੇ ਮੌਜੂਦ ਕਮੀਆਂ ਬਰਕਰਾਰ ਰਹਿੰਦੀਆਂ ਹਨ ਤਾਂ ਪ੍ਰਸਤਾਵਿਤ ਢਾਂਚਾ ਸਿੱਖਿਆ ਦੇ ਨਿੱਜੀਕਰਨ ਵੱਲ ਤੇਜੀ। ਨਾਲ ਵਧੇਗਾ। ਆਜ਼ਾਦ ਯੂਨੀਵਰਸਿਟੀ ਤੇ ਪ੍ਰਾਈਵੇਟ ਸਿੱਖਿਆ ਅਦਾਰੇ ਤੇਜੀ ਨਾਲ ਅਮੀਰਾਂ ਦੇ ਅਨੁਰੂਪ ਚੱਲਣ ਲੱਗਣਗੇ ਅਤੇ ਵਿਦਿਆਰਥੀਆਂ ਮਾਪਿਆਂ ਅਧਿਆਪਕਾਂ ਨੂੰ ਇਸ ਦਾ ਖਮਿਆਜਾ ਭੁਗਤਣਾ ਪਵੇਗਾ। ਇਸ ਲਈ ਯਸ਼ਪਾਲ ਸੰਮਤ ਦੇ ਅਨੇਕਾਂ ਸੁਧਾਰਾਂ ਦੀ ਵਿਵਸਥਾ ਦੇ ਦਾਇਰੇ 'ਚ ਸਮਰਥਨ ਕਰਦਿਆਂ ਇਸ ਦੀ ਨਿੱਜੀਕਰਨ ਸਮਰਥਕ ਵਿਵਸਥਾ ਦਾ ਵਿਰੋਧ ਜਰੂਰੀ ਹੈ। ਮੰਗ ਕੀਤੀ ਜਾਣੀ ਚਾਹੀਦੀ ਹੈ ਕਿ ਉੱਚ ਸਿੱਖਿਆ ਦਾ ਸਮੁੱਚਾ ਪ੍ਰਬੰਧ ਸਰਕਾਰ ਦੇ ਹੱਥਾਂ ਵਿਚ ਰਹੇ, ਨਿੱਜੀ ਅਦਾਰਿਆਂ ਸਰਕਾਰ ਆਪਣੇ ਹੱਥਾਂ ਵਿਚ ਲਵੇ। ਸਭੀ ਵਿਦਿਆਰਥੀਆਂ ਲਈ ਸਬਸੀ ਡਾਇਡ ਸਿੱਖਿਆ ਦੀ ਵਿਵਸਥਾ ਸਰਕਾਰ ਕਰੇ। ਸਿੱਖਿਆ 'ਚ ਕੁਲ ਘਰੇਲੂ ਉਤਪਾਦ ਘੱਟੋ ਘੱਟ ਦਸ ਫੀਸਦੀ ਹਿੱਸਾ ਖਰਚ ਹੋਵੇ।

# ਆਖਿਰ ਮਾਜਰਾ ਹੈ ਕੀ?

ਭਾਰਤ ਦੇ ਪ੍ਰਮਾਣੂ ਵਿਗਿਆਨੀਆਂ ਅਤੇ ਪ੍ਰਮਾਣ ਬੰਬ ਨਾਲ ਜੁੜੇ ਸਾਰੇ ਲੋਕਾਂ 'ਚ ਇਕ ਗੱਲ ਅੱਜਕਲ੍ਹ ਝਮੇਲਾ ਪਿਆ ਹੋਇਆ ਕਈ ਮਹੱਤਵਪੂਰਨ ਲੋਕਾਂ ਨੇ ਇਹ ਕਿਹਾ ਹੈ ਕਿ 1998 'ਚ ਜੋ ਪ੍ਰਮਾਣੂ ਬੰਬ ਵਿਸਫੋਟ ਕੀਤੇ ਗਏ ਸਨ। ਉਹਨਾਂ ਦੀ ਸਮਰੱਥਾ ਉਨੀਂ ਨਹੀਂ ਸੀ ਜਿੰਨੀ ਸਰਕਾਰ ਦੱਸਦੀ ਹੈ। ਇਸ ਲਈ ਇਹ ਭਾਰਤ ਦੇ ਪ੍ਰਮਾਣੂ ਬੰਬ ਦੇ ਮਾਮਲੇ 'ਚ ਮੁਹਾਰਤ ਹਾਸਲ ਕਰਦੀ ਹੈ ਤਾਂ ਉਸਨੂੰ ਹੋਰ ਵੱਧ ਪ੍ਰੀਖਣ ਕਰਨੇ ਚਾਹੀਦੇ ਹਨ। ਸੁਆਲ ਉਠਾਉਣ ਵਾਲਿਆਂ 'ਚ ਸੇਵਾ ਮੁਕਤ ਵਿਗਿਆਨਕ (ਜਿਵੇਂ ਐਨ. ਐਨ. ਸੇਠਨਾ ਆਦਿ) ਹੈ ਤਾਂ ਸਰਕਾਰ ਦਾ ਪੱਖ ਲੈਣ ਵਾਲਿਆਂ 'ਚ ਮੌਜੂਦਾ ਅਧਿਕਾਰੀ ਅਤੇ ਸਾਬਕਾ ਰਾਸ਼ਟਰਪਤੀ ਅਬਦੁਲ-ਕਲਾਮ ਵਰਗੇ ਲੋਕ ਹਨ। ਹੁਣ ਆਮ ਆਦਮੀ ਇਹ ਪੁੱਛ ਸਕਦਾ ਹੈ ਕਿ ਇਸ 'ਤੇ ਏਨਾ ਝਗੜਾ ਕਰਨ ਦੀ ਕੀ ਲੋੜ ਹੈ? ਜੇ 1998 ਦੇ ਪ੍ਰੀਖਣਾ ਦੇ ਨਤੀਜਿਆਂ 'ਤੇ ਵਿਵਾਦ ਹੈ ਤਾਂ ਫਿਰ ਤੋਂ ਪ੍ਰੀਖਣ ਕਰ ਲਓ ਅਤੇ ਵਿਵਾਦ ਨੂੰ ਖਤਮ ਕਰੋ। ਕੇਵਲ ਬਹਿਸ ਕਰਨ ਨਾਲ ਕੀ ਹੋਵੇਗੀ? ਪਰ ਇਥੇ ਹੀ ਮਾਮਲੇ ਦੀ ਅਸਲੀ ਜੜ੍ਹ ਹੈ। ਭਾਰਤ ਸਰਕਾਰ ਜਦ ਚਾਹੇ ਤਦ ਪ੍ਰਮਾਣੂ ਪ੍ਰੀਖਣ ਨਹੀਂ ਕਰ ਸਕਦੀ ਕਿਉਂ? ਕਿਉਂਕਿ ਉਸ ਨੇ ਇਸ ਤਰ੍ਹਾਂ ਦਾ ਸਮਝੌਤਾ ਭਾਰਤ-ਅਮਰੀਕਾ ਪ੍ਰਮਾਣੂ ਸੰਧੀ 'ਚ ਕਰ ਰੱਖਿਆ ਹੈ। ਜਦ ਭਾਰਤ-ਅਮਰੀਕਾ ਪ੍ਰਮਾਣੂ ਸਮਝੌਤਾ ਹੋ ਰਿਹਾ ਸੀ ਤਾਂ ਕਈ ਲੋਕਾਂ ਨੇ ਇਹ ਕਿਹਾ ਸੀ ਕਿ ਉਸ ਵਿੱਚ ਇਕ ਧਾਰਾ ਭਾਰਤ ਦੀ ਅਖੰਡਤਾ ਦੀ ਉਲੰਘਣਾ ਹੈ। ਇਸ ਅਨੁਸਾਰ ਜੇ ਭਾਰਤ ਨਵੇਂ ਪ੍ਰਮਾਣੂ ਪ੍ਰੀਖਣ ਕਰਦਾ ਹੈ ਤਾਂ ਇਸ ਸਮਝੌਤੇ ਦੀ ਉਲੰਘਣਾ ਮੰਨਿਆ ਜਾਵੇਗਾ ਅਤੇ ਸਮਝੌਤਾ ਰੱਦ ਹੋ ਜਾਵੇਗਾ। ਯਾਨੀ ਇਸ ਦੇ ਤਹਿਤ ਭਾਰਤ 'ਚ ਭਵਿੱਖ 'ਚ ਪ੍ਰਮਾਣੂ ਪ੍ਰੀਖਣ ਕਰਨ ਦਾ ਅਧਿਕਾਰ ਖੋਹ ਦੇਵੇਗਾ।

ਤਦ ਸਰਕਾਰ ਵੱਲੋਂ ਕਿਹਾ ਗਿਆ ਸੀ ਕਿ ਐਸਾ ਨਹੀਂ ਹੈ। ਭਵਿੱਖ 'ਚ ਅਤੇ ਪ੍ਰੀਖਣ ਨਾਲ ਕਰਨ ਦਾ ਐਲਾਨ ਤਾਂ ਅਸੀਂ ਆਪਣੇ ਵੱਲੋਂ 1988 ਵਿੱਚ ਹੀ ਪ੍ਰੀਖਣਾ ਪਿੱਛੋਂ ਕਰ ਦਿੱਤਾ ਸੀ। ਅਸੀਂ ਉਸ 'ਤੇ ਕਾਇਮ ਹਾਂ। ਇਸ ਲਈ ਇਹ ਸਾਡੀ ਹੀ ਗੱਲ ਹੈ। ਸਮਝੌਤੇ 'ਚ ਇਸ ਦਾ ਜਿਕਰ ਕਰ ਦੇਣ ਨਾਲ ਜਦ ਅਸੀਂ ਆਪਣੇ ਹੱਥ ਖੁਦ ਬੰਨੇ ਹਨ ਤਾਂ ਕੋਈ ਇਹ ਦੋਸ਼ ਨਹੀਂ ਲਾ ਸਕਦਾ ਕਿ ਕਿਸੇ ਦੂਜੇ ਨੇ ਸਾਡੇ ਹੱਥ ਬੰਨ ਦਿੱਤੇ ਹਨ ਤਦ ਭਾਰਤ ਸਰਕਾਰ ਦੇ ਇਸ ਸਪੱਸ਼ਟੀਕਰਨ ਦੇ ਬਾਵਜੂਦ ਇਹ ਸਾਫ ਸੀ ਕਿ ਉਹ ਭਾਰਤ ਦੀ ਅਖੰਡਤਾ ਦੀ ਉਲੰਘਣਾ ਸੀ ਅਤੇ ਮੌਜੂਦਾ ਝਮੇਲੇ ਨੇ ਉਸ ਨੂੰ ਉਜਾਗਰ ਕਰ ਦਿੱਤਾ ਹੈ। ਅੱਜ ਦੀ ਤਾਰੀਖ 'ਚ ਜੇ ਭਾਰਤ ਚਾਹੇ ਵੀ ਤਾਂ ਵੀ ਨਵੇਂ ਪ੍ਰਮਾਣੂ ਪ੍ਰੀਖਣ ਨਹੀਂ ਕਰ ਸਕਦਾ ਯਾਨੀ ਇਹ ਸਥਾਪਿਤ ਹੀ ਹੋ ਗਏ ਕਿ ਪਿਛਲਾ ਪ੍ਰੀਖਣ ਅਧੂਰਾ ਸੀ ਤਾਂ ਵੀ ਸਰਕਾਰ ਨਵੇਂ ਪ੍ਰੀਖਣ ਨਹੀਂ ਕਰ ਸਕਦੀ। ਤਦ ਅਮਰੀਕਾ ਨਾਲ ਉਸਦਾ ਪ੍ਰਮਾਣੂ ਸਮਝੌਤਾ ਰੱਦ ਹੋ ਜਾਵੇਗਾ। ਸਪੱਸ਼ਟ ਹੈ ਕਿ 1988 'ਚ ਪ੍ਰਮਾਣੂ ਵਿਸਫੋਟ ਪਿੱਛੋਂ ਭਾਜਪਾ ਸੰਘ ਪਰਿਵਾਰ ਤੇ ਭਾਰਤੀ ਹਾਕਮ ਜਮਾਤ ਨੇ ਚਾਹੇ ਜਿੰਨੀ ਮਰਜੀ ਹਿੱਕ ਠੋਕੀ ਹੋਵੇ, ਸਚਾਈ ਇਹ ਹੈ ਕਿ ਇਸ ਤੋਂ ਠੀਕ ਪਿੱਛੋਂ ਉਹਨਾਂ ਨੇ ਸਾਮਰਾਜੀਆਂ ਦੇ ਦਬਾਅ 'ਚ ਗੋਡੇ ਟੇਕੇ ਸਨ। ਭਾਰਤ ਅਮਰੀਕਾ ਪ੍ਰਮਾਣੂ

ਸਮਝੌਤੇ ਇਸ ਗੋਡੇ ਟੇਕਣ ਨੂੰ ਰਵਾਇਤੀ ਜਾਮਾ ਪਹਿਨਾਇਆ ਗਿਆ ਸੀ। ਇਥੇ ਮਹੱਤਵ ਦੀ ਗੱਲ ਇਹ ਨਹੀਂ ਹੈ ਕਿ ਭਾਰਤ ਨੂੰ ਹੋਰ ਪ੍ਰਮਾਣੂ ਪ੍ਰੀਖਣ ਕਰਨੇ ਚਾਹੀਦੇ ਹਨ ਜਾਂ ਨਹੀਂ ਅਤੇ ਨਾ ਹੀ ਇਹ ਕਿ ਭਾਰਤ ਕੋਲ ਕਿਹੜੇ ਕਿਹੜੇ ਬੰਬ ਕਿੰਨੀ ਮਾਤਰਾ 'ਚ ਹੋਣੇ ਚਾਹੀਦੇ ਹਨ। ਮਹੱਤਵ ਦੀ ਗੱਲ ਇਹ ਹੈ ਕਿ ਇਕ ਪਾਸੇ ਪਾਕਿਸਤਾਨ ਖਿਲਾਫ ਜੰਗੀ ਜਨੂੰਨ ਫੈਲਾਉਂਦੇ ਹੋਏ ਭਾਰਤੀ ਹਾਕਮ ਦੂਜੇ ਪਾਸੇ ਸਾਮਰਾਜੀਆਂ ਮੂਹਰੇ ਗੋਡੇ ਟੇਕੇ। ਇਸ 'ਚ ਉਹਨਾਂ ਨੂੰ ਆਪਣੀ ਅਖੰਡਤਾ ਦੀ ਚਿੰਤਾ ਨਹੀਂ ਕੀਤੀ। ਯਾਨੀ ਇਕ ਪਾਸੇ ਗੁਆਂਢੀ ਕਮਜ਼ੋਰ ਮੁਲਕਾਂ ਖਿਲਾਫ ਵਿਸਥਾਰਵਾਦੀ ਨੀਤੀ ਧੌਂਸ ਤੇ ਅੰਨੀ ਕੌਮਪ੍ਰਸਤੀ ਅਤੇ ਦੂਜੇ ਪਾਸੇ ਸਾਮਰਾਜੀਆਂ ਦੀਆਂ ਤਲੀਆਂ ਚੱਟਣਾ। ਇਹੀ ਹੈ ਇਸ ਸਮੇਂ ਭਾਰਤੀ ਹਾਕਮਾ ਦੀ ਨੀਤੀ।

# ਸੋਕੇ ਦੀ ਮਾਰ ਨਾਲ ਲੋਕ ਭੁੱਖਮਰੀ ਕਿਨਾਰੇ ਕਿਵੇਂ?

ਇਸ ਸਾਲ ਘੱਟ ਮੀਂਹ ਪੈਣ ਕਰਕੇ ਜਿਥੇ ਮੱਧ ਪ੍ਰਦੇਸ ’ਤੇ ਸਦੀ ਦੇ ਸਭ ਤੋਂ ਭਿਅੰਕਰ ਸੋਕੇ ਦੀ ਛਾਂ ਮੰਡਰਾ ਰਹੀ ਹੈ। ਉਥੇ 112.90 ਲੱਖ ਹੈਕਟੇਅਰ ਸਿੰਚਾਈ ਸਮਰੱਥਾ ਵਾਲੇ ਇਸ ਰਾਜ ’ਚ ਧਰਤੀ ਹੇਠਲੇ ਪਾਣੀ ਦਾ ਪੱਧਰ ਚਿੰਤਾਜਨਕ ਸਥਿਤੀ ਤੱਕ ਹੇਠਾਂ ਚਲਾ ਗਿਆ ਹੈ। ਇਸ ਕਾਰਨ ਰਾਜ ਸਰਕਾਰ ਨੂੰ ਅਗਸਤ ਦੂਜੇ ਹਫ਼ਤੇ ’ਚ ਹੀ ਆਪਣੇ 50 ਵਿਚੋਂ 37 ਜ਼ਿਲ੍ਹਿਆਂ ਨੂੰ ਸੋਕਾਗ੍ਰਸਿਤ ਐਲਾਨ ਕਰਨਾ ਪਿਆ ਪਰ ਕਾਂਗਜ਼ਾਂ ਤੇ ਸੋਕਾਗ੍ਰਸਿਤ ਲਿਖ ਦੇਣ ਨਾਲ ਹੀ ਸਮੱਸਿਆ ਹੱਲ ਨਹੀਂ ਹੋ ਜਾਂਦੀ। ਕਈ ਜ਼ਿਲ੍ਹਿਆਂ ’ਚ ਸੋਕੇ ਕਾਰਨ ਕਿਸਾਨ ਬਦਹਾਲ ਹਨ। ਜ਼ਿਆਦਾਤਰ ਕਿਸਾਨ ਆਪਣੀ ਜਮਾਂਪੂੰਜੀ ਫ਼ਸਲਾਂ ਦੀ ਬਿਜਾਈ ’ਚ ਲਾ ਚੁੱਕੇ ਹਨ। ਅਜਿਹੇ ’ਚ ਉਨ੍ਹਾਂ ਪਾਸ ਘਰੇਲੂ ਖਰਚੇ ਲਈ ਪੈਸੇ ਨਹੀਂ ਹਨ। ਸੋਕੇ ਦੀ ਵਜਾਹ ਕਰਕੇ ਕਿਸਾਨਾਂ ਦੀ ਫ਼ਸਲ ਸੁੱਕ ਰਹੀ ਹੈ। ਉਂਜ ਤਾਂ ਮੱਧ ਪ੍ਰਦੇਸ਼ ਮੁੱਖ ਤੌਰ ’ਤੇ ਜਲ ਸਾਧਨਾਂ ਨਾਲ ਭਰਪੂਰ ਰਾਜ ਸੀ ਪਰ ਦਿਨੋ ਦਿਨ ਘੱਟ ਹੁੰਦੀ ਵਰਖਾ ਕਾਰਣ ਹੁਣ ਪਾਣੀ ਦੀ ਕਮੀ ਵਾਲੇ ਖੇਤਰ ਵੱਧਦੇ ਜਾ ਰਹੇ ਹਨ। ਇਥੋਂ ਤੱਕ ਸਿੰਚਾਈ ਸਹੂਲਤ ਸਿਰਫ਼ 5.54 ਪ੍ਰਤੀਸ਼ਤ ਹੀ ਹੈ। ਇਸ ਕਾਰਨ ਫਸਲਾਂ ਦਾ ਸੁਕਣਾ ਸ਼ੁਭਾਵਿਕ ਹੈ। ਹਾਲਾਤ ਦੀ ਗੰਭੀਰਤਾ ਦਾ ਅੰਦਾਜਾ ਇਸ ਨਾਲ ਲਾਇਆ ਜਾ ਸਕਦਾ ਹੈ ਕਿ ਅਜੇ ਤੱਕ ਪ੍ਰਦੇਸ਼ ਦੇ 50 ਜ਼ਿਲ੍ਹਿਆਂ ਵਿਚੋਂ ਸਿਰਫ਼ 10 ਜ਼ਿਲਿਆਂ ਵਿਚ ਹੀ ਆਮ ਬਾਰਸ਼ ਹੋਈ ਹੈ। ਆਮ ਵਰਖਾ ਦੇ ਮੁਕਾਬਲੇ 34 ਜ਼ਿਲ੍ਹਿਆਂ ’ਚ 20 ਤੋਂ 59 ਫ਼ੀਸਦੀ ਘੱਟ ਅਤੇ ਛੇ ਜ਼ਿਲ੍ਹਿਆਂ ਵਿਚ 60 ਫ਼ੀਸਦੀ ਘੱਟ ਬਾਰਸ਼ ਹੋਈ ਹੈ। ਅਗਸਤ ਮਹੀਨੇ ਦੇ ਦੂਜੇ ਹਫ਼ਤੇ ਤੱਕ ਹੋਈ ਵਰਖਾ ਦੇ ਆਧਾਰ ਤੇ 37 ਜ਼ਿਲ੍ਹਿਆਂ ’ਚ 25 ਫੀਸਦੀ ਤੋਂ ਵੱਧ ਬਰਸਾਤ ਘੱਟ ਹੋਈ ਹੈ। ਸੋਕੇ ਕਾਰਨ ਇਨ੍ਹਾਂ ਜ਼ਿਲ੍ਹਿਆਂ ’ਚ ਰਹਿਣ ਵਾਲਿਆਂ ਦੀ ਸਥਿਤੀ ਤਰਸਯੋਗ ਹੋ ਗਈ ਹੈ ਉਨ੍ਹਾਂ ਦੇ ਪਸ਼ੂ ਮਰ ਰਹੇ ਹਨ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਪਿਛਲੇ ਸਾਲ ਦੀ ਤੁਲਨਾ ’ਚ ਇਸ ਸਾਲ ਸੋਕੇ ਦੀ ਵਿਕਲਾਗਤਾ ਵੱਧ ਹੈ। ਇਸ ਤੋਂ ਬਾਅਦ ਵੀ ਰਾਜ ਰਾਹੀਂ ਕੇਂਦਰੀ ਸਹਾਇਤਾ ਘੱਟ ਮੰਗਣ ਪਿੱਛੇ ਸਾਲ ਦਾ ਕੌੜਾ ਤਜ਼ਰਬਾ ਰਿਹਾ ਹੈ। ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਇਸ ਨੂੰ ਸਦੀ ਦਾ ਸਭ ਤੋਂ ਵੱਡਾ ਸੋਕਾ ਦੱਸਿਆ ਹੈ ਪਰ ਕੇਂਦਰ ਸਰਕਾਰ ਦੀ ਅਣਦੇਖੀ ਕਾਰਨ ਉਨ੍ਹਾਂ ਨੇ ਪ੍ਰਧਾਨ ਮੰਤਰੀ ਤੋਂ ਪਿਛਲੇ ਸਾਲ ਦੇ ਮੁਕਾਬਲੇ ਘੱਟ ਸੋਕਾ ਸਹਾਇਤਾ ਦੀ ਮੰਗ ਕੀਤੀ ਹੈ। ਸੰਨ 2007-08 ’ਚ ਤਾਂ ਜ਼ਿਲ੍ਹਿਆਂ ਦੀਆਂ 164 ਤਹਿਸ਼ੀਲਾਂ ਯਾਨੀ ਇਸ ਜ਼ਿਲ੍ਹੇ ਦੀ 60 ਫੀਸਦੀ ਤਹਿਸ਼ੀਲਾਂ ’ਚ ਸੋਕਾ ਪਿਆ ਸੀ। ਇਸ ਨਾਲ ਨਿਬੜਨ ਲਈ ਰਾਜ ਸਰਕਾਰ ਨੇ ਕੇਂਦਰ ਸਰਕਾਰ ਤੋਂ 1548 ਕਰੋੜ ਦੀ ਫੌਰੀ ਸਹਾਇਤਾ ਅਤੇ 24244 ਕਰੋੜ ਰੁਪਏ ਦੀ ਲੰਮੇ ਸਮੇਂ ਲਈ ਸਹਾਇਤਾ ਮੰਗੀ ਸੀ। ਕੁਲ 25792 ਕਰੋੜ ਰੁਪਏ ਦੀ ਇਸ ਮੰਗ ਮੁਕਾਬਲੇ ਕੇਂਦਰ ਸਰਕਾਰ ਨੇ ਦੇਰੀ ਨਾਲ ਸਹਾਇਤਾ ਰਾਸ਼ੀ ਮੰਜ਼ੂਰ ਵੀ ਕੀਤੀ ਤਾਂ ਸਿਰਫ 34 ਕਰੋੜ ਰੁਪਏ। ਇਹ ਤਾਂ ਉਠ ਤੋਂ ਛਾਲਣੀ ਲਾਹੁਣ ਵਾਲੀ ਗੱਲ ਹੋਈ ਪਰ ਕੇਂਦਰ ਸਰਕਾਰ ਨੇ ਇਸ ਰਾਸ਼ੀ ਦਾ ਵੀ ਇਸ ਕਰਕੇ ਨਹੀਂ ਕੀਤਾ ਕਿ ਸੋਕਾ ਰਾਹਤ ਮਦ ’ਚ ਕੇਂਦਰ ਦੀ ਰਾਸ਼ੀ ਅਜੇ ਮੱਧ ਪ੍ਰਦੇਸ਼ ਕੋਲ ਬਚੀ ਹੋਈ ਹੈ। ਕੇਂਦਰ ਦੀ ਸਾਮਰਾ ਕਮੇਟੀ

ਨੇ ਵੀ ਮੱਧ ਪ੍ਰਦੇਸ਼ ਨੂੰ 4000 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਦੇਣ ਦੀ ਸਿਫਾਰਸ਼ ਕੀਤੀ ਸੀ ਪਰ ਕੇਂਦਰ ਨੇ ਰਾਸ਼ਟਰੀ ਕੁਦਰਤੀ ਆਫਤ ਰਾਹਤ ਕੋਸ਼ (NCCF) ਨਾਲ ਮੱਧ ਪ੍ਰਦੇਸ਼ ਨੂੰ ਇਕ ਰੁਪਿਆ ਦੀ ਵੀ ਵਾਧੂ ਸਹਾਇਤਾ ਮੁਹੱਈਆ ਨਹੀਂ ਕਰਵਾਈ ਗਈ। ਕੇਂਦਰ ਦਾ ਮੱਧ ਪ੍ਰਦੇਸ਼ ਦੇ ਨਾਲ ਇਹ ਮਤਰੇਈ ਮਾਂ ਵਾਲਾ ਸਲੂਕ ਕਿਉਂ? ਜੇ ਇਸ ਦਾ ਵਿਸਲੇਸ਼ਣ ਕੀਤਾ ਜਾਵੇ ਤਾਂ ਇਕ ਹੀ ਗੱਲ ਸਾਹਮਣੇ ਆਉਂਦੀ ਹੈ ਅਤੇ ਉਹ ਇਹ ਕਿ ਕੇਂਦਰ 'ਚ ਸੱਤਾ ਕਾਂਗਰਸ ਦੀ ਹੈ। ਜਦ ਕਿ ਮੱਧ ਪ੍ਰਦੇਸ਼ ਸੱਤਾ ਭਾਜਪਾ ਦੀ ਹੈ ਪਰ ਦੋ ਪਾਰਟੀਆਂ ਦੀ ਲੜਾਈ 'ਚ ਲੋਕ ਕਿਉਂ ਪੀਸੇ ਜਾਣ? ਕੇਂਦਰ ਸਰਕਾਰ ਨੂੰ ਇਹ ਤਾਂ ਸੋਚਣਾ ਚਾਹੀਦਾ ਹੈ ਕਿ ਬੇਵੱਸ਼ ਲਾਚਾਰ ਤੇ ਗਰੀਬੀ ਜਨਤਾ ਨੂੰ ਇਸ ਵਕਤ ਸਹਾਇਤਾ ਦੀ ਲੋੜ ਹੈ। ਅਤੇ ਇਹ ਸਹਾਇਤਾ ਰਾਜ ਵੱਲੋਂ ਪੂਰਤੀ ਨਾ ਕੀਤੇ ਜਾਣ ਦੀ ਸਥਿਤੀ ਵਿੱਚ ਭਾਰਤ ਸਰਕਾਰ ਨੇ ਹੀ ਸਪਲਾਈ ਕਰਨੀ ਹੈ। ਰਾਜ 'ਚ ਸਰਕਾਰ ਚਾਹੇ ਜਿਸ ਪਾਰਟੀ ਦੀ ਮਰਜ਼ੀ ਹੋਵੇ। ਇਥੇ ਇਹ ਦੱਸਣ ਦੀ ਜ਼ਰੂਰਤ ਨਹੀਂ ਕਿ ਕੇਂਦਰ ਸਰਕਾਰ ਹੀ ਦੇਸ਼ ਭਾਰਤ ਦੀ ਸਰਕਾਰ ਹੁੰਦੀ ਹੈ। ਉਹਨਾਂ ਦੀ ਅਣਦੇਖੀ ਨਾਲ ਪਿਛਲੇ ਸਾਲ ਸੋਕੇ ਦੌਰਾਨ ਮੱਧ ਪ੍ਰਦੇਸ਼ 'ਚ ਅਕਾਲ ਮੌਤਾਂ ਹੋਈਆਂ ਸਨ। ਉਸ ਦੀ ਜ਼ਿੰਮੇਵਾਰੀ ਕਿਸ ਦੀ ਹੋਵੇਗੀ?

ਕੇਂਦਰ ਸਰਕਾਰ ਵਲੋਂ ਕੋਈ ਸਹਾਇਤਾ ਨਾ ਦੇਣ ਤੇ ਮੁੱਖ ਮੰਤਰੀ ਚੌਹਾਨ ਨੇ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਤੇ ਖੇਤੀ ਮੰਤਰੀ ਦੇ ਸਾਹਮਣੇ ਮਦਦ ਦੀ ਬੇਨਤੀ ਕੀਤੀ ਪਰ ਕੋਈ ਨਤੀਜਾ ਨਹੀਂ ਨਿਕਲਿਆ। ਤਦ ਮੁੱਖ ਮੰਤਰੀ ਚੌਹਾਨ ਨੇ ਨਿਆਂ ਮਾਰਚ ਕੱਢ ਕੇ ਵਰਤ ਰੱਖਿਆ ਧਰਨਾ ਦਿੱਤਾ। ਰਾਸ਼ਟਰਪਤੀ ਤਕ ਨੂੰ ਮੰਗ ਪੱਤਰ ਦੇ ਕੇ ਨਿਆਂ ਮੰਗਿਆ ਪਰ ਨਤੀਜਾ ਉਹੀ ਸਿਫਰ ਰਿਹਾ। ਮਜਬੂਰਨ ਰਾਜ ਸਰਕਾਰ ਨੂੰ ਕੁਦਰਤੀ ਆਫਤ ਰਾਜ ਕੋਸ਼ 'ਚ ਆਪਣਾ ਯੋਗਦਾਨ ਪੂਰਾ ਕਰਨ ਤੋਂ ਇਲਾਵਾ ਬੀਤੇ ਦੋ ਸਾਲਾਂ ਵਿੱਚ ਪੰਜ ਸੌ ਕਰੋੜ ਰੁਪਏ ਦੀ ਵਾਧੂ ਰਾਸ਼ੀ ਸੋਕੇ ਨਲ ਨਿਬੜਣ ਲਈ ਮੁਹੱਈਆ ਕਰਵਾਉਣੀ ਪਈ।

ਕਹਾਵਤ ਹੈ 'ਦੁੱਧ ਦਾ ਸੜਿਆ ਲੱਸੀ ਵੀ ਫੂਕਾਂ ਮਾਰ ਕੇ ਪੀਂਦਾ ਹੈ' ਇਹ ਸਥਿਤੀ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਸੀ। ਬੀਤੇ ਸਾਲ ਦੇ ਮੁਕਾਬਲੇ ਇਸ ਸਾਲ ਸੋਕੇ ਦਾ ਦਾਇਰਾ ਵਧ ਜਾਣ ਦੇ ਬਾਵਜੂਦ ਉਹਨਾਂ ਨੇ ਕੇਂਦਰ ਸਰਕਾਰ ਤੋਂ ਸਿਰਫ 11669.68 ਕਰੋੜ ਰੁਪਏ ਦੀ ਸਹਾਇਤਾ ਮੰਗੀ ਹੈ। ਇਸ ਵਾਰੀ ਪ੍ਰਧਾਨ ਮੰਤਰੀ ਤੋਂ ਸੋਕਾ ਸਹਾਇਤਾ ਦੇ ਲਈ ਚੌਹਾਨ ਨੇ 3 ਨਵੀਆਂ ਮੰਗਾਂ ਰੱਖੀਆਂ ਸਨ। ਕੇਂਦਰ ਐਨ. ਸੀ. ਸੀ. ਐਫ. ਅਤੇ ਸੀ. ਆਰ. ਐਫ. ਤੋਂ ਸਹਾਇਤਾ ਤਾਂ ਹੀ ਦਿੰਦਾ ਹੈ ਜਦ ਫਸਲੀ ਨੁਕਸਾਨ 50 ਫੀਸਦੀ ਤੋਂ ਵੱਧ ਹੋਇਆ ਹੋਵੇ। ਮੁੱਖ ਮੰਤਰੀ ਚੌਹਾਨ ਨੇ ਦਲੀਲ ਦਿੱਤੀ ਕਿ ਸਿਰਫ 50 ਫੀਸਦੀ ਫਸਲ ਨਾਲ ਘਾਟਾ ਪੂਰਾ ਕਰ ਸਕਣਾ ਅਸੰਭਵ ਹੈ। ਲਿਹਾਜਾ ਕੇਂਦਰ ਨੂੰ ਸੋਕਾ ਰਾਹਤ ਪੈਮਾਨਾ 25 ਫੀਸਦੀ ਫਸਲੀ ਨੁਕਸਾਨ ਹੋਣ 'ਤੇ ਰਾਹਤ ਸਹਾਇਤਾ ਦੇਣ ਦੀ ਵਿਵਸਥਾ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਤੋਂ ਡੀਜ਼ਲ 'ਚ ਸੌ ਫੀਸਦੀ ਗਰਾਂਟ ਦੇਣ ਦੀ ਬੇਨਤੀ ਕੀਤੀ ਹੈ। ਸੋਕਾ ਰਹਿਤ ਇਲਾਕਿਆਂ 'ਚ ਨਰੇਗਾ ਤਹਿਤ ਸੌ ਦੀ ਬਜਾਏ 180 ਦਿਨਾਂ ਤਕ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਦੀ ਮੰਗ ਵੀ ਉਠਾਈ ਹੈ। ਰਿਪੋਰਟ ਤਿਆਰ ਕਰਨ ਤਕ ਕੇਂਦਰ ਸਰਕਾਰ ਵੱਲੋਂ ਮੱਧ ਪ੍ਰਦੇਸ਼ ਨੂੰ ਸੋਕਾ ਸਹਾਇਤਾ

ਰਾਸ਼ੀ ਹਾਸਲ ਨਹੀਂ ਹੋਈ। ਰਾਜ ਦੇ ਸੋਕਾ ਗ੍ਰਸਿਤ ਖੇਤਰਾਂ ਦੀ ਹਾਲਤ ਭਿਆਨਕ ਹੈ। ਸੋਕੇ ਦਾ ਸਭ ਤੋਂ ਵੱਡਾ ਅਸਰ ਬੱਚਿਆਂ 'ਤੇ ਪੈ ਰਿਹਾ ਹੈ। ਦੁੱਧ ਦੇ ਨਾਲ ਹੀ ਹਰੀਆਂ ਸਬਜੀਆਂ ਵੀ ਨਹੀਂ ਮਿਲ ਰਹੀਆਂ। ਸਾਉਣੀ ਦੀ ਫਸਲ ਨਸ਼ਟ ਹੋਣ ਦੇ ਨਾਲ ਹੀ ਅਗਲੀਆਂ ਫਸਲਾਂ 'ਤੇ ਵੀ ਸੰਕਟ ਦੇ ਬੱਦਲ ਛਾਏ ਹੋਏ ਹਨ। ਕੇਂਦਰ ਬਨਾਮ ਸੂਬਾ ਸਰਕਾਰ ਦੀ ਆਪਸੀ ਖਿਚੋਤਾਣ ਲੋਕਾਂ ਲਈ ਮੁਸੀਬਤ 'ਚ ਹੋਰ ਵਾਧਾ ਕਰ ਰਹੀ ਹੈ। ਕਸੂਰਵਾਰ ਦੋਨੋਂ ਸਰਕਾਰਾਂ ਬਰਾਬਰ ਦੀ ਹਨ। ਸਮੁੱਚਾ ਪ੍ਰਬੰਧ ਹੀ ਪੂੰਜੀਵਾਦ ਦੇ ਮੁਨਾਫੇ ਦੀ ਦੌੜ ਮਾਰ ਹੇਠ ਹੈ।

# ਨਾਟਕਬਾਜੀ ਦਾ ਕੀ ਮਤਲਬ?

ਘਟਨਾ 15 ਮਾਰਚ 2008 ਦੀ ਹੈ। ਸਵੇਰੇ ਸਾਢੇ ਗਿਆਰਾਂ ਵਜੇ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਦਿੱਲੀ ਤੋਂ ਸਿੱਧੇ ਉੱਤਰ ਪ੍ਰਦੇਸ਼ ਦੇ ਪਿੰਡ ਅਮੀਨਾਬਾਦ ਪਹੁੰਚੇ, ਜਿਥੇ ਇਕ ਦਲਿਤ ਪਰਿਵਾਰ ਦੇ ਪੰਜ ਲੋਕਾਂ ਨੂੰ ਮਾਰ ਦਿੱਤਾ ਗਿਆ ਸੀ ਉਹਨਾਂ ਦੇ ਆਉਣ ਦੀ ਭਿਣਕ ਸੂਬੇ ਦੇ ਕਾਂਗਰਸੀ ਨੇਤਾਵਾਂ ਨੂੰ ਲੱਗ ਗਈ ਸੀ ਜਿਸ ਕਾਰਨ ਉਹ ਉਸ ਪਿੰਡ ’ਚ ਰਾਹੁਲ ਗਾਂਧੀ ਦੇ ਆਉਣ ਤੋਂ ਪਹਿਲਾਂ ਹੀ ਪਹੁੰਚ ਚੁੱਕੇ ਸਨ। ਰਾਹੁਲ ਇਸ ਹੱਤਿਆ ਕਾਂਡ ’ਚ ਬਚ ਗਈਆਂ ਤਿੰਨ ਬੱਚੀਆਂ ਤੇ ਉਹਨਾਂ ਦੀ ਇਕ ਔਰਤ ਰਿਸ਼ਤੇਦਾਰ ਨੂੰ ਮਿਲਣ ਲਈ ਉਹਨਾਂ ਦੀ ਝੁੱਗੀ ਵੱਲ ਜਾਂਦੇ ਹਨ। ਉਥੇ ਮੌਜੂਦ ਕਾਂਗਰਸੀ ਨੇਤਾਵਾਂ ਦੀ ਫੌਜ ਉਹਨਾਂ ਦੇ ਪਿੱਛੇ ਲੱਗਦੀ ਹੈ ਪਰੰਤੂ ਰਾਹੁਲ ਉਹਨਾਂ ਨੂੰ ਆਪਣੇ ਪਿੱਛੇ ਆਉਣ ਤੋਂ ਮਨ੍ਹਾ ਕਰ ਦਿੰਦੇ ਹਨ। ਕੁਝ ਦੇਰ ਬਾਅਦ ਰਾਹੁਲ ਗਾਂਧੀ ਝੁੱਗੀ ਤੋਂ ਬਾਹਰ ਆਏ ਅਤੇ ਕਿਸੇ ਨਾਲ ਗੱਲ ਕੀਤੇ ਬਗੈਰ ਸਿੱਧਾ ਆਪਣੀ ਗੱਡੀ ’ਚ ਬੈਠ ਕੇ ਉਥੋਂ ਚੱਲ ਪੈਂਦੇ ਹਨ। ਗੱਡੀ ਆਲੂਆਂ ਦੇ ਖੇਤਾਂ ਦੇ ਨਜ਼ਦੀਕ ਬਣੀ ਸੜਕ ’ਤੇ ਦੌੜਦੀ ਰਹੀ ਹੈ। ਅਚਾਨਕ ਗੱਡੀ ਇਕ ਥਾਂ ਰੁਕਦੀ ਹੈ ਅਤੇ ਗੱਡੀ ਤੋਂ ਉਤਰ ਕੇ ਉਹ ਇਕ ਖੇਤ ਵੱਲ ਚੱਲ ਪੈਂਦੇ ਹਨ ਉਥੇ ਇਕ ਪੇਂਡੂ ਔਰਤ ਆਪਣੀਆਂ ਤਿੰਨ ਧੀਆਂ ਨਾਲ ਜਵਾਰ ਦੀ ਰੋਟੀ ਤੇ ਆਲੂਆਂ ਦੀ ਅੱਧ ਪੱਕੀ ਸਬਜੀ ਨਾਲ ਭੋਜਨ ਕਰ ਰਹੀ ਹੈ। ਰਾਹੁਲ ਉਹਨਾਂ ਦੀ ਰੋਟੀ ਦੀ ਇਕ ਬੁਰਕੀ ਤੋੜਕੇ ਆਪਣੇ ਮੂੰਹ ’ਚ ਲੈ ਜਾਂਦੇ ਪੁੱਛਦੇ ਹਨ” ਤੁਸੀਂ ਪੂਰੇ ਦਿਨ ’ਚ ਬਸ ਏਨਾ ਹੀ ਖਾਣਾ ਖਾਂਦੇ ਹੋ?” ਅਸੀਂ ਤੜਕੇ ਮਜ਼ਦੂਰੀ ਲਈ ਖੇਤਾਂ ਵਿੱਚ ਆਉਂਦੇ ਹਾਂ ਤੇ ਦੁਪਿਹਰ ਹੁੰਦਿਆਂ ਹੀ ਜਦ ਧੁੱਪ ਤੇਜ ਹੋ ਜਾਂਦੀ ਹੈ ਤਾਂ ਢਾਈ ਕੋਹ ਪੈਦਲ ਚਲ ਕੇ ਆਪਣੀਆਂ ਝੁੱਗੀਆਂ ’ਚ ਪਹੁੰਚਦੇ ਹਾਂ ਤੇ ਫਿਰ ਖਾਣਾ ਬਣਾਉਂਦੇ ਹਾਂ। ਉਹ ਔਰਤ ਨੇ ਰਾਹੁਲ ਨੂੰ ਧਿਆਨ ਨਾਲ ਵੇਖਦਿਆਂ ਕਿਹਾ “ਇਥੇ ਕੰਮ ਕਰਨ ਦੀ ਮਜ਼ਦੂਰੀ ਕਿੰਨੀ ਮਿਲਦੀ ਹੈ? ਏਨਾ ਪੁੱਛਦੇ ਹੋਏ ਰਾਹੁਲ ਨੇ ਖੇਤ ਦੀ ਧੂੜ ’ਚ ਖੇਡਦੀ ਇਕ ਛੋਟੀ ਬੱਚੀ ਨੂੰ ਆਪਣੀਆਂ ਬਾਹਾਂ ’ਚ ਚੁੱਕ ਕੇ ਮੋਢੇ ’ਤੇ ਬਿਠਾ ਲਿਆ। ਫਿਰ ਕੀ ਸੀ ਨਾਲ ਗਏ ਮੀਡੀਆ ਵਾਲਿਆਂ ਦੇ ਕੈਮਰਿਆਂ ਦੀਆਂ ਫਲੈਸ਼ਾਂ ਚਮਕ ਉੱਠੀਆਂ ਅਤੇ ਉਹ ਦ੍ਰਿਸ਼ ਕੈਮਰੇ ’ਚ ਕੈਦ ਹੋ ਗਿਆ। ਥੋੜ੍ਹੀ ਦੇਰ ਉਹਨਾਂ ਲੋਕਾਂ ਨਾਲ ਗੱਲਬਾਤ ਕਰਨ ਪਿਛੋਂ ਰਾਹੁਲ ਉਥੋਂ ਚਲੇ ਗਏ। ਅਗਲੇ ਦਿਨ ਰਾਹੁਲ ਦੇ ਮੋਢੇ ਤੇ ਬੈਠੀ ਬੱਚੀ ਵਾਲੀ ਤਸਵੀਰ ਲਗਭਗ ਸਭ ਅਖ਼ਬਾਰਾਂ ’ਚ ਮੁੱਖ ਤੌਰ ’ਤੇ ਛਪੀਆਂ ਕੇਵਲ ਤਸਵੀਰ ਹੀ ਨਹੀਂ ਗੁਣਾਗੁਣ ਵੀ ਕਾਫ਼ੀ ਕੀਤਾ ਗਿਆ ਸੀ। ਸਭ ਲੋਕ ਚਾਅ ਨਾਲ ਇਸ ਤਸਵੀਰ ਨੂੰ ਵੇਖ ਰਹੇ ਸਨ ਅਤੇ ਰਾਹੁਲ ਦੀ ਯਾਤਰਾ ਗਾਥਾ ਨੂੰ ਪੜ੍ਹ ਰਹੇ ਸਨ। ਕਈ ਰਾਜਸੀ ਆਗੂਆਂ ਮੂਹਰਿਓਂ ਵੀ ਇਹ ਖਬਰ ਗੁਜਰੀ। ਕਾਂਗਰਸੀ ਤਾਂ ਸਮਾਚਾਰ ਪੜ੍ਹ ਕੇ ਬਾਗੋ ਬਾਗ ਹੋ ਰਹੇ ਸਨ ਪਰ ਵਿਰੋਧ ਧਿਰ ਦੇ ਆਗੂ ਖਾਮੋਸ਼ ਹੀ ਰਹੇ ਪਰ ਉਹਨਾਂ ਦੇ ਬੁੱਲ੍ਹਾਂ ’ਤੇ ਪੈਂਤੜੇਬਾਜ ਮੁਸਕਰਾਹਟ ਜ਼ਰੂਰੀ ਦੇਖੀ ਗਈ। ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਦੀਆਂ ਨਜ਼ਰਾਂ ਸਾਹਮਣੇ ਜਦ ਉਹ ਖਬਰ ਆਈ ਤਾਂ ਉਹ ਆਪਣੇ ਆਪ ਨੂੰ ਰੋਕ ਨਾ ਸਕੀ ਅਤੇ ਬੋਲ ਹੀ ਪਈ” ਕਿਸੇ ਗਰੀਬ ਦੇ ਬੱਚੇ ਨੂੰ ਮੋਢੇ ’ਤੇ ਬਿਠਾ ਲੈਣ ਨਾਲ ਜਾਂ ਉਸ

ਦੇ ਨਾਲ ਖਾਣਾ ਖਾ ਲੈਣ ਨਾਲ ਕੋਈ ਗਰੀਬਾਂ ਦਾ ਮਸੀਹਾ ਨਹੀਂ ਬਣ ਜਾਂਦਾ ਹੈ।"

ਅਗਲੇ ਦਿਨ ਅਖਬਾਰਾਂ 'ਚ ਜਦ ਮਾਇਆਵਤੀ ਦਾ ਬਿਆਨ ਛਾਪਿਆ ਤਾਂ ਤਸਵੀਰ ਵਾਲੀ ਘਟਨਾ ਨਾਲੋਂ ਵੱਧ ਇਸ 'ਤੇ ਕਾਫੀ ਪ੍ਰਤੀਕਰਮ ਹੋਇਆ। ਕਾਂਗਰਸੀ ਬੁਰੀ ਤਰ੍ਹਾਂ ਖਫਾ ਸਨ ਪਰ ਜੇ ਘਟਨਾ ਦਾ ਸਹੀ ਤਰੀਕੇ ਨਾਲ ਵਿਸਲੇਸ਼ਣ ਕੀਤਾ ਜਾਵੇ ਤਾਂ ਰਾਹੁਲ ਦੀਂ ਇਸ ਘਟਨਾ ਦੇ ਕਈ ਅਰਥ ਨਿਕਲਦੇ ਹਨ? ਦੋ-ਚਾਰ ਮਿੰਟ ਗਰੀਬਾਂ ਦੇ ਨਾਲ ਰਹਿ ਲੈਣ ਨਾਲ ਉਹਨਾਂ ਨਾਲ ਰਾਤ ਗੁਜਾਰਨ ਤਕ ਵੀ ਉਹਨਾਂ ਦੀ ਸਮੱਸਿਆ ਦਾ ਕੋਈ ਹੱਲ ਨਿਕਲ ਆਵੇਗਾ? ਨਰੇਗਾ 'ਤੇ ਅਸੀਂ ਜੋ 52000 ਕਰੋੜ ਰੁਪਏ ਖਰਚ ਰਹੇ ਹਾਂ ਉਸ ਨੂੰ ਜੇ ਅਸੀਂ ਤਕਨੀਕੀ ਸਕੂਲਾਂ 'ਤੇ ਖਰਚ ਕੀਤਾ ਹੁੰਦਾ ਤਾਂ ਦੇਸ਼ ਦਾ ਨਕਸ਼ਾ ਕੁਝ ਹੋਰ ਹੀ ਹੁੰਦਾ। ਪੇਂਡੂ ਇਲਾਕਿਆਂ 'ਚ ਘੁੰਮਣ ਤੇ ਗਰੀਬਾਂ ਨਾਲ ਕੁਝ ਸਮਾਂ ਗੁਜਾਰਨ ਨਾਲ ਸਮੱਸਿਆ ਦਾ ਹੱਲ ਨਹੀਂ ਲੱਭਿਆ ਜਾ ਸਕਦਾ। ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਦੀ ਗੱਲ ਹੈ, ਰਾਹੁਲ ਆਪਣੇ ਚੋਣ ਹਲਕੇ ਅਮੇਠੀ ਜਾ ਪਹੁੰਚੇ। ਇਕ ਥਾਂ ਕੁਝ ਮਰਦ ਮਜ਼ਦੂਰ ਮਿੱਟੀ ਪੁੱਅ ਰਹੇ ਸਨ। ਜਦ ਕਿ ਔਰਤ ਮਜ਼ਦੂਰ ਉਸ ਮਿੱਟੀ ਨੂੰ ਬੱਠਲਾਂ 'ਚ ਪਾ ਕੇ ਦੂਜੀ ਥਾਂ ਲਿਜਾ ਰਹੀਆਂ ਸਨ। ਰਾਹੁਲ ਨੇ ਫਟਾਫਟ ਇਕ ਬੱਠਲ ਚੁਕਿਆ ਉਸ 'ਚ ਥੋੜੀ ਜਿਹੀ ਮਿੱਟੀ ਪਾਈ। ਫਿਰ ਉਸ ਨੂੰ ਮੋਢੇ 'ਤੇ ਰੱਖ ਕੇ ਚੱਲ ਪਏ ਔਰਤ ਮਜ਼ਦੂਰ ਦੇ ਪਿੱਛੇ ਪਿੱਛੇ। ਇਸ 'ਤੇ ਕਾਫੀ ਪ੍ਰਤੀਕਰਮ ਹੋਏ। ਕੁਝ ਲੋਕਾਂ ਨੂੰ ਸੁਰਖੀਆਂ 'ਚ ਰਹਿਣ ਦਾ ਸ਼ੌਂਕ ਹੁੰਦਾ ਹੈ। ਸੋ-ਬਿਜਨਸ 'ਚ ਅਕਸਰ ਇਹ ਵੇਖਿਆ ਗਿਆ ਹੈ। ਹੁਣ ਤਾਂ ਮਾਡਲ ਰੈਂਪ 'ਤੇ ਆਪਣੇ ਕੱਪੜੇ ਲਾਹ ਕੇ ਵੀ ਮਨਪਸੰਦ ਬਣਨਾ ਚਾਹੁੰਦੀਆਂ ਹਨ ਕਈ ਹੀਰੋਇਨਾਂ ਏਕਸਪੋਜ ਸੀਨ ਵੇਖ ਕੇ ਆਪਣੀ 'ਮਾਰਕਿਟ' ਬਣਾਉਣਾ ਚਾਹੁੰਦੀਆਂ ਹਨ ਜਦ ਕਿ ਸੁਰਖੀਆਂ 'ਚ ਰਹਿਣ ਲਈ 'ਨਾਟਕ' ਕਰਨ ਦੀ ਕੋਈ ਜਰੂਰਤ ਨਹੀਂ, ਆਪ ਦਾ ਕੰਮ ਹੀ ਤੁਹਾਨੂੰ ਸੁਰਖੀਆਂ 'ਚ ਲਿਆ ਖੜ੍ਹਾ ਕਰੇਗਾ। ਹੁਣ ਇਹ ਵੇਖੀਏ, ਅਨੁਭਵ ਨਾ ਹੋਣ ਕਾਰਨ ਰਾਹੁਲ ਕਿਸ ਤਰ੍ਹਾਂ ਅਰਥਾਂ ਦਾ ਅਨਰਥ ਕਰ ਦਿੰਦੇ ਹਨ ਰਾਹੁਲ ਨੇ ਲੋਕ ਸਭਾ ਚੋਣਾ ਸਭਾਵਾਂ 'ਚ ਕਿਹਾ ਕਿ ਜਨ ਕਲਿਆਣ 'ਤੇ ਖਰਚ ਹੋਣ ਵਾਲੇ ਹਰ ਰੁਪਏ 'ਚੋਂ ਮੁਸ਼ਕਲ ਨਾਲ ਦੇਸ ਪੈਸੇ ਲੋਕਾਂ ਤਕ ਪੁੱਜਦੇ ਹਨ। ਅਗਲੇ ਦਿਨ ਸਾਰੀਆਂ ਥਾਵਾਂ 'ਤੇ ਉਹਨਾਂ ਦੇ ਨਾਂ ਨਾਲ ਰਾਜੀਵ ਗਾਂਧੀ ਦਾ ਨਾਂ ਵੀ ਛਪਿਆ। ਸਭ ਨੂੰ ਯਾਦ ਗਿਆ ਕਿ ਰਾਜੀਵ ਗਾਂਧੀ ਨੇ ਸੰਨ 1985 'ਚ ਪੱਛਮੀ ਬੰਗਾਲ ਦੀ ਇਕ ਰੈਲੀ 'ਚ ਕਿਹਾ ਸੀ ਕਿ ਰੁਪਏ 'ਚੋਂ ਸਿਰਫ 15 ਪੈਸੇ ਗਰੀਬ ਤਕ ਪੁੱਜਦੇ ਹਨ। ਬਾਕੀ ਵਿਚੋਲਿਆਂ ਦੀ ਜੇਬ 'ਚ ਚਲੇ ਜਾਂਦੇ ਹਨ।

ਪਰ ਸੱਚ ਬੋਲਣ ਦੇ ਚਾਅ ਨਕਲ ਲਈ ਅਕਲ ਦੀ ਵੀ ਲੋੜ ਹੁੰਦੀ ਹੈ। 'ਚ ਰਾਹੁਲ ਕਹਿ ਕੀ ਗਿਆ? ਰਾਜੀਵ ਦੇ ਉਸ ਬਿਆਨ ਪਿੱਛੋਂ ਦੇ ਲਗਭਗ 25 ਸਾਲਾਂ ਦੇ ਅੱਧੇ ਤੋਂ ਵੱਧ ਸਮਾਂ ਕਾਂਗਰਸ ਜਾਂ ਕਾਂਗਰਸ ਦੀ ਹਮਾਇਤ ਦੀਆਂ ਸਰਕਾਰਾਂ ਸੱਤਾ 'ਚ ਰਹੀਆਂ ਹਨ। ਇਕ ਪਾਸਿਉਂ ਰਾਹੁਲ ਕਹਿ ਰਹੇ ਹਨ ਕਿ ਨੱਬੇ ਦੇ ਦਹਾਕੇ ਦੀ ਨਰ ਸਿੰਮਾਰਾਓ ਸਰਕਾਰ ਨੇ ਅਤੇ ਚਾਲੂ ਦਹਾਕੇ 'ਚ ਮਨਮੋਹਨ ਸਿੰਘ ਸਰਕਾਰ ਨੇ ਰਾਜੀਵ ਦੀ ਆਰਥਕ ਵਿਰਾਸਤ ਨੂੰ ਬਦਤਰ ਹਾਲਤ 'ਚ ਪਹੁੰਚਾ ਦਿੱਤਾ ਹੈ। ਰਾਹੁਲ ਟੇਡੇ ਢੰਗ ਨਾਲ ਇਹ ਵੀ ਕਹਿ ਰਹੇ ਹਨ ਕਿ ਸਰਕਾਰ ਸੇਵਾ ਦਾ ਪੱਧਰ ਗਿਰ ਰਿਹਾ ਹੈ। ਗਰੀਬ ਦੇ ਨਾਂ 'ਤੇ ਰਲੀਜ਼ ਹੋਣ ਵਾਲੀ ਵਿਕਾਸ ਰਾਸ਼ੀ ਦੀ ਲੁੱਟ ਘੱਟ ਹੋਣ ਦੀ

ਬਜਾਏ ਵੱਧ ਰਹੀ ਹੈ ਅਤੇ ਨਵੀਂ ਆਰਥਕ ਨੀਤੀ ਲਾਭਪਾਤਰੀ ਦੇ ਹੱਥਾਂ ਤਕ ਪਹੁੰਚਣ 'ਚ ਅਸਫਲ ਹੋ ਗਈ ਹੈ। ਵਿਰੋਧੀ ਪਾਰਟੀਆਂ ਜਾਹਿਰ ਹੈ ਕਿ ਏਸੀ ਹੀ ਜੁਬਾਨ ਫਿਸਲਨ ਦੀ ਤਾਕ 'ਚ ਰਹਿੰਦੀਆਂ ਹਨ। ਗੁਜਰਾਤ ਦੇ ਮੁੱਖ ਮੰਤਰੀ ਮੋਦੀ ਦੀ ਜੁਬਾਨ ਖੁੱਲ੍ਹ ਗਈ। "ਦੇਖ ਲਓ ਕਾਂਗਰਸੀਆਂ ਨੇ ਖੁਦ ਕਬੂਲ ਲਿਆ ਹੈ ਕਿ ਸਿਰਫ 10 ਪੈਸੇ ਗਰੀਬ ਤਕ ਅਤੇ ਬਾਕੀ 90 ਪੈਸੇ ਸਵਿਸ ਖਾਤਿਆਂ 'ਚ ਜਾਂਦੇ ਹਨ।" ਰਾਹੁਲ ਰਾਜਨੀਤੀ ਦੇ ਨਾਟਕਾਂ 'ਚ ਵਿਸ਼ਵਾਸ ਰੱਖਦੇ ਹਨ ਨਾ ਕਿ ਉਹਨਾਂ ਨੂੰ ਦੇਸ਼ ਦੀ ਗਰੀਬੀ, ਬੇਰੁਜ਼ਗਾਰੀ ਜਾਂ ਭ੍ਰਿਸ਼ਟਾਚਾਰ ਦਾ ਸੱਚੀਓਂ ਫਿਕਰ ਹੈ। ਦਲਾਲ ਨੌਕਰਸ਼ਾਹ ਸਰਮਾਏਦਾਰੀ ਦੀ ਨੁਮਾਇੰਦਾ ਉਹਨਾਂ ਦੀ ਕਾਂਗਰਸ ਪਾਰਟੀ ਅਮਰੀਕਾ ਵਰਗੇ ਸਾਮਰਾਜੀ ਦੇਸ਼ਾਂ ਦੀ ਪਿਠੂ ਹੈ ਤਾਂ ਰਾਹੁਲ ਗਾਂਧੀ ਕਿਹੜੇ ਬਾਗ ਦੀ ਮੂਲੀ ਹਨ ਜੋ ਕਿਸੇ ਜਾਦੂ ਦੀ ਛੜੀ ਨਾਲ ਗਰੀਬੀ ਦੂਰ ਕਰ ਦੇਣਗੇ।

# ਕਿਵੇਂ ਹਨ ਮਿਡ-ਡੇ ਮੀਲ ਦੀ ਰਾਹ 'ਚ ਕੰਕਰ ਭ੍ਰਿਸ਼ਟਾਚਾਰ ਦੇ?

ਜਦ ਕਦੀ ਦੁਪਹਿਰ ਦੇ ਭੋਜਨ (ਮਿਡ–ਡੇ–ਮੀਲ) ਦੀ ਚਰਚਾ ਹੁੰਦੀ ਹੈ ਤਾਂ ਉਸ ਵਿਚ ਭ੍ਰਿਸ਼ਟਾਚਾਰ ਦੀ ਥੋੜੀ ਬਹੁਤੀ ਗੱਲ ਆਉਂਦੀ ਹੀ ਹੈ। ਚਾਹੇ ਪ੍ਰਬੰਧ ਕਮੇਟੀ ਨੇ ਇਸ ਦੀ ਵਿਵਸਥਾ ਸਹੀ ਕਰ ਰੱਖੀ ਹੋਵੇ। ਜੇ ਇਹ ਕਿਹਾ ਜਾਵੇ ਕਿ ਇਸ ਯੋਜਨਾ ਦੀ ਸ਼ੁਰੂਆਤ ਲਾਭ ਦੇਣ ਲਈ ਨਹੀਂ ਬਲਕਿ ਲੁੱਟ–ਘਸੁੱਟ ਕਰਨ ਦੇ ਇਰਾਦੇ ਨਾਲ ਕੀਤੀ ਗਈ ਹੈ ਤਾਂ ਗਲਤ ਨਹੀਂ ਹੋਵੇਗਾ। ਬਿਹਾਰ 'ਚ ਦੁਪਹਿਰ ਦੇ ਖਾਣੇ ਦੀ ਯੋਜਨਾ ਆਪਣੀਆਂ ਖਾਮੀਆਂ ਕਾਰਨ ਚਰਚਾ ਵਿੱਚ ਰਹੀ ਹੈ। ਪਹਿਲਾ ਸਾਫ ਸੁਥਰਾ ਭੋਜਨ ਮੁਹੱਈਆ ਕਰਾਉਣ ਦਾ ਮੋਰਚਾ ਹੈ ਤਾਂ ਦੂਜਾ ਧਨ ਤੇ ਅਨਾਜ ਦੀ ਵੰਡ ਅਤੇ ਸਕੂਲਾਂ ਤਕ ਉਸ ਨੂੰ ਪਹੁੰਚਾਉਣ ਦਾ ਅਤੇ ਤੀਜਾ ਵੰਡੇ ਗਏ ਅਨਾਜ ਤੇ ਪੈਸੇ ਦੀ ਸਹੀ ਵਰਤੋਂ ਦਾ ਇਹਨਾਂ ਅੰਕੜਿਆਂ 'ਤੇ ਗੌਰ ਕਰੀਏ 80 ਹਜ਼ਾਰ ਤੋਂ ਵੱਧ ਸਕੂਲ, ਇਕ ਕਰੋੜ ਤੋਂ ਵੱਧ ਬੱਚੇ ਅਤੇ ਇਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਬਜਟ। ਕੀ ਬਿਨਾਂ ਆਜ਼ਾਦ ਤਾਣੇ ਬਾਣੇ ਦੇ ਇਸ ਯੋਜਨਾ ਦਾ ਸੰਚਾਲਨ ਸੰਭਵ ਹੈ? ਸੱਚ ਤਾਂ ਇਹ ਹੈ ਕਿ ਇਹ ਮਹਾਂਯੋਜਨਾ ਮਨੁੱਖੀ ਵਸੀਲਿਆਂ ਵਿਭਾਗ ਦੇ ਰੋਜਮਰਾ ਦੀ ਕਾਰਜ ਸੂਚੀ 'ਚ ਹੀ ਸੀਮਤ ਹਨ ਅਤੇ ਹੇਠਲੇ ਪੱਧਰ 'ਤੇ ਅਧਿਆਪਕਾਂ ਦੇ ਮੋਢਿਆਂ 'ਤੇ ਇਸ ਦੀ ਜ਼ਿੰਮੇਵਾਰੀ ਹੈ।

ਬਿਹਾਰ ਵਿਧਾਨ ਮੰਡਲ ਦੇ ਬੀਤੇ ਸੈਸ਼ਨ 'ਚ ਕੰਟਰੋਲਰ ਮਹਾਂਲੇਖਾ ਪਰੀਖਿਅਕ (ਕੈਗ) ਦੀ ਰਿਪੋਰਟ 'ਤੇ ਉਠੇ ਝਮੇਲੇ ਪਿਛੋਂ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਜੋ ਕਿਹਾ ਉਹ ਵੀ ਕਾਬਲੇ ਗੌਰ ਹੈ "ਰਾਜ ਸਰਕਾਰ ਖੁਦ ਮੰਨਦੀ ਹੈ ਕਿ ਦੁਪਹਿਰ ਦੇ ਖਾਣੇ ਦੀ ਯੋਜਨਾ ਦੇ ਅਮਲ 'ਚ ਗੜਬੜ ਹੈ ਇਸ ਨੂੰ ਸੁਧਾਰਨ ਦੀ ਲੋੜ ਹੈ।" ਉਹਨਾਂ ਨੇ ਇਸ ਸਬੰਧੀ 23 ਜੁਲਾਈ ਨੂੰ ਬਹੁ ਪਾਰਟੀ ਬੈਠਕ ਵੀ ਬੁਲਾਈ ਤੇ ਇਸ ਵਿੱਚ ਤਹਿ ਕੀਤਾ ਗਿਆ ਕਿ ਦੂਜੇ ਰਾਜਾਂ 'ਚ ਅਪਣਾਈ ਗਈ ਪ੍ਰਣਾਲੀ ਦਾ ਅਧਿਐਨ ਕਰਕੇ ਸੁਧਾਰ ਦੇ ਪਹਿਲੂਆਂ 'ਤੇ ਮਨੁੱਖੀ ਵਸੀਲਿਆਂ ਦੇ ਵਿਕਾਸ ਵਿਭਾਗ ਦੇ ਪ੍ਰਧਾਨ ਸਕੱਤਰ ਅੰਜਨੀ ਕੁਮਾਰ ਸਿੰਘ ਆਪਣੀ ਰਿਪੋਰਟ ਦੇਣਗੇ। ਡਵੀਜ਼ਨ ਪੱਧਰ ਤਕ ਇਸ ਯੋਜਨਾ ਦੀ ਨਿਗਰਾਨੀ ਦਾ ਤਾਣਾ ਬਾਣਾ ਤਿਆਰ ਕੀਤਾ ਜਾਵੇਗਾ। ਦੁਪਹਿਰ ਦੇ ਖਾਣੇ ਦੀ ਯੋਜਨਾ 'ਚ ਝਮੇਲੇ ਵਾਲੇ ਕਈ ਪਹਿਲੂ ਹਨ। ਆਏ ਦਿਨ ਖਬਰ ਆਉਂਦੀ ਹੈ ਕਿ ਕਿਤੇ ਖਾਣੇ 'ਚ ਕਿਰਲੀ ਮਿਲੀ ਤਾਂ ਕਿਤੇ ਕੀੜੇ ਜਾ ਕਿਧਰੇ ਸੜੇ ਚੌਲ। ਇਸ ਯੋਜਨਾ 'ਚ ਘਪਲਿਆਂ ਦੀ ਵੀ ਖੂਬ ਗੁੰਜਾਇਸ਼ ਹੈ। ਵੰਡ ਦਾ ਪ੍ਰਸਤਾਵ ਵਿਦਿ : ਦੀ ਰਜਿਸਟ੍ਰੇਸ਼ਨ ਦੇ ਅਧਾਰ 'ਤੇ ਤਿਆਰ ਹੁੰਦਾ ਹੈ ਅਤੇ ਮੰਜ਼ੂਰੀ ਵੀ ਇਸੇ ਅਧਾਰ 'ਤੇ ਦਿੱਤੀ ਜਾਂਦੀ ਹੈ ਪਰ ਵਿਦਿ: ਦੀ ਮੌਜੂਦਗੀ ਦਾ ਔਸਤ ਅਸਲ 'ਚ ਕਿਥੇ ਰਹਿੰਦਾ ਹੈ, ਇਸ ਦਾ ਅੰਦਾਜ਼ਾ ਨਹੀਂ ਲੱਗਦਾ ਜਦਕਿ ਸੱਚ ਇਹ ਹੈ ਕਿ ਰਜਿਸਟਰੇਸ਼ਨ ਦਾ ਬਿਊਰਾ ਵੀ ਅਸਲੀਅਤ ਤੋਂ ਪਰੇ ਹੁੰਦਾ ਹੈ। ਕੈਗ ਦੇ ਪੱਤਰ 'ਚ ਅਜਿਹੀਆਂ ਕਈ ਗੜਬੜਾਂ ਦਾ ਖੁਲਾਸਾ ਕੀਤਾ ਗਿਆ ਹੈ। ਕੈਗ ਨੇ ਸੰਨ 2004–05 ਤੋਂ ਵਿਤੀ ਸਾਲ 2007–08 ਤਕ ਦੀ ਸਥਿਤੀ ਦਾ ਜ਼ਿਕਰ ਕੀਤਾ ਹੈ। 200 ਸਕੂਲਾਂ ਦੇ ਸੈਂਪਲ ਸਰਵੇ 'ਚ ਜੋ

ਤੱਥ ਉਭਰ ਕੇ ਸਾਹਮਣੇ ਆਏ ਹਨ। ਉਸ ਤੋਂ ਜ਼ਾਹਿਰ ਹੈ ਕਿ ਇਸ ’ਚ ਹਰ ਕਦਮ ’ਤੇ ਖਾਮੀਆਂ ਹਨ। ਸ਼ਹਿਰੀ ਖੇਤਰ ਦੇ 200 ਸਕੂਲਾਂ ਵਿੱਚ ਸੰਨ 2007-08 ’ਚ ਰਜਿਸਟਰਡ ਵਿਦਿਆਰਥੀਆਂ ਦੀ ਗਿਣਤੀ 17146 ਸੀ ਪਰ ਹਾਜ਼ਰ ਵਿਦਿ: 9992 ਜਦਕਿ ਪੇਂਡੂ ਸਕੂਲਾਂ ’ਚ ਰਜਿਸਟਰਡ 36 ਹਜ਼ਾਰ 542 ਸਨ ਤੇ ਹਾਜਰ 23 ਹਜ਼ਾਰ 48 ਸਨ। ਸੰਨ 2003-04 ’ਚ ਸ਼ਹਿਰੀ ਸਕੂਲਾਂ ’ਚ ਹਾਜ਼ਰੀ ਦੀ ਔਸਤ 64 ਫੀਸਦੀ ਸੀ ਜੋ 2007-08 ’ਚ ਘਟ ਕੇ 63 ਫੀਸਦੀ ’ਤੇ ਅਤੇ ਪੇਂਡੂ ਸਕੂਲਾਂ ’ਚ ਇਹ 67 ਫੀਸਦੀ ਤੋਂ ਘਟ ਕੇ 63 ਫੀਸਦੀ ’ਤੇ ਆ ਗਈ। ਸਕੂਲ ’ਚ ਵਿਦਿਆਰਥੀਆਂ ਦੇ ਠਹਿਰਾਅ ਦਾ ਅੰਕੜਾ ਤਿਆਰ ਕਰਨ ਲਈ ਰਾਜ ਸਰਕਾਰ ਨੇ ਕੋਈ ਪ੍ਰਣਾਲੀ ਵਿਕਸਤ ਨਹੀਂ ਕੀਤੀ ਹੈ। ਸੈਂਪਲ ਸਰਵੇ ’ਚ ਇਹ ਵੀ ਪਾਇਆ ਗਿਆ ਕਿ ਜ਼ਿਲਾ ਸਿਖਿਆ ਅਫਸਰ ਦੇ ਪੱਧਰ ’ਤੇ ਦੁਪਹਿਰ ਦੇ ਖਾਣੇ ਦੀ ਯੋਜਨਾ ਡਾਇਰੈਕਟੋਰੇਟ ਦੇ ਅੰਕੜੇ  ਸਕੂਲਾਂ ਨਾਲ ਮੇਲ ਨਹੀਂ ਖਾਂਦੇ। ਇਸ ਯੋਜਨਾ ਦੀ ਇਕ ਕਠਿਨ ਚਣੌਤੀ ਅਨਾਜ਼ ਪ੍ਰਬੰਧ ਵੀ ਹੈ। ਇਸ ਤਹਿਤ 100 ਗ੍ਰਾਮ ਅਨਾਜ਼ ਪ੍ਰਤੀ ਵਿਦਿਆਰਥੀ ਪ੍ਰਤੀ ਦਿਨ ਦੀ ਦਰ ਨਾਲ ਵੰਡ ਕੀਤੀ ਜਾਂਦੀ ਹੈ। ਮਾਰਚ 2005 ਤਕ ਰਾਜ ਖਾਦ ਨਿਗਮ ਅਨਾਜ਼ ਨੋਡਲ ਏਜੰਸੀ ਸੀ ਪਰ ਇਸ ਪਿਛੋਂ ਇਹ ਜ਼ਿੰਮੇਵਾਰੀ ਡਵੀਜਨ ਵਿਕਾਸ ਅਹੁਦੇਦਾਰਾਂ ਨੂੰ ਸੌਂਪ ਦਿੱਤੀ ਗਈ। ਫਰਵਰੀ 2008 ਤੋਂ ਇਹ ਕੰਮ ਡਵੀਜਨ ਸਿੱਖਿਆ ਪ੍ਰਸਾਰ ਅਹੁਦੇਦਾਰਾਂ ਦੇ ਜਿੰਮੇ ਹੈ। ਸੰਨ 2003 ਤੋਂ ਸੰਨ 2008 ਤਕ ਅਨਾਜ ਦੇ ਉਠਾਅ ਦੀ ਔਸਤ 46 ਤੋਂ 81 ਫੀਸਦੀ ਹੀ ਰਿਹਾ ਹੈ। ਨਵੰਬਰ 2006 ’ਚ ਬਕਸਰ ਤੇ ਬੇਗੂਸਰਾਏ ਦੇ ਜਿਲਾ ਅਧਿਕਾਰੀਆਂ ਨੇ ਕ੍ਰਮਵਾਰ 78.22 ਤੋਂ 38.29 ਮੀਟ੍ਰਿਕ ਟਨ ਅਨਾਜ਼ ਹੜ ਰਾਹਤ ਦੇਣ ਲਈ ਰੱਖ ਲਿਆ ਪਰ ਇਸ ਦੀ ਹਰਜਾ ਪੂਰਤੀ ਨਹੀਂ ਕੀਤੀ ਗਈ। ਚਾਰ ਜ਼ਿਲ੍ਹਿਆਂ ਦੇ 136 ਸਕੂਲਾਂ ਨੂੰ ਸੰਨ 2005 ਤੋਂ ਸੰਨ 2008 ਵਿਚਕਾਰ 90 ਲੱਖ 20 ਹਜ਼ਾਰ ਰੁਪਏ ਦੇ 563.75 ਮੀਟ੍ਰਿਕ ਟਨ ਸੜੇ ਚੌਲਾਂ ਦੀ ਸਪਲਾਈ ਕਰ ਦਿੱਤੀ ਗਈ ਬਕਸਰ ਦੇ ਡੀ. ਐਸ. ਈ. ਨੇ ਜਾਂਚ ਪਿਛੋਂ ਇਕ ਸੰਮਤੀ ਗਠਿਤ ਕੀਤੀ ਜਿਸ ਨੇ ਲਾਗਤ ਦੀ ਵਸੂਲੀ ਕੀਤੇ ਬਿਨਾਂ 15 ਕੁਇੰਟਲ ਚੌਲਾਂ ਦਾ ਨਿਪਟਾਰਾ ਕਰ ਦਿੱਤਾ, ਬਾਕੀ ਜ਼ਿਲ੍ਹਿਆਂ ਨੇ ਇਸ ਦੀ ਜਾਂਚ ਦੀ ਜਹਿਮਤ ਨਹੀਂ ਉਠਾਈ। ਬਿਹਾਰ ਸਰਕਾਰ ਨੇ ਸੰਨ 2006 ਦੇ ਸਤੰਬਰ ’ਚ 3682 ਈ. ਜੀ. ਐਸ. ਕੇਂਦਰਾਂ ਨੂੰ ਬੰਦ ਕਰ ਦਿੱਤਾ ਪਰ ਬਾਕਾ ਬਕਸਰ ਖੜ੍ਹ ਗਿਆ, ਮਧੇਪੁਰਾ, ਨਵਾਦਾ, ਪੁਰਾਣਿਆਂ ਤੇ ਵੈਸ਼ਾਲੀ ਦੇ ਜ਼ਿਲ੍ਹਾ ਅਧਿਕਾਰੀਆਂ ਨੇ ਵੰਡ ’ਚ ਕਟੌਤੀ ਨਹੀਂ ਕੀਤੀ। ਸਿੱਟੇ ਵਜੋਂ ਡੇਢ ਕਰੋੜ ਮੁੱਲ ਦੇ 2519 ਮੀਟ੍ਰਿਕ ਟਨ ਚੌਲਾਂ ਦਾ ਵੱਧ ਉਠਾਅ ਕੀਤਾ ਗਿਆ। ਏਨੀ ਵੱਡੀ ਯੋਜਨਾ ਸ਼ੁਰੂ ਕਰਦੇ ਸਮੇਂ ਬੁਨਿਆਦੀ ਢਾਂਚੇ ਦੇ ਨਿਰਮਾਣ ’ਚ ਲਾਪਰਵਾਹੀ ਵਰਤੀ ਗਈ। ਦੁਪਹਿਰ ਦਾ ਖਾਣੇ ਲਈ ਸਭ ਤੋਂ ਲਾਜ਼ਮੀ ਹੈ ਰਸੋਈ ਘਰ ਦੀ ਉਸਾਰੀ। ਸੰਨ 2004 ਤੋਂ 2008 ਦਰਮਿਆਨ 35 ਹਜ਼ਾਰ 226 ਰਸੋਈ ਸ਼ੈਡਾਂ ਦੀ ਉਸਾਰੀ ਲਈ 207 ਕਰੋੜ 24 ਲੱਖ ਰੁਪਏ ਦੀ ਵਿਵਸਥਾ ਕੀਤੀ ਗਈ ਪਰ 3599 ਰਸੋਈ ਸ਼ੈਡ ਹੀ ਬਣ ਸਕੇ ਯਾਨੀ 10 ਫੀਸਦੀ। ਇਸ ਤਰ੍ਹਾਂ ਰਾਸ਼ੀ ਮੁਹੱਈਆ ਕਰਕੇ ਬਰਤਨ ਖਰੀਦਣ ’ਚ ਵੀ ਢਿੱਲ ਵਰਤੀ ਗਈ। ਬਕਸਰ, ਬੇਗੂਸਰਾਏ, ਬਾਕਾ, ਖਗੜਿਆ, ਕਿਸ਼ਨਗੰਜ ਮਘੇਪੁਰਾ, ਨਵਾਦਾ, ਪਟਨਾ, ਪੁਰਣਿਆਂ ਤੇ ਵੈਸ਼ਾਲੀ ਜਿਲੇ ’ਚ ਬਰਤਨ ਖਰੀਦ ਲਈ 2 ਕਰੋੜ 98 ਲੱਖ ਰੁਪਏ ਮੁਹੱਈਆ ਸਨ। ਪਰ 2003 ਤੋਂ

2008 ਦੇ ਵਿਚਕਾਰ ਸਕੂਲਾਂ ਨੂੰ ਰਾਸ਼ੀ ਨਹੀਂ ਭੇਜੀ ਗਈ। ਸੈਂਪਲ ਸਰਵੇ ਤੋਂ ਪਤਾ ਲੱਗਿਆ ਕਿ 200 ’ਚੋਂ 186 ’ਚ ਭੋਜਨ ਪਕਾਉਣ ਦੇ ਬਰਤਨ ਹੀ ਨਹੀਂ ਸਨ। ਭੋਜਨ ਕਿਵੇਂ ਪੱਕਿਆ ਤੇ ਕਿਵੇਂ ਵੰਡਿਆ ਗਿਆ? ਇਹ ਸੁਆਲ ਹੈ।

ਇਸ ਯੋਜਨਾ ਦਾ ਸਭ ਤੋਂ ਕਮਜ਼ੋਰ ਪੱਖ ਹੈ ਪ੍ਰਬੰਧ ਦਾ ਵੱਖਰਾ ਨੈਟਵਰਕ ਨਾ ਹੋਣਾ। ਇਸ ਕਾਰਨ ਸਕੂਲ ਦੇ ਅਧਿਆਪਕਾਂ ਤੋਂ ਲੈ ਕੇ ਡਵੀਜ਼ਨ ਸਿਖਿਆ ਅਹੁਦੇਦਾਰਾਂ ਤਕ ਇਸ ’ਚ ਲੱਗੇ ਰਹਿੰਦੇ ਹਨ ਅਤੇ ਇਸ ਕਾਰਨ ਪੜ੍ਹਾਈ ’ਚ ਅੜਿੱਕਾ ਪੈਦਾ ਹੁੰਦਾ ਹੈ। ਵੈਸੇ ਸੰਨ 2005 ’ਚ ਰਾਜ ਸਰਕਾਰ ਨੇ ਇਸ ਦੇ ਅਮਲ ਦਾ ਜਿੰਮਾ ਸਕੂਲਾਂ ’ਚ ਮਾਪੇ ਸੰਮਤੀ ਬੀ. ਐਸ. ਐਸ. ਅਤੇ ਐਨ. ਜੀ. ਓ. ਨੂੰ ਸੌਂਪਣ ਦਾ ਫੈਸਲਾ ਕੀਤਾ ਸੀ। ਕੈਸ ਦੇ ਪ੍ਰਬੰਧ ’ਚ ਕਿਹਾ ਗਿਆ ਹੈ ਕਿ ਪ੍ਰਚੱਲਨ ’ਚ ਸਕੂਲਾਂ ਦੇ ਅਧਿਆਪਕ ਹੀ ਇਹ ਕੰਮ ਕਰ ਰਹੇ ਹਨ। ਇਸ ਕਾਰਨ ਹਫਤੇ ’ਚ 30 ਘੰਟੇ ਦੀ ਥਾਂ 13 ਤੋਂ 18 ਘੰਟੇ ਹੀ ਪੜ੍ਹਾਈ ਹੁੰਦੀ ਹੈ ਹਾਲ ਦੀ ਘੜੀ ਇਸ ਯੋਜਨਾ ’ਚ ਸੁਧਾਰ ਦੀ ਪੈਰ-ਪੈਰ ’ਤੇ ਲੋੜ ਹੈ। ਜੇ ਦੁਪਹਿਰ ਦੇ ਖਾਣੇ ਪ੍ਰਤੀ ਇਹੀ ਰਵੱਈਆ ਰਿਹਾ ਤਾਂ ਵਿਵਸਥਾ ਕਰਨ ਵਾਲਿਆਂ ਦੀ ਮੌਜ ਮਸਤੀ ਹੋਵੇਗੀ ਜਦਕਿ ਪੜ੍ਹਾਈ ਤੋਂ ਵਿਦਿਆਰਥੀ ਵਾਂਝੇ ਹੋ ਜਾਣਗੇ ਅਤੇ ਨਾਲ ਹੀ ਨਾਲ ਭੋਜਨ ਤੋਂ ਵੀ। ਪ੍ਰਬੰਧ ਹੀ ਗਲ ਸੜ ਗਿਆ ਹੈ ਤੇ ਪੈਰ ਪੈਰ ’ਤੇ ਭ੍ਰਿਸ਼ਟਾਚਾਰ ਹੈ। ਪ੍ਰਬੰਧ ’ਚ ਬੁਨਿਆਦੀ ਤਬਦੀਲੀ ਨਾਲ ਹੀ ਕੋਈ ਸਾਰਥਕ ਹੱਲ ਸੰਭਵ ਹੋਵੇਗਾ।

# ਸ਼ਰਾਬਬੰਦੀ ਦੇ ਬਹਾਨੇ ਕਰੋੜਾਂ ਦੀ ਕਮਾਈ ਕਿਵੇਂ?

ਗੁਜਰਾਤ 'ਚ ਸ਼ਰਾਬਬੰਦੀ ਦਾ ਫੁਰਮਾਨ ਹੈ ਫਿਰ ਵੀ ਇਸ ਐਲਾਨ ਦੀ ਪ੍ਰਵਾਹ ਕੀਤੇ ਬਿਨਾ ਸੂਬੇ 'ਚ ਸ਼ਰਾਬ ਹਰ ਥਾਂ ਮਿਲਦੀ ਹੈ। ਸੂਬੇ ਦੀ ਸ਼ਰਾਬ ਸਨਅਤ ਕਰੋੜ ਲੋਕਾਂ ਨੂੰ ਲਘੂ ਉਦਯੋਗ ਨਾਲ ਜੋੜ ਕੇ ਰੱਖ ਰਹੀ ਹੈ ਜਿਸ ਦੇ ਮਾਧਿਅਮ ਰਾਹੀਂ ਉਹਨਾਂ ਨੂੰ ਰੋਟੀ ਰੋਜ਼ੀ ਮੁਹੱਈਆ ਹੁੰਦੀ ਹੈ। ਜੇ ਇਸ ਸਨਅਤ ਦੀ ਆਮਦਨ ਖਰਚ ਦਾ ਲੇਖਾ ਜੋਖਾ ਠੀਕ ਹੁੰਦਾ ਹੈ। ਜੇ ਇਸ ਸਨਅਤ ਦੀ ਆਮਦਨ ਖਰਚ ਦਾ ਲੇਖਾ ਜੋਖਾ ਠੀਕ ਤਰ੍ਹਾਂ ਨਾਲ ਕੀਤਾ ਜਾਵੇ ਤਾਂ ਇਹ ਦੇਸ਼ ਦੇ ਕਿਸੇ ਵੀ ਕਾਰੋਬਾਰ ਨੂੰ ਪਿੱਛੇ ਛੱਡ ਦੇਵੇਗਾ। ਬੀਤੇ ਜੁਲਾਈ ਮਹੀਨੇ 'ਚ ਕੱਚੀ ਸ਼ਰਾਬ ਪੀਣ ਨਾਲ 150 ਲੋਕਾਂ ਦੀ ਮੌਤ ਹੋਈ। ਇਸ ਖਬਰ ਨੇ ਉਥੋਂ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਦਾ ਨਾਂ ਅਖਬਾਰਾਂ ਦੀਆਂ ਸੁਰਖ਼ੀਆਂ 'ਚ ਲਿਆ ਦਿੱਤਾ। ਪੁਲਸ ਤੇ ਨੇਤਾਵਾਂ ਦੀਆਂ ਜੇਬਾਂ ਭਰਦੀ ਕੱਚੀ ਸ਼ਰਾਬ ਨਾਲ ਘਟੀ ਇਸ ਘਟਨਾ ਨੇ ਮੁੱਖ ਮੰਤਰੀ ਦੇ ਇਸ ਵੱਡੇ ਦਾਅਵੇ ਨੂੰ ਝੂਠਾ ਸਾਬਤ ਕਰ ਦਿੱਤਾ। ਕਾਂਗਰਸ ਦੀ ਸਰਕਾਰ ਦੇ ਨਾਲ ਹੀ ਗੁਜਰਾਤ 'ਚ ਸ਼ਰਾਬ ਪੀਣ ਨਾਲ ਹੋਣ ਵਾਲੀਆਂ ਮੌਤਾਂ ਦਾ ਸਿਲਸਿਲਾ ਵੀ ਖਤਮ ਹੋ ਚੁੱਕਿਆ ਹੈ। ਗੁਜਰਾਤ ਵਿਧਾਨ ਸਭਾ ਦਾ ਸੈਸ਼ਨ ਜਾਰੀ ਹੋਣ ਦੇ ਨਾਲ ਹੀ ਜਦ ਅਹਿਮਦਾਬਾਦ ਦਾ ਹਸਪਤਾਲ ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤ ਨਾਲ ਜੂਝਣ ਵਾਲੇ ਲੋਕਾਂ ਨਾਲ ਭਰਿਆ ਪਿਆ ਸੀ ਤਦ ਵਿਰੋਧੀ ਧਿਰ ਕਾਂਗਰਸ ਨੂੰ ਉਥੋਂ ਦੀ ਸੂਬਾ ਸਰਕਾਰ ਨੂੰ ਹਮਲਾਵਰ ਰੂਪ ਨਾਲ ਘੇਰਣ ਦਾ ਮੌਕਾ ਮਿਲ ਗਿਆ ਸੀ। ਇਸ ਕਾਰਨ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਆਪਣੇ ਉਹਨਾਂ ਪ੍ਰਸਤਾਵਾਂ ਨੂੰ ਵਾਪਸ ਲੈਣਾ ਪਿਆ ਜਿਸ ਵਿਚ ਸ਼ਰਾਬ ਬੰਦੀ ਸਬੰਧੀ ਰਾਜ ਸਰਕਾਰ ਵਲੋਂ ਕੁਝ ਰਿਆਇਤਾਂ ਦਿੱਤੇ ਜਾਣ ਦਾ ਪ੍ਰਸਤਾਵ ਪਾਸ ਕੀਤਾ ਜਾਣਾ ਸੀ। ਇਹੀ ਨਹੀਂ ਪ੍ਰਦੇਸ਼ ਸਰਕਾਰ ਨੂੰ ਆਪਣੇ ਨੁਮਾਇੰਦਿਆਂ ਨੂੰ ਹੋਰ ਵੀ ਸਖਤ ਕਰਨ ਦਾ ਫੈਸਲਾ ਲੈਣਾ ਪਿਆ। ਸਰਕਾਰ ਨੇ ਆਪਣੀ ਦਿੱਖ ਨੂੰ ਪਹੁੰਚੇ ਨੁਕਸਾਨ ਦੀ ਪੂਰਤੀ ਕਾਨੂੰਨ ਤਕ 'ਚ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਸਿਲਸਿਲੇ 'ਚ ਹੇਠਲੇ ਪੱਧਰ ਦੇ ਅਧਿਕਾਰੀਆਂ ਦੀ ਵੱਡੇ ਪੈਮਾਨੇ 'ਤੇ ਅਦਲਾ ਬਦਲੀ ਵੀ ਕੀਤੀ ਗਈ। ਇਹੀ ਨਹੀਂ ਇਸ ਮਾਮਲੇ ਦੀ ਜਾਂਚ ਹਿੱਤ ਹਾਈ ਕੋਰਟ ਦੇ ਇਕ ਸੇਵਾ ਮੁਕਤ ਜੱਜ ਦੀ ਅਗਵਾਈ 'ਚ ਇਕ ਮੈਂਬਰੀ ਕਮਿਸ਼ਨ ਦੀ ਸਥਾਪਨਾ ਵੀ ਕੀਤੀ ਗਈ। ਸਰਵੇ ਅਨੁਸਾਰ ਗੁਜਰਾਤ 'ਚ ਕੱਚੀ ਸ਼ਰਾਬ ਦਾ ਸਲਾਨਾ ਕਾਰੋਬਾਰ 30 ਹਜ਼ਾਰ ਕਰੋੜ ਰੁਪਏ ਦਾ ਹੈ। ਘੱਟ ਸਮੇਂ 'ਚ ਵੱਧ ਮੁਨਾਫਾ ਕਮਾਉਣ ਲਈ ਇਹ ਇਕ ਵਧੀਆ ਧੰਦਾ ਮੰਨਿਆ ਜਾਂਦਾ ਹੈ। ਇਸ ਸੂਬੇ 'ਚ ਸ਼ਰਾਬ ਦੀਆਂ ਤਿੰਨ ਸ਼੍ਰੇਣੀਆਂ ਹਨ। ਜੋ ਉਥੋਂ ਦੇ ਅਲੱਗ ਅਲੱਗ ਵਰਗਾਂ ਨੂੰ ਧਿਆਨ 'ਚ ਰੱਖ ਕੇ ਬਣਾਈਆਂ ਜਾਂਦੀਆਂ ਹਨ। ਪਹਿਲੀ ਸ਼੍ਰੇਣੀ ਦੀ ਸ਼ਰਾਬ ਕੱਚੀ ਸ਼ਰਾਬ ਕਹੀ ਜਾਂਦੀ ਹੈ ਜੋ ਉਥੋਂ ਦੀ ਸਥਾਨਕ ਭਾਸ਼ਾ 'ਲੱਟਠਾ' ਨਾਲ ਮਸ਼ਹੂਰ ਹੈ। ਇਹ ਸ਼ਰਾਬ ਗੁਜਰਾਤ ਦੇ ਸ਼ਹਿਰੀ ਮਜ਼ਦੂਰ ਵਰਗ ਦੀ ਪਸੰਦ ਹੈ ਤਾਂ 'ਦੇਸੀ' ਨੂੰ ਪੇਂਡੂ ਇਲਾਕਿਆਂ 'ਚ ਪਸੰਦ ਕੀਤਾ ਜਾਂਦਾ ਹੈ। ਮਹੂਆ ਦੇ ਫੁੱਲਾਂ ਤੋਂ ਬਣੀ ਸ਼ਰਾਬ 'ਮਹੂਆ' ਜਿਸ ਨੂੰ ਆਦੀਵਾਸੀ ਸਮਾਜ ਬੇਹੱਦ ਪਸੰਦ ਕਰਦਾ ਹੈ। ਤੀਜੀ ਸ਼੍ਰੇਣੀ ਦੀ ਸ਼ਰਾਬ 'ਚ ਆ ਵਿਸਕੀ ਜਿੰਨ ਤੇ ਵੋਦਿਕਾ ਆਦਿ ਆਉਂਦੀ ਹੈ ਜੋ ਉਚ ਤਬਕੇ ਦੀ ਪਸੰਦ ਹੁੰਦੀ

ਹੈ। 'ਦੇਸੀ' ਤੇ 'ਕੱਚੀ ਸ਼ਰਾਬ' ਬਣਾਉਣ ਲਈ ਸਥਾਨਕ ਪੱਧਰ ਦੇ ਲਘੂ ਉਦਯੋਗ ਹਨ ਜਦਕਿ 'ਇੰਡੀਅਨ ਮੇਡ ਫਾਰੇਨ ਸ਼ਰਾਬ' (ਵਿਸਕੀ, ਬ੍ਰਾਂਡੀ, ਵੋਦਿਕਾ ਆਦਿ) ਦੀ ਸਪਲਾਈ ਹੋਰਨਾਂ ਰਾਜਾਂ ਤੋਂ ਵੀ ਕੀਤੀ ਜਾਂਦੀ ਹੈ। ਪ੍ਰਦੇਸ਼ 'ਚ ਸ਼ਰਾਬ ਬੰਦੀ ਕਨੂੰਨ ਕਿੰਨਾ ਵੀ ਸਖਤ ਤਰੀਕੇ ਨਾਲ ਲਾਗੂ ਕੀਤਾ ਜਾਵੇ ਪਰ ਇਹ ਧੰਦਾ ਕਦੀ ਰੁਕਣ ਵਾਲਾ ਨਹੀਂ ਹੈ। ਇਹ ਧੰਦਾ ਨੌਕਰਸ਼ਾਹੀ ਦੀ ਸ਼ਹਿ 'ਤੇ ਹੀ ਵਧਦਾ ਫੁਲਦਾ ਹੈ ਜਿਸ ਨੂੰ ਹਵਾ ਦੇਣ ਵਾਲੇ ਨੇਤਾ ਆਪ ਹੁੰਦੇ ਹਨ। ਇਸ ਧੰਦੇ ਨਾਲ ਜੁੜੇ ਲੋਕ ਨਾਜਾਇਜ਼ ਮੁਨਾਫਾ ਕਮਾਉਂਦੇ ਹਨ। ਜੋ ਕੰਪਨੀਆਂ ਆਪਣੇ ਵੱਖ-ਵੱਖ ਬਰਾਂਡ ਨਾਵਾਂ ਨਾਲ ਸ਼ਰਾਬ ਬਣਾਉਂਦੀਆਂ ਹਨ ਉਹ ਵੀ ਟੈਕਸ ਬਚਾਉਣ ਦੀ ਖਾਤਰ ਗਲਤ ਤਰੀਕੇ ਨਾਲ ਰਾਜ ਤੋਂ ਬਾਹਰ ਸ਼ਰਾਬ ਨੂੰ ਭੇਜਦੀਆਂ ਹਨ।

ਗੁਜਰਾਤ ਸਰਕਾਰ ਵੱਲੋਂ ਸੰਨ 1987 'ਚ ਜੱਜ ਮਿਆਭੋਵ ਕਮਿਸ਼ਨ ਦੀ ਸਥਾਪਨਾ ਕੀਤੀ ਗਈ, ਜਿਸ ਨੇ ਆਪਣੀ ਰਿਪੋਰਟ 'ਚ ਸ਼ਰਾਬਬੰਦੀ ਦੀ ਅਸਫਲਤਾ ਲਈ ਨਾਜਾਇਜ਼ ਸ਼ਰਾਬ ਵਿਕ੍ਰੇਤਾਵਾਂ ਪਾਬੰਦੀ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ 'ਚ ਵੱਡੇ ਪੈਮਾਨੇ 'ਤੇ ਫੈਲੇ ਭ੍ਰਿਸ਼ਟਾਚਾਰ ਅਤੇ ਉਹਨਾਂ ਇਲਾਕਿਆਂ ਤੇ ਸਮੂਹਾਂ 'ਚ ਜਿਥੇ ਵੱਡੇ ਪੈਮਾਨੇ 'ਤੇ ਸ਼ਰਾਬ ਪੀਤੀ ਜਾਂਦੀ ਹੈ ਨੂੰ ਰੋਕਣ ਲਈ ਸਹੀ ਉਪਕਰਣ ਲਾਗੂ ਕੀਤੇ ਜਾਣ 'ਚ ਕੋਤਾਹੀ ਵਰਤਣ ਦਾ ਦੋਸ਼ੀ ਠਹਿਰਾਇਆ ਸੀ। ਇਹ ਰਿਪੋਰਟ ਸੰਨ 1983 'ਚ ਪੇਸ਼ ਕੀਤੀ ਗਈ ਸੀ। ਸ਼ਰਾਬਬੰਦੀ ਨੂੰ ਹੋਰ ਕਰੜੇ ਤਰੀਕੇ ਨਾਲ ਲਾਗੂ ਕਰਨ ਦੀ ਵਕਾਲਤ ਕਰਦਿਆਂ ਕਮਿਸ਼ਨ ਨੇ ਕਿਹਾ ਕਿ ਮੌਜੂਦਾ ਪਾਬੰਦੀਆਂ ਨੂੰ ਖਤਮ ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਕਮਿਸ਼ਨ ਨੇ ਨਜਾਇਜ਼ ਸ਼ਰਾਬ ਵ੍ਰਿਕੇਤਾਵਾਂ ਦਾ ਜਿਕਰ ਕਰਦਿਆਂ ਕਿਹਾ ਕਿ ਸਮਾਜ ਵਿਰੋਧੀ ਲੋਕਾਂ ਨੇ ਨਜਾਇਜ਼ ਸ਼ਰਾਬ ਦੇ ਨਿਰਮਾਣ, ਜਮ੍ਹਾਂਖੋਰੀ ਦਰਾਮਦ ਕਰਨ ਤੇ ਵੰਡ ਪ੍ਰਣਾਲੀ ਨੂੰ ਪੂਰਨ ਤੌਰ 'ਤੇ ਇਕ ਧੰਦੇ 'ਚ ਤਬਦੀਲ ਕਰ ਦਿੱਤਾ ਹੈ। ਸ਼ਰਾਬ ਬੰਦੀ ਨੂੰ ਸਖਤੀ ਨਾਲ ਲਾਗੂ ਕਰਨ ਦਾ ਲਾਭ ਤਾਂ ਹੀ ਮਿਲ ਸਕੇਗਾ ਜਦ ਇਸ ਦੀ ਸਪਲਾਈ ਤੇ ਵੰਡ ਦੇ ਤਾਣੇ ਬਾਣੇ ਨੂੰ ਘੱਟੋ ਘੱਟ ਸ਼ਹਿਰਾਂ ਤੇ ਕਸਬਿਆਂ 'ਚ ਤੋੜ ਦਿੱਤਾ ਜਾਵੇ। ਸ਼ਰਾਬ ਦੇ ਨਜਾਇਜ਼ ਵਪਾਰ ਦੇ ਮੁਨਾਫੇ 'ਚ ਪੁਲਸ ਦੇ ਵੱਡੇ ਅਫਸਰਾਂ ਦੀ ਚਾਂਦੀ ਹੀ ਚਾਂਦੀ ਹੈ। ਇਹ ਮੁਨਾਫਾ ਅਸਲੀ ਲਾਗਤ ਤੋਂ 9 ਗੁਣਾ ਵੱਧ ਹੈ। ਕਿਤੇ-ਕਿਤੇ ਤਾਂ ਇਹ 12 ਗੁਣਾ ਜ਼ਿਆਦਾ ਹੈ। ਕਮਿਸ਼ਨ ਅਨੁਸਾਰ ਸ਼ਾਇਦ ਹੀ ਕੋਈ ਤਸਕਰ ਆਪਣੇ ਧੰਦੇ 'ਚ ਏਨਾ ਲਾਭ ਕਮਾਉਂਦਾ ਹੋਵੇ ਜਿੰਨਾ ਕਿ ਪੁਲਸ ਵਿਭਾਗ ਦੀ ਕਮਾਈ ਹੁੰਦੀ ਹੈ। ਸ਼ਰਾਬ ਦੇ ਨਜਾਇਜ਼ ਕਾਰੋਬਾਰੀਆਂ ਅਤੇ ਨੇਤਾਵਾਂ ਵਿਚਕਾਰ ਆਪਸੀ ਤਾਲ ਮੇਲ ਦੇ ਮੱਦੇਨਜ਼ਰ ਟਿੱਪਣੀ ਕਰਦਿਆਂ ਮਿਆਭੋਗ ਕਮਿਸ਼ਨ ਕਹਿੰਦਾ ਹੈ ਕਿ ਇਹਨਾਂ ਨਾਲੋਂ ਗਲਤ ਤਰੀਕਿਆਂ ਨਾਲ ਭਾਰੀ ਪੈਮਾਨੇ 'ਤੇ ਇਕੱਠੇ ਕੀਤੇ ਧਨ ਕਾਰਨ ਇਹ ਗੁਜਰਾਤ 'ਚ ਹਰ ਪੱਧਰ 'ਤੇ ਸਨਮਾਨਿਤ ਨਾਗਰਿਕ ਵਜੋਂ ਜਾਣੇ ਜਾਂਦੇ ਹਨ। ਰਿਪੋਰਟ ਅਨੁਸਾਰ ਲਗਭਗ ਸਭ ਨਜਾਇਰ ਸ਼ਰਾਬ ਕਾਰੋਬਾਰੀ ਸਮਾਜ ਵਿਰੋਧੀ ਗੈਰ ਕਾਨੂੰਨੀ ਕੰਮਾਂ 'ਚ ਲਿਪਤ ਹਨ। ਜੋ ਵੀ ਉਹਨਾਂ ਦੇ ਇਹਨਾਂ ਕੰਮਾਂ ਦਾ ਪਰਦਾ ਫਾਸ਼ ਕਰਦਾ ਹੈ ਉਸ ਨੂੰ ਇਹ ਧਮਕਾਉਣ ਤੋਂ ਬਾਜ ਨਹੀਂ ਆਉਂਦੇ। ਸੂਬੇ 'ਚ ਨਜਾਇਜ਼ ਸ਼ਰਾਬ ਦਾ ਧੰਦਾ ਕਰਨ ਵਾਲੇ ਨੂੰ ਕਿਸੇ 'ਖਾਸ ਜਗਾਹ' ਤੋਂ ਆਪਣਾ ਧੰਦਾ ਚਲਾਉਣ ਤੋਂ ਪਹਿਲਾਂ ਦੋਨਾਂ ਧਿਰਾਂ ਨਾਲ ਲੈਣ ਦੇਣ ਹੁੰਦਾ ਹੈ। ਜਿਸ ਨੂੰ 'ਪੁਆਇੰਟ' ਕਿਹਾ ਜਾਂਦਾ ਹੈ। ਇਹਨਾਂ 'ਪੁਆਇੰਟਾਂ' ਤੋਂ

ਇਕੱਠੀ ਕੁਲ ਰਾਸ਼ੀ ਦਾ 60 ਫੀਸਦੀ ਸਿੱਧੇ ਤੌਰ 'ਤੇ ਸਬੰਧਤ ਥਾਣੇ ਦੇ ਇੰਸਪੈਕਟਰ ਦੇ ਹਿੱਸੇ ਚਲਿਆ ਜਾਂਦਾ ਹੈ। ਬਚੀ ਰਕਮ ਹੋਰਨਾਂ ਲੋਕਾਂ 'ਚ ਵੰਡ ਦਿੱਤੀ ਜਾਂਦੀ ਹੈ। ਅਜਿਹੇ ਖੇਤਰ ਜਿਥੇ ਵਿਕਰੀ ਅੱਛੀ ਹੋਵੇ ਹਫਤੇ ਵਜੋਂ ਦੋ ਤੋਂ ਚਾਰ ਲੱਖ ਰੁਪਏ ਦੇਣੇ ਪੈਂਦੇ ਹਨ। ਅਹਿਮਦਾਬਾਦ 'ਚ ਸ਼ਰਾਬ ਦੇ ਇਸ ਧੰਦੇ 'ਚ ਹਰ ਸਾਲ 1500 ਕਰੋੜ ਰੁਪਏ ਦੀ ਰਾਸ਼ੀ ਵਾਰੇ-ਨਿਆਰੇ ਹੁੰਦੇ ਹਨ। ਇਸ 'ਚ ਪੁਲਸ ਦਾ ਹਿੱਸਾ ਇਕ ਤਿਹਾਈ ਹੁੰਦਾ ਹੈ। ਇਕੱਲੇ ਸੂਰਤ 'ਚ 50000 ਲਿਟਰ ਸ਼ਰਾਬ ਹਰ ਦਿਨ ਲੋਕ ਪੀਂਦੇ ਹਨ ਅਤੇ ਲਗਭਗ 18000 ਤੋਂ ਵੱਧ ਪਿੰਡਾਂ 'ਚ 70 ਫੀਸਦੀ ਤੋਂ ਵੀ ਵੱਧ ਹਿੱਸੇ 'ਚ 'ਦੇਸੀ ਸ਼ਰਾਬ' ਬਣਾਈ ਜਾਂਦੀ ਹੈ। ਮੁੱਖ ਮੰਤਰੀ ਨਰੇਂਦਰ ਮੋਦੀ ਭਾਵੇਂ ਹੀ ਸ਼ਰਾਬ ਬੰਦੀ ਦਾ ਐਲਾਨ ਕਰਦਿਆਂ ਸਖਤ ਕਾਰਵਾਈ ਦਾ ਐਲਾਨ ਕਰੇ ਪਰ ਪਿਛਲੀ ਲੋਕ ਸਭਾ ਚੋਣਾਂ 'ਚ ਸਾਬਕਾ ਕੇਂਦਰੀ ਮੰਤਰੀ, ਨਰੇਂਦਰ ਮੋਦੀ ਭਾਵੇਂ ਹੀ ਸਰਾਬ ਬੰਦੀ ਦਾ ਐਲਾਨ ਕਰਦਿਆਂ ਸਖਤ ਕਾਰਵਾਈ ਦਾ ਐਲਾਨ ਕਰੇ, ਪਰ ਪਿਛਲੀ ਲੋਕ ਸਭਾ ਚੋਣਾਂ 'ਚ ਸਾਬਕਾ ਕੇਂਦਰੀ ਮੰਤਰੀ ਸ਼ੰਕਰ ਸਿੰਘ ਬਘੇਲਾ ਨੂੰ ਹਰਾਉਣ ਲਈ ਜਿਸ ਪ੍ਰਵੀਨ ਸਿੰਘ ਚੌਹਾਨ ਨੂੰ ਉਹਨਾਂ ਖੜ੍ਹਾ ਕੀਤਾ ਉਹਨਾਂ ਸਿਰਫ ਰਾਜ ਦੇ ਸਾਬਕਾ ਮੰਤਰੀ ਪ੍ਰਭਾਤ ਸਿੰਘ ਦਾ ਬੇਟਾ ਹੈ ਬਲਕਿ ਨਜਾਇਜ਼ ਸ਼ਰਾਬ ਦਾ ਜਾਣਾ ਪਹਿਚਾਣਿਆ ਕਾਰੋਬਾਰੀ ਵੀ ਹੈ। ਜਿਸ ਨੂੰ ਪੁਲਸ ਅਪਰਾਧਿਕ ਮਾਮਲਿਆਂ 'ਚ ਕਈ ਵਾਰ ਗ੍ਰਿਫਤਾਰ ਵੀ ਕਰ ਚੁੱਕੀ ਹੈ। ਦੇਖਿਆ ਜਾਏ ਤਾਂ ਸਬ ਇੰਸਪੈਕਟਰ ਤੋਂ ਲੈ ਕੇ ਉਪਰਲੇ ਅਹੁਦਿਆਂ ਤਕ ਤਬਾਦਲੇ ਰਾਜ ਸਰਕਾਰ ਦਾ ਗ੍ਰਹਿ ਵਿਭਾਗ ਕਰਦਾ ਹੈ ਇਹ ਮਹਿਕਮਾ ਰਾਜ ਦੇ ਗ੍ਰਹਿ ਮੰਤਰੀ ਅਧੀਨ ਹੁੰਦਾ ਹੈ। ਇਹ ਵਿਭਾਗ ਆਪਣੇ ਲੋਕਾਂ ਨੂੰ ਸਨਮਾਨਿਤ ਕਰਨ ਤੇ ਰਕਮ ਦਾ ਲੈਣ ਦੇਣ ਕਰਨ ਦੇ ਵੱਡੇ ਸ੍ਰੋਤ ਹਨ। ਇਸ ਲਈ ਜਿਸ ਸਬ ਇੰਸਪੈਕਟਰ ਨੂੰ ਖੇਤਰ ਵਿਸ਼ੇਸ਼ ਦੀ ਕੋਈ 'ਕਮਾਊਸੀਟ' ਮਿਲ ਜਾਵੇ ਸਮਝੋ ਉਹ ਬਹੁਤ ਹੀ ਭਾਰੀ ਤਿਜੌਰੀ ਦਾ ਮਾਲਕ ਬਣ ਬੈਠਾ। ਉਹ ਉਪਰਲਿਆਂ ਤੋਂ ਵੀ ਨਹੀਂ ਡਰਦਾ ਕਿਉਂਕਿ ਇਹ ਤਿਜੌਰੀ 'ਚੋਂ ਰਕਮ ਉਹਨਾਂ ਕੋਲ ਵੀ ਪਹੁੰਚਾਈ ਜਾਦੀ ਹੈ।

# ਨੁਮਾਇੰਦੇ ਲੋਕਾਂ ਦੇ ਜਾਂ ਜੋਕਾਂ ਦੇ

ਸੰਨ 1974 ਦੀ ਗੱਲ ਹੈ। ਮਸ਼ਹੂਰ ਸਨਅਤਕਾਰ ਕੇ. ਕੇ ਬਿਰਲਾ ਉਤਰ ਪ੍ਰਦੇਸ਼ ਤੋਂ ਰਾਜ ਸਭਾ 'ਚ ਆਉਣਾ ਚਾਹੁੰਦੇ ਸਨ। ਹਾਲਾਂਕਿ ਉਹ ਕਾਂਗਰਸ ਦੇ ਕਾਨੂੰਨੀ ਉਮੀਦਵਾਰ ਨਹੀਂ ਸਨ। ਪਰ ਉਹਨਾਂ ਨੂੰ ਪਾਰਟੀ ਦੇ ਮਤਿਆਂ ਦਾ ਭਰੋਸਾ ਸੀ। ਸੂਬੇ 'ਚ ਅਤੇ ਕੇਂਦਰ 'ਚ ਕਾਂਗਰਸ ਦੀ ਸਰਕਾਰ ਸੀ ਅਤੇ ਹਮੇਸ਼ਾ ਵਾਂਗੂੰ ਬਿਰਲਾ ਪਰਿਵਾਰ ਕਾਂਗਰਸ ਤੇ ਉਸ ਦੀ ਨੀਤੀਆਂ ਦਾ ਹਾਮੀ ਸੀ। ਇਸ ਦੇ ਲਈ ਸ੍ਰੀਮਤੀ ਗਾਂਧੀ ਦੇ ਕਰੀਬੀ ਕਹੇ ਜਾਣ ਵਾਲੇ ਯਸ਼ਪਾਲ ਕਪੂਰ ਲਖਨਊ ਗਏ ਅਤੇ ਮੁੱਖ ਮੰਤਰੀ ਦੀ ਕੋਠੀ 'ਚ ਰੁਕੇ। ਉਸ ਵੇਲੇ ਮੁੱਖ ਮੰਤਰੀ ਹੇਮਵਤੀ ਨੰਦਨ ਬਹੁਗੁਣਾ ਨੂੰ ਜਦ ਯਸ਼ਪਾਲ ਕਪੂਰ ਦੇ ਆਉਣ ਦਾ ਕਾਰਨ ਪਤਾ ਲੱਗਿਆ ਤਾਂ ਉਹਨਾਂ ਨੇ ਯਸ਼ਪਾਲ ਕਪੂਰ ਨੂੰ ਕਿਹਾ ਕਿ ਉਹ ਸਰਕਾਰੀ ਗੈਸਟ ਹਾਊਸ 'ਚ ਜਾ ਕੇ ਠਹਿਰਣਾ ਜਾਹਿਰ ਹੈ ਕਿ ਬਹੁਗੁਣਾ ਨੇ ਨਾ ਯਸ਼ਪਾਲ ਕਪੂਰ ਅਤੇ ਨਾ ਹੀ ਕੇ. ਕੇ. ਬਿਰਲਾ ਨੂੰ ਕੋਈ ਰਾਹ ਦਿੱਤ ਅਤੇ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਜ਼ਰੂਰੀ ਵੋਟਾਂ ਨਹੀਂ ਹਾਸਲ ਕਰ ਸਕੇ। ਉਸ ਸੀਟ ਤੋਂ ਰਾਜ ਨਾਰਾਇਣ ਚੁਣੇ ਗਏ। ਬਾਅਦ 'ਚ ਬਿਰਲਾ ਰਾਜਸਥਾਨ ਤੋਂ ਰਾਜਸਭਾ ਪਹੁੰਚਣ 'ਚ ਕਾਮਯਾਬ ਰਹੇ ਪਰ ਉਸ ਮਾਮਲੇ ਨਾਲ ਇਹ ਸਮਝਣਾ ਮੁਸ਼ਕਿਲ ਨਹੀਂ ਹੈ ਕਿ ਉਸ ਜਮਾਨੇ 'ਚ ਜਾਨੇ-ਮਾਨੇ ਸਨਅਤਕਾਰਾਂ (ਦਲਾਲ ਸਰਮਾਏਦਾਰਾਂ) ਨੂੰ ਰਾਜ ਸਭਾ 'ਚ ਜਗ੍ਹਾ ਹਾਸਲ ਕਰਨ ਲਈ ਖਾਸੀ ਮੁਸ਼ੱਕਤ ਕਰਨੀ ਪੈਂਦੀ ਸੀ ਪਰ ਅੱਜ? ਪਿੱਛੇ ਜਿਹੇ ਹੀ ਸੰਸਦ ਸੈਸ਼ਨ ਦੌਰਾਨ ਜਦ ਕੇ. ਜੀ. ਬੇਸਿਨ ਦੀ ਗੈਸ ਸਬੰਧੀ ਰਾਜ ਸਭਾ 'ਚ ਚਰਚਾ ਚਲ ਰਹੀ ਸੀ ਤਾਂ ਝਾਰਖੰਡ ਤੋਂ ਛੁਟਾ ਉਮੀਦਵਾਰ ਵਜੋਂ ਰਾਜ ਸਭਾ 'ਚ ਪੁੱਜੇ ਪਰਿਮਲ ਨਾਥਵਾਨੀ ਨੇ ਦਖਲਅੰਦਾਜੀ ਕੀਤੀ ਅਤੇ ਸ਼ਰੇਆਮ ਮੰਨਿਆ ਕਿ ਉਹ ਮੁਕੇਸ਼ ਅੰਬਾਨੀ ਦੇ ਆਰ. ਆਈ. ਐਲ. ਯਾਨੀ ਰਿਲਾਇੰਸ ਇੰਡਸਟਰੀਜ ਲਿਮਟਿਡ ਨਾਲ ਜੁੜੇ ਹਨ। ਇਸ ਮਾਮਲੇ ਸਬੰਧੀ ਮਾਕਪਾ ਸਾਂਸਦ ਵਰਿੰਦਾ ਕਠਾਤ ਨੇ ਸਪੀਕਰ ਹਾਮਦ ਅਨਸਾਰੀ ਨੂੰ ਮੰਗ ਪੱਤਰ ਵੀ ਦਿੱਤਾ। ਵਰਿੰਦਾ ਕਰਾਤ ਦਾ ਕਹਿਣਾ ਸੀ ਕਿ ਇਸ ਘਟਨਾ ਨਾਲ ਰਾਜ ਸਭਾ ਦੇ ਸਨਮਾਨ ਨੂੰ ਠੇਸ ਪਹੁੰਚੀ ਹੈ। ਹਾਲਾਂਕਿ ਵਰਿੰਦਾ ਹਾ ਵਿਰੋਧ ਸਿਰਫ ਇਸ ਗੱਲ ਸਬੰਧੀ ਸੀ ਕਿ ਕਿਉਂਕਿ ਨਾਥਵਾਨੀ ਆਰ. ਆਈ. ਐਲ. ਦੇ ਕਰਮਚਾਰੀ ਰਹੇ ਹਨ ਇਸ ਲਈ ਉਹਨਾਂ ਨੂੰ ਇਸ ਝਗੜੇ 'ਚ ਨਹੀਂ ਬੋਲਣਾ ਚਾਹੀਦਾ ਪਰ ਇਸ ਮਾਮਲੇ ਨੇ ਇਕ ਵਾਰੀ ਫਿਰ ਇਸ ਚਰਚਾ ਨੂੰ ਹਵਾ ਦਿੱਤੀ ਹੈ ਕਿ ਸਾਡੀ ਸੰਸਦ 'ਚ ਕਿੰਨੇ ਲੋਕ ਹਨ ਜੋ ਲੋਕਾਂ ਦੇ ਨੁਮਾਇੰਦੇ ਨਹੀਂ ਬਲਕਿ ਦਲਾਲ ਸਰਮਾਏਦਾਰੀ (ਸਨਅਤੀ ਜਗਤ) ਦੀ ਨੁਮਾਇੰਦੀ ਕਰਦੇ ਹਨ। ਸੱਚੀ ਗੱਲ ਇਹ ਹੈ ਕਿ ਜੇ ਲੋਕ ਸਭਾ ਅਤੇ ਰਾਜ ਸਭਾ ਮੈਂਬਰਾਂ ਦੇ ਕੰਮ-ਧੰਦੇ ਤੇ ਉਹਨਾਂ ਦੀ ਪਿੱਠਭੂਮੀ ਦੀ ਛਾਣਬੀਣ ਕੀਤੀ ਜਾਵੇ ਤਾਂ ਹੈਰਾਨਕੁੰਨ ਤੱਥ ਸਾਹਮਣੇ ਆਉਣਗੇ। ਖਾਸ ਕਰਕੇ ਰਾਜ ਸਭਾ ਤਾਂ ਥੈਲੀਸ਼ਾਹਾਂ ਦੀ ਸਭਾ ਬਣ ਕੇ ਰਹਿ ਗਈ ਹੈ। ਇਸ ਚੋਣ ਵਿਚ ਵਧਦੇ ਖਰਚ ਦਾ ਅਸਰ ਕਹੀਏ ਜਾਂ ਸਾਡੀਆਂ ਰਾਜਸੀ ਪਾਰਟੀਆਂ ਦੀ ਕਿਰਦਾਰ ਕੁਸ਼ੀ ਜਾਂ ਫਿਰ ਰਾਜਨੀਤੀ 'ਚ ਬਣੇ ਰਹਿਣ ਲਈ ਪੈਸੇ ਦਾ ਜ਼ੋਰ। ਅੱਜ ਕੁਲ ਮਿਲਾ ਕੇ ਸਭ ਪਾਰਟੀਆਂ 'ਚ ਅਜਿਹੇ ਲੋਕ ਭਰੇ ਪਏ ਹਨ ਜੋ ਜਾਂ ਤਾਂ ਖੁਦ ਸਨਅਤਕਾਰ ਹਨ ਜਾਂ

ਫਿਰ ਪਰਿਮਲ ਨਾਥਬਾਣੀ ਵਾਂਗੂੰ ਕਿਸੇ ਨਾ ਕਿਸੇ ਕਾਰੋਬਾਰੀ (ਵਪਾਰਕ) ਘਰਾਣੇ ਦੇ ਕਰਮਚਾਰੀ ਹਨ। ਇਹ ਲੋਕ ਨਾ ਸਿਰਫ ਮੰਤਰੀ ਹਨ ਬਲਕਿ ਸੰਸਦ ਦੀਆਂ ਵੱਖ-ਵੱਖ ਸੰਮਤੀਆਂ ਵਿੱਚ ਵੀ ਹਨ। ਜਾਹਿਰ ਹੈ ਅੱਜ ਉਹ ਥੈਲੀਸ਼ਾਹ ਸਰਕਾਰ ਦੀਆਂ ਨੀਤੀਆਂ ਨੂੰ ਸਿੱਧੇ ਅਤੇ ਸ਼ਰੇਆਮ ਪ੍ਰਭਾਵਿਤ ਕਰ ਰਹੇ ਹਨ। ਰਾਜ ਸਭਾ 'ਚ ਇਕੱਲੇ ਪਰਿਮਲ ਨਾਥਵਾਣੀ ਹੀ ਨਹੀਂ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਵਾਈ. ਪੀ. ਤ੍ਰਿਵੈਦੀ ਵੀ ਹਨ ਜੋ ਆਰ. ਆਈ. ਐਲ. ਦੇ ਬੋਰਡ 'ਚ ਹਨ।

ਅਜੇ ਬਹੁਤੇ ਦਿਨ ਨਹੀਂ ਹੋਏ ਜਦ ਦਾਰੂ ਕਿੰਗ ਵਿਜੈ ਰਾਜ ਸਭਾ ਦੀ ਸ਼ੋਭਾ ਵਧਾ ਰਹੇ ਸਨ। ਤਾਜਾ ਖਬਰ ਇਹ ਹੈ ਕਿ ਮਲਿਆ ਹੁਣ ਨੈਸ਼ਨਲ ਕਾਂਗਰਸ ਦੇ ਸਹਾਰੇ ਜੰਮੂ ਕਸ਼ਮੀਰ ਤੋਂ ਰਾਜ ਸਭਾ ਪੁੱਜਣਾ ਚਾਹੁੰਦੇ ਸਨ। ਮੁਰਲੀ ਦੇਵੜਾ, ਅਮਰ ਸਿੰਘ, ਪ੍ਰੇਮਚੰਦ ਗੁਪਤਾ, ਮਨੋਹਰ ਜੋਸੀ, ਸੰਤੋਸ਼ ਬਾਗਰੋਡਿਆ, ਰਾਜ ਕੁਮਾਰ ਧੂਤ, ਅਨਿਲ ਐਚ ਲਾਡ ਦੀ ਸੁਬਾਰਾਮੀ ਰੇਡੀ ਰਾਹੁਲ ਬਜਾਜ, ਐਮ. ਏ. ਐਮ. ਰਾਮ ਸੁਆਮੀ ਕਿੰਗ ਮਹੇਂਦਰ ਦੇ ਨਾਲ ਨਾਲ ਮਸ਼ਹੂਰ ਮਹੇਂਦਰ ਪ੍ਰਸ਼ਾਦ ਕਿਸੇ ਦੇ ਨੁਮਾਇੰਦੇ ਹਨ। ਇਸ ਮਾਮਲੇ 'ਚ ਲੋਕ ਸਭਾ ਵੀ ਪਿੱਛੇ ਨਹੀਂ ਹੈ। ਪ੍ਰਫੁੱਲ ਪਟੇਲ, ਮਿਲਿੰਦ ਦੇਵੜਾ, ਨਵੀਨ ਜਿੰਦਲ ਵਰਗੇ ਕਈ ਨਾ ਜੋ ਮੂਲ ਰੂਪ 'ਚ ਉਦਯੋਗਿਕ ਘਰਾਣਿਆ ਤੋਂ ਆਏ ਹਨ। ਇਥੇ ਉਨਾਵ ਤੋਂ ਕਾਂਗਰਸੀ ਸੰਸਦ ਅਨੁਟੰਡਨ ਵੀ ਹਨ ਜੋ ਆਪਣੇ ਪਰਿਵਾਰ ਸਮੇਤ ਆਰ. ਆਈ. ਐਲ. ਅਤੇ ਮੁਕੇਸ਼ ਅੰਬਾਨੀ ਨਾਲ ਕਿਸੇ ਨਾ ਕਿਸੇ ਰੂਪ 'ਚ ਜੁੜੀ ਹੈ। ਇਸ ਮਾਮਲੇ 'ਚ ਖੱਬੀਆਂ ਪਾਰਟੀਆਂ ਦਾ ਰਿਕਾਰਡ ਕੁਝ ਅੱਛਾ ਰਿਹਾ ਹੈ ਪਰ ਆਰ. ਐਸ. ਪੀ. ਦੇ ਅਬਨੀ ਰਾਏ ਨੇ ਸਾਰੇ ਕੀਤੇ ਕਤਾਏ 'ਤੇ ਪਾਣੀ ਫੇਰ ਦਿੱਤਾ। ਵੈਸੇ ਰੀਪਬਲੀਕਨ ਸੋਸਲਿਸ਼ਟ ਪਾਰਟੀ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਅਤੇ ਅਬਨੀ ਰਾਏ ਨੂੰ ਪਾਰਟੀ ਤੋਂ ਅਸਤੀਫਾ ਦੇਣਾ ਪਿਆ। ਸੰਭਵ ਹੈ ਕਿ ਪਾਰਟੀ ਉਹਨਾਂ 'ਤੇ ਕਾਰਵਾਈ ਵੀ ਕਰੇ ਪਰ ਜਦ ਕਿਸੇ ਪਾਰਟੀ ਦਾ ਮੁਖੀ ਹੀ ਕਿਸੇ ਸਨਅਤੀ ਘਰਾਣੇ ਸਬੰਧੀ ਸੰਸਦ 'ਚ ਹੰਗਾਮਾ ਅਤੇ ਵਾਕ ਆਊਟ ਕਰੇ ਤਾਂ ਕੀ ਕਰੋਗੇ? ਸੰਸਦ ਦੇ ਪਿਛਲੇ ਸੈਸ਼ਨ 'ਚ ਸਮਾਜਵਾਦੀ ਪਾਰਟੀ ਦੇ ਮੁਖਿਆ ਮੁਲਾਇਮ ਸਿੰਘ ਨੇ ਪੈਟਰੋਲੀਅਮ ਮੰਤਰੀ ਮੁਰਲੀ ਦੇਵੜਾ 'ਤੇ ਖੁੱਲ੍ਹੇਆਮ ਦੋਸ਼ ਲਾਉਂਦੇ ਹੋਏ ਕਿਹਾ ਕਿ ਦੇਵੜਾ ਭ੍ਰਿਸ਼ਟ ਹੈ ਅਤੇ ਦੇਸ਼ ਦੀਆਂ ਅੱਖਾਂ 'ਚ ਧੂਲ ਝੋਕ ਰਹੇ ਸਨ। ਮਜ਼ੇਦਾਰ ਗੱਲ ਇਹ ਹੈ ਕਿ ਮੁਲਾਇਮ ਸਿੰਘ ਵੀ ਕ੍ਰਿਸ਼ਨ ਗੋਦਾਵਰੀ ਬੇਸਨ ਮਾਮਲੇ 'ਚ ਹੀ ਅਨਿਲ ਅੰਬਾਨੀ ਦਾ ਪੱਖ ਲੈ ਕੇ ਬੋਲ ਰਹੇ ਸਨ। ਅਮਰ ਸਿੰਘ ਬਾਰੇ 'ਚ ਅਸੀਂ ਜਾਣਦੇ ਹਾਂ ਕਿ ਉਹ ਅਨਿਲ ਅੰਬਾਨੀ ਦੇ ਕਰੀਬੀ ਹਨ ਪਰ ਲੋਹੀਆ ਦੇ ਨਾਂ ਦਾ ਝੰਡਾ ਲੈ ਕੇ ਰਾਜਨੀਤੀ ਕਰਨ ਵਾਲੇ ਮੁਲਾਇਮ ਬਾਰੇ ਕੀ ਕਹੋਗੇ? ਸਤਰਵਿਆਂ 'ਚ ਵਿਦਿ ਰਾਜਨੀਤੀ 'ਚ ਸਰਗਰਮ ਰਹੇ ਇਕ ਪੁਰਾਣੇ ਕਾਂਗਰਸੀ ਨੇਤਾ ਮੁਤਾਬਕ ਉਸ ਜ਼ਮਾਨੇ 'ਚ ਇੱਕਾ ਦੁੱਕਾ ਸਨਅਤਕਾਰ ਲਈ ਕਿਸੇ ਵੀ ਪਾਰਟੀ ਦਾ ਅਧਿਕਾਰਿਤ ਉਮੀਦਵਾਰ ਬਣਨਾ ਨਾਮੁਮਕਿਨ ਜਿਹਾ ਸੀ ਚਾਹੇ ਉਹ ਰਾਜ ਸਭਾ ਹੋਵੇ ਜਾਂ ਲੋਕ ਸਭਾ ਪਰ ਅੱਜ ਮਾਮਲਾ ਉਲਟਾ ਹੈ। ਰਾਜ ਸਭਾ ਮੈਂਬਰਾਂ ਦੀ ਸੂਚੀ ਕੱਢੋ ਤਾਂ ਝਟਕਾ ਜਿਹਾ ਲੱਗੇਗਾ। ਜਨੇਸ਼ਵਰ ਮਿਸਰ ਇਸ ਨੂੰ ਲੋਕਤੰਤਰ ਲਈ ਸ਼ਰਮਨਾਕ ਦੱਸਦਿਆਂ ਕਹਿੰਦੇ ਹਨ। 'ਦੇਸ਼ 'ਚ ਗਰੀਬ ਬਹੁਤ, ਹੈ ਇਸ ਲਈ ਇਹ ਦੁੱਖਦਾਈ ਹੈ ਕਿ ਜਨਤਾ ਦੀ ਸੰਸਥਾ 'ਤੇ ਥੈਲੀ ਸ਼ਾਹਾਂ ਦਾ ਕਬਜਾ ਹੋ ਰਿਹਾ ਹੈ। ਇਸ ਦੋਗਲੇ ਕਿਰਦਾਰ ਨਾਲ ਭਾਰਤੀ 'ਲੋਕਤੰਤਰ' ਕਰੇਗਾ ਕੀ? ਜਿਸ ਤਰ੍ਹਾਂ ਨੱਬੇ

'ਚ ਬਹੁ ਬਲੀਆ ਨੇ ਨੇਤਾਵਾਂ ਦੇ ਲਠੈਤ ਬਣੇ ਰਹਿਣ ਦੀ ਥਾਂ ਖੁਦ ਹੀ ਚੋਣ ਲੜਨੀ ਸ਼ੁਰੂ ਕਰ ਦਿੱਤੀ ਇਸ ਦਾ ਨਤੀਜਾਾ ਹੈ ਲੋਕ ਸਭਾ ਹੋਵੇ ਜਾਂ ਰਾਜ ਸਭਾ, ਸਨਅਤੀ ਘਰਾਣਿਆਂ ਦੇ ਲੋਕਾਂ ਜਾਂ ਉਹਨਾਂ ਦੇ ਨੁਮਾਇੰਦਿਆਂ ਦੀ ਅੱਛੀ ਖਾਸੀ ਗਿਣਤੀ ਮੌਜੂਦ ਹੈ। ਹੁਣ ਜਿਹਨਾਂ ਲੋਕਾਂ ਦਾ ਗਰੀਬੀ ਨਾਲ ਕੋਈ ਵਾਹ ਵਾਸਤਾ ਨਹੀਂ ਸੰਸਦ ਦੇ ਮਾਨਯੋਗ ਮੈਂਬਰ ਹੋਣਗੇ ਜੋ ਆਮ ਆਦਮੀ ਲਈ ਕਿੰਨਾ ਕੁ ਸੋਚਣਗੇ? ਉਹਨਾਂ ਨੂੰ ਇਸ ਦਾ ਕੀ ਮਤਲਬ ਹੈ ਕਿ ਦਾਲ ਕਿਸ ਭਾਅ ਵਿਕਦੀ ਹੈ? ਉਹ ਦੇ ਸਾਹ ਤਾਂ ਸ਼ੇਅਰ ਬਾਜ਼ਾਰ ਅਤੇ ਵਿਦੇਸ਼ ਨਿਵੇਸ਼ ਸੇਲ ਖੁੱਲ੍ਹ ਗਿਆ ਹੈ ਜਾਹਿਰ ਹੈ ਕਿ ਰਾਜਸੀ ਪਾਰਟੀਆਂ ਪੂੰਜੀਪਤੀਆਂ ਦੇ ਸੁਆਗਤ 'ਚ ਬੈਠੀਆਂ ਹਨ।

# ਫੈਲਦਾ ਕਿਵੇਂ ਹੈ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ?

ਅੱਜ ਕੋਈ ਇਕ ਦੇਸ਼ ਨਹੀਂ, ਸਮੁੱਚੀ ਦੁਨੀਆਂ ਨਸ਼ੇ ਦੀ ਗਿਰਫਤ ਵਿੱਚ ਹੈ, ਜਿੱਥੋਂ ਤਕ ਦੱਖਣੀ ਏਸ਼ੀਆਈ ਦੇਸ਼ਾਂ ਦਾ ਸੁਆਲ ਹੈ, ਅਮਰੀਕੀ ਕਾਂਗਰਸ ਨੂੰ ਬੀਤੇ ਦਿਨੀਂ ਭੇਜੀ ਗਈ ਇਕ ਰਿਪੋਰਟ 'ਚ ਭਾਰਤ ਨੂੰ ਪਾਕਿਸਤਾਨ, ਅਫਗਾਨਿਸਤਾਨ ਤੇ ਮਿਆਂਮਰ ਸਮੇਤ ਨਜ਼ਾਇਜ ਨਸ਼ੀਲੇ ਪਦਾਰਥਾਂ ਦੇ ਵੀਹ ਚੋਟੀ ਦੇ ਉਤਪਾਦਕਾਂ 'ਚ ਸ਼ਾਮਲ ਕੀਤਾ ਗਿਆ ਹੈ। ਵਿਸ਼ਵ 'ਚ ਅਫਗਾਨਿਸਤਾਨ ਅਫੀਮ ਪੈਦਾ ਕਰਨ ਵਾਲਾ ਸਭ ਤੋਂ ਵੱਡਾ ਦੇਸ਼ ਹੈ। ਇਸ ਪ੍ਰਸੰਗ 'ਚ ਦੱਸਿਆ ਜਾਂਦਾ ਹੈ ਕਿ ਉਥੇ ਚਾਰ-ਸਾਢੇ ਚਾਰ ਹਜ਼ਾਰ ਮੈਟ੍ਰਿਕ ਟਨ ਅਫੀਮ ਪੈਦਾ ਹੁੰਦੀ ਹੈ ਜਦਕਿ ਮੇਥਾਕੁਆਲੋਨ ਵਰਗੀ ਨਸ਼ੀਲੀ ਦਵਾਈ ਦੀ ਪੈਦਾਵਾਰ 'ਚ ਭਾਰਤ ਸਿਖਰ 'ਤੇ ਹੈ। ਜਿਥੋਂ ਤਕ ਗਾਂਜਾ ਪੀਣ ਵਾਲਿਆਂ ਦਾ ਸੁਆਲ ਹੈ, ਭਾਰਤ 'ਚ ਇਹਨਾਂ ਦੀ ਗਿਣਤੀ ਕਰੀਬ ਨੱਬੇ ਲੱਖ ਹੈ ਜਦ ਕਿ ਇਸ ਨੂੰ ਕਰੀਬ 90 ਹਜ਼ਾਰ ਕਿਸਾਨ ਪੈਦਾ ਕਰਨ 'ਚ ਲੱਗੇ ਹਨ। ਦਵਾਈਆਂ ਦੀ ਪੈਦਾਵਾਰ ਨੂੰ ਲਓ ਤਾਂ ਇਸ ਵਿਚ ਕਰੀਬ 100 ਮੀਟ੍ਰਿਕ ਟਨ ਪਦਾਰਥਾਂ ਦੀ ਵਰਤੋਂ ਹੈ ਜਦਕਿ ਬਾਕੀ ਅਮਰੀਕਾ ਤੇ ਹੋਰਾਂ ਦੇਸ਼ਾਂ ਨੂੰ ਬਰਾਮਦ ਕੀਤਾ ਜਾਂਦਾ ਹੈ। ਨਜਾਇਜ਼ ਤੋਰ 'ਤੇ ਅਫੀਮ ਦੀ ਖੇਤੀ ਲਈ ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਰਾਜਸਥਾਨ ਜਾਣੇ ਜਾਂਦੇ ਹਨ ਜਦ ਕਿ ਗੈਰ ਕਾਨੂੰਨੀ ਤੌਰ 'ਤੇ ਇਹਨਾਂ ਰਾਜਾਂ ਸਮੇਤ ਅਰੁਣਾਚਲ, ਝਾਰਖੰਡ ਤੇ ਜੰਮੂ ਕਸ਼ਮੀਰ ਵਿਚ ਵੀ ਅਫੀਮ ਦੀ ਖੇਤੀ ਹੁੰਦੀ ਹੈ। ਇਧਰ ਕੁਝ ਸਾਲਾਂ ਤੋਂ ਅਫੀਮ ਚਰਸ, ਹੈਰੋਇਨ, ਸਮੈਕ, ਹਸੀਸ਼ ਤੇ ਹੋਰ ਨਸ਼ੀਲੇ ਪਦਾਰਥਾਂ ਤੋਂ ਇਲਾਵਾ ਭਾਰਤ ਕੋਕੀਨ ਸਪਲਾਈ ਦਾ ਨਵਾਂ ਕੇਂਦਰ ਬਣਦਾ ਜਾ ਰਿਹਾ ਹੈ। ਗੌਰ ਕਰਨ ਲਾਇਕ ਹੈ ਕਿ ਇਹ ਦੁਨੀਆ ਦਾ ਸਭ ਤੋਂ ਮਹਿੰਗਾ ਨਸ਼ੀਲਾ ਪਦਾਰਥ ਹੈ ਜੋ ਬ੍ਰਾਜੀਲ, ਮੈਕਸੀਕੋ, ਕੋਲੰਬੀਆ, ਪਨਾਮਾ ਤੇ ਵੈਨਜੁਏਲਾ ਵਰਗੇ ਲੈਟਿਨ ਅਮਰੀਕੀ ਦੇਸ਼ਾਂ 'ਚ ਬਹੁਤਾਤ 'ਚ ਪਾਏ ਜਾਣ ਵਾਲੇ 'ਕੋਕੋਵਾ ਪਲਾਂਟ' ਦੀ ਪੱਤੀਆਂ ਤੋਂ ਬਣਦਾ ਹੈ। ਇਹਨਾਂ ਦੇਸ਼ਾਂ ਵਿੱਚ ਇਸ ਦੀ ਕੀਮਤ ਪੰਜ ਸੌ ਤੋਂ ਸੱਤ ਸੌ ਰੁਪਏ ਪ੍ਰਤੀ ਗ੍ਰਾਮ ਬਣਦੀ ਹੈ ਅਤੇ ਜਿਉਂ ਹੀ ਕੋਕੀਨ ਅਫਰੀਕੀ ਦੇਸ਼ਾਂ 'ਚ ਪੁੱਜਦੀ ਹੈ, ਇਸ ਦੀ ਕੀਮਤ ਦੁੱਗਣੀ ਹੋ ਜਾਂਦੀ ਹੈ। ਭਾਰਤ 'ਚ ਪਹੁੰਚਣ 'ਤੇ ਇਸ ਦੀ ਕੀਮਤ ਛੇ ਗੁਣਾਂ ਤੋਂ ਅੱਠ ਗੁਣਾ ਤਕ ਵਧ ਜਾਂਦੀ ਹੈ ਅਤੇ ਪੰਜ-ਸਾਢੇ ਪੰਜ ਹਜ਼ਾਰ ਰੁਪਏ ਪ੍ਰਤੀ ਗ੍ਰਾਮ ਤਕ ਹੋ ਜਾਂਦੀ ਹੈ। ਇਸ ਕਾਰੋਬਾਰ 'ਚ ਲੱਗੇ ਲੋਕ ਇਸੇ ਅਫਰੀਕੀ ਦੇਸ਼ਾਂ ਰਾਹੀਂ ਸਮੁੰਦਰੀ ਰਸਤੇ ਤੋਂ ਪਾਣੀ ਦੇ ਜਹਾਜ਼ਾਂ 'ਚ ਛੁਪ ਕੇ ਭਾਰਤ ਤੇ ਹੋਰ ਏਸ਼ੀਆਈ ਦੇਸ਼ਾਂ 'ਚ ਪਹੁੰਚਾਉਂਦੇ ਹਨ। ਨਾਰਕੋਟਿਕਸ ਵਿਭਾਗ ਦੇ ਅਨੁਸਾਰ ਪੂਰੇ ਦੇਸ਼ ਦੀ ਗੱਲ ਵੱਖਰੀ ਹੈ। ਇਕੱਲੇ ਦੇਸ਼ ਦੀ ਰਾਜਧਾਨੀ 'ਚ ਦਿੱਲੀ 'ਚ ਹਰ ਸਾਲ ਵੀਹ ਤੋਂ ਪੱਚੀ ਕਿਲੋ ਕੋਕੀਨ ਦਾ ਕਾਰੋਬਾਰ ਹੁੰਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਹਰ ਥਾਂ ਮੁਹੱਈਆ ਹੈ ਅਤੇ ਇਸ ਨੂੰ ਅਮੀਰ ਲੋਕਾਂ ਦੇ ਮਜ਼ੇ ਦਾ ਸ਼ੁਗਲ ਦੱਸਿਆ ਜਾਂਦਾ ਹੈ ਜਦ ਕਿ ਇਸ ਦੇ ਆਦੀ ਇਕ ਫੀਸਦੀ ਵੀ ਨਹੀਂ ਹਨ। ਦੇਸ਼ 'ਚ ਇਸ ਦੀ ਸਭ ਤੋਂ ਵੱਧ ਖਪਤ ਮੁੰਬਈ ਦਿੱਲੀ ਤੇ ਗੋਆ ਵਿੱਚ ਹੈ ਅਤੇ ਇਸ ਧੰਦੇ 'ਚ ਦੋ ਦਰਜਨ ਤੋਂ ਵੱਧ ਗ੍ਰੋਹ ਲੱਗੇ ਹਨ। ਜੋ ਕੋਕੀਨ, ਹੈਰੋਇਨ ਸਮੈਕ, ਚਰਸ ਤੇ ਅਫੀਮ ਦਾ ਕਾਰੋਬਾਰ ਅਨੇਕ ਰਾਜਾਂ ਤੋਂ ਚਲਾਉਂਦੇ

ਹਨ। ਇਸ ਤੋਂ ਇਲਾਵਾ ਇਹ ਹਾਈਡੋਜ਼ ਟੈਬਲਟ ਦੇ ਪ੍ਰਸਾਰ 'ਚ ਨਾਈਜੀਰੀਅਨ ਅਤੇ ਅਫਗਾਨੀ ਤੇ ਕਸ਼ਮੀਰੀਆਂ ਦੀ ਬੇਹੱਦ ਵਰਤੋਂ ਕਰਦੇ ਹਨ। ਨਾਰਕੋਟਿਕਸ ਵਿਭਾਗ ਦੀ ਮੰਨੀਏ ਤਾਂ ਉਹ ਆਪਣੇ ਨੈਟਵਰਕ ਫੈਲਾਉਣ 'ਚ ਮਰਦਾਂ ਦੇ ਨਾਲ ਔਰਤਾਂ ਦੀ ਵਰਤੋਂ ਜ਼ਿਆਦਾ ਕਰਦੇ ਹਨ ਅਤੇ ਮਾਲ ਦੀ ਸਪਲਾਈ ਲਈ ਉਹ ਆਪਣੀ ਸੁਰੱਖਿਆ ਤੇ ਸਹੂਲਤ ਦਾ ਧਿਆਨ ਰੱਖਦੇ ਹੋਇਆਂ ਸਥਾਨ ਵੀ ਖੁਦ ਤਹਿ ਕਰਦੇ ਹਨ।

ਦਰਅਸਲ ਇੰਟਰਨੈਟ ਨੇ ਨੌਜਵਾਨਾਂ ਨੂੰ ਨਸ਼ੀਲੇ ਪਦਾਰਥਾਂ ਦੇ ਕਰੀਬ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਕਾਰਨ ਜਿਥੇ ਏਡਜ ਤੇ ਹੋਰ ਜਾਨਲੇਵਾ ਬਿਮਾਰੀਆਂ ਵਧੀਆਂ ਹਨ, ਉਥੇ ਤਸਕਰੀ ਦਾ ਅਸਰ ਅਰਥਚਾਰੇ 'ਤੇ ਵੀ ਪੈ ਰਿਹਾ ਹੈ। ਕੋਕੀਨ ਰਾਈਸ-ਜਾਦਿਆਂ ਦਾ ਮਨਪਸੰਦ ਨਸ਼ਾ ਹੈ। ਇਹ ਬਿਗੜੈਲ ਰਈਸ ਜਾਦਿਆਂ ਦੀਆਂ ਹਾਈ ਪ੍ਰੋਫਾਇਲ ਪਾਰਟੀਆਂ ਜਿਹਨਾਂ ਨੂੰ 'ਰੇਵ ਪਾਰਟੀਆਂ' ਤੇ 'ਡਿਸਕੋਥਿਕ' ਕਹਿੰਦੇ ਹਨ, ਦੀ ਜਾਨ ਕਿਹਾ ਜਾਂਦਾ ਹੈ। ਇਸ 'ਚੋਂ ਮੁਸ਼ਕ ਨਹੀਂ ਹੁੰਦੀ ਅਤੇ ਇਸ ਨੂੰ ਸਰੀਰ ਦੇ ਜਿਸ ਵੀ ਹਿੱਸੇ 'ਤੇ ਲਾ ਦਿੱਤਾ ਜਾਵੇ, ਉਹ ਸੁੰਨ ਹੋ ਜਾਂਦਾ ਹੈ। ਇਸ ਲਈ ਨੌਜਵਾਨ-ਮੁਟਿਆਰਾਂ ਜ਼ਿਆਦਾਤਰ ਇਸ ਦੀ ਵਰਤੋਂ ਕਰਦੇ ਹਨ। ਇਸ ਦਾ ਬੁਰਾ ਪ੍ਰਭਾਵ ਇਹ ਹੈ ਕਿ ਇਹ ਸਿੱਧ ਸਰੀਰ ਦੇ ਨਰਵਸ ਸਿਸਟਮ 'ਤੇ ਹਮਲਾ ਕਰਦੀ ਹੈ। ਇਸ ਪਿੱਛੋਂ ਵੀ ਸੰਤੁਸ਼ਟੀ ਨਾ ਮਿਲਣ 'ਤੇ ਹਾਈਡੋਜ਼ ਟੈਬਲੈਟ ਲੈਂਦੇ ਹਨ।

**ਅਫ਼ਗਾਨਿਸਤਾਨ ਦੇ ਰਾਹ 'ਤੇ ਨੇਪਾਲ ਵੀ** : ਲਸ਼ਕਰ-ਏ-ਤੋਇਬਾ ਦੇ ਨੇਪਾਲ ਚੀਫ ਉਮਰ ਮਦਨੀ ਨੂੰ ਦਿੱਲੀ 'ਚ ਗ੍ਰਿਫ਼ਤਾਰੀ ਪਿੱਛੋਂ ਇਕ ਵਾਰੀ ਫਿਰ ਇਹ ਸਾਬਿਤ ਹੋ ਗਿਆ ਹੈ ਕਿ ਭਾਰਤ ਵਿਰੋਧੀ ਤਾਕਤਾਂ ਉਥੋਂ ਸਰਗਰਮ ਹਨ। ਇਹ ਨਾ ਸਿਰਫ ਭਾਰਤ ਸਰਕਾਰ ਬਲਕਿ ਨੇਪਾਲ ਸਰਕਾਰ ਦੇ ਲਈ ਵੀ ਵੱਡੀ ਚੁਣੌਤੀ ਹੈ ਪਰ ਇਸ ਨਾਲ ਵੀ ਵੱਡੀ ਚੁਣੌਤੀ ਆਉਣ ਵਾਲੇ ਦਿਨਾਂ 'ਚ ਨੇਪਾਲ 'ਚ ਹੋਣ ਵਾਲੀ ਅਫੀਮ ਦੇ ਗਾਂਜੇ ਦੀ ਖੇਤੀ ਨੂੰ ਮਿਲ ਰਹੀ ਹੱਲਾਸ਼ੇਰੀ ਨਾਲ ਪੈਦਾ ਹੋਣ ਵਾਲੀ ਹੈ। ਇਸ ਸਾਲ (2009) ਜਿਸ ਤਰ੍ਹਾਂ ਨੇਪਾਲ 'ਚ ਅਫੀਮ ਦੀ ਪੈਦਾਵਾਰ ਹੋਈ ਹੈ। ਇਹ ਖਤਰੇ ਦੀ ਘੰਟੀ ਹੈ। ਅਫਗਾਨਿਸਤਾਨ 'ਚ ਮਸ਼ਹੂਰ ਤਾਲਿਬਾਨੀਆਂ ਨੂੰ ਅਫੀਮ ਦੀ ਖੇਤੀ ਵਾਂਗੂੰ ਨੇਪਾਲ 'ਚ ਵੀ ਇਸ ਦੀ ਖੇਤੀ ਹੋ ਰਹੀ ਹੈ। ਜਿਸ ਤਰ੍ਹਾਂ ਗਾਂਜੇ ਦੀ ਖੇਤੀ 'ਤੇ ਰੋਕ ਲਾਉਣ 'ਚ ਉਦਾਸੀਨਤਾ ਦੇ ਕਾਰਨ ਅੱਜ ਇਹ ਨੇਪਾਲ 'ਚ ਆਮ ਫਸਲਾਂ ਵਰਗੀ ਮਾਨਤਾ ਹਾਸਲ ਕਰ ਚੁੱਕਿਆ ਹੈ ਅਤੇ ਇਸ ਦੀ ਵਿਕਰੀ ਭਾਰਤ ਦੇ ਵੱਖ-ਵੱਖ ਸ਼ਹਿਰਾਂ 'ਚ ਉਤਰ ਬਿਹਾਰ ਦੇ ਰਸਤੇ ਹੋ ਰਹੀ ਹੈ। ਨੇਪਾਲ 'ਚ ਗਾਂਜੇ ਦੀ ਖੇਤੀ ਨੇ ਬਿਹਾਰ ਸਮੇਤ ਨੇਪਾਲ ਸੀਮਾ ਨਾਲ ਲੱਗਦੇ ਕਈ ਸੂਬਿਆਂ 'ਚ ਅਨੇਕਾਂ ਤਸਕਰ ਸਮਰਾਟਾਂ ਨੂੰ ਜਨਮ ਦਿੱਤਾ ਅਤੇ ਕਾਲਾਂਤਰ 'ਚ ਉਹ ਧਨ ਤੇ ਅਸਤਰ-ਸ਼ਾਸਤਰ ਨਾਲ ਲੈਸ ਹੋ ਕੇ ਸਰਹੱਦੀ ਜ਼ਿਲਿਆਂ ਵਿੱਚ ਕਾਨੂੰਨੀ ਵਿਵਸਥਾ ਦੀ ਚੁਣੌਤੀ ਬਣਦੇ ਗਏ। ਸੈਂਕੜੇ ਮੀਲ ਲੰਬੀ ਅਤੇ ਖੁੱਲ੍ਹੀ ਸਰਹੱਦ ਕਾਰਨ ਗਾਂਜਾ ਦੀ ਤਸਕਰੀ ਰੋਕ ਸਕਣਾ ਅੱਜ ਤਕ ਸੰਭਵ ਨਹੀਂ ਹੋ ਸਕਿਆ ਹੈ। ਇਨ੍ਹਾਂ ਭਰ ਲਾਜ਼ਮੀ ਹੋਇਆ ਹੈ ਕਿ ਤਸਕਰੀ ਨਾਲ ਜੁੜੇ ਮਾਫੀਆ ਅਤੇ ਸਰਗਨਿਆਂ ਦੇ ਤਾਰ ਅਜਿਹੇ ਤੱਤਾਂ ਨਾਲ ਜੁੜਦੇ ਗਏ ਜੋ ਨੇਪਾਲ 'ਚ ਬੈਠ ਕੇ ਭਾਰਤ ਦੇ ਖਿਲਾਫ ਮੁਹਿੰਮ 'ਚ ਲੱਗੇ ਹਨ। ਇਸ 'ਚ ਆਧੁਨਿਕ ਹਥਿਆਰਾਂ

ਤੋਂ ਲੈ ਕੇ ਨਕਲੀ ਨੋਟ ਛਾਪ ਕੇ ਭਾਰਤੀ ਸੀਮਾ 'ਚ ਭੇਜਣ ਵਾਲੇ ਤਸਕਰ ਤੇ ਪਾਕਿਸਤਾਨ ਪ੍ਰਸਤ ਖੁਫੀਆ ਤੇ ਆਤੰਕੀ ਸੰਗਠਨਾਂ ਦੇ ਨੁਮਾਇੰਦੇ ਹਨ। ਨੇਪਾਲ 'ਚ ਲਗਭਗ ਇਕ ਦਹਾਕੇ ਤੋਂ ਹਲਾਤ ਖਰਾਬ ਹਨ। ਮਾਓਵਾਦੀ ਅੰਦੋਲਨ ਦੇ ਦੌਰ 'ਚ ਉਥੋਂ ਦੀ ਫੌਜ ਤੇ ਪੁਲਸ ਉਹਨਾਂ ਨਾਲ ਜੂਝਣ 'ਚ ਉਲਝੀ ਰਹੀ। ਨਕਦੀ ਫਸਲਾਂ 'ਚ ਸਭ ਤੋਂ ਵੱਧ ਲਾਭ ਦੇਣ ਵਾਲੀ ਫਸਲ ਅਫੀਮ ਦੇ ਖੇਤੀ ਦਾ ਮੋਹ ਕਿਸਾਨਾਂ 'ਚ ਵਧਿਆ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਤਸਕਰਾਂ ਦੇ ਨੁਮਾਇੰਦਿਆਂ ਨੇ ਕਿਸਾਨਾਂ ਨੂੰ ਇਹ ਪ੍ਰੇਰਿਤ ਕੀਤਾ ਹੈ ਕਿ ਉਹਨਾਂ ਨੇ ਸਿਰਫ ਫਸਲ ਉਗਾਉਣੀ ਹੈ। ਉਸ ਪਿੱਛੋਂ ਉਸ ਦੀ ਖਰੀਦ ਤੋਂ ਲੈ ਕੇ ਢੋਹਾ-ਢੁਆਈ ਤਕ ਦੀ ਸਾਰੀ ਜ਼ਿੰਮੇਵਾਰੀ ਉਹ ਸੰਭਾਲਣਗੇ। ਇਹੀ ਕਾਰਨ ਪਿਛਲੇ ਇਕ ਦਹਾਕੇ 'ਚ ਨੇਪਾਲ 'ਚ ਅਫੀਮ ਦੀ ਖੇਤੀ ਦਾ ਰਿਵਾਜ ਵਧਿਆ ਹੈ। ਭਾਰਤ-ਨੇਪਾਲ ਸਰਹੱਦ 'ਤੇ ਸਥਿਤ ਭਾਰਤੀ ਸ਼ਹਿਰ ਰਕਸੌਲ 'ਚ ਸੈਨਾ ਨੀਆਂ ਦਾ ਖਾਸਾ ਇਕੱਠ ਹੁੰਦਾ ਹੈ।

ਕਿਉਂਕਿ ਵਿਦੇਸ਼ੀ ਸੈਲਾਨੀਆਂ ਨੂੰ ਉਥੋਂ ਨੇਪਾਲ ਜਾਣ ਵਿੱਚ ਅਤੇ ਨੇਪਾਲ ਤੋਂ ਭਾਰਤ ਆਉਣ 'ਚ ਸਹੂਲਤ ਹੁੰਦੀ ਹੈ। ਇਸ ਦੇ ਨਾਲ ਹੀ ਨੇਪਾਲ 'ਚ ਵਿਦੇਸ਼ੀ ਵਸਤਾਂ 'ਤੇ ਟੈਕਸ ਨਾਲ ਲੱਗਣ ਕਾਰਨ ਇਹਨਾਂ ਰਸਤਿਆਂ ਤੋਂ ਤਸਕਰਾਂ ਨੂੰ ਵੀ ਇੱਧਰ ਦਾ ਮਾਲ ਉਧਰ ਕਰਨ 'ਚ ਸਹੂਲਤ ਹੁੰਦੀ ਹੈ। ਛੋਟਾ ਸ਼ਹਿਰ ਹੋਣ ਦੇ ਬਾਵਜੂਦ ਸੈਲਾਨੀਆਂ ਦੀ ਆਵਾਜਾਈ ਕਾਰਨ ਰਕਸੌਲ ਦੀ ਰੌਣਕ ਕੁਝ ਹੋਰ ਹੀ ਹੁੰਦੀ ਹੈ। ਸੈਲਾਨੀਆਂ 'ਚ ਆਯਾਸ਼ ਵੀ ਹੁੰਦੇ ਹਨ ਜੋ ਜਿਥੇ ਠਹਿਰਦੇ ਹਨ ਉਥੇ ਕਾਲ ਗਰਲਜ਼ ਦੀ ਮੰਗ ਵੀ ਕਰਦੇ ਹਨ। ਇਸ ਕਾਰਨ ਭਾਰਤੀ ਕਾਲ ਗਰਲਜ਼ ਦੇ ਨਾਲ ਹੀ ਵਿਦੇਸ਼ੀ ਮੁਟਿਆਰਾਂ ਵੀ ਉਥੇ ਸੌਖਿਆਂ ਹੀ ਮੁਹੱਈਆ ਹੋ ਜਾਂਦੀਆਂ ਹਨ। ਸੋਵੀਅਤ ਸੰਘ ਦੇ 17 ਸੂਬਿਆਂ 'ਚ ਟੁੱਟਣ ਕਰਕੇ ਉਸ ਦੇ ਆਜ਼ਾਦ ਹੋਏ ਕਈ ਦੇਸ਼ਾਂ ਵਿੱਚ ਅਰਥਚਾਰਾ ਇਸ ਹੱਦ ਤਕ ਤਹਿਸ ਨਹਿਸ ਹੋਇਆ ਕਿ ਲੋਕਾਂ ਦੇ ਭੁੱਖੇ ਮਰਨ ਦੀ ਸਥਿਤੀ ਪੈਦਾ ਹੋ ਗਈ। ਸੰਘ ਦੇ ਕੁਝ ਮੁੱਖ ਦੇਸ਼-ਉਜਬੇ ਕਿਸਤਾਨ ਕੋਜਾਕਿਸਤਾਨ, ਇਸਤੇਨਿਆ, ਲਿਥੁਅਨਿਆ ਆਦਿ ਦੀਆਂ ਮੁਟਿਆਰਾਂ ਨੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਲਈ ਆਪਣਾ ਹਿੱਸਾ ਵੇਚਣਾ ਸ਼ੁਰੂ ਕੀਤਾ। ਆਪਣੇ ਦੇਸ਼ ਦੇ ਲੋਕਾਂ ਪਾਸ ਤਾਂ ਪੇਟ ਭਰਨ ਲਈ ਪੈਸੇ ਨਹੀਂ ਸਨ ਤਾਂ ਉਹ ਆਪਣਾ ਵਾਸ਼ਨਾ ਦੀ ਅੱਗ ਸ਼ਾਂਤ ਕਰਨ ਲਈ ਕਾਲਗਰਲਜ਼ ਨੂੰ ਪੈਸੇ ਕਿੱਥੋਂ ਦਿੰਦੇ। ਇਹਨਾਂ ਦੇਸ਼ਾਂ ਦੀਆਂ ਮੁਟਿਆਰਾਂ ਦੂਸਰੇ ਦੇਸ਼ਾਂ ਵਿੱਚ ਸੈਲਾਨੀ ਵੀਜ਼ਾ 'ਤੇ ਪਹੁੰਚਦੀਆਂ ਹਨ ਅਤੇ ਜਿਸਮ ਫਿਰੋਸ਼ੀ ਦਾ ਧੰਦਾ ਕਰਦੀਆਂ ਹਨ। ਇਹਨਾਂ ਗੱਲਾਂ ਦੀ ਜਾਣਕਾਰੀ ਜਦ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਸਮਾਜ ਸੇਵੀ ਸੰਗਠਨਾਂ ਨੂੰ ਹੋਈ ਤਾਂ ਉਹਨਾਂ ਨੇ ਇਹਨਾਂ ਮੁਟਿਆਰਾਂ ਨੂੰ ਲਾਲਚ ਦੇ ਕੇ ਆਪਣੇ ਸੰਗਠਨਾ 'ਚ ਮਿਲਾਉਣਾ ਸ਼ੁਰੂ ਕਰ ਦਿੱਤਾ। ਉਹ ਮੁਟਿਆਰਾਂ ਧਨ ਕਮਾਉਣ ਲਈ ਹੀ ਆਪਣੇ ਦੇਸ਼ ਤੋਂ ਏਨੀ ਦੂਰ ਆਈਆਂ ਸਨ। ਆਖਰ ਤਸਕਰਾਂ ਦੇ ਜਾਲ 'ਚ ਇਹ ਆਸਾਨੀ ਨਾਲ ਫਸ ਗਈਆਂ। ਕਈ ਤਾਂ ਉਹਨਾਂ ਦੀਆਂ ਉਂਗਲਾਂ 'ਤੇ ਨੱਚਣ ਲਈ ਮਜ਼ਬੂਰ ਸਨ ਪਰ ਜਿਹਨਾਂ 'ਚ ਜੋਸ਼ ਸੀ ਆਤਮ-ਵਿਸ਼ਵਾਸ ਸੀ ਅਤੇ ਰੋਮਾਂਸ ਨੂੰ ਖੇਡਣ ਦੀ ਹਿੰਮਤ ਸੀ। ਉਹਨਾਂ ਕੁਝ ਦਿਨਾਂ ਬਾਅਦ ਆਪਣਾ ਸੰਗਠਨ ਬਣਾ ਲਿਆ ਅਤੇ ਆਜ਼ਾਦ ਮੁਖੀਆ ਬਣ ਬੈਠੀਆਂ। ਉਜਬੇਕਿਸਤਾਨ ਦੀ 24 ਸਾਲਾਂ ਸ਼ਾਲੀਮੋਵਾ ਉਲਕੇਰ ਆਪਣੀ ਸਹੇਲੀ 30 ਸਾਲਾਂ ਮੇਰੀਬੇਨ ਦੇ ਨਾਲ ਸੰਨ 2008 'ਚ

ਸੈਲਾਨੀ ਵੀਜ਼ਾ 'ਤੇ ਦਿੱਲੀ ਆਈ ਸੀ ਅਤੇ ਉਥੇ ਜਿਸਮ ਫਿਰੋਸ਼ੀ ਦਾ ਧੰਦਾ ਕਰਨ ਲੱਗੀ। ਪਤਲੇ ਸਰੀਰ ਦੀ ਸ਼ਾਲੀਮੋਵਾ ਜਿੰਨੀ ਖ਼ੂਬਸੂਰਤ ਸੀ, ਉਨੀਂ ਹੀ ਤੇਜ਼ ਦਿਮਾਗ ਦੀ ਵੀ ਸੀ। ਇਕ ਰਾਤ ਉਸ ਦਾ ਸਾਥੀ ਨਾਈਜੀਰੀਆ ਦੇ ਰਿਕਾਰਬਡੇਂਗਲ ਦੇ ਨਾਲ ਹੋਇਆ ਤਾਂ ਸਾਲਾਂ ਡੇਂਗਲ ਨਸ਼ੀਲੇ ਪਦਾਰਥਾਂ ਦਾ ਮੈਨੇਜਰ ਸੀ। ਸ਼ਰਾਬ ਦੇ ਨਸ਼ੇ ਵਿੱਚ ਸ਼ਾਲੀਮੋਵਾ ਨੂੰ ਜਿਸਮ ਵੇਚਣ ਦੇ ਧੰਦੇ ਤੋਂ ਵੱਧ ਕਮਾਈਦਾਰ ਧੰਦਾ ਨਸ਼ੀਲੇ ਪਦਾਰਥਾਂ ਦੀ ਹੇਰਾਫੇਰੀ ਦਾ ਲੱਗਿਆ। ਡੇਂਗਲ ਨੂੰ ਆਪਣੀਆਂ ਹੁਸਨ ਅਦਾਵਾਂ ਦੇ ਨਾਲ ਹੀ ਆਪਣੀ ਮਜ਼ਬੂਰੀ ਦੀ ਕਹਾਣੀ ਦੱਸ ਕੇ ਸ਼ਾਲੀਮੋਵਾ ਨੂੰ ਫਸਾ ਲਿਆ ਅਤੇ ਉਸ ਦੇ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਮੁਖੀਆ ਨਾਲ ਮਿਲੀ। ਇਹਨਾਂ ਗਰੋਹਾਂ ਦੇ ਮੁਖੀਆ ਖੁਰਾਂਟ ਹੁੰਦੇ ਹਨ। ਪਰ ਸ਼ਾਲੀਮੋਵਾ ਆਪਣੀਆਂ ਅੱਖਾਂ ਦੇ ਮਨਮੋਹਨ ਅਤੇ ਜਿਸਮ ਦੇ ਨਸ਼ੀਲੇ ਸੁਆਦ ਨਾਲ ਗ੍ਰੋਹ ਦੇ ਮੁਖੀਆ ਨੂੰ ਆਪਣਾ ਦੀਵਾਨਾ ਬਣਾਉਣ 'ਚ ਸਫਲ ਹੋ ਗਈ। ਸੱਤ-ਅੱਠ ਦਿਨ ਆਪਣੇ ਜਿਸਮ ਦਾ ਨਸ਼ੀਲਾ ਪਿਲਾਉਣ ਪਿਛੋਂ ਜਦ ਸ਼ਾਲੀਮੋਵਾ ਨੇ ਉਸ ਨੂੰ ਆਪਣੀ ਮੰਸ਼ਾ ਦੱਸੀ ਤਾਂ ਖੁਦ ਉਸ ਨੂੰ ਆਪਣੇ ਗ੍ਰੋਹ 'ਚ ਸ਼ਾਮਲ ਕਰਨ ਨੂੰ ਤਿਆਰ ਹੋ ਗਿਆ। ਪਰ ਸ਼ਾਲੀਮੋਵਾ ਆਪਣੀ ਸਹੇਲੀ ਮੇਰੀਬੇਨ ਨੂੰ ਇਕੱਲਿਆਂ ਨਹੀਂ ਛੱਡਣਾ ਚਾਹੁੰਦੀ ਸੀ। ਇਸ ਕਾਰਨ ਉਸ ਨੇ ਮੁਖੀਆ ਨਾਲ ਮੇਰੀਬੇਨ ਦੀ ਵੀ ਚਰਚਾ ਕੀਤੀ। ਨਸ਼ੀਲੇ ਪਦਾਰਥਾਂ ਦਾ ਤਸਕਰ ਹੁਸਨ ਦੇ ਨਸ਼ੇ 'ਚ ਏਨਾ ਗ੍ਰਿਫਤਾਰ ਹੋਇਆ ਕਿ ਉਹ ਨਾਂਹ ਕਰਨ ਦੀ ਸਥਿਤੀ ਵਿੱਚ ਹੀ ਨਹੀਂ ਸੀ। ਇੱਕ ਮਹੀਨੇ ਤੱਕ ਮੁਖੀਆਂ ਨੇ ਸ਼ਾਲੀਮੋਵਾ ਅਤੇ ਮੇਰੀਬੇਨ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨਾਲ ਹੀ ਹਥਿਆਰਾਂ ਦੀ ਤਸਕਰੀ ਦੀ ਵੀ ਸਿਖਲਾਈ ਦਿੱਤੀ ਅਤੇ ਜਦ ਉਸ ਨੂੰ ਪੂਰਨ ਵਿਸਵਾਸ਼ ਹੋ ਗਿਆ ਕਿ ਇਹ ਦੋਨੋਂ ਮੁਟਿਆਰਾਂ ਇਕ ਖੇਤਰ 'ਚ ਆਜ਼ਾਦ ਰੂਪ 'ਚ ਕੰਮ ਕਰਨ ਦੇ ਸਮਰਥ ਹਨ ਤਾਂ ਉਹਨਾਂ ਨੇ ਰਕਸੌਲ ਜਸਵੰਤ ਦੇ ਪਾਸ ਭੇਜ ਦਿੱਤਾ। ਜਸਵੰਤ ਇਸ ਖੇਤਰ ਦਾ ਕਰਤਾ ਧਰਤਾ ਸੀ। ਆਪਣੇ ਕੋਲ ਮੁਖੀਆਂ ਵੱਲੋਂ ਭੇਜੀਆਂ ਗਈਆਂ ਇਹ ਮੁਟਿਆਰਾਂ ਉਹਨਾਂ ਨੂੰ ਪਸੰਦ ਨਹੀਂ ਆਈਆਂ। ਉਹ ਇਹਨਾਂ ਨੂੰ ਪੁਲਸ ਰਾਹੀਂ ਫਸਾ ਕੇ ਆਪਣੇ ਤੋਂ ਦੂਰ ਕਰਨਾ ਚਾਹੁੰਦਾ ਸੀ। ਸ਼ਾਲੀਮੋਵਾ ਨੂੰ ਜਸਵੰਤ ਕੋਲ ਆਇਆ ਦੋ ਮਹੀਨੇ ਹੋ ਗਏ ਸਨ ਅਤੇ ਹੌਲੀ ਹੌਲੀ ਉਸ ਨੂੰ ਸਭ ਗੱਲਾਂ ਸਮਝ 'ਚ ਆਉਣ ਲੱਗੀਆਂ ਸਨ। ਕਾਲਗਰਲਜ਼ ਵਜੋਂ ਉਹ ਕਿਸੇ ਪੁਰਸ਼ ਦੇ ਕੋਲ ਹੁੰਦੀਆਂ ਤਾਂ ਉਸ ਨੂੰ ਆਪਣੀ ਜਵਾਨੀ ਦੇ ਰਸ ਨਾਲ ਭਰਪੂਰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਦੀਆਂ ਸਨ। ਕਿਉਂਕਿ ਉਹ ਗਾਹਕ ਉਸ ਦੇ ਰੂਪ ਜਲਵੇ 'ਚ ਫਸ ਕੇ ਵਾਰ ਵਾਰ ਉਸ ਕੋਲ ਆਵੇ। ਦੀ ਦਰਅਸਲ ਉਹ ਲਾਲਸਾਵਾਂ ਵੀ ਸਨ ਅਤੇ ਕਾਰੋਬਾਰੀ ਵੀ। ਜਦ ਉਸ ਨੂੰ ਇਕ ਰਾਹ ਮਿਲਿਆ ਤਾਂ ਉਹ ਆਪਣੀਆਂ ਲਾਲਸਾਵਾਂ ਕਿਉਂ ਨਾ ਪੂਰਾ ਕਰਦੀਆਂ। ਪੈਸੇ ਦੀ ਉਹਨਾਂ ਕੋਲ ਕਮੀ ਨਹੀਂ ਸੀ ਕਿਉਂਕਿ ਉਸ ਦਾ ਦੇਹ ਦਾ ਧੰਦਾ ਕਾਫੀ ਅੱਛਾ ਚਲ ਰਿਹਾ ਸੀ। ਇਹ ਪੈਸੇ ਦੇ ਨਾਲ ਹੀ ਆਪਣੀ ਦੇਹ ਦੇ ਜ਼ੋਰ 'ਤੇ ਜਸਵੰਤ ਦੇ ਇਰਦ-ਗਿਰਦ ਕ੍ਰਿਪਾਲ ਗੁਰਮੁਖੀ ਨੂੰ ਆਪਣੇ ਨਾਲ ਮਿਲਾਉਣ 'ਚ ਸਫਲ ਹੋ ਗਈ। ਫਿਰ ਇਕ ਮਹੀਨੇ ਪਿੱਛੋਂ ਹੀ 23 ਅਕਤੂਬਰ 2008 ਨੂੰ ਜਸਵੰਤ ਆਪਣੇ ਬੈਡਰੂਮ 'ਚ ਮ੍ਰਿਤਕ ਪਾਇਆ ਗਿਆ। ਉਸ ਦੇ ਸਿਰ ਵਿੱਚ ਗੋਲੀ ਮਾਰੀ ਗਈ ਸੀ। ਵੈਸੇ ਤਾਂ ਗ੍ਰੋਹ ਦਾ ਮੁਖੀ ਦਿਲੀ 'ਚ ਰਹਿੰਦਾ ਸੀ ਪਰ ਇਧਰ ਦੀ ਉਸਨੂੰ ਸਾਰੀ ਜਾਣਕਾਰੀ ਸੀ। ਇਹਨਾਂ ਤਿੰਨ ਮਹੀਨਿਆਂ 'ਚ ਜਸਵੰਤ ਅਤੇ ਸ਼ਾਲੀਮੋਵਾ

ਦੀ ਆਪਸੀ ਮੁਕਾਬਲੇ 'ਚ ਕਮਾਈ ਉਸ ਨੂੰ ਕੁਝ ਵੀ ਨਹੀਂ ਹੋ ਸਕੀ ਸੀ। ਸ਼ਾਲੀਮੋਵਾ ਨੂੰ ਭੋਗ ਕਰਕੇ ਉਸ ਨੇ ਉਸ ਦੇ ਜਿਸਮ 'ਚ ਵਾਸਣਾ ਦੀ ਜਿੰਨੀ ਗਰਮੀ ਪਾਈ ਸੀ। ਉਨ੍ਹਾਂ ਹੀ ਸਿਖਲਾਈ ਦੌਰਾਨ ਉਸ ਦੇ ਜੋਸ਼ ਤੇ ਰੋਮਾਂਚ ਦਾ ਗਿਆਨ ਹੋ ਚੁੱਕਿਆ ਸੀ। ਅਖੀਰ ਉਸ ਨੇ ਸ਼ਾਲੀਮੋਵਾ ਨੂੰ ਉਸ ਖੇਤਰ ਦਾ ਪ੍ਰਭਾਰੀ ਬਣਾ ਦਿੱਤਾ। ਸ਼ਾਲੀਮੋਵਾ, ਕ੍ਰਿਪਾਲ ਤੇ ਮੋਰੀਬੇਨ ਦੇ ਨਾਲ ਨਾ ਸਿਰਫ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਲੱਗੀ ਬਲਕਿ ਹਥਿਆਰਾਂ ਦੀ ਤਸਕਰੀ 'ਚ ਵੀ ਲੱਗ ਹੀ ਗਈ। ਆਪਣੇ ਬਚਾਅ ਲਈ ਜਿਸਮ ਫਿਰੋਸ਼ੀ ਨੂੰ ਉਸ ਨੇ ਪਰਦਾ ਬਣਾ ਰੱਖਿਆ ਸੀ। ਆਪਣੀਆਂ ਮੋਹਕ ਸੈਕਸੀ ਅਦਾਵਾਂ ਨਾਲ ਉਸ ਨੇ ਸ਼ਹਿਰ ਦੇ ਉਚ ਵਰਗ ਤੇ ਸ਼ਾਸਨ-ਪ੍ਰਸ਼ਾਸਨ ਦੇ ਲੋਕਾਂ ਤਕ ਆਪਣੀ ਪਹੁੰਚ ਬਣਾ ਰੱਖੀ ਸੀ ਪਰ ਨਾਰਕੋਟਿਕਸ ਵਿਭਾਗ ਨੂੰ ਉਸ ਦੀ ਸਚਾਈ ਦੀ ਸੂਹ ਮਿਲ ਹੀ ਗਈ। ਅਤੇ ਜਦ ਪੁਲਸ ਅੱਧੀ ਰਾਤ ਨੂੰ ਉਸ ਦੀ ਰਿਹਾਇਸ਼ 'ਤੇ ਛਾਪਾ ਮਾਰਿਆ ਤਾਂ ਉਸ ਦੇ ਘਰੋਂ 28 ਲੱਖ ਰੁਪਏ ਦੀ ਹੈਰੋਇਨ, ਅਫੀਮ ਤੇ ਸਮੈਲ ਮਿਲੀ। ਇਸ ਦੇ ਨਾਲ ਹੀ ਚੀਨ ਦੇ ਬਣੇ ਦੋ ਰਿਵਾਲਵਰ ਇਕ ਰਾਈਫਲ ਤੇ ਢੇਰ ਸਾਰੇ ਜਿੰਦਾ ਕਾਰਤੂਸ ਮਿਲੇ। ਪੁਲਸ ਸ਼ਾਲੀਮੋਵ ਤੇ ਮੇਰੀ ਬੇਨ ਨੂੰ ਗ੍ਰਿਫਤਾਰ ਕਰਕੇ ਥਾਣੇ ਲੈ ਗਏ। ਪੁੱਛਗਿੱਛ 'ਚ ਸ਼ਾਲੀਮੋਵਾ ਨੇ ਕਈ ਛੁਪੇ ਰਾਜਾਂ ਦਾ ਪਰਦਾਫਾਸ਼ ਕੀਤਾ। ਉਸ ਨੇ ਆਪਣੇ ਸਰਗਨੇ ਦੇ ਮੁਖ ਟਿਕਾਣਿਆਂ ਤੇ ਸਹਿਯੋਗੀਆਂ ਦਾ ਨਾਂ ਵੀ ਦੱਸਿਆ। ਉਸ ਦੇ ਅਨੁਸਾਰ ਨਸ਼ੀਲੇ ਪਦਾਰਥਾਂ ਦੇ ਨਜਾਇਜ਼ ਕਾਰੋਬਾਰੀਆਂ ਦਾ ਨੈਟਵਰਕ ਭਾਰਤ ਦੇ ਮੁੱਖ ਸ਼ਹਿਰਾਂ 'ਚ ਹੈ। ਇਸ ਪੁੱਛਗਿੱਛ 'ਚ ਪੁਲਸ ਦੀ ਇਲਾਹਾਬਾਦ ਦੀ ਸ਼ਮਾ ਪ੍ਰਵੀਨ ਸਬੰਧੀ ਵੀ ਜਾਣਕਾਰੀ ਮਿਲੀ। ਪੁਲਸ ਨੇ ਸ਼ਮਾ ਪ੍ਰਵੀਨ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਸਹਿਯੋਗੀਆਂ ਨਾਲ ਫਰਾਰ ਹੋਣ 'ਚ ਸਫਲ ਹੋ ਗਈ। ਸੰਨ 2001-02 'ਚ ਨੇਪਾਲ 'ਚ ਦਵਾਈ ਕਾਨੂੰਨ ਬਣਿਆ ਅਤੇ ਉਸ ਸਮੇਂ 29 ਏਕੜ 'ਚ ਲੱਗੀ ਅਫੀਮ ਦੀ ਫਸਲ ਨੂੰ ਜਬਤ ਕੀਤਾ ਗਿਆ ਸੀ। ਅਫੀਮ ਦੀ ਖੇਤੀ 'ਤੇ ਰੋਕ ਲਾਉਣ 'ਚ ਉਦਾਸੀਨਤਾ ਦਾ ਨਤੀਜਾ ਹੀ ਹੈ ਕਿ ਹੁਣ ਦੋਨੋਂ ਦੇਸ਼ਾਂ ਵਿਚਕਾਰ ਦੀ 'ਨੋਮੈਂਨਸਲੈਂਡ' 'ਚ ਵੀ ਇਸ ਦੀ ਖੇਤੀ ਹੋਣ ਲੱਗੀ ਹੈ। ਇਸ ਪ੍ਰਸੰਗ 'ਚ ਦੱਸਿਆ ਜਾਂਦਾ ਹੈ ਕਿ ਭਾਰਤੀ ਸੀਮਾ 'ਤੇ ਸਥਿਤ ਰਕਸੌਲ ਨਾਲ ਲੱਗੇ ਨੇਪਾਲ ਦੇ ਪਰਸਾ ਜਿਲੇ ਦੇ ਸੇਠੀ, ਭਵਰਟਾਡ, ਵਿਸ਼ਰਾਮਪੁਰ, ਔਰਾਹਾ, ਨਗਰਦਾਹਾ, ਗਮਹਰਿਆ, ਕੌਂਵਾ, ਵਨਕਟੈਆ ਸਮੇਤ ਦਰਜਨ ਤੋਂ ਵੱਧ ਪਿੰਡਾਂ ਵਿੱਚ 50 ਏਕੜ ਤੋਂ ਵੱਧ 'ਚ ਇਸ ਸਾਲ ਚਾਰ ਕਰੋੜ ਰੁਪਏ ਤੋਂ ਵੱਧ ਦੀ ਅਫੀਮ ਦੀ ਖੇਤੀ ਕੀਤੀ ਗਈ। ਗਾਂਜਾ ਬੀਜਣ ਵਾਲੇ ਕਿਸਾਨ ਵੀ ਹੁਣ ਅਫੀਮ ਵੱਲ ਮੁੜ ਰਹੇ ਹਨ। ਗਾਂਜਾ ਦੀ ਕੀਮਤ ਤੋਂ ਅਫੀਮ ਦੀ ਕੀਮਤ ਕਿਤੇ ਵੱਧ ਹੈ। ਅਜਿਹੇ 'ਚ ਜੇ ਫੜੇ ਜਾਣ ਦਾ ਖਤਰਾ ਨਾ ਹੋਵੇ ਅਤੇ ਖਰੀਦਦਾਰ ਮੌਜੂਦ ਹੋਣ ਤਾਂ ਕਿਉਂ ਕੋਈ ਇਸ ਦੀ ਖੇਤੀ ਨਾ ਕਰੇ। ਇਹੀ ਵਜਾਹ ਹੈ ਕਿ ਪਰਸਾ, ਬਾਰਾ-ਰੌਤਹਟ, ਸਰਲਾਹੀ, ਮਹੋਤਰੀ ਨਵਲ ਪ੍ਰਾਸੀ, ਮਕਵਾਨਪੁਰ ਤੇ ਚਿਤਵਨ 'ਚ ਅਫੀਮ ਦੀ ਖੇਤੀ ਦਾ ਰਕਬਾ ਵਧ ਰਿਹਾ ਹੈ। ਅਫੀਮ ਦੇ ਬੀਜੇ ਅਕਤੂਬਰ-ਨਵੰਬਰ 'ਚ ਬੀਜੇ ਜਾਂਦੇ ਹਨ ਅਤੇ ਮਾਰਚ ਅਪ੍ਰੈਲ 'ਚ ਫਸਲ ਤਿਆਰ ਹੋ ਜਾਂਦੀ ਹੈ। ਪਿਛਲੇ ਦਿਨੀਂ ਯੂਰਪੀ ਸੰਘ ਦੇ 18 ਮੈਂਬਰ ਦਲ ਨੇ ਇਸ ਸਬੰਧੀ ਸ਼ਿਕਾਇਤਾਂ ਮਿਲਣ ਪਿੱਛੋਂ ਸਰਹੱਦੀ ਖੇਤਰਾਂ ਦਾ ਦੌਰਾ ਕੀਤਾ ਸੀ ਅਤੇ ਨੇਪਾਲ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਕੇ ਆਪਣੀ ਰਿਪੋਰਟ ਉਹਨਾਂ ਨੂੰ ਸੌਂਪੀ ਸੀ।

ਇਸ ਦਲ ਨੇ ਨਸ਼ੀਲੇ ਪਦਾਰਥਾਂ ਦੀ ਖੇਤੀ 'ਤੇ ਚਿੰਤਾ ਦਰਸਾਈ ਸੀ। ਨੇਪਾਲ ਦੇ ਲੋਕ ਵੀ ਮੰਨਦੇ ਹਨ ਕਿ ਅਫੀਮ ਤੇ ਗਾਂਜਾ ਵਰਗੇ ਨਸ਼ੀਲੇ ਪਦਾਰਥਾਂ ਦੀ ਖੇਤੀ ਨੌਜਵਾਨ ਪੀੜ੍ਹੀ ਲਈ ਖਤਰਨਾਕ ਹੈ। ਇਸ ਨਾਲ ਜਿਥੇ ਤਸਕਰੀ ਵਰਗੇ ਨਜਾਇਜ਼ ਧੰਦੇ ਦੀ ਦਲਦਲ 'ਚ ਕੇ ਭਾਰੀ ਗਿਣਤੀ 'ਚ ਨੌਜਵਾਨ ਆਪਣਾ ਭਵਿੱਖ ਖਰਾਬ ਕਰ ਰਹੇ ਹਨ। ਉਥੇ ਇਸ ਮਹੀਨੇ ਅੱਤਵਾਦੀ ਸੰਗਠਨਾਂ ਤੱਕ ਦੇ ਲੋਕਾਂ ਦੀ ਪਿੰਡ 'ਚ ਆਵਾਜਾਈ ਹੁੰਦੀ ਹੈ। ਇਸ ਦਾ ਮਾੜਾ ਪ੍ਰਭਾਵ ਭਾਰਤ ਤੇ ਨੇਪਾਲ ਦੇ ਰਿਸ਼ਤਿਆਂ ਉਪਰ ਵੀ ਪੈ ਰਿਹਾ ਹੈ। ਹਾਲ ਦੀ ਘੜੀ ਹੁਣ ਇਸ ਗੱਲ ਦੀ ਜਰੂਰਤ ਮਹਿਸੂਸ ਕੀਤੀ ਜਾ ਰਹੀ ਹੈ ਕਿ ਭਾਰਤ ਸਮੇਂ ਸਿਰ ਨੇਪਾਲ ਸਰਕਾਰ 'ਤੇ ਦਬਾਅ ਬਣਾ ਕੇ ਸਰਹੱਦੀ ਇਲਾਕਿਆਂ ਵਿਚ ਨਸ਼ੀਲੇ ਪਦਾਰਥਾਂ ਦੀ ਖੇਤੀ 'ਤੇ ਰੋਕ ਲਾਉਣ ਦੀ ਮੁਹਿੰਮ ਸ਼ੁਰੂ ਕਰਵਾਉਣ।

**ਮਾਰਫਿਨ ਦਾ ਕੇਂਦਰ ਬਾਰਾਬੰਦੀ** : ਬਾਰਾਬੰਦੀ ਤੋਂ ਇਧਰ ਦੂਜੇ ਰਾਜਾਂ ਦੇ ਤਸਕਰਾਂ ਨੂੰ ਸ਼ਾਇਦ ਹੀ ਇਹ ਪਤਾ ਹੋਵੇ ਕਿ ਜਿਲੇ ਦੇ ਨਾਂ ਹੇਠ ਉਹਨਾਂ ਕੋਲ ਜੋ ਮਾਰਫਿਨ ਪਹੁੰਚਾਈ ਜਾ ਰਹੀ ਹੈ ਉਸ ਦੀ ਪੈਦਾਵਾਰ ਇਥੇ ਹੁੰਦੀ ਹੀ ਨਹੀਂ ਹੈ। ਦਰਅਸਲ ਬਾਰਾਬੰਦੀ ਦਾ ਨਾਂ ਹੀ ਤਸਕਰਾਂ ਲਈ ਇਕ ਬ੍ਰਾਂਡ ਹੈ। ਇਸ ਦਾ ਫਾਇਦਾ ਉਠਾ ਕੇ ਇਥੋਂ ਦੇ ਤਸਕਰ ਕੱਚਾ ਮਾਲ ਦੂਜੇ ਰਾਜਾਂ ਤੋਂ ਮੰਗਵਾ ਕੇ ਬਾਰਾਬੰਦੀ 'ਚ ਮਾਰਫਿਨ ਅਤੇ ਹੈਰੋਇਨ ਤਿਆਰ ਕਰਦੇ ਹਨ ਅਤੇ ਇਸ ਨੂੰ ਦੂਜੇ ਰਾਜਾਂ ਵਿਚ ਭੇਜ ਕੇ ਲੱਖਾਂ ਰੁਪਏ ਦੀ ਕਮਾਈ ਕਰਦੇ ਹਨ। ਜ਼ਾਹਿਰ ਹੈ ਬਿਨਾਂ ਪੁਲਸ ਦੀ ਮਦਦ ਦੇ ਉਹ ਅਜਿਹਾ ਨਹੀਂ ਕਰ ਸਕਦੇ। ਇਹ ਸਾਰਾ ਕੰਮ ਪੁਲਸ ਦੀ ਦੇਖ ਰੇਖ 'ਚ ਹੁੰਦਾ ਹੈ। ਇਸ ਨਿਗਰਾਨੀ ਬਦਲੇ ਪੁਲਸ ਨੂੰ ਤਸਕਰਾਂ ਵਲੋਂ ਮੋਟੀ ਰਕਮ ਹਾਸਲ ਹੁੰਦੀ ਹੈ। ਬਾਰਾਬੰਦੀ ਜਿਲੇ 'ਚ ਅਫੀਮ ਤੋਂ ਹੈਰੋਇਨ ਬਣਾਉਣ ਦਾ ਧੰਦਾ ਕੋਈ ਨਵਾਂ ਨਹੀਂ ਹੈ। ਇਸ ਧੰਦੇ 'ਚ ਸ਼ਾਮਲ ਲੋਕਾਂ ਨੂੰ ਰਾਜਸੀ ਸਰਪ੍ਰਸਤੀ ਵੀ ਹਾਸਲ ਹੈ। ਇਸ ਸਰਪ੍ਰਸਤੀ ਦੇ ਮੱਦੇਨਜ਼ਰ ਇਹਨਾਂ ਨੇ ਆਪਣੇ ਕੰਮ ਜਾਰੀ ਰੱਖਿਆ ਹੈ। ਜ਼ਿਲ੍ਹੇ 'ਚ ਅਜਿਹੇ ਕਈ ਤਸਕਰ ਹਨ, ਜਿਹਨਾਂ ਦੀ ਪੁਲਸ ਨਾਲ ਯਾਰੀ ਹੈ। ਇਹ ਤਸਕਰ ਬਕਾਇਦਾ ਸਬੰਧਤ ਥਾਣਾ ਪੁਲਸ ਨੂੰ ਹਰ ਮਹੀਨੇ ਤਹਿ ਰਕਮ ਦੀ ਦਿੰਦੇ ਹਨ। ਇਸ ਤੋਂ ਇਲਾਵਾ ਛੋਟੀਆਂ-ਮੋਟੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਵੀ ਕੋਈ ਕੁਤਾਹੀ ਨਹੀਂ ਵਰਤੀ ਜਾਂਦੀ ਅਸਾਮ ਦਾ ਇਕ ਤਸਕਰ ਜਦ ਪੁਲਸ ਦੇ ਸ਼ਿਕੰਜੇ 'ਚ ਫਸਿਆ ਤਾਂ ਪੁਲਸ ਨੂੰ ਪਤਾ ਲੱਗਿਆ ਕਿ ਉਥੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੂਜੇ ਰਾਜਾਂ 'ਚ ਵੀ ਜਾਂਦੀ ਹੈ। ਖਾਦੀ ਵਰਦੀ ਦੀ ਸਰਪ੍ਰਸਤੀ ਕਾਰਨ ਹੀ ਜ਼ਿਲ੍ਹੇ 'ਚ ਹੈਰੋਇਨ ਤੇ ਮਾਨਫੀਨ ਕਾਰੋਬਾਰ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਕਰੋੜਾਂ ਅਰਬਾਂ ਰੁਪਏ ਦੇ ਇਸ ਕਾਲੇ ਧੰਦੇ 'ਚ ਸਰਪ੍ਰਸਤੀ ਕਰਨ ਵਾਲਿਆਂ ਦੀ ਚਾਂਦੀ ਹੈ। ਇਕ ਸਮਾਂ ਸੀ ਜਦ ਬਾਰਾਬੰਦੀ ਦੀ ਪਹਿਚਾਣ ਅਫੀਮ ਹੁੰਦੀ ਸੀ। ਖੇਤੀ ਜ਼ਮੀਨ ਦੀ ਉਪਜਾਊ ਸ਼ਕਤੀ ਵੱਧ ਹੋਣ ਕਰਕੇ ਇਥੋਂ ਦੀ ਅਫੀਮ ਦੀ ਖੂਬ ਮੰਗ ਸੀ। ਇਸ ਅਫੀਮ ਤੋਂ ਜੋ ਮਾਰਫਿਨ ਹੈਰੋਇਨ ਤਿਆਰ ਕੀਤੀ ਜਾਂਦੀ ਸੀ। ਉਸ ਦੀ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲਿਆਂ 'ਚ ਕਾਫੀ ਖਪਤ ਸੀ। ਹਾਲਾਂਕਿ ਹੁਣ ਇਥੇ ਅਫੀਮ ਦੀ ਪੈਦਾਵਾਰ ਨਹੀਂ ਹੁੰਦੀ ਹੈ, ਬਾਵਜੂਦ ਇਸ ਦੇ ਤਸਕਰੀ ਸਬੰਧੀ ਇਹ ਜ਼ਿਲਾ ਅੱਜ ਵੀ ਅਵੱਲ ਹੈ। ਹੁਣ ਮੱਧ ਪ੍ਰਦੇਸ਼ ਦੀ ਨੀਗਚ ਅਤੇ ਰਾਜਸਥਾਨ ਦੇ ਜੈਸਲ ਮੇਰ ਜਿਲੇ ਤੋਂ ਅਫੀਮ ਲਿਆ ਕੇ ਉਥੇ ਉਸ ਨੂੰ ਮਾਰਫਿਨ 'ਚ ਤਬਦੀਲ ਕੀਤਾ ਜਾਂਦਾ ਹੈ। ਬਾਰਾਬੰਦੀ ਜ਼ਿਲ੍ਹੇ ਦਾ ਨਾਂ ਹੀ ਉਸ ਦੀ ਬੇਹਤਰ

ਗੁਣਵੰਣਤਾ ਦੀ ਪਹਿਚਾਣ ਹੈ। ਇਹ ਗੱਲ ਹੈਰਾਨ ਕਰ ਦੇਣ ਵਾਲੀ ਹੈ ਕਿ ਜ਼ਿਲ੍ਹੇ ’ਚ ਪਿਛਲੇ ਕਰੀਬ ਚਾਰ ਸਾਲਾਂ ਤੋਂ ਇਕ ਗ੍ਰਾਮ ਵੀ ਅਫੀਮ ਪੈਦਾਵਾਰ ਨਹੀਂ ਕੀਤੀ ਗਈ। ਅਫੀਮ ਦੀ ਪੈਦਾਵਾਰ ਖਤਮ ਹੋਣ ਕਰਕੇ ਅਜਿਹੇ ਕੁਸ਼ਲ ਕਾਰੀਗਰ ਦੀ ਵੱਡੀ ਗਿਣਤੀ ’ਚ ਹਨ ਜੋ ਮਾਰਫਿਨ ਤੇ ਹੈਰੋਇਨ ਬਣਾਉਣ ’ਚ ਮਾਹਰ ਹਨ। ਇਹਨਾਂ ਦੀ ਇਸ ਕਾਬਲੀਅਤ ਕਾਰਨ ਹੀ ਜਿਲੇ ਤੋਂ ਇਲਾਵਾ ਇਹਨਾਂ ਦੀ ਮੰਗ ਦੂਰ-ਦੂਰ ਤਕ ਦੇ ਰਾਜਾਂ ਵਿਚ ਹੈ। ਇਸ ਦਾ ਪਤਾ ਉਦੋਂ ਲੱਗਿਆ ਜਦ ਲੋਨੀਕਟਰਾ ਥਾਣਾ ਪੁਲਸ ਦੇ ਹੱਥ ਇਕ ਸਮੀਮ ਨਾਂ ਦਾ ਤਸਕਰ ਚੜ੍ਹਿਆ। ਇਹ ਚੰਦੌਲੀ ਦਾ ਰਹਿਣ ਵਾਲਾ ਹੈ। ਪਰ ਇਸ ਦਾ ਤਸਕਰੀ ਕਾਰੋਬਾਰ ਅਸਾਮ ਤਕ ਫੈਲਿਆ ਹੋਇਆ ਹੈ। ਹੁਣ ਇਹ ਪੁਲਸ ਦੇ ਚੁੰਗਲ ’ਚ ਫਸਿਆ ਤਾਂ ਇਸ ਕੋਲੋਂ ਤਾਂ ਲਗਭਗ ਇਕ ਕਿਲੋ ਮਾਰਫਿਨ ਬਰਾਮਦ ਹੋਈ। ਸੁਮੀਮ ਤੋਂ ਪੁਲਸ ਨੂੰ ਤਸਕਰੀ ਦੇ ਇੱਕ ਵੱਡੇ ਨੈਟਵਰਕ ਦਾ ਪਤਾ ਲੱਗਿਆ ਹੈ। ਜਿਸ ਦੀ ਪੜਤਾਲ ਜਾਰੀ ਹੈ। ਇਥੋਂ ਦੇ ਕਾਰੀਗਰਾਂ ਦੀ ਮੰਗ ਮੱਧ ਪ੍ਰਦੇਸ਼ ਰਾਜਸਥਾਨ, ਝਾਰਖੰਡ, ਬਿਹਾਰ ਤੇ ਅਸਾਮ ਤੋਂ ਇਲਾਵਾ ਹੋਰ ਕਈ ਰਾਜਾਂ ਵਿੱਚ ਵੀ ਹੈ। ਇਹਨਾਂ ਕਾਰੀਗਰਾਂ ਦਾ ਹਰ ਸੁੱਖ ਸਹੂਲਤ ਦਾ ਤਸਕਰ ਗ੍ਰੋਹ ਪੂਰਾ ਧਿਆਨ ਰੱਖਦਾ ਹੈ। ਨਸ਼ੀਲੇ ਪਦਾਰਥਾਂ ਦੀ ਗਿਰਫਤ ’ਚ ਪੰਜਾਬ ਵੀ ਫਸਿਆ ਹੋਇਆ ਹੈ। ਇਸ ਰਾਜ ਦੇ ਪਿੰਡ ’ਚ 67 ਫੀਸਦੀ ਪਰਿਵਾਰਾਂ ਨੂੰ ਘੱਟੋ ਘੱਟ ਇਕ ਵਿਅਕਤੀ ਨਸ਼ੀਲੀਆਂ ਦਵਾਈਆਂ ਦਾ ਆਦੀ ਹੈ। 10 ਮੁੰਡਿਆਂ ’ਚੋਂ ਤਿੰਨ ਇਕ ਜਾਂ ਇਕ ਤੋਂ ਵੱਧ ਨਸ਼ੀਲੀਆਂ ਦਵਾਈਆਂ ਲੈਂਦੇ ਹਨ। ਸਕੂਲ ਜਾਣ ਵਾਲਿਆਂ ’ਚੋਂ 66 ਫੀਸਦੀ ਗੁਟਕਾ ਜਾਂ ਤੰਬਾਕੂ ਚਬਦੇ ਹਨ। ਕਾਲਜ ਜਾਣ ਵਾਲੇ 10 ਵਿਦਿ: ਵਿਚੋਂ 7 ਕੋਈ ਨਾ ਕੋਈ ਨਸ਼ੀਲੀ ਦਵਾ ਲੈਂਦੇ ਹਨ। ਇਹ ਡਰਾਉਣੇ ਅੰਕੜੇ ਪੰਜਾਬ ਸਰਕਾਰ ਵਲੋਂ ਪੰਜਾਬ ਹਰਿਆਣਾ ਹਾਈਕੋਰਟ ’ਚ ਦਾਖਲ ਹਲਫਨਾਮੇ ’ਚ ਸਾਹਮਣੇ ਆਏ ਹਨ। ਇਸ ਸੂਬੇ ’ਚ ਸ਼ਰਾਬ ਅਫੀਮ ਤੇ ਭੁੱਕੀ (ਪੋਸਤ) ਦਾ ਤਾਂ ਰਵਾਜ ਹੈ ਕੀ ਪਰ ਨਸੇੜੀਆਂ ਨੇ ਦੂਜੇ ਵਿਕਲਪਾਂ ਨੂੰ ਵੀ ਅਪਣਾ ਕੇ ਰੱਖਿਆ ਹੈ। ਸਰਕਾਰੀ ਹਲਫਨਾਮੇ ਅਨੁਸਾਰ, ਅਫੀਮਯੁਕਤ ਦਵਾਈਆਂ ਉਹਨਾਂ ਤੋਂ ਬਣਾਈਆਂ ਦਵਾਈਆਂ ਅਤੇ ਸੰਸ਼ਲੇਸ਼ਿਤ ਅਫੀਮਯੁਕਤ ਦਵਾਈਆਂ ਵੱਲੋਂ ਸਭ ਤੋਂ ਵੱਧ ਤਵੱਜੋ ਦਿੱਤੀ ਜਾਂਦੀ ਹੈ। ਫਿਰ ਨੰਬਰ ਆਉਂਦਾ ਹੈ ਅਫੀਮ ਯੁਕਤ ਦਵਾਈਆਂ ਅਤੇ ਅਰਾਮ ਪਹੁੰਚਾਉਣ ਵਾਲੇ ਪਦਾਰਥਾਂ ਜਿਵੇਂ ਡੋਡੇ, ਸਮੈਕ, ਹੈਰੋਇਨ, ਚਰਸ, ਗਾਂਜਾ ਬਰੂਫਨ ਪ੍ਰੋਕਸੀਵਾਨ, ਡਾਇਜਾਪਾਮ, ਕਾਮਬੀ ਫਲਾਮ, ਕਮਪੋਜ਼ ਮਾਰਫਿਨ ਇੰਜੈਕਸ਼ਨ ਅਤੇ ਕਫ ਸੀਰਪਾ, “ਇਹ ਖਤਰਨਾਕ ਦਵਾਈਆਂ ਪੰਜਾਬ ਕਿਵੇਂ ਪੁੱਜਦੀਆਂ ਹਨ? ਇਰਾਨ-ਇਰਾਜ ਯੁੱਧ ਪਿੱਛੋਂ ਅਫਗਾਨਿਸਤਾਨ ਤੇ ਪਾਕਿਸਤਾਨ ਤੋਂ ਲਿਆਂਦੀਆਂ ਜਾਂਦੀਆਂ ਗੈਰ ਕਾਨੂੰਨੀ ਦਵਾਈਆਂ ਦੀ ਸਖਤ ਰੋਕਥਾਮ ਯੂਰਪੀ ਦੇਸ਼ਾਂ ਅਤੇ ਅਮਰੀਕਾ ਵੱਲੋਂ ਕੀਤੀ ਜਾਣ ਲੱਗੀ ਤਾਂ ਤਸਕਰ ਆਪਣਾ ਰਾਜ ਬਦਲ ਕੇ ਇਹਨਾਂ ਨੂੰ ਭਾਰਤ ’ਚ ਲਿਆਉਣ ਲੱਗੇ। 40 ਫੀਸਦੀ ਇਹ ਦਵਾਈਆਂ ਪੰਜਾਬ ਹੋ ਕੇ ਜਾਂਦੀਆਂ ਹਨ ਅਤੇ ਇਸ ’ਚੋਂ 35 ਫੀਸਦੀ ਦੀ ਖਪਤ ਇਥੇ ਹੋਣ ਲੱਗੀ ਜਿਥੋਂ ਮੋਟੀ ਕਮਾਈ ਹੁੰਦੀ ਹੈ। ਜੇ ਨਸ਼ਿਆਂ ’ਤੇ ਕੰਟਰੋਲ ਨਾ ਹੋਇਆ ਤਾਂ ਵਿਤੀ ਨੁਕਸਾਨ ਦੇ ਨਾਲ-ਨਾਲ ਸਿਹਤ ਵੀ ਤਬਾਹ ਹੋ ਜਾਵੇਗੀ।

# ਇਤਿਹਾਸ ਦੇ ਬਹਾਨੇ ਰਾਜਨੀਤੀ ਦੀ ਖੇਡ ਕਿਵੇਂ?

ਭਾਜਪਾ ਨੇ ਆਪਣੇ ਪੁਰਾਣੇ ਨੇਤਾ ਜਸਵੰਤ ਸਿੰਘ ਨੂੰ ਪਾਰਟੀ 'ਚ ਕੱਢ ਦਿੱਤਾ। ਜਸਵੰਤ ਸਿੰਘ ਵਾਜਪਾਈ ਸਰਕਾਰ ਦੇ ਪਹਿਲੇ ਵਿਦੇਸ਼ ਮੰਤਰੀ ਤੇ ਫਿਰ ਵਿੱਤ ਮੰਤਰੀ ਰਹੇ। ਜਸਵੰਤ ਸਿੰਘ ਨੇ ਕੀ ਗੁਨਾਹ ਕੀਤਾ ਸੀ? ਉਹਨਾਂ ਨੇ ਗੁਨਾਹ ਇਹ ਕੀਤਾ ਸੀ ਕਿ ਉਹਨਾਂ ਨੇ ਉਸ ਗੱਲ ਨੂੰ ਸ਼ਰੇਆਮ ਕਹਿ ਦਿੱਤਾ ਜੋ ਭਾਰਤੀ ਇਤਿਹਾਸ ਦੀ ਆਮ ਸਚਾਈ ਹੈ। ਜਸਵੰਤ ਸਿੰਘ ਨੇ ਇਕ ਨਵੀਂ ਕਿਤਾਬ ਲਿਖੀ ਹੈ ਜਿਸ ਦਾ ਨਾਂ ਹੈ 'ਜਿਨਹਾ ਇੰਡੀਆ, ਪਾਰਟੀਸ਼ਨ ਤੇ ਇੰਡੀਪੈਂਡੇਂਸ' ਇਸ 'ਚ ਉਹਨਾਂ ਨੇ ਇਹ ਬੁਨਿਆਦੀ ਗੱਲ ਕਹੀ ਕਿ ਜਿਨਾਹ ਭਾਰਤ ਦੀ ਵੰਡ ਲਈ ਜ਼ਿੰਮੇਵਾਰ ਨਹੀਂ ਸਨ। ਜਿਨਾਹ ਇਕ ਧਰਮ ਨਿਰਪੱਖ ਭਾਰਤੀ ਸਨ। ਭਾਰਤ ਦੀ ਵੰਡ ਲਈ ਜਵਾਹਰ ਲਾਲ ਨਹਿਰੂ ਤੇ ਸਰਦਾਰ ਵਲੱਬ ਭਾਈ ਪਟੇਲ ਜ਼ਿੰਮੇਵਾਰ ਸਨ। ਨਹਿਰੂ ਜਿਸ ਕੇਂਦਰੀਕ੍ਰਿਤ ਭਾਰਤ ਦੀ ਚਾਹਤ ਰੱਖਦੇ ਸਨ ਉਸ 'ਚ ਜਿਨਾਹ ਨੂੰ ਲੱਗਿਆ ਕਿ ਭਾਰਤ 'ਚ ਮੁਸਲਮਾਨਾਂ ਦਾ ਹਿੱਤ ਸੁਰੱਖਿਅਤ ਨਹੀਂ ਹੋਵੇਗਾ ਅਤੇ ਇਸ ਨੇ ਉਨ੍ਹਾਂ ਨੂੰ ਵੱਖਰੇ ਪਾਕਿਸਤਾਨ ਵੱਲ ਧੱਕ ਦਿੱਤਾ। ਭਾਰਤ ਦੇ ਹਾਕਮਾਂ ਨੇ, ਸਰਕਾਰ ਨੇ ਤੇ ਆਰ. ਐਸ. ਐਸ.-ਭਾਜਪਾ ਤੇ ਕਾਂਗਰਸ ਪਾਰਟੀ ਨੇ ਇਹ ਆਮ ਮਿੱਥ ਪ੍ਰਚਾਰ ਰੱਖੀ ਸੀ ਕਿ ਭਾਰਤ ਦੀ ਵੰਡ ਲਈ ਮੁਸਲਿਮ ਲੀਗ ਤੇ ਉਨ੍ਹਾਂ ਦੇ ਨੇਤਾ ਮੁਹੰਮਦ ਅਲੀ ਜਿਨਾਹ ਇਕ ਕੱਟੜ ਮੁਸਲਮਾਨ ਸਨ ਅਤੇ ਮੌਜੂਦਾ ਪਾਕਿਸਤਾਨ ਉਨ੍ਹਾਂ ਦੇ ਹੀ ਵਿਚਾਰਾਂ 'ਤੇ ਚੱਲ ਰਿਹਾ ਹੈ। ਇਸ ਆਮ ਪ੍ਰਚਾਰਿਤ ਮਿੱਥ ਤੋਂ ਅਲੱਗ ਇਤਿਹਾਸਕਾਰਾਂ ਸਾਹਮਣੇ ਹਮੇਸ਼ਾਂ ਹੀ ਭਾਰਤ ਵੰਡ ਦੀ ਇਕ ਦੂਜੀ ਤਸਵੀਰ ਰਹੀ ਹੈ। ਉਨ੍ਹਾਂ ਨੂੰ ਪਤਾ ਹੈ ਕਿ ਜਿਨਾਹ ਧਰਮ ਪ੍ਰਤੀ ਹਿਕਾਰਤ ਦੀ ਭਾਵ ਰੱਖਣ ਵਾਲੇ ਧਰਮ ਨਿਰਪੱਖ ਅਧੁਨਿਕ ਵਿਅਕਤੀ ਸਨ। ਉਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਕ ਪ੍ਰਸਿੱਧ ਦਰਗਾਹ 'ਚ ਜੁੱਤੇ ਪਹਿਨੇ ਹੀ ਚਲੇ ਗਏ ਸਨ। ਸ਼ੁਰੂ-ਸ਼ੁਰੂ 'ਚ ਜਦ ਜਿਨਾਹ ਨੇ ਮੁਸਲਿਮ ਲੀਗ ਵਲੋਂ ਵੱਖਰੇ ਪਾਕਿਸਤਾਨ ਦੀ ਮੰਗ ਉਠਾਈ ਤਾਂ ਉਹ ਹਿੰਦੂ ਮਾਨਸਿਕਤਾ ਨਾਲ ਬੁਰੀ ਤਾਂ ਗ੍ਰਸਿਤ ਕਾਂਗਰਸ ਪਾਰਟੀ ਨਾਲ ਸੌਦੇਬਾਜ਼ੀ ਲਈ ਹੀ ਸੀ। ਪਰ ਕਾਂਗਰਸ ਪਾਰਟੀ ਦੇ ਅੜੀਅਲ ਰਵੱਈਏ ਅਤੇ ਅੰਗਰੇਜ਼ਾਂ ਦੀ 'ਵੰਡੋ ਤੇ ਰਾਜ ਕਰੋ' ਦੀ ਨੀਤੀ ਕਾਰਨ ਮਾਮਲਾ ਉਲਝਦਾ ਗਿਆ ਅਤੇ ਜਟਿਲ ਹੁੰਦਾ ਗਿਆ ਜਦ ਦੂਜੀ ਸੰਸਾਰ ਜੰਗ ਖਤਮ ਹੋਣ 'ਤੇ ਬ੍ਰਿਟਿਸ਼ ਰਾਜ ਨੇ ਐਲਾਨ ਕੀਤਾ ਕਿ ਉਹ 1948 ਦੇ ਅੰਤ ਤੱਕ ਸਤਾ ਭਾਰਤੀਆਂ ਨੂੰ ਸੌਂਪ ਦੇਣਗੇ ਤਦ ਕਾਂਗਰਸ ਪਾਰਟੀ ਅੰਦਰ ਆਪਾ-ਧਾਪੀ ਮੱਚ ਗਈ ਨੇਹਿਰੂ-ਪਟੇਲ 'ਚ ਪ੍ਰਧਾਨ ਮੰਤਰੀ ਬਨਣ ਲਈ ਮੁਕਾਬਲਾ ਬਹੁਤ ਤੇਜ਼ ਹੋ ਗਿਆ। ਇਸ 'ਚ ਨਹਿਰੂ ਬਾਜ਼ੀ ਮਾਰ ਗਏ ਕਿਉਂਕਿ ਉਨ੍ਹਾਂ ਦੇ ਸਿਰ ਤੇ ਮਹਾਤਮਾ ਗਾਂਧੀ ਦਾ ਹੱਥ ਸੀ। ਜਲਦੀ ਤੋਂ ਜਲਦੀ ਸੱਤਾ ਹਥਿਆਉਣ ਦੀ ਇਸ ਆਪਾਧਾਪੀ 'ਚ ਭਾਰਤ 'ਚ ਹਿੰਦੂ-ਮੁਸਲਿਮ ਸਮੱਸਿਆ ਨੂੰ ਸਹੀ ਤਰ੍ਹਾਂ ਨਾਲ ਸੁਲਝਾਉਣ ਅਤੇ ਭਾਈ ਭਾਰਤ ਦੀ ਵੰਨ ਸਵੰਨਤਾ ਦੇ ਹਿਸਾਬ ਨਾਲ ਸੰਰਚਨਾ ਬਣਾਉਣ ਦੀ ਫ਼ੁਰਸਤ ਕਿਸੇ ਨੂੰ ਨਹੀਂ ਸੀ। ਅੰਗਰੇਜ਼ ਤਾਂ ਚਾਹੁੰਦੇ ਸਨ ਕਿ ਭਾਰਤ ਨੂੰ ਵੰਡ ਦੇਣਾ। ਇਹ ਬਾਅਦ 'ਚ ਵੀ ਇਸ ਖੇਤਰ 'ਚ ਆਪਣਾ ਪ੍ਰਭਾਵ ਬਣਾਈ ਰੱਖਣ ਦੀ ਨੀਤੀ ਦਾ ਹਿੱਸਾ ਸੀ। ਇਸ ਤਰ੍ਹਾਂ ਇਕ ਪਾਸੇ

ਜਿਨਾਹ ਨਹਿਰੂ ਤੇ ਪਟੇਲ ਦੀ ਆਪਸੀ ਖਿਚੋਤਾਨ ਅਤੇ ਦੂਜੇ ਪਾਸੇ ਅੰਗਰੇਜ਼ਾਂ ਦੀ ਪਾੜ੍ਹਨ ਦੀ ਨੀਤੀ ਨੇ ਦੇਸ਼ ਨੂੰ ਵੰਡ ਵੱਲ ਧੱਕ ਦਿੱਤਾ।

ਇਸ ਸਾਰੇ ਕੁਝ ਦੇ ਪਿਛੋਕੜ 'ਚ ਦੋ ਅਸਲੀ ਤੇ ਵੱਡੀਆਂ ਸਮੱਸਿਆਵਾਂ ਬਰਾਜਮਾਨ ਸਨ। ਇਕ ਪਾਸੇ ਹਿੰਦੂ-ਮੁਸਲਮਾਨ ਦੀ ਸਮੱਸਿਆ ਸੀ ਜੋ ਕਰੀਬ 50 ਸਾਲ ਤੋਂ ਜਟਿਲ ਤੋਂ ਜਟਿਲ ਹੁੰਦੀ ਗਈ ਸੀ। ਇਸ 'ਚ ਅੰਗਰੇਜ਼ ਸਰਕਾਰ, ਕਾਂਗਰਸ ਦੇ ਹਿੰਦੂਵਾਦੀ ਨੇਤਾਵਾਂ ਤੇ ਮੁਸਲਮਾਨ ਦੇ ਪੁਰਾਣੇ ਜਾਗੀਰੂ ਵਿਚਾਰਾਂ ਦਾ ਹੱਥ ਸੀ। ਦੂਜੀ ਸਮੱਸਿਆ ਸੀ ਭਾਰਤ ਦੀ ਕੌਮੀਅਤ ਵੰਨ ਸਵੰਨਤਾ। ਇਨ੍ਹਾਂ ਦੋਹਾਂ ਸਮੱਸਿਆਵਾਂ ਦਾ ਹੱਲ ਇਕ ਅਸਲੀ ਸੰਘੀ ਧਰਮ ਨਿਰਪੱਖ ਭਾਰਤ ਦੇ ਰਾਹੀਂ ਹੋ ਸਕਦੀ ਸੀ। ਪਰ ਨਹਿਰੂ ਪਟੇਲ ਨਾ ਤਾਂ ਅਸਲੀ ਧਰਮ ਨਿਰਪੱਖਤਾ ਦੇ ਪੱਖ 'ਚ ਸਨ ਅਤੇ ਨਾ ਹੀ ਅਸਲੀ ਸੰਘੀ ਭਾਰਤ ਦੇ। ਉਹ ਹਿੰਦੂ ਮਾਨਸਿਕਤਾ ਦੇ ਦਾਬੇ ਵਾਲੀ ਸਰਬ ਧਰਮ ਸੁਭਾਅ, ਧਰਮ ਨਿਰਪੱਖਤਾ ਦੇ ਹਾਮੀ ਸਨ ਅਤੇ ਨਾਲ ਹੀ ਸੰਘ ਦੇ ਨਾਂ 'ਤੇ ਕੇਂਦਰੀ ਢਾਂਚੇ ਦੇ ਇਸ 'ਚ ਪਟੇਲ ਤਾਂ ਹੋਰ ਵੀ ਹਿੰਦੂਵਾਦੀ ਤੇ ਕੇਂਦਰੀਕ੍ਰਿਤ ਭਾਰਤ ਦੇ ਹੱਕ 'ਚ ਸਨ। ਅਜਿਹੇ 'ਚ ਜਿਨਾਹ ਵੱਲੋਂ ਇੱਛਤ ਆਜ਼ਾਦੀ ਲਈ ਇਸ 'ਚ ਥਾਂ ਨਹੀਂ ਸੀ। ਵੈਸੇ ਵੀ ਉਹ ਧਰਮ ਦੇ ਨਾਂ 'ਤੇ ਖੁਦ ਮੁਖਤਿਆਰੀ ਦੀ ਗੱਲ ਕਰ ਰਹੇ ਸਨ, ਜੋ ਗਲਤ ਸੀ। ਖੁਦ-ਮੁਖਤਿਆਰੀ ਦੇਸ ਜਾਂ ਕੌਮੀ ਵੰਨ-ਸਵੰਨਤਾ ਦੇ ਅਧਾਰ 'ਤੇ ਹੀ ਹੋ ਸਕਦੀ ਹੈ, ਧਰਮ ਦੇ ਨਾਂ 'ਤੇ ਨਹੀਂ। ਧਾਰਮਿਕ ਭੇਦਭਾਵ ਜਾਂ ਜਬਰ ਦਾ ਹੱਲ ਅਸਲੀ ਧਰਮ ਨਿਰਪੱਖਤਾ ਹੈ। ਧਾਰਮਿਕ ਅਧਾਰ 'ਤੇ ਖੁਦਮੁਖਤਿਆਰੀ ਨਹੀਂ। ਦੂਸਰੇ 1940 ਤੋਂ ਹੀ ਸੌਦੇਬਾਜੀ ਲਈ ਜਿਨਾਹ 'ਤੇ ਮੁਸਲਿਮ ਲੀਗ, ਜਿਸ ਪਾਕਿਸਤਾਨ ਦੇ ਨਾਹਰੇ ਨੂੰ ਉਛਾਲਿਆ ਸੀ। ਉਸ ਨੇ ਹੁਣ ਆਪਣੀ ਰਫ਼ਤਾਰ ਫੜ ਲਈ ਸੀ। ਇਸ ਰਫਤਾਰ ਨੇ ਨਹਿਰੂ ਪਟੇਲ ਤੇ ਅੰਗਰੇਜਾਂ ਦੀਆਂ ਕਾਰਗੁਜਾਰੀਆਂ ਨਾਲ ਮਿਲ ਕੇ ਇਹ ਸਥਿਤੀ ਪੈਦਾ ਕਰ ਦਿੱਤੀ ਜਿਸ 'ਚ ਸਾਰਾ ਮਾਮਲਾ ਵੰਡ ਤਕ ਪੁੱਜ ਗਿਆ।

ਇਹ ਸਭ ਭਾਰਤੀ ਇਤਿਹਾਸ ਦੀਆਂ ਆਮ ਸੱਚਾਈਆਂ ਹਨ। ਪਰ ਇਹ ਭਾਰਤ ਤੇ ਪਾਕਿਸਤਾਨ ਦੋਨੋਂ ਹਾਕਮਾਂ ਦੇ ਹਿੱਤ 'ਚ ਨਹੀਂ ਸੀ ਕਿ ਉਹ ਆਮ ਸਚਾਈ ਨੂੰ ਜਨਤਾ 'ਚ ਸਥਾਪਤ ਹੋਣ ਦਿੰਦੇ। ਇਸ ਬਦਲੇ ਉਹਨਾਂ ਨੇ ਆਪਣਾ ਆਪਣਾ ਝੂਠਾ ਇਤਿਹਾਸ ਘੜਿਆ ਪਾਕਿਸਤਾਨੀ ਹਾਕਮਾਂ ਨੇ ਜਿਨਾਹ ਨੂੰ ਨਾਇਕ ਬਣਾਉਂਦੇ ਹੋਇਆ ਕਾਂਗਰਸ ਪਾਰਟੀ ਤੇ ਉਸ ਦੇ ਨੇਤਾਵਾਂ ਨੂੰ ਖਲਨਾਇਕ ਬਣਾਇਆ ਤਾਂ ਭਾਰਤੀ ਹਾਕਮਾਂ ਨੇ ਜਿਨਾਹ ਨੂੰ ਖਲਨਾਇਕਾ ਭਾਰਤ 'ਚ ਹਿੰਦੂਤਵੀ ਸੰਘ ਪਰਿਵਾਰ ਤਾਂ ਹੋਰ ਵੀ ਅੱਗੇ ਗਿਆ। ਹੁਣ ਜਦ ਹਾਕਮਾਂ 'ਚੋਂ ਹੀ ਇਕ ਪਾਸੇ ਉਹ ਵੀ ਸੰਘ ਪਰਿਵਾਰ ਦੇ ਇਕ ਵਿਅਕਤੀ ਨੇ ਇਤਿਹਾਸਕ ਸਚਾਈ ਬਿਆਨ ਕਰ ਦਿੱਤੀ ਤਾਂ ਸਾਰੇ ਬੁਖਲਾ ਗਏ ਹਨ। ਸਾਰੇ ਚੀਕ-ਚੀਕ ਨੇ ਫਿਰ ਝੂਠ ਨੂੰ ਪੁਨਰ ਸਥਾਪਿਤ ਕਰਨ 'ਚ ਜੁਟ ਗਏ ਹਨ। ਪਰ ਸੁਆਲ ਇਹ ਵੀ ਹੈ ਕਿ ਜਸਵੰਤ ਸਿੰਘ ਇਸ ਬੁਢਾਪੇ 'ਚ ਅਚਾਨਕ ਸਤਵਾਦੀ ਹਰੀਸ਼ ਚੰਦਰ ਬਣ ਗਏ ਹਨ? ਕਿਉਂਕਿ ਉਹਨਾਂ ਨੂੰ ਇਤਿਹਾਸ ਨੂੰ ਉਦੇੜਨ ਦੀ ਲੋੜ ਪੈ ਗਈ ਸੀ। ਇਸ ਦੀ ਵਜਾਹ ਭਾਜਪਾ ਦੀ ਅੰਦਰੂਨੀ ਰਾਜਨੀਤੀ ਹੈ ਪਿਛਲੀਆਂ ਲੋਕ ਸਭਾ ਚੋਣਾਂ ਦੇ ਬਾਅਦ ਤੋਂ ਹੀ ਭਾਜਪਾ 'ਚ ਅੰਦਰੂਨੀ ਕਲੇਸ਼ ਛਿੜ ਪਿਆ ਹੈ। ਹਾਰ ਦਾ ਠੀਕਰਾ ਇਕ ਦੂਜੇ ਸਿਰ ਭੰਨਣ ਅਤੇ ਭਾਜਪਾ 'ਚ ਆਪਣੀ ਸਥਿਤੀ ਮਜ਼ਬੂਤ ਕਰਨ ਦੀ ਮੁਹਿੰਮ ਜ਼ੋਰ ਸ਼ੋਰ ਨਾਲ ਚੱਲ ਰਹੀ ਹੈ। ਸ਼ਤਰੰਜ

ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਸ਼ਹਿ ਤੇ ਮਾਤ ਹੋ ਰਹੀ ਹੈ। ਆਪਣੇ ਵੱਲੋਂ ਜਸਵੰਤ ਨੇ ਭਾਜਪਾ ਲੀਡਰਸ਼ਿਪ ਤੇ ਸੰਘ ਪਰਿਵਾਰ ਨੂੰ ਸ਼ਹਿ ਦਿੱਤੀ ਸੀ। ਪਰ ਲੀਡਰਸ਼ਿਪ ਨੇ ਉਹਨਾਂ ਨੂੰ ਭਾਜਪਾ 'ਚੋਂ ਕੱਢ ਕੇ ਮਾਤ ਦੇ ਦਿੱਤੀ। ਵੈਸੇ ਇਹ ਮਾਮਲੇ ਦਾ ਅੰਤ ਨਹੀਂ ਹੈ। ਸਮੇਂ ਨਾਲ ਇਕ ਅਮਲ 'ਚ ਹੋਰ ਅਧਿਆਇ ਜੁੜਨਗੇ।

# ਕਟਹਿਰੇ 'ਚ ਨਿਆਂ ਪ੍ਰਣਾਲੀ ਕਿਵੇਂ?

ਇਹ ਕਦੇ ਕਦਾਈਂ ਹੀ ਹੁੰਦਾ ਹੈ ਕਿ ਜਦ ਸੁਪਰੀਮ ਕੋਰਟ ਦੇ ਸਭ ਜੱਜਾਂ ਦੀ ਬੈਠਕ ਹੁੰਦੀ ਹੈ ਪਰ 26 ਅਗਸਤ ਨੂੰ ਜਦ ਇਹ ਸਭ 23 ਮਾਨਯੋਗ ਨਿਆਂ ਮੂਰਤੀ ਇਕੱਠੇ ਬੈਠੇ ਤਾਂ ਮਹੌਲ ਕਾਫੀ ਤਣਾਅਪੂਰਨ ਅਤੇ ਅਸਹਿਜ ਸੀ, ਦੋ ਘੰਟੇ ਪਿੱਛੋਂ ਜਦ ਇਹ ਬੈਠਕ ਖਤਮ ਹੋਈ ਤਦ ਤਕ ਇਹਨਾਂ ਜੱਜਾਂ ਨੇ ਕਦਮ ਪਿੱਛੇ ਖਿਚਣ ਦਾ ਅਹਿਮ ਫੈਸਲਾ ਕਰ ਲਿਆ ਸੀ। ਮਹੀਨਿਆਂ ਤਕ ਉਹ ਇਸ ਮੰਗ ਤੇ ਫੈਸਲਾ ਟਾਲਦੇ ਰਹੇ ਕਿ ਜੱਜਾਂ ਨੂੰ ਵੀ ਨੇਤਾਵਾਂ ਅਤੇ ਲੋਕ ਸੇਵਕਾਂ ਵਾਂਗੂੰ ਆਪਣੀ ਸੰਪਤੀ ਦਾ ਐਲਾਨ ਕਰਨਾ ਚਾਹੀਦਾ ਹੈ, ਪਰ ਆਖਰਕਾਰ ਉਹਨਾਂ ਨੇ ਇਸ ਮੰਗ ਨੂੰ ਮੰਨਣ ਦਾ ਫੈਸਲਾ ਕਰ ਲਿਆ ਕਨੂੰਨੀ ਬਰਾਦਰੀ ਨੂੰ ਜਿਸ ਮੁੱਦੇ ਨੇ ਪਾਟੋਧਾੜ ਕਰ ਦਿੱਤਾ ਸੀ ਅਤੇ ਕਾਰਜਪਾਲਿਕਾ ਨੂੰ ਇਸ ਸ਼ਿਖਰ ਸੰਸਥਾ ਦੇ ਖਿਲਾਫ ਕਰ ਦਿੱਤਾ ਸੀ। ਉਸ 'ਤੇ ਝਮੇਲਾ ਹੁਣ ਇਸ ਫੈਸਲੇ ਪਿੱਛੋਂ ਰੁਕ ਜਾਵੇਗਾ। ਭਾਰਤ ਦੇ ਮੁੱਖ ਨਿਆਂਮੂਰਤੀ ਕੇ. ਜੀ. ਬਾਲਾਕ੍ਰਿਸ਼ਨਨ ਦੀ ਅਗਵਾਈ 'ਚ ਇਹ ਜੱਜ ਆਪਣੀ ਜਾਇਦਾਦ ਨੇ ਜਨਤਕ ਐਲਾਨ ਕਰਨ ਦੇ ਵਿਚਾਰ ਨੂੰ ਨਾ ਮੰਨਣ ਲਈ ਨਿਆਂ ਪਾਲਿਕਾ ਅੰਦਰ ਹੀ ਅਰਸੇ ਤੋਂ ਨਿਸ਼ਾਨੇ 'ਤੇ ਸਨ, ਇਹ ਅੰਦਰੂਨੀ ਦਬਾਅ ਨੇ ਉਹਨਾਂ ਨੂੰ ਪੈਰ ਪਿੱਛੇ ਖਿਚਣ ਲਈ ਮਜ਼ਬੂਰ ਕਰ ਦਿੱਤਾ। ਇਹ ਅੜਿਕਾ ਬਣਿਆ ਰਹਿੰਦਾ ਜੇ ਕਰਨਾਟਕ ਤੇ ਪੰਜਾਬ-ਹਰਿਆਣਾ ਹਾਈਕੋਰਟ ਦੇ ਦੋ ਜੱਜਾਂ ਨੇ ਪਿਛਲੇ ਹਫ਼ਤੇ ਇਹ ਕਹਿੰਦੇ ਹੋਏ ਖੁਦ ਆਪਣੀ ਜਾਇਦਾਦ ਦਾ ਜਨਤਕ ਐਲਾਨ ਨਾ ਕੀਤਾ ਹੁੰਦਾ ਕਿ ਉਹ ਕੁੱਝ ਵੀ ਛੁਪਾਉਣਾ ਨਹੀਂ ਚਾਹੁੰਦੇ। ਇਸ ਐਲਾਨ ਤੋਂ ਬਾਅਦ ਹੀ ਸੁਪਰੀਮ ਕੋਰਟ ਜੱਜਾਂ ਦੀ ਇਹ ਬੈਠਕ ਹੋਈ। ਨਿਆਂਮੂਰਤੀ ਜੇ. ਸ਼ਲਿੰਦਰ ਕੁਮਾਰ ਅਤੇ ਕੇ. ਕਣਨ ਦੇ ਇਨਕਲਾਬੀ ਫੈਸਲੇ ਨੇ ਉਹਨਾਂ ਨੂੰ ਇਹ ਫੈਸਲਾ ਕਰਨ ਲਈ ਮਜ਼ਬੂਰ ਕਰ ਦਿੱਤਾ। ਇਹਨਾਂ ਦੋਹਾਂ ਜੱਜਾਂ ਨੇ ਹਾਈਕੋਰਟ ਵੱਲੋਂ ਕੀਤੀ ਪਹਿਲ ਦਾ ਵਿਰੋਧ ਕਰਨ ਦੀ ਬਾਲਾ ਕ੍ਰਿਸ਼ਨਨ ਦੀ ਹੈਸੀਅਤ 'ਤੇ ਪਿਛਲੇ ਹਫਤੇ ਸੁਆਲ ਉਠਾ ਕੇ ਸਨਸਨੀ ਫੈਲਾਅ ਦਿੱਤੀ ਲਗਭਗ ਇਸ ਦੇ ਨਾਲ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜ ਕਣਨ ਨੇ ਆਪਣੀ ਤੇ ਆਪਣੀ ਪਤਨੀ ਦੇ ਨਾਂ ਕੁਝ 16 ਲੱਖ ਰੁਪਏ ਦੀ ਸੰਪਤੀ ਦੀ ਸੇਵਾ ਇੱਛਾ ਨਾਲ ਐਲਾਨ ਕਰ ਦਿੱਤੀ।

ਸ਼ਲਿੰਦਰ ਕੁਮਾਰ ਤੇ ਕਣਨ ਨੇ ਇਕ ਐਸੀ ਮਿਸਾਲ ਕਾਇਮ ਕਰ ਦਿੱਤੀ ਹੈ ਜਿਸ ਦਾ ਪਾਲਣ ਨਾ ਕਰਨਾ ਦੂਜੇ ਜੱਜਾਂ ਲਈ ਅਸੰਭਵ ਹੋਵੇਗਾ। ਨਿਆਪਾਲਿਕਾ ਭਾਰਤੀ ਲੋਕ ਰਾਜ ਦੀ ਨੀਂਹ ਦਾ ਪੱਥਰ ਹੈ ਤੇ ਸਭ ਤੋਂ ਵੱਧ ਸਤਿਕਾਰਿਤ ਅੰਗ ਹੈ ਖੁਦ ਕਾਨੂੰਨ ਦੇ ਲੰਮੇ ਹੱਥਾਂ ਦੀ ਪਹੁੰਚ ਤੋਂ ਆਪਣੇ ਆਪ ਨੂੰ ਦੂਰ ਮੰਨਣ ਵਾਲੇ ਗੈਰ ਜਿੰਮੇਵਾਰ ਨੇਤਾਵਾਂ ਨੇ ਵਿਧਾਇਕਾਂ ਤੇ ਕਾਰਜਪਾਲਿਕਾ ਨੂੰ ਤਾਂ ਗਰਕ 'ਚ ਪਹੁੰਚਾ ਦਿੱਤਾ ਹੈ। ਪਰ ਨਿਆਂ ਪਾਲਿਕਾ ਨੂੰ ਅਛੂਤਾ, ਅਜ਼ਾਦ ਤੇ ਕਾਰਜਪਾਲਿਕਾ 'ਤੇ ਚੈਕ ਲਾਉਣ ਵਾਲਾ ਮੰਨਿਆ ਜਾਂਦਾ ਰਿਹਾ ਹੈ ਪਰ ਹਾਲ ਦੇ ਸਾਲਾਂ 'ਚ ਇਸ ਦੀ ਛਵੀ ਨੂੰ ਕਿੰਨੀ ਚੋਟ ਪਹੁੰਚੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਇਸ ਦੀ ਸਫਾਈ ਕਰਨ ਦੀ ਮੰਗ ਅੰਦਰੋਂ ਉਠਣ ਲੱਗੀ ਹੈ। ਪਹਿਲਾਂ ਇਸ ਖਿਲਾਫ ਸਭ ਤੋਂ ਗੰਭੀਰ ਦੋਸ਼ ਇਹ ਲੱਗਿਆ ਸੀ ਕਿ ਇਸਦਾ ਕੁਝ ਭਾਗ ਰਾਜਨੀਤੀ ਦੇ ਦਬਾਅ

ਹੇਠ ਕੰਮ ਕਰਦਾ ਹੈ। ਸ਼ਾਇਦ ਹੀ ਕਦੀ ਕਿਸੇ ਜੱਜ 'ਤੇ ਵਿਵਾਦਗ੍ਰਸਿਤ ਢੰਗ ਨਾਲ ਸੰਪਤੀ ਇਕੱਠੀ ਕਰਨ ਦਾ ਦੋਸ਼ ਲਾਇਆ ਗਿਆ। ਪਰ ਹਾਲ ਦੇ ਸਾਲਾਂ 'ਚ ਕੋਈ ਝਮੇਲਿਆਂ ਨੇ ਇਸ ਦੀ ਸ਼ਾਖ ਨੂੰ ਚੋਟ ਪਹੁੰਚਾਈ ਹੈ। ਲਗਭਗ 16 ਸਾਲ ਪਹਿਲਾਂ ਨਿਆਂਪਾਲਿਕਾ ਨੂੰ ਪਹਿਲੀ ਵਾਰੀ ਕਿਸੇ ਜੱਜ ਖਿਲਾਫ ਮਹਾਂਭਿਯੋਗ ਪ੍ਰਸਤਾਵ ਲਿਆਂਦੇ ਜਾਣ ਦੀ ਸ਼ਰਮ ਝੱਲਣੀ ਪਈ ਤਦ ਸੁਪਰੀਮ ਕੋਰਟ ਦੇ ਨਿਆਂਮੂਰਤੀ ਦੀ ਰਾਮਾਸੁਆਮੀ ਨੂੰ ਤਿੰਨ ਸਥਾਈ ਜੱਜਾਂ ਦੀ ਇਕ ਸੰਮਤੀ ਨੇ ਕਦਾਚਾਰ ਦਾ ਦੋਸ਼ੀ ਪਾਇਆ ਸੀ ਪਰ ਉਸ ਵੇਲੇ ਦੀ ਹਕੂਮਤੀ ਕਾਂਗਰਸ ਵੱਲੋਂ ਲੋਕ ਸਭਾ 'ਚ ਵੋਟਾਂ 'ਚ ਹਿੱਸਾ ਨਾ ਲੈਣ ਦੀ ਵਜਾਹ ਕਰਕੇ ਇਹ ਪ੍ਰਸਤਾਵ ਡਿੱਗ ਪਿਆ ਸੀ। ਤਦ ਤੋਂ ਹੀ ਅਦਾਲਤਾਂ ਨੇਤਾਵਾਂ ਲਈ ਮਾਨੋ ਚਾਰਾ ਬਣ ਗਈਆਂ ਹਨ ਅਤੇ ਉਹਨਾਂ ਨੂੰ ਅਕਸਰ ਰਾਜਸੀ ਪ੍ਰਬੰਧ ਦੇ ਹਿੱਸੇ ਵਜੋਂ ਵੇਖਿਆ ਜਾਂਦਾ ਹੈ। ਮਾਮਲਾ ਖਾਸ ਕਰਕੇ ਜਦ ਉਹ ਲਾਲੂ ਪ੍ਰਸ਼ਾਦ ਯਾਦਵ, ਮਾਇਆਵਤੀ, ਮੁਲਾਇਮ ਸਿੰਘ ਯਾਦਵ ਜਾਂ ਜੈ ਲਲਿਤਾ ਵਰਗੇ ਧਨੀ ਤੇ ਉਚੇ ਕਦ ਦੇ ਨੇਤਾਵਾਂ ਨਾਲ ਜੁੜੇ ਹੋਣ ਦੇ ਨਿਪਟਾਰੇ 'ਚ ਅਦਾਲਤ ਦੇ ਰੁਖ ਨੂੰ ਵੇਖ ਕੇ ਆਮ ਨਾਗਰਿਕ ਇਹ ਸਿੱਟਾ ਕੱਢਦਾ ਹੈ ਕਿ ਨਿਆਂ ਸਿਰਫ਼ ਧਨੀ ਤੇ ਸਿਆਸੀ ਪਹੁੰਚ ਵਾਲਿਆਂ ਲਈ ਹੀ ਹੈ। ਜਦ ਇਨਸਾਫ਼ ਚਾਹੁਣ ਵਾਲਿਆਂ ਦੀ ਕਤਾਰ ਲੰਬੀ ਅਤੇ ਜੱਜ ਰੰਗੇ ਹੱਥੀਂ ਫੜੇ ਜਾ ਰਹੇ ਹਨ ਤਦ ਇਹਨਾਂ ਸਨਮਾਨਿਤ ਹਸਤੀਆਂ ਦੀ ਭਰੋਸੇਯੋਗਤਾ ਤੇ ਜੁਆਬਦੇਹੀ 'ਤੇ ਸੁਆਲ ਉਠਾਏ ਜਾ ਰਹੇ ਹਨ। ਨਿਆਂਪਾਲਿਕਾ 'ਚ ਜਿੰਨਾ ਭ੍ਰਿਸ਼ਟਾਚਾਰ ਹੁਣ ਨਜ਼ਰ ਆ ਰਿਹਾ ਹੈ। ਉਨ੍ਹਾਂ ਕਦੀ ਨਹੀਂ ਰਿਹਾ ਤੇ ਕਦਾਚਾਰ ਦੇ ਹਿੱਸੇ ਨਿਰੰਤਰ ਬਾਹਰ ਆ ਰਹੇ ਹਨ। ਉਤਰ ਪ੍ਰਦੇਸ਼ 'ਚ ਗਾਜੀਆਬਾਦ ਅਦਾਲਤ ਦੇ ਕਰਮਚਾਰੀਆਂ ਦੇ ਫੰਡ ਘਪਲਿਆਂ ਵਿੱਚ ਕਥਿਤ ਤੌਰ 'ਤੇ ਸ਼ਾਮਲ ਹੋਣ ਦੇ ਦੋਸ਼ 'ਚ 34 ਜੱਜ ਜਾਂਚ ਦੇ ਦਾਇਰੇ 'ਚ ਹਨ। ਅਦਾਲਤਾਂ 'ਚ ਲੱਗੇ ਭ੍ਰਿਸ਼ਟਾਚਾਰ ਦੇ ਘੁਣ ਦਾ ਅੰਦਾਜ਼ਾ ਉਦੋਂ ਲੱਗਿਆ ਜਦ ਪੰਜਾਬ-ਹਰਿਆਣਾ ਹਾਈਕੋਰਟ ਦੇ ਇਕ ਜੱਜ ਲਈ ਭੇਜੀ ਗਈ 15 ਲੱਖ ਰੁਪਏ ਦੀ ਰਿਸ਼ਵਤ ਗਲਤ ਪਤੇ 'ਤੇ ਪਹੁੰਚ ਗਈ ਕਲਕੱਤਾ ਹਾਈਕੋਰਟ ਨੇ ਨਿਆਂ ਮੂਰਤੀ ਸੈਮਿਤਰ ਸੈਨ ਇਕ ਮੁਕੱਦਮੇ 'ਚ ਅਦਾਲਤ ਵਲੋਂ ਨਿਯੁਕਤ ਰਸੀਵਰ ਵਜੋਂ ਕਥਿਤ ਤੌਰ 'ਤੇ 32 ਲੱਖ ਰੁਪਏ ਜਮ੍ਹਾਂ ਕਰਨ ਦੇ ਦੋਸ਼ 'ਚ ਮਹਾਭਿਯੋਗ ਦਾ ਸਾਹਮਣਾ ਕਰ ਰਹੇ ਹਨ। ਕੇ ਵੀਰਾ ਸੁਆਮੀ ਮਦਰਾਸ ਹਾਈਕੋਰਟ ਦੇ ਸਾਬਕਾ ਜੱਜ ਭ੍ਰਿਸ਼ਟਾਚਾਰ ਰੋਕੂ ਕਾਨੂੰਨ 1946 ਦੇ ਤਹਿਤ ਦੋਸ਼ੀ ਪਾਏ ਗਏ ਪਰ 1991 'ਚ ਉਹਨਾਂ ਆਪਣਾ ਕੇਸ ਸੁਪਰੀਮ ਕੋਰਟ 'ਚ ਲੜਿਆ। ਪਿੱਛੋਂ ਸੁਪਰੀਮ ਕੋਰਟ ਨੇ ਆਪਣੇ ਫੈਸਲੇ 'ਚ ਕਿਹਾ ਕਿ ਕਿਸੇ ਵੀ ਜੱਜ ਦੇ ਖਿਲਾਫ ਅਪਰਾਧਿਕ ਮਾਮਲਾ ਦਰਜ ਕਰਨ ਤੋਂ ਪਹਿਲਾਂ ਮੁੱਖ ਜੱਜ ਦੀ ਮੰਜੂਰੀ ਜ਼ਰੂਰੀ ਹੁੰਦੀ ਹੈ। ਏ. ਐਮ. ਅਹਿਮਦੀ ਭਾਰਤ ਦੇ ਚੀਫ ਜਸਟਿਸ ਦੇ ਅਹੁਦੇ 'ਤੇ (ਅਕਤੂਬਰ 1994-ਮਾਰਚ 1997) ਰਹਿੰਦੇ ਹੋਇਆਂ ਉਹਨਾਂ ਦੀ ਵਕੀਲ ਬੇਟੀ 'ਤੇ ਕੁਝ ਜੱਜਾਂ ਤੋਂ ਵਿਸ਼ੇਸ਼ ਸਹੂਲਤਾਂ ਲੈਣ ਦਾ ਦੋਸ਼ ਲੱਗਿਆ। ਬਾਰ ਦੇ ਮੈਂਬਰਾਂ ਨੇ ਮਤਾ ਪਾਸ ਕਰਕੇ ਜੱਜਾਂ ਦੇ ਪ੍ਰੈਕਟਿਸ ਕਰਨ ਵਾਲੇ ਰਿਸ਼ਤੇਦਾਰਾਂ ਦੇ ਉਸੇ ਘਰ 'ਚ ਰਹਿਣ 'ਤੇ ਪਾਬੰਦੀ ਲਾ ਦਿੱਤੀ। ਏ. ਐਸ. ਆਨੰਦ 'ਤੇ ਚੀਫ ਜਸਟਿਸ ਰਹਿੰਦੇ ਹੋਇਆਂ ਹੇਠਲੀਆਂ ਅਦਾਲਤਾਂ ਨੂੰ ਅਜਿਹੇ ਮਾਮਲਿਆਂ 'ਚ ਆਪਣੀ ਪਤਨੀ ਅਤੇ ਸੱਸ ਦੇ ਪੱਖ 'ਚ ਫੈਸਲਾ ਦੇਣ ਲਈ ਵਰਤੇ ਜਾਣ ਦਾ ਦੋਸ਼ ਹੈ ਜੋ ਕਿ ਦੋ ਦਹਾਕਿਆਂ ਤੋਂ ਪਾਬੰਦੀਸ਼ੁਦਾ ਸਨ। ਸੰਨ 2000 'ਚ ਉਹਨਾਂ ਦੀ ਉਮਰ 'ਤੇ ਵਿਵਾਦ ਉਠਣ ਪਿੱਛੋਂ ਸੀ. ਬੀ. ਆਈ. ਜਾਂਚ ਵੀ ਹੋਈ ਸੀ ਜਾਂਚ ਰਿਪੋਰਟ

ਜਨਤਕ ਨਹੀਂ ਕੀਤੀ ਗਈ। ਸ਼ਮਿਤ ਮੁਕਰਜੀ ਦਿੱਲੀ ਅਦਾਲਤ ਨੇ ਦਿੱਲੀ ਹਾਈਕੋਰਟ ਦੇ ਸਾਬਕਾ ਜੱਜ ਸ਼ਮਿਤ ਮੁਕਰਜੀ ਅਤੇ ਚਾਰ ਹੋਰਾਂ ਖਿਲਾਫ ਸੰਨ 2008 'ਚ ਇਕ ਡੀ. ਡੀ. ਏ. ਜਮੀਨ ਘਪਲੇ 'ਚ ਦੋਸ਼ ਪੱਤਰ ਤਿਆਰ ਕੀਤੇ। ਸੀ. ਬੀ. ਆਈ. ਮੁਤਾਬਕ ਸਾਬਕਾ ਜੱਜ ਨੇ ਸਹਿ ਦੋਸ਼ੀ ਖਤਰੀ ਤੋਂ ਕੁਝ ਲਾਭ ਲੈ ਕੇ ਉਸ ਦੇ ਪੱਖ 'ਚ ਅੰਤਰਿਮ ਫੈਸਲਾ ਦੇ ਦਿੱਤਾ ਜਿਸ ਨਾਲ ਡੀ. ਡੀ. ਏ. ਉਸ ਵਲੋਂ ਕਬਜੇ 'ਚ ਕਰ ਲਈ ਗਈ ਜ਼ਮੀਨ ਵਾਪਸ ਨਹੀਂ ਲੈ ਸਕੀ। ਸਾਬਕਾ ਚੀਫ ਜਸਟਿਸ 'ਤੇ ਦਿੱਲੀ ਵਿੱਚ ਕੁਦਰਤੀ ਨਿਆਂ ਦੇ ਸਿਧਾਂਤਾਂ ਖਿਲਾਫ ਸੀਲਿੰਗ ਮੁਹਿੰਮ 'ਚ ਹੁਕਮ ਦੇਣ ਆਪਣੇ ਪਰਿਵਾਰ ਦੇ ਵਪਾਰਕ ਹਿੱਤਾਂ ਨੂੰ ਅੱਗੇ ਵਧਾਉਣ ਦਾ ਵੀ ਦੋਸ਼ ਹੈ ਗਾਜੀਆਬਾਦ ਅਦਾਲਤ ਦੇ ਸਾਬਕਾ ਕੇਂਦਰੀ ਕੋਸ਼ ਅਧਿਕਾਰੀ ਨੇ 1999 ਤੋਂ ਅੱਠ ਸਾਲ ਤਕ ਜੱਜਾਂ ਲਈ ਮਹਿੰਗੇ ਤੋਹਫੇ ਖਰੀਦਣ ਲਈ 7 ਕਰੋੜ ਰੁਪੈ ਦਾ ਘਪਲਾ ਕੀਤਾ। ਮਾਮਲੇ ਦੀ ਜਾਂਚ ਚਲਦੀ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਜੱਜ ਤਦ ਪਦਮੁਕਤ ਕਰ ਦਿੱਤਾ ਗਿਆ ਜਦ ਕੈਸ਼ ਐਂਡ ਜੱਜ ਡੋਰ (ਜੱਜ ਦੇ ਘਰ ਕੈਸ਼) ਘਪਲੇ 'ਚ ਉਹਨਾਂ ਦਾ ਨਾਂ ਸ਼ਾਮਲ ਦਿਸਿਆ ਨਿਰਮਲ ਯਾਦਵ ਨੇ ਹੁਣ ਚੀਫ ਜਸਟਿਸ ਨੂੰ ਬਹਾਲੀ ਦੀ ਬੇਨਤੀ ਕੀਤੀ ਹੈ ਕਿਉਂਕਿ 'ਕੁਝ ਵੀ ਸਾਬਤ ਨਹੀਂ ਹੋ ਸਕਿਆ।

ਅੱਜ ਤੱਕ ਤਾਂ ਨਿਆਂਪਾਲਿਕਾ ਨੇ ਆਪਣੀ ਬਹਾਦਰੀ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਪ੍ਰਸੰਗ 'ਚ ਮਜ਼ਦੂਰ ਸੰਘਾਂ ਵਾਲੀ ਇਕਜੁਟਤਾ ਵਿਖਾਈ ਹੈ। ਹਾਈਕੋਰਟ ਜਾਂ ਸੁਪਰੀਮ ਕੋਰਟ ਦੇ ਕਿਸੇ ਜੱਜ ਨੂੰ ਤਾਂ ਹੀ ਹਟਾਇਆ ਜਾ ਸਕਦਾ ਹੈ ਜੇ ਉਹ ਮਹਾਂਭਿਯੋਗ ਦੀ ਪੇਚੀਦਾ ਕਿਰਿਆ ਲਈ ਤਿਆਰ ਹੋਵੇ। ਜਿਥੋਂ ਤਕ ਭ੍ਰਿਸ਼ਟਾਚਾਰ ਦਾ ਸੁਆਲ ਹੈ ਤਾਂ ਜਦ ਤੱਕ ਭਾਰਤ ਦੇ ਚੀਫ ਜਸਟਿਸ ਇਸ ਲਈ ਤਿਆਰ ਨਾ ਹੋਣ, ਮਾਮਲੇ ਦੀ ਸਰਕਾਰੀ ਜਾਂਚ ਦੀ ਕੋਈ ਗੁੰਜਾਇਸ਼ ਨਹੀਂ ਹੈ। ਜੱਜ ਨੂੰ ਅਹੁਦੇ ਤੋਂ ਹਟਾਉਣ ਜਾਂ ਉਸ ਖਿਲਾਫ ਜਾਂਚ ਕਰਵਾਉਣ ਦੀ ਇੰਨੀ ਪਚੀਦਾ ਪ੍ਰਕਿਰਿਆ ਰੋਸ ਪੂਰਨ ਅਮਲ ਨੂੰ ਜਨਮ ਦਿੰਦੀ ਹੈ। 1993 ਤਕ ਨਿਆਂਪਾਲਿਕਾ ਵਿਧਾਇਕਾਂ ਅਤੇ ਕਾਰਜਪਾਲਿਕਾ ਪ੍ਰਤੀ ਜੁਆਬਦੇਹ ਸੀ ਕਿਉਂਕਿ ਜੱਜਾਂ ਦੀ ਨਿਯੁਕਤੀ ਤੇ ਤਬਾਦਲੇ 'ਚ ਸਰਕਾਰ ਦਾ ਹੀ ਦਖਲ ਸੀ ਇਸ ਵਿਵਸਥਾ ਨਾਲ ਦੋਨੋਂ ਇਕ ਦੂਜੇ 'ਤੇ ਚੈਕ ਰੱਖਦੇ ਸਨ, ਡਰਦੇ ਸਨ। ਪਰ 1993 'ਚ ਇਕ ਫੈਸਲੇ ਨੇ ਜੱਜਾਂ ਦੀ ਨਿਯੁਕਤੀ ਤੇ ਤਬਾਦਲੇ 'ਚ ਚੀਫ ਜਸਟਿਸ ਦੀ ਰਾਇ ਨੂੰ ਤਰਜੀਹ ਦੇ ਦਿੱਤੀ ਚੀਫ ਜਸਟਿਸ ਆਪਣੀ ਰਾਇ ਸੁਪਰੀਮ ਕੋਰਟ ਦੇ ਦੋ ਉਚਤਮ ਜੱਜਾਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਬਣਾਉਂਦੇ ਹਨ ਪਰ ਇਹ ਵਿਵਸਥਾ ਤਣਾਅ 'ਚ ਪੈਂਦੀ ਰਹੀ ਹੈ ਕਿਉਂਕਿ ਸਰਕਾਰ ਨਿਆਂਪਾਲਿਕਾ ਦੀਆਂ ਸਿਫਾਰਸ਼ਾਂ 'ਤੇ ਜਾਣ ਬੁੱਝ ਟਾਲਮਟੋਲ ਕਰਦੀ ਰਹੀ ਹੈ। ਜੱਜਾਂ ਦੀ ਨਿਯੁਕਤੀ ਹੁਣ ਅਕਸਰ ਯੋਗਤਾ ਦੇ ਅਧਾਰ 'ਤੇ ਨਹੀਂ ਹੁੰਦੀ ਬਲਕਿ ਇਹ ਵੇਖ ਕੇ ਕੀਤੀ ਜਾਂਦੀ ਹੈ ਕਿ ਉਹ ਹਾਕਮਾਂ ਪ੍ਰਤੀ ਭਵਿੱਖ 'ਚ ਕੀ ਰੁਖ ਅਪਣਾਉਣਗੇ। ਗਠਬੰਧਨ ਸਰਕਾਰਾਂ ਦੇ ਇਸ ਦੌਰ 'ਚ ਨੇਤਾਵਾਂ ਖਿਲਾਫ ਮਾਮਲੇ ਅਪਰਾਧ ਦੀ ਗੰਭੀਰਤਾ ਵੇਖ ਕੇ ਨਹੀਂ ਬਲਕਿ ਦੋਸ਼ੀ ਦੇ ਸਿਆਸੀ ਤੁਗਲਕ ਦੇ ਮੱਦੇਨਜ਼ਰ ਦਾਇਰ ਕੀਤੇ ਜਾਂਦੇ ਹਨ। ਬੰਗਲੌਰ ਦੇ ਵਕੀਲ ਨਵਕੇਸ ਬਤਰਾ ਕਹਿੰਦੇ ਹਨ, "ਨਿਆਂਪਾਲਿਕਾ ਨੇ ਜਨਤਾ ਨੂੰ ਪੂਰੀ ਤਰ੍ਹਾਂ ਨਿਰਾਸ਼ ਕੀਤਾ ਹੈ ਉਸ ਨੂੰ ਉਹ ਹੈਸੀਅਤ ਅਤੇ ਪੂਰੀ ਆਜ਼ਾਦੀ ਹਾਸਿਲ ਹੈ ਜੋ ਕਿਸੇ ਦੂਸਰੀ ਸੰਸਥਾ ਨੂੰ ਹਾਸਲ ਨਹੀਂ ਹੈ ਇਸ ਲਈ ਕੋਈ ਵਜਾਹ ਨਹੀਂ ਹੈ ਕਿ ਉਹ ਕੰਮ ਨਾ ਕਰੇ।" ਵਿਵਸਥਾ ਜੋ ਸੁਪਰੀਮ ਕੋਰਟ ਨੇ ਕੀਤੀ ਹੈ ਉਸ ਮੁਤਾਬਕ ਜੱਜਾਂ ਦੀ

ਨਿਯੁਕਤੀ ਦਾ ਅਮਲ ਚੀਫ ਜਸਟਿਸ ਇਕ ਕਾਲੇ ਜਿਅਮ (ਅਧਿਸ਼ਾਸੀ) ਮੰਡਲ ਰਾਹੀਂ ਸ਼ੁਰੂ ਕਰਦੇ ਹਨ। ਕਾਲੇਜਿਅਮ 'ਚ ਮੁੱਖ ਜੱਜ ਤੋਂ ਇਲਾਵਾ ਅਦਾਲਤ ਦੇ ਚਾਰ ਚੋਟੀ ਦੇ ਜੱਜ ਹੁੰਦੇ ਹਨ। ਰਾਸ਼ਟਰਪਤੀ ਕਾਲੇਜਿਅਮ ਦੇ ਸੁਝਾਅ ਮੰਨਣ ਲਈ ਵਚਨਬੱਧ ਹਨ। ਜੇ ਰਾਸ਼ਟਰਪਤੀ ਇਸ ਵਲੋਂ ਸੁਝਾਏ ਕਿਸੇ ਉਮੀਦਵਾਰ ਦੇ ਨਾਂ 'ਤੇ ਕਿਸੇ ਖਾਸ ਕਾਰਨ ਕਰਕੇ ਉਸ ਨੂੰ ਅਹੁਦੇ ਦੇ ਯੋਗ ਨਾ ਸਮਝਦੇ ਹੋਇਆਂ ਆਪਣੀ ਸਹਿਮਤੀ ਨਹੀਂ ਦਿੰਦੇ ਤਾਂ ਕਾਲੇਜਿਅਮ ਆਪਣੀਆਂ ਸਿਫਾਰਸ਼ਾਂ 'ਤੇ ਪੁਨਰਵਿਚਾਰ ਜ਼ਰੂਰ ਕਰੇਗੀ। ਤਦ ਕਾਲੇਜਿਅਮ ਜਾਂ ਤਾਂ ਰਾਸ਼ਟਰਪਤੀ ਵਲੋਂ ਯੋਗ ਨਾ ਸਮਝੇ ਗਏ ਉਮੀਦਵਾਰ ਦੇ ਨਾਂ ਨੂੰ ਰੱਦ ਕਰ ਸਕਦੀ ਹੈ ਜਾਂ ਪੁਨਰ ਵਿਚਾਰ ਪਿੱਛੋਂ ਆਪਣੀ ਸਿਫਾਰਸ਼ 'ਤੇ ਜ਼ੋਰ ਦੇ ਸਕਦੀ ਹੈ। ਹਾਲ ਹੀ 'ਚ ਸੰਸਦੀ ਸੰਮਤੀ ਦੀ ਰਿਪੋਰਟ ਕਹਿੰਦੀ ਹੈ ਕਿ 1993 'ਚ ਸੁਪਰੀਮ ਕੋਰਟ ਨੇ ਸੰਵਿਧਾਨਿਕ ਵਿਵਸਥਾ ਕੀਤੀ ਉਸ ਪਿੱਛੋਂ ਜੱਜਾਂ ਦੀ ਨਿਯੁਕਤੀ 'ਚ ਕਾਰਜਪਾਲਿਕਾ ਦੀ ਭੂਮਿਕਾ ਨੂੰ ਇਕਦਮ ਨਿਕਾਰ ਦਿੱਤਾ ਗਿਆ ਹੈ। ਸਾਬਕਾ ਚੀਫ ਜਸਟਿਸ ਪੀ. ਐਨ. ਭਗਵਤੀ ਨੇ ਇਕ ਸੰਸਦੀ ਸੰਮਤੀ ਨੂੰ ਦੱਸਿਆ ਕਿ "ਪੰਜ ਜੱਜਾਂ ਦੀ ਸੰਮਤੀ 'ਚ ਕੀ ਹੁੰਦਾ ਹੈ, ਮੈਂ ਖੂਬ ਜਾਣਦਾ ਹਾਂ, ਮੈਂ ਨਾ ਤਾਂ ਉਸ ਦਾ ਖੁਲਾਸਾ ਕਰਨਾ ਚਾਹੁੰਦਾ ਹਾਂ, ਨਾ ਹੀ ਉਸ 'ਤੇ ਵਿਚਾਰ ਵਟਾਂਦਰਾ ਪਰ ਜਿਸ ਤਰ੍ਹਾਂ ਦੀਆਂ ਨਿਯੁਕਤੀਆਂ ਹੋਈਆਂ ਉਹ ਅਸੀਂ ਵੇਖ ਚੁੱਕੇ ਹਾਂ।

ਕਾਲੇਜਿਅਮ ਵਲੋਂ ਜੱਜਾਂ ਦੀ ਚੋਣ ਦੀ ਮੌਜੂਦਾ ਪ੍ਰਕਿਰਿਆ ਨਾ ਤਾਂ ਪਾਰਦਰਸ਼ੀ ਹੈ, ਨਾ ਹੀ ਉਸ ਦੀ ਪੜਤਾਲ ਕੀਤੀ ਜਾ ਸਕਦੀ ਹੈ, ਹਾਲ ਹੀ ਵਿੱਚ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁਧਾਦੇਵ ਭੱਟਾਚਾਰੀਆ ਨੇ ਜੱਜਾਂ ਦੀ ਨਿਯੁਕਤੀ ਲਈ ਚੁਣ ਗਏ 13 ਵਕੀਲਾਂ ਵਿਚੋਂ 4× ਦੀ ਸ਼ਾਖ 'ਤੇ ਹੀ ਸੁਆਲ ਉਠਾ ਦਿੱਤੇ। ਆਪਣੇ ਪੱਤਰ 'ਚ ਭੱਟਾਚਾਰੀਆ ਨੇ ਇਕ ਉਮੀਦਵਾਰ ਦੀ ਯੋਗਤਾ 'ਤੇ ਸ਼ੱਕ ਜ਼ਾਹਰ ਕੀਤਾ ਤੇ ਦੂਜੇ ਦੀ ਕਾਨੂੰਨ ਦੀ ਡਿਗਰੀ ਦੀ ਵਾਜਬੀਅਤ 'ਤੇ ਹੀ ਸੁਆਲ ਖੜ੍ਹਾ ਕਰ ਦਿੱਤਾ। ਉਹਨਾਂ ਨੇ ਕਾਨੂੰਨ ਮੰਤਰਾਲੇ ਨੂੰ ਲਿਖਿਆ ਕਿ ਉਮੀਦਵਾਰਾਂ 'ਚੋਂ ਇਕ ਦਾ ਆਚਰਣ "ਹਾਈਕੋਰਟ ਦੇ ਜੱਜ ਵਰਗਾ ਨਹੀਂ ਹੈ" ਤਾਂ ਦੂਜੇ ਦੀ ਵੀ ਵਕੀਲ ਵਲੋਂ ਕੋਈ ਗਿਣਨਯੋਗ ਪ੍ਰਾਪਤੀ ਨਹੀਂ ਹੈ" ਤਾਂ ਦੂਜੇ ਦੀ ਵੀ ਵਕੀਲ ਵੱਲੋਂ ਕੋਈ ਗਿਣਨਯੋਗ ਪ੍ਰਾਪਤੀ ਨਹੀਂ ਹੈ।" ਆਮ ਤੌਰ 'ਤੇ ਜ਼ਿਲ੍ਹਾ ਜੱਜ ਦੇ ਅਹੁਦੇ 'ਤੇ ਕੰਮ ਕਰ ਚੁੱਕੇ ਜਾਂ ਰਾਜ ਦੀ ਹਾਈਕੋਰਟ 'ਚ ਜੱਜ ਨਿਯੁਕਤ ਕਰ ਦਿੱਤਾ ਜਾਂਦਾ ਹੈ। ਜਿਥੇ ਉਸ ਨਾਲ ਸੀਨੀਅਰ ਤੇ ਜੂਨੀਅਰ ਸਾਥੀ ਵਕੀਲ ਹਨ ਅਤੇ ਉਸ ਨੂੰ ਪ੍ਰੈਕਟਿਸ ਕਰ ਚੁੱਕੇ ਸਾਥੀ ਅਤੇ ਰਿਸ਼ਤੇਦਾਰ ਵਕੀਲ ਵੀ, ਉਹਨਾਂ ਦੇ ਨਾਲ ਕੰਮ ਕਰ ਚੁੱਕੇ ਵਕੀਲ ਮਜਾਕ 'ਚ ਉਹਨਾਂ ਨੂੰ 'ਮੀ ਲਾਰਡ' ਦੀ ਥਾਂ "ਅੰਕਲ ਜੱਜ" ਕਹਿ ਕੇ ਬੁਲਾਉਂਦੇ ਹਨ। ਇਸ ਤਰ੍ਹਾਂ ਨਾਲ ਕੌਮੀ ਨਿਆਂਇਕ ਕਮਿਸ਼ਨ ਵਰਗੀ ਵਿਆਪਕ ਸੰਸਥਾ ਦੇ ਗਠਨ ਦੀ ਮੰਗ ਕੀਤੀ ਜਾਂਦੀ ਹੈ ਜਿਸ ਦੇ ਮੈਂਬਰਾਂ 'ਚ ਸੁਪਰੀਮ ਕੋਰਟ ਦੇ ਨਾਮਜ਼ਦ ਹਾਈਕੋਰਟਾਂ ਦੇ ਚੀਫ ਜਸਟਿਸ ਕੇਂਦਰੀ ਮੰਤਰੀ ਮੰਡਲ ਵਿਰੋਧੀ ਧਿਰ ਅਤੇ ਬਾਰ ਸ਼ਾਮਲ ਹੋਣ। ਹੁਣ ਤਕ ਇਸ ਵਿਚਾਰ ਦਾ ਵਿਰੋਧ ਕਰ ਰਹੀ ਸੁਪਰੀਮ ਕੋਰਟ ਹੁਣ ਇਸ ਬਦਲਾਅ ਲਈ ਤਿਆਰ ਹੈ। ਚੀਫ ਜਸਟਿਸ ਬਾਲਕ੍ਰਿਸ਼ਨਨ ਕਹਿੰਦੇ ਹਨ, "ਨਿਸ਼ਚਤ ਤੌਰ 'ਤੇ ਕਿਉਂ ਨਹੀਂ? ਜੱਜਾਂ ਦੇ ਨਾਵਾਂ 'ਤੇ ਜ਼ਿਆਦਾ ਵੱਡੀ ਸੰਮਤੀ ਵਿਚਾਰ ਕਰ ਸਕਦੀ ਹੈ ਪਰ ਇਹ ਰਾਜਸੀ ਹਿੱਤ ਪੂਰੇ ਕਰਨ ਵਾਲਿਆਂ ਲਈ ਨਹੀਂ ਹੋਣਾ ਚਾਹੀਦਾ। ਇਸ ਨਾਲ ਕੁਝ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਦੌਰਾਨ ਯੂ. ਪੀ. ਏ. ਸਰਕਾਰ ਨੇ

ਨਿਆਂਇਕ ਸੁਧਾਰਾਂ ਲਈ ਲੰਬੇ ਅਰਸੇ ਦੀ ਯੋਜਨਾ ’ਤੇ ਵਿਚਾਰ ਸ਼ੁਰੂ ਕਰ ਦਿੱਤਾ ਹੈ। ਪਰ ਦਿਸ਼ਾ ਵਿੱਚ ਇਸ ਦੀ ਪਹਿਲੀ ਕੋਸ਼ਿਸ਼ ਹੀ ਨਾਕਾਮ ਰਹੀ ਜਦ ਇਸ ਨੇ ਪਿਛਲੇ ਸੰਸਦ ਸੈਸ਼ਨ ’ਚ ਵਿਵਾਦ ਗ੍ਰਸਿਤ ਜੱਜ (ਸੰਪਤੀ) ਬਿੱਲ ਲਿਆਉਣ ਦੀ ਕੋਸ਼ਿਸ਼ ਕੀਤੀ, ਨਿਆਂ ਵਿਵਸਥਾ ’ਚ ਪਾਰਦਰਸ਼ਤਾ ਲਿਆਉਣ ਦੇ ਇਰਾਦੇ ਨਾਲ ਪੇਸ਼ ਬਿੱਲ ਨੂੰ ਕਈ ਪਾਰਟੀਆਂ ਨੇ ਸਾਂਸਦਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਰੋਧ ਦੀ ਵਜਾਹ ਕੁਝ ਮਹੱਤਵਪੂਰਨ ਵਿਵਸਥਾਵਾਂ ਦੀ ਘਾਟ ਹੈ ਜੋ ਜੱਜਾਂ ਨੂੰ ਆਪਣੀ ਸੰਪਤੀ ਜਨਤਕ ਕਰਨ ਨੂੰ ਮਜ਼ਬੂਰ ਕਰਦੇ, ਪਰ ਕਾਂਗਰਸ ਸਮੇਤ ਦੂਜੀਆਂ ਪਾਰਟੀਆਂ ਦੇ ਸਾਂਸਦਾਂ ਵੱਲੋਂ ਇਸ ਦੀਆਂ ਵਿਵਸਥਾਵਾਂ ’ਤੇ ਇਤਰਾਜ ਉਠਾਏ ਜਾਣ ਪਿੱਛੋਂ ਸਰਕਾਰ ਨੂੰ ਮਜ਼ਬੂਰਨ ਬਿੱਲ ਵਾਪਸ ਲੈਣਾ ਪਿਆ। ਪਰ ਤਦ ਤਕ ਇਕ ਜਨਤਕ ਬਹਿਸ ਦੀ ਜ਼ੋਰਦਾਰ ਸ਼ੁਰੂਆਤ ਹੋ ਚੁੱਕੀ ਸੀ। ਸੁਪਰੀਮ ਕੋਰਟ ਦੇ ਜੱਜਾਂ ਨੇ ਤਾਂ ਆਪਣੀ ਸੰਪਤੀ ਦੀ ਜਨਤਕ ਐਲਾਨ ਕਰਨ ਦਾ ਫੈਸਲਾ ਸੂਬਿਆਂ ਦੇ ਜੱਜਾਂ ’ਤੇ ਲਾਗੂ ਨਹੀਂ ਹੁੰਦਾ। ਪਰ ਮਸ਼ਹੂਰ ਵਕੀਲ ਮਹੇਸ਼ ਜੇਠਮਲਾਨੀ ਇਸ ਨਾਲ ਸਹਿਮਤ ਨਹੀਂ “ਮੇਰਾ ਮੰਨਣਾ ਹੈ ਕਿ ਪੂਰੀ ਜੁਆਬਦੇਹੀ ਹੋਣੀ ਚਾਹੀਦੀ ਹੈ, ਆਪਣੀ ਜਾਇਦਾਦ ਦੇ ਐਲਾਨ ਲਈ ਰਾਜੀ ਨਾ ਹੋ ਕੇ ਨਿਆਂਪਾਲਿਕਾ ਜਨਤਾ ਨੂੰ ਉਸ ਦੇ ਭਰੋਸੇ ’ਤੇ ਸ਼ੱਕ ਜਾਹਰ ਕਰਨ ਦਾ ਮੌਕਾ ਦੇ ਰਹੀ ਹੈ।” ਨਿਆਂਪਾਲਿਕਾ ਦੇ ਦਾਅਵੇ ਨੇ ਸਭਿਆ ਸਮਾਜ ਨਿਆਂਇਕ ਮਾਮਲਿਆਂ ਨਾਲ ਜੁੜੇ ਵਰਕਰਾਂ ਪਿਛਲੇ ਤੇ ਮੌਜੂਦ ਜੱਜਾਂ ਵੱਲੋਂ ਸਖਤ ਅਮਲ ਨੂੰ ਜਨਮ ਦਿੱਤਾ ਹੈ। ਅਹੁਦਾ ਛੱਡਣ ਦੇ ਇਕ ਦਹਾਕੇ ਪਿੱਛੋਂ ਸਾਬਕਾ ਚੀਫ ਜਸਟਿਸ ਜੇ ਐਸ. ਵਰਗ ਨੇ ਮੁੱਖ ਚੀਫ ਜਸਟਿਸ ਨੂੰ ਖੁੱਲ੍ਹੀ ਬੇਨਤੀ ਕੀਤੀ ਹੈ ਕਿ ਉਹਨਾਂ ਦੀ ਸੰਪਤੀ ਦਾ ਜੋ ਵੇਰਵਾ ਸੁਪਰੀਮ ਕੋਰਟ ਦੇ ਰਜਿਸਟਰਾਰ ਕੋਲ ਹੈ ਉਸ ਨੂੰ ਸੁਪਰੀਮ ਕੋਰਟ ਦੀ ਵੈਬਸਾਈਟ ’ਤੇ ਦੇ ਦੇਣ। ਜੂੱਕਾ ਕਣਨ ਨੇ ਇਹ ਐਲਾਨ ਕਰਕੇ ਆਪਣੀ ਚੋਗਾਧਾਰੀ ਬਰਾਦਰੀ ਨੂੰ ਹੈਰਾਨ ਕਰ ਦਿੱਤਾ ਕਿ ਉਹ ਬਲਾਗ ਦੇ ਜ਼ਰੀਏ ਆਪਣੀ ਸੰਪਤੀ ਦਾ ਐਲਾਨ ਕਰਨ ਜਾ ਰਹੇ ਹਨ ਉਹਨਾਂ ਨੇ ਆਪਣੇ ਬਜਾਗ ’ਤੇ ਲਿਖਿਆ ਕਿ ਐਸਾ ਉਹ “ਇਹ ਜਾਨਣ ਦੀ ਰਵਾਇਤ ਲਈ ਨਹੀਂ ਕਰ ਰਹੇ ਕਿ ਜੱਜਾਂ ਦੇ ਬਟੂਏ ’ਚ ਕੀ ਹੈ, ਬਲਕਿ ਇਸ ਅਧਾਰ ’ਤੇ ਉਸ ਨੂੰ ਤਰਕ ਸੰਗਤ ਠਹਿਰਾਉਣ ਲਈ ਕਰ ਰਹੇ ਹਨ ਕਿ ਜਿਸ ਵਿਅਕਤੀ ’ਤੇ ਦੂਜੇ ਦੇ ਆਚਰਣ ਦੀ ਜਾਂਚ ਕਰਨ ਦੀ ਜ਼ਿੰਮੇਵਾਰੀ ਹੈ, ਉਹ ਪਾਕ ਸਾਫ ਹੈ।” ਪਰ ਨਿਆਂਮੂਰਤੀ ਵਰਮਾ ਦਾ ਕਹਿਣਾ ਹੈ” ਮੈਨੂੰ ਉਮੀਦ ਹੈ ਕਿ ਸੁਪਰੀਮ ਕੋਰਟ ਅਤੇ ਹਾਈਕੋਰਟ ਦੇ ਬਹੁਤੇ ਜੱਜ ਵੀ ਐਸਾ ਹੀ ਕਰਨਗੇ ਅਤੇ ਇਸ ਰੁੱਖੇ ਝਮੇਲੇ ਨੂੰ ਖ਼ਤਮ ਕਰਨਗੇ, ਨਿਆਂਪਾਲਿਕਾ ਦੀ ਅਸਲੀ ਤਾਕਤ ਜਨਤਾ ਦੇ ਵਿਸ਼ਵਾਸ ਤੇ ਪ੍ਰਸ਼ੰਸਾ ’ਚ ਹੈ, ਮੈਨੂੰ ਪੂਰਾ ਭਰੋਸਾ ਹੈ ਕਿ ਇਸ ਨਾਲ (ਸੰਪਤੀ ਦੇ ਐਲਾਨ ਰਾਹੀਂ) ਨਿਆਂਪਾਲਿਕਾ ਲੋਕਾਂ ਦੀਆਂ ਨਜ਼ਰਾਂ ’ਚ ਹੋਰ ਉਪਰ ਉਠੇਗੀ।

ਹਾਲਾਂਕਿ ਸਰਕਾਰ ਨੇ ਜੱਜਾਂ ਦੇ ਐਲਾਨ ਦੇ ਮੁੱਦੇ ’ਤੇ ਤਾਂ ਆਮ ਸਹਿਮਤੀ ਹੈ ਪਰ ਐਲਾਨ ਦੇ ਤਰੀਕੇ ਅਤੇ ਕਿਸ ਅਧਿਕਾਰੀ ਸਾਹਮਣੇ ਇਹ ਐਲਾਨ ਕੀਤਾ ਜਾਵੇ, ਇਸ ’ਤੇ ਮਤਭੇਦ ਹਨ। ਨਿਆਂਪਾਲਿਕਾ ਦਾ ਮੰਨਣਾ ਹੈ ਕਿ ਜੇ ਜੱਜਾਂ ਦੀ ਸੰਪਤੀ ਜਨਤਕ ਕਰ ਦਿੱਤੀ ਗਈ ਤਾਂ ਇਸ ਦੀ ਵਰਤੋਂ ਬਲੈਕਮੇਲ ਰਾਂਵਲੋਂ ਉਹਨਾਂ ਨੂੰ ਪ੍ਰੇਸ਼ਾਨ ਲਈ ਕੀਤੀ ਜਾ ਸਕਦੀ ਹੈ। ਹਾਲ ਦੀ ਘੜੀ ਸੁਪਰੀਮ ਕੋਰਟ ਦੇ ਜੱਜਾਂ ਨੇ ਆਪਣੀ ਜਾਇਦਾਦ ਦਾ ਐਲਾਨ ਕੋਰਟ ਦੀ ਵੈਬਸਾਈਟ ’ਤੇ ਕਰਨ ਦਾ ਫੈਸਲਾ

ਕਰਦਿਆਂ ਇਹ ਸ਼ਰਤ ਲਾ ਦਿੱਤੀ ਕਿ ਉਹ ਆਪਣੀ ਸੰਪਤੀ ਸਬੰਧੀ ਕਿਸੇ ਸੁਆਲ ਦਾ ਜੁਆਬ ਨਹੀਂ ਦੇਣਗੇ, ਇਹ ਨਿਯਮ ਆਈ. ਏ. ਐਸ. ਤੇ ਆਈ. ਪੀ. ਐਸ. ਅਧਿਕਾਰੀਆਂ 'ਤੇ ਲਾਗੂ ਹੁੰਦੇ ਹਨ ਜੋ ਆਪਣੀ ਸੰਪਤੀ ਦਾ ਬਿਉਰਾ ਸਲਾਨਾ ਕੈਬਨਿਟ ਸਕੱਤਰੇਤ ਨੂੰ ਦਿੰਦੇ ਹਨ, ਉਹਨਾਂ ਨੂੰ ਇਹ ਦੱਸਣਾ ਪੈਂਦਾ ਹੈ ਕਿ ਉਹਨਾਂ ਦੀ ਜਾਇਦਾਦ 'ਚ ਇਜ਼ਾਫਾ ਜਾਂ ਕਮੀ ਕਿਉਂ ਹੋਈ, ਇਹ ਜਾਣਕਾਰੀਆਂ ਜਨਤਕ ਨਹੀਂ ਕੀਤੀਆਂ ਜਾਂਦੀਆਂ ਪਰ ਜੇ ਕਿਸੇ ਅਧਿਕਾਰੀ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਲੱਗਦਾ ਹੈ ਤਾਂ ਇਸ ਸੂਚਨਾ ਦੀ ਵਰਤੋਂ ਕੀਤੀ ਜਾਂਦੀ ਹੈ। ਕਾਨੂੰਨ ਮੰਤਰੀ ਵੀਰੱਪਾ ਮੋਇਲੀ ਤੋਂ ਇਕ ਨਵਾਂ ਕਾਨੂੰਨ ਲਿਆਉਣ ਦੀ ਉਮੀਦ ਕੀਤੀ ਜਾ ਰਹੀ ਹੈ। ਜਿਸ ਨਾਲ ਦੇਸ਼ ਭਰ ਦੀ ਨਿਆਂਪਾਲਿਕਾ ਲਈ ਐਸੀ ਵਿਵਸਥਾ ਜੋੜੀ ਜਾਵੇਗੀ। ਨਿਆਂਪਾਲਿਕਾ 'ਚ ਲੋਕਾਂ ਦਾ ਵਿਸ਼ਵਾਸ ਘਟਦੇ ਜਾਣ ਦਾ ਇਕ ਵੱਡਾ ਕਾਰਨ ਮਾਮਲਿਆਂ ਦੇ ਨਿਪਟਾਰੇ 'ਚ ਲੋੜ ਤੋਂ ਵੱਧ ਦੇਰ ਲੱਗਣਾ ਵੀ ਹੈ। ਹਾਲ 'ਚ ਮੁੱਖ ਮੰਤਰੀਆਂ ਦੇ ਸੰਮੇਲਨ 'ਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਨਿਆਂਪਾਲਿਕਾ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਅਣਗਿਣਤ ਮੁਲਤਵੀ ਮਾਮਲਿਆਂ ਦਾ ਨਿਪਟਾਰਾ ਕਰਨਾ ਹੈ। ਨਵੰਬਰ 1999 'ਚ ਸੁਪਰੀਮ ਕੋਰਟ 'ਚ 20307 ਮਾਮਲੇ ਮੁਲਤਵੀ ਸਨ। 2006 'ਚ ਇਹਨਾਂ ਦੀ ਗਿਣਤੀ ਵਧ ਕੇ 39780 ਹੋ ਗਈ ਤਾਂ ਇਸ ਸਾਲ ਇਕ ਜੂਨ ਨੂੰ ਇਹ ਅੰਕੜਾ 50659 ਤੱਕ ਜਾ ਪੁੱਜਾ ਸੀ। ਹੁਣ ਹਾਈਕੋਰਟਾਂ ਪੈਡਿੰਗ ਮਾਮਲਿਆਂ ਦੀ ਗਿਣਤੀ 39.5 ਲੱਖ ਹੈ। 31 ਹੇਠਲੀਆਂ ਅਦਾਲਤਾਂ 'ਚ ਤਾਂ ਇਹ ਗਿਣਤੀ ਹੈਰਾਨਕੁੰਨ ਹੋ ਗਈ ਹੈ ਇਸ ਸਾਲ ਤਾਂ ਮਾਰਚ ਨੂੰ ਹੇਠਲੇ ਕੇਸਾਂ 'ਚ 2.67 ਕਰੋੜ ਮਾਮਲੇ ਬਕਾਇਆ ਸਨ। ਕੌਮੀ ਅਪਰਾਧ ਰਿਕਾਰਡਸ ਬਿਊਰੋ ਮੁਤਾਬਿਕ 2007 'ਚ ਦੇਸ਼ 'ਚ 74.3 ਲੱਖ ਅਪਰਾਧਿਕ ਮਾਮਲੇ ਦਰਜ ਹੋਏ ਸਨ, ਜਿਹਨਾਂ ਵਿਚੋਂ ਸਿਰਫ਼ 10 ਲੱਖ ਹੀ ਅਦਾਲਤਾਂ 'ਚ ਚੱਲ ਰਹੇ ਸਨ ਤੇ ਉਹਨਾਂ 'ਚੋਂ ਸਿਰਫ 4.33 ਲੱਖ ਦਾ ਹੀ ਨਿਪਟਾਰਾ ਹੋਇਆ। 10000 ਤੋਂ ਵੱਧ ਅਜਿਹੇ ਕੇਸ ਹਨ। ਜਿਨ੍ਹਾਂ 'ਚ ਸੀ. ਬੀ. ਆਈ. ਨੇ ਚਲਾਨ ਤੇ ਪੇਸ਼ ਕੀਤਾ ਹੈ ਪਰ ਸੁਣਵਾਈ ਅਜੇ ਸ਼ੁਰੂ ਨਹੀਂ ਹੋ ਸਕੀ ਹੈ। ਸੀ. ਬੀ. ਆਈ. ਦੇ ਨਿਰਦੇਸ਼ਕ ਅਸ਼ਵਨੀ ਕੁਮਾਰ ਕਹਿੰਦੇ ਹਨ" ਭ੍ਰਿਸ਼ਟਾਚਾਰ ਅਧਿਕਾਰੀਆਂ ਖਿਲਾਫ ਚਲ ਰਹੇ ਕੇਸਾਂ ਦਾ ਨਿਪਟਾਰਾ ਤਿੰਨ ਸਾਲ ਦੇ ਅੰਦਰ ਹੋ ਜਾਣਾ ਚਾਹੀਦਾ ਹੈ। ਅਸੀਂ ਸੀ. ਬੀ. ਆਈ. ਅਧਿਕਾਰੀ ਅਤੇ ਰਾਜ ਦੇ ਭ੍ਰਿਸ਼ਟ ਵਿਰੋਧੀ ਬਿਉਰੋ ਇਹ ਮੰਨਦੇ ਹਨ ਕਿ ਸਰਕਾਰ ਨਿਆਂਪਲਿਕਾ ਤੇ ਸੰਸਦ ਇਸ ਲਈ ਵਚਨਬੱਧ ਹੈ ਅਤੇ ਹਰ ਸੰਭਵ ਲਈ ਕੰਮ ਕਰੇ ਤਾਂ ਇਹ ਸੰਭਵ ਹੈ। ਅਸਲ 'ਚ ਹੇਠਲੀਆਂ ਅਦਾਲਤਾਂ ਲਟਕਦੇ ਕੇਸਾਂ ਦੇ ਭਾਰੀ ਬੋਝ ਲਈ ਜ਼ਿੰਮੇਵਾਰ ਹਨ, ਬੰਬੇ ਹਾਈਕੋਰਟ ਦੇ ਚੀਫ ਜਸਟਿਸ ਸਵਤੰਤਰ ਕੁਮਾਰ ਨੇ ਪਿੱਛੇ ਜਿਹੇ ਹੀ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਵਕੀਲਾਂ ਨੂੰ ਫਟਕਾਰਿਆ ਕਿ ਜੇ ਇਹਨਾਂ ਕੇਸਾਂ ਦੇ ਗੈਜ ਜ਼ਰੂਰੀ ਲਟਕਣ ਜਾਂ ਦੇਰੀ ਲਈ ਦੋਸ਼ੀ ਪਾਏ ਗਏ ਤਾਂ ਉਹਨਾਂ ਉਪਰ ਜੁਰਮਾਨ ਕੀਤਾ ਜਾਵੇਗਾ। ਸਰਕਾਰ ਮਾਮਲਿਆਂ ਨੂੰ ਲਟਕਾਉਣ ਦੀ ਤਿਗੜਮ ਕਿਸ ਤਰ੍ਹਾਂ ਕਰਦੀ ਹੈ। ਇਸ ਦੀ ਸਭ ਤੋਂ ਅੱਛੀ ਉਦਾਹਰਣ ਹੈ ਯੂ. ਪੀ. ਏ. ਸਰਕਾਰ ਦੀ ਪ੍ਰਿਆ ਯੋਜਨਾ ਸੂਚਨਾ ਦਾ ਅਧਿਕਾਰ ਵੱਖ-ਵੱਖ ਮੰਤਰਾਲਿਆਂ ਦੇ ਅਧਿਕਾਰੀ ਸੂਚਨਾ ਦੇਣ ਤੋਂ ਇਨਕਾਰ ਕਰ ਦਿੰਦੇ ਹਨ। ਜਿਸ ਦੀ ਪ੍ਰੀਣੀਤੀ ਨਾਗਰਿਕਾਂ ਦੀ ਤਰਫੋਂ ਭਾਰੀ ਗਿਣਤੀ 'ਚ ਮੁਕੱਦਮਿਆਂ ਵਜੋਂ ਹੁੰਦੀ ਹੈ, ਜਮੀਨੀ ਹੱਕ ਦਾ ਰਿਕਾਰਡ ਰੱਖਣ ਦੇ ਲੱਚਰ ਤਰੀਕਿਆਂ ਕਾਰਨ ਮਾਲ ਵਿਭਗ ਤਾਂ ਦਿਵਾਨੀ ਮੁਕੱਦਮਿਆਂ ਦਾ ਸ੍ਰੋਤ ਬਣਿਆ

ਰਹਿੰਦਾ ਹੈ, ਕਈ ਵਾਰ ਤਾਂ ਅਦਾਲਤਾਂ ਹੀ ਵਿਤੀ ਸੰਸਥਾਵਾਂ ਲਈ ਪੈਸੇ ਵਸੂਲਣ ਦੀ ਕੋਸ਼ਿਸ਼ 'ਚ ਵਸੂਲੀ ਏਜੰਟ ਬਣ ਜਾਂਦੀ ਹੈ। ਦਿੱਲੀ ਦੀਆਂ ਅਦਾਲਤਾਂ 'ਚ ਚਲ ਰਹੇ 10 ਲੱਖ ਕੇਸਾਂ ਵਿਚੋਂ 508, 660 ਕੇਸ ਤਾਂ ਚੈਕ ਬਾਊਂਸ ਹੋਣ ਦੇ ਹਨ।

ਜੇ ਸਰਕਾਰ ਦਾ ਰਵੱਈਆ ਡਰਾਉਣ ਵਾਲਾ ਲੱਗਦਾ ਹੈ ਤਾਂ ਨਿਆਂਪਾਲਿਕਾ ਦੇ ਅੰਦਰ ਜੋ ਹੋ ਰਿਹਾ ਹੈ ਉਹ ਹੋਰ ਵੀ ਭਿਅੰਕਰ ਹੈ। ਛੁੱਟੀਆਂ ਪ੍ਰੇਮੀ ਸੁਪਰੀਮ ਕੋਰਟ ਗਰਮੀਆਂ 'ਚ ਸੱਤ ਹਫਤੇ ਦੀ ਛੁੱਟੀ 'ਤੇ ਜਾਂਦੀ ਹੈ ਤਾਂ ਦੁਸਹਿਰਾ, ਦਿਵਾਲੀ, ਹੋਲੀ, ਕ੍ਰਿਸਮਸ ਅਤੇ ਨਵੇਂ ਸਾਲ 'ਤੇ ਇਕ-ਇਕ ਹਫਤੇ ਦੀ ਛੁਟੀ ਮਨਾਉਂਦੀ ਹੈ। ਹੁਣ ਇਸ 'ਚ ਆਮ ਹਫਤਿਆਂ ਨੂੰ ਹੋਰ ਜੋੜ ਲਵੋ। ਵਿਧੀ ਕਮਿਸ਼ਨ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ "ਹਾਈਕੋਰਟ 'ਚ ਘੱਟ-ਘੱਟ 10-15 ਛੁੱਟੀਆਂ ਦੀ ਕਟੌਤੀ ਕੀਤੀ ਜਾਣੀ ਚਾਹੀਦੀ ਹੈ ਅਤੇ ਅਦਾਲਤ ਦੇ ਕੰਮ ਕਰਨ ਦੇ ਘੰਟੇ ਅੱਧਾ ਘੰਟਾ ਹੋਰ ਵਧਾ ਦੇਣੇ ਚਾਹੀਦੇ ਹਨ।" ਜੱਜਾਂ ਦੀਆਂ ਤਨਖਾਹਾਂ ਤੇ ਭੱਤਿਆਂ 'ਚ ਭਾਰੀ ਵਾਧਾ ਨੂੰ ਵੇਖਦੇ ਹੋਇਆ ਇਸ 'ਤੇ ਅਮਲ ਕਰਨਾ ਉਹਨਾਂ ਦਾ ਨੈਤਿਕ ਫਰਜ ਬਣ ਜਾਂਦਾ ਹੈ। ਪਿਛਲੀ ਫਰਵਰੀ 'ਚ ਸੰਸਦ ਨੇ ਜੱਜਾਂ ਦੀਆਂ ਤਨਖਾਹਾਂ ਵਧਾਈਆਂ ਸਨ। ਚੀਫ ਜਸਟਿਸ ਦੀ ਤਨਖਾਹ 33000 ਤੋਂ ਵਧਾ ਕੇ ਇਕ ਲੱਖ ਰੁਪਏ ਮਹੀਨਾ ਕਰ ਦਿੱਤੀ ਗਈ ਸੀ ਤਾਂ ਸੁਪਰੀਮ ਕੋਰਟ ਦੇ ਦੂਜੇ ਜੱਜਾਂ ਦੀ ਤਨਖਾਹ 30000 ਤੋਂ ਵਧਾ ਕੇ 90000 ਕਰ ਦਿੱਤੀ ਗਈ। ਹਾਈਕੋਰਟ ਦੇ ਜੱਜਾਂ ਦੀ ਤਨਖਾਹ 26000 ਤੋਂ ਵਧਾ ਕੇ 80000 ਕਰ ਦਿੱਤੀ ਗਈ। ਕਮਿਸ਼ਨ ਦਾ ਕਹਿਣਾ ਹੈ ਕਿ 'ਹੁਣ ਸਮਾਂ ਆ ਗਿਆ ਹੈ ਕਿ ਵੱਖ-ਵੱਖ ਪੱਧਰਾਂ 'ਤੇ ਜੱਜ ਨਿਆਂ ਪਾਲਕਾ ਦੇ ਕੰਮ ਨੂੰ ਪੂਰਾ ਸਮਾਂ ਦੇਣ ਵੱਧ ਬੈਂਚ ਬਣਾ ਕੇ ਉੱਚੀਆਂ ਅਦਾਲਤਾਂ ਦੇ ਕੰਮ ਵਿਕੇਂਦ੍ਰਿਤ ਕਰਨ ਦੀਆਂ ਕੋਸ਼ਿਸ਼ਾਂ ਦਾ ਜੱਜ ਤੇ ਵਕੀਲ ਦੋਨੋਂ ਹੀ ਵਿਰੋਧ ਕਰਦੇ ਰਹੇ ਹਨ। ਹਾਲ 'ਚ ਦਿੱਲੀ ਹਾਈਕੋਰਟ ਦਾ ਅਨੁਮਾਨ ਸੀ ਕਿ ਜੱਜਾਂ ਦੀ ਮੌਜੂਦਾ ਗਿਣਤੀ ਨੂੰ ਵੇਖਦਿਆਂ ਸਾਰੇ ਲਟਕਦੇ ਕੇਸ ਨਿਪਟਾਉਣ 'ਚ 464 ਵਰ੍ਹੇ ਲੱਗ ਜਾਣਗੇ ਤਾਂ ਉਤਰ ਪ੍ਰਦੇਸ਼ ਵਰਗੇ ਵੱਡੇ ਸੂਬੇ 'ਚ ਜਿਥੇ ਲਟਕਦੇ ਕੇਸਾਂ ਦੀ ਗਿਣਤੀ ਬਹੁਤ ਹੈ ਉਹਨਾਂ ਦੇ ਨਿਪਟਾਰੇ 'ਚ ਸਹਿਸ਼ਤਾਬਤੀ ਲੱਗ ਜਾਣੀ ਹੈ। (62) ਬਾਹਠ ਸਾਲ ਪਹਿਲਾਂ ਬ੍ਰਿਟੇਨ ਤੋਂ ਵਿਰਾਸਤ 'ਚ ਮਿਲੀ ਨਿਆਂ ਪ੍ਰਣਾਲੀ 'ਚ ਸੁਧਾਰ ਦੀ ਬੇਹੱਦ ਲੋੜ ਹੈ। ਮਾਮਲਿਆਂ ਦਾ ਸਮੇਂ 'ਤੇ ਨਿਪਟਾਰਾ ਨਾ ਸਿਰਫ ਨਿਆਂ ਦੇਣ ਦੀ ਦ੍ਰਿਸ਼ਟੀ ਤੋਂ ਬਲਕਿ ਨਿਆਂ ਪਾਲਿਕਾ ਦੇ ਡਿੱਗਦੇ ਭਰੋਸੇ ਨੂੰ ਬਣਾਈ ਰੱਖਣ ਲਈ ਵੀ ਜ਼ਰੂਰੀ ਹੈ, ਇਸ ਲਈ ਸਰਕਾਰ ਤੇ ਨਿਆਂ ਪਾਲਿਕਾ ਦੋਨੋਂ ਦੇ ਨਾਲ ਮਿਲ ਕੇ ਕੰਮ ਕਰਨਾ ਹੋਵੇਗਾ ਇਕ ਪੁਰਾਣੀ ਕਹਾਵਤ ਹੈ "ਜੇ ਕਾਨੂੰਨ ਆਪਣੇ ਪੱਖ 'ਚ ਹੈ ਤਾਂ ਕਾਨੂੰਨ ਨੂੰ ਨਿਚੋੜੋ, ਜੇ ਤੱਥ ਤੁਹਾਡੇ ਪੱਖ 'ਚ ਹੈ ਤਾਂ ਉਹਨਾਂ ਨੂੰ ਜਤਾਓ, ਜੇ ਇਹਨਾਂ 'ਚੋਂ ਕੁਝ ਵੀ ਆਪਣੇ ਪੱਖ 'ਚ ਨਹੀਂ ਤਾਂ ਮੇਜ ਖੜਕਾਓ।" ਹਾਲ ਦੇ ਸ਼ੋਰ ਸ਼ਰਾਬੇ ਨੂੰ ਵੇਖਕੇ ਤਾਂ ਇਹੀ ਲੱਗਦਾ ਹੈ ਕਿ ਨਿਆਂਪਾਲਿਕਾ ਤੇ ਕਾਰਜਪਾਲਿਕਾ ਇਹੀ ਕਰ ਰਹੀ ਹੈ ਇਸ ਨਾਲ ਨਿਆਂਪਾਲਿਕਾ ਦੀ ਸ਼ਾਖ ਦੇ ਜੁਆਬਦੇਹੀ ਵਧਣੀ ਨਹੀਂ।

# ਠੇਕਾ, ਵਣ ਤੇ ਕੋਲਾ ਮਾਫੀਆ ਸੱਤਾ ਦੇ ਗਲਿਆਰਿਆਂ 'ਚ ਕਿਵੇਂ?

ਉਤਰ ਪ੍ਰਦੇਸ਼ 'ਚ ਮੰਨ ਲਓ ਇਹ ਦਸਤੂਰ ਹੈ ਕਿ ਜੋ ਸਰਕਾਰੀ ਅਧਿਕਾਰੀ ਮਾਫੀਆ ਸਰਗਨਿਆਂ 'ਤੇ ਅਪਰਾਧੀਆਂ ਦੇ ਕਾਰਨਾਮਿਆਂ ਨੂੰ ਜਾਣ ਗਿਆ ਅਤੇ ਜਿਸ ਨੇ ਉਹਨਾਂ ਖਿਲਾਫ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ, ਉਹ ਮਾਰਿਆ ਗਿਆ। ਵੱਖ-ਵੱਖ ਵਿਭਾਗਾਂ ਦੇ ਪਿਛਲੇ ਇਕ-ਦੋ ਦਹਾਕਿਆਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਲੱਗਦਾ ਹੈ ਕਿ ਪੂਰਵਾਂਚਲ 'ਚ ਅਪਰਾਧੀਆਂ ਦਾ ਹੀ ਰਾਜ ਹੈ। ਉਥੇ ਕੋਈ ਇਮਾਨਦਾਰ ਤੇ ਨਿਹਚਾਵਾਨ ਅਧਿਕਾਰੀ ਲਈ ਥਾਂ ਨਹੀਂ ਹੈ। ਆਪਣਾ ਫਰਜ਼ ਨਿਭਾਉਣ 'ਤੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਜਾਂਦੀ ਹੈ ਅਤੇ ਇਕ ਤੋਂ ਪਿੱਛੋਂ ਇਕ ਸਰਕਾਰ ਉਹਨਾਂ ਦੇ ਕਤਲ ਨੂੰ ਆਮ ਮਾਮਲਾ ਸਮਝ ਕੇ ਜਾਂਚ ਦੇ ਹੁਕਮ ਕਰ ਦਿੰਦੀ ਹੈ। ਸੂਬੇ ਨੂੰ ਅਪਰਾਧ ਮੁਕਤ ਕਰਨ ਲਈ ਹੋਈਆਂ ਸਿਫਾਰਸ਼ਾਂ ਨੂੰ ਸਰਕਾਰ ਰੱਦੀ ਦੀ ਟੋਕਰੀ 'ਚ ਸੁੱਟ ਦਿੰਦੀ ਹੈ। ਬੇਹਤਰ ਸੇਵਾ ਲਈ ਰਾਸ਼ਟਰਪਤੀ ਮੈਡਲ ਨਾਲ ਨਵਾਜੇ ਗਏ ਅਤੇ ਵਾਰਾਣਸੀ ਜ਼ਿਲ੍ਹੇ 'ਚ ਉਤਪਾਦ ਤੇ ਸੀਮਾ ਟੈਕਸ ਦੇ ਸਹਾਇਕ ਕਮਿਸ਼ਨਰ ਨਰਦੇਸ਼ਵਰ ਸਿੰਘ 23 ਅਗਸਤ ਨੂੰ ਸ਼ਾਮ 6 ਵਜੇ ਘਰੋਂ ਨਿਕਲੇ ਹੀ ਸਨ ਕਿ ਰਾਹ 'ਚ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਉਹਨਾਂ 'ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ ਅਤੇ ਉਹਨਾਂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਅਜਿਹੇ ਉਚ ਅਧਿਕਾਰੀ ਦੀ ਸ਼ਰੇਆਮ ਹੱਤਿਆ ਰਾਜ ਸਰਕਾਰ ਲਈ ਅਪਰਾਧ ਦਾ ਆਮ ਕੇਸ ਸੀ ਜਿਸਦੀ ਜਾਂਚ ਪੁਲਸ ਕਰ ਰਹੀ ਹੈ। ਕੁਝ ਸਾਲ ਪਹਿਲਾਂ ਕੌਮਾਂਤਰੀ ਮਾਫੀਆ ਡਾਨ ਓਮ ਪ੍ਰਕਾਸ਼ ਸ੍ਰੀਵਾਸਤਵ ਉਰਫ ਬਬਲੂ ਸ੍ਰੀ ਵਾਸਤਵ ਨੇ ਇਸ ਤਰ੍ਹਾਂ ਇਲਾਹਾਬਾਦ 'ਚ ਇਕ ਉਚ ਕਸਟਮ ਅਧਿਕਾਰੀ ਐਲ. ਡੀ. ਅਰੋੜਾ ਦੀ ਹੱਤਿਆ ਕਰ ਦਿੱਤੀ ਸੀ। ਉਦੋਂ ਤੋਂ ਸਰਕਾਰੀ ਅਧਿਕਾਰੀਆਂ ਦੀ ਹੱਤਿਆ ਦੀ ਗੱਲ ਆਮ ਹੋ ਗਈ ਹੈ। ਮਾਫੀਆ ਸਰਗਨਾ ਹੁਣ ਇੰਜਨੀਅਰਾਂ ਵਣ ਅਧਿਕਾਰੀਆਂ ਤੇ ਜੇਲ੍ਹ ਕਰਮਚਾਰੀਆਂ ਨੂੰ ਬੇਰਹਿਮੀਆਂ ਨਾਲ ਨਿਸ਼ਾਨਾ ਬਣਾ ਰਹੇ ਹਨ। ਪਿਛਲੇ 20 ਸਾਲਾਂ 'ਚ ਉਹ 150 ਤੋਂ ਵੱਧ ਸਰਕਾਰੀ ਕਰਮਚਾਰੀਆਂ ਦੀ ਹੱਤਿਆ ਕਰ ਚੁੱਕੇ ਹਨ। ਇਸ ਦੇ ਬਾਵਜੂਦ ਅਤੀਤ ਜਾਂ ਵਰਤਮਾਨ ਦੀ ਸੂਬਾ ਸਰਕਾਰ ਨੇ ਆਪਣੇ ਅਧਿਕਾਰੀਆਂ ਨੂੰ ਬਚਾਉਣ ਅਤੇ ਸੂਬੇ 'ਚ ਭੈ-ਮੁਕਤ ਮਾਹੌਲ ਬਣਾਉਣ ਲਈ ਕੋਈ ਉਪਾਅ ਨਹੀਂ ਕੀਤਾ। ਉਤਰ ਪ੍ਰਦੇਸ਼ ਇੰਜਨੀਅਰ ਐਸੋਸੀਏਸ਼ਨ ਦੇ ਪ੍ਰਧਾਨ ਅਖਤਰ ਅਲੀ ਫਾਰੂਕ ਅਫ਼ਸੋਸ ਜ਼ਾਹਰ ਕਰਦੇ ਹਨ" ਬੀਤੇ 15 ਸਾਲਾਂ 'ਚ ਮਾਫੀਆ ਸਰਗਣਾ ਅਤੇ ਖ਼ੂੰਖਾਰ ਅਪਰਾਧੀ ਉਹਨਾਂ ਨੂੰ ਉਹਨਾਂ ਦੀ ਸ਼ਰਤ 'ਤੇ ਕੰਮ ਦੇਣ ਜਾਂ ਨਾਜਾਇਜ਼ ਤਰੀਕੇ ਨਾਲ ਪੈਸੇ ਦੀ ਅਦਾਇਗੀ ਕਰਨ ਤੋਂ ਇਨਕਾਰ ਕਰਨ ਵਾਲੇ 20 ਇੰਜਨੀਅਰਾਂ ਦੀ ਹੱਤਿਆ ਕਰ ਚੁੱਕੇ ਹਨ।" ਅਸਿਸਟੈਂਟ ਇੰਜਨੀਅਰ ਮਨੋਜ ਕੁਮਾਰ ਸਿੰਘ ਦੀ ਹੱਤਿਆ ਦੇ ਪਿੱਛੋਂ ਤੋਂ ਐਸੋਸੀਏਸ਼ਨ ਨੇ ਅਪਰਾਧੀਆਂ ਨਾਲ ਲੋਹਾ ਲੈਣ ਦੀ ਠਾਨ ਲਈ ਹੈ। ਮਨੋਜ ਕੁਮਾਰ ਦੀ ਹੱਤਿਆ ਇਕ ਠੇਕਾ ਮਾਫੀਆ ਨੇ ਕੀਤੀ ਸੀ। ਉਤਰ ਪ੍ਰਦੇਸ਼ 'ਚ ਮਾਫੀਆ ਸਰਗਨਿਆਂ ਨਾਲ ਭਿੜਣ ਵਾਲੇ ਹਰ ਵਿਅਕਤੀ ਦਾ ਇਹੀ ਅੰਜਾਮ ਹੁੰਦਾ ਹੈ। ਪਿਛਲੇ 10 ਸਾਲਾਂ 'ਚ 19 ਜੇਲ੍ਹ

ਅਧਿਕਾਰੀਆਂ ਦੀ ਹੱਤਿਆ ਕੀਤੀ ਜਾ ਚੁੱਕੀ ਹੈ ਅਤੇ ਕਈ ਹੋਰ ਜ਼ਖ਼ਮੀ ਕਰ ਦਿੱਤੇ ਗਏ ਜਾਂ ਉਹਨਾਂ ਨੂੰ ਧਮਕਾਇਆ ਗਿਆ। ਉਤਰ ਪ੍ਰਦੇਸ਼ ਫਾਰੇਸਟ ਰੇਂਜ ਆਫੀਸਰਸ ਐਸੋਸੀਏਸ਼ਨ ਦੇ ਮੁਖੀ ਗੋਪਾਲ ਓਝਾ ਕਹਿੰਦੇ ਹਨ ਪਿਛਲੇ 24 ਸਾਲ ਦੌਰਾਨ ਲਕੜੀ ਮਾਫੀਆ ਤੇ ਵਣਜੀ ਤਸਕਰ 113 ਵਣ ਅਧਿਕਾਰੀਆਂ ਨੂੰ ਮੌਤ ਦੀ ਨੀਂਦ ਸੁਲਾ ਚੁੱਕੇ ਹਨ। ਏਨੇ ਵੱਡੇ ਪੈਮਾਨੇ 'ਤੇ ਵਣ ਅਧਿਕਾਰੀਆਂ ਦੀ ਹੱਤਿਆ ਪਿੱਛੋਂ ਸੂਬਾ ਸਰਕਾਰ ਦੀ ਕੁੰਭਕਰਨੀ ਨੀਂਦ ਨਹੀਂ ਖੁੱਲ੍ਹੀ। ਸਰਕਾਰ ਸਾਡੀ ਰਾਖੀ ਕਰਨ 'ਚ ਨਾਕਾਮ ਰਹੀ ਅਤੇ ਉਸ ਨੇ ਸਾਨੂੰ ਮਾਫੀਆ ਗ੍ਰੋਹਾਂ ਸਾਹਮਣੇ ਨਿਹੱਥਾ ਛੱਡ ਦਿੱਤਾ।"

ਸਰਕਾਰ ਨੇ ਸੂਬੇ ਨੂੰ ਮਾਫੀਆ ਸਭਿਆਚਾਰ ਤੋਂ ਮੁਕਤੀ ਦਿਵਾਉਣ ਲਈ ਉਚ ਆਈ. ਏ. ਐਸ. ਅਧਿਕਾਰੀ ਅਤੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਜੀ. ਬੀ. ਪਟਨਾਇਕ ਦੀ ਅਗਵਾਈ 'ਚ ਨਹੀਂ ਇੱਕ ਸੰਮਤੀ ਗਠਿਤ ਕੀਤੀ ਗਈ ਸੀ। ਪਰ ਉਸ ਦੀਆਂ ਸਿਫਾਰਸ਼ਾਂ 'ਤੇ ਅਮਲ ਨਹੀਂ ਕੀਤਾ ਗਿਆ ਜਿਵੇਂ ਕਿ ਰਾਜ ਸਰਕਾਰ ਨੇ ਏ. ਡੀ. ਜੀ. (ਜਥੇਬੰਦ ਅਪਰਾਧ) ਦਾ ਅਹੁਦਾ ਭਰਨ ਦਾ ਵਾਅਦਾ ਕੀਤਾ ਸੀ ਪਰ ਇਹ ਅਜੇ ਤਕ ਖਾਲੀ ਪਿਆ ਹੈ ਰਾਜ ਸਰਕਾਰ ਸੰਗਠਿਤ ਅਪਰਾਧ ਦੇ ਹੱਲ 'ਚ ਇਸ ਲਈ ਦਿਲਚਸਪੀ ਨਹੀਂ ਲੈ ਰਹੀ ਕਿ ਰਾਜ ਸਰਕਾਰ ਸਪਾ ਦੀ ਹੋਵੇ ਜਾਂ ਬਸਪਾ ਦੀ ਸੰਗਠਿਤ ਅਪਰਾਧ ਕਰਨ ਵਾਲਿਆਂ ਦੀ ਪਹੁੰਚ ਸੱਤਾ ਦੇ ਗਲਿਆਰਿਆਂ ਤਕ ਹੈ। ਉਹ ਉਹਨਾਂ ਅਧਿਕਾਰੀਆਂ ਨੂੰ ਰਾਹ 'ਚੋਂ ਹਟਾ ਦਿੰਦੇ ਹਨ ਜੋ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ। ਪਿਛਲੇ ਸਾਲ ਦਸੰਬਰ 'ਚ ਨਸ਼ੇ 'ਚ ਧੁੱਤ ਬਸਪਾ ਵਿਧਾਇਕ ਸ਼ੇਖਰ ਤਿਵਾੜੀ ਨੇ ਔਰਿਆ 'ਚ ਤਾਇਨਾਤ ਕਾਰਜਪਾਲਿਕ ਅਭਿਅੰਤਾ ਮਨੋਜ ਕੁਮਾਰ ਗੁਪਤਾ ਨੂੰ ਬਿਜਲੀ ਦੇ ਝਟਕੇ ਦੇ ਕੇ ਅਤੇ ਕੁੱਟ-ਕੁੱਟ ਕੇ ਇਸ ਲਈ ਮਾਰ ਦਿੱਤਾ ਸੀ। ਉਹ ਇਹ ਪੈਸੇ ਮਾਇਆਵਤੀ ਦੇ ਜਨਮ ਦਿਨ ਲਈ, ਜਿਸ ਨੂੰ 'ਆਰਥਿਕ ਸਹਿਯੋਗ ਦਿਵਸ' ਵਜੋਂ ਮਨਾਇਆ ਜਾਂਦਾ ਸੀ, ਮੰਗ ਰਹੇ ਸਨ। ਇਸ ਘਟਨਾ ਨਾਲ ਮਾਇਆਵਤੀ ਦਾ ਜਨਮ ਦਿਨ ਏਨਾ ਬਦਨਾਮ ਹੋ ਗਿਆ ਸੀ ਕਿ ਉਹਨਾਂ ਨੇ ਇਸ ਸਾਲ ਤੋਂ ਆਪਣਾ ਜਨਮ ਦਿਨ 'ਆਰਥਕ ਸਹਿਯੋਗ ਦਿਵਸ' ਵਜੋਂ ਨਾ ਮਨਾਉਣ ਦਾ ਫੈਸਲਾ ਲਿਆ। ਸ਼ੁਰੂ 'ਚ ਪੁਲਸ ਨੇ ਇਸ ਸਨਸਨੀਖੇਜ ਮਾਮਲੇ ਨੂੰ ਇਹ ਕਹਿਕੇ ਦਬਾਉਣ ਦੀ ਕੋਸ਼ਿਸ਼ ਕੀਤੀ ਕਿ ਇਹ "ਵਿਭਾਗੀ ਦੁਸ਼ਮਣੀ ਦਾ ਕੇਸ ਹੈ" ਪਰ ਪਿੱਛੋਂ ਇਸ ਹੱਤਿਆ 'ਚ ਬਸਪਾ ਵਿਧਾਇਕ ਦਾ ਹੱਥ ਹੋਣ ਦਾ ਪਤਾ ਲੱਗਿਆ। ਆਈ. ਆਈ. ਐਮ. ਤੋਂ ਨਿਕਲੇ ਅਤੇ ਲਖੀਮਪੁਰ ਖੀਰੀ 'ਚ ਇੰਡੀਅਨ ਆਇਲ ਕਾਰਪੋਰੇਸ਼ਨ 'ਚ ਤੈਨਾਤ ਮੰਜੂਨਾਥਨ ਆਪਣੇ ਇਲਾਕੇ 'ਚ ਪੈਟਰੋਲ ਪੰਪਾਂ ਦੀ ਜਾਂਚ ਕਰਨ 'ਤੇ ਅੜੇ ਹੋਏ ਸਨ, ਸੋ ਮਾਫੀਆ ਨੇ ਉਹਨਾਂ ਨੂੰ ਖਤਮ ਕਰ ਦਿੱਤਾ। ਬੀਤੇ ਮਹੀਨੇ ਦੇ ਸ਼ੁਰੂ 'ਚ ਵਾਰਾਣਸੀ ਉਤਰ ਦੇ ਸਪਾ ਵਿਧਾਇਕ ਹਾਜੀ ਅਬਦੁਲ ਸਮਦ ਅੰਸਾਰੀ ਨੇ ਏ. ਡੀ. ਐਮ. ਪ੍ਰੋਟੋਕਾਲ ਆਰ. ਕੇ ਸਿੰਘ 'ਤੇ ਧਾਵਾ ਬੋਲ ਦਿੱਤਾ ਅਤੇ ਉਹਨਾਂ ਨੂੰ ਸ਼ਰੇਆਮ ਧਮਕਾਇਆ। ਨਰਦੇਸ਼ਵਰ ਸਿੰਘ ਦੀ ਹੱਤਿਆ ਉਹਨਾਂ ਮਾਫੀਆ ਗਰੋਹਾਂ ਦੀ ਕਰਤੂਤ ਹੋ ਸਕਦੀ ਹੈ ਜੋ ਕੋਲਾ ਰੇਸ਼ਮ ਦੀ ਤਸਕਰੀ ਕਰਦੇ ਹਨ ਜਾਂ ਫਿਰ ਟੈਕਸ ਚੋਰੀ ਕਰ ਰਹੇ ਹਨ। ਵਾਰਾਣਸੀ ਦੇ ਇਕ ਉਚ ਪੁਲਸ ਅਧਿਕਾਰੀ ਨੇ ਸਵੀਕਾਰ ਕੀਤਾ" ਅਸੀਂ ਸਾਰੇ ਪਹਿਲੂਆਂ ਤੋਂ ਜਾਂਚ ਕਰ ਰਹੇ ਹਾਂ ਕਿਧਰੇ ਉਹ ਕਿਸੇ ਅਪਰਾਧੀ ਦੇ ਪਿੱਛੇ ਤਾਂ ਨਹੀਂ ਪਏ ਸਨ ਜਾਂ ਉਹਨਾਂ ਦੀ ਕੋਈ ਨਿੱਜੀ ਦੁਸ਼ਮਣੀ ਤਾ ਨਹੀਂ ਸੀ।"

ਉਹਨਾਂ ਦੱਸਿਆ ਕਿ ਵਾਰਾਣਸੀ ਮਾਫੀਆ ਸਰਗਨਿਆਂ ਦੀ ਕੇਂਦਰ ਹੈ। ਬਿਹਾਰ ਤੇ ਝਾਰਖੰਡ ਤੋਂ ਵੱਡੇ ਪੈਮਾਨੇ 'ਤੇ ਇਥੇ ਕੋਲਾ ਆਉਣ, ਚੀਨੀ ਰੇਸ਼ਮ, ਪਸ਼ੂਆਂ ਦੀ ਤਸਕਰੀ ਅਤੇ ਜਮੀਨ-ਜਾਇਦਾਦ ਦੇ ਕਾਰੋਬਾਰ 'ਚ ਤੇਜ਼ੀ ਆਉਣ ਨਾਲ ਇਹ ਪੂਰਵਾਂਚਲ ਦੇ ਅਪਰਾਧੀਆਂ ਦਾ ਅੱਡਾ ਬਣ ਗਿਆ ਹੈ। ਮੁਖਤਾਰ ਅੰਸਾਰੀ ਅਤੇ ਬ੍ਰਜੇਸ਼ ਸਿੰਘ ਜੋ ਅਜੇ ਜੇਲ੍ਹ ਵਿੱਚ ਹੈ, ਦੇ ਗਿਰੋਹ ਨਾਲ ਹੀ ਸ਼ਾਰਪ ਸ਼ੂਟਰ ਮੁੰਨਾ ਬਜਰੰਗੀ ਨੇ ਆਪਣੇ ਇਲਾਕੇ ਵੰਡ ਰੱਖੇ ਹਨ ਅਤੇ ਉਥੇ ਆਪਣਾ ਆਰਥਿਕ ਸਾਮਰਾਜ ਖੜ੍ਹਾ ਕਰ ਰੱਖਿਆ ਹੈ ਜੋ ਵੀ ਉਹਨਾਂ ਦੇ ਆਰਥਿਕ ਹਿੱਤਾਂ ਨੂੰ ਚੋਟ ਪਹੁੰਚਾਉਂਦਾ ਹੈ, ਮਾਰਿਆ ਜਾਂਦਾ ਹੈ ਨਰਦੇਸ਼ਵਰ ਸਿੰਘ ਨੇ ਵਾਰਾਣਸੀ ਦੇ ਤਸਕਰਾਂ 'ਤੇ ਛਾਪੇ ਮਾਰ ਕੇ ਉਹਨਾਂ ਦਾ ਗੁੱਸਾ ਮੁੱਲ ਲਿਆ ਸੀ। ਉਹਨਾਂ ਦੇ ਕੁਝ ਸਹਿਯੋਗੀਆਂ ਨੇ ਦੱਸਿਆ ਕਿ ਨਰਦੇਸ਼ਵਰ ਸਿੰਘ ਨੂੰ ਤਸਕਰੀ ਦਾ ਧੰਦਾ ਕਰਨ ਵਾਲੇ ਕੁਝ ਕੁ ਚੋਰਾਂ ਦੀ ਜਾਣਕਾਰੀ ਮਿਲੀ ਸੀ ਅਗਲੇ ਸਾਲ ਸੇਵਾ ਮੁਕਤ ਹੋਣ ਵਾਲਾ ਇਹ ਅਧਿਕਾਰੀ ਉਹਨਾਂ ਲੋਕਾਂ ਖਿਲਾਫ ਕਾਰਵਾਈ ਦੀ ਯੋਜਨਾ ਬਣਾ ਰਿਹਾ ਸੀ, ਉਹਨਾਂ ਦੀ ਛਪੀ ਬਹੁਤ ਹੱਦ ਤੱਕ ਸਾਫ ਸੁਥਰੀ ਸੀ, ਪਰ ਉਹਨਾਂ ਦੇ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਉਹ ਆਪਣੇ ਲੋਕਾਂ ਨਾਲ ਗੱਲ ਕਰਦੇ ਸਮੇਂ ਤਨਾਅਗ੍ਰਸਿਤ ਤੇ ਦਬਾਅ 'ਚ ਲੱਗਦੇ ਸਨ, ਲਖਨਊ ਤੇ ਵਾਰਾਣਸੀ 'ਚ ਕਸਟਮ ਦਫਤਰ ਦੇ ਉਹਨਾਂ ਦੇ ਸਾਥੀਆਂ ਦਾ ਕਹਿਣਾ ਹੈ ਕਿ "ਸਾਨੂੰ ਲੱਗਦਾ ਹੈ ਕਿ ਉਹਨਾਂ ਨੂੰ ਮਹੱਤਵਪੂਰਨ ਸੁਰਾਗ ਮਿਲ ਗਿਆ ਸੀ ਅਤੇ ਉਹ ਇਕ ਦੋ ਦਿਨ ਧਾਵਾ ਬੋਲਣ ਵਾਲੇ ਸਨ" ਮੁਮਕਿਨ ਹੈ ਕਿ ਮਾਫੀਆ ਸਰਗਨਾ ਨੇ ਛਾਰਪ ਸੂਟਰਾਂ ਰਾਹੀਂ ਇਸ ਤੋਂ ਪਹਿਲਾਂ ਹੀ ਨਰਦੇਸ਼ਵਰ ਸਿੰਘ ਨੂੰ ਠਿਕਾਣੇ ਲਾ ਦਿੱਤਾ ਹੋਵੇ, ਵਾਰਾਣਸੀ ਦੇ ਡੀ. ਆਈ. ਜੀ., ਐਸ. ਐਸ. ਪੀ., ਪੀ. ਸੀ. ਮੀਣਾ ਨੇ ਇੰਡੀਆ ਟੂਡੇ ਨੂੰ ਦੱਸਿਆ ਕਿ "ਜਦ ਤੱਕ ਸਾਡੇ ਹੱਥ ਕੋਈ ਪੁਖਤਾ ਸਬੂਤ ਨਹੀਂ ਲੱਗਦਾ, ਅਸੀਂ ਕੁਝ ਨਹੀਂ ਕਹਾਂਗੇ।

ਉਤਰ ਪ੍ਰਦੇਸ਼ 'ਚ ਸਰਕਾਰੀ ਅਧਿਕਾਰੀ ਦੀ ਹੱਤਿਆ ਦਾ ਇਹ ਕੋਈ ਇਕਲੌਤਾ ਮਾਮਲਾ ਨਹੀਂ ਹੈ। ਮਾਫੀਆ ਗਰੋਹਾਂ ਨੂੰ ਪਨਾਹ ਦੇਣ ਲਈ ਖੂੰਖਾਰ ਰਾਜ ਵਿੱਚ ਇਸ ਤਰ੍ਹਾਂ ਦੀਆਂ ਹੱਤਿਆਵਾਂ ਆਮ ਰਾਜ ਹੈ, ਉਤਰ ਪ੍ਰਦੇਸ਼ ਇੰਜਨੀਅਰਸ ਐਸੋਸੀਏਸ਼ਨ ਆਪਣੇ ਮੈਂਬਰਾਂ ਦੀ ਰਾਖੀ ਤੇ ਮਾਫੀਆ ਗਿਰੋਹਾਂ ਖਿਲਾਫ਼ ਸਖਤ ਕਾਰਵਾਈ ਦੀ ਮੰਗ ਨੂੰ ਲੈ ਕੇ ਧਰਨੇ ਪ੍ਰਦਰਸ਼ਨ ਕਰ ਰਿਹਾ ਹੈ। ਕੁਸ਼ੀਨਵਰ ਜ਼ਿਲ੍ਹੇ 'ਚ ਅਸਿਸਟੇਂਟ ਇੰਜਨੀਅਰ ਮਨੋਜ ਕੁਮਾਰ ਸਿੰਘ ਦੀ ਹੱਤਿਆ ਪਿੱਛੋਂ ਇਹ ਮੰਗ ਹੋਰ ਤਿੱਖੀ ਹੋ ਗਈ ਹੈ। ਪੁਲਸ ਨੇ ਇਸ ਮਾਮਲੇ 'ਚ ਠੇਕਾ ਮਾਫੀਆ ਤੇ ਇੰਜਨੀਅਰ ਨੂੰ ਗ੍ਰਿਫ਼ਤਾਰ ਕੀਤਾ ਹੈ। ਐਸੋਸੀਏਸ਼ਨ ਦੇ ਮੁਖੀ ਫਾਰੂਕੀ ਦਾ ਕਹਿਣਾ ਹੈ ਕਿ ਇੰਜਨੀਅਰ ਠੇਕੇਦਾਰਾਂ ਅਪਰਾਧੀਆਂ ਤੇ ਦਾਗੀ ਰਾਜਸੀ ਆਗੂਆਂ ਦੇ ਸੌਖੇ ਸ਼ਿਕਾਰ ਬਣ ਰਹੇ ਹਨ। ਫਾਰੂਕੀ ਦਾ ਕਹਿਣਾ ਹੈ ਕਿ "ਜਿੰਨਾ ਵੱਧ ਕੰਮ ਹੁੰਦਾ ਹੈ, ਖਤਰਾ ਉਨਾ ਹੀ ਵਧ ਜਾਂਦਾ ਹੈ" ਉਹਨਾਂ ਦੱਸਿਆ ਕਿ ਰਾਜ ਦੇ ਅੱਧੇ ਇਲਾਕੇ-71 ਵਿੱਚੋਂ ਘੱਟੋ-ਘੱਟ 31 ਜ਼ਿਲ੍ਹੇ ਅਤੀ ਸੰਵੇਦਨਸ਼ੀਲ ਹਨ ਉਥੇ ਮਾਫੀਆ ਗਿਰੋਹਾਂ ਅਤੇ ਪ੍ਰਭਾਵਸ਼ਾਲੀ ਰਾਜਸੀ ਆਗੂਆਂ ਦਾ ਦਬਦਬਾ ਹੈ ਜੋ ਜਿਵੇਂ ਤਿਵੇਂ ਠੇਕੇ ਹਾਸਲ ਕਰਨਾ ਚਾਹੁੰਦੇ ਹਨ। ਉਧਰ ਔਰਿਆ 'ਚ ਗੁਪਤਾ ਦੀ ਹੱਤਿਆ ਕਰਨ ਵਾਲੇ ਤਿਵਾੜੀ ਦੇ ਸ਼ੁਭ ਚਿੰਤਕ ਹੁਣ ਵੀ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆ ਰਹੇ। ਦੱਸਿਆ ਜਾਂਦਾ ਹੈ ਕਿ ਜੇਲ ਦੀ ਸਜਾ ਕੱਟ ਰਹੇ

ਵਿਧਾਇਕ ਦੀ ਪਤਨੀ ਵਿਭਾਗ ਤਿਵਾੜੀ ਨੇ ਦਿਬਆਪੁਰ ਪੰਚਾਇਤ ਦੇ ਅਧਿਕਾਰੀ ਪ੍ਰਹਾਦ ਕਸ਼ਯਪ ਨੂੰ ਗੰਭੀਰ ਸਿੱਟੇ ਭੁਗਤਨ ਦੀ ਧਮਕੀ ਦਿੱਤੀ ਹੈ ਕਸ਼ਯੇਮ ਨੇ ਰਾਜ ਦੇ ਪੁਲਸ ਮੁਖੀ ਨੂੰ ਆਪਣੀ ਜਾਨ ਦੀ ਰਾਖੀ ਕਰਨ ਲਈ ਸੁਰੱਖਿਆ ਵਿਵਸਥਾ ਦੀ ਬੇਨਤੀ ਕਰਦਿਆਂ ਕਿਹਾ ਹੈ ਕਿ ਉਹਨਾਂ ਦਾ ਤਬਾਦਲਾ ਔਰਿਆ ਜ਼ਿਲ੍ਹੇ ਦੇ ਦਿਬਾਆਪੁਰ ਤੋਂ ਕਿਤੇ ਹੋਰ ਕਰ ਦਿੱਤਾ ਹੈ।

ਸਰਕਾਰੀ ਤੰਤਰ ’ਚ ਮਾਫੀਆ ਗਰੋਹਾਂ ਦੀ ਪੈਂਠ ਅਤੇ ਉਹਨਾਂ ਦੇ ਰਸਤੇ ’ਚ ਆਉਣ ਵਾਲੇ ਅਧਿਕਾਰੀਆਂ ਦੀਆਂ ਸ਼ਰੇਆਮ ਹੱਤਿਆਵਾਂ ਨੂੰ ਵੇਖਦਿਆਂ ਹਾਈਕੋਰਟ ਨੇ ਚਾਰ ਸਾਲ ਪਹਿਲਾਂ ਰਾਜ ਸਰਕਾਰ ਨੂੰ ਕਿਹਾ ਸੀ ਕਿ ਉਹ ਪਟਨਾਇਕ ਸੰਮਤੀ ਦੀਆਂ ਸਿਫਾਰਸ਼ਾਂ ’ਤੇ ਅਮਲ ਕਰਕੇ ਇਸ ਸਮੱਸਿਆ ਨਾਲ ਨਿਪਟਣ ਲਈ ਕਾਰਜ ਯੋਜਨਾ ਤਿਆਰ ਕਰੇ, ਇਸ ਸਮੰਤੀ ਨੇ ਲਗਭਗ ਸਭ ਖੇਤਰਾਂ ’ਚ ਮਾਫੀਆ ਸਰਗਣਿਆਂ ਦੀ ਸ਼ਿਕਾਇਤ ਕੀਤੀ ਸੀ ਅਤੇ ਵਧੀਕ ਮਹਾਂਨਿਰਦੇਸ਼ਕ (ਸੰਗਠਿਤ ਅਪਰਾਧ) ਦਾ ਅਹੁਦਾ ਬਹਾਲ ਕਰਨ ਨੂੰ ਕਿਹਾ ਸੀ ਪਰ ਨਾ ਪਿਛਲੀ ਮੁਲਾਇਮ ਸਿੰਘ ਸਰਕਾਰ ਅਤੇ ਨਾ ਮੌਜੂਦਾ ਸਰਕਾਰ ਨੇ ਇਹਨਾਂ ਸਿਫਾਰਸ਼ਾਂ ’ਤੇ ਅਮਲ ਕਰਨ ਦੀ ਜਹਿਮਤ ਉਠਾਈ। ਉਹਨਾਂ ਨੇ ਸਰਕਾਰੀ ਅਧਿਕਾਰੀਆਂ ਨੂੰ ਆਪਣੇ ਹਾਲ ’ਤੇ ਛੱਡ ਦਿੱਤਾ ਅਤੇ ਮਾਫੀਆ ਸਰਗਨਿਆਂ ਨੂੰ ਸ਼ਰੇਆਮ ਲੁੱਟ ਦੀ ਛੋਟ ਦੇ ਦਿੱਤੀ ਹੈ।

# ਸਿਆਸਤ 'ਚ ਵੰਸ਼ਵਾਦ ਨੂੰ ਹੱਲਾਸ਼ੇਰੀ ਕਿਉਂ?

ਪੂਰਵੁਤਰ ਦੀ ਰਾਜਨੀਤੀ 'ਚ ਅਜੇ ਤਕ ਜਨਜਾਤੀ ਪ੍ਰਭਾਵਾ ਹੀ ਹਾਵੀ ਸੀ ਜਿਸ 'ਚ ਸਮਾਜ ਦੇ ਯੋਗ ਵਿਅਕਤੀ ਨੂੰ ਹੀ ਲੀਡਰਸ਼ਿਪ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਸੀ, ਇਸ 'ਚ ਪਰਿਵਾਰਵਾਦ ਤੇ ਵੰਸ਼ਵਾਦ ਨੂੰ ਹੱਲਾਸ਼ੇਰੀ ਦੇਣ ਦਾ ਮੌਕਾ ਨਹੀਂ ਮਿਲਦਾ ਸੀ। ਐਸੇ ਵਿੱਚ ਕਦੀ ਕਿਸੇ ਬੰਦੇ ਨੇ ਇਸ ਦੀ ਕੋਸ਼ਿਸ਼ ਕੀਤੀ ਵੀ ਤਾਂ ਜਨਤਾ ਨੇ ਉਸ ਨੂੰ ਠੁਕਰਾ ਦਿੱਤਾ। ਹੁਣ ਵੀ ਬਹੁਤੇ ਹੱਦ ਤਕ ਇਹ ਰਵਾਇਤ ਇਥੇ ਜੀਵਤ ਹੈ ਪਰ ਕੌਮੀ ਰਾਜਨੀਤੀ 'ਚ ਫਲ-ਫੁਲ ਰਹੇ ਵੰਸ਼ਵਾਦ ਤੋਂ ਪੂਰਵੁਤਰ ਅਛੂਤਾ ਨਹੀਂ ਰਹਿ ਸਕਿਆ ਹੈ। ਵੰਸ਼ਵਾਦ ਨੂੰ ਹੱਲਾਸ਼ੇਰੀ ਦੇਣ 'ਚ ਮੇਘਾਲਿਆ ਦੀ ਗਾਰੋ ਪਹਾੜੀ ਦੇ ਸ਼ੇਰ ਵਜੋਂ ਜਾਣੇ ਜਾਂਦੇ ਲੋਕ ਸਭਾ ਦੇ ਸਾਬਕਾ ਸਪੀਕਰ ਪੀ. ਈ. ਸੰਗਮਾ ਨੇ ਤਾਂ ਸਾਰੀਆਂ ਹੀ ਹੱਦਾਂ ਪਾਰ ਕਰ ਦਿੱਤੀਆਂ ਕੌਮੀ ਰਾਜਨੀਤੀ ਤੋਂ ਵਿਦਾ ਲੈਣ ਵਾਲੇ ਸੰਗਮਾ ਨੇ ਕੌਮੀ ਰਾਜਨੀਤੀ ਦੀ ਵਿਰਾਸਤ ਕਿਸੇ ਹੋਰ ਯੋਗ ਨੌਜਵਾਨ ਨੇਤਾ ਦੀ ਥਾਂ ਆਪਣੀ ਬੇਟੀ ਅਗਾਧਾ ਸੰਗਮਾ ਨੂੰ ਸੌਂਪ ਦਿੱਤੀ। ਇਹ ਸਥਿਤੀ ਉਸ ਪ੍ਰਕਾਰ ਹੈ ਜਿਵੇਂ ਕਿ ਬਿਹਾਰ ਵਿੱਚ ਲਾਲੂ ਨੇ ਆਪਣੀ ਰਾਜਸੀ ਵਿਰਾਸਤ ਆਪਣੀ ਪਤਨੀ ਨੂੰ ਸੌਂਪ ਦਿੱਤੀ ਸੀ। ਖੁਦ ਤਾਂ ਉਹ ਮੇਘਾਲਿਆ ਦੀ ਰਾਜਨੀਤੀ 'ਚ ਵਾਪਸ ਆ ਗਏ ਤੇ ਆਪਣੀ ਬੇਟੀ ਨੂੰ ਲੋਕ ਸਭਾ 'ਚ ਭੇਜ ਦਿੱਤਾ। ਏਨਾ ਹੀ ਨਹੀਂ ਸੰਗਮਾ ਖੁਦ ਤਾਂ ਵਿਧਾਨ ਸਭਾ ਚੋਣਾਂ ਲੜੇਗੀ ਆਪਣੇ ਦੋਨੋਂ ਬੇਟੇ ਕਰਨਾਦ ਕੇ ਸੰਗਮਾ ਅਤੇ ਜੈਮਸ ਕੇ ਸੰਗਮਾ ਨੂੰ ਵੀ ਰਾਸ਼ਟਰਵਾਦੀ ਕਾਂਗਰਸ ਪਾਰਟੀ ਦਾ ਟਿਕਟ ਦੇ ਕੇ ਵਿਧਾਇਕ ਬਣਾ ਦਿੱਤਾ। ਉਹ ਖੁਦ ਮੁੱਖ ਮੰਤਰੀ ਬਣ ਕੇ ਆਪਣੇ ਪਰਿਵਾਰ ਨੂੰ ਮੇਘਾਲਿਆ ਦੀ ਰਾਜਨੀਤੀ 'ਚ ਸਥਾਪਤ ਕਰਨਾ ਚਾਹੁੰਦੇ ਸਨ ਪਰ ਸੱਤਾ ਸੰਤੁਲਨ ਬਣਾਉਣ ਲਏ ਿਉਹਨਾਂ ਨੇ ਮੁੱਖ ਮੰਤਰੀ ਬਣਨ ਦੀ ਥਾਂ ਰਾਜ ਯੋਜਨਾ ਕਮਿਸ਼ਨ ਦਾ ਪ੍ਰਧਾਨ ਬਣਨਾ ਪਸੰਦ ਕੀਤਾ। ਬੇਟੇ ਕਰਨਾਦ ਨੂੰ ਮੇਘਾਲਿਆ ਦਾ ਮੰਤਰੀ ਬਣਾ ਦਿੱਤਾ। ਇਸ ਵਾਰੀ ਦੀਆਂ ਲੋਕ ਸਭਾ ਚੋਣਾਂ 'ਚ ਉਹਨਾਂ ਦੀ ਕਿਰਪਾ ਨਾਲ ਦੁਬਾਰਾ ਜਿੱਤੀ, ਅਗਾਥਾ ਨੂੰ ਕੇਂਦਰ 'ਚ ਮੰਤਰੀ ਬਣਾਉਣ ਲਈ ਉਹਨਾਂ ਨੇ ਸੋਨੀਆ ਗਾਂਧੀ ਤੋਂ ਵਿਦੇਸ਼ੀ ਮੂਲ ਬਾਰੇ ਕੀਤੀ ਟਿੱਪਣੀ ਲਈ ਮੁਆਫੀ ਮੰਗ ਲਈ। ਉਹਨਾਂ ਦੀ ਇਸ ਅਦਾ ਨਾਲ ਸਮੋਹਿਤ ਹੋ ਕੇ ਸੋਨੀਆ ਗਾਂਧੀ ਨੇ ਸ਼ਰਦ ਪਵਾਰ ਨੂੰ ਇਸ ਗੱਲ ਲਈ ਜਾਰੀ ਕੀਤਾ ਕਿ ਉਹ ਆਪਣੀ ਬੇਟੀ ਨੂੰ ਮੰਤਰੀ ਬਣਾਉਣ ਦੀ ਜਿੱਦ ਨਾ ਕਰਨ। ਕਿਉਂਕਿ ਸੰਗਮਾ ਦੀ ਪਤਨੀ ਰਾਜਨੀਤੀ 'ਚ ਨਹੀਂ ਆਉਣਾ ਚਾਹੁੰਦੀ ਸੀ ਵਰਨਾ ਸੰਗਮਾ ਉਹਨਾਂ ਨੂੰ ਵੀ ਵਿਧਾਨ ਸਭਾ 'ਚ ਪਹੁੰਚਾ ਦਿੰਦੇ। ਦਰਅਸਲ ਗਾਰੋ ਪਹਾੜੀ 'ਚ ਉਹੀ ਹੁੰਦਾ ਹੈ ਜੋ ਸੰਗਮਾ ਚਾਹੁੰਦੇ ਹਨ। ਇਸ ਤਾਕਤ ਨੂੰ ਭਾਂਪਦੇ ਹੋਇਆ ਸੰਗਮਾ ਨੇ ਮੇਘਾਲਿਆ ਦੀ ਰਾਜਨੀਤੀ 'ਚ ਆਪਣੀ ਵੰਸ਼ਬੇਲ ਸਥਾਪਤ ਕਰ ਦਿੱਤੀ। ਜੇ ਅਸਾਮ ਦੀ ਰਾਜਨੀਤੀ ਦੀ ਗੱਲ ਕਰੀਏ ਤਾਂ ਸਾਬਕਾ ਮੁੱਖ ਮੰਤਰੀ ਪ੍ਰਫੁਲ ਕੁਮਾਰ ਮਹੰਤ ਨੂੰ ਇਹ ਮੌਕਾ ਮਿਲਿਆ ਹੈ। ਉਹਨਾਂ ਦੇ ਮੁੱਖ ਮੰਤਰੀ ਰਹਿੰਦੇ ਹੋਏ ਉਹਨਾਂ ਦੀ ਪਤਨੀ ਜੈ ਸ੍ਰੀ ਮਹੰਤ ਰਾਜ ਸਭਾ ਤਕ ਪਹੁੰਚ ਗਈ। ਮਹੰਤ ਭਾਵੇਂ ਹੀ ਗੁਹਾਟੀ 'ਚ ਉਲਫਾ ਦੇ ਹਮਲੇ ਕਾਰਨ ਕਾਫੀ ਦਬਾਅ ਵਿੱਚ ਸਨ ਪਰ ਉਹਨਾਂ ਦੀ ਸਾਂਸਦ ਪਤਨੀ ਨਵੀਂ ਦਿੱਲੀ ਵਿੱਚ ਅਸਾਮ ਦੀ

ਮੁੱਖ ਮੰਤਰੀ ਦੀ ਪਤਨੀ ਵਜੋਂ ਵਾਕਫ ਸੀ। ਸਾਂਸਦ ਬਣਨ ਲਈ ਜੈ ਸ੍ਰੀ ਨੇ ਕਾਟੇਨ ਕਾਲਜ ਵਰਗੀ ਉਚ ਸੰਸਥਾ ਦੇ ਬੁਲਾਰੇ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਸੀ ਹਾਲਾਂਕਿ ਸਰਗਰਮ ਰਾਜਨੀਤੀ ’ਚ ਜੈ ਸ੍ਰੀ ਦਾ ਆਉਣਾ ਮਹੰਤ ਦੇ ਪਤਨ ਦਾ ਇਕ ਮੁੱਖ ਕਾਰਨ ਬਣਿਆ। ਅਸਾਮ ਦੇ ਲੋਕਾਂ ਨੂੰ ਇਹ ਰਾਸ ਨਹੀਂ ਆਇਆ ਅਤੇ ਮਹੰਤ ਸਰਕਾਰ ਦਾ ਪਤਨ ਹੋ ਗਿਆ। ਇਸ ਦੇ ਬਾਵਜੂਦ ਸੰਨ 2004 ਦੀਆਂ ਚੋਣਾਂ ਵਿੱਚ ਜੈ ਸ੍ਰੀ ਲੋਕ ਸਭਾ ਦੀ ਚੋਣ ਲੜੀ ਪਰ ਲੋਕਾਂ ਨੇ ਉਸ ਨੂੰ ਨਾ ਮੰਜੂਰ ਕਰ ਦਿੱਤਾ। ਹੁਣ ਮਹੰਤ ਦੇ ਬੇਟੇ ਸ਼ਆਮਲ ਕਸ਼ਅਪ ਇਕ ਸੰਗਠਨ ਦੀ ਸਹਾਇਤਾ ਨਾਲ ਰਾਜਨੀਤੀ ’ਚ ਆਉਣ ਦੀ ਚੇਸ਼ਟਾ ਕਰ ਰਹੇ ਹਨ। ਕਿਸੇ ਜ਼ਮਾਨੇ ’ਚ ਕਾਂਗਰਸ ਦੇ ਨੇਤਾ ਰਹੇ ਸਵ. ਹਿਤੇਸ਼ਵਰ ਸੈਕਿਆ ਨੇ ਆਪਣਾ ਵੰਸ਼ਵਾਦ ਸਥਾਪਤ ਕਰਨ ਦੀ ਚੇਸ਼ਟਾ ਕੀਤੀ ਸੀ ਪਰ ਪਾਰਟੀ ਦੇ ਅੰਦਰ ਤੇ ਬਾਹਰ ਵਿਰੋਧ ਦੀ ਵਜਾਹ ਕਰਕੇ ਆਪਣੀ ਪਤਨੀ ਡਾ. ਹੇਮਪ੍ਰਭਾ ਸੈਕਿਆ ਨੂੰ ਪਾਰਟੀ ਟਿਕਟ ਦਿਵਾਉਣ ਦੀ ਹਿੰਮਤ ਨਹੀਂ ਕਰ ਸਕੇ। ਉਹਨਾਂ ਦੀ ਮੌਤ ਪਿੱਛੋਂ ਹੀ ਉਹਨਾਂ ਦੀ ਪਤਨੀ ਨੂੰ ਸੈਕਿਆ ਦੀ ਸੀਟ ਨਾਜਿਮ ਤੋਂ ਟਿਕਟ ਮਿਲੀ ਅਤੇ ਉਹ ਵਿਧਾਇਕ ਚੁਣੀ ਗਈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਉਹਨਾਂ ਦੇ ਭਾੜੇਦਾਰ ਵਜੋਂ ਅਸਾਮ ਤੋਂ ਰਾਜ ਸਭਾ ਦੀ ਚੋਣ ਲੜਦੇ ਹਨ ਹਾਲਾਂਕਿ ਉਹ ਵੀ ਪਿਛਲੀ ਵਿਧਾਨ ਸਭਾ ’ਚ ਚੋਣ ਹਾਰ ਗਈ। ਫਿਰ ਵੀ ਉਹਨਾਂ ਨੇ ਸੰਸਦੀ ਸਕੱਤਰ ਦਰਜਾ ਦੇ ਕੇ ਲਾਲਬੱਤੀ ਵਾਲੀ ਗੱਡੀ ਦੀ ਵਿਵਸਥਾ ਕਰ ਦਿੱਤੀ ਗਈ ਹੈ। ਇਸ ਮਾਮਲੇ ’ਚ ਅਸਾਮ ਕਾਂਗਰਸ ਦੇ ਮੁੱਖ ਮੰਤਰੀ ਤਰੁਣ ਗੋਗੋਈ ਸਫਲ ਰਹੇ। ਉਹਨਾਂ ਨੇ ਆਪਣੇ ਛੋਟੇ ਭਾਈ ਦੀ ਗੋਗੋਈ ਨੂੰ ਨਾ ਸਿਰਫ ਟਿਕਟ ਦਿਵਾਈ ਬਲਕਿ ਜਿਤਾ ਕੇ ਦੂਜੀ ਵਾਰੀ ਵੀ ਲੋਕ ਸਭਾ ਪਹੁੰਚਾ ਦਿੱਤਾ। ਦੀਪ ਗੋਗਈ ਤਰੁਣ ਗੋਗੋਈ ਦੇ ‘ਭਰਾ’ ਹਨ ਦਰਅਸਲ ਪਹਿਲਾਂ ਹੀ ਤਰੁਣ ਗੋਗੋਈ ਕਲਿਆਬਰ ਸੀਟ ਤੋਂ ਹੀ ਲੋਕ ਸਭਾ ਲਈ ਚੁਣੇ ਜਾਂਦੇ ਸਨ ਹੁਣ ਉਹਨਾਂ ਨੂੰ ਅਸਾਮ ਦੇ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਦਿੱਤੀ ਗਈ ਤਾਂ ਆਪਣੀ ਸੀਟ ਉਹਨਾਂ ਨੇ ਆਪਣੇ ਛੋਟੇ ਭਾਈ ਨੂੰ ਦੇ ਦਿੱਤੀ। ਇਸ ਪ੍ਰਸੰਗ ਵਿੱਚ ਦੀਪ ਗੋਗੋਈ ਦਾ ਕਹਿਣਾ ਹੈ ਕਿ ਇਹ ਸੀਟ ਤਾਂ ਉਹਨਾਂ ਲਈ ਵੱਡੇ ਭਾਈ ਦੀ ਲੜਾਈ ਵਾਂਗੂ ਹੈ। ਭਾਈ ਜਦ ਕਹਿਣਗੇ ਉਹ ਅਸਤੀਫਾ ਦੇ ਕੇ ਉਹਨਾਂ ਲਈ ਇਹ ਸੀਟ ਖਾਲੀ ਕਰ ਦੇਣਗੇ। ਦਰਅਸਲ ਤਰੁਣ ਗੋਗੋਈ ਨੇ ਇਹ ਸੀਟ ਆਪਣੇ ਭਾਈ ਨੂੰ ਦੇ ਕੇ ਸੁਰੱਖਿਅਤ ਕਰਵਾ ਲਈ ਹੈ। ਜਦ ਉਹਨਾਂ ਨੂੰ ਰਾਜ ਦੀ ਰਾਜਨੀਤੀ ਤੋਂ ਬਾਹਰ ਕੀਤਾ ਜਾਵੇਗਾ ਤਾਂ ਆਪਣਾ ਵਿਧਾਨ ਸਭਾ ਖੇਤਰ ਆਪਣੇ ਭਾਈ ਨੂੰ ਸੌਂਪ ਕੇ ਕਲਿਆਬਰ ਸੀਟ ਤੋਂ ਲੋਕ ਸਭਾ ਤਕ ਪਹੁੰਚਾਏ ਜਾਣਗੇ। ਅਸਾਮ ਦੇ ਨੇਤਾ ਨਗੇਨ ਸ਼ਰਮਾ ਦੇ ਕਤਲ ਪਿੱਛੋਂ ਉਹਨਾਂ ਦੀ ਨਲਬਾੜੀ ਵਿਧਾਨ ਸਭਾ ਸੀਟ ਅਰਾਪ ਦੇ ਹੋਰ ਉਚ ਨੇਤਾਵਾਂ ਦੀ ਅਣਦੇਖੀ ਕਰਦੇ ਹੋਇਆਂ ਉਹਨਾਂ ਦੀ ਪਤਨੀ ਅਲਕਾ ਸ਼ਰਮਾ ਨੂੰ ਦੇ ਦਿੱਤੀ ਗਈ। ਉਹ ਇਸ ਸਮੇਂ ਵਿਧਾਇਕ ਹੈ। ਇਸ ਤਰ੍ਹਾਂ ਗੋਲਘਾਟ ਵਿਧਾਨ ਸਭਾ ਖੇਤਰ ਵਿੱਚ ਕਾਂਗਰਸ ਦੇ ਉਸ ਸਮੇਂ ਦੇ ਮੰਤਰੀ ਨਗੇਨ ਨਿਯੋਗ ਦੀ ਹੱਤਿਆ ਪਿੱਛੋਂ ਇਹ ਸੀਟ ਉਹਨਾਂ ਦੀ ਪਤਨੀ ਅਜੰਤਾ ਨਿਯੋਗ ਨੂੰ ਦੇ ਦਿੱਤੀ ਗਈ। ਅਜੰਤਾ ਨਿਯੋਗ ਨਾਂ ਸਿਰਫ ਚੋਣਾਂ ਜਿੱਤਣ ’ਚ ਸਫਲ ਰਹੀ ਬਲਕਿ ਇਸ ਵਕਤ ਅਸਾਮ ਦੀ ਕੈਬਨਿਟ ਮੰਤਰੀ ਹੈ। ਸਾਬਕਾ ਕੇਂਦਰੀ ਮੰਤਰੀ ਸੰਤੋਸ਼ ਮੋਹਨ ਦੇਵ ਨੇ ਮਨਮੋਹਨ ਮੰਤਰੀ ਮੰਡਲ ’ਚ ਮੰਤਰੀ ਰਹਿੰਦੇ ਹੋਇਆਂ ਆਪਣੀ ਪਤਨੀ ਵੀਥਿਕਾ ਦੇਵ ਨੂੰ ਸਿਲਚਰ ਵਿਧਾਨ

ਸਭਾ ਖੇਤਰ ਤੋਂ ਵਿਧਾਇਕ ਬਣਵਾ ਦਿੱਤਾ ਤਾਂ ਕਾਂਗਰਸ ਦੇ ਹੀ ਉਚ ਨੇਤਾ ਅਤੇ ਅਸਾਮ ਦੇ ਕੈਬਨਿਟ ਮੰਤਰੀ ਗੌਤਮ ਰਾਏ ਨੇ ਆਪਣੇ ਬੇਟੇ ਰਾਹੁਲ ਰਾਏ ਨੂੰ ਆਪਣੇ ਖੇਤਰ ਦੇ ਨਾਲ ਲੱਗਦੇ ਅਲਗਾਪੁਰ ਵਿਧਾਨ ਸਭਾ ਖੇਤਰ ਤੋਂ ਵਿਧਾਇਕ ਵਜੋਂ ਜਿਤਵਾ ਦਿੱਤਾ। ਕਾਂਗਰਸ ਦੇ ਹੀ ਸਾਂਸਦ ਪਵਨ ਸਿੰਘ ਘਟਨਾਵਾਂ ਨੇ ਆਪਣੀ ਪਤਨੀ ਜੀਵਨਧਾਰਾ ਘਾਟਵਰ ਨੂੰ ਮੋਰਾਨ ਵਿਧਾਨ ਸਭਾ ਖੇਤਰ ਤੋਂ ਪਾਰਟੀ ਦਾ ਟਿਕਟ ਦਿਵਾਇਆ ਅਤੇ ਵਿਧਾਨ ਸਭਾ ਤਕ ਪਹੁੰਚਾਇਆ। ਇਸ ਤਰ੍ਹਾਂ ਅਸਾਮ ਦੇ ਕੈਬਨਿਟ ਮੰਤਰੀ ਭਰਤ ਨਰਾਹ ਦੀ ਪਤਨੀ ਰਾਨੀ ਨਰਾਹ ਇਸ ਵਾਰੀ ਫਿਰ ਤੋਂ ਕਾਂਗਰਸ ਦੀ ਟਿਕਟ ’ਤੇ ਲਖੀਮਪੁਰ ਲੋਕ ਸਭਾ ਸੀਟ ਤੋਂ ਲੋਕ ਸਭਾ ਤਕ ਪਹੁੰਚਾਉਣ ’ਚ ਸਫਲ ਰਹੀ। ਅਰੁਣਾਚਲ ਪ੍ਰਦੇਸ਼ ਦੀ ਰਾਜਨੀਤੀ ’ਚ ਵੰਸ਼ਵਾਦ ਨੂੰ ਸਥਾਪਤ ਕਰਨ ਦੀ ਪਹਿਲ ਸਾਬਕਾ ਮੁੱਖ ਮੰਤਰੀ ਗੇਗਾਂਸ ਅਪਾਂਗ ਨੇ ਕੀਤੀ। ਉਹ ਜਦ ਭਾਜਪਾ ’ਚ ਸ਼ਾਮਲ ਹੋ ਕੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਬਣਨ ’ਚ ਸਫਲ ਹੋਏ ਤਾਂ ਭਾਜਪਾ ਦੀ ਟਿਕਟ ’ਤੇ ਆਪਣੇ ਬੇਟੇ ਔਮਾਕ ਅਪਾਂਗ ਨੂੰ ਪੱਛਮ ਅਰੁਣਾਚਲ ਸੀਟ ਤੋਂ ਲੋਕ ਸਭਾ ਤਕ ਭੇਜ ਦਿੱਤਾ। ਏਨਾ ਹੀ ਨਹੀਂ ਬੇਟੇ ਨੂੰ ਆਪਣੇ ਪ੍ਰਭਾਵ ਨਾਲ ਕੇਂਦਰ ’ਚ ਰਾਜ ਮੰਤਰੀ ਤੱਕ ਬਨਵਾ ਦਿੱਤਾ। ਗੇਗਾਂਗ ਅਪਾਂਗ ਦੇ ਹੱਥੋਂ ਸਭਾ ਨਿਕਲਦਿਆਂ ਹੀ ਉਨ੍ਹਾਂ ਦੇ ਵੰਸ਼ਵਾਦ ਦਾ ਯਤਨ ਅਸਫ਼ਲ ਹੋ ਗਿਆ।

# ਸਰਕਾਰੀ ਸਕੂਲ ਦੀ ਦੁਰਦਸ਼ਾ ਕਿਉਂ?

ਖਜੂਰੀ ਖਾਸ (ਦਿੱਲੀ) ਦੇ ਸਰਕਾਰੀ ਸਕੂਲ 'ਚ ਪੜ੍ਹਨ-ਪੜ੍ਹਾਉਣ ਵਾਲਿਆਂ ਦੀ ਥਾਂ ਪੁਲਸ ਨੂੰ ਲੈ ਲਈ ਹੈ ਅਤੇ ਜਮਾਤਾਂ 'ਚ ਸਨਾਟਾ ਛਾਇਆ ਹੋਇਆ ਹੈ। ਇਸ ਸਕੂਲ ਵਿੱਚ 10 ਸਤੰਬਰ ਨੂੰ ਭਗਦੜ ਕਾਰਨ ਪੰਜ ਵਿਦਿਆਰਥੀਆਂ ਦੀ ਪੌੜੀ ਤੋਂ ਡਿੱਗ ਕੇ ਮੌਤ ਹੋ ਗਈ ਸੀ। 32 ਜ਼ਖ਼ਮੀ ਹੋ ਗਈਆਂ ਸਨ। ਜ਼ਖ਼ਮੀਆਂ ਵਿਚੋਂ ਕਈ ਅਪਾਹਜ ਹੋ ਚੁੱਕੀਆਂ ਹਨ। ਕੁਝ ਦੀ ਹਾਲਤ ਅਜੇ ਵੀ ਨਾਜੁਕ ਬਣੀ ਹੋਈ ਹੈ। ਬਾਵਜੂਦ ਇਸ ਦੇ ਪ੍ਰਸਾਸ਼ਨ ਤਹਿ ਨਹੀਂ ਕਰ ਸਕਿਆ ਹੈ ਕਿ ਹਾਦਸਾ ਲੜਕੀਆਂ ਨੂੰ ਛੇੜਣ ਕਾਰਨ ਮੱਚੀ ਹਫਰਾ-ਤਫਰੀ ਕਾਰਨ ਹੋਇਆ ਜਾਂ ਪਾਣੀ 'ਚ ਬਿਜਲੀ ਦਾ ਕਰੰਟ ਦੌੜਨ ਦੀ ਅਫਵਾਹ ਕਾਰਨ। ਇਸ ਸਰਕਾਰ ਢਿੱਲਮੱਠ ਕਾਰਨ ਮਾਪੇ ਨਿਰਾਸ਼ ਹਨ ਅਤੇ ਬੱਚੇ ਸਕੂਲ ਜਾਣ ਦੀ ਗੱਲ ਹੁੰਦਿਆਂ ਹੀ ਰੋਣ ਲੱਗਦੇ ਹਨ ਕਿ ਕਿਧਰੇ ਅਜਿਹਾ ਹਾਦਸਾ ਉਹਨਾਂ ਨਾਲ ਨਾ ਹੋ ਜਾਵੇ ਮ੍ਰਿਤਕ ਵਿਦਿਆਰਥਣਾਂ ਮੁਮਤਾਜ, ਅਫਰੋਜ, ਆਸ਼ਾ, ਲਲਿਤਾ ਤੇ ਮੋਨਿਕਾ ਦੇ ਮਾਪਿਆਂ ਦਾ ਦੋਸ਼ ਹੈ ਕਿ ਭਗਦੜ ਲੜਕਿਆਂ ਦੀ ਛੇੜਖਾਨੀ ਨਾਲ ਮੱਚੀ ਨਾ ਕਿ ਕਰੰਟ ਦੌੜਨ ਦੀ ਅਫਵਾਹ ਨਾਲ ਉਹ ਵਾਰ-ਵਾਰ ਇਕ ਹੀ ਸੁਆਲ ਪੁੱਛਦੇ ਹਨ ਕਿ ਜੇ ਕੋਈ ਐਸੀ ਅਫਵਾਹ ਸੀ ਤਾਂ ਉਸ ਹਾਦਸੇ 'ਚ ਕੋਈ ਲੜਕਾ ਕਿਉਂ ਨਹੀਂ ਮਾਰਿਆ ਗਿਆ। ਸਤਵੀਂ 'ਚ ਪੜ੍ਹਨ ਵਾਲੀ ਮੁਮਤਾਜ ਵੀ ਇਸ ਹਾਦਸੇ 'ਚ ਮਾਰੀ ਗਈ ਸੀ। ਉਸ ਦੇ ਅੱਬਾ ਮੁਹੰਮਦ ਮਸੂਮ ਅਲੀ ਚਾਹੁੰਦੇ ਹਨ ਕਿ ਨਿਆਂ ਮਿਲੇ। ਯਾਨੀ ਦੁਰਘਟਨਾ ਦੇ ਦੋਸ਼ੀ ਸਕੂਲ ਪ੍ਰਸਾਸ਼ਨ ਅਤੇ ਲਫੰਗੇ ਲੜਕਿਆਂ ਨੂੰ ਸਜਾ ਹੋਵੇ। ਸਰਕਾਰ ਕਾਰਵਾਈ ਕਰਨ ਦਾ ਭਰੋਸਾ ਹੋਵੇ ਤਾਂ ਦੇ ਰਹੀ ਹੈ ਪਰ ਪੀੜਤਾਂ ਨੂੰ ਨਿਆਂ ਦਿਵਾਉਣ 'ਚ ਲੱਗੇ ਬਿਲਡਿੰਗ ਵਰਕਸ ਯੂਨੀਅਨ ਦੇ ਨੇਤਾ ਰਹੀਮੁਦੀਨ ਨੂੰ ਸਰਕਾਰੀ ਦਿਲਾਸੇ 'ਤੇ ਭਰੋਸਾ ਨਹੀਂ ਹੈ। ਉਹਨਾਂ ਦਾ ਕਹਿਣਾ ਹੈ ਕਿ 'ਜਿਸ ਰਾਜ ਦੀ ਪੁਲਸ ਦੋਸ਼ੀਆਂ ਨੂੰ ਅਜੇ ਤਾਈਂ ਗ੍ਰਿਫ਼ਤਾਰ ਨਹੀਂ ਕਰ ਸਕੀ। ਉਹ ਨਿਆਂ ਕਰੂ ਇਸ ਦਾ ਭਰੋਸਾ ਕੋਈ ਕਿਵੇਂ ਕਰੇ? ਸਰਕਾਰ ਵੱਲੋਂ ਹਾਦਸੇ ਦੀ ਜਾਂਚ ਲਈ ਨਿਯੁਕਤ ਜਾਂਚ ਅਧਿਕਾਰੀ ਟੀ. ਸੀ. ਨਾਥ ਨੇ ਦੱਸਿਆ ਕਿ 'ਜਾਂਚ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਹੈ।' ਰਿਪੋਰਟ 'ਚ ਕਿਸ ਤਰ੍ਹਾਂ ਦੀ ਕਾਰਵਾਈ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਨੂੰ ਜਨਤਕ ਕਰਨ ਤੋਂ ਮਨ੍ਹਾ ਕੀਤਾ। ਦੂਜੇ ਪਾਸੇ ਪੁਲਸ ਬੱਚਿਆਂ ਦੀ ਮੌਤ ਵਰਗੇ ਸੰਵੇਦਨਸ਼ੀਲ ਮਾਮਲੇ ਨੂੰ ਸਿਰਫ ਡਾਇਰੀ 'ਚ ਦਰਜੇ ਕਰਕੇ ਚੁੱਪ ਬੈਠ ਗਈ। ਇਕ ਪੰਦਰਵਾੜੇ ਤੋਂ ਵੱਧ ਦਾ ਸਮਾਂ ਬੀਤਣ ਪਿੱਛੋਂ ਵੀ ਪੁਲਸ ਭਗਦੜ ਤੇ ਉਸ ਤੋਂ ਬਾਅਦ ਹੋਇਆ ਮੌਤਾਂ ਦੇ ਦੋਸ਼ੀਆਂ ਵਿਚੋਂ ਕਿਸੇ ਇਕ ਨੂੰ ਵੀ ਗ੍ਰਿਫ਼ਤਾਰ ਨਹੀਂ ਕਰ ਸਕੀ ਹੈ। ਇਹ ਹਾਦਸਾ ਅਜਾਨ ਦੇ 19ਵੇਂ ਦਿਨ ਜਦ ਸਕੂਲ ਖੁੱਲ੍ਹਿਆ ਹੀ ਸੀ। ਆਮ ਤੌਰ 'ਤੇ ਉਸ ਸਕੂਲ ਦੀ ਸੁਬਾਹ ਦੀ ਵਾਰੀ 'ਚ ਲੜਕੀਆਂ ਦੀ ਕਲਾਸ ਚੱਲਦੀ ਹੈ ਤੇ ਸ਼ਾਮ ਦੇ ਪੜਾਅ 'ਚ ਲੜਕਿਆਂ ਦੀ ਪੜ੍ਹਾਈ ਹੁੰਦੀ ਹੈ। ਪਰ ਛਿਮਾਹੀ ਇਮਤਿਹਾਨ ਹੋਣ ਕਰਕੇ ਪ੍ਰਸਾਸ਼ਨ ਦੇ ਲੜਕੇ-ਲੜਕੀਆਂ ਨੂੰ ਇਕੱਠੇ ਬਿਠਾਉਣ ਦਾ ਇੰਤਜਾਮ ਕੀਤਾ ਸੀ ਉਸ ਦਿਨ ਬਾਰਿਸ਼ ਦੀ ਵਜਾਹ ਕਾਰਨ ਹੇਠਾਂ ਦੀਆਂ ਕਲਾਸਾਂ 'ਚ ਪਾਣੀ ਭਰ ਗਿਆ ਤਾਂ ਅਧਿਆਪਕਾਂ ਨੇ ਵਿਦਿਆਰਥਣਾਂ ਨੂੰ

ਵੀ ਉਪਰ ਦੇ ਕਮਰਿਆਂ 'ਚ ਜਾਣ ਨੂੰ ਕਿਹਾ। ਇਹੀ ਹੁਕਮ ਦੁਰਘਟਨਾ ਦਾ ਕਾਰਨ ਬਣਿਆ। ਸਕੂਲ ਦੀ ਗਿਆਰਵੀਂ ਦੀ ਵਿਦਿਆਰਥਣ ਅਤੇ ਮੌਕੇ 'ਤੇ ਮੌਜੂਦ ਸਬੀਨਾ ਅਨੁਸਾਰ "ਜਿਉਂ ਹੀ ਅਸੀਂ ਪੌੜੀਆਂ ਚੜ੍ਹ ਕੇ ਉਪਰ ਕਮਰਿਆਂ 'ਚ ਪਹੁੰਚੇ ਕਲਾਸ 'ਚ ਪਹਿਲਾਂ ਹੀ ਮੌਜੂਦ 10-12 ਲੜਕਿਆਂ ਨੇ ਦਰਵਾਜਾ ਬੰਦ ਕਰਕੇ ਬਦਤਮੀਜੀ ਕਰਨੀ ਸ਼ੁਰੂ ਕਰ ਦਿੱਤੀ। ਇਹਨਾਂ ਲਫੰਗਿਆਂ 'ਚੋਂ ਇਕ ਨੇ ਦਰਵਾਜਾ ਬਾਹਰੋਂ ਬੰਦ ਕਰ ਦਿੱਤਾ ਸੀ। ਤਦ ਸਾਡੇ 'ਚ ਕੋਈ ਇਕ ਲੜਕੀ ਦੂਜੇ ਦਰਵਾਜੇ 'ਚੋਂ ਭੱਜ ਕੇ ਚੀਕਣ ਲੱਗੀ ਅਤੇ ਅਸੀਂ ਵੀ ਇਸ ਦਰਵਾਜੇ ਤੋਂ ਭੱਜੇ। ਸਾਹਮਣੇ ਤੋਂ ਲੜਕਿਆਂ ਦਾ ਆਉਣਾ ਅਜੇ ਜਾਰੀ ਸੀ ਜਿਸ ਕਾਰਨ ਭਗਦੜ ਮੱਚ ਗਈ।' ਦੁਰਘਟਨਾਵਾਂ ਦੇ ਸ਼ਹਿਰ ਦਿੱਲੀ ਵਿੱਚ ਜਿਥੇ ਰੋਜ ਹੀ ਹਾਦਸਿਆਂ ਹੱਤਿਆਵਾਂ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਸਰਕਾਰ ਤੇ ਪੁਲਸ ਲਈ ਪੰਜ ਸਕੂਲੀ ਵਿਦਿਆਰਥਣਾਂ ਦਾ ਦੱਬ ਕੇ ਮਰ ਜਾਣਾ ਹੋ ਸਕਦਾ ਹੈ। ਕੋਈ ਮਾਅਨੇ ਨਾ ਰੱਖਦਾ ਹੋਵੇ, ਉਹ ਵੀ ਉਦੋਂ ਜਦੋਂ ਮਰਨ ਵਾਲੇ ਜ਼ਿਆਦਾਤਰ ਵਿਦਿਆਰਥਣਾਂ ਦੇ ਮਾਪੇ ਰੋਜ਼ ਕਮਾ ਕੇ ਖਾਣ ਵਾਲੇ ਗਰੀਬ ਹੋਣ। ਰਾਜਧਾਨੀ ਦੀ ਪੁਲਸ ਨੂੰ ਇਸ ਦੁਰਘਟਨਾ ਦੇ ਦੋਸ਼ੀ ਨਹੀਂ ਮਿਲ ਰਹੇ ਹਨ। ਇਹ ਵਿਸ਼ਵਾਸ ਕਰਨਯੋਗ ਨਹੀਂ ਲੱਗਦਾ। ਇਹ ਪ੍ਰਸ਼ਨ ਜ਼ੂਰੀ ਕੱਚੀ ਬਸਤੀ ਦੇ ਐਸੋਸੀਏਸ਼ਨ ਦੇ ਮੈਂਬਰ ਮਾਸਟਰ ਰਫੀਕ ਉਠਾਉਂਦੇ ਹਨ ਕਿ ਅਮਰੇਜ਼, ਮੁਮਤਾਜ ਤੇ ਆਸ਼ਾ ਦੇ ਬਾਪ ਜੇ ਕੰਮ 'ਤੇ ਨਹੀਂ ਜਾਣਗੇ ਤਾਂ ਪਰਿਵਾਰ ਭੁੱਖ ਨਾਲ ਮਰ ਜਾਵੇਗਾ ਅਤੇ ਜੇ ਅਸੀਂ ਲੋਕ ਮੰਗ ਮਨਵਾਉਣ ਲਈ ਧਰਨਾ ਮੁਜਾਹਰਾ ਕਰਦੇ ਹਾਂ ਪੁਲਸ ਵਾਲੇ ਮਾਰ-ਕੁੱਟ ਕਰਕੇ ਭਜਾ ਦਿੰਦੇ ਹਨ ਕਿ ਗੜਬੜ ਫੈਲਾਉਂਦੇ ਹਨ। ਪਰ ਉਹਨਾਂ ਪਰਿਵਾਰਾਂ ਲਈ ਦੋਸ਼ੀਆਂ ਨੂੰ ਸਜਾ ਦਿਵਾਉਣੀ ਸਭ ਕੁਝ ਹੈ ਜਿਨ੍ਹਾਂ ਘਰਾਂ 'ਚ ਮਾਤਮ ਦਾ ਮਾਹੌਲ ਹੈ। ਪੱਕੀ ਤੋਂ ਕੱਚੀ ਦੋ ਹਿੱਸਿਆਂ 'ਚ ਵੰਡੀ ਹੈ। ਖਜੂਰੀ ਸਕੂਲ ਖਜੂਰੀ ਪੱਕੀ ਵਿੱਚ ਹੈ। ਜਦ ਕਿ ਖਜੂਰੀ ਕੱਚੀ ਯਾਮੁਨ ਪੁਸ਼ਤੇ ਦੇ ਹੇਠਾਂ ਹੈ ਜਿਥੇ ਬਸਾਵਟ 1986 ਤੋਂ ਸ਼ੁਰੂ ਹੋਈ। ਬਾਈ ਹਜ਼ਾਰ ਵੋਟਾਂ ਵਾਲੀ ਇਸ ਬਸਤੀ ਦੀ ਆਬਾਦੀ 75 ਹਜ਼ਾਰ ਤੋਂ ਵੱਧ ਹੈ ਅਤੇ ਸਿਰਫ ਇਕ ਸਰਕਾਰੀ ਪ੍ਰਾਇਮਰੀ ਸਕੂਲ ਹੈ। ਕੱਚੀ ਦੇ ਬੱਚਿਆਂ ਨੂੰ ਪੰਜਵੀਂ ਤੋਂ ਵੱਧ ਦੀ ਸਿੱਖਿਆ ਹਾਸਲ ਕਰਨ ਲਈ ਹਾਈਵੇ ਪਾਰ ਕਰ ਪੱਕੀ ਖਜੂਰੀ ਜਾਣਾ ਪੈਂਦਾ ਹੈ। ਸਕੂਲ ਦੇ ਅਧਿਕਾਰ ਮਾਪੇ ਜਥੇਬੰਦੀ ਦੇ ਮੈਂਬਰ ਜਗਦੀਸ਼ ਪ੍ਰਸ਼ਾਦ ਦੱਸਦੇ ਹਨ ਕਿ ਪੜ੍ਹਨ ਵਾਲੇ ਬਹੁਤੇ ਵਿਦਿਆਰਥੀ ਵਿਦਿਆਰਥਣਾਂ ਕੱਚੀ ਖਜੂਰੀ ਦੇ ਹੀ ਹਨ। ਖੇਤਰ ਦੇ ਸਾਂਸਦ ਜੈ ਪ੍ਰਕਾਸ਼ ਅਗਰਵਾਲ ਪੀੜਤਾਂ ਦੇ ਘਰ ਜਾ ਕੇ ਇਕ ਵਾਰੀ ਮਾਪਿਆਂ ਨੂੰ ਨਿਆਂ ਦਿਵਾਉਣ ਦਾ ਵਿਸ਼ਵਾਸ ਦੇ ਚੁੱਕੇ ਹਨ। ਮ੍ਰਿਤਕ ਲਲਿਤਾ ਨਾਗਰ ਦੇ ਚਾਚਾ ਪੁੱਛਦੇ ਹਨ 'ਨੇਤਾ ਨਿਆਂ ਕੀ ਦਵਾ ਸਕਣਗੇ ਜਦ ਅੱਜ ਤੱਕ ਐਲਾਨਿਆਂ ਮੁਆਵਜਾ ਹੀ ਨਹੀਂ ਦਿਵਾ ਸਕੇ? ਦੋ ਲੜਕੀਆਂ ਤਾਂ ਲਫੰਗਿਆਂ ਦੀ ਆਪਸੀ ਰੰਜਸ਼ ਦਾ ਸ਼ਿਕਾਰ ਹੋਈਆਂ। ਹਾਦਸੇ ਤੋਂ ਇਕ ਦਿਨ ਪਹਿਲਾਂ ਗੁਰਜਰ ਜਾਤੀ ਨਾਲ ਤਾਲੁਕ ਰੱਖਣ ਵਾਲੇ ਗੋਲੀ ਰਾਮ ਦੇ ਲੜਕੇ ਤੋਂ ਕੱਚੀ ਬਸਤੀ ਦੇ ਬਲੂ ਪਹਿਲਵਾਨ ਜੋ ਦਬੰਗ ਮੁਸਲਿਮ ਨੇਤਾ ਹਨ ਦੇ ਬੇਟੇ ਨਾਲ ਝਗੜਾ ਹੋਇਆ। ਲੜਕਿਆਂ ਦੀ ਇਸ ਲੜਾਈ 'ਚ ਬੱਲੂ ਨੇ ਵੀ ਸਾਥ ਦਿੱਤਾ। ਮੌਕੇ ਦੇ ਗਵਾਹ ਦੱਸਦੇ ਹਨ ਕਿ ਬੱਲੂ ਨੇ ਗੋਲੀ ਦੇ ਸਾਥੀਆਂ ਨੂੰ ਪੁਲਸ ਜਿਸਪੀ ਨਾਲ ਘੜੀਸ ਕੇ ਮਾਰਿਆ। ਮ੍ਰਿਤਕ ਅਫਰਜ ਦੀ ਮਾਂ ਸਮਸਰੀਨ ਮੰਨਦੀ ਹੈ ਕਿ 'ਜੇ ਬੱਲੂ ਦੇ ਬੇਟੇ ਨਾਲ ਪੱਕੀ ਖਜੂਰੀ ਵਾਲਿਆਂ ਦਾ ਝਗੜਨਾ

ਹੁੰਦਾ ਤਾਂ ਸਾਡੀਆਂ ਬੇਟੀਆਂ ਨਾਲ ਇਹ ਹਾਦਸਾ ਨਾ ਹੁੰਦਾ। ਲੋਕ ਇਹ ਵੀ ਕਹਿੰਦੇ ਹਨ ਕਿ ਸਕੂਲ 'ਚ ਕੁਝ ਲੜਕੇ ਐਸੇ ਜੋ ਸਕੂਲ ਪ੍ਰਸਾਸ਼ਨ ਦੀ ਪ੍ਰਵਾਹ ਨਹੀਂ ਕਰਦੇ ਸਨ। ਮੁਹੱਲੇ ਦੇ ਅਰਾਜਕ ਨੌਜਵਾਨ ਸਨ ਜੋ ਰਾਹ ਹੋਵੇ ਸਕੂਲ ਲੜਕੀਆਂ ਨੂੰ ਛੇੜਖਾਨੀ ਤੋਂ ਬਾਜ ਨਹੀਂ ਆਉਂਦੇ ਸਨ। ਸਕੂਲ ਸੁਰੱਖਿਆ ਬਾਰੇ ਕਿਸੇ ਨੂੰ ਫਿਕਰ? ਇਹ ਸੁਣ ਕੇ ਅਜੀਬ ਲੱਗਦਾ ਹੈ ਕਿ ਦੋ ਮਰਦਾਂ ਦੀ ਲੜਾਈ ਦਾ ਬਦਲਾ ਲੜਕੀਆਂ ਦੇ ਬੇਇਜਤੀ ਝੱਲ ਕੇ ਅਤੇ ਫਿਰ ਜਾਨ ਗੁਆ ਕੇ ਚੁਕਾਉਣਾ ਪੈਂਦਾ ਹੈ। ਜੇ ਇਹ ਗੱਲ ਨਾ ਹੁੰਦੀ ਤਾਂ ਲੜਕੀਆਂ ਦੇ ਕੱਪੜੇ ਕਿਵੇਂ ਫਟਦੇ, ਬਾਹਾਂ ਛਾਤੀਆਂ 'ਤੇ ਬਲੇਡ ਦੇ ਨਿਸ਼ਾਨ ਕਿਵੇਂ ਆਉਂਦੇ। ਏਨਾ ਕੁਝ ਹੋ ਜਾਣ ਦੇ ਬਾਵਜੂਦ ਲੋਕ ਸ਼ਾਂਤੀ ਨਾਲ ਨਿਆਂ ਦੀ ਉਡੀਕ ਕਰ ਰਹੇ ਹਨ। ਹੁਣ ਸਰਕਾਰ ਦਾ ਫਰਜ ਹੈ ਕਿ ਇਹ ਪੀੜਤਾਂ ਨੂੰ ਇਨਸਾਫ ਦਿਵਾਵੇ ਅਤੇ ਮਾਮਲੇ ਨੂੰ ਫਿਰਕੂ ਰੰਗਤ ਦੇਣ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰੇ।

# ਮੌਤ ਸਸਤੀ, ਇਲਾਜ ਮਹਿੰਗਾ ਕਿਉਂ?

ਪਿਛਲੇ ਦਹਾਕਿਆਂ ਤੋਂ ਉਤਰ ਪ੍ਰਦੇਸ਼ ਦੇ ਪੂਰਵਾਂਚਲ 'ਚ ਇੰਸੇਫੇਲਾਈਟਸ ਨਾਲ ਵੱਡੀ ਗਿਣਤੀ 'ਚ ਗਰੀਬ ਬੱਚਿਆਂ ਦੀਆਂ ਮੌਤਾਂ ਹੋ ਰਹੀਆਂ ਹਨ ਪਰ ਰਾਜ ਅਤੇ ਕੇਂਦਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕਦੀ।

ਗੋਰਖਪੁਰ ਮੈਡੀਕਲ ਕਾਲਜ 'ਚ ਵਾਰਡ ਨੰ : 6 'ਚ ਪੰਜ ਸਾਲਾਂ ਦੀ ਪਿੰਕੀ ਦੇ ਮਾਪਿਆਂ ਦੀ ਚੀਖ ਗੂੰਜ ਰਹੀ ਹੈ। ਪਿੰਕੀ ਨੇ ਇਸੇਫੇਲਾਈਟਸ ਨਾਲ ਜੂਝਦਿਆਂ ਹਮੇਸ਼ਾ ਲਈ ਅੱਖਾਂ ਬੰਦ ਕਰ ਲਈਆਂ ਹਨ। ਉਸ ਦਾ ਪਿਤਾ ਬੀਰਬਲ ਦੇਵਰੀਆ ਤੇ ਬਾਘੌਚਘਾਟ ਖੇਤਰ ਦਾ ਰਹਿਣ ਵਾਲਾ ਹੈ। ਤੇਜ ਬੁਖਾਰ ਹੋਣ 'ਤੇ ਪਿੰਕੀ ਨੂੰ ਮੈਡੀਕਲ ਕਾਲਜ ਲਿਆਂਦਾ ਗਿਆ ਸੀ। ਉਸ ਨੂੰ ਆਖਰੀ ਸਮੇਂ ਤਕ ਉਮੀਦ ਸੀ ਕਿ ਪਿੰਕੀ ਬਚ ਜਾਵੇਗੀ। ਇਸ ਵਾਰਡ 'ਚ ਪਿੰਕੀ ਵਾਂਗੂ 125 ਬੱਚੇ ਹੋਰ ਵੀ ਹਨ। ਹਰ ਰੋਜ ਤਿੰਨ-ਚਾਰ ਜਾਂ ਕਦੀ ਕਦੀ ਇਸ ਤੋਂ ਵੀ ਵੱਧ ਬੱਚਿਆਂ ਦੀ ਮੌਤ ਨਾਲ ਬੱਚਿਆਂ ਦੇ ਮਾਪਿਆਂ ਦੇ ਚੇਹਰਿਆਂ 'ਤੇ ਭੈਅ ਅਤੇ ਅਸੰਕਾ ਹੈ। ਕੋਈ ਨਹੀਂ ਜਾਣਦਾ ਕਿ ਅਗਲੇ ਪਲ ਕਿਸ ਦੀ ਪਿੰਕੀ ਜਾਂ ਕਿਸੇ ਦੇ ਸੰਜੈ ਨੂੰ ਇਸੇਫੇਲਾਈਟਸ ਦਾ ਕਾਲ ਆਪਣਾ ਸ਼ਿਕਾਰ ਬਣਾ ਲਵੇਗਾ। ਇਸ ਸਾਲ ਇੰਸੇਫੇਲਾਈਟਸ ਨਾਲ ਬੀ. ਆਰ. ਡੀ. ਮੈਡੀਕਲ ਕਾਲਜ ਗੋਰਖਪੁਰ 'ਚ ਮਰਨ ਵਾਲੇ ਬੱਚਿਆਂ 'ਚ ਪਿੰਕੀ 186 ਵੀ ਸੀ। ਇਕ ਹਫਤੇ ਪਿਛੋਂ ਤਕ ਇਹ ਅੰਕੜਾ 219 ਤਕ ਪੁੱਜ ਗਿਆ। ਸਾਲ ਦੇ ਅੰਤ ਤਕ ਇਹ ਸ਼ਾਇਦ 300 ਪਾਰ ਕਰ ਜਾਵੇਗਾ। ਮੌਤ ਦੇ ਇਹਨਾਂ ਅੰਕੜਿਆਂ ਦੀ ਗਿਣਤੀ ਪੂਰਵਾਂਚਲ ਤਿੰਨ ਦਹਾਕੇ ਤੋਂ ਕਰ ਰਿਹਾ ਹੈ। ਪੂਰਵਾਂਚਲ ਇਸ ਲਈ ਸਰਾਪਿਆ ਹੋਇਆ ਹੈ ਪਰ ਉਤਰ ਪ੍ਰਦੇਸ਼ ਤੇ ਦਿੱਲੀ ਦੀ ਸਰਕਾਰ 'ਤੇ ਕੋਈ ਫਰਕ ਨਹੀਂ ਪੈਂਦਾ। ਗੋਰਖਪੁਰ ਦੇ ਬੀ. ਆਰ. ਡੀ. ਮੈਡੀਕਲ ਕਾਲਜ 'ਚ ਇਕ ਜਨਵਰੀ 2009 ਤੋਂ ਪੰਜ ਸਤੰਬਰ 09 ਤਕ 216 ਮੌਤਾਂ ਇੰਸੇਫੇਲਾਈਟਸ (ਦਿਮਾਗੀ ਬੁਖਾਰ) ਨਾਲ ਹੋ ਚੁੱਕੀਆਂ ਹਨ। ਇਨ੍ਹਾਂ 'ਚੋਂ 90 ਫੀਸਦੀ 15 ਸਾਲ ਤੋਂ ਘੱਟ ਉਮਰ ਦੇ ਬੱਚੇ ਹਨ। ਸਾਲ 1978 ਤੋਂ ਇਸ ਇਲਾਕੇ ਵਿੱਚ ਇੰਸੇਫੇਲਾਈਟਸ ਨਾਲ ਮੌਤਾਂ ਹੋ ਰਹੀਆਂ ਹਨ। ਇਕ ਅਨੁਮਾਨ ਮੁਤਾਬਕ ਹੁਣ ਤਕ 30 ਹਜ਼ਾਰ ਤੋਂ ਵੱਧ ਮੌਤਾਂ ਇਸ ਬੀਮਾਰ ਨਾਲ ਹੋ ਚੁੱਕੀਆਂ ਹਨ। ਕੇਂਦਰ ਸਰਕਾਰ ਨੇ 2001 ਤੋਂ ਮੌਤਾਂ ਦਾ ਰਿਕਾਰਡ ਰੱਖਣਾ ਸ਼ੁਰੂ ਕੀਤਾ ਹੈ। ਇਸ ਅਨੁਸਾਰ ਦੇਸ਼ ਵਿੱਚ ਇਸ ਬੀਮਾਰ ਨਾਲ ਸਾਲ 2001 ਤੋਂ 2007 ਤਕ 5312 ਮੌਤਾਂ ਹੋ ਚੁੱਕੀਆਂ ਹਨ। ਇਹਨਾਂ 'ਚੋਂ ਉਤਰ ਪ੍ਰਦੇਸ਼ 'ਚ ਹੋਈਆਂ ਮੌਤਾਂ ਦਾ ਅੰਕੜਾ 3470 ਹੈ। ਇਕੱਲੇ ਉਤਰ ਪ੍ਰਦੇਸ਼ 'ਚ ਇੰਸੇਫੇਲਾਈਟਸ ਨਾਲ ਹੋਣ ਵਾਲੀਆਂ ਮੌਤਾਂ ਦੇਸ਼ ਦਾ 65% ਹਨ। ਉਤਰ ਪ੍ਰਦੇਸ਼ 'ਚ ਵੀ ਗੋਰਖਪੁਰ ਤੇ ਇਸ ਦੇ ਆਸਪਾਸ 'ਚ ਪਹਿਲੀ ਵਾਰੀ 1978 'ਚ ਜਪਾਨੀ ਬੁਖਾਰ ਦਾ ਪ੍ਰਕੋਪ ਚਲਿਆ ਸੀ। ਜਪਾਨੀ ਇੰਸਫੇਲਾਈਟਸ ਯਾਨੀ ਜੇ ਈਕਿਊਲੈਕਸ ਵਿਸ਼ਨੋਈ ਨਾਂ ਦੇ ਮੱਛਰ ਰਾਹੀਂ ਫੈਲਦਾ ਹੈ। ਇਸ ਨੂੰ ਰੋਕਣ ਦਾ ਸਭ ਤੋਂ ਕਾਰਗਰ ਉਪਾਅ ਟੀਕਾਕਰਣ ਹੈ। ਕਿਉਂਕਿ ਟੀਕੇ ਮਹਿਗੇ ਹਨ ਅਤੇ ਇਹਨਾਂ ਨੂੰ ਵਿਦੇਸ਼ਾਂ ਤੋਂ ਮੰਗਵਾਉਣਾ ਪੈਂਦਾ ਹੈ। ਇਸ ਲਈ ਸਰਕਾਰ ਨੇ ਕਦੀਂ ਇਸ ਪਾਸੇ ਵੱਧ ਧਿਆਨ ਨਹੀਂ ਦਿੱਤਾ। 2005 'ਚ ਜਦ ਮਰਨ ਵਾਲਿਆਂ ਦੀ ਸੰਖਿਆ 1500 ਨੂੰ ਪਾਰ ਕਰ ਗਈ ਸੀ ਤਾਂ ਖੂਬ ਹੰਗਾਮਾ ਹੋਇਆ। ਪਹਿਲੀ ਵਾਰ ਕੌਮੀ ਮੀਡੀਆ 'ਚ

ਪੂਰਵੀ ਉਤਰ ਪ੍ਰਦੇਸ਼ 'ਚ ਇੰਸੇਫੇਲਾਈਟਸ (ਦਿਮਾਗੀ ਬੁਖਾਰ) ਨਾਲ ਵੱਡੀ ਗਿਣਤੀ 'ਚ ਬੱਚਿਆਂ ਦੇ ਮਰਨ ਦੀ ਖਬਰ ਆਈ। ਉਸ ਵੇਲੇ ਦੇ ਕੇਂਦਰੀ ਸਿਹਤ ਮੰਤਰੀ ਏ-ਆਦੇਸ਼ ਤੇ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਗੋਰਖਪੁਰ ਮੈਡੀਕਲ ਕਾਲਜ ਦਾ ਦੌਰਾ ਕੀਤਾ। ਇਸ ਨਾਲ ਸਰਕਾਰ ਤੇ ਦਬਾਅ ਪਿਆ ਅਤੇ ਉਸ ਨੇ ਚੀਨ ਤੋਂ ਟੀਕੇ ਮੰਗਵਾ ਕੇ ਟੀਕਾਕਰਣ ਕਰਵਾਇਆ ਸਾਲ 2006 'ਚ ਚਾਰ ਰਾਜਾਂ ਦੇ 11 ਜ਼ਿਲ੍ਹਿਆਂ 'ਚ 16.83 ਮਿਲੀਅਨ ਬੱਚਿਆਂ ਨੂੰ ਅਤੇ 2007 'ਚ 9 ਰਾਜਾਂ ਦੇ 27 ਜ਼ਿਲ੍ਹਿਆਂ ਦੇ 18.20 ਮਿਲੀਅਨ ਬੱਚਿਆਂ ਨੂੰ ਟੀਕਾ ਲਵਾਇਆ ਗਿਆ। ਟੀਕਾਕਰਣ ਪਿੱਛੋਂ ਦਾਅਵਾ ਕੀਤਾ ਗਿਆ ਕਿ ਹਰ ਜ਼ਿਲ੍ਹੇ 'ਚ ਇਕ ਸਾਲ ਤੋਂ 15 ਸਾਲ ਤਕ ਦੀ ਉਮਰ ਦੇ 90 ਫੀਸਦੀ ਬੱਚਿਆਂ ਨੂੰ ਟੀਕਾ ਲਾ ਦਿੱਤਾ ਗਿਆ ਪਰ ਜਲਦੀ ਹੀ ਇਹਨਾਂ ਦਾਅਵਿਆਂ ਦੀ ਪੋਲ ਖੁੱਲ੍ਹ ਗਈ। ਸਾਲ 2008 'ਚ ਉਤਰ ਪ੍ਰਦੇਸ਼ 'ਚ ਏ. ਈ. ਐਸ ਦੇ 738 ਮਾਮਲੇ ਸਾਹਮਣੇ ਆਏ ਜਿਹਨਾਂ 'ਚੋਂ 138 ਬੱਚਿਆਂ ਦੀ ਮੌਤ ਹੋਈ। ਜਿਸ 'ਚ ਸਿਰਫ 48 ਨੂੰ ਜੇ ਈ ਦਾ ਟੀਕਾ ਲੱਗਿਆ ਸੀ। ਇਸ ਤਰ੍ਹਾਂ ਇਸ ਸਾਲ ਵੀ ਜੇ ਈ ਦਾ ਟੀਕਾ ਲੱਗਿਆ ਸੀ। ਇਸ ਤਰ੍ਹਾਂ ਇਸ ਸਾਲ ਵੀ ਜੇ ਈ ਦੇ 50 ਤੋਂ ਵੱਧ ਕੇਸ ਸਾਹਮਣੇ ਆਏ। ਅਗਸਤ ਮਹੀਨੇ 'ਚ ਜੇ ਈ (ਜਪਾਨੀ ਬੁਖਾਰ) ਫੈਲਾਉਣ ਵਾਲੇ ਕਿਊਲੈਕਸ ਵਿਸਨੋਈ ਪ੍ਰਜਾਤੀ ਦੇ ਮੱਛਰਾਂ ਦੀ ਤੈਦਾਦ ਵਧਣ ਦੀਆਂ ਰਿਪੋਰਟਾਂ ਆਈਆਂ ਹਨ ਜਿਸ ਨਾਲ ਜਪਾਨੀ ਇੰਸੇਫੇਲਾਈਟਸ ਦੇ ਕੇਸ ਵਧ ਸਕਦੇ ਹਨ।

ਟੀਕਾਕਰਣ ਨਾਲ ਜਪਾਨੀ ਬੁਖਾਰ 'ਤੇ ਰੋਕ ਲਾਉਣ ਵਿੱਚ ਥੋੜੀ ਬਹੁਤ ਕਾਮਯਾਬੀ ਜਰੂਰ ਮਿਲੀ ਹੈ ਪਰ ਦਿਮਾਗੀ ਬੁਖਾਰ ਦੇ ਦੂਜੇ ਰੂਪ ਹੁਣ ਸਾਹਮਣੇ ਆਉਣ ਲੱਗੇ ਹਨ ਜੋ ਵੱਧ ਖਤਰਨਾਕ ਹਨ। ਜਪਾਨੀ ਬੁਖਾਰ ਦੀਆਂ ਸਭ ਬੀਮਾਰੀਆਂ ਨੂੰ ਏ ਈ ਐਸ (Awte Encephalit Syndnme) 'ਚ ਰੱਖਿਆ ਜਾ ਰਿਹਾ ਹੈ। ਜਪਾਨੀ ਇੰਸੇਫੇਲਾਈਟਸ ਤੋਂ ਇਲਾਵਾ ਪਾਣੀ ਨਾਲ ਪੈਦਾ ਹੋਣ ਵਾਲੇ ਇੰਸੇਫੇਲਾਈਟਸ ਦਾ ਪ੍ਰਸਾਰ ਪੂਰਵੀ ਉਤਰ ਪ੍ਰਦੇਸ਼ 'ਚ ਬਹੁਤ ਜ਼ਿਆਦਾ ਹੈ। ਇਹ ਇੰਸੇਫੇਲਾਈਟਸ ਮਲ-ਮੂਤਰ ਸਰੀਰ 'ਚ ਪਹੁੰਚਣ ਨਾਲ ਹੁੰਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਲੋਕ ਸਾਫ-ਸਫਾਈ ਨਾਲ ਰਹਿਣ ਤੇ ਸਾਫ ਸੁਥਰੇ ਪਖਾਨੇ ਦੀ ਵੀ ਵਰਤੋਂ ਕਰਨ। ਪਰ ਪਿੰਡਾਂ 'ਚ ਗਰੀਬੀ ਦੀ ਹਾਲਤ ਇਹ ਹੈ ਕਿ ਉਹਨਾਂ ਨੂੰ ਦੋ ਜੂਨ ਦੀ ਰੋਟੀ ਦਾ ਵੀ ਫਿਕਰ ਰਹਿੰਦਾ ਹੈ। ਅਜਿਹੇ ਘਰ 'ਚ ਟੱਟੀ ਘਰ ਜਾਂ ਪਖਾਨੇ ਦਾ ਹੋਣਾ ਸਿਰਫ ਕਹਿਣ ਦੀ ਗੱਲ ਹੈ। ਗੋਰਖਪੁਰ ਦੀ ਬੀਅਰ ਡੀ ਮੈਡੀਕਲ ਕਾਲਜ ਇੰਸੇਫੇਲਾਈਟਸ ਦੇ ਇਲਾਜ ਲਈ ਪੂਰਬੀ ਉਤਰ ਪ੍ਰਦੇਸ਼ ਦੇ 12 ਜ਼ਿਲਿਆਂ ਦਾ ਇਕੋ ਇਕ ਕੇਂਦਰ ਹੈ ਜਿਥੇ ਬਿਹਾਰ 'ਤੇ ਨੇਪਾਲ ਦੇ ਮਰੀਜ ਵੀ ਜਾਂਦੇ ਹਨ ਪਰ ਸਰਕਾਰ ਨੇ ਇੰਸੇਫੇਲਾਈਟਸ ਦੇ ਇਸ ਕੇਂਦਰ ਨੂੰ ਸਹੂਲਤਾਂ ਨਾਲ ਲੈਸ ਨਾ ਕਰਨ ਦੀ ਅਪਰਾਧਿਕ ਲਾਪਰਵਾਹੀ ਵਿਖਾਈ ਹੈ। ਮੈਡੀਕਲ ਕਾਲਜ ਦੇ ਬਾਲ ਰੋਗ ਵਿਭਾਗ 'ਚ ਸਿਰਫ ਇਕ ਵਾਰਡ ਹੈ। ਉਹ ਵੀ ਤੀਜੀ ਮੰਜਿਲ 'ਤੇ ਜਿਥੇ ਦਿਮਾਗੀ ਬੁਖਾਰ ਤੋਂ ਇਲਾਵਾ ਹੋਰਨਾਂ ਬੀਮਾਰੀਆਂ ਤੋਂ ਪੀੜਤ ਬੱਚੇ ਵੀ ਹਨ। ਮੀਹਾਂ ਦੇ ਦਿਨਾਂ 'ਚ ਜਦ ਦਿਮਾਗੀ ਬੁਖਾਰ ਦੇ ਮਰੀਜ਼ਾਂ ਦੀ ਗਿਣਤੀ ਵਧ ਜਾਂਦੀ ਹੈ ਤਾਂ ਵਾਰਡ 'ਚ ਇਕ ਇਕ ਮੰਜੇ 'ਤੇ ਦੋ ਜਾਂ ਤਿੰਨ ਬੱਚਿਆਂ ਨੂੰ ਰੱਖਣਾ ਪੈਂਦਾ ਹੈ। ਜਮੀਨ 'ਤੇ ਵੀ ਲਿਟਾ ਕੇ ਬੱਚਿਆਂ ਦਾ ਇਲਾਜ ਕੀਤਾ ਜਾਂਦਾ ਹੈ। ਅਗਸਤ ਮਹੀਨੇ ਵਿਚ ਹਰ ਦਿਨ ਇੰਸੇਫੇਲਾਈਟਸ ਦੇ ਲਗਭਗ 100 ਬੱਚੇ ਵਾਰਡ ਨੰ: ਛੇ ਵਿੱਚ

ਰਹਿੰਦੇ ਹਨ। ਬੱਚਿਆਂ ਦਾ ਇਲਾਜ ਕਰਨ ਵਾਲੇ ਬਾਲ ਰੋਗ ਵਿਭਾਗ ਤੇ ਮੈਡੀਸਨ ਵਿਭਾਗ 'ਚ ਪੈਰਾ ਮੈਡੀਕਲ ਸਟਾਫ ਤੇ ਡਾਕਟਰਾਂ ਦੇ ਇਕ ਤਿਹਾਈ ਅਹੁਦੇ ਖਾਲੀ ਹਨ। ਵੈਂਟੀਲੇਟਰ ਖਰਾਬ ਪਏ ਹਨ। ਜ਼ਿਲ੍ਹਾ ਹਸਪਤਾਲ ਤੇ ਦੂਜੇ ਹਸਪਤਾਲਾਂ ਤੋਂ ਡਾਕਟਰਾਂ ਨੂੰ ਮੈਡੀਕਲ ਕਾਲਜ ਭੇਜ ਦਿੱਤਾ ਹੈ ਕਿਸੇ ਤਰ੍ਹਾਂ ਇਲਾਜ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਹ ਕਿਸੇ ਦੇ ਵੀ ਸਮਝ ਤੋਂ ਬਾਹਰ ਹੈ ਕਿ ਸਰਕਾਰ ਮਰੀਜਾਂ ਦੇ ਇਲਾਜ ਲਈ ਹੋਰ ਵੱਧ ਵਾਰਡਾਂ ਦਾ ਇੰਤਜਾਮ ਕਿਉਂ ਨਹੀਂ ਕਰ ਰਹੀ। ਕਾਫੀ ਸ਼ੋਰ ਸ਼ਰਾਬੇ ਪਿੱਛੋਂ ਇਥੇ ਵਾਇਰੋਲੋਜੀ ਰਿਸਰਚ ਸੈਂਟਰ ਤਾਂ ਬਣ ਗਿਆ ਹੈ ਪਰ ਅਜੇ ਵੀ ਇਹ ਸਚਾਰੂ ਰੂਪ ਨਾਲ ਕੰਮ ਕਰਨ ਲਈ ਪੂਨਾ ਸਥਿਤ ਐਨ. ਵੀ. ਸੀ. 'ਤੇ ਨਿਰਭਰ ਕਰਦਾ ਹੈ।

ਦਿਮਾਗੀ ਬੁਖਾਰ ਦੀ ਲਪੇਟ 'ਚ ਆਉਣ ਵਾਲੇ 20 ਤੋਂ 25 ਫੀਸਦੀ ਰੋਗੀ ਕਿਸੇ ਨਾ ਕਿਸੇ ਤਰ੍ਹਾਂ ਦੀ ਵਿਕਲਾਂਗਤਾ ਦਾ ਸ਼ਿਕਾਰ ਹੋ ਜਾਂਦੇ ਹਨ। ਇਕ ਅਨੁਮਾਨ ਮੁਤਾਬਕ ਸਾਲ 1975 ਤੋਂ ਹੁਣ ਤਕ ਦਿਮਾਗੀ ਬੁਖਾਰ ਦੀ ਲਪੇਟ 'ਚ ਆਉਣ ਤੋਂ ਕਰੀਬ ਪੰਜ ਹਜ਼ਾਰ ਲੋਕ ਅਪਾਹਜ ਹੋ ਚੁੱਕੇ ਹਨ। ਇਹ ਇਕਲਾਂਗਤਾ-ਮੰਦ ਬੁੱਧੀ, ਵਿਹਾਰਿਕ ਵਿਕਾਰ, ਲਕਵਾ ਅਕੜੇਵਾਂ, ਮੂਕ-ਬਧਿਰ, ਦੌਰੇ, ਝਟਕੇ, ਮਲ-ਮੂਤਰ ਤੇ ਕੰਟਰੋਲ ਦੀ ਘਾਟ, ਬੇਲਗਾਮ ਹਰਕਤਾਂ, ਕੇਂਦਰੀ ਤੰਤਰਿਕਾ ਤੰਤਰ ਨੂੰ ਹਰਜਾ ਅਤੇ ਉਨੀਂਦਰਾ ਵਜੋਂ ਸਾਹਮਣੇ ਆਉਂਦੀ ਹੈ। ਦਿਮਾਗ਼ੀ ਬੁਖਾਰ ਦਾ ਸ਼ਿਕਾਰ ਹੋ ਕੇ ਅਪਾਹਜ ਹੋਏ ਇਹਨਾਂ ਬੱਚਿਆਂ ਲਈ ਇਲਾਜ ਜਾਂ ਦੇਖ ਰੇਖ ਦਾ ਕੋਈ ਪ੍ਰਬੰਧ ਨਹੀਂ ਹੈ। ਮੁਲਾਇਮ ਸਰਕਾਰ ਨੇ ਅਪਾਹਜਾਂ ਨੂੰ 50 ਹਜ਼ਾਰ ਰੁਪਏ ਦੇਣ ਦੀ ਵਿਵਸਥਾ ਕੀਤੀ ਸੀ। ਪਰ ਬਸਪਾ ਦੀ ਸਰਕਾਰ ਆਉਂਦੇ ਹੀ ਇਸ ਨੂੰ ਬੰਦ ਕਰ ਦਿੱਤਾ ਗਿਆ। ਕੇਂਦਰ ਸਰਕਾਰ ਦੇ ਸਹਿਯੋਗ ਨਾਲ ਬੀਅਰ ਡੀ ਮੈਡੀਕਲ ਕਾਲਜ 'ਚ ਫਿਜੀਕਲ ਮੈਡੀਸਨ ਤੇ ਰੀਹੈਬਲੀਟੇਸ਼ਨ ਵਿਭਾਗ ਦੀ ਸਥਾਪਨਾ ਕੀਤੀ ਜਾਣ ਵਾਲੀ ਹੈ। ਜੂਨ-ਜੁਲਾਈ ਤੋਂ ਜਦ ਬੱਚਿਆਂ ਦੀ ਮੌਤ ਦਾ ਅੰਕੜਾ ਵਧ ਜਾਂਦਾ ਹੈ ਤਾਂ ਸਰਕਾਰ ਵੱਲੋਂ ਕੁਝ ਬਿਆਨ ਆਉਂਦੇ ਹਨ। ਪਿਛੋਂ ਫਿਰ ਖਾਮੋਸ਼ੀ ਛਾ ਜਾਂਦੀ ਹੈ। ਚਾਹੇ ਜਪਾਨੀ ਬੁਖਾਰ ਹੋਵੇ ਜਾਂ ਏ ਈ ਐਸ ਇਸ ਨਾਲ ਨਿਪਟਣ ਲਈ ਸਰਕਾਰ ਤੇ ਕੋਈ ਅਸਰ ਨਹੀਂ ਹੁੰਦਾ। ਜੇ ਹੁੰਦਾ ਤਾਂ ਮੂਰਤੀਆਂ ਤੇ ਪਾਰਕਾਂ 'ਤੇ ਕਰੋੜਾਂ ਰੁਪਏ ਖਰਚ ਕਰਨ ਵਾਲੀ ਸਰਕਾਰ ਕੁਝ ਪੈਸਾ ਦਿਮਾਗੀ ਜਪਾਨੀ ਬੁਖਾਰ ਦੀ ਰੋਕਥਾਮ 'ਤੇ ਵੀ ਖਰਚ ਕਰਦੀ ਅਤੇ ਅਮੇਠੀ ਰਾਏ ਬਰੇਲੀ 'ਤੇ ਨੂਰ ਵਰਸਾਉਣ ਵਾਲੀ ਕੇਂਦਰ ਸਰਕਾਰ ਗੌਰਖਪੁਰ ਦੇ ਮੈਡੀਕਲ ਕਾਲਜ ਨੂੰ ਏਨਾ ਤਾਂ ਸਮਰਥ ਬਣਾ ਦਿੰਦੀ ਕਿ ਸਾਧਨਾ ਦੀ ਘਾਟ ਕਾਰਨ ਬੱਚਿਆਂ ਦੀ ਜਾਨ ਨਾ ਜਾਵੇ। ਦਿਮਾਗੀ ਬੁਖਾਰ ਦੇ ਹੱਲ ਲਈ ਮੁਹਿੰਮ ਚਲਾਉਣ ਵਾਲੇ ਡਾ. ਆਰ. ਐਨ ਸਿੰਘ ਦਾ ਮੰਨਣਾ ਹੈ ਕਿ ਇੱਕਾ-ਦੁੱਕਾ ਉਪਾਵਾਂ ਨਾਲ ਇਸ ਮਹਾਂਮਾਰੀ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਲਈ ਇਕ ਬੱਝਵੀਂ ਕਾਰਜਯੋਜਨਾ ਜ਼ਰੂਰੀ ਹੈ। ਰੈਲੀਆਂ ਸੰਮੇਲਨਾ ਤੇ ਸਭਾਵਾਂ ਪਿੱਛੋਂ ਡਾ. ਸਿੰਘ (NEEP) ਨੀਪ ਲਾਗੂ ਕਰਾਉਣ ਲਈ ਥਾਂ ਥਾਂ ਜਾ ਕੇ ਪ੍ਰਧਾਨ ਮੰਤਰੀ ਦੇ ਨਾਂ ਖਤ ਲਿਖਵਾ ਰਹੇ ਹਨ। ਸ਼ਾਇਦ ਕੋਈ ਭੋਰਾ ਅਸਰ ਹੋ ਜਾਵੇ। ਨੈਸ਼ਨਲ ਇੰਸਫੇਲਾਈਟਸ ਕੰਟਰੋਲ ਪ੍ਰੋਗਰਾਮ (ਨੀਪ) ਬਣਾ ਕੇ ਲਾਗੂ ਕਰਨ ਦੀ ਸਮੇਂ ਦੀ ਲੋੜ ਬਣਦੀ ਹੈ।

# ਅਨੁਵੰਸ਼ਿਕ ਤੌਰ ’ਤੇ ਸੋਧਿਤ (ਜੀ. ਐਮ) ਫਲ ਸਬਜ਼ੀਆਂ ਕਿਵੇਂ ਜਾਇਜ਼

ਭਾਰਤ ਜਦ ਕਿ ਸੋਧਿਤ ਜੀਨ ਜੀ ਐਮ ਵਾਲੇ ਅਨਾਜ ਦੀ ਪੈਦਾਵਾਰ ਨੂੰ ਮੰਜੂਰੀ ਦੇਣ ਜਾ ਰਿਹਾ ਹੈ ਪਰ ਇਸ ਤਰ੍ਹਾਂ ਦੇ ਫਲ-ਸਬਜ਼ੀਆਂ ਸਬੰਧੀ ਭਾਰੀ ਝਮੇਲਾ ਉਠ ਰਿਹਾ ਹੈ।

ਭਾਰਤ ’ਚ ਗੂੜੇ ਬੈਂਗਨੀ ਰੰਗ ਦੀ ਲੰਬੀ ਜਾਂ ਗੋਲਾਕਾਰ ਸਬਜ਼ੀ ਨੂੰ ਸਭ ਤੋਂ ਆਮ ਕਿਸਮ ਦੀ ਸਬਜ਼ੀ ਮੰਨਿਆ ਜਾਂਦਾ ਹੈ। ਬੰਗਾਲੀ ਇਸ ਨੂੰ ਬੇਗੁਨ ਕਹਿੰਦੇ ਹਨ ਕਿਉਂਕਿ ਇਸ ਸਬਜ਼ੀ ’ਚ ਕੋਈ ਖਾਸ ਖੂਬੀ ਨਹੀਂ ਮੰਨੀ ਜਾਂਦੀ ਪਰ ਇਹ ਆਮ ਜਿਹੀ ਸਬਜ਼ੀ ਹੁਣ ਇਕ ਵਿਵਾਦ ਦੀ ਜੜ੍ਹ ਬਣ ਗਈ ਹੈ। ਜੇ ਕੇਂਦਰ ਸਰਕਾਰ ਨੇ ਮਾਹਰਾਂ ਦੀ ਸੰਮਤੀ ਦੀ ਰਿਪੋਰਟ ਨੂੰ ਮੰਜੂਰ ਕਰ ਲਿਆ, ਜਿਸ ਨੇ ਪਿਛਲੇ ਹਫਤੇ ਜੈਨੇਟੀਕਲੀ ਮਾਡੀਫਾਇਡ (ਜੀ. ਐਮ) ਬੈਂਗਣ ਦੀ ਵਪਾਰਕ ਖੇਤੀ ਨੂੰ ਮੰਜੂਰੀ ਦੇ ਦਿੱਤੀ ਤਾਂ ਇਸ ਨਾਲ ਇਸ ਪ੍ਰਕਾਰ ਦੇ ਅਨੁਵੰਸ਼ਿਕ ਤੌਰ ’ਤੇ ਸੋਧਿਤ ਕਈ ਤਰ੍ਹਾਂ ਦੇ ਫਲਾਂ ’ਤੇ ਸਬਜ਼ੀਆਂ ਨੂੰ ਬੀਜਣ ਦਾ ਰਾਹ ਖੁੱਲ੍ਹ ਜਾਵੇਗਾ, ਇਹ ਬਾਜ਼ਾਰ ’ਚ ਆਉਣਗੇ ਅਤੇ ਤੁਹਾਡੇ ਖਾਣੇ ਦੀ ਮੇਜ ’ਤੇ ਪਹੁੰਚ ਜਾਣਗੇ। ਜਬਰਦਸਤ ਬਹਿਸ ਇਸ ਗੱਲ ਸਬੰਧੀ ਹੈ ਕਿ ਇਹ ਖਾਦ ਪਦਾਰਥ ਆਪ ਦੇ ਅਤੇ ਵਾਤਾਵਰਣ ਦੇ ਫਾਇਦੇ ਲਈ ਕਿੰਨੇ ਕੁ ਸਹੀ ਹਨ। ਸਰਕਾਰ ਇਸ ਸੰਮਤੀ ਦੀ ਰਿਪੋਰਟ ਨੂੰ ਅਸਾਨੀ ਨਾਲ ਮੰਜੂਰ ਨਹੀਂ ਕਰ ਸਕੇਗੀ ਕਿਉਂਕਿ ਵੱਖ-ਵੱਖ ਰਾਜਸੀ ਪਾਰਟੀਆਂ ਦੇ ਨੇਤਾਵਾਂ ਦੇ ਨਾਲ ਹੀ ਖਪਤਕਾਰਾਂ ਤੇ ਵਾਤਾਵਰਣ ਪ੍ਰੇਮੀਆਂ ਦੀਆਂ ਭਾਵਨਾਵਾਂ ਤੇ ਕੁਝ ਕੇਸਾਂ ’ਚ ਸੁਰੱਖਿਆ ਦੇ ਮੁੱਦੇ ’ਤੇ ਸੋਚੀ ਸਮਝੀ ਰਾਇ ਦੀ ਵਜਾਹ ਨਾਲ ਦੁਵਿਧਾ ਵਿੱਚ ਹੈ। ਵਾਤਾਵਰਣ ਰਾਜ ਮੰਤਰੀ ਜੈ ਰਾਮ ਰਮੇਸ਼ ਦਾ ਕਹਿਣਾ ਹੈ “ਜੀ. ਐਮ. ਬੈਂਗਣ ਦੀ ਹਮਾਇਤ ਤੇ ਵਿਰੋਧ ’ਚ ਜੋਰਦਾਰ ਦਲੀਲਾਂ ਹਨ। ਉਹਨਾਂ ਦੇ ਅਧਿਐਨ ’ਚ ਕਾਫੀ ਸਮਾਂ ਲੱਗੇਗਾ ਅਤੇ ਅੰਤਿਮ ਫੈਸਲਾ ਕਿਸੇ ਕੰਪਨੀ ਜਾਂ ਸਵੈ ਸੇਵੀ ਸੰਗਠਨ ਦੇ ਦਬਾਅ ’ਚ ਨਹੀਂ ਕੀਤਾ ਜਾਵੇਗਾ।”

ਉਹ ਅੰਤਿਮ ਰਾਇ ਬਣਾਉਣ ’ਚ ਪਹਿਲਾਂ ਵਿਗਿਆਨਕਾਂ, ਖੇਤੀ ਮਾਹਿਰਾਂ ਕਿਸਾਨ ਜਥੇਬੰਦੀਆਂ, ਖਪਤਕਾਰ ਸਮੂਹਾਂ ਤੇ ਸਮਾਜ ਸੇਵੀ ਸੰਗਠਨਾਂ ਨਾਲ ਸਲਾਹ ਮਸ਼ਵਰਾ ਕਰਨ ਦੀ ਯੋਜਨਾ ਬਣਾ ਰਹੇ ਹਨ। ਜੀ. ਐਮ. ਫ਼ਸਲਾਂ ਭਾਰਤ ’ਚ ਕੋਈ ਨਵੀਂ ਚੀਜ਼ ਨਹੀਂ ਹਨ। ਸਰਕਾਰ ਨੇ ਏਨੀ ਹੀ ਜੋਰਦਾਰ ਬਹਿਸ ਪਿੱਛੋਂ 2002 ’ਚ ਬੀ ਟੀ ਕਾਟਨ ਦੀ ਖੇਤੀ ਨੂੰ ਮੰਜੂਰੀ ਦੇ ਦਿੱਤੀ ਸੀ। ਵਿਆਪਕ ਤਿੱਖੀ ਆਲੋਚਨਾ ਪਿੱਛੋਂ ਕਪਾਹ ਦੀ ਇਸ ਕਿਸਮ ਦੀ ਪਹਿਲੀ ਫਸਲ ਨੂੰ ਬੇਹੱਦ ਕਾਮਯਾਬੀ ਮਿਲੀ। ਅੱਜ ਦੇਸ਼ ’ਚ ਕਪਾਹ ਉਗਾਉਣ ਵਾਲੇ 90 ਫੀਸਦੀ ਇਲਾਕਿਆਂ ’ਚ ਟ੍ਰਾਂਸਜੈਨਿਕ ਕਾਟਨ ਦੀ ਫਸਲ ਬੀਜੀ ਜਾਂਦੀ ਹੈ ਅਤੇ ਕੁਝ ਇਲਾਕਿਆਂ ਵਿੱਚ ਇਸ ਦੀ ਪੈਦਾਵਾਰ 50 ਫੀਸਦੀ ਤਕ ਵਧ ਗਈ ਹੈ। ਬਾਰ੍ਹਾਂ ਸਾਲ ਪਹਿਲਾਂ ਬੀ ਟੀ ਕਾਟਨ ਦੇ ਵਜੂਦ ’ਚ ਆਉਣ ਦੇ ਪਿੱਛੋਂ ਤੋਂ ਦੁਨੀਆਂ ਭਰ ’ਚ ਕਪਾਹ ਦੀ ਖੇਤੀ ਲਈ 40 ਫੀਸਦੀ ਇਸੇ ਦੇ ਬੀਜ ਬੀਜੇ ਜਾਂਦੇ ਹਨ ਅਤੇ ਅਮਰੀਕਾ, ਚੀਨ, ਦੱਖਣੀ ਅਫਰੀਕਾ ਤੇ ਆਸਟ੍ਰੇਲੀਆ

ਵਰਗੇ ਦੇਸ਼ਾਂ ਨੇ ਇਸ ਨੂੰ ਉਥੇ ਬੀਜਣਾ ਸ਼ੁਰੂ ਕਰ ਦਿੱਤਾ ਹੈ। ਪਰ ਇਸ ਦੀ ਸਮਰੱਥਾ, ਸੁਰੱਖਿਆ ਤੇ ਇਸ ਕਾਰਨ ਵਾਤਾਵਰਣ ਨੂੰ ਹੋਣ ਵਾਲੇ ਹਰਜੇ 'ਤੇ ਝਮੇਲਾ ਅਜੇ ਵੀ ਜਾਰੀ ਹੈ।

ਜੀ ਐਮ ਖਾਦ ਪਦਾਰਥ ਦੀ ਸੁਰੱਖਿਅਤਾ ਤੇ ਫਾਇਦੇ ਸਬੰਧੀ ਆਲੋਚਨਾ ਇਸ ਅਧਾਰ 'ਤੇ ਕੀਤੀ ਜਾਂਦੀ ਹੈ ਕਿ ਕਿਸੇ ਵੀ ਖਾਦ ਪਦਾਰਥ ਦੀ ਅਨੁਵੰਸ਼ਿਕ (ਜਮਾਂਦਰੂ ਜੈਨੇਟਿਕ) ਬਣਤਰ 'ਚ ਛੇੜਛਾੜ ਦੇ ਸਿੱਟੇ ਵੱਖਰੇ ਹੋ ਸਕਦੇ ਹਨ ਅਤੇ ਇਹ ਜਾਨਲੇਵਾ ਸਾਬਤ ਹੋ ਸਕਦੇ ਹਨ। ਵੈਸੇ ਅਜੇ ਤਕ ਦੁਨੀਆਂ ਭਰ ਵਿੱਚ ਕਿਸੇ ਵੀ ਟ੍ਰਾਂਸਜੀਨਿਕ ਉਤਪਾਦ ਨਾਲ ਇਨਸਾਨਾਂ ਦੀ ਸਿਹਤ 'ਤੇ ਕਿਸੇ ਮਾੜੇ ਅਸਰ ਦੀ ਖਬਰ ਤਾਂ ਨਹੀਂ, ਇਸ ਤੋਂ ਇਲਾਵਾ ਇਹ ਮਿੱਥ ਹੈ ਕਿ ਰਵਾਇਤੀ ਖਾਦ ਪਦਾਰਥ ਦਾ ਕੋਈ ਜ਼ਹਿਰੀਲਾ ਪ੍ਰਭਾਵ ਨਹੀਂ ਪੈਂਦਾ ਪਰ ਵੱਖ-ਵੱਖ ਤਰ੍ਹਾਂ ਦੇ ਜੀਵਨ ਨੂੰ ਮਿਲਾਉਣ ਨਾਲ ਅਲਰਜੀ ਵਰਗੀਆਂ ਪ੍ਰਤੀਕਿਰਿਆਵਾਂ ਤੋਂ ਇਲਾਵਾ, ਜੀਨ ਨੂੰ ਬਦਲਣ ਨਾਲ ਐਂਟੀਬਾਇਟਿਕ ਪ੍ਰਤੀ ਪ੍ਰਤੀਰੋਧ ਦੀ ਸਮਰੱਥਾ ਵਿਕਸਤ ਹੋਣ ਵਰਗੇ ਸਿੱਟੇ ਨਿਕਲਣ ਦੀ ਸੰਭਾਵਨਾ ਜਾਂ ਸ਼ੰਕਾ ਹੈ। ਇਹ ਚਿੰਤਾ ਇਸ ਤੋਂ ਉਭਰਦੀ ਹੈ ਕਿ ਜੀ. ਐਮ. ਖਾਦ ਪਦਾਰਥ ਉਹਨਾਂ ਲੋਕਾਂ ਵਿੱਚ ਜੀਨ ਦੀ ਸੋਧ ਕਰ ਸਕਦਾ ਹੈ ਜੋ ਉਹਨਾਂ ਨੂੰ ਖਾਂਦੇ ਹਨ। ਇਹ ਚਿੰਤਾ ਤਾਂ ਖਪਤਕਾਰ ਦੀ ਹੈ। ਕਿਸਾਨਾਂ ਦੀ ਚਿੰਤਾ ਇਹ ਹੈ ਕਿ ਰਵਾਇਤੀ ਫਸਲਾਂ 'ਚ ਜੀ. ਐਮ. ਫਸਲਾਂ ਨੂੰ ਮਿਲਾਉਣ ਨਾਲ ਉਹ ਨਸ਼ਟ ਹੋ ਸਕਦੀਆਂ ਹਨ। ਜੀ. ਐਮ. ਬੈਂਗਨ ਨੂੰ ਮੰਜੂਰੀ ਮਿਲਣ 'ਤੇ ਫਿਰ ਤੋਂ ਬਖੇੜਾ ਸ਼ੁਰੂ ਹੋਣ ਦੀ ਵਜਾਹ ਇਹ ਹੈ ਕਿ ਭਾਰਤ 'ਚ ਪਹਿਲੀ ਵਾਰ ਕਿਸੇ ਜੀ. ਐਮ. ਫਸਲ ਦੀ ਵਪਾਰਕ ਖੇਤੀ ਨੂੰ ਮੰਜੂਰੀ ਮਿਲਣ ਤੋਂ ਇਲਾਵਾ ਦੁਨੀਆ 'ਚ ਪਹਿਲੀ ਵਾਰ ਜੈਨਟਿਕ ਤੌਰ 'ਤੇ ਸੋਧੇ ਬੈਂਗਣ ਦੀ ਖੇਤੀ ਦੀ ਮੰਜੂਰੀ ਮਿਲਣ ਵਾਲੀ ਹੈ ਜੀ. ਐਮ. ਫਸਲਾਂ ਵਿੱਚ ਉਤਪਾਦਕ ਜਾਂ ਖਪਤਕਾਰ ਦੇ ਲਾਭ ਲਈ ਉਸ ਦੀ ਜੀਨ ਬਣਤਰ 'ਚ ਫੇਰ ਬਦਲ ਕੀਤਾ ਜਾਂਦਾ ਹੈ। ਬੈਂਗਣ ਦੇ ਮਾਮਲੇ 'ਚ ਕਿਸਾਨਾਂ ਲਈ ਸਭ ਤੋਂ ਵੱਡੀ ਸਮੱਸਿਆ 'ਫਰੂਟ ਐਂਡ ਛੂਟ ਬੋਰਰ (ਐਫ. ਐਸ. ਬੀ.) ਨਾਮਕ ਜੀਵਤ ਕੀੜਾ ਹੈ ਜੋ ਮੁਲਾਇਮ ਕਲੀ ਅਤੇ ਬੈਂਗਣ ਨੂੰ ਖਾਂਦਾ ਹੈ ਜਿਸ ਦੀ ਵਜਾਹ ਨਾਲ ਬੈਂਗਣ ਬਜ਼ਾਰ 'ਚ ਵੇਚਣ ਲਾਇਕ ਤੇ ਮਨੁੱਖਾਂ ਦੇ ਖਾਣ ਲਾਇਕ ਨਹੀਂ ਰਹਿ ਜਾਂਦਾ। ਕੀਟਨਾਸ਼ਕਾਂ ਦੀ ਭਰਪੂਰ ਵਰਤੋਂ ਨਾਲ ਵੀ ਕੋਈ ਫਾਇਦਾ ਨਹੀਂ ਹੁੰਦਾ ਇਸ ਨੂੰ ਦੇਖਦੇ ਹੋਇਆਂ ਮਹਾਰਾਸ਼ਟਰ ਹਾਈਬ੍ਰਿਡ ਸੀਡ ਕੰਪਨੀ (ਮਾਹਿਕੋ) ਨੇ ਅਮਰੀਕਾ ਦੀ ਦਿਓਕਦ ਬੀਜ ਕੰਪਨੀ ਮੌਨਸੈਂਟੋ ਦੇ ਨਾਲ ਮਿਲ ਕੇ ਜੀ. ਐਮ. ਬੈਂਗਣ ਦੀ ਐਸੀ ਪ੍ਰਜਾਤੀ ਵਿਕਸਤ ਕਰਨ ਦਾ ਫੈਸਲਾ ਲਿਆ ਜੋ ਕੀੜੇ ਦੀ ਸਮੱਸਿਆ ਤੋਂ ਮੁਕਤ ਹੋਵੇ। ਅਤੀਤ 'ਚ ਇਹਨਾਂ ਦੋਹਾਂ ਕੰਪਨੀਆਂ ਨੇ ਬੀ ਟੀ ਕਾਟਨ ਵਿਕਸਤ ਕੀਤੀ ਸੀ, ਕਪਾਹ ਦੀ ਇਸ ਪ੍ਰਜਾਤੀ ਵਿੱਚ ਬੋਲਵਮ ਨਾਮਕ ਕੀੜੇ ਨਹੀਂ ਲੱਗਦੇ, ਪਹਿਲਾਂ ਇਸ ਸੁੰਡੀ ਦੀ ਵਜਾਹ ਨਾਲ ਕਪਾਹ ਦੀ ਫਸਲ ਨਸ਼ਟ ਹੋ ਜਾਂਦੀ ਸੀ। ਉਹਨਾਂ ਨੇ ਇਸ ਨਾਲ ਨਿਪਟਣ ਲਈ ਕਪਾਹ ਦੇ ਬੀਜ 'ਚ ਮਿੱਟੀ 'ਚ ਪਾਏ ਜਾਣ ਵਾਲੇ ਬੈਕਿਲਸ ਥੁਰਿੰਜੀਨਸਿਸ ਨਾਮਕ ਜੀਵਾਣੂ ਦੇ ਇਕ ਜੀਨ ਨੂੰ ਪਾਇਆ। ਇਸ ਜੀਨ 'ਚ ਕੀਟਨਾਸ਼ਕ ਪ੍ਰੋਟੀਨ ਹੁੰਦਾ ਹੈ ਜੋ ਬੋਲਵਰਮ ਲਈ ਘਾਤਕ ਹੁੰਦਾ ਹੈ। ਇਸੇ ਕਾਰਨ ਇਸ ਨੂੰ ਬੀ. ਟੀ. ਕਾਟਨ ਦਾ ਨਾਂ ਦਿੱਤਾ ਗਿਆ। ਜਦ ਇਹਨਾਂ ਕੰਪਨੀਆਂ ਨੂੰ ਲੱਗਾ ਕਿ ਬੀ. ਟੀ. ਜੀਨ ਬੈਂਗਣ ਦੇ ਕੀੜੇ ਨੂੰ ਰੋਕਣ ਵਿੱਚ ਉਨ੍ਹਾਂ

ਹੀ ਸਮਰੱਥ ਹੈ ਤਾਂ ਉਹਨਾਂ ਨੇ ਟ੍ਰਾਂਸਜੀਨਿਕ ਬੀ. ਟੀ. ਬੈਂਗਣ ਵਿਕਸਤ ਕਰਨ ਦਾ ਫੈਸਲਾ ਕਰ ਲਿਆ। ਅਨੁਮਾਨ ਹੈ ਕਿ ਬੀ. ਟੀ. ਬੈਂਗਣ ਦੀ ਖੇਤੀ ਨਾਲ ਇਸ ਦੀ ਮੌਜੂਦਾ ਸਲਾਨਾ ਪੈਦਾਵਾਰ 80 ਲੱਖ ਟਨ 'ਚ 50 ਫੀਸਦੀ ਦਾ ਵਾਧਾ ਹੋ ਸਕਦਾ ਹੈ। ਕੀੜੇ ਫਿਲਹਾਲ ਬੈਂਗਣ ਦੀ ਉਨ੍ਹੀਂ ਹੀ ਫਸਲ ਨਸ਼ਟ ਕਰ ਦਿੰਦੇ ਹਨ। ਇਹ ਕਿਸਾਨਾਂ ਤੇ ਖਪਤਕਾਰਾਂ ਲਈ ਵੱਡੀ ਗੱਲ ਹੈ। ਫਿਲਹਾਲ 55 ਲੱਖ ਹੈਕਟੇਅਰ 'ਚ ਬੈਂਗਣ ਦੀ ਖੇਤੀ ਹੁੰਦੀ ਹੈ ਅਤੇ 14 ਲੱਖ ਛੋਟੇ ਤੇ ਦਰਮਿਆਨੇ ਕਿਸਾਨ ਲਈ ਪ੍ਰਮੁੱਖ ਇਹ ਨਕਦੀ ਫਸਲ ਹੈ। ਪਿਛਲੇ 10 ਸਾਲਾਂ 'ਚ 15 ਫੀਸਦੀ ਜ਼ਿਆਦਾ ਜ਼ਮੀਨ 'ਤੇ ਬੈਂਗਣ ਦੀ ਖੇਤੀ ਹੋਣ ਲੱਗੀ ਹੈ ਪਰ ਵਾਰ ਵਾਰ ਕੀੜਿਆਂ ਕਾਰਨ ਪੈਦਾਵਾਰ ਵਧੀ ਨਹੀਂ। ਭਾਰਤ 'ਚ ਕਈ ਤਰ੍ਹਾਂ ਦੀਆਂ ਬੈਂਗਣ ਦੀਆਂ ਕਿਸਮਾਂ ਉਗਾਈਆਂ ਜਾਂਦੀਆਂ ਹਨ ਅਤੇ ਚੀਨ ਪਿੱਛੋਂ ਸਭ ਤੋਂ ਵੱਡੀ ਪੈਦਾਵਾਰ ਇਥੇ ਹੁੰਦੀ ਹੈ ਪਰ ਕੀੜਿਆਂ ਦੀ ਹਮਲੇ ਕਾਰਨ ਕੁਝ ਨਹੀਂ ਕੀਤਾ ਜਾ ਸਕਿਆ ਹੈ। ਬੈਂਗਣ ਦਾਗਦਾਰ ਤੇ ਖਰਾਬ ਹੋ ਜਾਂਦਾ ਸੀ। ਬੀ. ਟੀ. ਬੈਂਗਣ ਨਾਲ ਪੈਦਾਵਾਰ ਵਧੇਗੀ।

ਕੰਪਨੀ ਨੇ ਜਾਨਵਰਾਂ 'ਤੇ ਤਜ਼ਰਬੇ ਕੀਤੇ ਤੇ ਡੂੰਘਾ ਅਧਿਐਨ ਕੀਤਾ ਤੇ ਜਨਤਕ ਖੇਤਰ ਦੀਆਂ ਖੋਜ ਲਬਾਰਟਰੀਆਂ 'ਚ ਵੱਡੇ ਪੈਮਾਨੇ 'ਤੇ ਬੀ. ਟੀ. ਬੈਂਗਣ ਦੀ ਖੇਤੀ ਬਾਅਦ ਹੀ ਇਸ ਨੂੰ ਮੰਜ਼ੂਰੀ ਦਿੱਤੀ ਹੈ। ਮਹਿਕੋ ਦਾ ਦਾਅਵਾ ਹੈ ਕਿ ਬੀ. ਟੀ. ਬੈਂਗਣ ਆਮ ਬੈਂਗਣ ਜਿੰਨਾ ਹੀ ਸੁਰੱਖਿਅਤ ਹੈ।

ਪਰ ਨਾਗਰਿਕ ਦੇ ਸੰਗਠਨ ਤੇ ਐਨ. ਜੀ. ਓ. ਇਸ ਦਾਅਵੇ ਨੂੰ ਨਹੀਂ ਮੰਨਦੇ, ਉਹ ਜੀ. ਐਮ. ਅਨਾਜ ਦੇ ਸਖਤ ਵਿਰੋਧੀ ਹਨ ਉਹਨਾਂ ਦਾ ਦੋਸ਼ ਹੈ ਕਿ ਜੀ. ਈ. ਏ. ਸੀ. ਪਾਸ ਆਜ਼ਾਦ ਪ੍ਰੀਖਣ ਤੇ ਪੁਸ਼ਟੀ ਦੀ ਵਿਵਸਥਾ ਨਹੀਂ ਹੈ ਅਤੇ ਇਹ ਮਾਹਿਕੋ ਦੀ ਤਜਰਬਿਆਂ ਤੇ ਨਤੀਜਿਆਂ 'ਤੇ ਬਹੁਤਾ ਵਿਸਵਾਸ਼ ਨਹੀਂ ਕਰਦੀ ਹੈ। ਖੇਤੀ ਵਿਰਾਸਤ ਮਿਸ਼ਨ ਦੀ ਕਵਿਤਾ ਕਾਰਗੰਤੀ ਦਾ ਕਹਿਣਾ ਹੈ ਕਿ "ਇਹ ਸ਼ਰਮਨਾਕ ਹੈ ਕਿ ਨਿਯਮਨ ਕਰਤਾ ਨੇ ਕੰਪਨੀਆਂ ਦੇ ਹਿੱਤ ਨੂੰ ਆਮ ਸ਼ਹਿਰੀਆਂ ਦੇ ਹਿੱਤਾਂ ਦੇ ਉਪਰ ਤਰਜੀਹ ਦਿੱਤੀ ਹੈ, "ਕੌਮਾਂਤਰੀ ਵਾਤਾਵਰਣ ਪ੍ਰੇਮੀਆਂ ਦੇ ਸਮੂਹ ਗ੍ਰੀਨਪੀਸ ਨੂੰ ਝਟਕਾ ਲੱਗਿਆ ਹੈ ਕਿ ਜੀ. ਈ. ਏ. ਸੀ ਨੇ ਬਿਨਾਂ ਸੋਚੇ ਸਮਝੇ ਫੈਸਲਾ ਕਰ ਲਿਆ ਅਤੇ ਬੀ. ਟੀ. ਬੈਂਗਣ ਨੂੰ ਅਜਿਹੇ ਸਮੇਂ ਮੰਜ਼ੂਰੀ ਦਿੱਤੀ ਹੈ ਜਦ ਦੇਸ਼ ਦੇ ਮਸ਼ਹੂਰ ਵਿਗਿਆਨੀ ਤੇ ਨਾਗਰਿਕ ਸੁਰੱਖਿਆ ਸਬੰਧੀ ਅਧਿਐਨਾ 'ਤੇ ਗੰਭੀਰ ਸੰਕੇ ਜਾਹਿਰ ਕਰ ਰਹੇ ਹਨ। ਗ੍ਰੀਨਪੀਸ ਦੇ ਕੈਂਪੇਨਰ (ਟਿਕਾਊ ਖੇਤੀ) ਰਾਜੇਸ ਕ੍ਰਿਸ਼ਣ ਦਾ ਕਹਿਣਾ ਹੈ 'ਜੀ. ਈ. ਏ. ਸੀ. ਉਦਯੋਗ ਲਾਬੀ ਨਾਲ ਮਿਲੀ ਹੋਈ ਹੈ ਅਤੇ ਇਹ ਆਮ ਲੋਕਾਂ ਦੇ ਨਾਲ ਨਹੀਂ ਹੈ, ਉਸ ਨੇ ਦੇਸ਼ ਨੂੰ ਧੋਖਾ ਦਿੱਤਾ ਹੈ।" ਇਹ ਸ਼ੰਕਾ ਤੇ ਵਿਵਾਦ ਇਸ ਲਈ ਉਠਿਆ ਕਿਉਂਕਿ ਜੀ. ਈ. ਏ. ਸੀ. ਪ੍ਰੀਖਣਾ ਦੀ ਪ੍ਰਕ੍ਰਿਤੀ ਤੇ ਵੇਰਵਿਆਂ ਉਤਪਾਦਾਂ ਬੈਂਗਣ ਦੀ ਚਾਰ ਪ੍ਰਜਾਤੀਆਂ ਨੂੰ ਮੰਜ਼ੂਰੀ ਦਿੱਤੀ ਜਾਣੀ ਹੈ। ਦੀ ਜੈਵ ਸੁਰੱਖਿਆ ਨੂੰ ਲੈ ਕੇ ਪਾਰਦਰਸ਼ਤਾ ਵਰਤਣ 'ਚ ਨਾਕਾਮ ਰਹੀ। ਇਸ ਤੋਂ ਇਲਾਵਾ ਅਧਿਐਨ ਦੀ ਸਮੀਖਿਆ ਕਰਨ ਵਾਲੇ ਸੰਮਤੀ ਦੇ ਵਿਗਿਆਨਕਾਂ ਦੇ ਆਪਸੀ ਵਿਰੋਧੀ ਹਿੱਤ ਵੀ ਇਸ 'ਚ ਸ਼ਾਮਲ ਹਨ। ਜੀ. ਈ. ਏ. ਸੀ. ਦੀ ਮੈਂਬਰ ਰੰਜਨੀ ਵਾਰਿਆਰ ਕਿਸੇ ਵੀ ਤਰ੍ਹਾਂ ਦੀ ਸੂਚਨਾ ਨੂੰ ਗੁਪਤ ਰੱਖਣ ਦੀ ਗੱਲ ਨੂੰ ਖਾਰਜ ਕਰਦਿਆਂ ਕਹਿੰਦੀ ਹੈ "ਅਸੀਂ ਆਪਣੀ ਵੈਬਸਾਈਟ 'ਤੇ ਸਾਰੀ ਜਾਣਕਾਰੀ ਰੱਖ ਦਿੱਤੀ ਹੈ ਜੇ ਲੋਕ ਤੇ

ਮਾਹਰ ਜਾਨਣਾ ਚਾਹੁੰਦੇ ਹਨ।" ਆਲ ਇੰਡੀਆ ਕ੍ਰਾਪ ਬਾਇਟੈਕਨੋਲੋਜੀ ਐਸੋਸੀਏਸ਼ਨ ਦੇ ਨਿਰਦੇਸ਼ਕ ਸੰਜੀਵ ਅਨੰਦ ਉਹਨਾਂ ਦੀ ਹਮਾਇਤ ਕਰਦੇ ਹਨ। ਪਰ ਅਖਿਲ ਭਾਰਤੀ ਕਿਸਾਨ ਯੂਨੀਅਨ ਦਾ ਕਹਿਣਾ ਹੈ ਕਿ 'ਇਸ ਨਾਲ ਬੀਜਾਂ ਦੇ ਭਵਿੱਖ' ਭਾਰਤੀ ਖੇਤੀ 'ਤੇ ਬਹੁ ਕੌਮੀ ਕੰਪਨੀਆਂ ਦਾ ਕਬਜਾ ਹੋਣ ਤੇ ਭਾਰਤੀ ਕਿਸਾਨਾਂ ਤੋਂ ਬੀਜ ਦੇ ਮਹਿੰਗੇ ਭਾਅ ਵਸੂਲੇ ਜਾਣ ਦੇ ਖਤਰੇ ਹਨ। ਬੀਜਾਂ ਤੇ ਮੌਨਸੈਂਟੋ ਅਤੇ ਬਹੁਕੌਮੀ ਕੰਪਨੀਆਂ ਦੀ ਅਜਾਰੇਦਾਰੀ ਚਿੰਤਾ ਦਾ ਵਿਸ਼ਾ ਹੈ। ਬੀਜ ਆਪ ਲੋਕਾਂ ਨੂੰ ਮੁਹੱਈਆ ਨਹੀਂ ਹੋਵੇਗਾ ਕਿਉਂਕਿ ਹੁਣ ਇਹ ਬਹੁਕੌਮੀ ਕਾਰਪੋਰੇਸ਼ਨਾਂ ਦੀ ਬੌਧਿਕ ਸੰਪਤੀ ਬਣ ਗਏ ਹਨ।" ਵਿਡੰਬਨਾ ਇਹ ਹੈ ਕਿ ਇਮਾਨਦਾਰੀ 'ਤੇ ਸ਼ੱਕ ਦੀ ਵਜਾਹ ਵਾਜਿਬ ਹੈ। ਇਸ ਤਰ੍ਹਾਂ ਨਾਲ ਸੁਪਰੀਮ ਕੋਰਟ ਨੇ ਮਸ਼ਹੂਰ ਮਾਲੀਕੂਲਰ ਬਾਇਓਲੋਜਿਸਟ ਪੁਸ਼ਪਾ ਐਮ ਭਾਰਗਵ ਨੂੰ ਸੰਮਤੀ ਦਾ ਮੈਂਬਰ ਨਿਯੁਕਤ ਕੀਤਾ ਸੀ। ਜੀ. ਏ. ਸੀ. ਦੀ ਕਾਰਜ ਸ਼ੈਲੀ ਸਬੰਧੀ ਦਾਇਰ ਲੋਕ ਹਿੱਤ ਜਾਚਿਕਾ ਪਿੱਛੋਂ ਸੁਪਰੀਮ ਕੋਰਟ ਨੇ ਉਹਨਾਂ ਨੂੰ ਜੀ. ਈ. ਏ. ਸੀ. ਦੇ ਕੇਸਾਂ ਦੀ ਨਿਗਰਾਨੀ ਕਰਨ ਲਈ ਨਿਯੁਕਤ ਕੀਤਾ ਸੀ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਜੀ. ਐਮ. ਫਸਲ ਵਰਗੀ ਪੇਚੀਦਾ ਤੇ ਵਿਵਾਦਗ੍ਰਸਿਤ ਚੀਜ਼ ਨੂੰ ਮੰਜ਼ੂਰੀ ਦੇਣ ਲਈ ਜ਼ਰੂਰੀ ਅਮਲ ਪੂਰਾ ਨਹੀਂ ਕੀਤਾ ਜਾਂਦਾ। ਨਾਰਾਜ ਭਾਰਗਵ ਕਹਿੰਦੀ ਹੈ" ਇਹ ਬਦਕਿਸਮਤੀ ਹੈ ਇਹ ਅਨੈਤਿਕ ਹੈ, ਮੈਂਬਰਾਂ ਵਜੋਂ ਸਾਨੂੰ ਨਤੀਜਿਆਂ ਦੀ ਸਮੀਖਿਆ ਕਰਨ ਲਈ ਕੋਈ ਵਕਤ ਨਹੀਂ ਦਿੱਤਾ ਗਿਆ। ਇਸ 'ਚ ਏਨੀ ਜਲਦਬਾਜੀ ਕਿਉਂ ਮਚਾਈ ਗਈ? ਮੈਂ ਉਹਨਾਂ ਸਭ ਸਾਂਝੀਦਾਰਾਂ ਨੂੰ ਬੁਲਾ ਕੇ ਇਸ ਮੁੱਦੇ 'ਤੇ ਵਿਗਿਆਨਕ ਪ੍ਰੀਚਰਚਾ ਕਰਨ ਦਾ ਸੁਝਾਅ ਦਿੱਤਾ ਸੀ ਪਰ ਉਹਨਾਂ ਅਜਿਹਾ ਨਹੀਂ ਕਰਵਾਇਆ।" ਉਦਾਰਵਾਦੀ ਆਲੋਚਕਾਂ ਦਾ ਕਹਿਣਾ ਹੈ ਕਿ ਅਜੇ ਜੀ. ਐਮ. ਫਸਲਾਂ ਦੇ ਵਪਾਰਕ ਉਤਪਾਦਨ ਦੀ ਮੰਜ਼ੂਰੀ ਦੇਣ ਲਈ ਉਸ ਦੇ ਵੱਖ-ਵੱਖ ਪ੍ਰਭਾਵਾਂ ਬਾਰੇ ਲੋੜੀਂਦੀ ਜਾਣਕਾਰੀ ਨਹੀਂ ਹੈ। ਅਜਿਹਾ ਕਰਨ ਤੋਂ ਪਹਿਲਾਂ ਕਾਫੀ ਕਠਿਨ ਪ੍ਰੀਖਣ ਦੀ ਲੋੜ ਹੈ। ਉਹ ਇਹ ਵੀ ਕਹਿੰਦੇ ਹਨ ਕਿ ਬੀ. ਟੀ. ਫਸਲਾਂ ਦੇ ਅਧਿਐਨ ਤੋਂ ਜ਼ਾਹਿਰ ਹੁੰਦਾ ਹੈ ਕਿ ਬਾਇਓ ਇੰਜੀਅਰਡ ਖਾਣ ਵਾਲੇ ਪਦਾਰਥਾਂ ਨਾਲ ਸਿਹਤ ਤੇ ਗੰਭੀਰ ਪ੍ਰਭਾਵ ਪੈਣ ਦਾ ਡਰ ਹੈ। ਜੀ. ਐਮ. ਚੀਜ਼ਾਂ ਖਾਣ ਵਾਲੇ ਜਾਨਵਰਾਂ 'ਚ ਉਹਨਾਂ ਦੇ ਵਿਕਾਸ ਅੰਗਾਂ ਦੇ ਵਿਕਾਸ ਤੇ ਰੋਗਰੋਧੀ ਸਮਰੱਥਾ ਪ੍ਰਭਾਵਿਤ ਹੋਣ ਦੀਆਂ ਸਮੱਸਿਆਵਾਂ ਦਿਸੀਆਂ, ਦੂਜੇ ਦੇਸ਼ਾਂ ਵਿੱਚ ਕੀਤੀਆਂ ਗਈਆਂ ਖੋਜਾਂ ਨਾਲ ਅਲਰਜੀ ਰੋਗ ਰੋਧੀ ਸਮਰੱਥਾ ਪ੍ਰਭਾਵਿਤ ਹੋਣ, ਕਿਡਨੀ ਤੇ ਜਿਗਰ ਵਰਗੇ ਅੰਗਾਂ ਦਾ ਹਰਜਾ ਹੋਣ ਖੂਨ ਦੇ ਰਸਾਇਣਾਂ 'ਚ ਤਬਦੀਲੀ ਹੋਣ ਅਤੇ ਵਿਕਾਸ ਮੱਠਾ ਤੇ ਅੜਿੱਕਾਪੂਰਨ ਹੋਣ ਦੇ ਸਿੱਟੇ ਦਿਸੇ। ਭਾਰਤ 'ਚ ਪਾਇਆ ਗਿਆ ਕਿ ਬੀ. ਟੀ. ਕਪਾਹ ਚਰਨ ਵਾਲੇ ਜਾਨਵਾਰ ਬੀਮਾਰ ਹੋ ਗਏ ਅਤੇ ਕੁਝ ਤਾਂ ਮਰ ਗਏ ਤੇ ਮਜ਼ਦੂਰਾਂ ਨੇ ਅਲਰਜੀ ਦੀ ਸ਼ਿਕਾਇਤ ਕੀਤੀ ਪਰ ਸਿਹਤ ਅਧਿਕਾਰੀਆਂ ਨੇ ਇਹਨਾਂ ਕੇਸਾਂ ਦੀ ਪੂਰੀ ਤਰ੍ਹਾਂ ਜਾਂਚ ਪੜਤਾਲ ਨਹੀਂ ਕਰਵਾਈ। ਕੁਝ ਸਮਾਜ ਸੇਵੀ ਸੰਗਠਨਾਂ ਨੇ ਭਾਰਤ 'ਚ ਲੇਬਲਿੰਗ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਹੈ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ ਵਰਗੇ ਸਮੂਹਾਂ ਚੇਤਾਇਆ ਹੈ ਕਿ ਨਿਯਮਨ ਦੀ ਵਿਵਸਥਾ ਬਣਾਏ ਬਿਨਾਂ ਇਸ ਤਰ੍ਹਾਂ ਦੇ ਨਵੇਂ ਖਾਣ ਵਾਲੇ ਪਦਾਰਥਾਂ ਦੇ ਪ੍ਰਭਾਵ ਦੀ ਨਿਗਰਾਨੀ ਅਸੰਭਵ ਹੋਵੇਗੀ। ਸੀ. ਐਸ. ਈ. ਦੀ ਨਿਰਦੇਸ਼ਕ ਸੁਨੀਤਾ ਨਾਰਾਇਣ ਦਾ ਕਹਿਣਾ ਹੈ ਕਿ "ਭਾਰਤ 'ਚ ਜੀਮੀ ਖਾਦ

ਪਦਾਰਥਾਂ ਦੇ ਲਈ ਲੇਬਲਿੰਗ ਦੀ ਕੋਈ ਵਿਵਸਥਾ ਨਹੀਂ ਹੈ ਜਿਸ ਨਾਲ ਖਪਤਕਾਰਾਂ ਨੂੰ ਇਹ ਵਿਕਲਪ ਚੁਣਨ ਦਾ ਮੌਕਾ ਮਿਲੇ ਕਿ ਉਹ ਜੀ ਐਮ ਵਸਤਾਂ ਲੈਣਾ ਚਾਹੁੰਦੇ ਹਨ ਜਨ ਜਾਂ ਨਹੀਂ ਜਦ ਤਕ ਇਹ ਵਿਵਸਥਾ ਨਹੀਂ ਕੀਤੀ ਜਾਂਦੀ ਤਦ ਤੱਕ ਨਿਯਮਨ ਕਰਤਾਵਾਂ ਨੂੰ ਜੀ ਐਮ ਅਨਾਜਾਂ ਦੀਆਂ ਫ਼ਸਲਾਂ ਦੀ ਮੰਜੂਰੀ ਨਹੀਂ ਦੇਣੀ ਚਾਹੀਦੀ ਚਾਹੇ ਜੀ. ਈ. ਏ. ਸੀ. ਦੀ ਅਜਾਦੀ 'ਤੇ ਸਵੈ ਸੇਵੀ ਸੰਗਠਨਾ ਤੇ ਵਰਕਰਾਂ ਨੂੰ ਸ਼ੱਕ ਹੋਵੇ ਜਾਂ ਫਿਰ ਸਿਹਤ ਤੇ ਸੁਰੱਖਿਆ ਦੇ ਮਾਮਲੇ ਨੂੰ ਦੂਰ ਕਰਨਾ ਹੋਵੇ। ਜੋ ਵੀ ਕਰਨਾ ਹੈ ਸਰਕਾਰ ਨੂੰ ਹੁਣ ਜਲਦੀ ਕਰਨ ਦੀ ਲੋੜ ਹੈ। ਸਰਕਾਰ ਖੇਤੀ ਉਤਪਾਦਕਤਾ ਵਧਾਉਣ ਲਈ ਬਾਇਓਟੈਕਨੋਲੋਜੀ ਵਿਕਲਪ ਨੂੰ ਨਜ਼ਰਅੰਦਾਜ਼ ਕਰ ਵੀ ਨਹੀਂ ਸਕਦੀ ਪਰ ਫਿਲਹਾਲ ਉਸ ਨੂੰ ਜੀ ਐਮ ਖਾਦ ਪਦਾਰਥਾਂ ਨੂੰ ਮਨੁੱਖਾਂ ਦੀ ਵਰਤੋਂ ਲਈ ਸੁਰੱਖਿਅਤ ਬਣਾਉਣ ਦੀ ਖਾਤਰ ਬਾਜ਼ਾਰ 'ਚ ਭੇਜਣ ਤੋਂ ਪਹਿਲਾਂ ਉਸ ਦੀ ਸਖਤ ਤੇ ਪਾਰਦਰਸ਼ੀ ਜਾਂਚ ਦੀ ਵਿਵਸਥਾ ਕਰਨੀ ਚਾਹੀਦੀ ਹੈ।

# ਕਾਲ ਸੈਂਟਰ ਨਵੇਂ ਗੁਲਾਮਾਂ ਦੀ ਦਰਦ ਭਰੀ ਦਾਸਤਾਨ

ਭਾਰਤ ਦੇ ਅਤਿ ਆਧੁਨਿਕ ਅਤੇ ਸਭਿਅਕ ਕਹੇ ਜਾਣ ਵਾਲੇ ਸ਼ਹਿਰ ਬੰਗਲੌਰ ਵਿੱਚ ਕਾਲਸੈਂਟਰ 'ਚ ਕੰਮ ਕਰਨ ਵਾਲੀ ਇਕ ਲੜਕੀ ਪ੍ਰਤਿਭਾ ਨਸ਼ਾਂਸ ਬਲਾਤਕਾਰ ਪਿੱਛੋਂ ਕਤਲ ਕਰਕੇ ਸੁੱਟ ਦਿੱਤੀ ਗਈ। ਪੁਲਸ ਕਹਿ ਰਹੀ ਸੀ ਕਿ ਇਸ 'ਚ ਬਹਿਸ ਦੀ ਕੋਈ ਗੁੰਜਾਇਸ਼ ਨਹੀਂ ਕਿ ਇਸ ਹਾਦਸੇ ਲਈ ਕੰਪਨੀ ਜ਼ਿੰਮੇਵਾਰ ਹੈ। ਦੂਜੇ ਪਾਸੇ ਕੰਪਨੀ ਦੇ ਮੈਨੇਜਰ ਇਸ ਗੱਲ ਤੋਂ ਦੁਖੀ ਹੈ ਕਿ ਮਾਮਲੇ ਨੂੰ ਏਨਾ ਤੂਲ ਦਿੱਤਾ ਜਾ ਰਿਹਾ ਹੈ। ਜਦਕਿ ਐਸੀਆਂ ਘਟਨਾਵਾਂ ਤਾਂ ਰੋਜ ਹੁੰਦੀਆਂ ਰਹਿੰਦੀਆਂ ਹਨ। "ਦਰਅਸਲ ਇਹ ਇਕ ਸਮਾਜਕ ਸਮੱਸਿਆ ਹੈ"

2002 'ਚ ਰਾਤ ਸਮੇਂ ਕੰਮ ਕਰਨ ਵਾਲੀਆਂ ਇਹਨਾਂ ਕੰਪਨੀਆਂ ਨੂੰ ਔਰਤ ਕਰਮਚਾਰੀ ਰੱਖਣ ਦੀ ਇਜਾਜ਼ਤ ਦਿੱਤੀ ਗਈ ਸੀ ਬਸ਼ਰਤੇ ਕਿ ਉਹ ਉਹਨਾਂ ਦੀ ਰਾਖੀ ਤੇ ਘਰ ਪਹੁੰਚਾਉਣ ਦੀ ਯਕੀਕਨ ਵਿਵਸਥਾ ਕਰੇ। ਪਰ ਕਿਸੇ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇਸ ਘਟਨਾ ਪਿੱਛੋਂ ਕਾਲਸੈਂਟਰਾਂ ਤੇ ਬੀ. ਪੀ. ਓ. (ਬਿਜਨਸ ਪ੍ਰੋਸੈਸ ਆਊਟਸੋਰਸਿੰਗ) 'ਚ ਕੰਮ ਕਰਨ ਵਾਲਿਆਂ ਦੀ ਸਥਿਤੀ ਸਬੰਧੀ ਇਕ ਵਾਰੀ ਫਿਰ ਬਹਿਸ ਛਿੜ ਗਈ ਹੈ। ਵਿਸ਼ਵੀਕਰਣ ਦੇ ਫਾਇਦੇ ਵਜੋਂ ਗਿਣਾਏ ਜਾਂਦੇ ਇਹਨਾਂ ਰੁਜ਼ਗਾਰਾਂ ਦੀ ਹਕੀਕਤ ਆਖਰ ਕੀ ਹੈ? ਇਹ ਕਾਲਸੈਂਟਰ ਤੇ ਆਊਟਸੋਰਸਿੰਗ ਆਖਰ ਹੈ ਕੀ ਬਲਾ? ਵਿਦੇਸ਼ੀ ਕੰਪਨੀਆਂ ਆਪਣੀ ਲਾਗਤ ਘੱਟ ਕਰਨ ਦੇ ਮਕਸਦ ਨਾਲ ਸਸਤੇ ਤੇ ਹੁਨਰਮੰਦ ਮਜ਼ਦੂਰਾਂ ਦੀ ਤਲਾਸ਼ ਵਿੱਚ ਭਾਰਤ ਵਰਗੇ ਵਿਕਾਸਸ਼ੀਲ ਤੇ ਗਰੀਬ ਦੇਸ਼ਾਂ 'ਚ ਆਪਣੇ ਕੁਝ ਕੰਮਾਂ ਨੂੰ ਤਬਦੀਲ ਕਰ ਰਹੀਆਂ ਹਨ। ਇਹ ਪੈਦਾਵਾਰ ਨਾਲ ਸਿੱਧੇ ਜੁੜੇ ਕੰਮ ਜਾਂ ਤਕਨੀਕ ਨਹੀਂ ਹੈ ਬਲਕਿ ਦੋ ਦਰਜੇ ਦੇ ਕੰਮ ਹਨ। ਮਸਲਨ ਗਾਹਕ ਸੇਵਾਵਾਂ (ਗਾਹਕਾਂ ਦੀਆਂ ਸ਼ਿਕਾਇਤਾਂ ਸੁਣਨਾ ਉਹਨਾਂ 'ਚ ਆਪਣੇ ਬ੍ਰਾਂਡ ਦਾ ਪ੍ਰਚਾਰ ਕਰਨਾ, ਉਹਨਾਂ ਨੂੰ ਖਰੀਦਣ ਲਈ ਹੱਲਾਸ਼ੇਰੀ ਦੇਣਾ,) ਮੈਡੀਕਲ ਟਰਾਂਸਕ੍ਰਿਪਸ਼ਨ (ਮਰੀਜਾਂ ਦੀਆਂ ਫਾਇਲਾਂ ਦਾ ਰਖ ਰਖਾਅ) ਸਾਫਟਵੇਅਰ ਟੈਸਟ ਕਰਨਾ ਆਦਿ। ਆਪਣੇ ਦੇਸ਼ 'ਚ ਇਹਨਾਂ ਕੰਮਾਂ ਨੂੰ ਕਰਵਾਉਣ ਲਈ ਉਹਨਾਂ ਨੂੰ ਇਥੋਂ ਦੀ ਤੁਲਨਾ 'ਚ ਕਈ ਗੁਣਾ ਤਨਖਾਹ ਦੇਣੀ ਪੈਂਦੀ ਹੈ। ਰਾਤ ਸਮੇਂ ਕੰਮ ਕਰਵਾਉਣ ਲਈ ਓਵਰਟਾਈਮ ਦੇਣਾ ਪੈਂਦਾ, ਕਿਰਤ ਕਨੂੰਨਾਂ ਦੀ ਪਾਲਣਾ ਕਰਨੀ ਪੈਂਦੀ। ਪਰ ਸਾਡੇ ਦੇਸ਼ 'ਚ ਇਹ ਇਹਨਾਂ ਸਾਰੇ ਝੰਜਟਾਂ ਤੋਂ ਆਜ਼ਾਦ ਹਨ। ਕਿਉਂਕਿ ਆਪਣੀ ਸਰਕਾਰ ਤੇ ਮੀਡੀਆ ਉਹਨਾਂ ਨੂੰ ਸਾਡੇ ਹਮਦਰਦ ਸਾਨੂੰ ਨੌਕਰੀ ਦੇਣ ਵਾਲੇ ਅਤੇ ਸਾਡਾ ਵਿਕਾਸ ਕਰਨ ਵਾਲਿਆਂ ਵਜੋਂ ਪੇਸ਼ ਕਰਦੇ ਹਨ ਇਸ ਲਈ ਕਦੀ ਇਸ ਸੁਆਲ ਨੂੰ ਨਹੀਂ ਉਠਾਇਆ ਜਾਂਦਾ ਕਿ ਸਾਨੂੰ ਉਹਨਾਂ ਦੇ ਆਪਣੇ ਦੇਸ਼ ਦੇ ਮਜ਼ਦੂਰਾਂ ਬਰਾਬਰ ਤਨਖਾਹ ਕਨੂੰਨੀ ਸੁਰੱਖਿਆ ਤੇ ਇੱਜ਼ਤ ਮਾਨ ਕਿਉਂ ਨਹੀਂ ਮਿਲਦਾ? ਇਹ ਕਾਲ ਸੈਂਟਰ ਸਾਡੇ ਦੇਸ਼ ਦੇ ਅਰਥਚਾਰੇ 'ਚ ਕੋਈ ਯੋਗਦਾਨ ਨਹੀਂ ਪਾਉਂਦੇ, ਇਹਨਾਂ 'ਚ ਕੰਮ ਕਰਨ ਵਾਲੇ ਕੁੱਲ ਲਗਭਗ ਸਾਢੇ ਤਿੰਨ ਲੱਖ ਭਾਰਤੀ ਜੋ ਤਨਖਾਹ ਲੈਂਦੇ ਹਨ ਉਸ ਦਾ ਬਹੁਤਾ ਹਿੱਸਾ ਕਿਸੇ ਵਿਦੇਸ਼ੀ ਕੰਪਨੀ ਦਾ ਹੀ ਸਾਮਾਨ ਖਰੀਦਣ 'ਤੇ ਖਰਚ ਕਰਦੇ ਹਨ। ਇਕ ਸਰਵੇ ਮੁਤਾਬਕ ਉਹਨਾਂ ਦੀ ਆਮਦਨੀ ਦਾ ਚਾਲੀ ਤੋਂ ਪੰਜਾਹ ਫੀਸਦੀ ਸਿਰਫ ਵਿਦੇਸ਼ੀ

ਬ੍ਰਾਂਡ ਦੇ ਜੁਤੇ ਅਤੇ ਰੇਡੀਮੇਡ ਕੱਪੜੇ ਖਰੀਦਣ ’ਤੇ ਹੀ ਖਰਚ ਹੋ ਜਾਂਦਾ ਹੈ, ਇਸ ਤੋਂ ਇਲਾਵਾ ਕਾਰਾਂ, ਬ੍ਰਾਂਡਿਡ ਸਮਾਨ, ਓਵਨ ਵਗੈਰਾ ’ਤੇ ਖਰਚ ਵੱਖਰਾ। ਵਿਦੇਸ਼ੀ ਕੰਪਨੀਆਂ ਦੀ ਨਜ਼ਰ ਦੇਸ਼ ਦੇ ਨੱਬੇ ਹਜ਼ਾਰ ਕਰੋੜ ਰੁਪਏ ਦੇ ਪ੍ਰਚੂਨ ਬਾਜ਼ਾਰ ’ਤੇ ਲੱਗੀਆਂ ਹੋਈਆਂ ਹਨ ਅਤੇ ਇਹ ਮਜ਼ਦੂਰ ਉਹਨਾਂ ਦੇ ਗਾਹਕ ਹਨ, ਸ਼ਿਕਾਇਤਾਂ ਸੁਣਨ ਜਾਂ ਰਿਕਾਰਡ ਰੱਖਣ ਲਈ ਸਿਰਫ ਭਾਸ਼ਾਈ ਗਿਆਨ ਤੇ ਕੰਪਿਊਟਰ ਚਲਾਉਣਾ ਆਉਣਾ ਚਾਹੀਦਾ ਹੈ। ਇਸ ਕੰਮ ’ਚ ਲੱਗੇ ਤੁਹਾਡੇ ਮਜ਼ਦੂਰ ਲੜਕੇ-ਲੜਕੀਆਂ ਉੱਚ ਸਿੱਖਿਆ ਪ੍ਰਾਪਤ ਨਹੀਂ ਹਨ। ਇਹਨਾਂ ਲੋਕਾਂ ਦਾ ਖਪਤ ਸੱਭਿਆਚਾਰ ਦਾ ਸ਼ਿਕਾਰ ਬਣਾਉਣਾ ਹੋਰ ਵੀ ਸੌਖਾ ਹੋ ਜਾਂਦਾ ਹੈ। ਤੀਹ ਸਾਲ ਦੀ ਉਮਰ ਤੱਕ ਆਉਂਦੇ ਆਉਂਦੇ ਉਹ ਇਸ ਸਮਾਜ ਤੋਂ ਪੂਰੀ ਤਰ੍ਹਾਂ ਕਟ ਜਾਂਦੇ ਹਨ। ਭਾਰਤ ਦੇ ਅਰਥਚਾਰੇ ਤੋਂ ਪੂਰੀ ਤਰ੍ਹਾਂ ਕਟੀ ਗੈਰ ਬਰਾਬਰੀ ਤੇ ਲੁੱਟ ਦੀ ਖੁੱਲ੍ਹੀ ਛੋਟ ਦੇਣ ਵਾਲੀ ਇਹਨਾਂ ਨੌਕਰੀਆਂ ਨੂੰ ਕਰਨ ਵਾਲੇ ਮਜ਼ਦੂਰਾਂ ਨੂੰ ਜਿਨ੍ਹਾਂ ’ਚ ਜ਼ਿਆਦਾਤਰ ਲੜਕੀਆਂ ਹਨ, ਕਿਹੜੇ ਹਾਲ ’ਚ ਕੰਮ ਕਰਨਾ ਪੈਂਦਾ ਹੈ? ਆਮ ਤੌਰ ’ਤੇ ਸਾਡੇ ਦੇਸ਼ ’ਚ ਇਸ ’ਤੇ ਚਰਚਾ ਤੋਂ ਬਚਿਆ ਜਾਂਦਾ ਹੈ। ਪਰ ਕੁਝ ਦਿਨ ਪਹਿਲਾਂ ਜਦ ਨਾਸਕਾਮ (ਨੈਸ਼ਨਲ ਐਸੋਸੀਏਸ਼ਨ ਆਫ ਸਾਫਟਵੇਅਰ ਐਂਡ ਸਰਵਿਸ ਕੰਪਨੀਜ਼) ਨੇ ਇਹਨਾਂ ਮਜ਼ਦੂਰਾਂ ਦੀ ਬੁਰੀ ਸਥਿਤੀ ਨੂੰ ਸਮਾਜ ਸਾਹਮਣੇ ਰੱਖਿਆ ਤਾਂ ਇਹਨਾਂ ਸਬੰਧੀ ਇਕ ਵਿਆਪਕ ਬਹਿਸ ਛਿੜ ਪਈ। ਰਿਪੋਰਟ ਮੁਤਾਬਕ ਉਹਨਾਂ ਨੇ 19ਵੀਂ ਸਦੀ ਦੇ ਕਾਮਿਆਂ ਵਰਗੀ ਬੁਰੀ ਹਾਲਤ ’ਚ ਕੰਮ ਕਰਨਾ ਪੈਂਦਾ ਹੈ। ਜਿਸ ਦੇ ਚਲਦਿਆਂ ਸੱਤ ਫੀਸਦੀ ਤੋਂ ਵੱਧ ਕਰਮਚਾਰੀ ਗੰਭੀਰ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ ਅਤੇ ਨੌਕਰੀ ਛੱਡਣ ਲਈ ਮਜ਼ਬੂਰ ਹੋ ਜਾਂਦੇ ਹਨ। ਕੰਪਨੀ ਦੇ ਅੰਦਰ ਵੱਖ-ਵੱਖ ਸਾਫਟਵੇਅਰ ਅਤੇ ਥਾਂ-ਥਾਂ ਲੱਗੇ ਕਲੋਜ ਸਰਕਟ ਕੈਮਰੇ ਉਹਨਾਂ ਦੀ ਹਰ ਛੋਟੀ ਤੋਂ ਛੋਟੀ ਹਰਕਤ ’ਤੇ ਨਜ਼ਰ ਰੱਖਦੇ ਹਨ। ਇਸ ’ਚ ਵੱਧ ਅਤਿਆਚਾਰੀ ਹੋਰ ਕਿਹੜੀ ਗੱਲ ਹੋ ਸਕਦੀ ਹੈ ਕਿ ਕੋਈ ਲਗਾਤਾਰ ਆਪ ਨੂੰ ਘੂਰਦਾ ਰਹੇ ਯਾਨੀ ਕੰਮ ਦੇ ਦੌਰਾਨ ਉਹ ਦੋ ਮਿੰਟ ਲਈ ਹੱਲ-ਬੋਲ ਜਾਂ ਸੁਸਤਾ ਵੀ ਨਹੀਂ ਸਕਦੇ। ਇਥੋਂ ਤੱਕ ਕਿ ਟਾਇਲਟ ਵਰਗੀਆਂ ਥਾਵਾਂ ’ਤੇ ਵੀ ਨਜ਼ਰ ਰੱਖੀ ਜਾਂਦੀ ਹੈ। ਇਹਨਾਂ ਕੰਪਨੀਆਂ ’ਚ ਕੋਈ ਕਿਰਤ ਕਾਨੂੰਨ ਲਾਗੂ ਨਹੀਂ ਹੁੰਦੇ। ਰਾਤ ਨੂੰ ਕੰਮ ਕਰਨ ਵਾਲੀਆਂ ਲੜਕੀਆਂ ਦੀ ਰਾਖੀ ਤੇ ਉਹਨਾਂ ਨੂੰ ਸੁਰੱਖਿਅਤ ਘਰ ਪਹੁੰਚਾਉਣ ਦੀ ਵੀ ਕੋਈ ਵਾਜਬ ਵਿਵਸਥਾ ਨਹੀਂ ਕੀਤੀ ਗਈ ਹੈ ਜਿਸ ਕਾਰਨ ਪ੍ਰਤਿਭਾ ਦੇ ਨਾਲ ਇਹ ਸ਼ਰਮਨਾਕ ਹਾਦਸਾ ਹੋਇਆ। ਇਸ ਸਭ ਦੇ ਬਾਵਜੂਦ ਉਹਨਾਂ ਨੂੰ ਯੂਨੀਅਨ ਬਣਾਉਣ ਅਤੇ ਜਥੇਬੰਦ ਹੋਣ ਤੋਂ ਰੋਕਿਆ ਜਾਂਦਾ ਹੈ। ਇਹ ਮਜ਼ਦੂਰਾਂ ਨੂੰ ਬਹੁਤ ਹੀ ਅਪਮਾਨ ਜਨਕ ਹਾਲਤਾਂ ’ਚ ਕੰਮ ਕਰਨਾ ਪੈਂਦਾ ਹੈ। ਉਹਨਾਂ ਨੂੰ ਸਿਰਫ ਇਸ ਲਈ ਗਾਲਾ ਸੁਣਨੀਆਂ ਪੈਂਦੀਆਂ ਹਨ ਕਿ ਉਹ ਭਾਰਤੀ ਹਨ, ਆਪਣੀ ਨਸਲੀ ਉਚਤਾ ਦੇ ਹੰਕਾਰ ਨਾਲ ਭਰੇ ਵਿਦੇਸ਼ੀ ਗਾਹਕਾਂ ਨੂੰ ਏਨੇ ਨਾਲ ਹੀ ਉਨ੍ਹਾਂ ਨੂੰ ਅਪਮਾਨਿਤ ਕਰਨ ਦਾ ਅਧਿਕਾਰ ਮਿਲ ਜਾਂਦਾ ਹੈ। ਇਹ ਅਪਮਾਨ ਫੋਨ ਸੁੱਟਣ, ਭੱਦੇ ਮਜ਼ਾਕ ਕਰਨ ਨਸਲ ਦੇ ਅਧਾਰ ’ਤੇ ਅਪਮਾਨਿਤ ਕਰਨ ਜਾਂ ਮਾਂ ਭੈਣ ਦੀ ਗਾਲ ਤਕ ਕੁਝ ਵੀ ਹੋ ਸਕਦਾ ਹੈ ਜਿਸ ਨੂੰ ਉਹਨਾਂ ਨੂੰ ਚੁੱਪਚਾਪ ਬਰਦਾਸ਼ਿਤ ਕਰਨਾ ਪੈਂਦਾ ਹੈ। ਲਗਾਤਾਰ ਅਜਿਹੀ ਹਾਲਤ ’ਚ ਕੰਮ ਕਰਨ ਨਾਲ ਉਹ ਬੁਰੀ ਤਰ੍ਹਾਂ ਟੁੱਟ ਜਾਂਦੇ ਹਨ। ਬਹੁਤ ਸਾਰੀਆਂ ਲੜਕੀਆਂ ਨੌਕਰੀਆਂ ਛੱਡ ਜਾਂਦੀਆਂ ਹਨ। ਇਸ ਅਪਮਾਨ ਨੂੰ ਭੁਲਾਉਣ ਲਈ ਬਹੁਤ ਸਾਰੇ

ਮਜ਼ਦੂਰ ਨਸ਼ੀਲੀਆਂ ਦਵਾਈਆਂ, ਸ਼ਰਾਬ ਰਾਤ ਭਰ ਦੀ ਡਾਂਸ ਪਾਰਟੀਆਂ, ਸਵੈਇਛਤ ਸੈਕਸ ਵਰਗੀਆਂ ਦੂਜੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਅੰਦਰੂਨੀ ਬੇਚੈਨੀ ਭਿਆਨਕ ਨਿਰਾਸ਼ਤਾ ਤੇ ਉਦਾਸੀ ਕਾਰਨ ਕੁਝ ਲੋਕ ਆਤਮ ਹੱਤਿਆ ਤਕ ਕਰ ਰਹੇ ਹਨ। ਸਮਾਜਕ ਵਰਜਨਾਵਾਂ ਨੂੰ ਤੋੜਦੇ ਸਮੇਂ ਖੁਦ ਨੂੰ ਥੋੜ੍ਹੀ ਦੇਰ ਲਈ ਉਸ ਨੂੰ ਅਪਮਾਨ ਤੇ ਗੁਲਾਮੀ ਤੋਂ ਆਜ਼ਾਦ ਮਹਿਸੂਸ ਕਰਦੇ ਹਨ ਜੋ ਉਹਨਾਂ ਨੂੰ ਲਗਾਤਾਰ ਭੋਗਣੀ ਪੈ ਰਹੀ ਹੈ। ਕਿਸ ਵਿਅਕਤੀ ’ਤੇ ਕੀ ਅਸਰ ਪਵੇਗਾ ਅਤੇ ਉਹ ਹਿਜਰਤ ਦਾ ਕਿਹੜਾ ਰਾਹ ਚੁਣੇਗਾ ਇਹ ਬੰਦੇ ਬੰਦੇ ਦੇ ਹਿਸਾਬ ਨਾਲ ਵੱਖੋ-ਵੱਖ ਹੁੰਦਾ ਹੈ। ਇਸ ਅਪਮਾਨ ਜਨਕ ਸਥਿਤੀ ਨੂੰ ਖਤਮ ਕਰਨ ਅਤੇ ਆਪਣੇ ਕਰਮਚਾਰੀਆਂ ਦੇ ਆਤਮ ਸਨਮਾਨ ਅਤੇ ਇੱਜ਼ਤ ਦੀ ਰਾਖੀ ਕਰਨ ਦੀ ਬਜਾਏ ਕੰਪਨੀਆਂ ਉਹਨਾਂ ਨੂੰ ਇਹ ਭੁਲਾ ਦੇਣ ਲਈ ਮਨੋ ਰੋਗਾਂ ਦੇ ਮਾਹਰ ਡਾਕਟਰਾਂ ਦੀਆਂ ਸਲਾਹਾਂ ਦਿਵਾਉਂਦੀਆਂ ਹਨ ਜਾਂ ਤਰ੍ਹਾਂ ਤਰ੍ਹਾਂ ਦੇ ਤਰਕ ਘੜ ਕੇ ਉਸ ਨੂੰ ਮੰਜੂਰ ਕਰਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਮਸਲਨ ‘ਇਹ ਗੱਲ ਤੁਹਾਨੂੰ ਨਹੀਂ ਉਸ ਕੰਪਨੀ ਨੂੰ ਦਿੱਤੀ ਗਈ ਹੈ, ਜਿਸ ਲਈ ਤੁਸੀਂ ਕੰਮ ਕਰਦੇ ਹੋ।’ ਜਾਂ ਜਰਾ ਗਾਲਾਂ ਦੇਣ ਵਾਲੇ ਗਾਹਕ ਦੀ ਪ੍ਰੇਸ਼ਾਨੀ ਨੂੰ ਵੀ ਸਮਝੋ ਕਿੰਨੇ ਲੋਕ ਉਹਨਾਂ ਨੂੰ ਫੋਨ ਕਰਦੇ ਹੋਣਗੇ।” ਅਤੇ ਅਜਿਹੀਆਂ ਹੀ ਹੋਰ ਬਹੁਤ ਸਾਰੀਆਂ ਦਲੀਲਾਂ। ਇਕ ਕਰਮਚਾਰੀ ਨੇ ਦੱਸਿਆ ਕਿ ਉਹ ਆਪਣੇ ਵਿਅਕਤੀਤਵ ਨੂੰ ਘਰ ਛੱਡ ਜਾਂਦਾ ਹੈ ਨਹੀਂ ਤਾਂ ਉਸ ਬੇਇਜਤੀ ਨੂੰ ਬਰਦਾਸ਼ਿਤ ਕਰ ਸਕਣਾ ਉਸ ਲਈ ਅਸੰਭਵ ਹੁੰਦਾ। ਇਸ ਤੋਂ ਵੀ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ‘ਕਾਲਸੈਂਟਰਾਂ ਤੇ ਆਊਟ’ ਸੋਰਸਿੰਗ ਬਿਜਨਸ ’ਚ ਕੰਮ ਕਰਦੇ ਇਹ ਮਜ਼ਦੂਰ (ਜਿਹਨਾਂ ਨੂੰ ਸ਼ਾਇਦ ਆਪਣੇ ਲਈ ਮਜ਼ਦੂਰ ਸ਼ਬਦ ਵਰਤਣ ’ਤੇ ਵੀ ਇਤਰਾਜ਼ ਹੋਵੇ) ਆਪਣੇ ਆਪ ਨੂੰ ਕੁਝ ਹੋਰ ਹੀ ਸਮਝਦੇ ਹਨ। ਜਿਵੇਂ ਘਰ ਘਰ ਜਾ ਕੇ ਕੰਪਨੀਆਂ ਦੀਆਂ ਵਸਤਾਂ ਵੇਚਣ ਵਾਲੇ ਆਪਣੇ ਆਪ ਨੂੰ ‘ਸੇਲਜਮੈਨ’ ਜਾਂ ਐਮ ਬੀ ਏ ਦਾ ਵਿਦਿਆਰਥੀ ਸਮਝ ਕੇ ਸੂਟ ਤੇ ਟਾਈ ਲਾ ਕੇ ਖੁਦ ਨੂੰ ਰੇਹੜੀ ਲਾਉਣ ਵਾਲੇ ਹਿੰਦੁਸਤਾਨੀਆਂ ਤੋਂ ਉਚਾ ਸਮਝਦੇ ਹਨ, ਮਾਡਲ ਮਿਸ ਇੰਡੀਆ ਜਾਂ ਵਿਸ਼ਵ ਸੁੰਦਰੀ ਬਣਨ ਦੇ ਮੁਕਾਬਲੇ ਲਈ ਆਪਣੇ ਸਰੀਰ ਨੂੰ ਤਿਆਰ ਕਰਨ ਵਾਲੀਆਂ ਲੜਕੀਆਂ ਵੀ ਇਸ਼ਤਿਹਾਰਬਾਜੀ ਕਰਨ ਵਾਲੀਆਂ ਕੰਪਨੀਆਂ ਨੂੰ ਅਪਾਣਾ ਸਰੀਰ ਤੇ ਸਰੀਰਕ ਅਦਾਵਾਂ ਹੀ ਵੇਚਦੀਆਂ ਹਨ। ਪਰ ਸੁੰਦਰਤਾ ਤੇ ਉਚਤਾ ਦੇ ਨਵੇਂ ਸੰਸਕਾਰਾਂ ਅਤੇ ਆਜ਼ਾਦੀ ਦੀਆਂ ਨਵੀਆਂ ਪ੍ਰੀਭਾਸ਼ਾਵਾਂ ਕਾਰਨ ਉਹ ਇਸ ਨੂੰ ਵੇਸ਼ਵਾਬ੍ਰਿਤੀ ਨਹੀਂ ਸਮਝਦੀਆਂ ਵੈਸੇ ਹੀ ਕਾਲ ਸੈਂਟਰਾਂ ਦੇ ਵਰਕਰ ਵਿਦੇਸ਼ੀ ਕੰਪਨੀਆਂ ਤੋਂ ਮਿਲਣ ਵਾਲੀ ਮੋਟੀ ਤਨਖਾਹ ਅਤੇ ਵਿਦੇਸ਼ੀ ਵਸਤਾਂ ਦੀ ਖਰੀਦ ਸਕਣ ਦੀ ਆਪਣੀ ਯੋਗਤਾ ਦੇ ਨਸ਼ੇ ਵਿੱਚ ਰਾਤ ਵਾਲੇ ਨਾਚ ਤੇ ਪਾਰਟੀ ਕਲਚਰ ’ਚ ਡੁਬੇ ਅਪਮਾਨ ਦੀਆਂ ਇਹਨਾਂ ਘੁੱਟਾਂ ਨੂੰ ਪੀਂਦੇ ਰਹਿੰਦੇ ਹਨ। ਉਹ ਸਾਮਰਾਜਵਾਦ ਦੀ ਨਵੀਂ ਵਿਸ਼ਵੀ ਵਿਵਸਥਾ ਦੇ ਨਵੇਂ ਗੁਲਾਮ ਹਨ-ਇਹਨਾਂ ਨੂੰ ਜਬਰੀ ਤ੍ਰਿਨਿਦਾਦ ਜਾਂ ਅਫਰੀਕਾ ਦੇ ਕਿਸੇ ਦੇਸ਼ ’ਚ ਗੁਲਾਮੀ ਲਈ ਨਹੀਂ ਲੈ ਜਾਇਆ ਗਿਆ ਹੈ ਬਲਕਿ ਥੋੜੇ ਜਿਹੇ ਪੈਸਿਆਂ ਦਾ ਲਾਲਚ ਦੇ ਕੇ ਆਪਣੇ ਹੀ ਦੇਸ਼ ’ਚ ਗੈਰ ਮਨੁੱਖੀ ਤੇ ਅਪਮਾਨ ਜਨਕ ਹਾਲਾਤ ’ਚ ਕੰਮ ਕਰਨ ਲਈ ਮਜ਼ਬੂਰ ਕਰ ਦਿੱਤਾ ਗਿਆ ਹੈ। ਰਾਤ ਦੇ ਸਮੇਂ ਦੀਆਂ ਨੌਕਰੀਆਂ ਨੇ ਉਹਨਾਂ ਤੋਂ ਉਹਨਾਂ ਦਾ ਸਮਾਜਕ ਜੀਵਨ ਤੇ ਪਰਿਵਾਰ ਦਾ ਸੁੱਖ ਖੋਹ ਲਿਆ ਹੈ ਅਤੇ ਨਰਕ ਤੋਂ ਬਦਤਰ ਜੀਵਨ ਜਿਉਣ ਲਈ

ਮਜਬੂਰ ਕਰ ਦਿੱਤਾ। ਝੂਠੇ ਸੁਖ ਦੀ ਚਾਹਤ 'ਚ ਉਹ ਨਸ਼ੀਲੀਆਂ ਦਵਾਈਆਂ ਸ਼ਰਾਬ ਤੇ ਡਾਂਸ ਪਾਰਟੀਆਂ ਅਤੇ ਖੁੱਲ੍ਹੇ ਸੈਕਸ ਦੀ ਮਾਇਆਮਈ ਦੁਨੀਆਂ ਪਿੱਛੇ ਭੱਜ ਰਹੇ ਹਨ ਅਤੇ ਭਿਆਨਕ ਮਨੋਰੋਗਾਂ ਦੇ ਸ਼ਿਕਾਰ ਬਣ ਰਹੇ ਹਨ। ਇਸ ਤਰ੍ਹਾਂ ਇਕ ਪੂਰੀ ਪੀੜ੍ਹੀ ਤਬਾਹ ਹੋ ਰਹੀ ਹੈ। ਪਰ ਸਾਡੇ ਦੇਸ਼ ਦੀ ਸਰਕਾਰ ਪ੍ਰਸਾਸ਼ਨ ਤੇ ਪੂੰਜੀਪਤੀਆਂ ਨੂੰ ਇਸ ਦਾ ਕੋਈ ਚਿੰਤਾ ਨਹੀਂ ਹੈ। ਅੰਗਰੇਜ਼ਾਂ ਦੀ ਗੁਲਾਮੀ ਦਾ ਅਹਿਸਾਸ ਇਕ ਆਮ ਭਾਰਤ ਵਾਸੀ ਨੂੰ ਕਿਵੇਂ ਹੋਇਆ? ਉਹਨਾਂ ਨੇ ਦੇਖਿਆ ਕਿ ਕਿਵੇਂ ਇਕ ਹੀ ਕੰਮ ਬਦਲੇ ਅੰਗਰੇਜ਼ਾਂ ਨੂੰ ਵੱਧ ਤਨਖਾਹ ਦਿੱਤੀ ਜਾਂਦੀ ਹੈ ਅਤੇ ਸਾਨੂੰ ਘੱਟ। ਉਹਨਾਂ ਨਾਲ ਅੱਛਾ ਵਿਹਾਰ ਹੁੰਦਾ ਹੈ ਅਤੇ ਸਾਨੂੰ ਨਾਲ ਦੋਮ ਦਰਜੇ ਦਾ ਨਾਗਰਿਕ ਸਮਝਿਆ ਜਾਂਦਾ ਹੈ, ਜਦ ਉਹਨਾਂ ਨੇ ਵੇਖਿਆ ਕਿ ਸਾਡੇ ਦੇਸ਼ ਦੀ ਧਨ ਦੌਲਤ ਅਤੇ ਸਾਡੀ ਮੇਹਨਤ ਨੂੰ ਲੁੱਟ ਕੇ ਉਹ ਆਪਣੇ ਦੇਸ਼ ਲੈ ਜਾਂਦੇ ਹਨ ਅਤੇ ਸਾਡੇ ਹੱਥ ਕੁਝ ਵੀ ਨਹੀਂ ਆਉਂਦਾ। ਪਰ ਅੱਜ ਦੇਸ਼ ਦਾ ਪੜ੍ਹਿਆ ਲਿਖਿਆ ਵਰਗ ਵੀ ਨਾ ਸਿਰਫ ਇਸ ਅਨਿਆ ਤੇ ਲੁੱਟ ਵਿਰੁੱਧ ਸੁਆਲ ਨਹੀਂ ਉਠਾ ਰਿਹਾ। ਬਲਕਿ ਇਸ ਸਪੱਸ਼ਟ ਨਾ ਬਰਾਬਰੀ ਦੇ ਬਾਵਜੂਦ ਕੰਮ ਕਰਦੇ ਹੋਏ ਖੁਦ ਨੂੰ ਗੌਰਵਮਈ ਮਹਿਸੂਸ ਕਰਦਾ ਹੈ। ਜ਼ਾਹਿਰ ਹੈ ਸਾਡੀਆਂ ਖੁਦ ਦੀਆਂ ਚੁਣੀਆਂ ਸਰਕਾਰਾਂ ਨੇ ਹੀ ਸਾਨੂੰ ਇਨ੍ਹਾਂ ਵਿਚਾਰਾਂ ਤੇ ਬੇਵਸ ਬਣਾ ਦਿੱਤਾ ਹੈ ਕਿ ਚੰਦ ਪੈਸੇ ਦਾ ਲਾਲਚ ਦੇ ਕੇ ਸਾਡੇ ਦੇਸ਼ ਦੇ ਨਾਗਰਿਕਾਂ ਤੋਂ ਗੁਲਾਮੀ ਤਕ ਕਰਵਾਈ ਜਾ ਸਕਦੀ ਹੈ। ਆਜ਼ਾਦੀ ਆਤਮ ਸਨਮਾਨ, ਆਤਮ ਨਿਰਭਰਤਾ ਤੇ ਸਵੈਮਾਨ ਵਰਗੀਆਂ ਗੱਲਾਂ ਆਪਣਾ ਅਰਥ ਗੁਆ ਚੁੱਕੀਆਂ ਹਨ। ਦੁਨੀਆਂ 'ਚ ਅਮਰੀਕਾ ਤੇ ਦੂਜੇ ਸਾਮਰਾਜੀ ਦੇਸ਼ਾਂ ਦੇ ਦਾਬੇ ਹੇਠ ਨਿਰਧਾਰਿਤ ਗੁਲਾਮੀ ਦੀ ਜੋ ਨਵੀਂ ਵਿਵਸਥਾ ਕਾਇਮ ਹੋ ਰਹੀ ਹੈ। ਉਸ ਵਿਚ ਸਾਡੀ ਇਹੀ ਹੈਸੀਅਤ ਕੰਪਿਊਟਰ ਤੇ ਇੰਟਰਨੈਟ ਦੀ ਦੁਨੀਆਂ 'ਚ ਕਾਲਸੈਂਟਰ ਦੇ ਮਜ਼ਦੂਰ ਸਾਈਬਰ ਕੁਲੀ ਦੇ ਨਾਂ ਨਾਲ ਜਾਣ ਜਾਂਦੇ ਹਨ। ਜਿਹਨਾਂ ਦਾ ਕੰਮ ਹੈ ਆਪਣੇ ਬਹੁਕੌਮੀ ਜਾਂ ਵਿਦੇਸ਼ੀ ਮਾਲਕਾਂ ਦਾ ਮਾਲ ਵੇਚਣ ਲਈ ਫਰੀ ਰੇੜ੍ਹੀ ਲਾਉਣਾ। ਉਸ ਦੇ ਬਦਲੇ ਗਾਲਾਂ ਸੁਣਨਾ ਤੇ ਉਹਨਾਂ ਦੀ ਗਲੀਜ਼ ਸਭਿਆਚਾਰ ਦਾ ਬੋਝ ਢੋਣਾ। ਇਹਨਾਂ ਸਾਡੇ ਤਿੰਨ ਲੱਖ ਰੋਜ਼ਗਾਰਾਂ ਦੀ ਥਾਂ ਸਾਨੂੰ ਇਸ ਨਵੀਂ ਗੁਲਾਮੀ ਦੇ ਖਤਰਿਆਂ ਸਬੰਧੀ ਗੰਭੀਰਤਾ ਨਾਲ ਸੋਚਣ ਤੇ ਉਸ ਤੋਂ ਬਚਣ ਦੇ ਉਪਾਅ ਕਰਨੇ ਹੋਣਗੇ ਤਾਂ ਕਿ ਸਾਡੇ ਨੌਜਵਾਨ ਲੜਕੇ-ਲੜਕੀਆਂ ਦੀ ਇਕ ਪੂਰੀ ਪੀੜ੍ਹੀ ਠੰਡੀ ਮੌਤ ਮਰਨ ਤੋਂ ਬਚਾਈ ਜਾ ਸਕੇ।

# ਦਿੱਲੀ 'ਚ ਰਾਸ਼ਟਰ ਮੰਡਲ ਖੇਡਾਂ ਦੀ ਤਿਆਰੀ ਕਿੰਨੀ ਕੁ ਸਹੀ?

ਕੁਝ ਦਿਨ ਪਹਿਲਾਂ ਰਾਜਧਾਨੀ ਦਿੱਲੀ 'ਚ ਮੈਟਰੋ ਰੇਲ ਦੀ ਉਸਾਰੀ 'ਚ ਹੋਏ ਹਾਦਸੇ ਨੇ ਦਿੱਲੀ ਬਦਰਪੁਰ ਮੈਟਰੋਲਾਈਨ ਵਿਛਾਉਣ ਦੇ ਕੰਮ ਨੂੰ ਕੁਝ ਮਹੀਨੇ ਪਿੱਛੇ ਖਿਸਕਾ ਦਿੱਤਾ। ਜੇ ਗੱਲ ਇਥੋਂ ਤਕ ਸੀਮਤ ਹੁੰਦੀ ਤਾਂ ਗਨੀਮਤ ਸੀ ਪਰ ਇਸ ਹਾਦਸੇ ਨੇ ਇਕ ਵਾਰ ਫਿਰ ਦਿੱਲੀ 'ਚ 2010 'ਚ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਦੇ ਸਫਲ ਆਯੋਜਨ 'ਤੇ ਪ੍ਰਸ਼ਨ ਚਿੰਨ ਲਾ ਦਿੱਤਾ ਹੈ। ਦਿੱਲੀ ਮੈਟਰੋ ਰੇਲ, ਦਿੱਲੀ ਸਰਕਾਰ ਜਾਂ ਫਿਰ ਕੇਂਦਰ ਸਰਕਾਰ ਦੇ ਆਲਾ ਅਫਸਰ ਟੀ. ਵੀ. ਕੈਮਰੇ ਦੇ ਸਾਹਮਣੇ ਤਾਂ ਛਾਤੀ ਠੋਕ ਕੇ ਕਹਿ ਰਹੇ ਹਨ ਕਿ ਇਨ੍ਹਾਂ ਹਾਦਸਿਆਂ ਦਾ ਕਾਰਨ ਜਲਦਬਾਜੀ ਨਹੀਂ ਹੈ। ਪਰ ਉਹ ਮੰਨਦੇ ਹਨ ਕਿ ਰਾਸ਼ਟਰਮੰਡਲ ਖੇਡਾਂ ਤੋਂ ਪਹਿਲਾਂ ਦਿੱਲੀ ਦੀ ਕਾਇਆ ਪਲਟਣ ਦੀ ਦੌੜ 'ਚ ਲਾਗਾਤਾਰ ਗਲਤੀਆਂ ਹੋ ਰਹੀਆਂ ਹਨ ਅਤੇ ਉਹਨਾਂ ਦਾ ਕੀ ਅੰਜਾਮ ਹੋ ਸਕਦਾ ਹੈ। ਮੈਟਰੋ ਦੇ ਪੁਲ ਦਾ ਡਿੱਗਣਾ ਤਾਂ ਘਰੇਲੂ ਮਾਮਲਾ ਮੰਨਿਆ ਜਾ ਸਕਦਾ ਹੈ ਪਰ ਖੁਦਾ ਨਾ ਖਾਸਤਾ ਜੇ ਕਿਸੇ ਸਟੇਡੀਅਮ ਦੀ ਛੱਡ ਡਿੱਗ ਜਾਂਦੀ ਤਾਂ ਰਾਸ਼ਟਰਮੰਡਲ ਦੇ 71 ਦੇਸ਼ਾਂ ਦੇ ਸਾਹਮਣੇ ਭਾਰਤ ਦੀ ਕਿੰਨੀ ਬਦਨਾਮੀ ਹੁੰਦੀ? ਜ਼ਰਾ ਸੋਚੋ ਜੋ ਖੇਡਾਂ ਦੇ ਮੁੱਖ ਸਟੇਡੀਅਮ ਨਹਿਰੂ ਸਟੇਡੀਅਮ ਜਾਂ ਤਾਲਕਟੋਰਾ ਤਰਣਤਾਲ ਨੂੰ ਬਣਾਉਣ 'ਚ ਜ਼ਰਾ ਜਿੰਨੀ ਵੀ ਗਲਤੀ ਹੋਈ ਤਾਂ ਹੋਵੇਗਾ ਕੀ? ਦਿੱਲੀ ਮੈਟਰੋ ਹਾਦਸੇ ਪਿੱਛੋਂ ਉਸ ਦੇ ਮੁਖੀ ਸ੍ਰੀਧਰਨ ਨੇ ਮੰਨਿਆ ਕਿ ਡਿਜ਼ਾਇਨ ਦੀ ਗਲਤੀ ਕਾਰਨ ਹਾਦਸਾ ਹੋਇਆ। ਜੇ ਐਸੀ ਡਿਜ਼ਾਇਨ ਦੀ ਗਲਤੀ ਨਹਿਰੂ ਸਟੇਡੀਅਮ 'ਚ ਹੋਈ ਅਤੇ ਸਟੇਡੀਅਮ ਦੀ ਟ੍ਰੈਕ 400 ਮੀਟਰ ਦੀ ਬਜਾਏ 395 ਮੀਟਰ ਹੀ ਰਹਿ ਗਈ ਤਾਂ ਕੀ ਹੋਊਗਾ? ਜਾਂ ਫਿਰ ਤਰਣਤਾਲ ਦੀ ਡੂੰਘਾਈ ਇਕ ਜਾਂ ਦੋ ਫੁੱਟ ਘੱਟ ਰਹਿ ਗਈ ਤਾਂ ਕੀ ਹੋਵੇਗਾ? ਅਜਿਹੇ 'ਚ ਵੱਖ-ਵੱਖ ਖੇਡਾਂ ਦੇ ਕੌਮਾਂਤਰੀ ਸੰਘ ਦਿੱਲੀ ਦੇ ਆਯੋਜਿਕਾਂ ਲਈ ਪ੍ਰੇਸ਼ਾਨੀ ਖੜੀ ਕਰ ਸਕਦੇ ਸਨ, ਜੇ ਕਿਸੇ ਤਰ੍ਹਾਂ ਇਹਨਾਂ ਸੰਘਾਂ ਨੂੰ ਮਨਾ ਵੀ ਲਿਆ ਗਿਆ ਤਾਂ ਅਜਿਹੇ ਸਟੇਡੀਅਮ 'ਚ ਸਥਾਪਤ ਹੋਣ ਵਾਲੇ ਕੀਰਤੀਮਾਨਾਂ ਨੂੰ ਮਾਨਤਾ ਮਿਲਣੀ ਕਠਿਨ ਹੋ ਸਕਦੀ ਹੈ। ਕਿਸੇ ਵੀ ਮੇਜਬਾਨੀ ਦੇਸ਼ ਲਈ ਇਸ ਤੋਂ ਵੱਡੀ ਸ਼ਰਮ ਦੀ ਗੱਲ ਹੋਊ ਕੀ? ਜਾਂ ਤਾਂ 400 ਮੀਟਰ ਦੇ ਟ੍ਰੈਕ ਵਿੱਚ ਇਕ ਜਾਂ ਦੋ ਮੀਟਰ ਦੀ ਕਮੀ ਮਾਮੂਲੀ ਲੱਗਦੀ ਹੈ ਪਰ ਜੇ ਖੇਡਾਂ ਦੇ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਇਕ ਵਿਸ਼ਵ ਚੈਮਪੀਅਨ ਅਤੇ ਸਧਾਰਨ ਅਥਲੀਟ ਵਿੱਚ ਇਕ ਜਾਂ ਦੋ ਫੁੱਟ ਦਾ ਹੀ ਫਰਕ ਹੁੰਦਾ ਹੈ ਦਿੱਲੀ 'ਚ ਖੇਡਾਂ ਲਈ ਉਸਾਰੀ ਦੇ ਕੰਮ ਪਹਿਲਾਂ ਹੀ ਸਮੇਂ ਤੋਂ ਪਿੱਛੇ ਚੱਲ ਰਹੇ ਹਨ। ਜੇ ਕਿਸੇ ਸਟੇਡੀਅਮ 'ਚ ਐਸੀ ਗਲਤੀ ਪਾਈ ਗਈ ਤਾਂ ਉਸ ਨੂੰ ਸੁਧਾਰਨ ਦਾ ਸਮਾਂ ਹੀ ਨਹੀਂ ਹੋਣਾ। ਐਸਾ ਨਹੀਂ ਕਿ ਭਾਰਤ ਵਿੱਚ ਖੇਡਾਂ ਲਈ ਬਣਨ ਵਾਲੇ ਸਟੇਡੀਅਮ 'ਚ ਪਹਿਲਾਂ ਕਦੀ ਗਲਤੀਆਂ ਹੀ ਨਹੀਂ ਹੋਈਆਂ ਹਨ। ਦਿੱਲੀ 'ਚ 1982 'ਚ ਹੋਣੀਆਂ ਨੌਵੀਆਂ ਏਸ਼ੀਆਈ ਖੇਡਾਂ ਭਾਰਤ ਦੀ ਇਕ ਵੱਡੀ ਸਫਲਤਾ ਮੰਨੇ ਜਾਂਦੇ ਹਨ ਪਰ ਇਹ ਗੱਲ ਧਿਆਨ 'ਚ ਰੱਖਣੀ ਹੋਵੇਗੀ ਕਿ ਨੈਸ਼ਨਲ ਸਟੇਡੀਅਮ

’ਚ ਹਾਕੀ ਲਈ ਵਿਛੀ ਬਣਾਉਣੀ ਏਸਟੋਟਰਫ ਦੋ ਦਫਾ ਲਾਉਣੀ ਪਈ ਸੀ। ਪਹਿਲੀ ਦਫਾ ਲੱਗ ਟਰਫ ਤਕਨੀਕੀ ਤੌਰ ’ਤੇ ਗਲਤ ਸੀ। ਇਸ ਤਰ੍ਹਾਂ ਹਾਕੀ ਸਟੇਡੀਅਮ ਦਾ ਨਿਰਮਾਣ ਸਾਧਾਰਣ ਕੰਮ ਲੱਗਦਾ ਹੈ ਪਰ ਬਣਾਉਟੀ ਘਾਹ ਦੇ ਹੇਠਾਂ ਤਾਰਕੋਲ ਨਾਲ ਉਸ ਦਾ ਅਧਾਰ ਬਣਾਉਣ ’ਚ ਮਹਾਰਤ ਚਾਹੀਦੀ ਹੈ। ਜੇ ਇਸ ’ਚ ਭੋਰਾ ਵੀ ਗਲਤੀ ਹੁੰਦੀ ਹੈ ਤਾਂ ਮੈਦਾਨ ’ਚ ਪਾਣੀ ਰੁਕ ਜਾਂਦਾ ਹੈ ਜੈਸਾ ਕਿ 1982 ’ਚ ਹੋਇਆ ਸੀ ਇਸ ਵਜਾਹ ਕਰਕੇ ਬਣਾਉਟੀ ਘਾਹ ਨੂੰ ਉਖੇੜ ਕੇ ਅਧਾਰ ਨੂੰ ਠੀਕ ਕਰਕੇ ਦੁਬਾਰਾ ਬਣਾਇਆ ਗਿਆ ਸੀ। ਸੰਨ 1982 ’ਚ ਹੋਇਆ ਸੀ। ਇਸ ਵਜਾਹ ਕਰਕੇ ਬਣਾਉਣੀ ਘਾਹ ਨੂੰ ਉਖੇੜ ਕੇ ਅਧਾਰ ਨੂੰ ਠੀਕ ਕਰਕੇ ਦੁਬਾਰਾ ਬਣਾਇਆ ਗਿਆ ਸੀ। ਸੰਨ 1982 ’ਚ ਕੁਝ ਅਜਿਹਾ ਹੀ ਹਾਲ ਨਹਿਰੂ ਸਟੇਡੀਅਮ ਦਾ ਹੋਇਆ ਸੀ। ਸਿੰਥੈਟਿਕ ਟ੍ਰੈਕ ਲਾਉਣ ਪਿੱਛੋਂ ਪਾਇਆ ਗਿਆ ਕਿ ਇਹ ਖੇਡ ਦੇ ਨਿਯਮਾਂ ਮੁਤਾਬਕ ਨਹੀਂ ਬਣੀ ਸੀ ਇਸ ਨੂੰ ਦੁਬਾਰਾ ਬਣਾਇਆ ਗਿਆ। ਇਸ ਤਰ੍ਹਾਂ ਸਾਈਕਲਿੰਗ ਲਈ ਲੱਗੀ ਟ੍ਰੈਕ ਵੀ ਗਲਤ ਸੀ, ਜਿਸ ਨੂੰ ਤੋੜਕੇ ਦੁਆਰਾ ਬਣਾਇਆ ਗਿਆ। ਉਸ ਸਮੇਂ ਏਸ਼ੀਆ ਵਿੱਚ ਜਪਾਨ ਤੋਂ ਇਲਾਵਾ ਹੋਰ ਕੋਈ ਵੱਡੀ ਸ਼ਕਤੀ ਨਹੀਂ ਸੀ ਅਤੇ ਨਾ ਸੰਚਾਰ ਕ੍ਰਾਂਤੀ ਹੋਈ ਸੀ, ਨਾ ਹੀ ਇੰਟਰਨੈਟ ਤੇ ਮੋਬਾਇਲ ਫੋਨ ਦੀਆਂ ਸਹੂਲਤਾਂ ਸਨ। ਇਸ ਲਈ ਇਹ ਖਬਰ ਜ਼ਿਆਦਾਤਰ ਭਾਰਤ ਦੇ ਮੀਡੀਆ ਤੱਕ ਹੀ ਸੀਮਤ ਰਹੀ। ਹੁਣ ਰਾਸ਼ਟਰਮੰਡਲ ’ਚ ਆਸਟ੍ਰੇਲੀਆ, ਕਨੇਡਾ, ਇੰਗਲੈਂਡ ਤੇ ਨਿਊਜ਼ੀਲੈਂਡ ਵਰਗੇ ਵਿਕਸਤ ਦੇਸ਼ ਵੀ ਹਿੱਸਾ ਲੈਣਗੇ। ਖ਼ਬਰਾਂ ਦੇ ਤੇਜ਼ੀ ਨਾਲ ਫੈਲਣ ਦੇ ਦੌਰ ਵਿਚ ਸੋਚਿਆ ਜਾ ਸਕਦਾ ਹੈ ਕਿ ਜੇ ਕੋਈ ਐਸੀ ਗਲਤੀ ਹੋਈ ਤਾਂ ਭਾਰਤ ਦੀ ਬਦਨਾਮੀ ਕਿੰਨੀ ਹੋਊ।

ਹਾਲਾਂਕਿ ਖੇਡ ਅਧਿਕਾਰੀ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹਨ ਕਿ ਖੇਡਾਂ ਦੇ ਸਟੇਡੀਅਮ ਬਣਨ ’ਚ ਦੇਰ ਹੋ ਰਹੀ ਹੈ। ਉਹ ਕਹਿੰਦੇ ਹਨ ਕਿ ‘ਹਰ ਦੇਸ਼ ’ਚ ਜਿਥੇ ਇਸ ਪ੍ਰਕਾਰ ਦੇ ਖੇਡ ਮੇਲੇ ਆਯੋਜਿਤ ਹੁੰਦੇ ਹਨ, ਅਜਿਹੀ ਗੱਲ ਨਹੀਂ ਹੁੰਦੀ ਹੈ। ਇਹ ਗੱਲ ਵੀ ਧਿਆਨ ’ਚ ਰੱਖਣੀ ਪਵੇਗੀ ਕਿ ਭਾਰਤ ’ਚ ਮੀਡੀਆ ਆਜ਼ਾਦ ਹੈ। ਇਥੇ ਸਭ ਗੱਲਾਂ ਸਾਹਮਣੇ ਆ ਜਾਂਦੀਆਂ ਹਨ।’ ਉਧਰ ਆਯੋਜਨ ਸੰਮਤੀ ਦੇ ਜਨਰਲ ਸੈਕਟਰੀ ਲਲਿਤ ਭਨੋਟ ਕਹਿੰਦੇ ਹਨ, ‘ਜੇ ਸਟੇਡੀਅਮ ਇਕ ਸਾਲ ਪਹਿਲਾਂ ਬਣ ਗਏ ਹੁੰਦੇ ਤਾਂ ਖੇਡਾਂ ਦੇ ਆਯੋਜਨ ਸਮੇਂ ਇਹ ਪੁਰਾਣੇ ਲੱਗਦੇ ਇਸ ਲਈ ਇਹ ਠੀਕ ਹੈ ਕਿ ਇਹ ਅਜੇ ਬਣ ਰਹੇ ਹਨ ਅਤੇ ਮੈਨੂੰ ਭਰੋਸਾ ਹੈ ਕਿ ਸਭ ਕੁਝ ਸਮੇਂ ਸਿਰ ਠੀਕ ਹੀ ਹੋਵੇਗਾ।’ ਪਰ ਥੋੜ੍ਹਾ ਕਰੇਦਨ ’ਤੇ ਖੇਡ ਅਧਿਕਾਰੀਆਂ ਦੇ ਚਿਹਰਿਆਂ ’ਤੇ ਚਿੰਤਾਵਾਂ ਸਾਫ਼ ਦਿਸਣ ਲੱਗਦੀਆਂ ਹਨ। ਅਜਿਹੇ ’ਚ ਜਦ ਮੈਟਰੋ ਰੇਲ ਦਾ ਹਾਦਸਾ ਹੋਇਆ ਹੈ ਤਾਂ ਇਹਨਾਂ ਸਟੇਡੀਅਮ ਦੀ ਸਹੀ ਬਨਾਵਟ ਦਾ ਫਿਕਰ ਜ਼ਰੂਰੀ ਹੈ। ਮੁਸ਼ਕਿਲ ਇਹ ਹੈ ਕਿ ਦਿੱਲੀ ’ਚ ਹੋਣ ਵਾਲੀਆਂ ਰਾਸ਼ਟਰ ਮੰਡਲ ਖੇਡਾਂ ਸਰਕਾਰ ਤੇ ਕਾਂਗਰਸ ਪਾਰਟੀ ਲਈ ਇਕ ਰਾਜਸੀ ਮੁੱਦਾ ਵੱਧ ਤੇ ਖੇਡਾਂ ਘੱਟ ਹੈ। ਰਾਜਸੀ ਮੈਦਾਨ ਵਿੱਚ ਵਿਰੋਧੀ ਦਲ ਦੇ ਖਿਲਾਫ਼ ਅੰਕ ਹਾਸਲ ਕਰਨ ’ਚ ਅਤੇ ਆਪਣਾ ਉੱਲੂ ਸਿੱਧਾ ਕਰਨ ਕਰਕੇ ਹੀ ਇਹਨਾਂ ਸਟੇਡੀਅਮ ਦੇ ਬਣਨ ’ਚ ਦੇਰੀ ਹੋ ਰਹੀ ਹੈ। ਇਸ ਇਲਾਜ ਨਾਲ ਰਾਸ਼ਟਰਮੰਡਲ ਖੇਡਾਂ ਦੀ ਦਿੱਲੀ ਅਜੇ ਕਾਫੀ ਦੂਰ ਹੈ। ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦੇ ਬੇਟੇ ਅਤੇ ਸੰਸਦ ਮੈਂਬਰ ਸੰਦੀਪ ਦੀਕਸ਼ਤ ਦੇ ਖੇਤਰ ’ਚ ਯਮੁਨਾ ਨਦੀ ਕਿਨਾਰੇ ਖੇਡ ਪਿੰਡ ਬਣਾਉਣ ਦੀ ਉਸਾਰੀ ਸ਼ੁਰੂ ਕੀਤੀ ਗਈ ਹੈ। ਜੋ ਕਿ ਵਾਤਾਵਰਣ

ਦੀ ਦ੍ਰਿਸ਼ਟੀ ਤੋਂ ਗ਼ਲਤ ਦੱਸਿਆ ਜਾਂਦਾ ਹੈ। ਇਸ ਲਈ ਮਾਮਲਾ ਅਦਾਲਤ 'ਚ ਹੋਣ ਕਰਕੇ ਉਥੇ ਕੰਮ ਰੁਕਿਆ ਹੋਇਆ ਹੈ। ਜੇ ਅਦਾਲਤ ਨੇ ਇਜਾਜ਼ਤ ਦੇ ਵੀ ਦਿੱਤੀ ਤਾਂ ਸੋਚਿਆ ਜਾ ਸਕਦਾ ਹੈ ਕਿ ਜਲਦਬਾਜੀ 'ਚ ਕਿਸ ਪ੍ਰਕਾਰ ਦੇ ਘਰ ਬਣਨਗੇ। ਕੁਝ ਦੇਸ਼ਾਂ ਨੇ ਤਾਂ ਉਥੇ ਰਹਿਣ 'ਚ ਇਤਰਾਜ ਵੀ ਕੀਤਾ ਹੈ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਐਸੀ ਥਾਂ ਆਪਣੇ ਖਿਡਾਰੀਆਂ ਨੂੰ ਨਹੀਂ ਠਹਿਰਾ ਸਕਦੇ ਜਿਸ ਦੇ ਬਹੁਤ ਨੇੜੇ ਨਦੀ 'ਚ ਲਾਸ਼ਾਂ ਨੂੰ ਜਲਾਇਆ ਬਹਾਇਆ ਜਾਂਦਾ ਹੋਵੇ।

# ਕਟਦੇ ਹੋਏ ਜੰਗਲਾਂ ਦਾ ਸ਼ੋਕਗੀਤ

ਨੇਪਾਲ ਦੇ ਜੰਗਲਾਂ 'ਚ ਦਰੱਖਤਾਂ ਦੀ ਅੰਧਾਧੁੰਦ ਕਟਾਈ ਕਾਰਨ ਆਉਣ ਵਾਲੇ ਸਮੇਂ 'ਚ ਉਤਰ ਵਿਹਾਰ ਤੇ ਉਤਰ ਪ੍ਰਦੇਸ਼ ਦੀਆਂ ਨਦੀਆਂ ਹੋਰ ਭਿਅੰਕਰ ਸ਼ਕਲ ਅਖਤਿਆਰ ਕਰਨਗੀਆਂ। ਇਸ ਨਾਲ ਵਾਤਾਵਰਣ ਅਸੰਤੁਲਨ ਦੇ ਨਾਲ-ਨਾਲ ਭੁਚਾਲ ਦੇ ਖਤਰੇ ਵੀ ਵਧਣਗੇ।

ਰਤਵਾ, ਪਰਮਾਨ, ਨੂਨਾ, ਲੋਹੰਦਰਾ, ਖੁਰਾਧਾਰ, ਕਨਕਈ, ਮਾਓਰਾਵਾਂ, ਬਕਰਾ ਚੇਂਗਾ, ਕੌਲ, ਮੇਚੀ, ਗੇਹੂੰਮਾ, ਤ੍ਰਿਸ਼ੂਲਾ, ਭੂਤਵੀ, ਬਲਾਨ, ਬਛਰਾਜਾ, ਕਰੇਹ, ਬੰਗਰੀ ਖਿਰੋਈ, ਦੁਘੋਰਾ, ਬੁਢਨਦ ਆਦਿ। ਇਹ ਸੂਚੀ ਲੰਬੀ ਹੈ, ਆਮ ਆਦਮੀ ਦੀ ਗੱਲ ਤਾਂ ਛੱਡੋ ਜੇ ਦੇਸ਼ ਦੇ ਨਦੀ ਮਾਹਰਾਂ ਤੋਂ ਵੀ ਪੁੱਛਿਆ ਜਾਵੇ ਕਿ ਕੀ ਉਹ ਇਹਨਾਂ ਨਾਵਾਂ ਨਾਲ ਪ੍ਰਚਲਿਤ ਹਨ ਤਾਂ ਸ਼ਾਇਦ ਉਹਨਾਂ ਵਿੱਚੋਂ ਜ਼ਿਆਦਾਤਰ ਕੋਈ ਜੁਆਬ ਨਾ ਦੇ ਸਕੇ। ਅਸਲ 'ਚ ਇਹ ਉਤਰ ਬਿਹਾਰ ਦੀਆਂ ਛੋਟੀਆਂ-ਛੋਟੀਆਂ ਨਦੀਆਂ ਦੇ ਨਾਂ ਹਨ। ਨੇਪਾਲ ਸਥਿਤ ਹਿਮਾਚਲ ਦੀਆਂ ਵੱਖ-ਵੱਖ ਪਰਬਤ-ਲੜੀਆਂ ਤੋਂ ਨਿਕਲਣ ਵਾਲੀਆਂ ਇਹ ਨਦੀਆਂ ਮੁੱਖ ਤੌਰ 'ਤੇ ਮਹਾਨੰਦਾ, ਕੋਸੀ, ਕਮਲਾ ਤੇ ਗੰਡਕ ਦੀਆਂ ਸਹਾਇਕ ਨਦੀਆਂ ਹਨ। ਪੰਜ ਸਾਲ ਪਹਿਲਾਂ ਤਕ ਇਹਨਾਂ ਨਦੀਆਂ 'ਚ ਹੜ੍ਹ ਨਹੀਂ ਆਉਂਦਾ ਸੀ। ਪਰ ਪਿਛਲੇ ਕੁਝ ਸਾਲਾਂ ਤੋਂ ਇਹ ਨਦੀਆਂ ਵੀ ਆਪਣੇ ਆਪਣੇ ਕਿਨਾਰਿਆਂ ਨੂੰ ਤੋੜ ਰਹੀਆਂ ਹਨ ਅਤੇ ਉਤਰ ਬਿਹਾਰ 'ਚ ਕਹਿਰ ਬਰਸਾ ਰਹੀਆਂ ਹਨ। ਸਭ ਤੋਂ ਚਿੰਤਾਜਨਕ ਗੱਲ ਤਾਂ ਇਹ ਹੈ ਕਿ ਬਿਹਾਰ ਦੇ ਕਿਸ਼ਨਗੰਜ, ਕਟਿਹਾਰ ਪੁਰਾਣਿਆਂ ਤੇ ਅਰਿਆ ਜ਼ਿਲ੍ਹੇ ਤੋਂ ਹੋ ਕੇ ਵਗਣ ਵਾਲੀਆਂ ਕਨਕਈ, ਰਤਵਾ, ਬਕਰਾ, ਪਰਮਾਨ, ਨੂਨਾ ਅਤੇ ਮਾਓਰਾਵਾਂ ਵਰਗੀਆਂ ਭੋਲੀਆਂ ਭਾਲੀਆਂ ਨਦੀਆਂ ਨੇ ਇਸ ਵਾਰੀ ਹਮਲਾਵਰ ਰੂਪ ਧਾਰਨ ਕਰ ਲਿਆ ਹੈ। ਸਿੱਟੇ ਵਜੋਂ ਆਮ ਤੌਰ 'ਤੇ ਹੜ੍ਹਾਂ ਦੀ ਮਾਰ ਤੋਂ ਦੂਰ ਰਹਿਣ ਵਾਲੇ ਲੋਕ। ਇਲਾਕੇ ਵੀ ਇਸ ਦੀ ਲਪੇਟ ਵਿਚ ਹਨ। ਸਥਾਨਕ ਲੋਕਾਂ ਨੂੰ ਸਮਝ ਨਹੀਂ ਆ ਰਹੀ ਹੈ ਕਿ ਮਾਜਰਾ ਹੈ ਕੀ? ਨਦੀਆਂ ਦੇ ਬਦਲਦੇ ਰੂਪ ਸਬੰਧੀ ਉਹ ਹੈਰਾਨ ਹਨ ਅਤੇ ਪੁੱਛਦੇ ਫਿਰ ਰਹੇ ਹਨ ਕਿ ਕੱਲ੍ਹ ਤੱਕ ਦੋਸਤਾਨਾ ਰਹਿਣ ਵਾਲੀਆਂ ਨਦੀਆਂ ਅਚਾਨਕ ਦੁਸ਼ਮਣ ਕਿਉਂ ਬਣ ਬੈਠੀਆਂ ਹਨ।

ਭਾਵੇਂ ਹੀ ਰਾਜ ਤੇ ਕੇਂਦਰ ਦੀਆਂ ਸਰਕਾਰਾਂ ਇਸ ਸੁਆਲ ਪ੍ਰਤੀ ਚੁੱਪ ਰਹਿਣ ਪਰ ਇਸ ਦਾ ਜੁਆਬ ਲੱਭਣਾ ਓਨਾ ਮੁਸ਼ਕਲ ਨਹੀਂ ਹੈ। ਦਰਅਸਲ ਇਹ ਹਿਮਾਲਿਆ ਦੇ ਵਿਗੜਦੇ ਵਾਤਾਵਰਣ ਦਾ ਨਤੀਜਾ ਹੈ। ਇਹ ਕੋਈ ਕੁਦਰਤੀ ਘਟਨਾ ਨਹੀਂ ਹੈ ਬਲਕਿ ਮਨੁੱਖ ਦੀ ਆਪਣੀ ਸਹੇੜੀ ਆਫਤ ਹੈ। ਵਿਸਥਾਰਿਤ ਖੋਜਬੀਨ ਤੇ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਪਿਛਲੇ ਕੁਝ ਸਾਲਾਂ 'ਚ ਨੇਪਾਲ ਸਥਿਤ ਹਿਮਾਲਿਆਂ ਦੇ ਜੰਗਲਾਂ ਦੀ ਅੰਨੇਵਾਹ ਕਟਾਈ ਇਸ ਦੀ ਸਭ ਤੋਂ ਵੱਡੀ ਵਜਾਹ ਹੈ। ਦਰਖਤਾਂ ਦੀ ਕਟਾਈ ਕਾਰਨ ਹਿਮਾਚਲ 'ਚ ਧਰਤੀ ਨੂੰ ਖੋਰਾ ਵਧ ਰਿਹਾ ਹੈ ਜਿਸ ਕਾਰਨ ਉਤਰ ਬਿਹਾਰ ਦੀਆਂ ਨਦੀਆਂ 'ਚ ਗਾਰ ਸਿਲਟ ਦੀ ਮਾਤਰਾ 'ਚ ਕਾਫੀ ਵਾਧਾ ਹੋ ਰਿਹਾ ਹੈ। ਇਸ ਨਾਲ ਨਦੀਆਂ ਦੀ ਡੂੰਘਾਈ ਤੇਜੀ ਨਾਲ ਘਟ ਰਹੀ ਹੈ ਅਤੇ ਪਾਣੀ ਦੇ ਵਹਾਅ ਦੀ ਉਹਨਾਂ ਦੀ ਸਮਰੱਥਾ ਦਿਨੋ ਦਿਨ ਘੱਟ ਹੁੰਦੀ ਜਾ ਰਹੀ ਹੈ। ਕੁਝ ਸਾਲ

ਪਹਿਲਾਂ ਤਕ ਨਦੀਆਂ ਮਹੀਨਿਆਂ ਬੱਧੀ ਬਾਰਸ਼ ਨਾਲ ਵੀ ਨਹੀਂ ਉਛਲਦੀਆਂ ਸਨ। ਅੱਜ ਹਿਮਾਲਿਆਂ 'ਚ ਹੋਣ ਵਾਲੀ ਸਿਰਫ ਦੋ ਦਿਨ ਦੀ ਤੇਜ਼ ਬਾਰਸ਼ ਹੀ ਤੱਟ ਬੰਨਾ ਨੂੰ ਤੋੜ ਦਿੰਦੀ ਹੈ। ਜ਼ਿਕਰਯੋਗ ਹੈ ਕਿ ਇਸ ਵਾਰੀ ਬਿਹਾਰ 'ਚ ਤੱਟ ਬੰਨਾ ਟੁੱਟਣ ਦਾ ਨਵਾਂ ਇਤਿਹਾਸ ਰਚਿਆ ਗਿਆ ਹੈ। ਕੋਸੀ ਤੇ ਗੰਡਕ ਨੂੰ ਛੱਡ ਕੇ ਬਿਹਾਰ ਦੀਆਂ ਲਗਭਗ ਸਾਰੀਆਂ ਨਦੀਆਂ ਦੇ ਤੱਟ ਬੰਨ ਇਕ ਤੋਂ ਵੱਧ ਥਾਵਾਂ ਤੋਂ ਟੁੱਟ ਗਏ ਹਨ।

ਵੈਸੇ ਵਧਦੇ ਤਾਪਮਾਨ ਕਾਰਨ ਹਿਮਾਲਿਆਂ ਦੇ ਗਲੈਸ਼ੀਅਰ ਅਤੇ ਉਸ ਦੇ ਵਾਤਾਵਰਣ ਤੇ ਹਾਲਤਾਂ 'ਤੇ ਮੰਡਰਾ ਰਹੇ ਖਤਰੇ ਕਾਰਨ ਪਹਿਲਾਂ ਵੀ ਚਿੰਤਾ ਪ੍ਰਗਟ ਕੀਤੀ ਗਈ ਹੈ। ਚੀਨ ਦੇ ਕੌਮੀ ਮੌਸਮ ਵਿਭਾਗ ਦੇ ਮੁਖੀ ਅਤੇ ਕੌਮਾਂਤਰੀ ਖਾਸੀਅਤ ਹਾਸਲ ਮੌਸਮ ਵਿਗਿਆਨੀ ਝੇਨ ਗੁਓਸੁਮਾਂਗ ਨੇ ਦੋ ਸਾਲ ਪਹਿਲਾਂ ਇਕ ਖੋਜ ਦੇ ਆਧਾਰ 'ਤੇ ਕਿਹਾ ਸੀ ਕਿ ਵਧਦੇ ਤਾਪਮਾਨ ਕਾਰਨ ਹਿਮਾਲਿਆ ਦੇ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਇਸ ਕਾਰਨ ਹਿਮਾਲਿਆ ਤੋਂ ਨਿਕਲ ਕੇ ਭਾਰਤ 'ਚ ਵਗਣ ਵਾਲੀਆਂ ਨਦੀਆਂ 'ਚ ਪਹਿਲਾਂ ਹੜ੍ਹ ਆਵੇਗਾ ਤੇ ਬਾਅਦ 'ਚ ਇਹ ਨਦੀਆਂ ਸੁੱਕ ਜਾਣਗੀਆਂ। ਪਰ ਹਿਮਾਲਿਆ ਦੇ ਜੰਗਲਾਂ ਦੀ ਕਟਾਈ ਅਤੇ ਸਿੱਟੇ ਵਜੋਂ ਪੈਦਾ ਹੋਣ ਵਾਲੇ ਵਾਤਾਵਰਣ ਤੇ ਹਾਲਤਾਂ ਦੇ ਸੰਕਟ ਵੱਲ ਅਜੇ ਜ਼ਿਆਦਾ ਧਿਆਨ ਨਹੀਂ ਦਿੱਤਾ ਗਿਆ ਹੈ ਜਦ ਕਿ ਰਿਕਾਰਡ ਦੱਸਦੇ ਹਨ ਕਿ ਨੇਪਾਲ ਸਥਿਤ ਹਿਮਾਲਿਆ ਦੇ ਜੰਗਲ ਹਰ ਦਿਨ ਸੁੰਗੜ ਰਹੇ ਹਨ। ਨੇਪਾਲ ਸਰਕਾਰ ਦੇ ਵਣ ਵਿਭਾਗ ਤੋਂ ਮਿਲੀ ਸੂਚਨਾ ਅਨੁਸਾਰ, ਉਥੇ ਜੰਗਲ ਦਾ ਖੇਤਰਫਲ 270 ਹੇਕਟੇਅਰ ਰੋਜ਼ਾਨਾ ਦੀ ਦਰ ਨਾਲ ਘਟ ਰਿਹਾ ਹੈ। ਪਿਛਲੇ ਚਾਰ-ਪੰਜ ਸਾਲਾਂ 'ਚ ਜਿੱਥੇ ਜੰਗਲ ਦੇ ਖੇਤਰਫਲ 'ਚ 11 ਲੱਖ 81 ਹਜ਼ਾਰ ਹੇਕਟੇਅਰ ਦੀ ਕਮੀ ਹੋਈ ਹੈ। ਪਿਛਲੇ ਚਾਰ-ਪੰਜ ਸਾਲਾਂ 'ਚ ਜੰਗਲ ਦੇ ਸਫਾਏ ਦੀ ਦਰ 'ਚ ਭਾਰੀ ਵਾਧਾ ਹੋਇਆ ਹੈ ਅਤੇ ਇਹ 2.5 ਫੀਸਦੀ ਸਲਾਨਾ ਦੀ ਦਰ ਨਾਲ ਘੱਟ ਹੋ ਰਿਹਾ ਹੈ। ਸਾਲ 2005 ਤੋਂ 2007 ਦੇ ਅਰਸੇ 'ਚ ਜਿਥੇ ਕੁਲ 7 ਲੱਖ ਹੇਕਟੇਅਰ ਜੰਗਲ ਨੂੰ ਖਤਮ ਕਰ ਦਿੱਤਾ ਗਿਆ। ਇਸ ਮਾਮਲੇ 'ਤੇ ਨੇਪਾਲ ਦੇ ਵਣ ਵਿਭਾਗ ਦੇ ਮਹਾਂਨਿਰਦੇਸ਼ਕ ਕ੍ਰਿਸ਼ਨ ਚੰਦਰ ਪੌਡਾਲ ਨੇ ਕੁਝ ਸਮਾਂ ਪਹਿਲਾਂ ਦੱਸਿਆ ਸੀ ਕਿ 'ਹਿਮਾਲਿਆ ਦੇ ਜੰਗਲਾਂ ਦੀ ਨਜਾਇਜ਼ ਤਰੀਕਿਆਂ ਨਾਲ ਕਟਾਈ ਹੋ ਰਹੀ ਹੈ ਅਤੇ ਜੰਗਲਾਂ ਵਿੱਚ ਬਸਤੀਆਂ ਵਸਾਈਆਂ ਜਾ ਰਹੀਆਂ ਹਨ। ਜੰਗਲਾਂ 'ਤੇ ਮਾਫੀਆ ਦਾ ਕਬਜਾ ਵਧਦਾ ਜਾ ਰਿਹਾ ਹੈ।'

ਜ਼ਿਕਰਯੋਗ ਹੈ ਕਿ ਮਾਓਵਾਦੀਆਂ ਦੇ ਵਿਦਰੋਹ ਦੌਰਾਨ ਨੇਪਾਲ ਦੇ ਜੰਗਲਾਂ ਤੋਂ ਵਣ ਵਿਭਾਗ ਦੇ ਦਫਤਰ ਹਟਾ ਲਏ ਗਏ ਸਨ। ਜੰਗਲ ਦੇ ਬਹੁਤੇ ਹਿੱਸੇ ਸਰਕਾਰ ਦੇ ਕੰਟਰੋਲ ਤੋਂ ਬਾਹਰ ਚਲੇ ਗਏ ਸਨ। ਇਸ ਪਿੱਛੋਂ ਤਾਂ ਨੇਪਾਲੀ ਜੰਗਲਾਂ 'ਤੇ ਮਾਓਵਾਦੀਆਂ ਦਾ ਕਬਜ਼ਾ ਹੋ ਗਿਆ ਗਿਆ। ਜੋ ਅੱਜ ਵੀ ਜਾਰੀ ਹੈ। ਰੌਤਾਹਾਟ, ਕੈਲਾਲੀ, ਬਾਂਕੇ, ਨਵਲਪਰਾਸੀ, ਕੰਚਨਪੁਰ, ਚੁਰੂ, ਸਿਰਹਾ, ਬਾਰਾ, ਸਪਰੀ, ਮੋਰੰਗ ਅਤੇ ਸੁਨਸਰੀ ਵਰਗੇ ਜ਼ਿਲ੍ਹੇ ਦੇ ਜੰਗਲਾਂ ਦੇ ਜ਼ਿਆਦਾਤਰ ਹਿੱਸੇ ਅੱਜ ਵੀ ਸਰਕਾਰੀ ਕੰਟਰੋਲ ਤੋਂ ਬਾਹਰ ਹਨ। ਨੇਪਾਲ ਦੇ ਇਕ ਜ਼ਿਲ੍ਹਾ ਵਣ ਅਧਿਕਾਰੀ ਨੇ ਤਾਂ ਇਥੋਂ ਤੱਕ ਕਿਹਾ ਕਿ 75 ਫੀਸਦੀ ਜੰਗਲ ਸਾਫ਼ ਹੋ ਗਏ ਹਨ। ਨੇਪਾਲ ਦੀਆਂ ਲੱਕੜਾਂ, ਤਿੱਬਤ, ਭੂਟਾਨ, ਬਿਹਾਰ, ਉਤਰ ਪ੍ਰਦੇਸ਼ ਤੋਂ ਲੈ ਕੇ ਚੀਨ ਦੇ ਸ਼ਹਿਰਾਂ ਤੱਕ ਪਹੁੰਚ ਰਹੀਆਂ ਹਨ। ਤਿੱਬਤ 'ਚ ਬਣਨ ਵਾਲੇ ਲਗਭਗ ਹਰ ਘਰ 'ਚ ਨੇਪਾਲ ਦੀ ਲੱਕੜ ਲੱਗ ਰਹੀ ਹੈ।

ਨੇਪਾਲ 'ਚ ਜੰਗਲਾਂ ਦੀ ਹਾਲਤ ਇਸ ਹੱਦ ਤੱਕ ਤਰਸਯੋਗ ਹੋ ਗਈ ਹੈ ਇਸ ਦਾ ਅੰਦਾਜਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਪਿਛਲੇ ਦਿਨੀਂ ਉਥੇ ਵਣ ਵਿਭਾਗ ਦੇ ਇਕ ਮਾਹਰ ਦਲ ਨੇ ਸਰਕਾਰ ਨੂੰ ਸੁਝਾਅ ਦਿੱਤਾ ਕਿ ਜੰਗਲਾਂ ਦੀ ਰਾਖੀ ਲਈ ਸੰਵਿਧਾਨ 'ਚ ਕੁਝ ਸੋਧਾਂ ਕੀਤੀਆਂ ਜਾਣ। ਵਿਸ਼ੇਸ਼ ਦਲ ਨੇ ਕਿਹਾ ਕਿ ਸੰਵਿਧਾਨਿਕ ਵਿਵਸਥਾਵਾਂ ਰਾਹੀਂ ਇਹ ਯਕੀਨੀ ਹੋਵੇ ਕਿ ਦੇਸ਼ ਦੇ 40 ਫੀਸਦੀ ਹਿੱਸੇ 'ਚ ਹਮੇਸ਼ਾ ਜੰਗਲ ਮੌਜੂਦ ਰਹੇ। ਪਿਛਲੀ ਮਈ 'ਚ ਰੌਤਾਹਟ ਦੇ ਜੰਗਲਾਂ 'ਚ ਦਰੱਖਤਾਂ ਦੀ ਅੰਨੇਵਾਹ ਕਟਾਈ ਦੀ ਜਾਂਚ ਨੇਪਾਲ ਦੇ ਉਸ ਵੇਲੇ ਦੇ ਵਣ ਮੰਤਰੀ ਪ੍ਰਸਾਦ ਯਾਦਵ ਨੇ ਖੁਦ ਕੀਤੀ ਸੀ ਪਰ ਭਾਰੀ ਰਾਜਸੀ ਦਬਾਅ ਕਾਰਨ ਉਹ ਕੋਈ ਕਾਰਵਾਈ ਨਹੀਂ ਕਰ ਸਕੇ। ਸਥਿਤੀ ਇਹ ਹੈ ਕਿ ਜੰਗਲ ਮਾਫੀਆ ਨੂੰ ਕੁੱਲ ਮਿਲਾ ਕੇ ਸਭ ਰਾਜਸੀ ਪਾਰਟੀਆਂ ਦੀ ਹਮਾਇਤ ਹਾਸਲ ਹੈ। ਇਸ ਮੁੱਦੇ 'ਤੇ ਫੈਡਰੇਸ਼ਨ ਆਫ ਕਮਿਊਨਿਟੀ ਫਾਰੇਸਟ ਯੂਜ਼ਰ ਗਰੁੱਪ ਨੇਪਾਲ (FOCFG) ਦੇ ਕਾਰਜਕਾਰੀ ਨਿਰਦੇਸ਼ਕ ਘਨਸ਼ਾਮ ਪਾਂਡੇ ਕਹਿੰਦੇ ਹਨ 'ਰਾਜਸੀ ਪਾਰਟੀਆਂ ਜੰਗਲੀ ਜ਼ਮੀਨ ਆਪਣੇ-ਆਪਣੇ ਸਮਰਥਕਾਂ ਨੂੰ ਖੁਲ੍ਹੇਆਮ ਵੰਡ ਰਹੀਆਂ ਹਨ। ਪਿਛਲੀ ਮਾਓਵਾਦੀ ਸਰਕਾਰ ਨੇ ਜੰਗਲ ਦੀ ਹਜ਼ਾਰਾਂ ਏਕੜ ਜ਼ਮੀਨ ਆਪਣੇ ਸਮਰਥਕਾਂ 'ਚ ਵੰਡ ਦਿੱਤੀ ਸੀ। ਹੁਣ ਤਕ ਇਹ ਇਕ ਰਵਾਇਤ ਜਿਹੀ ਹੋ ਗਈ ਹੈ ਕਿ ਵੋਟ ਲੈਣੀ ਹੈ ਤਾਂ ਜੰਗਲ ਦੀ ਜ਼ਮੀਨ ਦੀ ਵਰਤੋਂ ਕਰੋ। ਹਾਲਾਂਕਿ ਹਾਲ ਦੇ ਸਾਲਾਂ ਵਿੱਚ ਕਿਸੇ ਵੀ ਸਰਕਾਰ ਜਾਂ ਗੈਰ ਸਰਕਾਰੀ ਸੰਸਥਾ ਨੇ ਇਹਨਾਂ ਨਦੀਆਂ ਵਿੱਚ ਮਲਬੇ ਦੀ ਵਧਦੀ ਦਰ 'ਤੇ ਕੋਈ ਵਿਸਥਾਰਿਤ ਸੋਧ ਨਹੀਂ ਕੀਤੀ ਗਈ ਹੈ ਪਰ ਕਈ ਮਾਹਰਾਂ ਦਾ ਮੰਨਣਾ ਹੈ ਕਿ ਇਸ ਵਿੱਚ ਪਹਿਲਾਂ ਤੋਂ ਹੀ ਬੇਹੱਦ ਵਾਧਾ ਹੋ ਰਿਹਾ ਹੈ। ਨੇਪਾਲ ਦੇ ਸਾਬਕਾ ਜਲ ਸਰੋਤਾਂ ਦੇ ਮੰਤਰੀ ਤੇ 'ਨੇਪਾਲ ਵਾਟਰ ਕੰਜਰਵੇਸ਼ਨ ਫਾਊਂਡੇਸ਼ਨ' ਦੇ ਪ੍ਰਧਾਨ ਦੀਪਕ ਗਯਾਵਲੀ ਕਹਿੰਦੇ ਹਨ, 'ਸਿਰਫ ਕੋਸੀ ਨਦੀ ਵਿੱਚ ਹਰ ਸਾਲ ਲਗਭਗ ਇਕ ਹਜ਼ਾਰ ਲੱਖ ਘਨਮੀਟਰ ਮਲਬਾ ਜਮ੍ਹਾਂ ਹੋ ਰਿਹਾ ਹੈ ਅਤੇ ਹਰ ਸਾਲ ਇਸ ਦੀ ਮਾਤਰਾ ਵਧ ਰਹੀ ਹੈ ਇਸ ਦੇ ਕਾਰਨ ਨਦੀ ਦਾ ਤਲ ਆਸ ਪਾਸ ਦੇ ਧਰਾਤਲ ਤੇ ਔਸਤਨ ਪੰਜ ਫੁੱਟ ਉਚਾ ਹੋ ਗਿਆ ਹੈ ਜ਼ਿਕਰਯੋਗ ਹੈ ਕਿ ਸੰਨ 1982 'ਚ ਐਮ. ਐਸ. ਕ੍ਰਿਸ਼ਣਨ ਨੇ ਕੋਸੀ ਦੇ ਮਲਬੇ (ਗਾਰ) 'ਤੇ ਇਕ ਅਧਿਐਨ ਕੀਤਾ ਸੀ ਅਤੇ ਪਾਇਆ ਸੀ ਕਿ ਇਸ 'ਚ ਸਲਾਨਾ 100 ਲੱਖ ਘਣਮੀਟਰ ਗਾਦ (ਮਲਬਾ) ਜਮ੍ਹਾਂ ਹੋ ਰਿਹਾ ਹੈ। ਇਸ ਦਾ ਅਰਥ ਇਹ ਹੋਇਆ ਕਿ ਪਿਛਲੇ 26-27 ਸਾਲਾਂ 'ਚ ਇਸ 'ਚ ਦਸ ਗੁਣਾ ਵਾਧਾ ਹੋਇਆ ਹੈ। ਹਾਲ 'ਚ ਹਿਮਾਲਿਆ ਤੋਂ ਨਿਕਲਣ ਵਾਲੀਆਂ ਨਦੀਆਂ ਦੇ ਮਲਬੇ 'ਤੇ ਆਈ ਆਈ ਟੀ ਕਾਨਪੁਰ ਦੇ ਭੂ-ਵਿਗਿਆਨ ਵਿਭਾਗ ਨੇ ਇਕ ਖੋਜ ਕੀਤੀ ਹੈ। ਇਸ ਮੁਤਾਬਕ ਵਧਦੇ ਮਲਬਿਆਂ ਕਾਰਨ ਗੰਗਾ ਨਦੀ ਦੁਨੀਆਂ ਦੀ ਸਭ ਤੋਂ ਵੱਧ ਗੰਦ ਢੋਹਣ ਵਾਲੀ ਨਦੀ ਬਣਦੀ ਜਾ ਰਹੀ ਹੈ। ਇਸ 'ਚ ਹਰ ਸਾਲ 7 ਹਜ਼ਾਰ 490 ਲੱਖ ਟਨ ਗਾਦ ਗਾਰਾ ਜਮਾ ਹੋ ਰਿਹਾ ਹੈ। ਇਸ ਕਾਰਨ ਗੰਗਾ ਦੀ ਡੂੰਘਾਈ ਘਟ ਰਹੀ ਹੈ। ਜਾਹਿਰ ਹੈ ਕਿ ਗੰਗਾ 'ਚ ਇਹ ਗਾਦ ਉਸ ਦੀਆਂ ਸਹਾਇਕ ਨਦੀਆਂ ਰਾਹੀਂ ਹੀ ਪੁੱਜ ਰਹੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ 'ਚ ਬਿਹਾਰ ਦੇ ਮੋਕਾਮਾ ਤੋਂ ਲੈ ਕੇ ਭਾਗਲਪੁਰ ਵਿਚਕਾਰ ਗੰਗਾ ਦੇ ਵਿਹਾਰ 'ਚ ਇਕ ਬਦਲਾਅ ਵੇਖਿਆ ਜਾ ਰਿਹਾ ਹੈ। ਇਸ ਪੱਟੀ 'ਚ ਗੰਗਾ ਦੀ ਚੌੜਾਈ ਲਗਾਤਾਰ ਵਧ ਰਹੀ ਹੈ ਅਤੇ ਉਸ ਦੇ ਨਵੇਂ ਨਵੇਂ ਪ੍ਰਵਾਹ

ਮਾਰਗ ਵਿਕਸਤ ਹੋ ਰਹੇ ਹਨ। ਪਿਛਲੇ ਸਾਲ ਹੀ ਇਸ ਕਾਰਨ ਖੜ੍ਹ ਗਿਆ ਤੇ ਨੌਂਗਡਿਆ ਅਤੇ ਭਾਗਲਪੁਰ ਪਾਸ ਸੈਂਕੜੇ ਪਿੰਡ ਨਦੀ 'ਚ ਵਿਲੀਨ ਹੋ ਗਏ ਹਨ।

ਅਜਿਹਾ ਨਹੀਂ ਹੈ ਕਿ ਗਾਦ ਦੀ ਵਧਦੀ ਮਾਤਰਾ ਕਾਰਨ ਸਿਰਫ ਹੜ ਦਾ ਹੀ ਖਤਰਾ ਹੈ ਬਲਕਿ ਇਸ ਨਾਲ ਆਉਣ ਵਾਲੇ ਸਮੇਂ 'ਚ ਭਿਆਨਕ ਭੂ-ਗਰਭੀ ਅਤੇ ਤਾਪਮਾਨ 'ਚ ਵਾਧੇ ਦੇ ਖਤਰੇ ਵੀ ਵਿਕਸਤ ਹੋ ਸਕਦੇ ਹਨ। ਕਈ ਭੂ-ਗਰਭ ਵਿਗਿਆਨੀਆਂ ਦਾ ਮੰਨਣਾ ਹੈ ਕਿ ਵੱਧ ਗਾਦ ਆਉਣ ਕਾਰਨ ਗੰਗਾ ਦੇ ਮੈਦਾਨੀ ਇਲਾਕੇ 'ਚ ਧਰਤੀ ਨੂੰ ਖੋਰੇ ਦੇ ਖਤਰੇ ਪੈਦਾ ਹੋਣਗੇ। ਅਸੰਤੁਲਨ ਵਧੇਗਾ। ਜਿਸ ਨਾਲ ਭੁਚਾਲ ਦਾ ਖਤਰਾ ਵਧੇਗਾ। ਸਭ ਤੋਂ ਵੱਡੀ ਗੱਲ ਇਹ ਹੈ ਕਿ ਹਿਮਾਲਿਆਂ ਦੇ ਲਗਾਤਾਰ ਅਪਰਦਨ ਕਾਰਨ ਨੇ ਪਾਲ ਭੂਟਾਨ, ਉਤਰ, ਭਾਰਤ ਤਿੱਬਤ ਤੇ ਬੰਗਲਾਦੇਸ਼ ਦੇ ਮੌਨਸੂਨ ਪੈਟਰਨ ਵੀ ਬਦਲ ਸਕਦੇ ਹਨ। ਇਸ ਮਸਲੇ 'ਤੇ ਰਾਂਚੀ ਯੂਨੀਵਰਸਿਟੀ ਦੇ ਭੂਗਰਭ ਸਾਸ਼ਤਰੀ ਨਿਤੀਸ਼ ਪ੍ਰਿਆਦਰਸ਼ੀ ਕਹਿੰਦੇ ਹਨ 'ਹਿਮਾਲਿਆ ਦੇ ਭੁਗੋਲ ਤੇ ਹਾਲਾਤ 'ਚ ਬਦਲਾਅ ਦਾ ਅਸਰ ਬਹੁਤ ਵਿਆਪਕ ਹੋਵੇਗਾ। ਇਸ ਕਾਰਨ ਹੜ੍ਹ ਤੋਂ ਲੈ ਕੇ ਭੁਚਾਲ ਤਕ ਆ ਸਕਦੇ ਹਨ ਅਤੇ ਪੂਰਾ ਇਲਾਕਾ ਭੂਗੋਲਿਕ ਤੌਰ 'ਤੇ ਅਸਥਿਰ ਹੋ ਸਕਦਾ ਹੈ।

# ਜਲਵਾਯੂ ਤਬਦੀਲੀ ਸਬੰਧੀ ਜ਼ਿੰਮੇਵਾਰੀ ਕਿਸ ਦੀ?

ਇਸ ਸਬੰਧੀ ਜ਼ਿੰਮੇਵਾਰੀ ਬਰਾਬਰ ਦੀ ਹੋਣੀ ਚਾਹੀਦੀ ਹੈ। ਵਿਕਾਸਸ਼ੀਲ ਦੇਸ਼ ਕਾਰਬਨ ਕਟੌਤੀ ’ਚ ਵੱਡੀ ਭੂਮਿਕਾ ਨਿਭਾ ਕੇ ਦੁਨੀਆਂ ਦਾ ਵਾਤਾਵਰਣ ਬਚਾਉਣ ’ਚ ਮਦਦਗਾਰ ਹੋ ਸਕਦੇ ਹਨ। ਕੋਪਨਹੇਗਨ ਤੋਂ ਕੀ ਉਮੀਦ ਹੋਵੇਗੀ। ਸਾਲ 2007 ’ਚ ਇੰਟਰਗਵਰਨਮੇਂਟਲ ਪੈਨਲ ਆਨ ਕਲਾਈਮੇਟ ਚੇਂਜ (IPCC) ਨੇ ਜਦ ਚੌਥੀ ਅਸੈਸਮਿੰਟ ਰਿਪੋਰਟ ਜਾਰੀ ਕੀਤੀ ਤਦ ਜਾ ਕੇ ਪਹਿਲੀ ਵਾਰੀ ਲੋਕਾਂ ਨੂੰ ਇਹ ਗਹਿਰਾ ਅਹਿਸਾਸ ਹੋਇਆ ਕਿ ਮਨੁੱਖੀ ਸਮੂਹ ਕਿਸ ਤਰ੍ਹਾਂ ਨਾਲ ਪ੍ਰਿਥਵੀ ਦੇ ਜਲਵਾਯੂ ਨੂੰ ਵਿਗਾੜ ਰਿਹਾ ਹੈ। ਇਸ ਰਿਪੋਰਟ ’ਚ ਸਾਫ ਸਾਫ ਦੱਸਿਆ ਗਿਆ ਸੀ ਕਿ ਜੇ ਜਲਵਾਯੂ ਵਿਗਾੜਨ ਦੀ ਸਰਗਰਮੀਆਂ ’ਤੇ ਰੋਕ ਨਹੀਂ ਲਾਈ ਜਾਂਦੀ ਤਾਂ ਆਉਣ ਵਾਲੇ ਦਿਨਾਂ ’ਚ ਸਾਨੂੰ ਕੁਦਰਤੀ ਬਿਪਤਾ ਸਮੇਂ ਕਈ ਤਰ੍ਹਾਂ ਦੇ ਸੰਕਟਾਂ ਨਾਲ ਦੋ-ਚਾਰ ਹੋਣਾ ਪਵੇਗਾ। ਇਸ ਮੁੱਦੇ ’ਤੇ ਦੁਨੀਆ ਭਰ ਦੇ ਦੇਸ਼ਾਂ ਦੀ ਬੈਠਕ ਕੋਪਨਹੇਗਨ ’ਚ ਦਸੰਬਰ 2009 ’ਚ ਹੋਣ ਵਾਲੀ ਹੈ। ਉਮੀਦ ਹੈ ਕਿ ਇਸ ’ਚ ਕੋਈ ਕੌਮਾਂਤਰੀ ਸਮਝੌਤਾ ਹੋਵੇਗਾ। ਇਸ ਮੀਟਿੰਗ ’ਚ ਭਾਰਤ ਦਾ ਪੱਖ ਕੀ ਹੋਵੇਗਾ ਇਸ ਸਬੰਧੀ ਕਿਆਸ ਅਰਾਈਆਂ ਦਾ ਦੌਰ ਵੀ ਸ਼ੁਰੂ ਹੋ ਚੁੱਕਿਆ ਹੈ। ਇਸ ਮੁੱਦੇ ’ਤੇ ਭਾਰਤ ਦਾ ਪੱਖ ਕੀ ਹੋਵੇ। ਇਹ ਸਮਝਣ ਤੋਂ ਪਹਿਲਾਂ ਸਾਨੂੰ ਚੌਥੀ ਅਸੈਸਮੇਂਟ ਰਿਪੋਰਟ ’ਤੇ ਨਜਰ ਮਾਰਨੀ ਪੈਣੀ ਹੈ। ਦੁਨੀਆਂ ਇਹ ਮੰਨ ਚੁੱਕੀ ਹੈ ਕਿ ਪ੍ਰਿਥਵੀ ਦੇ ਜਲਵਾਯੂ ਨੂੰ ਮਨੁੱਖ ਪ੍ਰਭਾਵਿਤ ਕਰ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ’ਚ ਕੁਦਰਤ ’ਤੇ ਉਸ ਦਾ ਜੁਲਮ ਵਧਣ ਹੀ ਵਾਲਾ ਹੈ ਇਹੀ ਵਜਾਹ ਹੈ ਕਿ ਵੀਹਵੀਂ ਸਦੀ ’ਚ ਧਰਤੀ ਦਾ ਤਾਪਮਾਨ 0.74 ਡਿਗਰੀ ਸੈਲਸੀਅਸ ਵਧ ਗਿਆ ਹੈ ਅਤੇ ਸਮੁੰਦਰ ਤਲ ਦੀ ਉਚਾਈ 17 ਸੈਂਟੀਮੀਟਰ ਵਧ ਗਈ ਹੈ। ਇਸ ਸਾਲ ਤਾਂ ਸਮੁੰਦਰੀ ਪਾਣੀ ’ਚ ਰਿਕਾਰਡ ਗਰਮੀ ਦਰਜ ਕੀਤੀ ਗਈ। ਜਲਵਾਯੂ ਤਬਦੀਲੀ ਦਾ ਮਤਲਬ ਸਿਰਫ ਧਰਤੀ ਦਾ ਤਾਪਮਾਨ ਵਧਣ ਨਾਲ ਨਹੀਂ ਹੈ। ਇਸ ਦੇ ਕਾਰਨ ਹੀ ਹੜ੍ਹ, ਤੂਫਾਨ, ਸੋਕਾ ਤੇ ਅਕਾਲ ਆਉਣ ਦਾ ਰੁਝਾਣ ਅਤੇ ਜਲ ਚੱਕਰ ਪ੍ਰਭਾਵਿਤ ਹੁੰਦਾ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਕਰੋੜਾਂ ਕਿਸਾਨ ਖੇਤੀ ਲਈ ਮੌਨਸੂਨ ’ਤੇ ਨਿਰਭਰ ਹਨ। ਜਲ ਚੱਕਰ ਗੜਬੜਾਉਣ ਨਾਲ ਮੌਨਸੂਨ ਪ੍ਰਭਾਵਿਤ ਹੁੰਦੀ ਹੈ ਤੇ ਇਸ ਨਾਲ ਖੇਤੀ ਕਿਸਾਨੀ ਬਰਬਾਦ ਹੁੰਦੀ ਹੈ। ਲਿਹਾਜਾ ਅਨਾਜ ਦਾ ਸੰਕਟ ਤਾਂ ਪੈਦਾ ਹੁੰਦਾ ਹੀ ਹੈ। ਕਿਸਾਨਾਂ ਦੀ ਸਮਾਜਕ ਹੋਂਦ ਦਾ ਸੰਕਟ ਵੀ ਵਧਦਾ ਹੈ। ਵਿਕਾਸ ਦੀ ਆਪਾਧਾਪੀ ਨੇ ਹਾਲ ਦੇ ਸਾਲਾਂ ਵਿੱਚ ਗ੍ਰੀਨ ਹਾਊਸ ਗੈਸਾਂ (ਕਾਰਬਨ ਡਾਈਆਕਸਾਈਡ ਕਾਰਬਨ ਮੋਨੋਆਸਾਈਡ, ਕਲੋਰੋਫਲੋਰੋ ਕਾਰਬਨ ਆਦਿ) ਦੀ ਮਾਤਰਾ ਨੂੰ ਵਾਯੂ ਮੰਡਲ ’ਚ ਕਾਫੀ ਵਧਾਇਆ ਹੈ। ਸੱਚ ਤਾਂ ਇਹ ਹੈ ਕਿ ਜੋ ਦੇਸ਼ ਜਿੰਨਾ ਵਿਕਾਸ ਦੀ ਰਾਹ ’ਤੇ ਉਹ ਉਨਾ ਹੀ ਵਾਯੂਮੰਡਲ ’ਚ ਗ੍ਰੀਨ ਹਾਊਸ ਗੈਸਾਂ ਦੀ ਮਾਤਰਾ ਵਧਾ ਰਿਹਾ ਹੈ। ਇਸ ਨਾਲ ਤਾਪਮਾਨ ਵਧ ਰਿਹਾ ਹੈ। ਜੇ ਮਨੁੱਖੀ ਭਾਈਚਾਰਾ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ’ਤੇ ਰੋਕ ਨਾ ਲਾ ਸਕਿਆ ਤਾਂ ਵਾਯੂਮੰਡਲ ਪ੍ਰੀਵਰਤਨ ਨਾਲ ਮੁਸ਼ਕਲਾਂ ਵਧਣਗੀਆਂ। ਆਈ. ਪੀ. ਸੀ. ਸੀ. ਦੇ ਵਿਗਿਆਨਕ ਮੁਲਅੰਕਣ ਨੂੰ ਵੇਖਦੇ ਹੋਇਆ ਵਿਸ਼ਵੀ ਭਾਈਚਾਰੇ ਨੇ ਤਾਂ 1982 ਵਿਚ ਹੀ ਸੰਯੁਕਤ ਰਾਸ਼ਟਰ ਸੰਘ ਦੇ ਫ੍ਰੇਮਵਰਕ ਕਨਵੇਨਸ਼ਨ ਆਨ ਕਲਾਈਮੇਟ

ਚੇਂਜ (UNFCC) ਦੀ ਸਹਿਮਤੀ ਜਤਾਈ ਸੀ ਜਿਸ ਨੂੰ 1997 'ਚ ਕਯੋਤੀ ਪ੍ਰੋਟੋਕੋਲ ਦੇ ਤਹਿਤ ਸਵਿਕਾਰਿਆ ਗਿਆ। ਪਰ ਪਿੱਛੋਂ ਅਮਰੀਕਾ ਤੇ ਆਸਟਰੇਲੀਆ ਨੇ ਇਸ ਪ੍ਰੋਟੋਕੋਲ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਇਸ ਪ੍ਰੋਟੋਕੋਲ 'ਚ 2012 ਤਕ ਗ੍ਰੀਨ ਹਾਊਸ ਗੈਸਾਂ ਦੀ ਪੈਦਾਇਸ਼ ਤੇ ਰੋਕ ਲਾਉਣ ਦੀ ਵਿਵਸਥਾ ਹੈ। ਉਮੀਦ ਹੈ ਕਿ ਦਸੰਬਰ 'ਚ ਇਸ 'ਤੇ ਸਹਿਮਤੀ ਹੋ ਜਾਵੇਗੀ। ਪਰ ਇਹ ਬਦਕਿਸਮਤੀ ਹੀ ਹੈ ਕਿ ਸਮਝੌਤੇ ਦੇ 17 ਸਾਲ ਲੰਘ ਜਾਣ ਪਿੱਛੋਂ ਵੀ ਵਿਕਸਤ ਦੇਸ਼ ਆਪਣੀ ਜ਼ਿੰਮੇਵਾਰੀ ਤੋਂ ਕੰਨੀ ਕਤਰਾ ਰਹੇ ਹਨ। ਭਾਰਤ ਦੀ ਗਿਣਤੀ ਵਿਕਾਸਸ਼ੀਲ ਦੇਸ਼ਾਂ ਵਿੱਚ ਹੁੰਦੀ ਹੈ। ਇਸ ਮਾਮਲੇ 'ਚ ਭਾਰਤ ਦਾ ਰਵੱਈਆ ਇਸ ਸਿਧਾਂਤ ਨਾਲ ਮੇਲ ਖਾਂਦਾ ਹੈ। ਜਿਸ ਮੁਤਾਬਕ ਸਭ ਦੇ ਲਈ ਇਕੋ ਜਿਹੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਇਹ ਸੰਯੁਕਤ ਰਾਸ਼ਟਰ ਸੰਘ ਦੇ ਪ੍ਰਸਤਾਵ 'ਚ ਵੀ ਸੀ। ਜਿਸ 'ਚ ਕਿਹਾ ਗਿਆ ਹੈ ਕਿ ਵਿਕਸਤ ਦੇਸ਼ਾਂ ਨੂੰ ਇਸ ਦਿਸ਼ਾ ਵਿੱਚ ਪਹਿਲੀ ਕਰਨੀ ਹੋਵੇਗੀ। ਉਹਨਾਂ ਨੂੰ ਕਾਰਬਨ ਕਟੌਤੀ ਵਿਚ ਅਹਿਮ ਭੂਮਿਕਾ ਨਿਭਾਉਣੀ ਹੋਵੇਗੀ ਅਤੇ ਵਿਕਾਸਸ਼ੀਲ ਤੇ ਅਵਿਕਸਤ ਦੇਸ਼ਾਂ ਨੂੰ ਆਰਥਕ ਤੇ ਤਕਨੀਕੀ ਮਦਦ ਵੀ ਦੇਣੀ ਹੋਵੇਗੀ। ਸੱਚਾਈ ਇਹ ਵੀ ਹੈ ਕਿ ਭਾਰਤ ਆਪਣੇ ਇਥੇ ਜਲਵਾਯੂ ਤਬਦੀਲੀ ਨਾਲ ਹੋਣ ਵਾਲੇ ਨੁਕਸਾਨ ਨੂੰ ਹੁਣ ਤੱਕ ਨਜ਼ਰਅੰਦਾਜ਼ ਕਰਦਾ ਆ ਰਿਹਾ ਹੈ। ਲੰਮੇ ਤੇ ਫੈਲੇ ਹੋਏ ਸਮੁੰਦਰੀ ਤੱਟ ਸਾਡੀ ਵਿਰਾਸਤ ਹਨ ਪਰ ਸਮੁੰਦਰ ਦਾ ਜਲ ਪੱਧਰ ਲਗਾਤਾਰ ਵਧ ਰਿਹਾ ਹੈ। ਇਸ ਨਾਲ ਤੱਟੀ ਇਲਾਕਿਆਂ 'ਚ ਜਨ ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਹੁਣ ਛੋਟੇ ਮੋਟੇ ਸਮੁੰਦਰੀ ਤੂਫਾਨ ਵੀ ਤੱਟੀ ਇਲਾਕਿਆਂ 'ਚ ਭਿਅੰਕਰ ਤਬਾਹੀ ਮਚਾਉਂਦੇ ਹਨ। ਇਸ ਤੋਂ ਇਲਾਵਾ ਪਿਘਲਦੇ ਗਲੇਸ਼ੀਅਰਾਂ ਕਾਰਨ ਵੀ ਦੇਸ਼ ਦੇ ਕਈ ਹਿੱਸਿਆਂ 'ਚ ਪਾਣੀ ਦੀ ਉਪਲੱਭਤਾ ਇਕ ਬਰਾਬਰ ਨਹੀਂ ਹੈ। ਇਸ ਨਾਲ ਸਾਡੀ ਖੇਤੀ ਤੇ ਸਿਹਤ ਪ੍ਰਭਾਵਿਤ ਹੋ ਰਹੀ ਹੈ। ਉਦਾਹਰਣ ਵਜੋਂ ਸਾਡੇ ਖੇਤੀ ਵਿਗਿਆਨੀਆਂ ਨੇ ਪਤਾ ਲਾਇਆ ਹੈ ਕਿ ਜਲਵਾਯੂ ਪ੍ਰੀਵਰਤਨਾਂ ਕਰਕੇ ਸਾਡੇ ਇਥੇ ਕਣਕ ਦੀ ਪੈਦਾਵਾਰ ਘੱਟ ਹੁੰਦੀ ਜਾ ਰਹੀ ਹੈ। ਬਾਵਜੂਦ ਇਸ ਦੇ ਭਾਰਤ ਇਹਨਾਂ ਸਭ ਚੁਣੌਤੀਆਂ ਨਾਲ ਨਿਪਟਣ ਲਈ ਤਿਆਰ ਹੈ। ਇਸ ਦਿਸ਼ਾ 'ਚ ਇਹ ਅੱਗੇ ਵਧ ਕੇ ਜ਼ਿੰਮੇਵਾਰੀਆਂ ਨਿਭਾਉਣਾ ਚਾਹੁੰਦਾ ਹੈ। ਇਹ ਭਾਰਤ ਦੇ ਹਿੱਤ ਵਿੱਚ ਹੀ ਹੋਵੇਗਾ। ਮੌਜੂਦਾ ਪੀੜ੍ਹੀ ਲਈ ਵੀ ਅਤੇ ਆਉਣ ਵਾਲੀ ਪੀੜ੍ਹੀ ਲਈ ਵੀ ਇਸ ਦੇ ਜ਼ਰੀਏ ਭਾਰਤ ਵਿਕਸਤ ਦੇਸ਼ਾਂ 'ਤੇ ਗ੍ਰੀਨ ਹਾਊਸ ਗੈਸਾਂ ਦੀ ਪੈਦਾਇਸ਼ ਰੋਕਣ ਲਈ ਦਬਾਅ ਬਣਾ ਸਕੇਗਾ। ਭਾਰਤ ਨੂੰ ਦੂਜੇ ਵਿਕਾਸਸ਼ੀਲ ਤੇ ਹੋਰ ਘੱਟ ਵਿਕਸਤ ਦੇਸ਼ਾਂ ਦੇ ਹਿੱਤਾਂ ਦਾ ਖਿਆਲ ਰੱਖਣਾ ਹੋਵੇਗਾ। ਮਸਲਨ ਅਫਰੀਕਾ ਦਾ ਸਹਾਰਾ ਖੇਤਰ ਮੌਜੂਦਾ ਦੌਰ 'ਚ ਜਲਵਾਯੂ ਪ੍ਰੀਵਰਤਨ ਦਾ ਸ਼ਿਕਾਰ ਬਣ ਚੁੱਕਿਆ ਹੈ। ਇਕ ਅਨੁਮਾਨ ਮੁਤਾਬਕ ਸਾਲ 2020 ਤਕ ਅਫਰੀਕੀ ਮਹਾਂਦੀਪ ਦੀ 10 ਤੋਂ 25 ਕਰੋੜ ਦੀ ਅਬਾਦੀ ਨੂੰ ਪੀਣ ਦਾ ਪਾਣੀ ਨਹੀਂ ਮਿਲ ਸਕੇਗਾ। ਆਉਣ ਵਾਲੇ ਸਾਲਾਂ 'ਚ ਇਸ ਇਲਾਕੇ 'ਚ ਭੂ ਜਲ ਪੱਧਰ 'ਚ ਕਾਫੀ ਕਮੀ ਆਵੇਗੀ। ਜ਼ਿਆਦਾਤਰ ਅਫਰੀਕੀ ਦੇਸ਼ਾਂ 'ਚ ਇਸ ਸਾਲ ਫਸਲ ਪੈਦਾਵਾਰ 'ਚ 50 ਫੀਸਦੀ ਦੀ ਗਿਰਾਵਟ ਆਈ ਹੈ। ਇਸ ਲਈ ਵਿਸ਼ਵ ਦੇ ਇਹਨਾਂ ਦੇਸ਼ਾਂ ਦੀ ਸਥਿਤੀ ਨੂੰ ਨਜ਼ਰਅੰਦਾਜ਼ ਕਰਕੇ ਨਹੀਂ ਚੱਲਿਆ ਜਾ ਸਕਦਾ। ਭਾਰਤ ਨੂੰ ਕੋਪਨਹੇਗਨ ਮੀਟਿੰਗ 'ਚ ਇਹਨਾਂ ਦੇਸ਼ਾਂ ਦੀ ਆਵਾਜ਼ ਨੂੰ ਬੁਲੰਦ ਕਰਨਾ ਹੋਵੇਗਾ।

# ਦੋਹਰੀ ਮਾਰ-ਗ਼ਰੀਬੀ ਤੇ ਬੀਮਾਰੀ

ਕਾਲਾ ਹਾਂਡੀ ਦੇ ਲੋਕਾਂ ਲਈ ਭੁੱਖਮਰੀ ਤੇ ਬੀਮਾਰ ਨੀਅਤ ਬਣ ਗਈ ਹੈ। ਪੱਛਮੀ ਉੜੀਸਾ ਦੇ ਇਸ ਇਲਾਕੇ 'ਚ ਹੈਜੇ ਤੇ ਮਲੇਰੀਆ ਦਾ ਪ੍ਰਕੋਪ ਵਧ ਰਿਹਾ ਹੈ। ਵੇਖਦੇ ਹੀ ਵੇਖਦੇ ਹੈਜੇ ਨਾਲ 38 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਬੀਮਾਰੀ ਨਾਲ ਪੀੜਤ ਲੋਕ ਅਜੇ ਸਦਮੇ ਤੋਂ ਉਭਰੇ ਹੀ ਨਹੀਂ ਸਨ ਕਿ ਪੂਰਾ ਇਲਾਕਾ ਹੈਜੇ ਦੀ ਲਪੇਟ ਵਿੱਚ ਆ ਗਿਆ।

ਹੁਣ ਤੱਕ ਇਸ ਬੀਮਾਰੀ ਨਾਲ 80 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਬੀਮਾਰੀ ਨਾਲ ਪੀੜਤ ਲੋਕਾਂ ਦੀਆਂ ਜ਼ਿਆਦਾਤਰ ਮੌਤਾਂ ਜ਼ਿਲ੍ਹਾ ਮੁੱਖ ਦਫਤਰ ਭਵਾਨੀ ਪਾਟਨਾ ਦੇ ਨਾਲ ਹੀ ਲਾਂਜੀਗੜ, ਜੁਨਾਗੜ ਤੇ ਥੁਆਮੂਲ ਰਾਮਪੁਰ ਇਲਾਕੇ 'ਚ ਹੋਈਆਂ ਹਨ। ਇਸ ਪਿੰਡ 'ਚ ਮਲੇਰੀਆ ਨਾਲ ਵੀ ਕਈ ਜਾਨਾਂ ਗਈਆਂ ਸਨ ਹਾਲਾਂਕਿ ਸਰਕਾਰ ਇਸ ਅੰਕੜੇ ਨੂੰ ਝੁਠਲਾ ਰਹੀ ਹੈ ਅਤੇ ਮਰਨ ਵਾਲਿਆਂ ਦੀ ਗਿਣਤੀ ਸਿਰਫ 27 ਦੱਸ ਰਹੀ ਹੈ। ਸਰਕਾਰੀ ਨੁਮਾਇੰਦਿਆਂ ਕੋਲ ਇਸ ਗੱਲ ਦਾ ਜੁਆਬ ਨਹੀਂ ਹੈ ਕਿ ਸਿਰਫ 27 ਲੋਕਾਂ ਦੇ ਮਰਨ ਨਾਲ ਹੀ ਦਰਜਨਾਂ ਪਿੰਡਾਂ 'ਚ ਮਾਤਮੀ ਸਨਾਟਾ ਕਿਉਂ ਪਸਰਿਆ ਹੋਇਆ ਹੈ। ਸਥਾਨਕ ਲੋਕਾਂ ਦੀ ਮੰਨੀਏ ਤਾਂ ਬਹੁਤੇ ਰੋਗੀਆਂ ਦੀ ਮੌਤ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਹੋ ਜਾਂਦੀ ਹੈ। ਸਿਆਸਤਦਾਨਾਂ ਦੀ ਨੀਂਦ ਉਦੋਂ ਹੀ ਖੁੱਲ੍ਹਦੀ ਹੈ ਜਦ ਲੋਕਾਂ ਦੀ ਮੌਤ ਦੀਆਂ ਖਬਰਾਂ ਸਥਾਨਕ ਅਖਬਾਰਾਂ 'ਚ ਸੁਰਖੀਆਂ ਬਣ ਜਾਂਦੀਆਂ ਹਨ।

ਪਿਛਲੇ ਹਫਤੇ ਜਦ ਪੱਛਮੀ ਉੜੀਸਾ ਦਾ ਬਹੁਤ ਹਿੱਸਾ ਮਲੇਰੀਆ ਦੀ ਲਪੇਟ ਵਿੱਚ ਸੀ। ਉਥੇ ਸਿਹਤ ਕਰਮੀਆਂ ਦੀ ਨੀਂਦ ਉਦੋਂ ਖੁੱਲ੍ਹੀ ਜਦ ਲੋਕਾਂ ਦੀ ਮੌਤ ਦੀਆਂ ਖ਼ਬਰਾਂ ਆਈਆਂ। ਪਿਛਲੇ 25 ਸਾਲਾਂ 'ਚ ਮਲੇਰੀਆ ਕਾਰਨ ਕਾਲਾਹਾਂਡੀ ਦੇ 30 ਮਾਰੇ ਗਏ। ਸਥਾਨਕ ਐਮ. ਪੀ. ਭਗਤ ਦਾਸ ਨੇ ਆਵਾਜ਼ ਉਠਾਈ ਕਿ ਪਿਛਲੇ 25 ਦਿਨਾਂ 'ਚ ਮਲੇਰੀਆਂ ਨਾਲ ਕਾਲਾਹਾਂਡੀ ਵਿੱਚ 38 ਲੋਕ ਮਾਰੇ ਜਾ ਚੁੱਕੇ ਹਨ। ਸਰਕਾਰ ਦੀ ਸੰਵੇਦਨਸ਼ੀਲਤਾ ਇਸ ਗੱਲ ਤੋਂ ਸਮਝੀ ਜਾ ਸਕਦੀ ਹੈ ਕਿ ਇਸ ਇਲਾਕੇ 'ਚ ਹਰ ਸਾਲ ਹੈਜੇ ਤੇ ਮਲੇਰੀਆ ਨਾਲ ਦਰਜਨਾਂ ਲੋਕ ਮਰਦੇ ਹਨ। ਬਾਵਜੂਦ ਇਸ ਦੇ ਜ਼ਿਲ੍ਹੇ 'ਚ 25 ਫੀਸਦੀ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਹਨ। ਸਥਿਤੀ ਦੀ ਨਜ਼ਾਕਤ ਨੂੰ ਸਮਝਦਿਆਂ ਕੇਂਦਰੀ ਟੀਮ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਰਹੀ ਹੈ। ਜ਼ਿਆਦਾਤਰ ਲੋਕਾਂ ਦੀਆਂ ਮੌਤਾਂ ਡਾਇਰੀਆਂ ਨਾਲ ਹੋਈਆਂ ਹਨ। ਦੂਰ ਦੁਰਾਡੇ ਪਹਾੜੀ ਇਲਾਕਿਆਂ 'ਚ ਡਾਕਟਰੀ ਟੀਮਾਂ ਟਾਇਮ ਸਿਰ ਨਹੀਂ ਪੁੱਜੀਆਂ। ਬਹੁਤੇ ਡਾਕਟਰ ਕਾਗਜ਼ਾਂ 'ਚ ਕਾਲਾਹਾਂਡੀ ਹਾਜ਼ਰੀ ਲਾਉਂਦੇ ਹਨ ਪਰ ਕੰਮ ਉਹ ਨਿੱਜੀ ਪ੍ਰੈਕਟਿਸ ਦਾ ਕਰਦੇ ਹਨ।

ਸਰਕਾਰੀ ਤੌਰ 'ਤੇ ਕਿਹਾ ਜਾ ਚੁੱਕਿਆ ਹੈ ਕਿ ਭਾਰਤ 'ਚ 1998 'ਚ ਜਿੰਨੀਆਂ ਮੌਤਾਂ ਮਲੇਰੀਆਂ ਨਾਲ ਹੋਈਆਂ ਉਹਨਾਂ 'ਚੋਂ 64.4 ਫੀਸਦੀ ਮੌਤਾਂ ਉੜੀਸਾ 'ਚ ਹੀ ਹੋਈਆਂ। ਉਹਨਾਂ 'ਚ ਵੀ ਬਹੁਤੀਆਂ ਕੋਰਾਪੁਟ ਬਲਾਂਗੀਰ ਕਾਲਾਹਾਂਡੀ ਜ਼ਿਲ੍ਹਿਆਂ ਹੋਈਆਂ ਜਿਥੇ ਸੜਕਾਂ ਦੀ ਸਹੂਲਤ ਅਜੇ ਤਕ ਵੀ ਨਹੀਂ ਹੈ। ਕੋਈ ਸਿਹਤ

ਕਾਮਾ ਉਥੇ ਨਹੀਂ ਪੁੱਜਦਾ। ਲੋਕਾਂ ਨੂੰ ਪੀਣ ਦਾ ਸਾਫ ਸੁਥਰਾ ਪਾਣੀ ਨਹੀਂ ਮਿਲਦਾ।

ਸਰਕਾਰੀ ਅੰਕੜੇ ਵੀ ਦੱਸਦੇ ਹਨ ਕਿ ਸਿਰਫ 2082 ਪਿੰਡਾਂ 'ਚ ਹੀ ਪੀਣ ਦੇ ਪਾਣੀ ਦਾ ਇੰਤਜਾਮ ਹੈ। ਜਿਲੇ ਦੇ 224 ਪਿੰਡਾਂ 'ਚ ਹੀ ਸਿਹਤ ਕੇਂਦਰ ਹਨ। ਇਸ ਕਾਰਨ ਛੋਟੀਆਂ ਮੋਟੀਆਂ ਬੀਮਾਰੀਆਂ ਹੀ ਕਹਿਰ ਬਰਸਾ ਰਹੀਆਂ ਹਨ।

# ਕੀ ਹੈ ਯੂ. ਪੀ. ਏ. ਸਰਕਾਰ ਦਾ ਨਵਾਂ ਏਜੰਡਾ?

ਕਾਂਗਰਸ ਦੀ ਅਗਵਾਈ 'ਚ ਯੂ. ਪੀ. ਏ. ਗੱਠਜੋੜ ਦੀ ਜਿੱਤ ਨਾਲ ਦੇਸ਼ ਦੇ ਸਾਰੇ ਪੂੰਜੀਪਤੀ ਖੁਸ਼ੀ ਨਾਲ ਫੁੱਲੇ ਨਹੀਂ ਸਮਾ ਰਹੇ ਹਨ। ਸ਼ੇਅਰ ਬਾਜ਼ਾਰ ਦਾ ਪਾੜ੍ਹਾ ਚੜਦਾ ਜਾ ਰਿਹਾ ਹੈ। ਦੇਸ਼ ਵਿਦੇਸ਼ ਦਾ ਪੂੰਜੀਵਾਦੀ ਮੀਡੀਆ ਬਾਘੀਆਂ ਪਾ ਰਿਹਾ ਹੈ। ਉਹਨਾਂ ਦੇ ਖੁਸ਼ ਹੋਣ ਦੀ ਵਜਾਹ ਜ਼ਾਹਿਰ ਹੈ। ਆਖ਼ਰ ਕਾਂਗਰਸ ਭਾਰਤੀ ਪੂੰਜੀਪਤੀ ਵਰਗ ਦੀ ਸਭ ਤੋਂ ਪੁਰਾਣੀ ਭਰੋਸੇਮੰਦ ਪਾਰਟੀ ਹੈ। ਅੱਜ ਦੇ ਦੌਰ 'ਚ ਬੁਰਜੂਆ ਵਰਗ ਦੀ ਮੈਨਜਮੈਂਟ ਕਮੇਟੀ ਦਾ ਕੰਮ ਇਸ ਤੋਂ ਅੱਛੀ ਤਰ੍ਹਾਂ ਕਿਹੜੀ ਪਾਰਟੀ ਕਰ ਸਕਦੀ ਹੈ। ਦੇਸੀ ਵਿਦੇਸ਼ੀ ਪੂੰਜਪਤੀਆਂ ਦੇ ਸਾਰੇ ਨੁਮਾਇੰਦੇ ਕਹਿ ਰਹੇ ਹਨ ਕਿ ਹੁਣ ਨਵੀਂ ਸਰਕਾਰ ਨੂੰ ਆਰਥਕ "ਸੁਧਾਰਾਂ" ਦੀ ਰਫ਼ਤਾਰ ਹੋਰ ਵੱਧ ਤੇਜ਼ ਕਰਨੀ ਚਾਹੀਦੀ ਹੈ। ਸੱਤਾ 'ਚ ਆਉਣ ਦੇ ਨਾਲ ਹੀ ਕਾਂਗਰਸ ਨੇ ਦੱਸ ਦਿੱਤਾ ਕਿ ਪੂੰਜੀਵਾਦੀ ਆਰਥਿਕ ਵਿਕਾਸ ਦੀਆਂ ਲੰਮੇਰੇ ਸਮੇਂ ਦੀਆਂ ਨੀਤੀਆਂ ਨੂੰ ਹੁਣ ਇਹ ਵਧ ਸਖਤ ਕਦਮਾਂ ਨਾਲ ਲਾਗੂ ਕਰਨਗੀਆਂ। ਪਾਰਲੀਮਾਨੀ ਖੱਬਿਆਂ ਦੀਆਂ ਵੈਸਾਖੀਆਂ ਦੀ ਹੁਣ ਉਹਨਾਂ ਨੂੰ ਲੋੜ ਨਹੀਂ ਹੈ। ਇਹ ਪਾਰਲੀਮਾਨੀ ਬਾਤਬਹਾਦਰ ਪੂੰਜੀਵਾਦੀ ਪ੍ਰਬੰਧ ਦੇ ਦੂਰਗਾਮੀ ਹਿੱਤ ਵਿੱਚ ਸਰਕਾਰੀ ਨੀਤੀਆਂ 'ਚ ਸੰਤੁਲਨ ਬਣਾਉਣ ਲਈ ਜੋ ਕੁਝ ਕਰਦੇ ਸਨ ਉਸ ਦੇ ਲਈ ਹੁਣ ਉਹਨਾਂ ਦੀ ਲੋੜ ਨਹੀਂ ਰਹਿ ਗਈ ਹੈ। ਹੁਣ ਇਹ ਸਰਕਾਰ ਖੁਦ ਹੀ ਅਖੌਤੀ ਕਲਿਆਣਕਾਰੀ ਨੁਸਖਿਆਂ ਨੂੰ ਲਾਗੂ ਕਰਨ ਜਾ ਰਹੀ ਹੈ। ਰਾਸ਼ਟਰਪਤੀ ਦੇ ਭਾਸ਼ਣ 'ਚ ਨਰੇਗਾ ਨੂੰ ਮਜ਼ਬੂਤ ਕਰਨ, ਸ਼ਹਿਰਾਂ 'ਚੋਂ ਪੰਜ ਸਾਲਾਂ 'ਚ ਝੁੱਗੀਆਂ ਖਤਮ ਕਰਨ, ਗਰੀਬਾਂ ਨੂੰ ਤਿੰਨ ਰੁਪਏ ਕਿਲੋ ਚੌਲ ਦੇਣ ਤੋਂ ਲੈ ਕੇ ਸਿਖਿਆ ਸਿਹਤ ਸਬੰਧੀ ਕਈ ਯੋਜਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਪਰ ਇਹ ਭਰਮਾਊ ਯੋਜਨਾਵਾਂ ਤਾਂ ਮਖੌਟਾ ਹੀ ਹਨ। ਇਸ ਸਰਕਾਰ ਦਾ ਅਸਲੀ ਏਜੰਡਾ ਹੈ ਦੇਸ਼ੀ-ਵਿਦੇਸ਼ੀ ਪੂੰਜੀਪਤੀਆਂ ਨੂੰ ਲੋਕਾਂ ਨੂੰ ਲੁੱਟਣ ਦੀ ਖੁੱਲ੍ਹੀ ਛੁੱਟੀ ਦੇਣ। ਰਾਸ਼ਟਰਪਤੀ ਦੇ ਇਸ ਭਾਸ਼ਣ 'ਚ ਸਰਕਾਰੀ ਕੰਪਨੀਆਂ ਦੇ ਅਪਨਿਵੇਸ਼ ਤੋਂ ਲੈ ਕੇ ਵਿਤੀ ਖੇਤਰ ਦੇ ਸੁਧਾਰਾਂ ਦੇ ਨਾਂ 'ਤੇ ਉਸ ਨੂੰ ਵਿਦੇਸ਼ੀ ਵੱਡੀ ਪੂੰਜੀ ਲਈ ਖੋਹਲਣ ਤੋਂ ਲੈ ਕੇ ਸਬੰਧੀ ਕਈ ਐਲਾਨ ਕੀਤੇ ਗਏ। ਜੁਲਾਈ 'ਚ ਪੇਸ਼ ਬਜਟ 'ਚ ਪੂੰਜੀਪਤੀਆਂ ਨੂੰ ਫਾਇਦਾ ਦੇਣ ਵਾਲੇ "ਆਰਥਿਕ ਸੁਧਾਰਾਂ" ਦੀਆਂ ਠੋਸ ਯੋਜਨਾਵਾਂ ਪੇਸ਼ ਕੀਤੀਆਂ ਹਨ ਸੁਧਾਰਾਂ ਦੀ ਕੌੜੀ ਦਵਾਈ ਜਨਤਾ ਦੇ ਗਲੇ ਤੋਂ ਹੇਠਾਂ ਲੰਘਾਉਣ ਲਈ ਜ਼ਰੂਰੀ ਹੈ ਕਿ ਉਸ ਨੂੰ ਅਨੇਕਾ ਭਰਮਾਊ ਯੋਜਨਾਵਾਂ ਦੀ ਚਾਸ਼ਨੀ 'ਚ ਲਪੇਟ ਦੇ ਕੇਸ਼ ਕੀਤਾ ਜਾਵੇ। ਨਵੀਂ ਸਰਕਾਰ ਦੇ ਗਠਨ ਨੂੰ ਵੇਖਣ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਨਵੀਆਂ ਨੀਤੀਆਂ ਦੀ ਦਿਸ਼ਾ ਕੀ ਹੋਵੇਗੀ ਦੇਸੀ ਪੂੰਜੀਪਤੀਆਂ ਦੇ ਹੀ ਨਹੀਂ ਸਾਮਰਾਜੀਆਂ ਸਰਕਾਰਾਂ ਤੇ ਸੰਸਾਰ ਬੈਂਕ ਆਈ. ਐਮ. ਐਫ. ਵਰਗੀਆਂ ਸੰਸਥਾਵਾਂ ਦੇ ਵਫ਼ਾਦਾਰ ਸੇਵਕ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਲੈ ਕੇ ਮੋਂਟੇਕ ਸਿੰਘ ਆਹਲੂਵਾਲੀਆ ਚਿਦੰਬਰਮ ਪ੍ਰਣਬ ਮੁਖਰਜੀ ਦੀ ਸਭ ਤੋਂ ਵਿਸਵਾਸਪੂਰਨ ਟੀਮ ਹੈ। ਸਾਮਰਾਜਵਾਦ ਦੇ ਇੱਕ ਪੁਰਾਣੇ ਸੰਦ ਸਸ਼ੀ ਥਰੂਰ ਦਾ ਵਾਸਿੰਗਟਨ ਤੋਂ ਆ ਕੇ ਸਿੱਧਾ ਸਰਕਾਰ 'ਚ ਮੰਤਰੀ ਬਣਨਾ ਹੀ ਉਹ ਸੰਕੇਤ ਦੇ ਰਿਹਾ ਹੈ।

ਦਰਅਸਲ "ਆਮ ਆਦਮੀ" ਲਈ ਕੀਤੇ ਗਏ ਸਾਰੇ ਐਲਾਨਾ ਦਾ ਮਕਸਦ ਇਹੀ ਹੈ ਕਿ ਨਵਉਦਾਰਵਾਦੀ ਪੂੰਜੀਵਾਦੀ ਨੀਤੀਆਂ ਦੇ ਅੱਗੇ ਚੜ੍ਹਨ ਤੋਂ ਪੈਦਾ ਹੋਣ ਵਾਲੇ ਸਮਾਜਕ ਰੋਸ ਨੂੰ ਘੱਟ ਕੀਤਾ ਜਾਵੇ। ਨਾਲ ਹੀ ਇਹਨਾਂ ਕੀਨਸਾਈ ਨੁਸਖਿਆ ਨੂੰ ਫਿਰ ਤੋਂ ਲਾਗੂ ਕਰਨਾ ਭਾਰਤ ਸਮੇਤ ਵਿਸ਼ਵ ਪੂੰਜੀ ਦੀ ਲੋੜ ਵੀ ਹੈ। ਪੂਰੀ ਦੁਨੀਆਂ 'ਚ ਛਾਈ ਆਰਥਕ ਮੰਦੀ ਤੋਂ ਸਬਕ ਸਿੱਖ ਕੇ ਚੀਨ, ਜਪਾਨ ਤੇ ਬ੍ਰਾਜੀਲ ਸਮੇਤ ਕਈ ਦੇਸ਼ਾਂ ਦੀਆਂ ਸਰਕਾਰਾਂ ਨੇ ਅਜਿਹੇ ਨੁਸਖੇ ਅਜਮਾਏ ਹਨ। ਸਰਕਾਰ ਤੇ ਪੂੰਜੀਪਤੀ ਜਮਾਤ ਦੇ ਵਿਚਾਰ ਅੱਛੀ ਤਰ੍ਹਾਂ ਸਮਝ ਰਹੇ ਹਨ ਕਿ ਜੇ ਨਵ ਉਦਾਰਵਾਦੀ ਨੀਤੀਆਂ ਨੂੰ ਬੇਰੋਕਟੋਕ ਲਾਗੂ ਹੋਣ ਦਿੱਤਾ ਜਾਵੇ ਤਾਂ ਇਹਨਾਂ ਕਾਰਨ ਪੈਦਾ ਹੋਣ ਵਾਲੀ ਮੇਹਨਤਕਸ਼ਾਂ ਦੀ ਤਬਾਹੀ-ਬਦਹਾਲੀ ਨਾਲ ਜੋ ਰੋਸ ਪੈਦਾ ਹੋਵੇਗਾ ਉਹ ਇਸ ਪ੍ਰਬੰਧ ਨੂੰ ਵੀ ਮੁਸੀਬਤ 'ਚ ਪਾ ਸਕਦਾ ਹੈ। ਇਹ ਵਿਚਾਰਕ ਪੂੰਜੀਪਤੀਆਂ ਨੂੰ ਲਗਾਤਾਰ ਸਲਾਹ ਦੇ ਰਹੇ ਹਨ ਕਿ ਮੇਹਨਤਕਸ਼ਾਂ ਨੂੰ ਇਸ ਕਦਰ ਨਾ ਨਿਚੋੜੋ ਕਿ ਉਹਨਾਂ ਪਾਸ ਲੁੱਟਣ ਲਈ ਕੁਝ ਰਹਿ ਹੀ ਨਾ ਜਾਵੇ। ਜਦ ਸਮਾਜ ਦੀ ਭਾਰੀ ਅਬਾਦੀ ਗਰੀਬੀ 'ਚ ਡੁੱਬ ਜਾਂਦੀ ਹੈ ਤੇ ਉਸ ਕੋਲ ਬਜ਼ਾਰ 'ਚੋਂ ਖਰੀਦਣ ਲਈ ਕੁਝ ਨਹੀਂ ਰਹਿ ਜਾਂਦਾ ਤਾਂ ਪੂੰਜੀਵਾਦੀ ਪ੍ਰਬੰਧ ਸੰਕਟ ਗ੍ਰਸਿਤ ਹੋ ਜਾਂਦਾ ਹੈ। ਇਸ ਸਥਿਤੀ ਤੋਂ ਸਬਕ ਲੈਂਦੇ ਹੋਇਆ ਸਰਕਾਰ ਨੇ ਐਸੀਆਂ ਨੀਤੀਆਂ ਲਾਗੂ ਕਰਨ ਦਾ ਫੈਸਲਾ ਕੀਤਾ ਹੈ ਜਿਸ ਨਾਲ ਗਰੀਬਾਂ ਦੀ ਕਾਰਜ ਸ਼ਕਤੀ ਥੋੜੀ ਬਣੀ ਵੀ ਰਹੇ ਅਤੇ ਨਾ ਹੀ ਉਸ ਦੇ ਅਸੰਤੋਸ਼ ਦੀ ਅੱਗ 'ਤੇ ਪਾਣੀ ਦੇ ਛਿੱਟੇ ਵੀ ਮਾਰੇ ਜਾ ਸਕਣ। ਨਰੇਗਾ ਲਾਗੂ ਕਰਨ ਪਿੱਛੇ ਇਕ ਅਹਿਮ ਮਕਸਦ ਇਹ ਹੈ ਕਿ ਰੋਟੀ ਰੋਜ਼ੀ ਦੀ ਤਲਾਸ਼ ਕਰਦੇ ਸਮੇਂ ਸ਼ਹਿਰਾਂ ਵੱਲ ਭੱਜ ਰਹੀ ਪੇਂਡੂ ਆਬਾਦੀ ਨੂੰ ਸਨਅਤੀ ਬੇਰੁਜ਼ਗਾਰਾਂ ਦੀ ਭੀੜ 'ਚ ਸ਼ਾਮਲ ਹੋਣ ਤੇ ਸ਼ਹਿਰ 'ਚ ਦਬਾਅ ਵਧਾਉਣ ਤੋਂ ਰੋਕਿਆ ਜਾਵੇ। ਮਜ਼ਦੂਰੀ ਦੀ ਦਰ ਘੱਟ ਬਣਾਈ ਰੱਖਣ ਲਈ ਪੂੰਜੀਪਤੀਆਂ ਨੂੰ ਜਿਸ ਹੱਦ ਤਕ ਬੇਰੁਜ਼ਗਾਰਾਂ ਦੀ ਫੌਜ ਚਾਹੀਦੀ ਹੈ ਉਹ ਤਾਂ ਸ਼ਹਿਰਾਂ 'ਚ ਪਹਿਲਾਂ ਹੀ ਮੌਜੂਦ ਹੈ। ਇਸ ਤੋਂ ਵੱਧ ਭੀੜ ਵਧੇਗੀ ਤਾਂ ਸਮਾਜਿਕ ਅਸੰਤੋਸ਼ ਭੜਕਣ ਦਾ ਖਤਰਾ ਪੈਦਾ ਹੋ ਜਾਵੇਗਾ। ਜਵਾਹਰ ਲਾਲ ਨਹਿਰੂ ਸ਼ਹਿਰੀ ਪੁਨਰ ਦੁਆਰ ਮਿਸ਼ਨ ਤੋਂ ਲੈ ਕੇ ਉਸਾਰੀ ਮਜ਼ਦੂਰਾਂ ਤੇ ਗੈਰ ਜਥੇਬੰਦ ਖੇਤਰ ਦੇ ਮਜ਼ਦੂਰਾਂ ਨੂੰ ਸਮਾਜਿਕ ਸੁਰੱਖਿਆ ਦੇਣ ਦੇ ਵੱਖ ਐਲਾਨਾਂ ਪਿੱਛੇ ਇਹੀ ਇਰਾਦਾ ਹੈ। ਪਹਿਲਾਂ ਇਹ ਕੰਮ ਸਮਾਜਿਕ ਜਨਵਾਦੀ ਯਾਨੀ ਨਕਲੀ ਖੱਬੇ ਤੇ ਐਨ. ਜੀ. ਓ. ਕਰਦੇ ਹੁੰਦੇ ਸਨ ਪਰ ਇਹਨਾਂ ਚੋਣਾਂ ਵਿੱਚ ਪਾਰਲੀਮਾਨੀ ਖੱਬਿਆਂ ਦੀਆਂ ਸੀਟਾਂ ਘਟ ਕੇ ਲਗਭਗ ਇਕ ਤਿਹਾਈ ਰਹਿ ਗਈਆਂ। ਸੰਸਦੀ ਖੱਬਿਆਂ ਦੇ ਨਵੇਂ ਸੌਦਾਗਰ ਭਾਕਪਾ (ਮਾਲੇ) ਦੀ ਹਾਲਤ ਤਾਂ ਚੌਰਾਹੇ 'ਚ ਖੜ੍ਹੇ ਭਿਖਾਰੀ ਵਰਗੀ ਹੋ ਗਈ। ਹੁਣ ਸਰਕਾਰ ਦੇਸੀ ਵਿਦੇਸ਼ੀ ਥਿੰਕ ਟੈਂਕਾਂ ਦੀ ਮਦਦ ਨਾਲ ਇਹ ਕੰਮ ਖੁਦ ਹੀ ਕਰਨ ਜਾ ਰਹੀ ਹੈ। ਪਰ ਪੂੰਜੀਵਾਦੀ ਵਿਵਸਥਾ ਦੇ ਵਿਚਾਰਕਾਂ ਤੇ ਸਰਕਾਰ ਦੀ ਮੰਸ਼ਾ ਹਕੀਕਤ ਵਿਚ ਕਿੰਨੀ ਲਾਗੂ ਹੋ ਸਕੇਗੀ ਇਹ ਸਭ ਜਾਣਦੇ ਹਨ। ਉਪਰ ਤੋਂ ਹੇਠਾਂ ਤੱਕ ਜੜ੍ਹ ਜਮਾਉਂਦੇ ਹੋਏ ਨੌਕਰਸ਼ਾਹੀ ਤੇ ਭ੍ਰਿਸ਼ਟਾਚਾਰ ਦੇ ਕਾਰਨ ਇਹਨਾਂ ਯੋਜਨਾਵਾਂ ਤੋਂ ਹੋਣ ਵਾਲੇ ਲਾਭ ਦਾ ਬਹੁਤ ਛੋਟਾ ਜਿਹਾ ਹਿੱਸਾ ਹੀ ਅਮਲ 'ਚ ਗਰੀਬਾਂ ਨੂੰ ਮਿਲ ਸਕੇਗਾ। ਅੱਜ ਕੱਲ੍ਹ ਮੀਡੀਆ ਦੇ ਨਵੇਂ ਦੁਲਾਰੇ ਰਾਹੁਲ ਗਾਂਧੀ ਦੇ ਪਿਤਾ ਰਾਜੀਵ ਗਾਂਧੀ ਨੇ ਕਿਹਾ ਸੀ ਕਿ ਸਰਕਾਰ ਜੇ ਇਕ ਰੁਪਿਆ ਦਿੰਦੀ ਹੈ ਤਾਂ ਗਰੀਬਾਂ ਨੂੰ ਸਿਰਫ 15 ਪੈਸੇ ਹੀ ਨਸੀਬ ਹੁੰਦੇ ਹਨ। ਹੁਣ ਰਾਹੁਲ

ਗਾਂਧੀ ਨੇ ਮੰਨਿਆ ਹੈ ਕਿ ਅਸਲ ਵਿੱਚ ਹੇਠਾਂ ਤਕ ਪਹੁੰਚਣ ਵਾਲੀ ਰਕਮ ਮੁਸ਼ਕਲ ਨਾਲ 10 ਪੈਸੇ ਹੀ ਹੁੰਦੀ ਹੈ। ਅਜਿਹੀ ਹਾਲਤ 'ਚ ਇਹਨਾਂ ਯੋਜਨਾਵਾਂ ਦਾ ਮੁਲੱਮਾ ਉਤਰਦਿਆਂ ਜ਼ਿਆਦਾ ਦੇਰ ਨਹੀਂ ਲੱਗੇਗੀ। ਇਸ ਤੋਂ ਵੀ ਵੱਡੀ ਸਚਾਈ ਇਹ ਹੈ ਕਿ ਅੱਜ ਦਾ ਪੂੰਜੀਵਾਦ ਇਹਨਾਂ ਕੀਨਸਾਈ ਨੁਸਖਿਆਂ ਨੂੰ ਇਕ ਹੱਦ ਤੋਂ ਵੱਧ ਲਾਗੂ ਨਹੀਂ ਕਰ ਸਕਦਾ। ਪੂੰਜੀਵਾਦ ਦੇ ਟਿਕੇ ਰਹਿਣ ਦੀ ਸ਼ਰਤ ਹੀ ਇਹ ਮੇਹਨਤਕਸ਼ਾਂ ਨੂੰ ਵੱਧ ਤੋਂ ਵੱਧ ਨਿਚੋੜਦਾ ਜਾਵੇ। ਪੂੰਜੀਵਾਦ ਦੇ ਵਿਚਾਰਕਾਂ ਦੇ ਚਾਹੁਣ ਦੇ ਬਾਵਜੂਦ ਪੂੰਜੀਵਾਦੀ ਪੈਦਾਵਾਰ ਦਾ ਤਰਕ ਤਾਂ ਆਪਣੀ ਹੀ ਗਤੀ ਨਾਲ ਚਲੇਗਾ ਅਤੇ ਪੂੰਜੀਪਤੀ ਮਜ਼ਦੂਰਾਂ ਦੀਆਂ ਹੱਡੀਆਂ ਤੱਕ ਚੂਸਣ ਤੋਂ ਬਾਜ ਨਹੀਂ ਆਉਣਗੇ। ਅੱਜ ਉਹਨਾਂ ਦੀ ਖੁਸ਼ੀ ਦਾ ਰਾਜ਼ ਵੀ ਇਹੀ ਹੈ ਉਹ ਜਾਣਦੇ ਹਨ ਕਿ ਜਨਤਾ ਨੂੰ ਭਰਮਾਉਣ ਵਾਲੇ ਸਾਰੇ ਐਲਾਨਾ ਦੀ ਆੜ ਵਿੱਚ ਅਸਲੀ ਕੰਮ ਤਾਂ ਉਹਨਾਂ ਨੂੰ ਲੁੱਟ ਘਸੁੱਟ ਦੀ ਖੁੱਲ੍ਹੀ ਛੁੱਟੀ ਦੇਣ ਦਾ ਹੋ ਰਿਹਾ ਹੈ। ਅਜਿਹੇ 'ਚ ਇਹ ਤਹਿ ਹੈ ਕਿ ਆਉਣ ਵਾਲੇ ਸਮੇਂ 'ਚ ਜਨਤਾ ਦੀਆਂ ਵਧਦੀਆਂ ਉਮੀਦਾਂ ਦੇ ਨਾਲ ਹੀ ਲੋਕਾਂ ਦਾ ਗੁੱਸਾ ਫੁੱਟ ਪਵੇਗਾ। ਸਰਕਾਰ ਵੀ ਇਸ ਗੱਲ ਨੂੰ ਸਮਝਦੀ ਹੈ ਅਤੇ ਉਸ ਨੇ ਹੁਣ ਤੋਂ ਇਸ ਗੁੱਸੇ 'ਤੇ ਕਾਬੂ ਪਾਉਣ ਲਈ ਆਪਣੇ ਦਮਨ ਤੰਤਰ ਨੂੰ ਤਰਾਸ਼ਣ ਦੀਆਂ ਮਸ਼ਕਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਪਿਛਲੇ ਦਿਨ ਤੋਂ ਨਕਸਲਵਾਦ ਨੂੰ ਕੁਚਲਣ ਲਈ ਵਿਸੇਸ਼ ਕਦਮ ਉਠਾਉਣ ਦੇ ਐਲਾਨ ਵਾਰ ਵਾਰ ਕੀਤੇ ਜਾ ਰਹੇ ਹਨ। ਗ੍ਰਹਿ ਮੰਤਰਾਲੇ 'ਚ "ਖੱਬੇ ਪੱਖੀ ਅੱਤਵਾਦ" ਦੇ ਲਈ ਇਕ ਗ੍ਰਹਿ ਰਾਜਮੰਤਰੀ ਨੂੰ ਵਿਸ਼ੇਸ਼ ਕਾਰਜਭਾਰ ਸੌਂਪਿਆ ਗਿਆ ਹੈ। ਇਸ ਨਾਲ ਨਿਪਟਣ ਲਈ ਕੋਈ ਨਵੀਂ ਵਿਸ਼ੇਸ਼ 'ਕੋਬਰਾ' ਬਟਾਲੀਅਨਾ ਦਾ ਗਠਨ ਕਰਨ ਦਾ ਐਲਾਨ ਹੋ ਚੁੱਕਿਆ ਹੈ। ਪਿਛਲੇ ਸਾਲਾਂ ਦਾ ਇਤਿਹਾਸ ਗਵਾਹ ਹੈ ਕਿ ਇਹਨਾਂ ਸਾਰੇ ਹਥਿਆਰਾਂ ਦੀ ਵਰਤੋਂ ਜਨਤਾ ਦੇ ਅੰਦੋਲਨਾ ਨੂੰ ਕੁਚਲਣ ਲਈ ਕੀਤੀ ਜਾ ਰਹੀ ਹੈ ਅਤੇ ਅੱਗੇ ਵੀ ਕੀਤੀ ਜਾਵੇਗੀ। ਅੱਤਵਾਦ ਦੇ ਨਾਂ ਹੇਠ ਬਣਾਏ ਗਏ ਕਾਲੇ ਕਨੂੰਨਾਂ ਦੀ ਵਰਤੋਂ ਸਭ ਤੋਂ ਵੱਧ ਉਹਨਾਂ ਲੋਕਾਂ ਦੇ ਖਿਲਾਫ ਕੀਤੀ ਜਾਂਦੀ ਹੈ ਜੋ ਜਨਤਾ ਦੇ ਹੱਕ ਖੋਹੇ ਜਾਣ ਅਤੇ ਮਨੁੱਖੀ ਅਧਿਕਾਰਾਂ ਤੇ ਮਨੁੱਖ ਅਧਿਕਾਰਾਂ ਦੀ ਉਲੰਘਣ ਦਾ ਵਿਰੋਧ ਕਰਦੇ ਹਨ। ਟ੍ਰੇਡ ਯੂਨੀਅਨ ਵਰਕਰਾਂ ਤੋਂ ਲੈ ਕੇ ਸ਼ਹਿਰੀ ਗ਼ਰੀਬਾਂ ਦੇ ਹੱਕ 'ਚ ਅੰਦੋਲਨ ਕਰਨ ਵਾਲਿਆਂ ਤੇ ਪਿੰਡਾਂ ਵਿੱਚ ਭ੍ਰਿਸ਼ਟਾਚਾਰ ਤੇ ਲੁੱਟ ਖਿਲਾਫ਼ ਆਵਾਜ਼ ਉਠਾਉਣ ਵਾਲਿਆਂ ਤੱਕ ਨੂੰ ਇਹਨਾਂ ਕਾਲੇ ਕਨੂੰਨਾਂ ਦਾ ਸ਼ਿਕਾਰ ਬਣਾਇਆ ਜਾ ਚੁੱਕਿਆ ਹੈ। ਇਹਨਾਂ ਚੋਣਾਂ 'ਚ ਭਾਜਪਾ ਦੀ ਕਰਾਰੀ ਹਾਰ ਅਤੇ ਉਸ ਪਿੱਛੋਂ ਸੰਘ ਪਰਿਵਾਰ 'ਚ ਮੱਚੀ ਧੱਕਾ ਮੁੱਕੀ ਨਾਲ ਕਈ ਲੋਕਾਂ ਨੂੰ ਇਹ ਖੁਸ਼ ਫਹਿਮੀ ਹੋ ਗਈ ਹੈ ਕਿ ਹੁਣ ਫਾਸ਼ੀਵਾਦ ਦਾ ਖਤਰਾ ਲੰਮੇ ਸਮੇਂ ਤਕ ਟਲ ਗਿਆ ਹੈ। ਉਹਨਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਨਵੀਂ ਸਰਕਾਰ ਦੀਆਂ ਨੀਤੀਆਂ ਨਾਲ ਜੋ ਸੰਕਟ ਪੈਦਾ ਹੋਈ ਜਾ ਰਿਹਾ ਹੈ। ਉਸ ਨਾਲ ਨਿਪਟਣ ਲਈ ਸਾਮਰਾਜ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਜਮਾਤ ਫਿਰ ਤੋਂ ਫਾਸ਼ੀਵਾਦ ਦੀ ਵਰਤੋਂ ਕਰੇਗੀ। ਤੀਜੀ ਦੁਨੀਆਂ ਦੇ ਬਹੁਤੇ ਦੇਸ਼ਾਂ ਵਾਂਗੂੰ ਭਾਰਤ ਦੇ ਰਾਜਸੀ ਸੀਨ 'ਤੇ ਵੀ ਫਾਸੀਵਾਦ ਉਸ ਸ਼ਿਕਾਰੀ ਕੁੱਤਿਆਂ ਵਾਂਗੂੰ ਮੌਜੂਦ ਹੈ ਜਿਸ ਦੀ ਜੰਜੀਰ ਹਾਕਮਾਂ ਦੇ ਹੱਥ ਹੈ। ਪੂੰਜੀਵਾਦੀ ਨੀਤੀਆਂ ਦੀ ਵਜਾਹ ਕਾਰਨ ਜਦ ਸੰਕਟ ਗੰਭੀਰ ਹੋਣ ਲੱਗੇਗਾ ਤੇ ਜਨਤਾ ਸੰਘਰਸ਼ ਕਰਨ ਲੱਗੇਗੀ ਤਾਂ ਫਿਰ ਤੋਂ ਇਸ ਉਪਰ ਇਹਨਾਂ ਸ਼ਿਕਾਰੀ

ਕੁੱਤਿਆਂ ਨੂੰ ਛੱਡਿਆ ਜਾ ਸਕਦਾ ਹੈ। ਸਾਨੂੰ ਇਸ ਗੱਲ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ ਕਿ ਇਹ ਫਾਸਿਸਟ ਤਾਕਤਾਂ ਵੱਡੇ ਯੋਜਨਾਬੱਧ ਢੰਗ ਨਾਲ ਪਿੰਡਾਂ ਤੋਂ ਲੈ ਕੇ ਸ਼ਹਿਰੀ ਨਿਮਨ ਮੱਧ ਵਰਗ ਤੇ ਮਜ਼ਦੂਰਾਂ ਤੱਕ ਦੇ ਵਿਚਕਾਰ ਆਪਣਾ ਨਵਾਂ ਸਮਾਜਕ ਅਧਾਰ ਬਣਾਉਣ 'ਚ ਲੱਗੀ ਹੋਈ ਹੈ। ਇਸ ਦਾ ਮੁਕਾਬਲਾ ਕਰਨ ਲਈ ਇਨਕਲਾਬੀਆਂ ਨੂੰ ਵੀ ਮੇਹਨਤਕਸ਼ ਆਬਾਦੀ 'ਚ ਕ੍ਰਾਂਤੀਕਾਰੀ ਪ੍ਰਚਾਰ ਤੇਜ ਕਰਨਾ ਚਾਹੀਦਾ ਹੈ। ਤੇ ਵੱਖ-ਵੱਖ ਸਭਿਆਚਾਰਕ ਮਾਧਿਅਮ ਰਾਹੀਂ ਵਾਸ਼ੀਵਾਦੀ ਵਿਚਾਰਾਂ ਤੇ ਸੰਸਕ੍ਰਿਤੀ ਦਾ ਪਰਦਾਫਾਸ਼ ਕਰਨਾ ਹੋਵੇਗਾ। ਯੂ. ਪੀ. ਏ. ਸਰਕਾਰ ਦੇ ਨਵੇਂ ਏਜੰਡੇ ਦੀ ਕਲਈ ਖੁੱਲ੍ਹਣ 'ਚ ਬਹੁਤਾ ਸਮਾਂ ਨਹੀਂ ਲੱਗੇਗਾ। ਪੂੰਜੀਵਾਦੀ ਦੇ ਹਿਤੈਸ਼ੀ ਸਾਰੇ ਵਿਚਾਰਕ ਚਾਹ ਕੇ ਵੀ ਪੂੰਜੀਵਾਦੀ ਮੂਲਗਤੀ ਨੂੰ ਆਪਣਾ ਕੰਮ ਕਰਨ ਤੋਂ ਰੋਕ ਨਹੀਂ ਸਕਣਗੇ। ਵਾਧੂ ਮੂਲ ਨਚੋੜਨ ਦੇ ਤਰਕ ਨਾਲ ਮੁੱਠੀਭਰ ਲੋਕਾਂ ਕੋਲ ਜਾਇਦਾਦ ਦਾ ਪਹਾੜ ਇਕੱਠਾ ਹੁੰਦਾ ਜਾਵੇਗਾ ਅਤੇ ਭਾਰੀ ਆਬਾਦੀ ਗ਼ਰੀਬਾਂ 'ਚ ਡੁੱਬਦੀ ਜਾਵੇਗੀ। "ਖੱਬੇਪੱਖੀ" ਦੁਸਾਰਵਾਦ ਤੇ ਪਾਰਲੀਮਾਨੀ ਦੇ ਰਾਹ ਤੋਂ ਵੱਖ ਮੇਹਨਤਕਸ਼ ਅਵਾਮ ਨੂੰ ਵਿਆਪਕ ਸਮਾਜਕ ਤਬਦੀਲੀ ਲਈ ਸੰਗਠਿਤ ਕਰਨ ਦੀ ਰਾਹ 'ਤੇ ਚਲਣ ਵਾਲੇ ਸੱਚੇ ਇਨਕਲਾਬੀਆਂ ਨੂੰ ਹੁਣ ਤੋਂ ਇਸ ਸਚਾਈ ਤੋਂ ਵਾਕਫ ਕਰਾਉਂਦਿਆਂ ਆਉਣ ਵਾਲੇ ਸਮੇਂ 'ਚ ਸੰਘਰਸ਼ਾਂ ਦੀ ਤਿਆਰੀ 'ਚ ਜੁਟ ਜਾਣਾ ਚਾਹੀਦਾ ਹੈ।

# ਕੀ ਗ਼ਰੀਬਾਂ 'ਤੇ ਮੰਦੇ ਦਾ ਕਹਿਰ ਜਾਰੀ ਰਹੇਗਾ ਅਜੇ ਵੀ?

ਯੋਜਨਾ ਕਮਿਸ਼ਨ ਨੇ ਆਪਣੀ ਤਾਜਾ ਰਿਪੋਰਟ 'ਚ ਭਵਿੱਖਬਾਣੀ ਕੀਤੀ ਹੈ ਕਿ 11ਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਅਰਥਚਾਰੇ ਦੀ ਵਿਕਾਸ ਦਰ ਘਟੇਗੀ ਅਤੇ ਖਾਣ ਵਾਲੀਆਂ ਚੀਜ਼ਾਂ ਦੇ ਭਾਅ ਵਧਣਗੇ। 2013 ਤੱਕ ਚੱਲਣ ਵਾਲੀ ਇਸ ਪੰਜ ਸਾਲਾ ਯੋਜਨਾ ਦੇ ਦੌਰਾਨ ਵਿਕਾਸ ਦਰ ਪਹਿਲਾਂ 9 ਫੀਸਦੀ ਰਹਿਣ ਦਾ ਅਨੁਮਾਨ ਸੀ ਪਰ ਹੁਣ ਕਿਹਾ ਜਾ ਰਿਹਾ ਹੈ ਕਿ ਇਹ ਸਿਰਫ 7.8 ਫੀਸਦੀ ਹੋਵੇਗੀ। ਰਿਪੋਰਟ ਮੁਤਾਬਕ ਸੇਵਾ ਖੇਤਰ ਅਤੇ ਭਵਨ ਨਿਰਮਾਣ ਦੇ ਖੇਤਰਾਂ 'ਚ ਵਿਕਾਸ ਦੀ ਦਰ ਥੋੜ੍ਹੀ ਵਧੇਗੀ ਪਰ ਖੇਤੀ ਤੇ ਮੈਨੂਫੈਕਚਰਿੰਗ ਦੀ ਦਰ ਘਟ ਸਕਦੀ ਹੈ। ਉਧਰ ਆਰਥਕ ਵਿਕਾਸ ਤੇ ਸਹਿਕਾਰ ਸੰਗਠਨ (OCD) ਤੇ ਸੰਯੁਕਤ ਰਾਸ਼ਟਰ ਖਾਦ ਤੇ ਖੇਤੀ ਸੰਗਠਨ ਦੀ ਸੰਯੁਕਤ ਰਿਪੋਰਟ 'ਖੇਤੀ ਅਨੁਮਾਨ 2009-18' ਮੁਤਾਬਕ ਦੁਨੀਆਂ ਦੇ ਅਰਥਚਾਰੇ ਦੀ ਹਾਲਤ ਵੀ ਬਹੁਤ ਅੱਛੀ ਨਹੀਂ ਹੈ। ਰਿਪੋਰਟ ਕਹਿੰਦੀ ਹੈ ਕਿ ਅਗਲੇ ਦੋ-ਤਿੰਨ ਸਾਲ ਵਿੱਚ ਵਿਸ਼ਵ ਵਿਆਪੀ ਮੰਦੀ ਤੋਂ ਉਭਰਨ ਦਾ ਅਮਲ ਸ਼ੁਰੂ ਹੋ ਗਿਆ ਤਾਂ ਖੇਤੀ ਦੀ ਹਾਲਤ 'ਚ ਵੱਧ ਗਿਰਾਵਟ ਨਹੀਂ ਆਵੇਗੀ। ਪਰ ਜੇ ਮੰਦੀ ਦੀ ਸਥਿਤੀ ਹੋਰ ਗੰਭੀਰ ਹੋਈ ਤਾਂ ਖਾਦ ਸੰਕਟ ਫਿਰ ਤੋਂ ਗੰਭੀਰ ਹੋਣ ਦਾ ਜ਼ੋਖ਼ਮ ਵਧ ਜਾਵੇਗਾ। ਭਾਰਤ ਤੇ ਦੁਨੀਆਂ ਦੀ ਗ਼ਰੀਬ ਆਬਾਦੀ ਲਈ ਇਸ ਹਾਲਤ ਦੇ ਨਤੀਜੇ ਬਹੁਤ ਗੰਭੀਰ ਹੋਣਗੇ। ਪਿਛਲੇ ਦੋ ਸਾਲਾਂ ਤੋਂ ਚਲੇ ਆ ਰਹੇ ਭਿਆਨਕ ਸੰਕਟ ਨੇ ਗਰੀਬਾਂ ਦਾ ਜਿਉਣਾ ਦੁਭਰ ਕਰ ਦਿੱਤਾ ਹੈ। ਪੂੰਜੀਵਾਦੀ ਅੰਕੜਿਆਂ ਦੇ ਖੇਲ ਕਾਰਨ ਪਿਛਲੇ ਕੁਝ ਮਹੀਨਿਆਂ ਤੋਂ ਦੇਸ਼ ਵਿੱਚ ਮੁਦਰਾ ਸਫ਼ੀਤੀ ਦੀ ਦਰ ਘਟ ਕੇ ਜੀਰੋ ਹੋ ਚੁੱਕੀ ਹੈ ਅਤੇ ਕੌਮਾਂਤਰੀ ਬਾਜ਼ਾਰ 'ਚ ਵੀ ਕੀਮਤਾਂ ਘੱਟ ਹੋ ਚੁੱਕੀਆਂ ਹਨ। ਪਰ ਦੇਸ਼ ਦੀ ਗਰੀਬ ਆਬਾਦੀ ਨੂੰ ਇਸ ਨਾਲ ਕੋਈ ਰਾਹਤ ਨਹੀਂ ਮਿਲੀ ਹੈ। ਬਲਕਿ ਅਨਾਜ ਦੀ ਜਮ੍ਹਾਖੋਰੀ ਦੇ ਚਲਦਿਆਂ ਬਾਜ਼ਾਰ 'ਚ ਕਣਕ, ਚੌਲ, ਦਾਲ ਤੇਲ ਸਭ ਦੀਆਂ ਕੀਮਤਾਂ ਪਹਿਲਾਂ ਤੋਂ ਹੀ ਜ਼ਿਆਦਾ ਵਧ ਗਈਆਂ ਹਨ। ਮੈਨੂੰ ਫੈਕਚਰਿੰਗ ਸੈਕਟਰ ਵਿੱਚ ਵਿਕਾਸ ਦੀ ਧਾਰ ਮੱਠੀ ਰਹਿਣ ਦਾ ਮਤਲਬ ਹੈ ਕਿ ਉਦਯੋਗਾਂ 'ਚ ਬੇਰੁਜ਼ਗਾਰੀ ਤੇ ਤਨਖਾਹ ਕਟੌਤੀ ਵਧੇਗੀ ਅਤੇ ਪੂੰਜੀਪਤੀ ਕੰਮ ਦੇ ਘੰਟੇ ਵਧਾ ਕੇ ਅਤੇ ਰਫ਼ਤਾਰ ਤੇਜ਼ ਕਰਕੇ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਨਿਚੋੜਨ ਦੀ ਕੋਸ਼ਿਸ਼ ਕਰਨਗੇ। ਬੇਰੁਜ਼ਗਾਰੀ ਤੇ ਤਨਖਾਹ ਕਟੌਤੀ ਦੇ ਅਸਰ ਨਾਲ ਗਰੀਬਾਂ ਲਈ ਖਾਦ ਸੰਕਟ ਹੋਰ ਵੀ ਗੰਭੀਰ ਹੋ ਜਾਵੇਗਾ। ਯੋਜਨਾ ਰਿਪੋਰਟ ਮੁਤਾਬਿਕ ਸੇਵਾ ਖੇਤਰ ਅਤੇ ਭਵਨ ਨਿਰਮਾਣ ਖੇਤਰ 'ਚ ਮੰਦੇ ਹਾਂ ਅਸਰਾ ਘਟੇ ਹੋਣ ਦੇ ਸੰਕੇਤ ਮਿਲ ਰਹੇ ਹਨ। ਪਰ ਅਰਥਚਾਰੇ ਦੀ ਰੀੜ ਮੈਨੂੰ ਫੈਕਚਰਿੰਗ ਖੇਤਰ ਹੀ ਹੈ। ਜਦ ਕਿ ਸਭ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਖੇਤੀ ਖੇਤਰ 'ਚ ਮਿਲਿਆ ਹੋਇਆ ਹੈ। ਜੇ ਖੇਤੀ ਅਤੇ ਮੈਨਫੈਕਚਰਿੰਗ ਮੰਦੀ ਦੀ ਮਾਰ ਨਾਲ ਤੰਗ ਰਹਿਣਗੇ ਤਾਂ ਹੋਰ ਸੈਕਟਰਾਂ ਦੀ ਕੁਝ ਬੇਹਤਰ ਸਥਿਤੀ ਅਸਥਾਈ ਹੀ ਹੋ ਸਕਦੀ ਹੈ। ਖੇਤੀ ਦਾ ਸੰਕਟ ਪੂਰੀ ਤਰ੍ਹਾਂ ਪੂੰਜੀਵਾਦੀ ਨੀਤੀਆਂ ਦਾ ਸਿੱਟਾ ਹੈ। ਵੈਸੇ ਤਾਂ ਪੂੰਜੀਵਾਦ ਦੇ ਤਹਿਤ ਉਦਯੋਗ ਦੇ ਮੁਕਾਬਲੇ ਖੇਤੀ

ਹਮੇਸ਼ਾ ਹੀ ਪਿਛੜੀ ਰਹਿੰਦੀ ਹੈ ਪਰ ਭੂਮੰਡਲੀਕਰਨ ਦੇ ਦੌਰ ਦੀਆਂ ਨੀਤੀਆਂ ਨੇ ਖੇਤੀ ਨੂੰ ਪੂਰੀ ਤਰ੍ਹਾਂ ਉਦਯੋਗ ਦੀ ਦਾਸੀ ਬਣਾ ਦਿੱਤਾ ਹੈ। ਇਸ ਦਾ ਅਧੁਨੀਕੀਕਰਨ ਵੀ ਮੁਨਾਫੇ ਦੇ ਤੰਤਰ ਤੇ ਉਦਯੋਗ ਦੀ ਜ਼ਰੂਰਤਾਂ ਅਨੁਸਾਰ ਬੇਤਰਤੀਬ ਤੇ ਵਿਗੜੇ ਢੰਗ ਨਾਲ ਹੋਇਆ ਹੈ। ਵਿਗਿਆਨ ਤੇ ਟੈਕਨੋਲੋਜੀ ਦੀ ਇਨ੍ਹੀਂ ਵੱਧ ਤਰੱਕੀ ਦੇ ਬਾਵਜੂਦ ਅੱਜ ਦੀ ਹਿੰਦੁਸਤਾਨ ਦੀ ਖੇਤੀ ਮੌਸਮ 'ਤੇ ਨਿਰਭਰ ਹੈ। ਪੈਦਾਵਾਰ ਇਨਸਾਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਹੀਂ ਬਲਕਿ ਬਾਜ਼ਾਰ 'ਚ ਕਮਾਉਣ ਲਈ ਕੀਤਾ ਜਾਂਦਾ ਹੈ। ਇਕ ਪਾਸੇ ਕਰੋੜਾਂ ਲੋਕ ਭੁੱਖੇ ਨੰਗੇ ਹਨ ਦੂਜੇ ਪਾਸੇ ਅਨਾਜ ਫ਼ਸਲਾਂ ਦਾ ਰਕਬਾ ਘੱਟ ਹੁੰਦਾ ਜਾ ਰਿਹਾ ਹੈ ਅਤੇ ਕਾਰ ਦਾ ਪੈਟਰੋਲ ਬਚਾਉਣ ਲਈ ਜੈਟਰੋਫਾ ਰਤਨਜੋਤ ਆਦਿ ਦੀ ਖੇਤੀ ਤੋਂ ਲੈ ਕੇ ਫੁੱਲ ਵਗੈਰਾ ਦੀ ਪੈਦਾਵਾਰ ਦਾ ਰਕਬਾ ਵਧਦਾ ਜਾ ਰਿਹਾ ਹੈ। ਇਸ ਕਾਰਨ ਕਰਜ਼ ਤੇ ਘਾਟੇ ਦੇ ਜਾਲੇ 'ਚ ਉਲਝ ਕੇ ਆਤਮ ਹੱਤਿਆ ਕਰਨ ਵਾਲਿਆਂ 'ਚ ਛੋਟੇ ਕਿਸਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਦੇਸ਼ ਦੇ ਹਰ ਹਿੱਸੇ 'ਚ ਬਣ ਰਹੇ 'ਸੇਜ' ਲਈ ਲੱਖਾਂ ਹੈਕਟੇਅਰ ਉਪਜਾਊ ਜ਼ਮੀਨ ਨੂੰ ਖਾਲੀ ਕਰਵਾ ਕੇ ਉਦਯੋਗਾਂ ਨੂੰ ਸੌਂਪ ਦਿੱਤਾ ਗਿਆ ਹੈ ਅਤੇ ਏਨੀ ਹੀ ਹੋਰ ਜ਼ਮੀਨ ਹੜੱਪੇ ਜਾਣ ਦੀ ਤਿਆਰੀ ਹੈ। ਖੇਤੀ ਸੰਕਟ ਕਾਰਨ ਪਿੰਡ ਦੇ ਮੇਹਨਤਕਸ਼ਾਂ ਦੇ ਉਜੜਣ ਦਾ ਸਿਲਸਿਲਾ ਰੁਕਣ ਵਾਲਾ ਨਹੀਂ ਹੈ। ਦੂਜੇ ਪਾਸੇ ਸਨਅਤਾਂ 'ਚ ਏਨੀ ਭਾਰੀ ਅਬਾਦੀ ਨੂੰ ਖਪਾਉਣ ਦੀ ਸਮਰਥਾ ਨਹੀਂ ਹੈ। ਇਸ ਦੀ ਇਕ ਵਜਾਹ ਇਹ ਹੈ ਕਿ ਅੱਜ ਉਦਯੋਗਾਂ 'ਚ ਕਿਰਤ ਸੰਘਣਤਾ ਘਟ ਰਹੀ ਹੈ ਅਤੇ ਮਸ਼ੀਨੀਕਰਨ ਵਧ ਰਿਹਾ ਹੈ। ਨਵੀਂ ਤਕਨੋਲੋਜੀ ਕਾਰਨ ਕਈ ਮਜ਼ਦੂਰਾਂ ਦਾ ਕੰਮ ਇਕ-ਦੋ ਮਜ਼ਦੂਰਾਂ ਤੋਂ ਹੀ ਕਰਾ ਲਿਆ ਜਾਂਦਾ ਹੈ। ਉਪਰੋਂ ਮੰਦੀ ਦੀ ਮਾਰ ਨਾਲ ਮੈਨੂੰਫੈਕਚਰਰਿੰਗ ਉਦਯੋਗ ਦੇ ਉਭਰਨ ਦੇ ਆਸਾਰ ਜਲਦੀ ਨਜ਼ਰ ਨਹੀਂ ਆ ਰਹੇ ਹਨ। ਐਸੇ ਵਿੱਚ ਪਿੰਡ ਤੋਂ ਉਜੜ ਰਹੀ ਭਾਰੀ ਗਰੀਬ ਆਬਾਦੀ ਸ਼ਹਿਰੀ ਬੇਰੁਜ਼ਗਾਰਾਂ ਦੀ ਫੌਜ 'ਚ ਇਜਾਫਾ ਹੀ ਕਰੇਗੀ। ਇਸ ਨਾਲ ਉਹਨਾਂ ਦੀ ਮੁੱਲ ਭਾਅ (ਬਾਰਗੇਨਿੰਗ) ਕਰਨ ਦੀ ਸ਼ਕਤੀ ਹੋਰ ਘੱਟ ਹੋਵੇਗੀ। ਤੇ ਮਾਲਿਕਾਂ ਨੂੰ ਮਨਮਾਨੀਆਂ ਦਰਾਂ 'ਤੇ ਮਜ਼ਦੂਰਾਂ ਤੋਂ ਬੇਤਹਾਸ਼ਾ ਕੰਮ ਕਰਾਉਣ ਦਾ ਹੋਰ ਮੌਕਾ ਮਿਲ ਜਾਵੇਗਾ। ਸੇਵਾ ਖੇਤਰ 'ਚ ਮੰਦੀ ਦਾ ਅਸਰ ਘੱਟ ਹੋਣ ਦਾ ਅਰਥਚਾਰੇ ਦੀ ਆਮ ਸਥਿਤੀ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਦੇਸ਼ ਦੇ ਬਹੁਤ ਵੱਡੇ ਉਚ ਮੱਧ ਵਰਗ ਪਾਸ ਮੇਹਨਤਕਸ਼ਾਂ ਨੂੰ ਨਿਚੋੜ ਕੇ ਅਥਾਹ ਧਨ ਇਕੱਠਾ ਹੋ ਚੁੱਕਿਆ ਹੈ। ਦਫਤਰਾਂ 'ਚ ਬੈਠੇ ਬੈਠੇ ਬਸ ਕੰਪਿਊਟਰ, ਟੈਲੀਫੋਨ ਤੇ ਕਲਮ ਚਲਾ ਕੇ ਹਰ ਮਹੀਨੇ ਲੱਖਾਂ ਦੀ ਕਮਾਈ ਕਰਨ ਵਾਲੇ ਇਸ ਗੈਰ ਪੈਦਾਵਾਰੀ ਵਰਗ ਪਾਸ ਖਰਚ ਕਰਨ ਨੂੰ ਕਾਲੇ ਧਨ ਦੀ ਘਾਟ ਨਹੀਂ ਹੈ। ਇਸ ਦੀ ਬਦੌਲਤ ਹੋਟਲ ਮਨੋਰੰਜਨ ਸੰਚਾਰ ਬੈਂਕ ਬੀਮਾ ਆਦਿ 'ਚ ਮੰਦੀ ਘੱਟ ਹੁੰਦੀ ਦਿਸ ਰਹੀ ਹੈ। ਮੁੱਖ ਤੌਰ 'ਤੇ ਕਾਲੇ ਧਨ ਦੇ ਨਿਵੇਸ਼ ਨਾਲ ਹੀ ਭਵਨ ਉਸਾਰੀ ਖੇਤਰ 'ਚ ਵੀ ਲੰਬੀ ਮੰਦੀ ਪਿੱਛੋਂ ਉਠਾਣ ਦੇ ਸੰਕੇਤ ਮਿਲ ਰਹੇ ਹਨ। ਸਿਰ 'ਤੇ ਛੱਤ ਦਾ ਜੁਗਾੜ ਕਰਨ ਲਈ ਘਰ ਖਰੀਦਣ ਦੀ ਇੱਛਾ ਰੱਖਣ ਵਾਲੀ ਆਬਾਦੀ ਲਈ ਅੱਜ ਵੀ ਘਰ ਇਕ ਸੁਪਨਾ ਹੀ ਹੈ। ਪਰ ਆਪਣੀ ਵਾਲੀ ਕਮਾਈ ਦੇ ਨਿਵੇਸ਼ ਲਈ ਘਰ ਜਾਂ ਦੁਕਾਨ ਖਰੀਦ ਕੇ ਰੱਖ ਦੇਣ ਵਾਲਿਆਂ ਦੀ ਵੀ ਘਾਟ ਨਹੀਂ ਹੈ। ਪੂੰਜੀਵਾਦ ਦੇ ਸਾਰੇ ਹਕੀਮਾਂ ਵੈਦਾਂ ਦੇ ਹਰ ਤਰ੍ਹਾਂ ਦੇ ਟੂਣਿਆਂ ਟੋਟਕਿਆਂ ਦੇ ਬਾਵਜੂਦ ਪੂੰਜੀਵਾਦ ਦਾ ਸੰਕਟ ਦੂਰ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਤਮਾਮ

ਪੂੰਜੀਵਾਦੀ ਆਰਥਕ ਸੰਸਥਾਵਾਂ ਦੇ ਮੁਲਅੰਕਣ ਦੱਸਦੇ ਹਨ ਕਿ ਅਜੇ ਅਗਲੇ ਦੋ-ਤਿੰਨ ਸਾਲਾਂ 'ਚ ਮੰਦੀ ਦਾ ਅਸਰ ਦੂਰ ਹੋ ਵੀ ਗਿਆ ਤਾਂ ਉਹ ਛਾਲ ਅਸਥਾਈ ਹੀ ਹੋਵੇਗੀ। ਭੁੱਲਣਾ ਨਹੀਂ ਚਾਹੀਦਾ ਕਿ ਇਹ ਮੰਦੀ ਪਹਿਲਾਂ ਤੋਂ ਚਲੀ ਆ ਰਹੀ ਲੰਮੇ ਸਮੇਂ ਦੀ ਮੰਦੀ ਦੇ ਅੰਦਰ ਦੀ ਮੰਦੀ ਹੈ ਅਤੇ ਪੂੰਜੀਵਾਦੀ ਅਰਥਚਾਰਾ ਇਸ 'ਚ ਉਭਰੇਗਾ ਤਾਂ ਕੁਝ ਹੀ ਸਾਲਾਂ 'ਚ ਇਸ ਤੋਂ ਵੀ ਭੀਸ਼ਮ ਮੰਦੀ 'ਚ ਫਸ ਜਾਵੇਗਾ। ਇਸ ਬੁੱਢੀ, ਜਰਜਰ, ਆਦਮਖੋਰ ਵਿਵਸਥਾ ਨੂੰ ਕਬਰ 'ਚ ਧੱਕ ਕੇ ਹੀ ਇਸ ਦੀਆਂ ਅੰਤਹੀਣ ਤਕਲੀਫ਼ਾਂ ਦਾ ਅੰਤ ਕੀਤਾ ਜਾ ਸਕਦਾ ਹੈ ਤੇ ਮਨੁੱਖਤਾ ਨੂੰ ਵੀ ਇਸ ਦੇ ਪੰਜਿਆਂ ਤੋਂ ਮੁਕਤ ਕੀਤਾ ਜਾ ਸਕਦਾ ਹੈ।

# ਕੀ ਹੈ ਬੁਰਜੂਆ ਜਮਹੂਰੀਅਤ ’ਚ “ਬਹੁਮਤ” ਦੀ ਅਸਲੀਅਤ

ਵਾਰ ਵਾਰ ਇਹ ਸਾਬਿਤ ਹੋ ਚੁੱਕਿਆ ਹੈ ਕਿ ਪੂੰਜੀਵਾਦੀ ਲੋਕਤੰਤਰ, ਪੂੰਜੀਵਾਦੀਆਂ ਦੀ ਮੈਨੇਜਮੈਂਟ ਕਮੇਟੀ ਤੋਂ ਸਿਵਾਏ ਕੁਝ ਨਹੀਂ ਹੈ। ਇਸ ’ਚ ਹਰ ਪੰਜ ਸਾਲ ਬਾਅਦ ਲੋਕਤੰਤਰ ਦੀ ਨੰਗੀ ਖੇਡ ਖੇਡੀ ਜਾਂਦੀ ਹੈ। ਜਿਸ ਵਿਚ ਇਹ ਫੈਸਲਾ ਹੁੰਦਾ ਹੈ ਕਿ ਅਗਲੇ ਪੰਜ ਸਾਲ ਤੱਕ ਮੇਹਨਤਕਸ਼ ਲੋਕਾਂ ਦੀ ਲੁੱਟ ਦਾ ਅਧਿਕਾਰ ਕਿਸ ਪਾਰਟੀ ਨੂੰ ਮਿਲੇਗਾ ਅਤੇ ਕਿਹੜੀ ਪਾਰਟੀ ਮਾਲਕਾਂ ਦੇ ਹਿੱਤ ਵਿੱਚ ਸਾਰੀਆਂ ਨੀਤੀਆਂ ਕਾਲੇ ਕਨੂੰਨਾਂ ਨੂੰ ਲਾਗੂ ਕਰੇਗੀ। ਇਸ ਨੂੰ ਘੱਟ ਗਿਣਤੀ ਉਪਰ ਬਹੁਮਤ ਦੀ ਹਕੂਮਤ ਵਜੋਂ ਪਰਚਾਰਿਆ ਜਾਂਦਾ ਹੈ ਪਰ ਅਸਲ ’ਚ ਇਹ ਬਹੁਮਤ ਤੇ ਘੱਟ ਗਿਣਤੀ ਦੀ ਹਕੂਮਤ ਹੁੰਦੀ ਹੈ ਅਤੇ ਪੂੰਜੀਪਤੀ ਤੇ ਉਹਨਾਂ ਦੇ ਪਿਛਲੱਗ ਬੁੱਧੀਜੀਵੀ ਅਖ਼ਬਾਰ ਨੇਤਾ-ਅਭਿਨੇਤਾ ਸਾਡੇ ਇਕ “ਮਹਾਨ ਲੋਕ ਤੰਤਰ” ਦੀ ਦੁਹਾਈ ਪਾਉਂਦੇ ਨਹੀਂ ਥਕਦੇ। ਵੋਟਰਾਂ ਨੂੰ ਵੋਟ ਦੇਣ ਲਈ ਮਨਾਉਣ ਦੇ ਸਾਰੇ ਪ੍ਰਚਾਰ ਦੇ ਬਾਵਜੂਦ ਦੇਸ਼ ਦੀਆਂ ਆਮ ਚੋਣਾਂ ’ਚ ਵੋਟਾਂ ਦੀ ਫੀਸਦੀ ਵਧਣੀ ਤਾਂ ਦੂਰ ਦੀ ਗੱਲ ਬਲਕਿ ਘੱਟ ਹੋ ਰਹੀ ਹੈ। ਇਸ ਵਾਰੀ ਕੁਲ ਲਗਭਗ 59 ਫੀਸਦੀ ਵੋਟਰਾਂ ਨੇ ਵੋਟ ਪਾਈ। ਵੋਟਾਂ ਪੈਂਦੀਆਂ ਕਿਵੇਂ ਹਨ। ਇਹ ਦੱਸਣ ਦੀ ਜ਼ਰੂਰਤ ਨਹੀਂ। ਖੈਰ ਇਸ ਵਾਰੀ ਚੋਣਾਂ ਜਿੱਤ ਕੇ ਪਾਰਲੀਮੈਂਟ ’ਚ ਪਹੁੰਚਣ ਵਾਲੇ ਸਾਂਸਦਾਂ ਨੂੰ ਔਸਤਨ 25.7 ਫੀਸਦੀ ਵੋਟ ਹੀ ਮਿਲੇ ਜਦ ਕਿ 1997 ’ਚ ਇਹ ਪ੍ਰਤੀਸ਼ਤ 35.7 ਸੀ। ਹੁਣ ਪ੍ਰਤੀਸ਼ਤ ਦੀ ਬਜਾਏ ਗਿਣਤੀ ’ਤੇ ਗੌਰ ਕਰੀਏ ਤਾਂ ਦੇਸ਼ ਦੀ ਕਰੀਬ 115 ਕਰੋੜ ਆਬਾਦੀ ’ਚੋਂ 71 ਕਰੋੜ ਯਾਨੀ 61 ਫੀਸਦੀ ਲੋਗ ਹੀ ਵੋਟਰ ਹਨ। ਅਜਿਹਾ ਨਹੀਂ ਹੈ ਕਿ ਬਾਕੀ ਦੇ 54 ਕਰੋੜ ਦੀ ਆਬਾਦੀ ’ਚ ਸਭ 18 ਸਾਲ ਤੋਂ ਘੱਟ ਉਮਰ ਦੇ ਹਨ ਇਹਨਾਂ ਵਿਚੋਂ ਕਈ ਕਰੋੜ ਆਬਾਦੀ ਮੇਹਨਤਕਸ਼ ਜਨਤਾ ਦੇ ਸਭ ਤੋਂ ਹੇਠਲੇ ਤਬਕੇ ਦੀ ਹੈ। ਜਿਸ ਪਾਸ ਰਹਿਣ ਦਾ ਕੋਈ ਸਥਾਈ ਠਿਕਾਣਾ ਹੀ ਨਹੀਂ ਹੈ ਤਾਂ ਵੋਟ ਕਾਰਡ ਬਣੇਗਾ ਕਿਵੇਂ? ਸ਼ਹਿਰਾਂ ’ਚ ਰਹਿਣ ਵਾਲੇ ਕਰੋੜਾਂ ਮਜ਼ਦੂਰਾਂ ਤੱਕ ਦੇ ਕਾਰਡ ਨਹੀਂ ਬਣਦੇ। ਇਹਨਾਂ 71 ਕਰੋੜ ਵੋਟਰਾਂ ’ਚੋਂ ਕਰੀਬ 42 ਕਰੋੜ ’ਚ ਹੀ ਸਿਰਫ 25.7 ਫੀਸਦੀ ਵੋਟਰ ਯਾਨੀ ਲਗਭਗ 10.7 ਕਰੋੜ ਦੇ ਵੋਟ ਹੀ ਜਿੱਤਣ ਵਾਲੇ ਸਾਂਸਦਾਂ ਨੂੰ ਮਿਲੇ। ਯਾਨੀ ਇਹ ਸਾਂਸਦ ਦੇਸ਼ ਦੀ ਜਨਤਾ ਦੀ ਕੁੱਲ ਆਬਾਦੀ ਦੇ ਲਗਭਗ 12.3 ਫੀਸਦੀ ਦੇ ਹੀ ਨੁਮਾਇੰਦੇ ਹਨ। ਪਰ ਲੋਕਾਂ ਨੂੰ ਵਾਰ-ਵਾਰ ਜਚਾਇਆ ਜਾਂਦਾ ਹੈ ਕਿ ਲੋਕਤੰਤਰ ਦਾ ਮਤਲਬ ਹੁੰਦਾ ਹੈ ਬਹੁਮਤ ਦੀ ਹਕੂਮਤ। ਜਦ ਕਿ ਅਸਲੀਅਤ ਇਹ ਹੈ ਕਿ ਜੇ ਇਸ ਪੂੰਜੀਵਾਦੀ ਚੋਣ ਪ੍ਰਣਾਲੀ ਨੂੰ ਹੀ ਪੈਮਾਨਾ ਮੰਨ ਲਿਆ ਜਾਵੇ ਤਾਂ ਬਹੁਮਤ ਐਸੇ ਲੋਕਾਂ ਦਾ ਹੁੰਦਾ ਹੈ। ਜੋ ਚੋਣ ਜਿੱਤਣ ਵਾਲਿਆਂ ਖਿਲਾਫ ਸਨ। ਇਸ ਵਾਰ ਦੀ ਆਮ ਚੋਣਾਂ ’ਚ ਵੋਟਾਂ ਦੀ ਪ੍ਰਤੀਸ਼ਤ ਹੋਰ ਡਿੱਗ ਪਈ ਹੈ। ਇਸ ਵਾਰ ਚੋਣਾਂ ਜਿੱਤਣ ਵਾਲੇ 145 ਸਾਂਸਦ ਤਾਂ ਆਪਣੇ ਹਲਕੇ ਦੇ ਵੋਟਰਾਂ ਦਾ 20 ਫੀਸਦੀ ਤੋਂ ਵੀ ਘੱਟ ਵੋਟਾਂ ਨਾਲ ਜਿੱਤ ਕੇ ਸੰਸਦ ਪਹੁੰਚ ਗਏ ਹਨ। ਯਾਨੀ ਉਹ ਤਾਂ ਮੁਸ਼ਕਲ ਨਾਲ 9-10 ਫੀਸਦੀ ਲੋਕਾਂ ਦੇ

ਹੀ ਨੁਮਾਇੰਦੇ ਹਨ। ਇਹ ਅੰਕੜੇ ਤਾਂ ਬੱਸ ਇਸ ਸਚਾਈ ਦੀ ਹੀ ਪੁਸ਼ਟੀ ਕਰਦੇ ਹਨ ਕਿ ਪੂੰਜੀਵਾਦੀ ਲੋਕਤੰਤਰ ਅਸਲ 'ਚ ਬਹੁਗਿਣਤੀ ਆਬਾਦੀ 'ਤੇ ਮੁੱਠੀਭਰ ਲੋਕਾਂ ਦੀ ਹਕੂਮਤ ਹੁੰਦੀ ਹੈ। ਇਹ ਲੋਕਤੰਤਰ ਨਹੀਂ ਧਨਤੰਤਰ ਹੈ। ਇਹ 20 ਰੁਪਏ ਰੋਜ਼ 'ਤੇ ਗੁਜਾਰਾ ਕਰਨ ਵਾਲੇ 84 ਕਰੋੜ ਲੋਕਾਂ 'ਤੇ 100 ਕਰੋੜ ਆਵਾਮ 'ਤੇ ਪੂੰਜੀਪਤੀ ਜਮਾਤ ਦੀ ਸਰਦਾਰੀ ਹੈ। ਜਿਸ 'ਚ ਪੂੰਜੀਪਤੀਆਂ ਨੂੰ ਲੁੱਟਣ ਦੀ ਆਜਾਦੀ ਹੈ ਕਿ ਕਿਹੜਾ ਮਾਲਕ ਉਹਨਾਂ ਨੂੰ ਲੁੱਟੇਗਾ। ਏਨਾ ਹੀ ਨਹੀਂ ਚੋਣ ਪਿੱਛੋਂ ਬਣਨ ਵਾਲੀ ਇਸ ਜਾਂ ਉਸ ਪਾਰਟੀ ਦੀ ਸਰਕਾਰ ਤਾਂ ਸਿਰਫ ਕੁਝ ਨੀਤੀਆਂ ਤਹਿ ਕਰਦੀ ਹੈ। ਸਰਕਾਰ ਦਾ ਅਸਲੀ ਕੰਮਕਾਜ ਤਾਂ ਨੌਕਰਸ਼ਾਹੀ ਸੰਭਾਲਦੀ ਹੈ। ਜਿਨ੍ਹਾਂ ਦੀ ਆਜ਼ਾਦੀ ਹੈ ਕਿ ਕਿਹੜਾ ਮਾਲਕ ਉਹਨਾਂ ਨੂੰ ਲੁੱਟੇਗਾ। ਏਨੀ ਹੀ ਨਹੀਂ ਚੋਣ ਪਿੱਛੋਂ ਬਣਨ ਵਾਲੀ ਇਸ ਜਾਂ ਉਸ ਪਾਰਟੀ ਦੀ ਸਰਕਾਰ ਤਾਂ ਸਿਰਫ ਕੁਝ ਨੀਤੀਆਂ ਤਹਿ ਕਰਦੀ ਹੈ। ਸਰਕਾਰ ਦਾ ਅਸਲੀ ਕੰਮਕਾਜ ਤਾਂ ਨੌਕਰਸ਼ਾਹੀ ਸੰਭਾਲਦੀ ਹੈ। ਜਿਨ੍ਹਾਂ ਦੀ ਲੋਕਾਂ ਪ੍ਰਤੀ ਕੋਈ ਜੁਆਬਦੇਹੀ ਨਹੀਂ ਹੁੰਦੀ। ਇਸ ਦਾ ਵਿਕਲਪ ਸਿਰਫ ਐਸਾ ਸੱਚਾ ਲੋਕਤੰਤਰ ਹੀ ਹੋ ਸਕਦਾ ਹੈ। ਜਿਸ ਨੂੰ ਪੈਦਾਵਾਰ ਤੇ ਵੰਡ ਦੇ ਨਾਲ ਹੀ ਰਾਜਕਾਜ ਦੇ ਪੂਰੇ ਢਾਂਚੇ 'ਤੇ ਮੇਹਨਤਕਸ਼ ਲੋਕਾਂ ਦਾ ਕੰਟਰੋਲ ਹੋਵੇ ਜਿਸ 'ਚ ਕਾਰਜਪਾਲਿਕਾ ਤੇ ਵਿਧਾਨਪਾਲਿਕਾ ਵੱਖ-ਵੱਖ ਨਾ ਹੋਣ। ਲੋਕ ਨੀਤੀਆਂ ਬਣਾਉਣ ਵਾਲੇ ਲੋਕਾਂ 'ਤੇ ਉਹਨਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਹੋਵੇ ਅਤੇ ਉਹ ਲੋਕਾਂ ਪ੍ਰਤੀ ਜੁਆਬਦੇਹ ਹੋਵੇ। ਹੇਠਾਂ ਤੋਂ ਉਪਰ ਤੱਕ ਸਾਸ਼ਨ ਦੇ ਸਾਰੇ ਅਹੁਦੇਦਾਰ ਲੋਕਾਂ ਵੱਲੋਂ ਚੁਣੇ ਜਾਣ ਤੇ ਲੋਕਾਂ ਉਹਨਾਂ ਨੂੰ ਚੁਣੇ ਜਾਣ ਦੇ ਨਾਲ-ਨਾਲ ਵਾਪਸ ਬਣਾਉਣ ਦਾ ਅਧਿਕਾਰ ਵੀ ਹੋਵੇ। ਅਜਿਹਾ ਤੰਤਰ ਪੂੰਜੀਵਾਦ 'ਚ ਸੰਭਵ ਨਹੀਂ ਹੈ। ਮੁਨਾਫਾ ਰਹਿਤ ਸਮਾਜ 'ਚ ਹੀ ਇਹ ਸੰਭਵ ਹੈ।

# ਯੂਰਪ 'ਚ ਜਲਵਾਯੂ ਤਬਦੀਲੀ ਅੱਗ ਨਾਲ 5 ਲੱਖ ਏਕੜ ਜ਼ਮੀਨ ਦੀ ਤਬਾਹੀ

ਯੂਰਪ 'ਚ ਜਲਵਾਯੂ ਪ੍ਰੀਵਰਤਨ ਦੇ ਸਭ ਤੋਂ ਬੁਰੇ ਨਤੀਜਿਆਂ ਵਜੋਂ ਸਾਹਮਣੇ ਆਈ ਹੈ। ਜੰਗਲਾਂ ਦੀ ਅੱਗ ਅਨੇਕਾਂ ਹਜ਼ਾਰ ਏਕੜ ਜੰਗਲ ਅੱਗ ਨਾਲ ਤਬਾਹ ਹੋ ਚੁੱਕੇ ਹਨ। ਅੱਗ ਹੁਣ ਯੂਰਪੀ ਦੇਸ਼ਾਂ ਵਿੱਚ ਇਕ ਐਸੀ ਵਾਤਾਵਰਣ ਆਫਤ ਬਣ ਗਈ ਹੈ ਜੋ ਹਰ ਸਾਲ ਗਰਮੀਆਂ 'ਚ ਸਿਰ ਉਠਾਉਂਦੀ ਹੈ। ਸਪੇਨ ਇਟਲੀ, ਫਰਾਂਸ, ਯੁਨਾਲ ਤੇ ਪੁਰਤਗਾਲ ਇਸ ਅੱਗ ਦੀ ਲਪੇਟ 'ਚ ਆਏ ਹਨ। ਇਹਨਾਂ ਵਿਚ ਵੀ ਸਪੇਨ ਤੋਂ ਇਟਲੀ ਸਭ ਤੋਂ ਵੱਧ ਪ੍ਰਭਾਵਿਤ ਹਨ। ਤਾਪਮਾਨ 'ਚ ਅਜੀਬੋ-ਗ਼ਰੀਬ ਵਾਧਾ ਹੋ ਰਿਹਾ ਹੈ ਅਤੇ ਤੇਜ ਹਵਾਵਾਂ ਨੇ ਹਾਲਾਤ ਹੋਰ ਮੁਸ਼ਕਲ ਕਰ ਦਿੱਤੇ ਹਨ। ਇਕ ਅੰਕੜੇ ਮੁਤਾਬਕ ਯੂਰਪ 'ਚ ਦੋ ਲੱਖ ਹੈਕਟੇਅਰ ਯਾਨੀ ਪੰਜ ਲੱਖ ਏਕੜ ਜੰਗਲ ਅੱਗ ਨਾਲ ਬਰਬਾਦ ਹੋ ਗਿਆ ਹੈ। 2008 'ਚ ਇਸ ਅੱਗ ਦਾ ਫੈਲਾਅ ਪੌਣੇ ਦੋ ਲੱਖ ਹੇਕਟੇਅਰ ਤੋਂ ਕੁਝ ਵੱਧ ਸੀ। ਯੂਰਪ ਦੇ ਜਲਵਾਯੂ ਦੇ ਮਾਡਲ ਦੱਸਦੇ ਹਨ ਕਿ ਆਉਣ ਵਾਲੇ ਸਾਲਾਂ 'ਚ ਗਰਮ ਹਵਾਵਾਂ ਹੋਰ ਚਲਣਗੀਆਂ ਜਿਹਨਾਂ ਨਾਲ ਇਕ ਭੂ ਮੰਡਲੀ ਐਮਰਜੈਸੀ ਦੇ ਹਾਲਾਤ ਬਣਨਗੇ। ਔਸਤਨ ਯੂਰਪੀ ਸੰਘ ਦੇ ਦੇਸ਼ਾਂ 'ਚ ਹਰ ਸਾਲ ਪੰਜ ਲੱਖ ਹੇਕਟੇਅਰ ਜ਼ਮੀਨ ਦਾਵਾਗ੍ਹੀ ਦੇ 65 ਹਜ਼ਾਰ ਕੇਸਾਂ 'ਚ ਜਲਕੇ ਰਾਖ ਹੋ ਜਾਂਦੀ ਹੈ। ਅੰਧਾ ਧੁੰਦ ਉਸਾਰੀ ਤੋਂ ਯੂਰਪ ਵੀ ਅਛੂਤ ਨਹੀਂ ਹੈ। ਪੇਂਡੂ ਇਲਾਕੇ ਸੁੰਗੜਦੇ ਜਾ ਰਹੇ ਹਨ ਤੇ ਵਣ ਖੇਤਰਾਂ ਦੇ ਪ੍ਰਬੰਦ ਦੀ ਕਮੀ ਕਾਰਨ ਸਥਿਤੀ ਹੋਰ ਵਿਗਾੜ ਦਿੱਤੀ ਹੈ। ਇਸ ਨਾਲ ਜੰਗਲ ਹੋਰ ਵੱਧ ਜਲਣਸ਼ੀਲ ਹੋ ਗਏ ਹਨ ਅਤੇ ਇਕ ਹਲਕੀ ਜਿਹੀ ਚੰਗਿਆੜੀ ਭੜਕਦੇ ਹੀ ਜੰਗਲ ਦੀ ਅੱਗ ਫੈਲ ਜਾਂਦੀ ਹੈ। ਇਸ ਅੱਗ ਦੀ ਇਕ ਉਲਟੀ ਮਾਰ ਇਹ ਵੀ ਹੈ ਕਿ ਜੰਗਲ ਕਾਰਬਨ ਦੇ ਵਿਸ਼ਾਲ ਖਜਾਨੇ ਹਨ ਅਤੇ ਜਦ ਉਹ ਜਲਦੇ ਹਨ ਤਾਂ ਗ੍ਰੀਨ ਹਾਂਉਸ ਗੈਸਾਂ ਦੀ ਵਿਸ਼ਾਲ ਮਾਤਰਾ ਵਾਯੂਮੰਡਲ 'ਚ ਜਮਾ ਹੋ ਜਾਂਦੀ ਹੈ। ਗ੍ਰੀਨਪੀਸ ਸੰਗਠਨ ਦੀ ਰਿਪੋਰਟ 'ਚ ਇਹਨਾਂ ਖਤਰਿਆਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਨਾ ਸਿਰਫ ਦੱਖਣੀ ਯੂਰਪ ਬਲਕਿ ਉਤਰੀ ਅਮਰੀਕਾ ਅਤੇ ਯੁਰੇਸ਼ਿਅ ਦੇ ਭੂਖੰਡਾਂ ਵਿਚ ਵੀ ਇਹ ਵਿਕਰਾਲ ਸਮੱਸਿਆ ਬਣ ਸਕਦੀ ਹੈ। ਉਧਰ ਤਾਪਮਾਨ 'ਚ ਵਾਧੇ ਨੇ ਫਰਾਂਸ 'ਚ ਇਕ ਵੱਖਰੀ ਹੀ ਮੁਸੀਬਤ ਪੈਦਾ ਕਰ ਦਿੱਤਾ ਹੈ। ਆਪਣੀਆਂ ਘਰੇਲੂ ਜ਼ਰੂਰਤਾਂ ਲਈ ਫਰਾਂਸ ਐਟਮੀ ਊਰਜਾ 'ਤੇ ਨਿਰਭਰ ਹੈ। ਉਸ ਨੂੰ ਮਦਦ ਮਿਲਦੀ ਹੈ ਜਪਾਨੀ ਸਪੇਨ ਤੇ ਬ੍ਰਿਟੇਨ ਤੋਂ। ਬਿਜਲੀ ਪੈਦਾਵਾਰ ਲਈ ਜਰਮਨੀ 'ਚ ਐਟਮੀ ਊਰਜਾ ਦੀ ਮਦਦ ਲਈ ਜਾਂਦੀ ਹੈ। ਐਟਮੀ ਯੰਤਰਾਂ ਨਾਲ ਕਰੀਬ 22 ਫੀਸਦੀ ਬਿਜਲੀ ਪੈਦਾ ਕੀਤੀ ਜਾਂਦੀ ਹੈ। 46 ਫੀਸਦੀ ਕੋਲਾ ਆਧਾਰਿਤ ਜਨਰੇਟਰਾਂ ਤੋਂ ਅਤੇ 12 ਫੀਸਦੀ ਕੁਦਰਤੀ ਗੈਸਾਂ ਤੋਂ ਅਤੇ ਜੋ ਪੁਨਰਕ੍ਰਿਤ ਸਰੋਤ ਹੈ ਜਿਵੇਂ ਸੌਰ ਊਰਜਾ, ਪਣ ਚੱਕੀਆਂ, ਬਾਇਓ ਮਾਸ ਅਤੇ ਪਣ ਬਿਜਲੀ ਪ੍ਰੋਜੈਕਟ ਊਰਜਾ ਤੋਂ 15 ਫੀਸਦੀ ਬਿਜਲੀ ਬਣਦੀ ਹੈ। ਪਰ ਜਰਮਨੀ ਮੰਗ ਤੋਂ ਵੱਧ ਬਿਜਲੀ ਪੈਦਾ ਕਰਦਾ ਹੈ। ਇਸ ਲਈ ਫਰਾਂਸ ਵਰਗੇ ਦੇਸ਼ ਉਸ 'ਤੇ ਨਿਰਭਰ ਹਨ। ਹਾਲ ਹੀ 'ਚ ਜਰਮਨੀ ਦੇ ਸੱਤ ਐਟਮੀ ਊਰਜਾ ਰਿਐਕਟਰ ਠੱਪ ਹੋ ਗਏ ਪਰ

ਇਸ ਨਾਲ ਦੇਸ਼ ਦੀ ਬਿਜਲੀ ਵਿਵਸਥਾ 'ਤੇ ਅਸਰ ਨਹੀਂ ਪਿਆ। ਹੁਣ ਇਹ ਚੁਣਾਵੀ ਮੁੱਦਾ ਵੀ ਬਣ ਗਿਆ ਹੈ। ਚਾਂਸਲਰ ਅੰਗੇਲ ਮੈਰਕੇਲ ਦੀ ਪਾਰਟੀ ਐਟਮੀ ਊਰਜਾ ਯੰਤਰਾਂ ਨੂੰ ਫੇਜ਼ ਆਊਟ ਕਰਨ ਦੇ ਪੱਖ ਵਿੱਚ ਹੈ ਕਿਉਂਕਿ ਇਹ ਭਾਰੀ ਖਰਚ ਦੀ ਮੰਗ ਕਰਦੇ ਹਨ ਤੇ ਬੇਹੱਦ ਗਰਮੀ 'ਚ ਉਹਨਾਂ ਦੀ ਸਮਰੱਥਾ ਘੱਟ ਹੋ ਜਾਂਦੀ ਹੈ। ਫਰਾਂਸ 'ਚ ਇਹੀ ਹੋਇਆ ਇਸ ਲਈ ਉਸ ਨੂੰ ਬਿਜਲੀ ਗੁਆਂਢੀਆਂ ਤੋਂ ਉਧਾਰ ਲੈਣੀ ਪਈ। ਤਾਪਮਾਨ 'ਚ ਪਿਛਲੇ ਦਿਨ ਦੋ ਤੋਂ ਪੰਜ ਡਿਗਰੀ ਸੈਲਸੀਅਸ ਦਾ ਵਾਧਾ ਵੇਖਿਆ ਗਿਆ ਹੈ ਅਤੇ ਇਸ ਦਾ ਸਿੱਧਾ ਅਸਰ ਬਿਜਲੀ ਦੀ ਲੋੜ 'ਤੇ ਪਿਆ। ਦੋ ਤੋਂ ਪੰਜ ਅੰਕਾਂ ਦੇ ਇਸ ਵਾਧੇ ਦਾ ਮਤਲਬ ਹੈ ਹਰ ਰੋਜ਼ 400 ਮੈਗਾਵਾਟ ਬਿਜਲੀ ਦੀ ਵੱਧ ਖਪਤ। ਹਾਲ ਦੇ ਸਾਲਾਂ 'ਚ ਤੇਜ਼ ਗਰਮੀਆਂ ਦੇ ਦਿਨਾਂ 'ਚ ਫਰਾਂਸ ਨੂੰ ਆਪਣੇ ਕਈ ਐਟਮੀ ਰਿਐਕਟਰ ਬੰਦ ਕਰਨੇ ਪਏ ਹਨ। ਐਟਮੀ ਊਰਜਾ ਨੂੰ ਗਲੋਬਲ ਵਾਰਮਿੰਗ ਨਾਲ ਲੜਨ ਦਾ ਇਕ ਪ੍ਰਮੁੱਖ ਜ਼ਰੀਆ ਮੰਨਿਆ ਜਾਂਦਾ ਹੈ। ਪਰ ਇਸ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਮੌਸਮ ਚਗਮੀ ਵਧਦਿਆਂ ਹੀ ਰਿਐਕਟਰ ਬੈਠ ਜਾਂਦੇ ਹਨ। ਉਹਨਾਂ ਦੀ ਸਮਰੱਥਾ ਘੱਟ ਹੋ ਜਾਂਦੀ ਹੈ। ਉਹਨਾਂ ਦਾ ਕਹਿਣਾ ਹੈ ਕਿ ਗਲੋਬਲ ਵਾਰਮਿੰਗ ਨਾਲ ਐਟਮੀ ਊਰਜਾ ਯੰਤਰਾ ਦੀ ਸੀਮਾ ਦਾ ਪਤਾ ਲੱਗ ਰਿਹਾ ਹੈ ਅਤੇ ਬਜਾਏ ਬੜਚਾਅ ਦੇ ਐਟਮੀ ਊਰਜਾ ਸਾਡੇ ਵਾਤਾਵਰਣ ਨੂੰ ਨਸ਼ਟ ਕਰ ਰਹੀ ਹੈ। ਨਦੀਆਂ ਕਿਨਾਰੇ ਬਣੇ ਐਟਮੀ ਯੰਤਰਾਂ ਦਾ ਵਾਧੂ ਗਰਮ ਪਾਣੀ ਨਦੀਆਂ 'ਚ ਛੱਡਣ ਲਈ ਫਰਾਂਸ ਨੇ ਆਪਣੇ ਵਾਤਾਵਰਣ ਕਨੂੰਨਾਂ ਵਿੱਚ ਕੁਝ ਬਦਾਲਾਅ ਤਕ ਕਰ ਦਿੱਤੇ ਸਨ। ਪਰ ਇਸ ਦਾ ਅਸਰ ਨਦੀਆਂ ਦੀ ਸਥਿਤੀ 'ਤੇ ਵੀ ਪਿਆ ਹੈ ਅਤੇ ਉਸ ਦੀ ਜੈਵ-ਸੰਪਦਾ 'ਤੇ ਵੀ। ਇਸ ਤਰ੍ਹਾਂ ਗਲੋਬਲ ਵਾਰਮਿੰਗ ਦੀ ਬਹਿਸ ਯੂਰਪ 'ਚ ਭੰਬਲ ਭੂਸਿਆ 'ਚ ਪਈ ਹੋਈ ਹੈ। ਇਹ ਸੰਕਟ ਇਸ ਬਹਿਸ ਤੋਂ ਵੱਖਰਾ ਹੈ ਕਿ ਜਿਸ ਦੇ ਕੇਂਦਰ 'ਚ ਯੂਰਪੀ ਸੰਘ ਦੇ ਦੇਸ਼ ਹਨ। ਯਾਨੀ ਗਲੋਬਲ ਵਾਰਮਿੰਗ ਨੂੰ ਕਾਬੂ ਕਰਨ ਦੀਆਂ ਕੋਸ਼ਿਸ਼ਾਂ 'ਤੇ ਚਲ ਰਹੀ ਬਹਿਸ ਸੰਨ 2012 'ਚ ਕਯੋਤੋ ਸੰਧੀ ਦੀ ਮਿਆਦ ਖਤਮ ਹੋ ਰਹੀ ਹੈ ਤੇ ਉਸ ਦੀ ਥਾਂ ਦਸੰਬਰ 'ਚ ਡੇਨਮਾਰਕ ਦੀ ਰਾਜਧਾਨੀ ਕੋਪੇਨ ਹੇਗਨ ਦੀ ਮੀਟਿੰਗ 'ਚ ਨਵੀਂ ਸੰਧੀ 'ਤੇ ਮੋਹਰ ਲੱਗਣੀ ਹੈ। ਯੂਰਪੀ ਸੰਘ ਨੇ ਕਿਹਾ ਹੈ ਕਿ ਉਹ ਹੁਣ ਤੋਂ ਲੈ ਕੇ 2020 ਤਕ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ 'ਚ 30 ਫੀਸਦੀ ਕਟੌਤੀ ਕਰੇਗਾ। ਇਹ ਤਾਂ ਹੋਵੇਗਾ ਜਦ ਕੋਪਨਹੇਗਨ 'ਚ ਦੂਜੇ ਦੇਸ਼ ਵੱਡੀ ਕਟੌਤੀ ਲਈ ਤਿਆਰ ਹੋਣਗੇ ਅਤੇ ਕੋਈ ਆਮ ਸਹਿਮਤੀ ਬਣੇਗੀ। ਜੇ ਨਹੀਂ ਬਣਦੀ ਤਾਂ ਯੂਰਪੀ ਦੇਸ਼ 20 ਫੀਸਦੀ ਦੇ ਮੌਜੂਦਾ ਟੀਚੇ 'ਤੇ ਹੀ ਬਣੇ ਰਹਿਣਗੇ। ਯੂਰਪੀ ਸੰਘ ਦੇ ਮੈਂਬਰ ਦੇਸ਼ਾਂ ਦੀ ਇਕ ਹੋਰ ਅੰਦਰੂਨੀ ਉਲਝਣ ਹੈ। ਸਾਰੇ ਮੈਂਬਰਾਂ 'ਚ ਉਤਸ਼ਾਹਿਤ ਕਾਰਬਨ ਦੇ ਬੋਲ ਦਾ ਬਟਵਾਰਾ ਕੋਪਨਹੇਗਨ ਬੈਠਕ ਤੋਂ ਪਹਿਲਾਂ ਇਹਨਾਂ ਦੇਸ਼ਾਂ ਨੇ ਇਹ ਵੀ ਤਹਿ ਕਰਨਾ ਹੈ। ਪੋਲੈਂਡ ਵਰਗੇ ਮੈਂਬਰ ਦੇਸ਼ਾਂ ਨੂੰ ਜੋ ਵੱਡੇ ਪੈਮਾਨੇ 'ਤੇ ਕੋਲਾ ਊਰਜਾ 'ਤੇ ਨਿਰਭਰ ਹਨ, ਆਪਣੇ ਨਿਕਾਸ 'ਚ ਕਟੌਤੀ ਦੇ ਪੈਮਾਨਿਆਂ ਨੂੰ ਹੋਰ ਮੈਂਬਰ ਦੇਸ਼ਾਂ ਦੇ ਬਰਾਬਰ ਲਿਆਉਣਾ ਪਵੇਗਾ। ਪਰ ਉਸ ਦੀਆਂ ਆਪਣੀਆਂ ਆਰਥਕ ਦਿੱਕਤਾਂ ਵੀ ਹਨ ਅਤੇ ਇਹ ਕਟੌਤੀ ਦੀ ਏਨੀ ਵੱਡੀ ਛਾਲ ਲਾਉਣ 'ਚ ਅਜੇ ਸਮਰੱਥ ਨਹੀਂ ਹੈ। ਯੂਰਪੀ ਸੰਘ ਦੇ ਵਾਤਾਵਰਣ ਮੰਤਰੀਆਂ ਦੀ ਲਕਜ਼ਰਬਰਗ 'ਚ 21 ਅਕਤੂਬਰ ਨੂੰ ਮੀਟਿੰਗ ਹੋਈ। ਉਥੇ ਇਹਨਾਂ ਮੁਸ਼ਕਲਾਂ ਦੇ ਹੱਲ ਦਾ ਕੋਈ ਰਾਹ ਖੋਜਿਆ ਜਾ ਸਕਦਾ ਹੈ। ਉਥੇ ਇਹ ਵੀ

ਤਹਿ ਹੋਵੇਗਾ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੇ ਉਤਸਰਜਨ ਟੀਚਿਆਂ ਨੂੰ ਪੂਰਾ ਕਰਨ ਬਦਲੇ ਕਿੰਨੀ ਆਰਥਕ ਮਦਦ ਦਿੱਤੀ ਜਾਵੇ।

ਗ਼ਰੀਬ ਦੇਸ਼ਾਂ ਨੂੰ ਸਲਾਨਾ 30 ਅਰਬ ਯੂਰੋ ਦੇਣ ਦਾ ਵਿਚਾਰ ਯੂਰਪੀ ਕਮਿਸ਼ਨ ਦਾ ਹੈ। ਪਰ ਇਹ ਤਾਂ ਹੀ ਤਹਿ ਹੋਵੇਗਾ ਜਦ ਇਹ ਦੇਸ਼ ਆਪਣੇ ਅਰਥਚਾਰਿਆਂ ਦੀਆਂ ਸਪੱਸ਼ਟ ਯੋਜਨਾਵਾਂ ਤਹਿ ਕਰਨਗੇ।

ਗਲੋਬਲ ਵਾਰਸਿੰਗ ਨਾਲ ਨਿਪਟਣ ਸਬੰਧੀ ਅਗਾਂਹਵਧੂ ਭੂਮਿਕਾ ਨਿਭਾਉਣ ਦੀ ਯੂਰਪੀ ਦੇਸ਼ਾਂ ਦੀਆਂ ਆਸਾਂ ਦੇ ਬਾਵਜੂਦ ਟਕਰਾਅ ਤੇ ਮਤਭੇਦਾਂ ਦੇ ਮੁੱਦੇ ਵੀ ਬਣੇ ਹੋਏ ਹਨ। ਇਕ ਹੋਰ ਮੁੱਦਾ ਜੋ ਅਣਸੁਲਝਿਆ ਹੈ ਉਹ ਹੈ ਕਾਰਬਨ ਉਤਸਰਜਨ ਨਾਲ ਜੁੜੇ ਟੈਰਿਫ ਯਾਨੀ ਟੈਕਸ ਦਾ। ਫਰਾਂਸ ਪੂਰੇ ਜੋਰਸ਼ੋਰ ਨਾਲ ਦਰਾਮਦ ਸਮੱਗਰੀ 'ਤੇ ਕਾਰਬਨ ਟੈਕਸ ਲਾਏ ਜਾਣ ਦਾ ਸਮਰਥਕ ਹੈ ਪਰ ਜਰਮਨੀ ਇਸ ਦਾ ਵਿਰੋਧ ਕਰਦਾ ਹੈ। ਉਸ ਦਾ ਮੰਨਣਾ ਹੈ ਕਿ ਇਹ ਸਰਾਸਰ ਵਾਤਾਵਰਣੀ ਸਾਮਰਾਜ ਹੈ। ਫਰਾਂਸ ਚਾਹੁੰਦਾ ਹੈ ਕਿ ਜੋ ਦੇਸ਼ ਗ੍ਰੀਨ ਹਾਊਸ ਗੈਸਾਂ 'ਚ ਕਮੀ ਨਹੀਂ ਲਿਆ ਰਹੇ ਉਹਨਾਂ ਦੇ ਇਥੇ ਆਉਣ ਵਾਲੇ ਸਮਾਨ ਤੇ ਕਾਰਬਨ ਟੈਕਸ ਲਾਇਆ ਜਾਵੇਗਾ। ਜਰਮਨੀ ਦਾ ਕਹਿਣਾ ਹੈ ਕਿ ਇਹ ਜ਼ਿਆਦਤੀ ਹੋਵੇਗੀ ਤੇ ਪੂਰੀ ਦੁਨੀਆਂ 'ਚ ਗਲਤ ਸੰਦੇਸ਼ ਜਾਵੇਗਾ। ਕਿ ਇਹ ਵਾਤਾਵਰਣੀ ਦਾਦਗਿਰੀ ਹੈ। W+10 ਨੂੰ ਵੀ ਇਹ ਗੱਲ ਕਦੇ ਰਾਸ ਨਹੀਂ ਆਵੇਗੀ। ਮਜੇ ਦੀ ਗੱਲ ਇਹ ਹੈ ਕਿ ਜ਼ਹਿਰੀਲੇ ਗੈਸਾਂ ਦੇ ਨਿਕਾਸ 'ਚ ਦੂਜੇ ਨੰਬਰ 'ਤੇ ਸਥਿਤ ਅਮਰੀਕਾ 'ਚ ਕਾਂਗਰਸ ਦੇ ਹੇਠਲੇ ਸੈਸ਼ਨ ਪ੍ਰਤੀਨਿਧੀ ਸਭਾ ਨੇ ਇਕ ਕਾਨੂੰਨ ਵੀ ਪਾਸ ਕਰ ਦਿੱਤਾ ਹੈ। ਜਿਸ 'ਚ ਕਾਰਬਨ ਟੈਕਸ ਦੀ ਵਿਵਸਥਾ ਹੈ। ਯਾਨੀ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ 'ਚ ਕਟੌਤੀ ਕਰਨ 'ਚ ਨਾਕਾਮ ਰਹੇ ਦੇਸ਼ਾਂ ਤੋਂ ਕਾਰਬਨ ਵਾਲੀ ਸਮਗਰੀ ਜਿਵੇਂ ਇਸਪਾਤ ਸੀਮਿੰਟ ਕਾਗਜ ਤੇ ਕੰਚ ਦੀ ਦਰਾਮਦ ਤੇ ਟੈਕਸ ਲਾਉਣਾ ਚਾਹੀਦਾ ਹੈ। ਜਾਣਕਾਰਾਂ ਨੂੰ ਇਸ ਕਾਰਬਨ ਕਰ ਪਿੱਛੇ ਮੰਸ਼ਾ ਦਿਸਦੀ ਹੈ। ਉਹ ਹੈ ਬਾਜ਼ਾਰ ਤੇ ਕੰਟਰੋਲ ਅਤੇ ਬਾਜੀ ਜਿੱਤਣ ਦੀ ਦੌੜ। ਪਰ W+10 ਖੁੱਲ੍ਹੇ ਬਾਜ਼ਾਰ ਦੀ ਹਮਾਇਤੀ ਹੈ ਅਤੇ ਉਸ ਦੇ ਰਾਹ 'ਚ ਜੇ ਕਾਰਬਨ ਟੈਕਸ ਰੋੜਾ ਬਣਦਾ ਹੈ ਤਾਂ ਜ਼ਾਹਿਰ ਹੈ ਉਹ ਇਸ ਨੂੰ ਹਟਾਉਣਾ ਚਾਹੇਗਾ। ਇਸ ਤਰ੍ਹਾਂ ਗਲੋਬਲ ਵਾਰਮਿੰਗ ਦੀਆਂ ਚਿੰਤਾਵਾਂ ਨਾਲ ਜੁੜਿਆ ਇਹ ਪੂਰਾ ਮਾਮਲਾ ਏਨਾ ਪਚੀਦਾ ਅਤੇ ਜ਼ਰੂਰਤਾਂ, ਟੀਚਿਆਂ, ਇੱਛਾਵਾਂ, ਤੇ ਦਾਬੇ ਦੇ ਐਸੇ ਤਾਣੇ ਬਾਣੇ 'ਚ ਘਿਰਿਆ ਹੋਇਆ ਹੈ ਕਿ ਇਸ ਨਾਲ ਨਿਪਟਣ ਲਈ ਕੋਈ ਰਾਜਨੀਤੀ ਸ਼ਾਇਦ ਹੀ ਹੋਂਦ 'ਚ ਆਵੇ। ਜੇ ਆਈ ਵੀ ਤਾਂ ਸਾਰੇ ਦੇਸ਼ ਇਸ ਨੂੰ ਕਿਨਾਰੇ ਰੱਖਣ ਲਈ ਕਾਹਲੇ ਹਨ। ਯੂਰਪ ਚਾਹੁੰਦਾ ਹੈ ਕਿ ਬਾਜਾਰ ਤੇ ਵਾਤਾਵਰਣ 'ਚ ਇਕ ਸੰਤੁਲਨ ਟੈਕਸ ਲਾਇਆ ਜਾਵੇ। ਪਰ ਇਸ ਦੇ ਤਾਰ ਕਿਧਰੇ ਢਿਲੇ ਤੇ ਕਿਧਰੇ ਉਲਝੇ ਹੋਏ ਹਨ। ਫਿਰ ਵੀ ਏਨਾ ਤਹਿ ਹੈ ਕਿ ਜਲਵਾਯੂ ਤਬਦੀਲੀ ਅਤੇ ਗਲੋਬਲ ਵਾਰਮਿੰਗ ਦੇ ਮੁੱਦੇ ਇਸ ਦੀਆਂ ਚਿੰਤਾਵਾਂ 'ਚ ਸਭ ਤੋਂ ਉਪਰ ਆ ਗਏ ਹਨ। ਪਰ ਵਿਡੰਬਨਾ ਦੇਖੋ ਕਿ ਇਕ ਅੱਗ ਉਸ ਦੇ ਜੰਗਲਾਂ ਨੂੰ ਨਿਗਲ ਰਹੀ ਹੈ ਅਤੇ ਇਕ ਉਸ ਦੀਆਂ ਕੋਸ਼ਿਸ਼ਾਂ ਨੂੰ।

# ਜੋਤਸ਼ੀਆਂ ਤੇ ਬਾਬਿਆਂ ਦੇ ਧਰਮ ਦਾ ਬਾਜ਼ਾਰ

ਇਕ ਜ਼ਮਾਨਾ ਸੀ ਜਦ ਅਜੀਬੋ-ਗਰੀਬ ਸਾਧਨਾ ਕਰਨ ਵਾਲੇ ਸਾਧੂ-ਸੰਤਾਂ ਦੇ ਦਰਸ਼ਨ ਕੁੰਭ ਮੇਲੇ, ਤੀਰਥ ਸਥਾਨਾ ਤੇ ਆਸ਼ਰਮਾਂ 'ਚ ਜਾਣ ਵੇਲੇ ਹੁੰਦੇ ਸਨ। ਉਹਨਾਂ ਨੂੰ ਸੁਣਨ ਦੇਖਣ ਅਤੇ ਅਸ਼ੀਰਵਾਦ ਲੈਣ ਲਈ ਚਾਰ-ਪੰਜ ਮੀਲ ਪੈਦਲ ਚੱਲ ਕੇ ਜਾਣਾ ਪੈਂਦਾ ਸੀ। ਲੋਕ ਉਥੇ ਦੋ-ਤਿੰਨ ਦਿਨ ਰੁਕਦੇ। ਉਹਨਾਂ ਦੀ ਸੇਵਾ ਸਤਿਕਾਰ ਕਰਦੇ ਹੁੰਦੇ ਸਨ। ਪਰ ਜਿੰਨੀ ਤੇਜ਼ੀ ਨਾਲ ਜ਼ਮਾਨਾ ਬਦਲਿਆ ਉਨ੍ਹੀਂ ਹੀ ਤੇਜ਼ੀ ਦੇ ਨਾਲ ਉਹਨਾਂ ਦੇ ਪ੍ਰਗਟ ਹੋਣ ਦਾ ਮਾਧਿਅਮ ਵੀ ਜਦ ਬਾਬਿਆਂ ਨੂੰ ਆਪਣੇ ਭਗਤਾਂ ਤੱਕ ਪਹੁੰਚਣ ਲਈ ਅਤੇ ਭਗਤਾਂ ਨੂੰ ਆਪਣੇ ਬਾਬਿਆਂ ਦੇ ਦਰਸ਼ਨ ਲਈ ਕਿਸੇ ਤੀਰਥ ਆਦਿ ਜਾਣ ਦੀ ਲੋੜ ਨਹੀਂ ਪੈਂਦੀ। ਘਰ ਬੈਠੇ ਹੀ ਤੁਹਾਨੂੰ ਤਰ੍ਹਾਂ-ਤਰ੍ਹਾਂ ਦੇ ਬਾਬਿਆਂ ਦੇ ਦਰਸ਼ਨ ਬਿਲਕੁਲ ਉਸੇ ਤਰ੍ਹਾਂ ਹੋ ਜਾਂਦੇ ਹਨ ਜਿਵੇਂ ਪੁਰਾਣੇ ਜਮਾਨੇ 'ਚ ਦੇਵਤਿਆਂ ਦੇ ਹੁੰਦੇ ਸਨ। ਅੱਜ ਰਿਪੋਰਟ ਦਾ ਇਕ ਬਟਨ ਦਬਾਉਣ ਨਾਲ ਹੀ ਬਾਬਾ ਲੋਕ ਸਾਡੇ ਡਰਾਇੰਗ ਰੂਮ 'ਚ ਪ੍ਰਗਟ ਹੋ ਜਾਇਆ ਕਰਦੇ ਹਨ। ਭਲੇ ਹੀ ਪਹਿਲਾਂ ਸੰਤਾਂ-ਬਾਬਿਆਂ ਦੇ ਦਰਸ਼ਨ ਲਈ ਲਾਇਨ ਲਾਉਣੀ ਪੈਂਦੀ ਸੀ ਪਰ ਅੱਜ ਉਹਨਾਂ ਨੂੰ ਮੁਖਾਤਿਬ ਹੋਣ ਲਈ ਸਾਡੇ ਕੋਲ ਇਕ ਨਹੀਂ ਵੀਹਾਂ ਟੈਲੀਵਿਜ਼ਨ ਚੈਨਲ ਹਾਜਰ ਹਨ। ਦਰਅਸਲ ਇਸ ਚਮਤਕਾਰ ਦੀ ਸ਼ੁਰੂਆਤ 2001 ਦੇ ਕੁੰਭ ਸਮੇਂ ਹੋਈ ਜਦ ਮੀਡੀਆ ਜਗਤ 'ਚ ਇਕ ਨਵੀਂ ਅਧਿਆਤਮਕ ਕ੍ਰਾਂਤੀ ਹੋਈ ਅਤੇ 'ਆਸਥਾ' ਧਾਰਮਿਕ ਚੈਨਲ ਆਇਆ। ਹਾਲਾਂਕਿ ਇਸ ਤੋਂ ਪਹਿਲਾਂ ਮਹਾਂਰਿਸ਼ੀ ਮਹੇਸ਼ ਯੋਗੀ ਦਾ ਵੈਦਿਕ ਚੈਨਲ ਬਾਜ਼ਾਰ 'ਚ ਆ ਚੁੱਕਿਆ ਸੀ ਜਿਸ ਦੀ ਵਰਤੋਂ ਉਹ ਵੈਦਾਂ ਦਾ ਗਿਆਨ ਲੋਕਾਂ ਤੱਕ ਪਹੁੰਚਾਉਣ ਲਈ ਕਰਦੇ ਸਨ। ਦਰਅਸਲ 2000 ਤੋਂ ਪਹਿਲਾਂ ਜੇ ਅਸੀਂ ਰਮਾਇਣ ਤੇ ਮਹਾਂਭਾਰਤ ਦੀ ਗੱਲ ਛੱਡ ਦੇਈਏ ਤਾਂ ਮੀਡੀਆ 'ਚ ਧਰਮ ਵਰਗਾ ਵਿਸ਼ਾ ਅਣਗੌਲਿਆ ਹੋਇਆ ਕਰਦਾ ਸੀ। ਬਾਕਸ 'ਚ ਸਿਮਟ ਜਾਇਆ ਕਰਦਾ ਸੀ। ਮੈਨੂੰ ਅੱਛੀ ਤਰ੍ਹਾਂ ਯਾਦ ਹੈ ਕਿ ਉਸ ਪੂਰੇ ਕੁੰਭ ਵਿੱਚ ਤੀਰਥ ਯਾਤਰਾ ਇਸ ਚੈਨਲ ਦੇ ਮਾਧਿਅਮ ਨਾਲ ਆਪਣੀ ਸ਼ਕਲ ਦੁਨੀਆਂ ਨੂੰ ਵਿਖਾਉਣ ਲਈ ਜਗ੍ਹਾ-ਜਗ੍ਹਾ ਭੀੜ ਇਕੱਠੀ ਕਰ ਲੈਂਦੇ ਸਨ। ਇਹ ਗੱਲ ਵੱਖਰੀ ਹੈ ਕਿ ਇਹੀ ਕੰਮ ਪਿੱਛੋਂ ਸਾਰੇ ਬਾਬੇ ਲੋਕ ਕਰਨ ਲੱਗੇ। ਚੈਨਲ 'ਤੇ ਵਿਖਾਉਣ ਦੀ ਦੌੜ ਕੁਝ ਇਸ ਹੱਦ ਤੱਕ ਵਧੀ ਕਿ ਸਾਰੇ ਸੰਤਾਂ ਨੂੰ ਇਹ ਲੱਗਣ ਲੱਗਿਆ ਕਿ ਜੇ ਉਹ ਚੈਨਲ 'ਤੇ ਨਾ ਆਏ ਤਾਂ ਉਹਨਾਂ ਦੀ ਹੋਂਦ ਹੀ ਖਤਮ ਹੋ ਜਾਵੇਗੀ। ਹਾਲ ਦੀ ਘੜੀ ਇਹੀ ਉਹ ਕਾਲ ਸੀ ਜਦ ਬਾਬਿਆਂ ਨੂੰ ਆਪਣੇ ਭਗਤਾਂ ਤੱਕ ਪਹੁੰਚਣ ਦਾ ਸੌਖਾ ਮਾਧਿਅਮ ਮਿਲ ਗਿਆ। ਫਿਰ ਇਕ-ਇਕ ਕਰਕੇ ਸਾਰੇ ਟੀ. ਵੀ. ਚੈਨਲ ਅਧਿਆਤਮ ਦੇ ਬਾਜ਼ਾਰ 'ਚ ਆਪਣੇ ਪੈਰ ਪਸਾਰਦੇ ਗਏ ਅਤੇ ਬਾਬਿਆਂ ਦੇ ਬਾਜ਼ਾਰ 'ਚ ਆਪਣੇ ਪੈਰ ਪਸਾਰਦੇ ਗਏ ਅਤੇ ਬਾਬਿਆਂ ਦਾ ਬਾਜ਼ਾਰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਦਾ ਗਿਆ। ਇਸ ਪਿੱਛੇ ਕਾਰਨ ਵੀ ਸੀ ਕਿਉਂਕਿ ਭਾਰਤ ਜਿਸ ਦੁਨੀਆ ਦਾ ਅਧਿਆਤਮ ਗੁਰੂ ਕਿਹਾ ਜਾਂਦਾ ਸੀ। ਉਸ ਦਾ ਡੰਕਾ ਪੂਰੀ ਦੁਨੀਆਂ 'ਚ ਗੂੰਜਦਾ ਅਤੇ ਉਸ ਦੀ ਤਲਾਸ਼ 'ਚ ਪੂਰੇ ਵਿਸ਼ਵ ਦੇ ਲੋਕ ਵੱਡੀ ਤਦਾਦ 'ਚ ਇਥੇ ਰੁਖ ਕਰਦੇ। ਇਹੀ ਕਾਰਨ ਸੀ ਕਿ ਦੇਸ ਵਿਦੇਸ਼ ਦੇ ਲੋਕਾਂ ਦੀ ਆਸਥਾ ਨੂੰ

ਕੈਂਸ ਕਰਾਉਣ ਲਈ ਬਾਬਿਆਂ ਨੇ ਆਪਣੀ ਦੁਕਾਨ ਇਹਨਾਂ ਚੈਨਲਾਂ 'ਤੇ ਖੋਲ੍ਹ ਦਿੱਤੀ। ਫਿਰ ਕੀ ਸੀ ਚੈਨਲ ਖੋਲ੍ਹ ਕੇ ਹੀ ਲੋਕਾਂ ਦਾ ਘਰ ਆਪਣੇ ਆਪ ਹੀ ਵਿਆਸਪੀਰ ਬਣਨਾ ਲੱਗਿਆ। ਘਰ ਦੇ ਵੱਡੇ ਬਜ਼ੁਰਗ ਤੇਜ਼ ਆਵਾਜ਼ 'ਚ ਧਾਰਮਿਕ ਚੈਨਲ ਚਲਾ ਦਿੰਦੇ ਅਤੇ ਘਰ ਮਥੁਰਾ ਵਿਰੰਦਾਬਣ ਤੇ ਅਯੋਧਿਆ 'ਚ ਤਬਦੀਲ ਹੋਣ ਲੱਗਾ। ਕਈ ਧਾਰਮਕ ਚੈਨਲਾਂ ਦੇ ਮੁਖੀ ਰਹੇ ਮਾਧਵਕਾਂਤ ਮਿਸ਼ਰ ਦੀ ਮੰਨੀਏ। ਤਾਂ ਜਦ ਕਦੀ ਹੜ੍ਹ ਆਉਂਦਾ ਹੈ ਤਾਂ ਉਸ ਨਾਲ ਕੁਝ ਵਾਧੂ ਤੱਤ (ਜ਼ਹਿਰੀਲੇ) ਵੀ ਆਉਂਦੇ ਹਨ ਅਤੇ ਸਹੀ ਮੰਨੀਏ ਤਾਂ ਇਹਨੀਂ ਦਿਨੀਂ ਇਹਨਾਂ ਧਾਰਮਿਕ ਚੈਨਲਾਂ ਵਿਚ ਵੀ ਆਪ ਨੂੰ ਇਹਨਾਂ ਜ਼ਹਿਰੀਲੇ ਤੱਤਾਂ ਦੀ ਭਰਮਾਰ ਦਿਸੇਗੀ। ਹਾਲਾਂਕਿ ਉਹ ਵੀ ਨਾਲ ਜੋੜਦੇ ਹਨ ਕਿ ਆਸਥਾ ਚੈਨਲ ਨਾਲ ਜੋ ਦੇਸ਼ 'ਚ ਅਧਿਆਤਮਕ ਕ੍ਰਾਂਤੀ ਆਈ। ਉਸ ਨਾਲ ਦੇਸ਼ ਅੰਤਰ ਧਰਮ ਦਾ ਇਕ ਬਹੁਤ ਵੱਡਾ ਬਾਜ਼ਾਰ ਖੜ੍ਹਾ ਹੋ ਗਿਆ ਅਤੇ ਲੋਕਾਂ 'ਚ ਜਿਥੇ ਧਰਮ ਪ੍ਰਤੀ ਨਿਹਚਾ ਦਾ ਭਾਵ ਵਧਿਆ ਉਥੇ ਇਸ ਵਿਸ਼ੇ ਖੇਤਰ 'ਚ ਲੋਕਾਂ ਦੀ ਜਾਣਕਾਰੀ ਵੀ ਵਧੀ। ਹਾਲਾਂਕਿ ਉਹ ਇਹ ਮੰਨਦੇ ਹਨ ਕਿ ਪੂਰੇ ਪ੍ਰਯੋਗ 'ਚ ਸਭ ਤੋਂ ਵੱਧ ਗੜਬੜ ਉਦੋਂ ਹੋਈ ਜਦ ਕੋਸ਼ਿਸ਼ ਜੰਤਰ ਮੰਤਰ ਦੇ ਮਾਧਿਅਮ ਰਾਹੀਂ ਲੋਕਾਂ ਨੇ ਆਪਣੀਆਂ ਦੁਕਾਨਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਧਾਰਮਿਕ ਚੈਨਲ ਰਾਹੀਂ ਲੋਕ ਵੀ ਆਏ ਜਿਹਨਾਂ ਨੂੰ ਜੋਤਿਸ਼ ਦਾ ਉਹਨਾਂ ਵੀ ਨਹੀਂ ਪਤਾ ਸੀ। ਅੱਜ ਹੁੰਦਾ ਕੀ ਹੈ ਕਿ ਸਾਰੇ ਟੀ. ਵੀ. ਚੈਨਲ ਫਿਰ ਚਾਹੇ ਉਹ ਧਾਰਮਿਕ ਹੋਣ ਜਾਂ ਨਿਊਜ਼ ਸਭ ਥਾਂ ਅਖੌਤੀ ਬਾਬੇ ਜਾਂ ਜੋਤਸ਼ੀ ਲੋਕਾਂ ਨੂੰ ਫੋਨ ਰਾਹੀਂ ਤੁਰੰਤ ਕਿਸਮਫਲ ਦੱਸਣ ਲੱਗਦੇ ਹਨ। ਇਹ ਸਭ ਜਥੇਬੰਦਕ ਹੁੰਦਾ ਹੈ ਇਸ ਨੂੰ ਤੁਸੀਂ ਬਾਬਿਆਂ ਜਾਂ ਜੋਤਸ਼ੀਆਂ ਦਾ ਮੀਡੀਆ ਮੈਨੇਜਮੈਂਟ ਵੀ ਕਹਿ ਸਕਦੇ ਹੋ। ਅੱਜ ਜਿੰਨੀਆਂ ਵੀ ਧਾਰਮਕ ਸਰਗਰਮੀਆਂ ਜਾਂ ਭਾਗਵਤ ਕਥਾਵਾਂ ਹੁੰਦੀਆਂ ਹਨ ਉਸ 'ਚ ਨੱਚਣ ਵਾਲਿਆਂ, ਗਾਉਣ ਵਾਲਿਆਂ ਅਤੇ ਅਭਿਨੈ ਕਰਨ ਵਾਲਿਆਂ ਦੀ ਭੀੜ ਪਹਿਲਾਂ ਹੀ ਗਿਣੇ-ਮਿਥੇ ਢੰਗ ਨਾਲ ਯੋਜਨਾਬੱਧ ਹੁੰਦੀ ਹੈ। ਇਸ ਲਈ ਬਕਾਇਦਾ ਲੋਕ ਭਰਤੀ ਕੀਤੇ ਜਾਂਦੇ ਹਨ ਅਤੇ ਪੂਰੇ ਸਿਲਸਿਲੇ ਵਾਰ ਤਰੀਕੇ ਨਾਲ ਕਰਨ ਲਈ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ ਤੇ ਫਿਰ ਤਾੜੀਆਂ ਵਜਾਉਣੀਆਂ ਹਨ ਇਹ ਸਭ ਕੁਝ ਪਹਿਲਾਂ ਹੀ ਤਹਿ ਹੁੰਦਾ ਹੈ। ਇਸ਼ਾਰਾ ਮਿਲਦੇ ਹੀ ਇਹ ਲੋਕ ਸ਼ੁਰੂ ਹੋ ਜਾਂਦੇ ਹਨ। ਉਹਨਾਂ ਦੀ ਦੇਖਾ ਦੇਖੀ ਸਰੋਤੇ ਵੀ ਉਹੋ ਜਿਹਾ ਹੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਾਡੇ ਇਥੇ ਜੇ ਸੰਤ ਸ਼ਬਦ ਦੀ ਗੱਲ ਕਰੀਏ ਤਾਂ ਉਸ ਬਾਰੇ ਕਿਹਾ ਜਾਂਦਾ ਹੈ ਕਿ ਜੋ ਸੱਤ ਸ਼ਬਦ ਦਾ ਅਸਲੀ ਅਰਥ ਜਾਣ ਲਵੇ ਅਤੇ ਆਪਣੇ 'ਚ ਸਥਿਤ ਹੋ ਜਾਵੇ ਉਹੀ ਸੰਤ ਹੈ। ਇਸ ਲਈ ਜਿਸ ਵਿਅਕਤੀ ਨੇ ਜਾਂ ਫਿਰ ਕਹੀਏ ਕਿ ਬਾਬੇ ਨੇ ਸੱਚ ਦੇ ਦਰਸ਼ਨ ਕਰ ਲਏ ਹਨ। ਉਹ ਚੈਨਲ 'ਤੇ ਤਾਂ ਆਪਣੀ ਸ਼ਕਤੀ ਵਿਖਾਉਣ ਦੇ ਲਈ ਨਹੀਂ ਹੀ ਆਵੇਗਾ। ਜੇ ਕਿਸੇ ਤਰ੍ਹਾਂ ਆ ਵੀ ਜਾਵੇ ਤਾਂ ਘੱਟੋ-ਘੱਟ ਉਸ ਦੇ ਬਦਲੇ 'ਚ ਟੀ. ਵੀ. ਚੈਨਲ ਨੂੰ ਇਕ ਮੁਸ਼ਤ ਰਕਮ ਤਾਂ ਨਹੀਂ ਅਦਾ ਕਰੇਗਾ ਜਿਵੇਂ ਕਿ ਅੱਜ ਕਲ ਤਮਾਮ ਬਾਬੇ ਟੀ. ਵੀ. 'ਤੇ ਆਪਣਾ ਚਿਹਰਾ ਵਿਖਾਉਣ ਲਈ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਨਾ ਸਿਰਫ ਟੀ. ਵੀ. ਤੇ ਚਲਣ ਲਈ ਬਲਕਿ ਪੂਰਾ ਪ੍ਰੋਗਰਾਮ ਕਵਰੇਜ ਕਰਨ ਸੰਪਾਦਨ ਕਰਨ ਅਤੇ ਉਸ ਦੇ ਪ੍ਰਸਾਰਨ ਲਈ ਬਾਬਾ ਚੈਨਲੇਸ ਨੂੰ ਅੱਛੀ ਖਾਸੀ ਰਕਮ ਅਦਾ ਕਰਦੇ ਹਨ। ਇਸ ਲਈ ਜੋ ਵੀ ਬਾਬਾ ਚੈਨਲ 'ਤੇ ਪੈਸੇ ਦੇ ਕੇ ਆ ਰਿਹਾ ਹੈ ਉਸ

ਦਾ ਮੁੱਖ ਮਕਸਦ ਸਮਾਜ ਨੂੰ ਗਿਆਨ ਵੰਡਣਾ ਨਹੀਂ ਹੈ ਬਲਕਿ ਧਰਮ ਦੇ ਬਾਜ਼ਾਰ ਦੀ ਲੁੱਟ ਕਰਕੇ ਪੈਸਾ ਕਮਾਉਣਾ ਹੀ ਹੈ।

ਇਹੀ ਕਾਰਨ ਹੈ ਕਿ ਚੈਨਲ 'ਤੇ ਬਾਬਿਆਂ ਨੂੰ ਵਿਖਾਉਣ ਦੀ ਦੌੜ ਜਿਹੀ ਲੱਗ ਗਈ। ਕਾਰਨ ਹੁਣ ਜਨਤਾ ਉਸ ਸੰਤ ਤੇ ਬਾਬੇ ਨੂੰ ਵੱਡਾ ਮੰਨਦੀ ਹੈ, ਜਿਸ ਦਾ ਸਾਰੇ ਟੀ. ਵੀ. ਚੈਨਲਾਂ 'ਤੇ ਸਿੱਧਾ ਪ੍ਰਸਾਰਣ ਹੁੰਦਾ ਹੋਵੇ। ਜਿਸ ਦਾ ਮਹਿਮਾ ਮੰਡਲ ਹੋਵੇ ਅਤੇ ਉਸ 'ਚ ਬੈਠੇ ਸਰੋਤਿਆਂ ਦੀ ਭਾਰੀ ਗਿਣਤੀ ਹੋਵੇ। ਧਰਮ ਦੇ ਬਾਜ਼ਾਰ 'ਚ ਚਲ ਰਹੀ ਇਸ ਅੰਨੀ ਦੌੜ ਵਿਚ ਹਰ ਬਾਬਾ ਪੂਰੀ ਪਲਾਨਿੰਗ ਦੇ ਨਾਲ ਚੈਨਲਾਂ 'ਤੇ ਆਉਂਦਾ ਹੈ। ਇਸ ਲਈ ਕੋਈ ਆਪਣੇ ਪੇਟ ਦਾ, ਕੋਈ ਆਪਣੇ ਗਾਇਣ ਦਾ ਤਾਂ ਕੋਈ ਆਪਣੀ ਭਾਸ਼ਾ ਦਾ ਕਮਾਲ ਦਿਖਾ ਕੇ ਲੋਕਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦਾ ਹੈ। ਬਾਬਿਆਂ ਦੇ ਬਾਜ਼ਾਰ 'ਚ ਗੁਣੀ ਗਿਆਨੀਆਂ ਨੂੰ ਪਹਿਚਾਨਣਾ ਮੁਸ਼ਕਲ ਹੋ ਗਿਆ ਹੈ। ਸੰਤਾਂ ਦੀ ਤਿਆਗ ਤੇ ਤਪਸਿਆ ਹੁਣ ਪਿੱਛੇ ਰਹਿ ਗਈ ਹੈ। ਸੰਤਾਂ ਉੱਪਰ ਧਰਮ ਦਾ ਬਾਜ਼ਾਰ ਭਾਰੂ ਹੋ ਗਿਆ ਹੈ। ਸਿੱਟੇ ਵਜੋਂ ਬਾਬੇ ਆਪਣੇ ਪ੍ਰੋਗਰਾਮ ਲਈ ਵਿਸ਼ੇਸ਼ ਤੌਰ 'ਤੇ ਕਾਂਸੇਪਟ, ਸਿਕ੍ਰਪਟ, ਸੂਟਿੰਗ ਲਈ ਸੈਟ ਅਤੇ ਆਪਣੇ ਕੱਪੜਿਆਂ (ਸੂਟਾਂ) ਦੀ ਚੋਣ ਕਰਦੇ ਹਨ।

ਨਵੋਦਿਤ ਬਾਬਿਆਂ ਦੀ ਗੱਲ ਕਰੀਏ ਤਾਂ ਉਹਨਾਂ ਲਈ ਕੁਝ ਵੱਧ ਹੀ ਇੰਤਜਾਮ ਕਰਨਾ ਪੈਂਦਾ ਹੈ। ਜਿਵੇਂ ਕੋਈ ਨਵਾਂ ਬਾਬਾ ਮਾਰਕਿਟ 'ਚ ਆਉਂਦਾ ਹੈ ਤਾਂ ਉਸ ਦੀ ਭਾਗਵਤ ਕਥਾ ਦੀ ਸ਼ੂਟਿੰਗ ਤਾਂ ਸਟੂਡੀਓ 'ਚ ਕੀਤੀ ਜਾਂਦੀ ਹੈ ਪਰ ਉਸ ਦੀ ਥਾਂ 'ਚ ਸ਼ਾਮਲ ਹੋਣ ਵਾਲੀ ਅਪਾਰ ਭਗਤਾਂ ਦੀ ਭੀੜ ਦੇ ਸ਼ਾਟ ਕਿਸੇ ਹੋਰ ਸੰਤ ਦੀ ਕਥਾ ਦੇ ਹੁੰਦੇ ਹਨ। ਨਾਲ ਹੀ ਕਥਾ ਦੌਰਾਨ ਹੋਣ ਵਾਲੀਆਂ ਸਾਰੀਆਂ ਕਮੀਆਂ ਨੂੰ ਉਹ ਏਡਿਟਿੰਗ ਅਤੇ ਗ੍ਰਾਫਿਕਸ ਦੇ ਮਾਧਿਅਮ ਤੋਂ ਦੂਰ ਕਰ ਦਿੰਦੇ ਹਨ। ਆਸਥਾ ਚੈਨਲ ਦੇ ਸੀਨੀਅਰ ਪ੍ਰੋਡਿਊਸਰ ਪ੍ਰਭਾਕਰ ਆਇਰ ਕਹਿੰਦੇ ਹਨ ਕਿ ਚੈਨਲਸ 'ਤੇ ਆਉਣ ਵਾਲੇ ਬਾਬੇ ਤਕਨੀਕੀ ਤੌਰ 'ਤੇ ਬਹੁਤ ਕੁਝ ਜਾਣਨ ਲੱਗੇ ਹਨ। ਸ਼ੂਟਿੰਗ ਵਕਤ ਸਾਥੋਂ ਵੱਧ ਉਹ ਆਪਣੇ ਮੇਕਅੱਪ ਲਾਈਟ ਸਾਊਂਡ ਆਦਿ ਦਾ ਖਿਆਲ ਰੱਖਦੇ ਹਨ। ਧਾਰਮਿਕ ਚੈਨਲ 'ਤੇ ਨਜ਼ਰ ਮਾਰੀਏ ਤਾਂ ਇਹਨੀਂ ਦਿਨੀਂ ਕਥਾਵਾਚਕ ਜੋਤਿਸ਼ੀ ਅਤੇ ਭਜਨ ਗਾਉਣ ਵਾਲੇ ਬਾਬਿਆਂ ਨੇ ਆਪਣਾ ਕਬਜਾ ਜਮ੍ਹਾ ਰੱਖਿਆ ਹੈ। ਨਾਲ ਹੀ ਜੋਤਿਸ਼ ਦੇ ਮਾਧਿਅਮ ਨਾਲ ਲੋਕਾਂ ਨੂੰ ਤਾਰਨ ਵਾਲੇ ਵੀ ਕਾਫ਼ੀ ਸਰਗਰਮ ਹਨ ਹਾਲਾਂਕਿ ਕੁਝ ਸੰਤਾਂ ਦੀ ਗੱਲ ਛੱਡ ਦੇਈਏ ਤਾਂ ਇਹ ਬਾਬਾ ਲੋਕ ਅਜੇ ਤੱਕ ਭਾਰਤ ਦੇ ਸਭ ਤੋਂ ਵੱਡੇ ਵਰਗ ਜਾਨੀ ਨੌਜਵਾਨ ਪੀੜ੍ਹੀ ਤੱਕ ਆਪਣੀ ਪਹੁੰਚ ਨਹੀਂ ਬਣਾ ਸਕਦੇ ਹਨ। ਇਹਨਾਂ ਦੀ ਪੈਠ ਮੁੱਖ ਤੌਰ 'ਤੇ ਬਜ਼ੁਰਗਾਂ ਤੇ ਔਰਤਾਂ ਤੱਕ ਹੀ ਸੀਮਤ ਹੈ ਆਪਣੇ ਭਗਤਾਂ ਦਰਮਿਆਨ ਆਪਣੇ-ਆਪ ਨੂੰ ਬਣਾਈ ਰੱਖਣ ਲਈ ਬਾਬਾ ਲੋਕਾਂ ਨੂੰ ਕਾਫ਼ੀ ਮੁਸ਼ੱਕਤ ਕਰਨੀ ਪੈਂਦੀ ਹੈ। ਇਸ ਦੇ ਲਈ ਉਹ ਸਮੇਂ-ਸਮੇਂ ਸਿਰ ਗੀਤ ਸੰਗੀਤ ਆਦਿ ਦਾ ਸਹਾਰਾ ਵੀ ਲੈਂਦੇ ਹਨ। ਇਹੀ ਕਾਰਨ ਹੈ ਕਿ ਕੋਈ ਬਾਬਾ ਪ੍ਰਵਚਨ ਦੌਰਾਨ ਆਪਣੇ ਪ੍ਰਭੂ ਨੂੰ ਮਾਧਿਅਮ ਬਣਾ ਕੇ 'ਤੇਰੀ ਆਖੋਂ ਕੇ ਸਿਵਾ ਦੁਨੀਆਂ ਮੇਂ ਰਖਾ ਕਿਆ ਹੈ' ਗਾਉਂਦਾ ਹੈ ਤਾਂ ਕੋਈ ਭਗਵਤ ਕਥਾ ਦੌਰਾਨ ਰਾਧੇ-ਰਾਧੇ ਜਪਦਾ ਨਜ਼ਰ ਆਉਂਦਾ ਹੈ। ਹਾਲ ਹੀ 'ਚ ਇਕ ਰਿਸਰਚ 'ਚ ਸਾਹਮਣੇ ਆਇਆ ਹੈ। ਕਿ 35-40 ਮਿੰਟ ਪਿੱਛੋਂ ਨਾ ਤਾਂ ਕੋਈ ਵਿਅਕਤੀ ਇਕਾਗਰਤਾ ਨਾਲ ਪੜ ਸਕਦਾ ਹੈ ਅਤੇ ਨਾ ਕੋਈ ਦੇਖ

ਸੁਣ ਸਕਦਾ ਹੈ। ਸ਼ਾਇਦ ਇਸ ਲਈ ਕਥਾਵਾਚਕ ਵਿੱਚ-ਵਿੱਚ ਚੁਟਕਲੇ, ਕਹਾਣੀ, ਗੀਤ, ਭਜਨ ਆਦਿ ਦੀ ਵਰਤੋਂ ਕਰਦੇ ਹਨ। ਬਾਬਿਆਂ ਦੇ ਇਹ ਫੰਡੇ ਹੁਣ ਕਿਸੇ ਵੀ ਧਾਰਮਿਕ ਚੈਨਲ ਦੇ ਲਈ ਅਛੂਤ ਨਹੀਂ ਰਹਿ ਗਏ ਹਨ। ਫਿਰ ਚਾਹੇ ਇਹ ਆਸਥਾ ਸੰਤ ਕੀ ਕਰਨ ਜੋ ਸੈਂਕੜੇ ਸਾਲਾਂ ਤੋਂ ਸਨਾਤਨ ਪ੍ਰਥਾ ਦਾ ਨਿਰਵਾਹ ਕਰਦਿਆਂ ਉਸ ਗੱਦੀ 'ਤੇ ਬੈਠਦੇ ਆਏ ਹਨ। ਲੋਕ ਇਹਨਾਂ ਨੂੰ ਪੂਜਣ ਦੀ ਬਜਾਏ ਵੱਡੇ ਪੰਡਾਲਾਂ ਵਾਲੇ ਬਾਬਿਆਂ ਦੀ ਸ਼ਰਨ 'ਚ ਜਾਣ ਲੱਗੇ ਹਨ। ਉਹਨਾਂ ਦੇ ਚੇਲਿਆਂ ਦੀ ਗਿਣਤੀ ਵੀ ਘੱਟ ਹੁੰਦੀ ਜਾ ਰਹੀ ਹੈ। ਜੇ ਆਸ਼ਰਮ ਦੀ ਜਮੀਨ ਤੇ ਮੰਦਰਾਂ ਨਾਲ ਉਹਨਾਂ ਆਮਦਨੀ ਨਾ ਹੋਵੇ ਤਾਂ ਉਹਨਾਂ ਦੇ ਰੋਜ਼ਗਾਰਾਂ ਦੇ ਖਰਚੇ ਵੀ ਪੂਰੇ ਨਾ ਹੋ ਸਕਣ। ਅਜਿਹੀਆਂ ਹੀ ਸਾਰੀਆਂ ਗੱਲਾਂ ਦੀ ਵਿਵੇਚਨਾ ਕਰਨ ਪਿੱਛੋਂ ਉਹ ਸਾਧੂ-ਸੰਤ ਸੋਚਣ ਨੂੰ ਮਜ਼ਬੂਰ ਹੋ ਗਏ ਹਨ ਕਿ ਆਧੁਨਿਕ ਬਾਬਿਆਂ ਦੇ ਗਲੈਮਰ ਨੂੰ ਕਿਵੇਂ ਘੱਟ ਕੀਤਾ ਜਾਵੇ? ਇਸ ਦੇ ਲਈ ਉਹਨਾਂ ਨੂੰ ਇਕ ਹੀ ਰਾਹ ਦਿਸਿਆ ਕਿ ਖੁਦ ਵੀ ਗਲੈਮਰ 'ਚ ਉਤਰ ਆਉਣ। ਬਸ ਫਿਰ ਕੀ ਸੀ ਪੁਰਾਤਨ ਅਖਾੜਿਆਂ ਤੇ ਮੱਠਾਂ ਦੇ ਸਾਧੂ ਵੀ ਜਦ ਹੁਣ ਸਾਲ 'ਚ ਇੱਕ ਦੋ ਵਾਰੀ ਵੱਡੀ ਪੱਧਜ 'ਤੇ ਪ੍ਰੋਗਰਾਮ ਆਯੋਜਿਤ ਕਰਨ ਲੱਗੇ ਹਨ। ਬਕਾਇਦਾ ਵੱਡੀ ਪੱਧਰ 'ਤੇ ਟੈਲੀਵਿਜਨ 'ਚ ਵਿਖਾਈ ਦੇਣ ਦੀ ਲਲਕ ਉਹਨਾਂ ਵਿੱਚ ਵੀ ਹੈ। ਇਹ ਕਾਰਨ ਹੈ ਕਿ ਉਹ ਵੀ ਹੁਣ ਧਾਰਮਿਕ ਤੇ ਨਿਊਜ਼ ਚੈਨਲਾਂ 'ਚ ਦਿਸਣ ਲੱਗੇ ਹਨ। ਮਜ਼ਬੂਰੀ ਜੋ ਨਾ ਕਰਾਏ। ਹਰਿਦੁਆਰ ਦੇ ਇਕ ਵੱਡੇ ਅਖਾੜੇ ਦੇ ਮਹੰਤ ਤੋਂ ਇਸ ਬਾਰੇ ਪੁੱਛਿਆ ਤਾਂ ਉਹਨਾਂ ਨੇ ਬੇਬਾਕੀ ਨਾਲ ਕਿਹਾ ਕਿ ਆਧੁਨਿਕ ਸਾਧੂ ਸੰਤ ਸੰਤ ਨਹੀਂ ਹਨ ਪਰ ਅਡੰਬਰ 'ਚ ਉਹ ਲੋਕ ਅਵੱਲ ਹਨ। ਉਹਨਾਂ ਨੂੰ ਤੜਕ-ਭੜਕ ਰਾਹੀਂ ਲੋਕਾਂ ਨੂੰ ਰਿਝਾਉਣ ਦੀ ਕਲਾ ਆਉਂਦੀ ਹੈ। ਅਜਿਹੇ ਪਖੰਡੀਆਂ ਨਾਲ ਧਰਮ ਦਾ ਵੀ ਕੋਈ ਵਾਸਤਾ ਨਹੀਂ ਹੈ, ਉਹਨਾਂ ਨੂੰ ਤਾਂ ਆਪਣੀ ਜੇਬ ਨਾਲ ਮਤਲਬ ਹੈ। ਉਹ ਕਹਿੰਦੇ ਹਨ ਕਿ ਦੇਸ਼ ਦੇ ਮੀਡੀਆ ਨੂੰ ਉਹਨਾਂ ਨੇ ਸਮੋਹਿਤ ਕਰ ਰੱਖਿਆ ਹੈ। ਜੇ ਅਸੀਂ ਭਗਵਤ ਕਥਾ ਦਾ ਆਯੋਜਨ ਕਰਦੇ ਹਾਂ ਮੀਡੀਆ ਕਵਰੇਜ਼ ਨਹੀਂ ਦਿੰਦਾ ਪਰ ਜਦ ਪਾਖੰਡੀ ਪ੍ਰਵਚਨ ਕਰਦੇ ਹਨ ਤਾਂ ਮੀਡੀਆ ਉਹਨਾਂ ਨੂੰ ਹੱਥਾਂ 'ਤੇ ਚੁੱਕਦਾ ਹੈ। ਠੀਕ ਉਵੇਂ ਹੀ ਜਿਵੇਂ ਅਸ਼ਲੀਲਤਾ ਤੇ ਨੰਗਨਤਾ ਪ੍ਰੋਸਣ ਵਾਲੀ ਅਭਿਨੇਤਰੀ ਨੂੰ ਵੱਧ ਕਵਰੇਜ ਮਿਲਦੀ ਹੈ। ਗੰਭੀਰ ਰੋਲ ਕਰਨ ਵਾਲੀਆਂ ਅਭਿਨੇਤਰੀਆਂ ਦੇ ਮੁਕਾਬਲਤਨ ਅਜਿਹੇ 'ਚ ਲੋਕਾਂ ਨੇ ਵੀ ਉਹਨਾਂ ਦੀਆਂ ਗੱਲਾਂ ਦਾ ਜੁਆਬ ਦਾ ਦੇਣਾ ਦਾ ਮਨ ਬਣਾਇਆ ਹੈ। ਮੀਡੀਆ ਜੇ ਇਸ ਨੂੰ ਜੇ ਮਜ਼ਬੂਰੀ ਕਹਿੰਦਾ ਹੈ ਤਾਂ ਇਹ ਇਨਸਾਫ ਨਹੀਂ। ਇਹਨਾਂ ਅਖਾੜਿਆਂ ਦੇ ਸਾਧੂਆਂ ਤੇ ਸੰਤਾਂ ਨੂੰ ਇਸ ਗੱਲ ਦੀ ਖਾਸੀ ਰੰਜਸ਼ ਹੈ ਕਿ ਆਧੁਨਿਕ ਬਾਬਿਆਂ ਦੀ ਚਮਕ-ਦਮਕ ਨੇ ਦੇਸ਼ ਦੀ ਜਨਤਾ ਨੂੰ ਭਰਮਿਤ ਕਰ ਦਿੱਤਾ ਤੇ ਸਮਾਜ ਨੂੰ ਪਾਟੋ-ਧਾਨ ਕਰ ਦਿੱਤਾ ਹੈ। ਜਿਹਨਾਂ ਅੰਧ ਵਿਸ਼ਵਾਸਾਂ ਦਾ ਦੁਨੀਆਂ 'ਚ ਵਿਰੋਧ ਹੁੰਦਾ ਹੈ। ਉਹੀ ਚੈਨਲਾਂ 'ਤੇ ਵੱਧ ਵਿਖਾਏ ਜਾਂਦੇ ਹਨ। ਲੰਗੜਾ ਚੱਲਣ ਲੱਗਦਾ ਹੈ। ਅੰਨਾ ਦੇਖਣ ਲੱਗਦਾ ਤੇ ਕਿਸੇ ਦੀ ਵੱਡੀ ਤੋਂ ਵੱਡੀ ਬਿਮਾਰੀ ਛੂਹਣ ਨਾਲ ਹੀ ਠੀਕ ਹੋ ਜਾਂਦੀ ਹੈ। ਇਹਨਾਂ ਸਾਰਿਆਂ ਵਿਚਕਾਰ ਧਰਮ ਦਾ ਬਾਜ਼ਾਰ ਤੇ ਆਉਣ ਵਾਲੇ ਬਾਬਿਆਂ ਦੀ ਗਿਣਤੀ ਵਧ ਰਹੀ ਹੈ ਕਿਉਂਕਿ ਇਸ ਬਾਜ਼ਾਰ 'ਚ ਜੋ ਦਿਸਦਾ ਹੈ ਉਹੀ ਵਿਕਦਾ ਹੈ। ਇਸ ਬਾਜ਼ਾਰ 'ਚ ਔਰਤ ਸੰਤਾਂ ਨੇ ਵੀ ਚੋਰੀ ਛੁਪੇ ਆਪਣਾ ਕਬਜਾ ਜਮਾਉਣਾ ਸ਼ੁਰੂ ਕਰ ਦਿੱਤਾ ਹੈ। ਕਿੰਨੀਆਂ ਹੀ

ਔਰਤਾਂ ਨੇ ਜੋ ਮੰਚ 'ਤੇ ਬਾਬਿਆਂ ਦੀ ਤਰੀਫ਼ ਦੇ ਕਸੀਦੇ ਪੜ੍ਹਦੀਆਂ ਪੜ੍ਹਦੀਆਂ ਉਹਨਾ ਦੀ ਗੱਦੀ ਦੇ ਨਾਲ ਉਪ ਗੱਦੀ ਬਣਾ ਕੇ ਅਧਿਆਤਮ ਦੇ ਨਾਂ 'ਤੇ ਦੁਕਾਨ ਖੋਲ੍ਹ ਲਈ। ਧਾਰਮਿਕ ਮਾਰਕੀਟਿੰਗ ਦੀ ਬਦੌਲਤ ਮੰਦਰਾਂ ਮੱਠਾਂ 'ਚ ਬੇਸ਼ੁਮਾਰ ਦੌਲਤ ਬਰਸ ਰਹੀ ਹੈ। ਇਸ ਕਾਰਨ ਝਗੜੇ ਵੀ ਹੁੰਦੇ ਹਨ। ਅੱਜ ਬਾਬੇ ਆਲੀਸ਼ਾਨ ਰਿਜਾਰਟਨੁਮਾ ਆਸ਼ਰਮ 'ਚ ਰਹਿੰਦੇ ਹਨ। ਉਹ ਪ੍ਰਵਚਨ ਘੱਟ ਤੇ ਪਾਖੰਡ ਵੱਧ ਕਰਦੇ ਹਨ। ਤਿਆਗ ਮੋਹ ਈਰਖਾ ਦੀਆਂ ਗੱਲਾਂ ਕਰਨ ਵਾਲੇ ਬਾਬੇ ਆਪਣ ਆਪ ਨੂੰ ਇਸ ਤੋਂ ਦੂਰ ਰੱਖਣੇ 'ਚ ਨਾਕਾਮ ਰਹੇ ਹਨ।

# ਘੋਰ ਗਰੀਬੀ ਦੀ ਕਹਾਣੀ-ਮੀਡੀਆ ਦੀ ਸਨਸਨੀ

ਝਾਂਸੀ ਜਿਲੇ ਦੇ ਗਰੀਬ ਦਲਿਤ ਕਿਸਾਨ ਕਾਲੀਚਰਣ ਅਹਿਰਵਾਰ 'ਚ ਐਸੀ ਕੋਈ ਵਿਸੇਸ਼ਤਾ ਨਹੀਂ ਹੈ ਜਿਸ ਕਾਰਨ ਇਹ ਚਰਚਾ ਵਿੱਚ ਰਹੇ। ਕਾਲੀਚਰਨ ਦੇ ਘਰ 'ਚ ਅੰਨ ਦੇ ਨਾਂ 'ਤੇ ਚਾਰ ਕਿਲੋ ਆਟਾ ਤੇ ਅੱਧਾ ਡੱਬਾ ਮਿਰਚਾਂ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਘਰ 'ਚ ਬੀਮਾਰ ਬੇਟੀ ਵਿਨੀਤਾ ਵੀ ਹੈ ਜੋ ਗੰਭੀਰ ਰੂਪ ਨਾਲ ਬੁਖਾਰ ਤੋਂ ਪੀੜਤ ਹੈ। ਪਰ ਇਹ ਸਭ ਚਰਚਾ ਦੀ ਵਜਾਹ ਨਾਲ ਨਹੀਂ ਹੋ ਸਕਦੀ। ਚਰਚਾ ਦਾ ਕਾਰਨ ਹੈ ਤਾਂ ਕਾਲੀਚਰਨ ਦੀ ਪਤਨੀ ਸਲੋ੍ਹ ਜੋ ਛੇ ਸਾਲ ਪਹਿਲਾਂ ਦੇਸ ਰਾਜ ਦੇ ਨਾਲ ਰਹਿਣ ਲਈ ਚਲੀ ਗਈ ਸਪ। ਸਲੋ੍ਹ ਜੋ ਛੇ ਸਾਲ ਪਹਿਲਾਂ ਦੇਸ ਰਾਜ ਦੇ ਨਾਲ ਰਹਿਣ ਲਈ ਚਲੀ ਗਈ ਸੀ। ਸਲੋ੍ਹ ਨੂੰ ਦੇਸ ਰਾਜ ਦੀ ਤਿੰਨ ਸਾਲ ਦੀ ਬੇਟੀ ਵੀ ਹੈ। ਸਭ ਕੁਝ ਆਮ ਵਾਂਗ ਚਲ ਹੀ ਰਿਹਾ ਸੀ ਕਿ ਇਕੋ ਇਕ ਪਿਛਲੇ ਦਿਨੀਂ ਹਿੰਦੀ–ਅੰਗਰੇਜ਼ੀ ਦੇ ਇਕ ਕੌਮੀ ਚੈਨਲ ਨੇ ਸਲੋ੍ਹ ਦੇ ਪਹਿਲੇ ਪਤੀ ਕਾਲੀਚਰਣ ਦੇ ਹਵਾਲੇ ਨਾਲ ਸਨਸਨੀਖੇਜ ਦਾਅਵਾ ਕੀਤਾ ਕਿ ਕਾਲੀ ਚਰਣ ਨੂੰ ਕਰਜਾ ਨਾ ਚੁਕਾ ਸਕਣ ਕਾਰਨ ਆਪਣੀ ਬੀਵੀ ਸਲੋ੍ਹ ਨੂੰ ਸ਼ਾਹੂਕਾਰ ਦੇ ਹੱਥ ਵੇਚਣਾ ਪਿਆ। ਹਾਲਾਂਕਿ ਸਲੋ੍ਹ ਨੇ ਚੈਨਲ ਦੇ ਦਾਅਵੇ ਨੂੰ ਝੂਠਾ ਕਰਾਰ ਦਿੰਦੇ ਹੋਇਆ ਸਥਾਨਕ ਥਾਣੇ 'ਚ ਉਸ ਖਿਲਾਫ ਚਰਿਤਰ ਹਾਨੀ ਦਾ ਮੁਕੱਦਮਾ ਦਰਜ ਕਰਵਾ ਦਿੱਤਾ। ਕਾਲੀਚਰਣ ਅਹਿਰਵਾਰ ਮੁਤਾਬਕ ਉਹ ਝੌਂਪੜੀ ਦੀ ਥਾਂ ਇੱਟਾਂ ਦੀ ਕੰਧ ਖੜ੍ਹੀ ਕਰਨਾ ਚਾਹੁੰਦੇ ਸਨ। ਜਿਸ ਲਈ ਉਹਨਾਂ ਨੇ 9 ਸਾਲ ਪਹਿਲਾਂ 30 ਹਜ਼ਾਰ ਰੁਪਏ ਸ਼ਾਹੂਕਾਰ ਤੋਂ ਕਰਜਾ ਲਿਆ ਸੀ। ਸ਼ਾਹੂਕਾਰ ਸ੍ਰੀਪਤ ਕੋਈ ਹੋਰ ਨਹੀਂ ਕਾਲੀਚਰਨ ਦੀ ਹੀ ਪਤਨੀ ਦਾ ਜੀਜਾ ਸੀ। ਕਾਲੀਚਰਨ ਨੇ ਦੋਸ਼ ਲਾਇਆ ਕਿ ਸਾਢੂ ਸ੍ਰੀਪਤ ਨੇ ਉਸ ਨੂੰ ਦੇਸ ਰਾਜ ਨੂੰ ਵੇਚ ਦਿੱਤਾ ਜਿਸ ਖਿਲਾਫ ਉਹ ਪੁਲਸ ਤੋਂ ਮਦਦ ਮੰਗਣ ਥਾਣੇ ਵੀ ਗਏ ਪਰ ਸੁਣਵਾਈ ਨਹੀਂ ਹੋਈ। ਕਹਾਣੀ ਇਸ ਤਰ੍ਹਾਂ ਹੈ ਕਿ ਜਦ ਸ੍ਰੀਪਤ ਨੇ ਕਰਜਾ ਵਾਪਸ ਕਰਨ ਲਈ ਦਬਾਅ ਪਾਉਣਾ ਸ਼ੁਰੂ ਕੀਤਾ ਤਾਂ ਕਾਲੀਚਰਨ ਨੇ ਦਸ ਹਜ਼ਾਰ 'ਚ ਪੰਪਿਗ ਸੈਟ ਛੇ ਡੇਢ ਵਿੱਘਾ ਜਮੀਨ ਵੇਚ ਕੇ ਸ੍ਰੀਪਤ ਦਾ ਕਰਜਾ ਵਾਪਸ ਕਰ ਦਿੱਤਾ। ਸੁਆਲ ਪੈਦਾ ਹੁੰਦਾ ਹੈ ਕਿ ਜਦ ਕਰਜਾ ਹੀ ਵਾਪਸ ਕਰ ਦਿੱਤਾ ਫਿਰ ਪਤਨੀ ਨੂੰ ਸ੍ਰੀਪਤ ਕਿਉਂ ਲੈ ਗਿਆ। ਇਸ ਬਾਰੇ ਕਾਲੀ ਚਰਣ ਦਾ ਕਹਿਣਾ ਹੈ ਕਿ 'ਉਹ ਮੇਰੇ ਨਾਲੋਂ ਵੱਧ ਤਾਕਤਵਾਰ ਤੇ ਪੈਸੇ ਵਾਲਾ ਹੈ। ਕਾਲੀਚਰਣ ਦਾ ਇਹ ਜੁਆਬ ਇਸ ਸਾਰੇ ਘਟਨਾਕ੍ਰਮ ਨੂੰ ਸ਼ੱਕ ਦੇ ਦਾਇਰੇ 'ਚ ਲਿਆ ਖੜ੍ਹਾ ਕਰਦਾ ਹੈ। ਰਹੀ ਗੱਲ ਪਤਨੀ ਦੇ ਵੇਚੇ ਜਾਣ ਦੀ ਤਾਂ ਕਾਲੀਚਰਨ ਨੇ ਕਦੀ ਨਹੀਂ ਮੰਨਿਆ ਕਿ ਉਹਨਾਂ ਆਪਣੀ ਪਤਨੀ ਨੂੰ ਵੇਚਿਆ ਹੈ। ਉਹ ਦੋ ਟੁੱਕ ਕਹਿੰਦੇ ਹਨ ਕਿ 'ਉਸ ਨੂੰ ਸ੍ਰੀਪਤ ਨੇ ਦੇਸਰਾਜ ਨੂੰ ਵੇਚਿਆ ਹੈ।' ਇਧਰ ਸਲੋ੍ਹ ਸਿਰ ਤੇ ਪੈਰਾਂ ਦੀਆਂ ਸੱਟਾਂ ਨੂੰ ਵਿਖਾਉਂਦਿਆਂ ਕਹਿੰਦੀ ਹੈ 'ਕਾਲੀਚਰਣ ਦੀ ਮਾਰਕੁੱਟ ਤੋਂ ਬਚਣ ਲਈ ਮੈਂ ਭੱਜ ਕੇ ਜੀਜਾ ਸ੍ਰੀਪਤ ਦੇ ਘਰ ਚਲੀ ਗਈ। ਮੈਨੂੰ ਭਗੰਦਰ ਰੋਗ ਸੀ ਇਸ ਲਈ ਇਲਾਜ ਵਾਸਤੇ ਉਥੇ ਹੀ ਰਹਿਣ ਲੱਗੀ। ਪਰ ਥੋੜ੍ਹੇ ਦਿਨ ਬਾਅਦ ਸ੍ਰੀਪਤ ਨੇ ਵੀ ਹੱਥ ਖੜ੍ਹੇ ਕਰ ਦਿੱਤੇ। ਮੈਂ ਕਾਲੀਚਰਨ ਦੇ ਨਾਲ ਨਹੀਂ ਰਹਿਣਾ ਚਾਹੁੰਦੀ ਸੀ। ਇਸ ਲਈ ਮੈਂ ਪੇਕੇ ਚਲੀ ਗਈ। ਉਥੇ ਹੀ ਮੇਰੀ

ਦੇਸ ਰਾਜ ਨਾਲ ਵਾਕਫੀਅਤ ਹੋਈ। ਅੱਜ ਵੀ ਗਰੀਬੀ ਦਾ ਜੀਵਨ ਬਸਰ ਕਰ ਰਹੀ ਹਾਂ। ਪਰ ਦੇਸ ਰਾਜ ਦੇ ਨਾਲ ਖੁਸ਼ ਹਾਂ।' ਤਾਂ ਫਿਰ ਚੈਨਲ ਨੇ ਕਿਸ ਅਧਾਰ 'ਤੇ ਸਲ੍ਹੋ ਨੂੰ ਵੇਚੇ ਜਾਣ ਦੀ ਖਬਰ ਪ੍ਰਸਾਰਿਤ ਕਰ ਦਿੱਤੀ। ਚੈਨਲ ਵਾਲੇ ਫਿਰ ਇਸ ਨੂੰ ਜਾਇਜ਼ ਕਹਿੰਦੇ ਹਨ।

ਆਪਾ ਵਿਰੋਧੀ ਬਿਆਨਾਂ 'ਚ ਉਲਝੀ ਇਹ ਕਹਾਣੀ ਤਦ ਸਾਫ ਹੁੰਦੀ ਹੈ ਜਦ ਖੇਤਰੀ ਪੱਤਰਕਾਰ ਬਾਬੂ ਸਿੰਘ ਯਾਦਵ ਦੱਸਦੇ ਹਨ ਕਿ 'ਇਕੱਲੇ ਮੇਰੇ ਪਿੰਡ ਬਬਨੂਆਂ ਵਿੱਚ ਕਈ ਦਲਿਤਾਂ ਪਰਿਵਾਰਾਂ 'ਚ ਅਜਿਹੀਆਂ ਸ਼ਾਦੀਆਂ ਹੋਈਆਂ, ਜਿਨ੍ਹਾਂ 'ਚ ਦੂਜੀ ਸ਼ਾਦੀ ਦੌਰਾਨ ਨਵੇਂ ਪਤੀ ਨੂੰ ਕੁਝ ਹਜ਼ਾਰ ਰੁਪਏ ਪਹਿਲੇ ਪਤੀ ਨੂੰ ਦੇਣੇ ਪੈਂਦੇ ਹਨ। ਫਿਰ ਕਾਲੀਚਰਨ ਨੇ ਪਤਨੀ ਨੂੰ ਵੇਚੇ ਜਾਣ ਦਾ ਬਵਾਲ ਕਿਉਂ ਰਚਿਆ? ਸਥਾਨਕ ਨੇਤਾ ਨੱਥੂ ਰਾਮ ਨੇ ਇਸ ਸੁਆਲ ਸਬੰਧੀ ਕਿਹਾ, 'ਬਾਕੀਆਂ ਦੀ ਛੱਡ-ਛਡਾਈ 'ਚ ਪਹਿਲੇ ਪਤੀ ਨੂੰ ਪੈਸੇ ਮਿਲ ਜਾਂਦੇ ਹਨ। ਇਸ ਲਈ ਉਹ ਚੁੱਪ ਰਹਿੰਦੇ ਹਨ। ਪਰ ਸਲ੍ਹੋ ਜਦ ਦੇਸ ਰਾਜ ਦੀ ਹੋ ਗਈ ਤਾਂ ਕਾਲੀਚਰਨ ਨੂੰ ਦੇਸ ਰਾਜ ਨੇ ਕਿੰਨੇ ਧੇਲੇ ਦਿੱਤੇ? ਯਾਨੀ ਸਾਰਾ ਪੈਸਾ ਸਾਢੂ ਸ੍ਰੀਪਤ ਹਾਜਮ ਕਰ ਗਿਆ ਜਿਸ 'ਤੇ ਕਾਲੀਚਰਨ ਨੂੰ ਇਤਰਾਜ ਸੀ।' ਇਸ ਪੂਰੇ ਨਾਟਕੀ ਘਟਨਾਕ੍ਰਮ ਦੌਰਾਨ ਜੋ ਸੁਆਲ ਸਿਰੇ ਤੋਂ ਗਾਇਬ ਹੈ, ਉਹ ਹੈ ਕਾਲੀਚਰਨ ਦੇ ਹਾਲਾਤ ਬੇਹਤਰ ਕਰਨ ਦਾ ਸੁਆਲ। ਸਲ੍ਹੋ ਦੀਆਂ ਗੱਲਾਂ ਨੂੰ ਥੋੜ੍ਹੀ ਦੇਰ ਲਈ ਜੇ ਪ੍ਰਸਾਸ਼ਨਿਕ ਦਬਾਅ 'ਚ ਦਿੱਤਾ ਬਿਆਨ ਵੀ ਮੰਨ ਲਿਆ ਜਾਵੇ ਤਾਂ ਕੀ ਕਾਲੀਚਰਨ ਕੱਲ੍ਹ ਨੂੰ ਬੇਟੀ ਵਨੀਤਾ ਨੂੰ ਜਾਂ ਖੁਦ ਨੂੰ ਨਹੀਂ ਵੇਚੇਗਾ ਜਾਂ ਜੀਵਤ ਰਹਿਣ ਲਈ ਇਸ ਤਰ੍ਹਾਂ ਦਾ ਕੋਈ ਹੋਰ ਗੈਰ ਮਨੁੱਖੀ ਕਦਮ ਨਹੀਂ ਉਠਾਏਗਾ? ਇਸ ਦਾ ਕੋਈ ਹੱਲ ਅਜੇ ਤਕ ਪ੍ਰਸਾਸ਼ਨ ਨੇ ਨਹੀਂ ਲੱਭਿਆ ਹੈ। ਟਹਿਰੌਲੀ ਤਹਿਸੀਲਦਾਰ ਕ੍ਰਿਪਾ ਸ਼ੰਕਰ ਦਾ ਕਹਿਣਾ ਸੀ ਕਿ 'ਕਾਲੀਚਰਨ ਪਾਸ ਕੁਝ ਨਹੀਂ ਹੈ ਤਾਂ ਅਸੀਂ ਕੀ ਕਰ ਸਕਦੇ ਹਾਂ, ਇਹ ਤਾਂ ਕਿਸਮਤ ਦੀ ਗੱਲ ਹੈ' ਟਹਿਰੌਲੀ ਬਾਜ਼ਾਰ 'ਚ ਮਿਲੇ ਛੱਕੀ ਲਾਲ ਕੁਸ਼ਵਾਹਾ ਦਾ ਕਾਲੀਚਰਣ ਕਾਂਡ ਵਰਗੀਆਂ ਪੰਚਾਇਤਾਂ 'ਚ ਜਾਣ ਦਾ ਇਕ ਲੰਮਾ ਅਨੁਭਵ ਹੈ। ਹਾਲਾਂਕਿ ਕਾਲੀਚਰਣ ਵਰਗਾ ਪਤਨੀ ਵਰਗਾ ਦੋਸ਼ ਕਿਸੇ ਨੇ ਨਹੀਂ ਲਾਇਆ ਹੈ। ਟਹਿਰੌਲੀ ਤਹਿਸੀਲ ਦੇ ਹੀ ਗਾਤਾ ਪਿੰਡ ਦੀ ਉਦਾਹਰਣ ਦਿੰਦਿਆਂ ਸ਼ੱਕੀ ਕਹਿੰਦੇ ਹਨ, 'ਗਾਂਤਾ ਦੇ ਭੱਜੂ ਕੁਸ਼ਵਾਹਾ ਅਤੇ ਮਨੀਰਾਮ ਕੁਸ਼ਵਾਹਾ ਦੀਆਂ ਬੇਟੀਆਂ ਜਦ ਸਹੁਰੇ ਝਗੜਾ ਹੋਣ ਕਰਕੇ ਪੇਕੇ ਵਾਪਸ ਚਲੀਆਂ ਜਾਂਦੀਆਂ ਹਨ ਤਾਂ ਘਰ ਵਾਲਿਆਂ ਨੇ ਬੇਟੀ 'ਤੇ ਸਹੁਰੇ ਜਾਣ ਦੀ ਬਜਾਏ ਪੈਸਾ ਲੈ ਕੇ ਸਮਝੌਤਾ ਕਰਨਾ ਬੇਹਤਰ ਸਮਝਿਆ। ਇਕੱਲੇ ਗਾਂਤਾ ਪਿੰਡ ਵਿਚ ਹੀ ਅਜਿਹੇ ਦਰਜਨਾ ਕੇਸ ਹਨ।' ਜ਼ਿਕਰਯੋਗ ਹੈ ਕਿ ਦੋਨੋਂ ਮਾਮਲੇ ਪਿਛੜੀ ਜਾਤੀ ਦੇ ਪਰਿਵਾਰਾਂ ਦੇ ਹਨ। ਇਸ ਪਿੰਡ ਦਾ ਇਕ ਦੂਜਾ ਮਾਮਲਾ ਤੁਲਰਾਮ ਦੀ ਭਤੀਜੀ ਦਾ ਹੈ। ਭਤੀਜੀ ਨੂੰ ਸਹੁਰੇ ਪਰਿਵਾਰ ਵਾਲਿਆਂ ਨੇ ਜਲਾ ਕੇ ਮਾਰ ਦਿੱਤਾ ਤਾਂ ਤੁਲਰਾਮ ਨੇ ਮੁਕੱਦਮਾ ਦਰਜ ਕਰਵਾਇਆ। ਪਰ ਸਹੁਰੇ ਪਰਿਵਾਰ ਤੋਂ ਇਕ ਲੱਖ ਰੁਪਿਆ ਮਿਲਣ ਪਿੱਛੋਂ ਸਮਝੌਤਾ ਕਰ ਲਿਆ। ਬੁੰਦਲੇਖੰਡ ਸਮਾਜ 'ਚ ਹੋ ਰਿਹਾ ਸਮਾਜਕ ਬਦਲਾਅ ਜਾਹਿਰ ਕਰ ਰਿਹਾ ਹੈ ਕਿ ਭਿਅੰਕਰ ਗ਼ਰੀਬੀ ਸੋਕਾ ਤੇ ਬੇਕਾਰੀ ਵਿਚਕਾਰ ਫਸੇ ਕਿਸਾਨਾਂ ਦੀ ਹਾਲਤ ਏਨੀ ਬਦਤਰ ਹੋ ਗਈ ਹੈ ਕਿ ਇਹ ਗੈਰ ਮਨੁੱਖੀ ਹੋਣ ਲਈ ਮਜ਼ਬੂਰ ਹਨ। ਟਹਿਰੌਲੀ ਤਹਿਸੀਲ ਵਿੱਚ ਹੀ ਪਿਛਲੇ ਇਕ ਮਹੀਨੇ ਅੰਦਰ ਖਾਣਾ ਤੇ ਅਨਾਜ ਖੋਹਣ

ਦੀਆਂ ਤਿੰਨ ਘਟਨਾਵਾਂ ਇਸ ਵੱਲ ਇਸ਼ਾਰਾ ਕਰਦੀਆਂ ਹਨ। ਬੁੰਦਲੇਖੰਡ ਦੇ ਸਮਾਜਿਕ ਵਰਕਰ ਮਨੋਜ ਸਿੰਘ ਦੱਸਦੇ ਹਨ, 'ਖੇਤਰ ਦੇ ਸਾਰੇ ਕਰਜਦਾਰਾਂ ਨੂੰ ਸੂਦਖੋਰਾਂ ਸਾਹਮਣੇ ਮਜ਼ਬੂਰੀ 'ਚ ਪਤਨੀ ਨੂੰ ਹੀ ਨਹੀਂ ਉਹ ਸਾਰਾ ਮਾਨ-ਸਨਮਾਨ ਗਹਿਣੇ ਰੱਖ ਦੇਣਾ ਹੁੰਦਾ ਹੈ ਜਿਸ ਦੀ ਰਾਖੀ ਕਰਨ ਦੀ ਗੱਲ ਅਸੀਂ ਲੋਕਤੰਤਰ 'ਚ ਕਰਦੇ ਹਾਂ।

ਸੁਆਲ ਇਹ ਹੈ ਕਿ ਅੱਸੀ ਫੀਸਦੀ ਦਲਿਤ ਅਬਾਦੀ ਵਾਲੇ ਇਸ ਪਿੰਡ 'ਚ ਕਾਲੀਚਰਣ ਹੀ ਕਿਉਂ, ਇਥੇ ਤਾਂ ਸਾਰੇ ਹੀ ਕਾਲੀਚਰਨ ਹਨ। ਪਿੰਡ ਦੀ ਫੂਲਣ, ਜਾਮਵਤੀ ਮਹੇਸ਼, ਪ੍ਰਮਾਨੰਦ ਕਾਂਸ਼ੀਰਾਮ ਵਰਗੇ ਸਾਰੇ ਲੋਕ ਆਪਣਾ ਨਾਂ ਗਿਣਾਉਂਦੇ ਹਨ। ਜਿਹਨਾਂ ਨੂੰ ਪੇਟ ਭਰ ਅੰਨ ਤੇ ਕੰਮ ਚਾਹੀਦਾ ਹੈ। ਜੋ ਨਾ ਕਾਲੀਚਰਣ ਦੇ ਕੋਲ ਹੈ ਅਤੇ ਨਾ ਹੀ ਦੂਜਿਆਂ ਕੋਲ। ਬਾਂਸਾਰ ਦੇ ਘਰਾਂ ਵਿੱਚ 16 ਲਿਟਰ ਵਾਲੇ ਤੇਲ ਦੇ ਡੱਬਿਆਂ 'ਚ ਭਰਿਆ ਅਨਾਜ ਹੀ ਖੁਸ਼ਹਾਲੀ ਦੀ ਪਹਿਚਾਣ ਹੈ। ਪੰਦਰਾਂ ਸੌ ਦੀ ਅਬਾਦੀ ਵਾਲੇ ਇਸ ਪਿੰਡ ਦੇ ਦਰਜਨਾ ਘਰਾਂ 'ਚ ਝਾਂਕਣ 'ਤੇ ਨਿਖਰੇ ਵੀ ਇਸ ਤੋਂ ਅੱਗੇ ਦੀ ਖੁਸ਼ਹਾਲੀ ਨਜ਼ਰ ਨਹੀਂ ਆਉਂਦੀ। ਕਿਤੇ ਬੱਚੇ, ਕਿਤੇ ਬੁੱਢੇ ਸਭ ਢਾਂਚੇ 'ਚ ਤਬਦੀਲ ਹਨ।

ਪਿੰਡ ਦੇ ਸਕੂਲ 'ਚ ਪੜ੍ਹਾਈ ਕਰ ਰਿਹਾ ਅਜੈ ਦੋ ਸਾਲ ਪਹਿਲੇ ਹੀ ਪੜ੍ਹ ਚੁੱਕਿਆ ਹੈ ਕਿ ਜਰੂਰਤ ਪੱਖੋਂ ਊਰਜਾ (ਕੈਲੋਰੀ) ਦੀ ਘਾਟ ਕਾਰਨ ਕੁਪੋਸ਼ਣ ਹੁੰਦਾ ਹੈ ਪਰ ਮਿਡ-ਡੇ-ਮੀਲ ਯੋਜਨਾ ਤਹਿਤ ਹਲਦੀ ਤੇ ਨਮਕ ਮਿਲਾ ਕੇ ਚਾਵਲ ਖਾ ਕੇ ਉਹਨਾਂ ਨੂੰ ਸਬਰ ਕਰਨਾ ਪੈਂਦਾ ਹੈ। ਪਿੰਡ ਵਿਚ ਜੋ ਸਕੂਲ ਹੈ ਉਥੇ ਬਰਸਾਤ 'ਚ ਪਸ਼ੂ ਬੰਨ੍ਹੇ ਜਾਂਦੇ ਹਨ ਅਤੇ ਮਾਸਟਰਨੀ ਸੀਮਾ ਦੀਕਸ਼ਤ ਪੰਦਰਾਂ ਦਿਨ ਪਿੱਛੋਂ ਸਕੂਲ 'ਚ ਹਾਜ਼ਰੀ ਲਾਉਣ ਆਉਂਦੀ ਹੈ। ਪੇਂਡੂ ਪਰਮਾਨੰਦ ਦੀ ਹੱਡੀ ਸਰਕ ਗਈ ਹੈ। ਪਰਮਾਨੰਦ ਨੂੰ ਝਾਂਸੀ ਜਿਲਾ ਹਸਪਤਾਲਾਂ ਦੇ ਡਾਕਟਰਾਂ ਨੇ ਇਹ ਕਹਿ ਕੇ ਭਜਾ ਦਿੱਤਾ ਕਿ ਰੋਗ 'ਸਾਡੀ ਸਮਝ 'ਚ ਨਹੀਂ ਆਉਂਦਾ।'

ਸਾਫ਼ ਹੈ ਕਿ ਪਰਮਾਨੰਦ ਦਾ ਰੋਗ ਡਾਕਟਰਾਂ ਨੂੰ ਸਮਝ ਨਹੀਂ ਆ ਰਿਹਾ ਅਤੇ ਕਾਲੀਚਰਨ ਵਰਗੇ ਦਾ ਸਰਕਾਰ ਤੇ ਮੀਡੀਆ ਨੂੰ। ਨਹੀਂ ਤਾਂ ਕਾਲੀਚਰਣਾ ਨਾਲ ਭਰੇ ਬੁੰਦਲੇਖੰਡ 'ਚ ਜਿਥੇ ਰੋਜ਼ਾਨਾ ਕਿਸਾਨ ਆਤਮ ਹੱਤਿਆ ਕਰ ਰਹੇ ਹਨ, ਮਜ਼ਦੂਰ ਭੁੱਖ ਨਾਲ ਮਰ ਰਹੇ ਹਨ ਉਥੇ ਸਨਸਨੀ ਸਲੋਂ ਬਣਦੀ ਹੈ। ਉਹ ਲੱਖਾਂ ਘਾਟ ਦੇ ਮਾਰੇ ਲੋਕ ਨਹੀਂ ਜਿਹਨਾਂ ਦੀ ਗੁਰਬਤ ਭਰੀ ਜਿੰਦਗੀ ਕਿਸੇ ਸਰਕਾਰ 'ਚ ਝੁਰਝੁਰੀ ਪੈਦਾ ਕਰਨ ਲਈ ਕਾਫੀ ਹਨ। ਫਿਰ ਉਹਨਾਂ ਦੇ ਸਾਹਮਣੇ ਕਿਸੇ ਖਬਰ ਦੀ ਸਨਸਨੀ ਦੀ ਕੀ ਤੁਕ ਹੈ।

# ਇਨਸਾਫ਼ ਦੀ ਬੁਨਿਆਦ ਬਨਾਮ ਭ੍ਰਿਸ਼ਟਾਚਾਰ

ਨਿਆਂਪਾਲਿਕਾ 'ਚ ਵਧਦੇ ਭ੍ਰਿਸ਼ਟਾਚਾਰ ਨਾਲ ਹੁਣ ਇਹ ਹਾਲਤ ਹੋ ਗਈ ਹੈ ਕਿ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਲਈ ਰਾਸ਼ਟਰਪਤੀ ਕੋਲ ਮੰਜ਼ੂਰੀ ਲਈ ਨਿਆਂ ਭੇਜੇ ਜਾਂਦੇ ਹਨ, ਉਹਨਾਂ ਦੀ ਸਮੀਖਿਆ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਵੀ ਕਰਦੀ ਹੈ ਅਤੇ ਆਪਣੇ ਰਾਇ ਨਾਲ ਰਾਸ਼ਟਰਪਤੀ ਸਮੇਤ ਸਰਕਾਰ 'ਚ ਬੈਠੇ ਸਭ ਲੋਕਾਂ ਨੂੰ ਜਾਣੂ ਕਰਵਾਉਂਦੇ ਹੋਇਆਂ, ਭ੍ਰਿਸ਼ਟ ਜੱਜਾਂ ਨੂੰ ਸੁਪਰੀਮ ਕੋਰਟ 'ਚ ਨਿਯੁਕਤ ਨਾ ਕਰਨ ਦੀ ਸਰਕਾਰ ਅਤੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਅਪੀਲ ਵੀ ਕਰਦੀ ਹੈ। ਐਸਾ ਹੀ ਇਕ ਦੇਸ ਅਜੇ ਅੱਜ ਸਰਕਾਰ ਦੇ ਧਿਆਨ 'ਚ ਆਇਆ ਹੈ ਜਿਸ 'ਚ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਵੱਖ-ਵੱਖ ਰੂਪਾਂ 'ਚ ਲਿਖਤੀ ਪ੍ਰਸਤਾਵ ਭੇਜ ਕੇ ਭਾਰਤ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਕਿਹਾ ਹੈ ਕਿ ਸੁਪਰੀਮ ਕੋਰਟ 'ਚ ਨਿਯੁਕਤ ਹੋਣ ਵਾਲੇ ਜੱਜਾਂ 'ਚ ਇਕ ਜੱਜ ਕਰਨਾਟਕ ਹਾਈਕੋਰਟ ਦੇ ਹਨ ਤੇ ਉਹ ਭ੍ਰਿਸ਼ਟ ਹਨ ਇਸ ਲਈ ਉਹਨਾਂ ਦੀ ਨਿਯੁਕਤੀ ਸੁਪਰੀਮ ਕੋਰਟ ਦੇ ਜੱਜ ਵਜੋਂ ਨਹੀਂ ਹੋਣੀ ਚਾਹੀਦੀ ਪਰ ਦੋਸ਼ੀ ਜੱਜ ਦਾ ਕਹਿਣਾ ਹੈ ਕਿ ਕਿਉਂਕਿ ਉਹ ਦਲਿਤ ਹੈ, ਇਸ ਲਈ ਉਸ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਕਰਨਾਟਕ ਹਾਈਕੋਰਟ ਦੇ ਚੀਫ ਜਸਟਿਸ ਪੀ. ਡੀ. ਦੀਨਾਕਰਨ ਦਾ ਨਾਂ ਉਹਨਾਂ ਪੰਜ ਜੱਜਾਂ 'ਚ ਸ਼ਾਮਲ ਕੀਤਾ ਗਿਆ ਜਿਹਨਾਂ ਦੇ ਨਾਂ ਸੁਪਰੀਮ ਕੋਰਟ ਲਈ ਪ੍ਰਸਤਾਵਿਤ ਕੀਤੀ ਗਈ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਕੇ. ਜੀ. ਬਾਲਾਕ੍ਰਿਸ਼ਨਨ ਨੇ ਪੰਜ ਜੱਜਾਂ ਦੇ ਨਾਂ ਵਿਧੀ ਮੰਤਰਾਲੇ ਰਾਹੀਂ ਰਾਸ਼ਟਰਪਤੀ ਦੀ ਮੰਜ਼ੂਰੀ ਲਈ ਭੇਜੇ ਹਨ। ਇਹਨਾਂ ਪੰਜ ਜੱਜਾਂ ਵਿੱਚ ਮੱਧ ਪ੍ਰਦੇਸ਼ ਹਾਈਕੋਰਟ ਦੇ ਚੀਫ ਜਸਟਿਸ ਅਨੰਗ ਕੁਮਾਰ ਪਟਨਾਇਕ ਪੰਜਾਬ-ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਤੀਰਥ ਸਿੰਘ ਠਾਕੁਰ ਕੋਲਕਾਤਾ ਹਾਈਕੋਰਟ ਦੇ ਚੀਫ ਜਸਟਿਸ ਸੁਰਿੰਦਰ ਸਿੰਘ ਨਿਜਾਰ, ਕਰਨਾਟਕ ਹਾਈਕੋਰਟ ਦੇ ਚੀਫ ਜਸਟਿਸ ਪੀ. ਡੀ. ਦੀਨਾਕਰਨ ਅਤੇ ਗੁਜਰਾਤ ਹਾਈਕੋਰਟ ਦੇ ਚੀਫ਼ ਜਸਟਿਸ ਕੇ. ਐਸ. ਰਾਧਾਕ੍ਰਿਸ਼ਨ ਹਨ। ਇਹਨਾਂ ਪੰਜ ਜੱਜਾਂ ਦੇ ਸੁਪਰੀਮ ਕੋਰਟ 'ਚ ਜਾਣ ਪਿੱਛੋਂ ਸੁਪਰੀਮ ਕੋਰਟ ਦੇ ਜੱਜਾਂ ਦੀ ਗਿਣਤੀ 28 ਹੋ ਜਾਵੇਗੀ ਜਦ ਕਿ ਕੁਝ ਅਹੁਦੇ 31 ਹਨ ਇਹਨਾਂ ਪੰਜ ਜੱਜਾਂ ਦੇ ਨਾਲ ਸੁਪਰੀਮ ਕੋਰਟ ਦੇ ਚੀਫ ਜਸਟਿਸ ਕੇ. ਜੀ. ਬਾਲਾਕ੍ਰਿਸ਼ਨ ਅਨੁਸਾਰ ਸਰਕਾਰ ਨੂੰ ਭੇਜ ਦਿੱਤੇ। ਜਿਥੋਂ ਪ੍ਰਧਾਨ ਮੰਤਰੀ ਰਾਹੀਂ ਰਾਸ਼ਟਰਪਤੀ ਨੂੰ ਪ੍ਰਸਤਾਵ ਭੇਜੇ ਜਾਣੇ ਹਨ। ਪਰ ਇਹਨਾਂ ਜੱਜਾਂ 'ਚ ਪੀ. ਡੀ. ਦੀਨਾਕਰਨ ਦੇ ਨਾਂ ਸਬੰਧੀ ਮਦਰਾਸ ਹਾਈ ਕੋਰਟ ਸਮੇਤ ਦਿੱਲੀ ਦੇ ਵਕੀਲਾਂ 'ਚ ਸੁਗਬਗਾਹ ਸ਼ੁਰੂ ਹੋ ਗਈ ਅਤੇ 72,795 ਕੇਸਾਂ ਦੇ ਨਿਪਟਾਰੇ ਦਾ ਰਿਕਾਰਡ ਬਣਾਉਣ ਵਾਲੇ ਜੱਜ ਦੀਨਾਕਰਨ ਦੇ ਨਾਂ ਦਾ ਸੁਪਰੀਮ ਕੋਰਟ 'ਚ ਜੱਜ ਵਜੋਂ ਨਿਯੁਕਤੀ ਲਈ ਵਿਰੋਧ ਹੋਣਾ ਸ਼ੁਰੂ ਹੋ ਗਿਆ। ਸਿੱਟੇ ਵਜੋਂ ਕੇ. ਜੀ. ਬਾਲਾ ਕ੍ਰਿਸ਼ਨਨ ਦੇ ਵਿਰੋਧ 'ਚ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਮ. ਐਮ. ਕ੍ਰਿਸ਼ਨਾ ਮਨੀ ਅਤੇ ਦਿੱਲੀ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਕੇ. ਸੀ. ਮਿੱਤਲ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਲ ਨੂੰ ਪੱਤਰ ਲਿਖ ਕੇ ਜੱਜ ਦੀਨਾਕਰਨ ਦੇ ਨਾਂ ਨੂੰ ਸੁਪਰੀਮ ਕੋਰਟ ਦੇ

ਜੱਜ ਵਜੋਂ ਨਿਯੁਕਤੀ ਲਈ ਸ਼ਾਮਲ ਕੀਤੇ ਜਾਣ ਦਾ ਡਟ ਕੇ ਵਿਰੋਧ ਕੀਤਾ। ਉਹਨਾਂ ਕਿਹਾ ਕਿ ਦੀਨਾਕਰਨ ਭ੍ਰਿਸ਼ਟਾਚਾਰ ਜੱਜ ਹੈ ਅਤੇ ਉਹਨਾਂ ਦੀ ਨਿਯੁਕਤੀ ਨਾਲ ਸੁਪਰੀਮ ਕੋਰਟ 'ਚ ਵੀ ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਮਿਲੇਗੀ। ਮਦਰਾਸ ਹਾਈਕੋਰਟ ਦੇ ਵਕੀਲਾਂ ਨੇ ਵੀ ਜੱਜ ਦੀਨਾਕਰਨ ਨੂੰ ਭ੍ਰਿਸ਼ਟ ਦੱਸ ਕੇ ਉਸ ਨੂੰ ਸੁਪਰੀਮ ਕੋਰਟ 'ਚ ਜੱਜ ਬਣਾਉਣ ਦਾ ਵਿਰੋਧ ਕੀਤਾ। ਵਕੀਲਾਂ ਨੇ ਕਿਹਾ ਕਿ ਤਾਮਿਲਨਾਡੂ 'ਚ ਲੈਂਡ ਸੀਲਿੰਗ ਦੇ ਨਿਯਮਾਂ ਵਿਰੁੱਧ ਉਹਨਾਂ ਨੇ ਏਨੀ ਜਮੀਨ ਖਰੀਦੀ ਕਿ ਲੋਕ ਹੈਰਾਨ ਰਹਿ ਗਏ। ਤਾਮਿਲਨਾਡੂ ਦੇ ਵਿਲੋਰ ਜ਼ਿਲ੍ਹੇ ਦੇ ਕਾਵੇਰੀ ਰਾਜਾ ਜੀ ਪੁਰਮ ਪਿੰਡ 'ਚ 440 ਏਕੜ ਜਮੀਨ ਹੈ ਜਿਸ 'ਚੋਂ 310,33 ਏਕੜ ਜਮੀਨ ਪਟੇ ਦੀ ਹੈ ਜੋ ਜੱਜ ਸਾਹਿਬ ਦੀ ਪਤਨੀ ਡਾ. ਵਿਨੋਦ ਵੀ, ਉਹਨਾਂ ਦੀਆਂ ਦੋ ਬੇਟੀਆਂ ਆਮਦਾ ਪਾਰ ਕੋਡੀ ਤੇ ਇਕ ਹੋਰ ਰਿਸ਼ਤੇਦਾਰ ਕਾਨਨ ਦੇ ਨਾਂ ਹਨ। ਇਸ ਤੋਂ ਇਲਾਵਾ 88.33 ਏਕੜ ਉਹ ਜਮੀਨ ਹੈ, ਜੋ ਸਿਰਫ਼ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਦਲਿਤ ਲੋਕਾਂ ਨੂੰ ਹੀ ਪਟੇ 'ਤੇ ਮਿਲ ਸਕਦੀ ਹੈ ਅਤੇ 41.27 ਏਕੜ ਜ਼ਮੀਨ ਤਲਾਅ ਦੀ ਹੈ ਜੋ ਕਿ ਵਿਕ ਹੀ ਨਹੀਂ ਸਕਦੀ। ਇਸ ਜ਼ਿਲ੍ਹੇ ਦੇ ਪੁਵ ਲਈ ਪਿੰਡ ਵਿੱਚ ਵੀ 50 ਏਕੜ ਜਮੀਨ 'ਚ ਇਸੇ ਜੱਜ ਸਾਹਿਬ ਦੇ ਅੰਬਾਂ ਦਾ ਬਾਗ ਵੀ ਹੈ। ਇਹਨਾਂ ਦੀ ਕੁਲ ਜਾਇਦਾਦ ਦੀ ਕੀਮਤ ਸੌ ਕਰੋੜ ਤੋਂ ਉਪਰ ਹੈ। ਅੱਜ ਕੱਲ੍ਹ ਵਕੀਲ ਤੇ ਜੱਜਾਂ 'ਚ ਗੁੱਟਬੰਦੀ ਹੋ ਚੁੱਕੀ ਹੈ। ਜ਼ਿਲ੍ਹਾ ਪੱਧਰ 'ਤੇ ਤਾਂ ਭ੍ਰਿਸ਼ਟਾਚਾਰ ਸਿਰਫ਼ ਪੈਸੇ ਸਬੰਧੀ ਹੁੰਦਾ ਹੈ। ਪਰ ਹਾਈ ਕੋਰਟ ਤੇ ਸੁਪਰੀਮ ਦੇ ਪੱਧਰ 'ਤੇ ਭ੍ਰਿਸ਼ਟਾਚਾਰ ਦਾ ਹੋਰ ਹੀ ਰੂਪ ਹੈ। ਆਪਣੇ ਗੁੱਟ ਦੇ ਜੱਜਾਂ ਨੂੰ ਅੱਗੇ ਹੱਲਾਸ਼ੇਰੀ ਦੇਣ ਅਤੇ ਜੋ ਗੁੱਟ ਤੋਂ ਬਾਹਰ ਹਨ, ਉਹਨਾਂ ਨੂੰ ਦਿੱਲੀ ਤੋਂ ਬਾਹਰ ਹੀ ਰੱਖਿਆ ਜਾਵੇ। ਜੱਜਾਂ ਨੇ ਇਸ ਬਾਰੇ ਵਕੀਲਾਂ ਨੂੰ ਦੱਸਿਆ ਕਿ ਇਸ ਤੋਂ ਇਲਾਵਾ ਉਹਨਾਂ ਪਾਸ ਸ਼ਹਿਰੀ ਜਾਇਦਾਦਾਂ ਤੇ ਬੈਂਕ ਬੈਲੇਂਸ ਦਾ ਕੋਈ ਹਿਸਾਬ ਨਹੀਂ ਹੈ। ਦਿੱਲੀ ਦੇ ਵਕੀਲਾਂ ਨੇ ਨਾ ਸਿਰਫ ਉਹਨਾਂ ਨੂੰ ਭ੍ਰਿਸ਼ਟ ਦੱਸ ਕੇ ਉਹਨਾਂ ਨੂੰ ਸੁਪਰੀਮ ਕੋਰਟ ਦਾ ਜੱਜ ਬਣਾਉਣ ਦਾ ਵਿਰੋਧ ਕੀਤਾ ਬਲਕਿ ਉਹਨਾਂ ਦੀ ਆਮਦਨ ਤੋਂ ਵੱਧ ਸੰਪਤੀ ਬਣਾਏ ਜਾਣ ਦੀ ਜਾਂਚ ਦੀ ਵੀ ਮੰਗ ਕੀਤੀ ਹੈ। ਵਕੀਲਾਂ ਨੇ ਕਿਹਾ ਕਿ ਦੀਨਾਕਰਨ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਉਹਨਾਂ ਕੋਲ ਉਹਨਾਂ ਦੀ ਆਮਦਨ ਤੋਂ ਵੱਧ ਜਾਇਦਾਦ ਕਿਥੋਂ ਆਈ ਤੇ ਉਹਨਾਂ ਨੇ ਕਿਵੇਂ ਏਨੀ ਜਾਇਦਾਦ ਇਕੱਠੀ ਕੀਤੀ? ਸੁਪਰੀਮ ਕੋਰਟ ਦੇ ਵਕੀਲਾਂ ਨੇ ਤਾਂ ਸ਼ਰ੍ਹੇਆਮ ਆਮਦਨ ਟੈਕਸ ਵਿਭਾਗ ਤੋਂ ਉਹਨਾਂ ਦੀ ਜਾਇਦਾਦ ਦੀ ਜਾਂਚ ਵੀ ਕੀਤੀ ਹੈ ਅਤੇ ਉਹਨਾਂ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਵੀ ਕੀਤੀ ਹੈ।

ਜੱਜ ਦੀਨਾਕਰਨ ਆਪਣੀ ਨਿਯੁਕਤੀ ਸਬੰਧੀ ਅੱਜ ਪਿੱਛੇ ਜਿਹੇ ਹੀ ਦਿੱਲੀ ਆਏ ਸਨ ਅਤੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਉਹਨਾਂ ਤੋਂ ਜੁਆਬ ਵੀ ਮੰਗਿਆ ਸੀ। ਉਹਨਾਂ ਨੇ ਆਪਣੇ 'ਤੇ ਲੱਗੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦੇ ਹੋਏ ਆਪਣੇ ਆਪ ਨੂੰ ਬੇਦਾਗ ਦੱਸਿਆ ਤੇ ਕਿਹਾ ਕਿ ਉਹ ਖੁਸ਼ਹਾਲ ਤੇ ਖਾਂਦੇ ਪੀਂਦੇ ਪਰਿਵਾਰ ਨਾਲ ਸਬੰਧਤ ਹਨ ਤੇ ਉਹਨਾਂ ਕੋਲ ਜੋ ਜਾਇਦਾਦਾਂ ਹਨ ਉਹ ਉਹਨਾਂ ਦੀਆਂ ਆਪਣੀਆਂ ਹਨ। ਉਹਨਾਂ ਦੇ ਉਤਰ ਤੋਂ ਸੰਤੁਸ਼ਟ ਹੋ ਕੇ ਕੇ. ਜੀ. ਬਾਲਾਕ੍ਰਿਸ਼ਨਨ ਹੈ ਉਹਨਾਂ ਦਾ ਨਾਂ ਰਹਿਣ ਦਿੱਤਾ ਅਤੇ ਪੰਜਾਂ ਹੀ ਜੱਜਾਂ ਦੇ ਨਾਮ ਨੂੰ ਕਮਲਜਿਅਮ ਅਨੁਸਾਰ ਮੰਜੂਰੀ ਲਈ ਭੇਜ ਦਿੱਤਾ। ਪਰ ਰਾਸ਼ਟਰਪਤੀ ਕੋਲ ਜਾਣ ਤੋਂ ਪਹਿਲਾਂ ਹੀ

ਵਕੀਲ ਨੇ ਹੰਗਾਮਾ ਮਚਾ ਦਿੱਤਾ। ਵਿਰੋਧ ਕਰਨ ਵਾਲਿਆਂ 'ਚ ਦੇਸ਼ ਦੇ ਮਸ਼ਹੂਰ ਵਕੀਲ ਐਸ. ਨਾਰੀਮਨ ਅਤੇ ਅਨਿਲ ਦੀਵਾਨ ਆਦਿ ਹਨ। ਇਹਨਾਂ ਨੇ ਬਾਰ ਐਸੋਸੀਏਸ਼ਨ ਤੋਂ ਇਲਾਵਾ ਆਪਣੇ ਵੱਲੋਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਜਾਣੂ ਕਰਵਾਇਆ ਹੈ ਕਿ ਜੱਜ ਦੀਨਾਕਰਨ ਦੀ ਨਿਯੁਕਤੀ ਲਈ ਕਾਲਿਜਿਅਮ ਸਿਸਟਮ ਫੇਲ੍ਹ ਹੋ ਚੁੱਕਿਆ ਹੈ। ਉਹਨਾਂ ਕਿਹਾ ਕਿ ਜੱਜਾਂ ਦੀ ਜੁਡੀਸ਼ੀਅਲ ਅਕਾਊਂਟ ਬਿਲਟੀ ਨੂੰ ਮਜ਼ਬੂਤ ਕਰਨ ਲਈ ਹੁਣ ਜੱਜਾਂ ਦੀ ਭਰਤੀ ਲਈ ਨੈਸ਼ਨਲ ਜੁਡੀਸ਼ੀਅਲ ਕਮਿਸ਼ਨ ਬਣਾਉਣਾ ਚਾਹੀਦਾ ਹੈ ਤਾਂ ਕਿ ਜੱਜਾਂ ਦੀ ਭਰਤੀ 'ਚ ਪਾਰਦਰਸ਼ਤਾ ਬਣੀ ਰਹੇ ਇਹਨਾਂ ਵਕੀਲਾਂ ਨੇ ਹੈਰਾਨੀ ਜ਼ਾਹਰ ਕਰਦੇ ਹੋਏ ਕਿਹਾ ਕਿ ਜੱਜ ਦੀਨਾਕਰਨ ਵਰਗੇ ਜੱਜਾਂ ਦੀ ਨਿਯੁਕਤੀ ਲਈ ਸੁਪਰੀਮ ਕੋਰਟ ਵੱਲੋਂ ਨਾਂ ਭੇਜਣ ਨਾਲ ਦੇਸ਼ ਦੀ ਖੁਫੀਆ ਏਜੰਸੀ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ ਕਿਉਂਕਿ ਆਈ. ਬੀ ਦੀ ਰਿਪੋਰਟ ਦੇ ਬਿਨਾਂ ਤਾਂ ਕਿਸੇ ਦੇ ਨਾਂ ਦੀ ਵੀ ਮੰਜੂਰੀ ਨਹੀਂ ਦਿੱਤੀ ਜਾ ਸਕਦੀ ਅਤੇ ਜੱਜ ਦੀਨਾਕਰਨ ਦੇ ਨਾਂ ਦੀ ਮੰਜੂਰੀ ਆਈ ਬੀ ਦੁਆਰਾ ਕੀਤੇ ਜਾਣ ਦਾ ਮਤਲਬ ਹੈ ਕਿ ਜਾਤੀ ਰਿਪੋਰਟ ਜਾਂਚੀ ਹੀ ਨਹੀਂ ਗਈ ਜਾਂ ਆਈ. ਬੀ. ਨੇ ਪੱਖਪਾਤ ਕੀਤਾ ਹੈ। ਸੁਪਰੀਮ ਕੋਰਟ ਦੇ ਜੱਜ ਮਾਰਕੇਡੂ ਕਾਟਜੂ ਅਤੇ ਕੇਗਾਂਗੂਲੀ ਵੀ ਤਾਮਿਲਨਾਡੂ ਹਾਈ ਕੋਰਟ 'ਚ ਦੀਨਾਕਰਨ ਦੇ ਨਾਲ ਚੀਫ ਜਸਟਿਸ ਰਹਿ ਚੁੱਕੇ ਹਨ ਅਤੇ ਉਹਨਾਂ ਬਾਰੇ ਕਦੀ ਕਿਸੇ ਵਕੀਲ ਨੇ ਆਵਾਜ਼ ਨਹੀਂ ਉਠਾਈ ਪਰ ਉਹ ਅੱਜ ਜੱਜ ਦੀਨਾਕਰਨ ਖਿਲਾਫ ਆਵਾਜ਼ ਉਠਾ ਰਹੇ ਹਨ। ਇਸਰਾ ਬਾਰੇ ਸਰਕਾਰ ਨੇ ਆਪਣਾ ਪੱਲਾ ਝਾੜ ਦਿੱਤਾ ਹੈ ਅਤੇ ਸਪ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੇ ਗਲੇ 'ਚ ਪਾ ਦਿੱਤਾ ਹੈ ਕਿ ਉਹੀ ਆਖਰੀ ਨਿਰਣਾ ਕਰਨ। ਜ਼ਿਕਰਯੋਗ ਹੈ ਕਿ ਸੰਵਿਧਾਨ ਅਨੁਸਾਰ ਰਾਸ਼ਟਰਪਤੀ ਇਸ ਪ੍ਰਸਤਾਵ 'ਤੇ ਮੁੜ ਵਿਚਾਰ ਕਰਨ ਲਈ ਸਰਕਾਰ ਕੋਲ ਇਸ ਨੂੰ ਭੇਜ ਸਕਦੇ ਹਨ ਅਤ ਸਰਕਾਰ ਸੁਪਰੀਮ ਕੋਰਟ ਕੋਲ ਭੇਜ ਸਕਦੀ ਹੈ। ਪਰ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਇਸ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਕਿ ਉਹ ਕਲਿਜਿਅਮ ਦੇ ਫੈਸਲੇ ਨੂੰ ਬਦਲਣ। ਸੁਪਰੀਮ ਕੋਰਟ ਦੇ ਚੀਫ ਜਸਟਿਸ ਆਪਣੇ ਉਸ ਪ੍ਰਸਤਾਵ ਨੂੰ ਬਿਨਾਂ ਕਿਸੇ ਫੇਰਬਦਲ ਕੀਤੇ ਹੀ ਫਿਰ ਰਾਸ਼ਟਰਪਤੀ ਕੋਲ ਸਰਕਾਰ ਰਾਹੀਂ ਭੇਜ ਸਕਦੇ ਹਨ ਅਤੇ ਇਸ ਲਈ ਉਹਨਾਂ ਦੀ ਕੋਈ ਜੁਆਬ ਤਲਬੀ ਵੀ ਨਹੀਂ ਹੋ ਸਕਦੀ ਕਿ ਉਹਨਾਂ ਨੇ ਫਿਰ ਉਹ ਜੁਆਬ ਬਿਨਾ ਬਦਲੇ ਹੀ ਕਿਉਂ ਭੇਜ ਦਿੱਤਾ? ਜੇ ਕੇ. ਜੀ. ਬਾਲਾਕ੍ਰਿਸ਼ਨ ਵਕੀਲਾਂ ਰਾਹੀਂ ਭ੍ਰਿਸ਼ਟ ਦੱਸੇ ਜੱਜ ਪੀ. ਡੀ. ਦੀਨਾਕਰਨ ਨੂੰ ਆਪਣੇ ਮੁੱਖ ਪ੍ਰਸਤਾਵ ਤੋਂ ਨਹੀਂ ਹਟਾਉਂਦੇ ਹਨ ਤਾਂ ਇਹ ਮੰਨ ਕੇ ਚੱਲਣਾ ਹੋਵੇਗਾ ਕਿ ਸੁਪਰੀਮ ਕੋਰਟ ਦੇ ਮੁੱਖ ਜੱਜ ਕੇ ਜੀ ਬਾਲਾਕ੍ਰਿਸ਼ਨ ਉਹਨਾਂ ਨੂੰ ਭ੍ਰਿਸ਼ਟ ਨਹੀਂ ਮੰਨਦੇ ਅਤੇ ਕੁਝ ਹੀ ਵਕੀਲਾਂ ਵਲੋਂ ਹੰਗਾਮਾ ਕੀਤਾ ਗਿਆ ਹੈ। ਉਹ ਗਲਤ ਹੈ। ਗੱਲ ਏਨੀ ਹੀ ਨਹੀਂ ਕੌਣ ਗਲਤ ਹੈ ਬਲਕਿ ਗੱਲ ਇਹ ਹੈ ਕਿ ਕੌਣ ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਦੇ ਰਿਹਾ ਵਕੀਲ ਜਾਂ ਜੱਜ। ਸੰਵਿਧਾਨ ਨੇ ਵਕੀਲਾਂ ਨੂੰ ਕਿਧਰੇ ਇਹ ਤਾਕਤ ਨਹੀਂ ਦਿੱਤੀ ਹੈ ਕਿ ਖੁੱਲ੍ਹੇਆਮ ਕਿਸੇ ਜੱਜ ਦੀ ਨਿਯੁਕਤੀ ਸਬੰਧੀ ਉਸ ਨੂੰ ਭ੍ਰਿਸ਼ਟ ਦੱਸਦੇ ਹੋਇਆਂ ਉਸ ਨੂੰ ਰਾਸ਼ਟਰਪਤੀ ਜਾਂ ਸਰਕਾਰ ਨੂੰ ਲਿਖਣ ਜਾਂ ਬੋਲਣ। ਪਰ ਲੋਕ ਰਾਜ 'ਚ ਗਲਤੀ ਨੂੰ ਗਲਤ ਤੇ ਸਹੀ ਨੂੰ ਸਹੀ ਕਹਿਣ ਦਾ ਅਧਿਕਾਰ ਹੈ। ਤਾਂ ਸੰਵਿਧਾਨ ਨੇ ਵੀ ਆਰਟੀ ਨਾਲ 19 ਤੇ 22 'ਚ ਦਿੱਤਾ ਹੈ ਕਿ ਕੋਈ ਵੀ ਸ਼ਹਿਰੀ ਸਵੈ ਇੱਛਾ ਨਾਲ ਆਪਣੀ ਰਾਇ ਜਾਹਰ ਕਰ ਸਕਦਾ ਹੈ। ਜੇ ਉਸ ਨਾਲ

ਕਿਸੇ ਨੂੰ ਕੋਈ ਨੁਕਸਾਨ ਨਾ ਹੋ ਰਿਹਾ ਹੋਵੇ ਤੇ ਗੱਲ ਸਹੀ ਹੋਵੇਗੀ। ਅਜੇ ਸਾਬਕਾ ਕਨੂੰਨ ਮੰਤਰੀ ਤੇ ਉਚ ਵਕੀਲ ਸ਼ਾਂਤੀ ਭੂਸ਼ਣ ਨੇ ਕਰਨਾਟਕਾ ਦੇ ਇਕ ਜੱਜ ਨੂੰ ਕਿ ਉਹ ਆਪਣੀ ਸੰਪਤੀ ਦਾ ਐਲਾਨ ਸਵੈ ਇੱਛਾ ਨਾਲ ਨਹੀਂ ਕਰ ਸਕਦੇ। ਹਾਲੀ ਸ਼ਾਂਤੀਭੂਸ਼ਨ ਨੇ ਗਾਜਿਆਬਾਦ ਦੇ ਸੱਤ ਕਰੋੜ ਦੇ ਪੀ. ਐਫ. ਘਪਲੇ ਦੀ ਸੁਣਵਾਈ ਸਮੇਂ ਭਰੀ ਅਦਾਲਤ 'ਚ ਕਿਹਾ ਸੀ ਕਿ ਸੁਪਰੀਮ ਕੋਰਟ ਦੇ ਜੱਜ ਬੇਇਅਜ ਜੱਜਾਂ ਨੂੰ ਬਚਾਉਣਾ ਚਾਹੁੰਦੇ ਹਨ। ਜਦ ਵੀ ਬੈਂਚ ਛੱਡ ਕੇ ਵੱਖ ਹੋ ਗਏ। ਐਸਾ ਹੀ ਮਾਮਲਾ 15 ਲੱਖ ਦੀ ਰਿਸ਼ਵਤ ਹੈ। ਜਿਸ 'ਚ ਔਰਤਾਂ ਜੱਜ ਸ਼ਾਮਿਲ ਹਨ। ਪਰ ਸੁਪਰੀਮ ਕੋਰਟ ਨੇ ਸਾਰੀ ਜਾਂਚ ਕਰਵਾ ਕੇ ਅੱਜ ਤਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਹੈ।

ਜੱਜ ਪੀ. ਡੀ. ਦੀਨਾਕਰਨ ਵੀ ਆਪਣੀ ਸਫਾਈ ਕੇ ਜੀ ਬਾਲਾਕ੍ਰਿਸ਼ਨਨ ਨੂੰ ਦਿੱਲੀ 'ਚ ਆ ਕੇ ਦੇ ਚੁੱਕੇ ਹਨ ਅਤੇ ਬਾਲਾਕ੍ਰਿਸ਼ਨ ਵੀ ਉਹਨਾਂ ਨੂੰ ਵੱਖ ਸਹਿਮਤੀ ਦੇ ਚੁੱਕੇ ਹਨ। ਹੁਣ ਵਕੀਲਾਂ ਨੇ ਮੁੱਦਾ ਉਠਾ ਦਿੱਤਾ ਤਾਂ ਦੋਹਾਂ 'ਚ ਕੋਈ ਤਾਂ ਗਲਤ ਸਾਬਤ ਹੋਵੇਗਾ। ਜੇ ਵਕੀਲ ਗਲਤ ਹਨ ਤਾਂ ਕੋਈ ਗੱਲ ਨਹੀਂ ਪਰ ਜੇ ਬਾਲਾ ਕ੍ਰਿਸ਼ਨਨ ਗਲਤ ਨਿਕਲਣ ਤੇ ਪੀ. ਡੀ. ਦੀਨਾਕਰਨ ਭ੍ਰਿਸ਼ਟ ਨਿਕਲਣ ਤੇ ਉਹਨਾਂ ਦੀ ਨਿਯੁਕਤੀ ਸੁਪਰੀਮ ਕੋਰਟ 'ਚ ਹੋ ਗਈ ਤਾਂ ਨਿਸ਼ਚੈ ਹੀ ਭ੍ਰਿਸ਼ਟਾਚਾਰ ਨੂੰ ਨਗਰ ਪਾਲਿਕਾ 'ਚ ਹੱਲਾਸ਼ੇਰੀ ਮਿਲੇਗੀ। ਜੋ ਇਕ ਖਤਰਨਾਕ ਪਹਿਲੂ ਹੋਵੇਗੀ। ਸੁਪਰੀਮ ਕੋਰਟ ਦੇ ਇਕ ਵਕੀਲ ਪੀ. ਪੀ. ਮਿਤਲ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਕੇ. ਜੀ. ਬਾਲਾਕ੍ਰਿਸ਼ਨਨ ਵਰਗੇ ਇਮਾਨਦਾਰ ਜੱਜਾਂ ਨੂੰ ਵੀ ਸਮਝਣਾ ਹੋਵੇਗਾ ਕਿ ਉਹਨਾਂ ਦੀ ਜ਼ਿੰਮੇਵਾਰੀ ਹੈ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਨਾ ਕਿ ਭ੍ਰਿਸ਼ਟਾਚਾਰ ਨਾਲ ਅਰੋਪਿਤ ਜੱਜਾਂ ਨੂੰ ਹੱਲਾਸ਼ੇਰੀ ਦੇ ਕੇ ਪ੍ਰਮੋਟ ਕਰਨ ਦੀ ਜੇ ਦੋਸ਼ਾਂ ਪਿੱਛੋਂ ਵੀ ਜੱਜ ਦੀਨਾਕਰਨ ਸੁਪਰੀਮ ਕੋਰਟ 'ਚ ਆ ਕੇ ਬੈਠਦੇ ਹਨ ਤਾਂ ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਦੇਣ ਦੀ ਇਹ ਜ਼ਿੰਮੇਵਾਰੀ ਬਾਲਾਕ੍ਰਿਸ਼ਨਨ ਦੀ ਹੋਵੇਗੀ ਨਾ ਕਿ ਦੀਨਾਕਰਨ ਦੀ।

# ਪੰਜਾਬ-ਹਰਿਆਣਾ 'ਚ ਔਰਤਾਂ ਦੀ ਘਾਟ ਬਣੀ ਮੁਸੀਬਤ

ਲੋੜ ਕਾਢ ਦੀ ਮਾਂ ਹੈ ਅਤੇ ਕਦੀ ਕਦਾਈਂ ਇਹ ਰਾਹ-ਦਰਸਾਵੇ ਦੀ ਵੀ ਜਨਨੀ ਬਣ ਜਾਂਦੀ ਹੈ। ਇਸ ਦੀ ਮਿਸਾਲ ਹਰਿਆਣੇ ਵਿਚ ਮਿਲਦੀ ਹੈ। ਵਰਨਣਯੋਗ ਹੈ ਕਿ ਇਸ ਸੂਬੇ 'ਚ ਔਰਤਾਂ ਦੀ ਭਾਰੀ ਕਮੀ ਨਾਲ ਵਿਆਪਕ ਤਾਣਾ ਬਾਣਾ 'ਚ ਭਾਰੀ ਉਥਲ ਪੁਥਲ ਪੈਦਾ ਹੋ ਗਈ ਹੈ। ਨਤੀਜਾ ਇਹ ਕਿ ਕਈ ਲੋਕ ਤਾਂ ਬਿਹਾਰ, ਕੇਰਲਾ, ਪੱਛਮੀ ਬੰਗਾਲ ਕਿ ਇਥੋਂ ਤਕ ਕਿ ਬੰਗਲਾਦੇਸ਼ ਤੋਂ ਆਪਣੇ ਲਈ ਪਤਨੀ ਦੀ ਖਰੀਦਦਾਰੀ ਦੇ ਰਸਤੇ 60000 ਰੁਪਏ ਦੀ ਰਾਸ਼ੀ ਇਕੱਠੀ ਕਰਨ ਲਈ ਆਪਣੀ ਜ਼ਮੀਨ ਤੱਕ ਵੇਚਣ ਲਈ ਤਿਆਰ ਹਨ। ਗੱਲ ਥੋੜ੍ਹੀ ਹੈਰਾਨ ਕਰਨ ਵਾਲੀ ਹੈ। 2001 ਦੀ ਜਨਗਣਨਾ ਮੁਤਾਬਕ ਸੂਬੇ 'ਚ ਪ੍ਰਤੀ 1000 ਮਰਦਾਂ ਪਿੱਛੇ ਔਰਤਾਂ ਦੀ ਗਿਣਤੀ 861 ਹੈ ਜੋ ਭਾਰਤ 'ਚ ਸਭ ਤੋਂ ਘੱਟ ਹੈ ਨਵੀਂ ਗੱਲ ਇਹ ਹੈ ਕਿ ਕਰੀਬ ਇਕ ਯੁੱਗ ਪੁਰਾਣੀ ਪ੍ਰਥਾ 'ਅੱਟਾ-ਵੱਟਾ' ਫਿਰ ਤੋਂ ਸ਼ੁਰੂ ਹੋ ਗਈ ਹੈ। ਇਸ ਸਮਾਜਕ ਵਿਵਸਥਾ ਦੇ ਤਹਿਤ ਖਾਸ ਤੌਰ 'ਤੇ ਦੋ ਪਰਿਵਾਰਾਂ ਵਿਚਕਾਰ ਸਕੇ ਭਾਈ ਭੈਣ ਦੇ ਵਿਆਹਕ ਜੋੜਾਂ ਦੀ ਅਦਲਾ ਬਦਲੀ ਹੋ ਜਾਂਦੀ ਹੈ। ਪਹਿਲਾਂ ਇਹ ਪ੍ਰਥਾ ਹਰਿਆਣੇ ਦੇ ਪਿੰਡਾਂ ਵਿਚ ਹੇਠਾਂ ਮੰਨੀਆਂ ਜਾਣ ਵਾਲੀਆਂ ਜਾਤਾਂ ਖਾਂਟੀ, ਘੁਮਿਆਰ, ਬੈਰਾਗੀ ਤਕ ਹੀ ਸੀਮਤ ਸੀ ਅਤੇ ਭੂਮੀ 'ਤੇ ਮਾਲਕੀ ਹੱਕ ਰੱਖਣ ਵਾਲੀ ਜਾਤ ਜਾਟਾਂ ਲਈ ਇਹ ਪ੍ਰਥਾ ਮਨਾ ਹੀ ਸੀ। ਅੱਟਾ-ਬੱਟਾ ਨਾਲ ਔਰਤਾਂ ਦੀ ਕਮੀ ਦੀ ਸਮੱਸਿਆ ਦਾ ਹੱਲ ਨਹੀਂ ਨਿਕਲਦਾ ਬਲਕਿ ਇਹ ਸਮੱਸਿਆ ਦੀ ਵਜਾਹ ਬਣ ਜਾਂਦੀ ਹੈ। ਇਸ ਪ੍ਰਥਾ ਦੇ ਤਹਿਤ ਪਰਿਵਾਰ 'ਚ ਬੇਟੇ ਦੀ ਸ਼ਾਦੀ ਬਦਲੇ ਦੁਲਹਣ ਦੇ ਭਾਈ ਨਾਲ ਆਪਣੀ ਬੇਟੀ ਦੀ ਸ਼ਾਦੀ ਕਰ ਦਿੱਤੀ ਜਾਂਦੀ ਹੈ। ਖੇਤੀ ਪ੍ਰਧਾਨ ਇਸ ਸੂਬੇ ਦੇ ਪੇਂਡੂ ਇਲਾਕਿਆਂ 'ਚ ਇਸ ਪ੍ਰਥਾ ਦੀ ਫਿਰ ਤੋਂ ਸ਼ੁਰੂਆਤ ਅਤੇ ਵਿਸਥਾਰ ਨਾਲ ਰਾਜ ਦੀ ਮੁਸਲਿਮ ਆਬਾਦੀ ਵੀ ਅਛੂਤ ਨਹੀਂ ਰਹੀ ਹੈ। ਮਜ਼ੇ ਦੀ ਗੱਲ ਇਹ ਹੈ ਕਿ ਸਭ ਕੁਝ ਹਰਿਆਣਾ ਵਿੱਚ ਹੋ ਰਿਹਾ ਹੈ। ਜਿਥੇ ਪਿੰਡ ਦੇ ਲੋਕ ਰੀਤੀ ਰਿਵਾਜ ਅਤੇ ਸਥਾਪਤ ਮਾਨਤਾਵਾਂ ਖਿਲਾਫ ਜਾਣਾ ਬਿਲਕੁਲ ਬਰਦਾਸ਼ਿਤ ਨਹੀਂ ਕਰਦੇ ਅਤੇ ਜਿਥੇ ਮਾਨ ਸਨਮਾਨ ਦੇ ਨਾਂ 'ਤੇ ਦੇਸ਼ 'ਚ ਸਭ ਤੋਂ ਵੱਧ ਹੱਤਿਆਵਾਂ ਹੁੰਦੀਆਂ ਹਨ। ਜੀਂਦ ਕਲੇਕਟਰ 'ਚ ਕੰਮ ਕਰਨ ਵਾਲੇ ਸ੍ਰੀ ਨਿਵਾਸ, ਜਿਹਨਾਂ ਦੇ ਪਿੰਡ 'ਚ ਐਸੀਆਂ 100 ਸ਼ਾਦੀਆਂ ਹੋਈਆਂ ਹਨ ਕਹਿੰਦੇ ਹਨ" ਜਦ ਜਰੂਰਤ ਦੀ ਗੱਲ ਆਉਂਦੀ ਹੈ ਤਾਂ ਰੀਤੀ ਰਿਵਾਜ ਬੇਮਾਨੇ ਹੋ ਜਾਂਦੇ ਹਨ।" ਇਕ ਮਾਮਲੇ 'ਚ ਤਾਂ ਇਕ ਪਰਿਵਾਰ ਨੇ ਇਕ ਬੇਟੀ ਬਦਲੇ ਆਪਣੀਆਂ ਚਾਰ ਬੇਟੀਆਂ ਦੀ ਸ਼ਾਦੀ ਦੂਜੇ ਪਰਿਵਾਰ ਦੇ ਚਾਰ ਭਾਈਆਂ ਨਾਲ ਕਰ ਦਿੱਤੀ। ਅੱਟਾ-ਬੱਟਾ ਪ੍ਰਥਾ ਦਾ ਫੈਲਾਅ ਵੀ ਹੋ ਰਿਹਾ ਹੈ। ਵਿਆਹ 'ਚ ਦੋ ਪਰਿਵਾਰਾਂ ਵਿਚਕਾਰ ਲੜਕੀਆਂ ਅਤੇ ਲੜਕਿਆਂ ਦੀ ਅਦਲਾ ਬਦਲੀ ਨੂੰ 'ਡਾਇਰੇਕਟ' ਕਿਹਾ ਜਾਂਦਾ ਹੈ। ਪਿੰਡ ਦਾ ਲੋਕਾਚਾਰ ਇਸ ਨੂੰ ਨਿਰਜਲਤਾਪੂਰਨ ਨਿਰਾਸ਼ਾਜਨਕ ਕਦਮ ਮੰਨਦਾ ਹੈ ਜਿਸ ਨੂੰ ਛੁਪਾਇਆ ਨਹੀਂ ਜਾ ਸਕਦਾ। ਹਿਸਾਰ ਜਿਲੇ 'ਚ ਪਰਿਹਾਰੀ ਪਿੰਡ ਦੇ 65 ਸਾਲਾ ਬੀਰਬਲ ਦੀ ਸ਼ਾਦੀ 30 ਸਾਲ ਪਹਿਲਾਂ 'ਡਾਇਰੇਕਟ' ਰਿਵਾਜ ਦੇ ਤਹਿਤ ਹੋਈ ਉਹਨਾਂ ਮੁਤਾਬਕ ਐਸੀਆਂ ਕੁਝ 140 ਸ਼ਾਦੀਆਂ ਹੋ ਚੁੱਕੀਆਂ ਹਨ" ਹੁਣ ਇਹ ਮਜ਼ਬੂਰੀ ਬਣ

ਚੁੱਕੀ ਹੈ। ਉਚੀ ਜਾਤੀ ਵਾਲੇ ਵੀ ਇਸ ਪ੍ਰਥਾ ਨੂੰ ਅਪਣਾ ਰਹੇ ਹਨ, ਇਥੋਂ ਤਕ ਕਿ ਜਾਟ ਵੀ।"

ਪਰ ਸਮਾਜ 'ਚ ਉਚੀ ਜਾਤੀ ਦੇ ਲੋਕ 'ਡਾਇਰੈਕਟ' ਤਰੀਕਾ ਨਹੀਂ ਅਪਣਾਉਂਦੇ ਹਨ ਉਹ ਲੋਕ ਅੱਟਾ-ਬੱਟਾ ਦੇ 'ਤ੍ਰਿਭੁਜਾਕਾਰ' ਸਵਰੂਪ 'ਚ ਮਰਦ ਦੀ ਪਤਨੀ ਦੇ ਭਾਈ ਦੀ ਸ਼ਾਦੀ ਉਸ ਦੀ ਭੈਣ ਨਾਲ ਕੀਤੀ ਜਾਂਦੀ ਹੈ। ਇਹ ਕਾਫੀ ਗੁੰਝਲਦਾਰ ਹੈ ਅਤੇ ਇਸ ਨੂੰ ਲਕੋ ਸਕਣਾ ਵੀ ਸੌਖਾ ਨਹੀਂ ਹੈ। ਜਿਵੇਂ ਕਿ 23 ਸਾਲਾ ਰਾਮ ਫਲ ਦੇ ਨਾਲ ਹੋਇਆ ਜਿਹਨਾਂ ਨੇ ਅਜੇ ਦੋ ਮਹੀਨੇ ਹੀ ਪਹਿਲਾਂ 22 ਸਾਲਾਂ ਸਰੋਜ ਨਾਲ ਸ਼ਾਦੀ ਕੀਤੀ ਪਿੰਡ ਵਾਲਿਆਂ ਨੂੰ ਇਸ ਬਾਰੇ ਪਤਾ ਹੈ ਅਤੇ ਉਹ ਇਸ ਨੂੰ ਛੁਪਾਉਣ ਦੀ ਵੀ ਕੋਸ਼ਿਸ਼ ਨਹੀਂ ਕਰਦੇ। ਰਾਮ ਫਲ ਖੁੱਲ੍ਹ ਕੇ ਕਹਿੰਦੇ ਹਨ "ਇਹ ਡਾਇਰੇਕਟ ਨਹੀਂ ਹੈ" ਉਹਨਾਂ ਦਾ ਸਾਂਝਾ ਪਰਿਵਾਰ ਪਰਿਹਾਰੀ 'ਚ ਕੱਚੀ ਸੜਕ ਦੇ ਉਸ ਪਾਸੇ ਰਹਿੰਦਾ ਹੈ, ਜਿਥੇ ਐਸੀਆਂ ਕਈ ਸ਼ਾਦੀਆਂ ਹੋਈਆਂ ਹਨ। 8 ਸਾਲਾਂ ਰਾਜਬੀਰ ਤੇ 18 ਸਾਲਾ ਸੁਮਨ ਵੀ ਐਸੇ ਹੀ ਇਕ 'ਤ੍ਰਿਭੁਜਾਕਾਰ' ਜੋੜਾ ਹੈ।

'ਤ੍ਰਿਭੁਜਾਕਾਰ' ਅੱਗੇ ਚਲ ਕੇ ਪੇਚੀਦੀ ਬਣਤਰਾਂ ਦੋ ਜਾਂ ਤਿੰਨ ਪਿੰਡਾਂ 'ਚ ਸੀਮਤ ਸਕੇ ਸਬੰਧੀਆਂ ਅਤੇ ਮਿੱਤਰਾਂ ਦੇ ਪਰਿਵਾਰਾਂ ਦੇ ਸਮੂਹਾਂ 'ਚ ਵੰਡਿਆ ਜਾਂਦਾ ਹੈ ਕਿ ਬਿਰਾਦਰੀ 'ਚ ਸ਼ਾਮਲ ਸਭ ਕੁਆਰੇ ਮਰਦਾਂ ਨੂੰ ਪਤਨੀਆਂ ਮਿਲ ਜਾਣ। ਭੇਦ ਬਣਾ ਕੇ ਰੱਖਣ ਨੂੰ ਸਭ ਤੋਂ ਉਚੀ ਤਰਜੀਹ ਦਿੱਤੀ ਜਾਂਦੀ ਹੈ। ਬਿਰਾਦਰੀ ਦੇ ਬਾਹਰ ਦੇ ਲੋਕਾਂ ਨੂੰ ਅੱਟਾ-ਬੱਟਾ ਦੇ ਇਸ ਅਤੀ ਨਵੇਂ ਰੂਪ ਬਾਰੇ ਪਤਾ ਨਹੀਂ ਲੱਗਣਾ ਚਾਹੀਦਾ। 50 ਸਾਲਾਂ ਬੀਜੂ ਨਾਥ ਫਤਹੇਬਾਦ ਜਿਲੇ 'ਚ ਜਾਟ ਪਰਿਵਾਰ ਨਾਲ ਤੁਅਲਕ ਰੱਖਦੇ ਹਨ। ਉਹਨਾਂ ਨੇ ਤਿੰਨ ਜਿਲਿਆਂ 'ਚ 250 ਪਰਿਵਾਰਾਂ ਦੇ ਸਮੂਹ ਨਾਲ ਅਦਲਾ ਬਦਲੀ ਵਿਆਹ ਕਰਾਉਣ 'ਚ ਮੁਹਾਰਤ ਮਿਲੀ ਹੈ। ਉਹਨਾਂ ਦਾ ਇਹ ਸਮੂਹ ਲਗਾਤਾਰ ਵਧਦਾ ਜਾ ਰਿਹਾ ਹੈ। ਜਿਸ ਦਾ ਸਿਹਰਾ ਉਹਨਾਂ ਦੇ ਉਚ ਕੋਟੀ ਦੇ ਨੈਟਵਰਕਿੰਗ ਕੌਸਲ ਨੂੰ ਜਾਂਦਾ ਹੈ। ਉਹ ਕਹਿੰਦੇ ਹਨ "ਮੈਂ ਇਸ ਦਾ ਸੰਚਾਲਨ ਇਕ ਸਹਿਕਾਰੀ ਸੰਸਥਾ ਦੀ ਤਰ੍ਹਾਂ ਕਰਦਾ ਹਾਂ ਅਤੇ ਕਈ ਪਰਿਵਾਰ ਮੈਨੂੰ ਇਸ ਦੇ ਬਦਲੇ ਕੁਝ ਪੈਸੇ ਦਿੰਦੇ ਹਨ ਤਾਂ ਕਿ ਉਹ ਆਮ ਵਿਆਹ ਵਾਂਗੂੰ ਲੱਗੇ" ਪਰ ਕੁਝ ਪਰਿਵਾਰਾਂ ਨੇ ਆਮ ਤੌਰ 'ਤੇ ਜਿਹਨਾਂ ਦੀ ਗਿਣਤੀ ਦੱਸੀ ਹੋਵੇਗੀ। ਗੋਤ ਤੇ ਦੂਜੇ ਸਮਾਜਕ ਬੰਧਨਾ ਨੂੰ ਨਜ਼ਰ ਅੰਦਾਜ਼ ਕਰਦਿਆਂ ਆਪਸੀ ਤਾਲਮੇਲ ਕਰ ਲਿਆ ਹੈ। ਅੱਟਾ-ਬੱਟਾ ਦੇ ਨਾਕਾਰਤਮਕ ਸਵਰੂਪ ਨਾਲ ਨਿਬੜਨ ਲਈ ਉਹਨਾਂ ਨੇ ਸਭ ਤੋਂ ਅੱਛਾ ਤਰੀਕਾ ਵੀ ਕੱਢ ਲਿਆ ਹੈ। ਉਹ ਇਉਂ ਵਰਤਾਅ ਕਰਦੇ ਹਨ ਜਿਵੇਂ ਕਿਤੇ ਅਜਿਹਾ ਕੁਝ ਹੋਇਆ ਹੀ ਨਾ ਹੋਵੇ। ਗੁਆਂਢੀ ਰਾਜ ਪੰਜਾਬ 'ਚ ਵੀ ਕੁਝ ਅਜਿਹੀਆਂ ਹੀ ਸਮੱਸਿਆਵਾਂ ਹਨ। ਇਸ ਨੇ ਨਕਲ ਬਹੁਤ ਤੇਜੀ ਨਾਲ ਕੀਤੀ ਹੈ। ਫਤਿਹਗੜ੍ਹ ਜਿਲੇ 'ਚ ਔਰਤ ਮਰਦ ਅਨੁਪਾਤ 800 ਤੋਂ ਹੇਠਾਂ ਹੈ। ਅੱਟਾ-ਬੱਟਾ ਪ੍ਰਥਾ ਕਾਫੀ ਪ੍ਰਚਲਿਤ ਹੈ ਜਾਟ ਸਿੱਖ ਬਹੁਤ ਪਿੰਡਾਂ 'ਚ ਪ੍ਰਤੀ 1000 ਪਿੱਛੋਂ ਸਿਰਫ 600 ਲੜਕੀਆਂ ਹਨ। ਸੋ ਅਦਲਾ ਬਦਲੀ ਸ਼ਾਦੀਆਂ ਲਈ ਉਹ ਬੜੀ ਸ਼ਿੱਦਤ ਨਾਲ ਤਿਆਰੀ ਕਰਦੇ ਹਨ, ਮਿਸਾਲ ਵਜੋਂ ਜੀਂਦ ਜ਼ਿਲੇ 'ਚ ਜੁੜਵਾਂ ਵਿਆਹਾਂ ਨੂੰ ਪੂਰਾ ਕਰਨ ਲਈ ਮਾਨਸਿਕ ਤੌਰ 'ਤੇ ਬੀਅਰ ਔਰਤ ਦੀ ਸ਼ਾਦੀ 35 ਸਾਲਾ ਮਰਦ ਨਾਲ ਕਰ ਦਿੱਤੀ ਗਈ। ਅੱਟਾ ਬੱਟਾ ਦੀ ਵਧਦੀ ਸਫਲਤਾ ਸ਼ਹਿਰਾਂ ਤਕ ਇਥੋਂ ਤਕ ਕਿ ਕੁਲ ਮਿਲਾ ਕੇ ਆਧੁਨਿਕ ਮੰਨੇ ਜਾਣ ਵਾਲੇ ਪੰਜਾਬੀ ਪਰਿਵਾਰਾਂ

ਤਕ ਫੈਲ ਗਈ ਹੈ। ਮਿਸਾਲ ਵਜੋਂ ਜੀਂਦ ਦੀ ਕ੍ਰਿਸ਼ਨਾ ਕਲੋਨੀ 'ਚ ਪਾਣੀਪਤ ਦੇ 28 ਸਾਲਾਂ ਅਸ਼ੋਕ ਦੀ 18 ਸਾਲਾਂ ਭਾਰਤੀ ਤੇ ਗੀਤਾ (20 ਸਾਲਾ) ਦੇ ਭਾਈ ਜਤਿੰਦਰ (21 ਸਾਲਾ) ਦੀ ਸ਼ਾਦੀ ਬਦਲੇ 'ਚ ਗੀਤਾ ਦੀ ਸ਼ਾਦੀ ਅਸ਼ੋਕ ਨਾਲ ਹੋਈ। ਇਸ ਪ੍ਰਬੰਦ ਨੂੰ ਬਦਲਿਆ ਜਾ ਸਕਦੈ ਜੇ ਔਰਤ ਆਦਿ ਅਨੁਪਾਤ 'ਚ ਸੁਧਾਰ ਹੋਵੇ।

ਹਾਲ ਦੀ ਘੜੀ ਅੱਟਾ-ਬੱਟਾ ਸ਼ਾਦੀ ਨਿਰਾਸ਼ਾਜਨਕ ਪਰਿਵਾਰਾਂ ਲਈ ਇਕ ਖਿੱਚ ਪਾਊ ਵਿਕਲਪ ਬਣੀ ਹੋਈ ਹੈ।

# ਪਾਰਲੀਮਾਨੀ ਪਾਰਟੀਆਂ ਦੇ ਹਿਸਾਬੀ ਘਪਲੇ ਕਿਵੇਂ?

ਉਤਰ ਪ੍ਰਦੇਸ਼ 'ਚ ਲੋਕ ਸਭਾ ਚੋਣਾਂ 'ਚ ਪਾਰਟੀ ਉਮੀਦਵਾਰਾਂ ਦੇ ਖਰਚੇ ਲਈ ਰੱਖੀ ਰਾਸ਼ੀ 'ਚ ਗਬਨ ਦੇ ਤਾਜਾ ਮਾਮਲੇ ਨੇ ਕਾਂਗਰਸ ਨੂੰ ਹਿਲਾ ਦਿੱਤਾ ਤਾਂ ਰਾਜ 'ਚ ਭਾਜਪਾ ਦੀ ਇਕਾਈ ਵੀ ਇਸ ਸਬੰਧੀ ਕੋਈ ਬੇਦਾਗ ਨਹੀਂ। ਇਸ ਨੂੰ ਵਿਡੰਬਨਾ ਹੀ ਕਹਾਂਗੇ ਕਿ ਦੇਸ਼ 'ਚ ਚਲਾਉਣ ਵਾਲੀਆਂ ਆਪਸ 'ਚ ਭਿੜ ਰਹੀਆਂ ਦੋਨੋਂ ਪਾਰਟੀਆਂ ਕਾਂਗਰਸ ਤੇ ਭਾਜਪਾ ਆਪਣੇ-ਆਪਣੇ ਸੰਗਠਨਾਂ ਤੇ ਦਫਤਰਾਂ ਨੂੰ ਪਾਕ-ਸਾਫ ਤਰੀਕੇ ਨਾਲ  ਨਹੀਂ ਚਲਾ ਸਕੀਆਂ ਹਨ। ਉਹ ਦੇ ਅੰਦਰੋਂ ਠਹਿਰ ਠਹਿਰ ਕੇ ਵਿਤੀ ਘਪਲਿਆਂ ਤੇ ਅਨਿਯਮਤਾਵਾਂ ਦੀਆਂ ਖਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ। ਇਸ ਸਿਲਸਿਲੇ 'ਚ ਤਾਜ਼ਾ ਖ਼ਬਰ ਉਭਰ ਪ੍ਰਦੇਸ਼ ਕਾਂਗਰਸ ਕਮੇਟੀ ਸਬੰਧੀ ਹੈ ਜਿਥੇ ਲੋਕ ਸਭਾ ਚੋਣਾਂ 'ਚ ਪਾਰਟੀ ਦੇ ਉਮੀਦਵਾਰਾਂ ਦੇ ਖਰਚੇ ਲਈ ਰੱਖੇ ਗਏ ਧਨ 'ਚ ਹੋਏ ਗਬਨ ਨੂੰ ਇਕ ਪਾਸੇ ਤਾਂ ਸੂਬੇ 'ਚ ਸਮੁੱਚੀ ਪਾਰਟੀ ਨੂੰ ਹਿਲਾ ਦਿੱਤਾ ਹੈ। ਮੁੱਖ ਮੰਤਰੀ ਮਾਇਆਵਤੀ ਸਬੰਧੀ ਭੱਦੀ ਟਿੱਪਣੀ ਤੇ ਉਹਨਾਂ ਨਾਲ ਮੁਠਭੇੜ ਪਿੱਛੋਂ ਬਹੁਗੁਣਾ-ਜੋਸ਼ੀ ਦੀ ਗ੍ਰਿਫ਼ਤਾਰੀ ਅਤੇ ਫਿਰ ਲਖਨਊ ਦੇ ਉਨ੍ਹਾਂ ਦੇ ਬੰਗਲੇ 'ਚ ਲੁੱਟਮਾਰ ਤੇ ਅਗਜ਼ਨੀ ਦੀਆਂ ਘਟਨਾਵਾਂ ਅਜੇ ਠੰਡੀਆਂ ਵੀ ਨਹੀਂ ਪਈਆਂ ਸਨ ਕਿ ਗਬਨ ਸਬੰਧੀ ਵਿਵਾਦ ਨੇ ਉਹਨਾਂ ਦੇ ਭਵਿੱਖ 'ਤੇ ਗ੍ਰਹਿਣ ਲਾ ਦਿੱਤਾ ਹੈ। ਮੁੱਖ ਮੰਤਰੀ 'ਤੇ ਉਹਨਾਂ ਲਈ ਜਾਤੀਵਾਦੀ ਟਿੱਪਣੀ ਨੂੰ ਕਾਂਗਰਸ 'ਚ ਇਸ ਕਦਰ ਨਾਪਸੰਦ ਕੀਤਾ ਗਿਆ ਕਿ ਨਾ ਸਿਰਫ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੂੰ ਮਾਇਆਵਤੀ ਅੱਗੇ ਅਫ਼ਸੋਸ ਜ਼ਾਹਰ ਕਰਨਾ ਪਿਆ ਬਲਕਿ ਇਸ ਨੇ ਦਲਿਤਾਂ ਨੂੰ ਫਸਲਾ ਕੇ ਆਪਣੇ ਪਾੜੇ 'ਚ ਲਿਆਉਣ ਦੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਰਾਹੁਲ ਗਾਂਧੀ ਦੇ ਯਤਨਾਂ 'ਚ ਪਲੀਤਾ ਲਾਉਣਾ ਮੰਨਿਆ ਗਿਆ ਸੀ। ਦੂਜੇ ਸੂਬਿਆਂ ਵਾਂਗੂੰ ਉਤਰ ਪ੍ਰਦੇਸ਼ ਕਾਂਗਰਸ ਨੂੰ ਵੀ ਕੇਂਦਰੀ ਜਥੇਬੰਦੀ ਤੋਂ ਹਰ ਸਾਲ ਅਤੇ ਚੋਣਾਂ ਮੌਕੇ ਪੈਸਾ ਮਿਲਦਾ ਹੈ। ਬੀਤੇ ਅਪ੍ਰੈਲ-ਮਈ 'ਚ ਹੋਈਆਂ ਲੋਕ ਸਭਾ ਚੋਣਾਂ ਮੌਕੇ ਵੀ ਆਪਣੇ ਉਮੀਦਵਾਰਾਂ ਦੀ ਵਿਤੀ ਸਹਾਇਤਾ ਲਈ ਕਾਂਗਰਸ ਦੇ ਕੇਂਦਰੀ ਦਫ਼ਤਰ ਨੇ ਪ੍ਰਦੇਸ਼ ਕਾਂਗਰਸ ਕਮੇਟੀ ਨੂੰ ਪੈਸਾ ਭੇਜਿਆ। ਕਾਂਗਰਸ ਨੇ ਰਾਜ ਦੀਆਂ 80 ਲੋਕ ਸਭਾ ਸੀਟਾਂ 'ਚੋਂ 72 'ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ ਜਿਹਨਾਂ ਵਿੱਚ 21 ਚੋਣ ਜਿੱਤ ਗਏ ਅਤੇ ਪਾਰਟੀ ਨੇ ਆਪਣੀਆਂ ਵੋਟਾਂ ਦੀ ਪ੍ਰਤੀਸ਼ਤ 'ਚ ਵੀ ਸੁਧਾਰ ਦਰਜ ਕੀਤਾ ਕਾਂਗਰਸ ਦਾ ਵੋਟਾਂ ਪ੍ਰਤੀਸ਼ਤ 8 ਤੋਂ ਵਧ ਕੇ 18.5 ਫੀਸਦੀ ਹੋ ਗਿਆ। ਜੋ ਪਿਛਲੇ 20 ਸਾਲਾਂ 'ਚ ਬਹੁਤ ਸੀ। ਇਹਨਾਂ ਚੋਣਾਂ 'ਚ ਪਾਰਟੀ ਨੇ ਨਾ ਸਿਰਫ਼ ਰਾਜਸੀ ਖੇਤਰ 'ਚ ਵਾਧੂ ਕੋਸ਼ਿਸ਼ਾਂ ਕੀਤੀਆਂ ਬਲਕਿ ਉਸ ਦੇ ਉਮੀਦਵਾਰਾਂ ਨੂੰ ਵੀ ਦੱਸ ਦਿੱਤਾ ਕਿ ਉਹਨਾਂ ਨੂੰ ਪੈਸੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਲਈ ਕੇਂਦਰੀ ਸੰਗਠਨ ਵੱਲੋਂ ਖਾਸੀ ਰਕਮ ਰਾਜ ਇਕਾਈ ਨੂੰ ਭੇਜੀ ਗਈ ਹਾਲਾਂਕਿ ਜ਼ਿਆਦਾਤਰ ਕੋਈ ਵੀ ਅਹੁਦੇਦਾਰ ਇਸ ਦੀ ਪੁਸ਼ਟੀ ਨਹੀਂ ਕਰਦਾ ਪਰ ਚੋਣਾਂ ਪਿੱਛੋਂ ਪਾਰਟੀ ਦੀ ਅੰਤਰਿਕ ਲੇਖਾ ਪ੍ਰੀਖਿਆ 'ਚ ਕੇਂਦਰੀ ਦਫ਼ਤਰ ਤੋਂ ਆਈ ਰਕਮ ਦਾ ਮੇਲ ਨਹੀਂ ਹੋ ਰਿਹਾ ਸੀ।

ਇਸ ਲਈ ਬਹੁਗੁਣਾ-ਜੋਸ਼ੀ ਨੇ ਪ੍ਰਦੇਸ਼ ਦੇ ਖਜਾਨਚੀ ਦੀਪਕ ਗੁਪਤਾ ਦੀ ਜੁਆਬ ਤਲਬੀ ਕੀਤੀ ਅਤੇ ਜਦ ਉਹ ਕੋਈ ਭਰੋਸੇਯੋਗ ਜੁਆਬ ਨਹੀਂ ਦੇ ਸਕੇ ਤਾਂ ਉਹਨਾਂ ਨੂੰ ਪਾਰਟੀ ਅਹੁਦੇਦਾਰੀ ਤੋਂ ਹਟਾ ਦਿੱਤਾ ਗਿਆ। ਇਹ ਉਹਨਾਂ ਨੂੰ ਆਪਣੀ

ਬੇਇਜ਼ਤੀ ਲੱਗੀ ਤੇ ਉਹਨਾਂ ਨੇ ਪਹਿਲਾਂ ਤੋਂ ਮੁਸ਼ਕਲਾਂ 'ਚ ਫਸੀ ਬਹੁਗੁਣਾ ਜੋਸ਼ੀ 'ਤੇ ਅਤੀ ਗੰਭੀਰ ਦੋਸ਼ ਲਾ ਦਿੱਤੇ। ਗੁਪਤਾ ਦਾ ਕਹਿਣਾ ਸੀ ਕਿ ਉਹਨਾਂ ਨੂੰ ਅੱਛੀ ਤਰ੍ਹਾਂ ਪਤਾ ਹੈ ਕਿ ਪੈਸਾ ਕਿਥੇ ਗਿਆ, ਉਹਨਾਂ ਨੇ ਇਸ ਨੂੰ ਹੋਟਲ ਬਿਲਾਂ, ਨਿੱਜੀ ਟੈਲੀਫੋਨ ਬਿੱਲਾਂ ਦਾ ਭੁਗਤਾਨ ਕਰਨ 'ਤੇ ਖਰਚ ਕਰ ਦਿੱਤਾ ਅਤੇ ਇਥੋਂ ਤੱਕ ਕਿ ਆਪਣੇ ਬੇਟੇ ਦੇ ਇੰਜਨੀਰਿੰਗ ਕਾਲਜ ਲਈ ਵੀ ਪੈਸਾ ਮੰਗਿਆ "ਇਸ ਨਾਲ ਬਹੁ-ਗੁਣਾ ਜੋਸ਼ੀ ਲਈ ਅਜੀਬ ਹਾਲਤ ਪੈਦਾ ਹੋ ਗਈ। ਪਾਰਟੀ ਦਾ ਇਕ ਧੜਾ ਪਹਿਲਾਂ ਹੀ ਉਹਨਾਂ ਦੇ ਨਾਲ ਸਹਿਯੋਗ ਨਹੀਂ ਕਰ ਰਿਹਾ। 10 ਜਨਪੰਥ ਵਿੱਚ ਉਹਨਾਂ ਦੀ ਪਹੁੰਚ ਕਾਰਨ ਉਹਨਾਂ ਦੇ ਕੁਝ ਉਚ ਸਹਿਯੋਗੀਆਂ 'ਚ ਈਰਖਾ ਪੈਦਾ ਹੋ ਗਈ ਹੈ ਤੇ ਉਹ ਉਹਨਾਂ ਨੂੰ ਬਦਨਾਮ ਕਰਨ ਲਈ ਮੌਕੇ ਦੀ ਤਾੜ 'ਚ ਰਹਿੰਦੇ ਹਨ। ਪਾਰਟੀ ਦੇ ਕੁਝ ਵਿਧਾਇਕਾਂ ਦਾ ਕਹਿਣਾ ਹੈ ਕਿ "ਇਹੀ ਲਾਬੀ ਖਾਰਜ ਕੀਤੇ ਪਾਰਟੀ ਖਜਾਨਚੀ ਦੀਪਕ ਗੁਪਤਾ ਨੂੰ ਬਹੁਗੁਣਾ-ਜੋਸ਼ੀ ਦੀ ਬਦਨਾਮੀ ਲਈ ਵਰਤੋਂ ਕਰ ਰਹੀ ਹੈ" ਉਹਨਾਂ ਦਾ ਕਹਿਣਾ ਹੈ ਕਿ ਪਾਰਟੀ ਪ੍ਰਧਾਨ ਖਿਲਾਫ ਦੋਸ਼ ਮੜ੍ਹ ਰਹੇ ਲੋਕਾਂ ਨੂੰ ਆਪਣੇ ਅਤੀਤ 'ਚ ਝਾਕਣਾ ਚਾਹੀਦਾ ਹੈ। ਹਾਲ ਦੀ ਘੜੀ ਸੂਬਾ ਕਾਂਗਰਸ 'ਚ ਗੁੱਸਾ ਅੰਦਰ ਹੀ ਅੰਦਰ ਭੜਕ ਰਿਹਾ ਹੈ। ਸਾਬਕਾ ਕੇਂਦਰੀ ਮੰਤਰੀ ਤੇ ਅਖਿਲ ਭਾਰਤੀ ਕਾਂਗਰਸ ਸੰਮਤੀ ਦੇ ਮੈਂਬਰ ਸਤ ਪ੍ਰਕਾਸ਼ ਮਲਵੀਆ ਤਾਂ ਇਸ ਹੱਦ ਤਕ ਚਲੇ ਗਏ ਕਿ ਉਹਨਾਂ ਨੇ ਮਾਮਲੇ 'ਚ ਨਿਰਦੋਸ਼ ਪਾਏ ਜਾਣ ਤਕ ਬਹੁਗੁਣਾ ਜੋਸ਼ੀ ਦੇ ਅਸਤੀਫੇ ਦੀ ਮੰਗ ਰੱਖ ਦਿੱਤੀ। ਦੋਹਾਂ ਵਿਚਾਲੇ ਇਲਾਹਾਬਾਦ ਦੇ ਜ਼ਮਾਨੇ ਤੋਂ ਹੀ ਤਰਕਰਾਰ ਚਲੀ ਆਈ ਹੈ। ਪਰ ਪਾਰਟੀ ਅੰਦਰ ਬਹੁਤ ਸਾਰੇ ਲੋਕ ਹਨ ਜੋ ਖੁੱਲ੍ਹੇਆਮ ਤਾਂ ਨਹੀਂ ਪਰ ਗੁੱਪ ਚੁੱਪ ਪ੍ਰਦੇਸ਼ ਕਾਂਗਰਸ ਪ੍ਰਧਾਨ ਦੀ ਇਮਾਨਦਾਰੀ ਸਬੰਧੀ ਸੰਕੇ ਜਾਹਰ ਕਰ ਰਹੇ ਹਨ ਅਤੇ ਇਥੋਂ ਤਕ ਕਿ ਦਿੱਲੀ 'ਚ ਉਹਨਾਂ ਦੇ ਵਿਰੋਧੀ ਨੇਤਾਵਾਂ ਦੇ ਕੰਨ ਭਰ ਰਹੇ ਹਨ। ਪਰ ਵਿੱਤੀ ਘਪਲੇ ਦੇ ਦੋਸ਼ਾਂ ਤੋਂ ਨਾ ਘਬਰਾਉਂਦੇ ਹੋਏ ਬਹੁਗੁਣਾ-ਜੋਸ਼ੀ ਕਹਿੰਦੀ ਹੈ ਦੀਪਕ ਗੁਪਤਾ ਨੂੰ ਜਦ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਤਾਂ ਉਹਨਾਂ ਦੀ ਗੱਲ ਨਹੀਂ ਸੁਣੀ ਜਾਣੀ ਚਾਹੀਦੀ, ਦੂਸਰਾ ਅੰਦਰੂਨੀ ਆਡਿਟ ਅਜੇ ਚੱਲ ਰਿਹਾ ਹੈ ਅਤੇ ਸਥਿਤੀ ਜਲਦੀ ਹੀ ਸਪੱਸ਼ਟ ਹੋ ਜਾਵੇਗੀ। ਪਰ ਉਹਨਾਂ ਦੇ ਪ੍ਰਦੇਸ਼ ਕਾਂਗਰਸ ਮੁਖੀ ਦੇ ਅਹੁਦੇ 'ਤੇ ਰਹਿੰਦਿਆਂ ਅੰਦਰੂਨੀ ਲੇਖਾ ਪ੍ਰੀਖਣ (ਆਡਿਸ) ਕਿੰਨਾ ਪਾਰਦਰਸ਼ੀ ਤੇ ਆਜ਼ਾਦ ਹੋਵੇਗਾ। ਇਸ ਬਾਰੇ ਕੋਈ ਵੀ ਅੰਦਾਜਾ ਲਾ ਸਕਦਾ ਹੈ। ਐਸੇ 'ਚ ਇਸ ਕਸਰਤ ਨੂੰ ਕੀ ਫਾਇਦਾ ਹੋਵੇਗਾ? ਪਰ ਵਿਵੇਕ ਕੁਮਾਰ ਸਿੰਘ ਸੁਬੰਧ ਸ੍ਰੀ ਵਾਸਤਾਵ ਤੇ ਕਿ ਕੇਂਦਰ ਵਰਗੀ ਵਫਾਦਾਰ ਬਹੁ ਗੁਣਾ ਜੋਸ਼ੀ ਦੀ ਰਾਖੀ 'ਚ ਡਟ ਕੇ ਖੜ੍ਹੇ ਹੋ ਗਏ ਹਨ। ਕਾਂਗਰਸ ਨੂੰ ਸਾੜਨ ਦੇ ਰਾਹੁਲ ਗਾਂਧੀ ਦੇ ਯਤਨਾਂ ਤੋਂ ਇਲਾਵਾ ਜੇ ਬਹੁਗੁਣਾ ਜੋਸ਼ੀ ਸੱਚਮੁੱਚ ਇਸ ਦਿਸ਼ਾ 'ਚ ਕਰਨਾ ਚਾਹੁੰਦੀ ਹੈ ਤਾਂ ਉਹਨਾਂ ਨੂੰ ਵਿਵਾਦਾਂ ਤੋਂ ਉਪਰ ਉਠਣਾ ਹੋਵੇਗਾ। ਆਪਣੇ ਘਰ ਨੂੰ ਦਰੁਸਤ ਤਕ ਕੋਈ ਕਾਰਗਰ ਅੰਦੋਲਨ ਨਹੀਂ ਖੜ੍ਹਾ ਕਰ ਸਕੀ ਹੈ ਅਤੇ ਪਾਰਟੀ ਤੋਂ ਪਕੜ ਗੁਆ ਰਹੀ ਹੈ। ਖੁਦ ਦੀਪਕ ਗੁਪਤਾ ਉਹਨਾਂ ਦੀ ਸਿਫਾਰਸ਼ 'ਤੇ ਲਿਆਂਦੇ ਗਏ ਸਨ ਤੇ ਉਹਨਾਂ ਨੂੰ ਸੋਚਣਾ ਚਾਹੀਦਾ ਹੈ ਕਿ ਉਹ ਉਹਨਾਂ ਖਿਲਾਫ਼ ਕਿਉਂ ਚਲੇ ਗਏ ਹਨ। ਕਾਂਗਰਸ ਲਈ ਇਹ ਸ਼ਰਮ ਦੀ ਗੱਲ ਹੈ ਕਿ ਜ਼ਿਆਦਾਤਰ ਦੇਸ਼ 'ਤੇ ਰਾਜ ਕਰਨ ਵਾਲੀ ਇਹ ਕਾਂਗਰਸ ਪਾਰਟੀ ਕੌਮੀ ਪੱਧਰ ਦੇ ਆਪਣੇ ਸੰਗਠਨ ਤੇ ਅਹੁਦੇਦਾਰਾਂ ਨੂੰ ਸ਼ੱਕਾਂ 'ਤੇ ਵਿਵਾਦਾਂ ਤੋਂ ਪਰੇ ਨਹੀਂ ਰੱਖ ਸਕੀ। ਸੰਨ 2007 ਦੀ ਵਿਧਾਨ ਸਭਾ ਚੋਣਾਂ 'ਚ ਜਦ ਕੇਂਦਰੀ ਸੰਗਠਨ ਨੇ ਆਪਣੇ ਜਿਲਾ ਮੁਖੀਆਂ ਕੋਲ ਬਲੇਰੋ ਗੱਡੀਆਂ ਭੇਜੀਆਂ ਸਨ ਤਾਂ

ਬਹੁਤਿਆਂ ਨੇ ਉਹਨਾਂ ਨੂੰ ਵਾਪਸ ਕਰਨ ਤੋਂ ਆਨਾਕਾਨੀ ਕੀਤੀ ਸੀ। ਪਾਰਟੀ ਅਹੁਦੇਦਾਰਾਂ ਤੇ ਚੋਣ ਉਮੀਦਵਾਰਾਂ ਨੇ ਕਈ ਵਾਰੀ ਵਿਤੀ ਗਬਨ ਦਾ ਮੁੱਦਾ ਉਠਾਇਆ ਹੈ ਪਰ ਹਰ ਵਾਰੀ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਹੀ ਉਹਨਾਂ ਨੂੰ ਹਟਾ ਦਿੱਤਾ ਗਿਆ ਹੈ।

ਇਹੀ ਸਥਿਤੀ ਦੂਜੀ ਕੌਮੀ ਪਾਰਟੀ ਭਾਜਪਾ ਦੀ ਹੈ। ਉਹ ਵੀ ਆਪਣੇ ਸੂਬਾਈ ਦਫਤਰ 'ਚ ਵਿਤੀ ਬੇਨਿਯਮੀਆਂ ਸਬੰਧੀ ਵਿਵਾਦਾਂ 'ਚ ਉਲਝੀ ਹੋਈ ਹੈ। ਇਸ ਦੇ ਪ੍ਰਧਾਨ ਰਹਿ ਚੁੱਕੇ ਓਮ ਪ੍ਰਕਾਸ਼ ਤੇ ਵਿਜੈ ਕਟਿਆਰ ਨੇ ਕਈ ਵਾਰੀ ਖੁੱਲ੍ਹੇ ਆਮ ਪਾਰਟੀ ਦੇ ਚੋਣ ਖਰਚੇ ਅਤੇ ਖਜਾਨਾ ਪ੍ਰਬੰਦ 'ਤੇ ਸ਼ੱਕ ਜਾਹਿਰ ਕੀਤਾ ਹੈ। ਪਰ ਉਹਨਾਂ ਦੀ ਆਵਾਜ਼ ਦਬਾ ਦਿੱਤੀ ਗਈ। ਪ੍ਰਦੇਸ਼ ਮੁਖੀ ਰਹਿੰਦਿਆਂ ਓਮ ਪ੍ਰਕਾਸ਼ ਨੇ ਤਾਂ ਸੰਗਠਨ ਸਕੱਤਰਾਂ ਤੇ ਜਿਲਾ ਅਹੁਦੇਦਾਰਾਂ ਨੂੰ ਪੱਤਰ ਲਿਖ ਕੇ ਚੋਣ ਖਰਚੇ ਬਾਰੇ ਪੁੱਛਿਆ ਸੀ ਪਰ ਉਹਨਾਂ ਦਾ ਅਹੁਦਾ ਚਲੇ ਜਾਣ ਪਿੱਛੋਂ ਵੀ ਕਿਸੇ ਨੇ ਜੁਆਬ ਨਹੀਂ ਭੇਜਿਆ ਪਾਰਟੀ ਵੀ ਇਕ ਉਚ ਨੇਤਾ ਦੀ ਸ਼ਿਕਾਇਤ ਹੈ ਕਿ "ਬਹੁਤ ਸਾਰੇ ਉਚ ਯੁਵਾ ਨੇਤਾ ਹਨ ਜੋ ਆਪਣੇ ਨਾਲ ਕਾਰਾਂ ਦੇ ਕਾਫ਼ਲਿਆਂ ਦੇ ਬਾਵਜੂਦ ਆਪਣੇ ਨਿੱਜੀ ਕੰਮਾਂ ਦੌਰਾਨ, ਚੋਣਾਂ ਪ੍ਰਬੰਧਕ ਪ੍ਰਚਾਰ ਪ੍ਰਬੰਧਕ ਤੇ ਰਾਜਸੀ ਨੇਤਾ ਬਣੇ ਬਹੁਤ ਸਾਰੇ ਅਹੁਦੇਦਾਰਾਂ ਪਾਰਟੀ ਉਮੀਦਵਾਰਾਂ ਦੀ ਇਸ ਹੱਦ ਤਕ ਲੁੱਟ ਕਰਦੇ ਹਨ ਕਿ ਕਾਰ 'ਚ ਤੇਲ ਪਵਾਉਣ ਤੋਂ ਲੈ ਕੇ ਖਰੀਦਦਾਰੀ ਤਕ ਦਾ ਨਿੱਜੀ ਖਰਚਾ ਉਹਨਾਂ ਤੋਂ ਕੱਢਦੇ ਹਨ। ਆਪਣੀਆਂ ਨਿੱਜੀ ਲੋੜਾਂ ਲਈ ਹੇਠਲੇ ਵਰਕਰਾਂ ਤੋਂ ਪੈਸਾ ਲੈਣ ਵਾਲੇ ਇਹ ਨੇਤਾ ਬਾਅਦ 'ਚ ਦੇਸ਼ ਰਾਜ ਨੂੰ ਚਲਾਉਂਦੇ ਕਿਵੇਂ ਹੋਣਗੇ? ਸਭ ਜਾਣ ਦੇ ਹਨ ਉਹਨਾਂ ਤੋਂ ਕਿਸ ਕਿਸਮ ਦੇ ਕੰਮਾਂ ਦੀ ਉਮੀਦ ਕੀਤੀ ਜਾ ਸਕਦੀ ਹੈ। ਦਿਲਚਸਪ ਗੱਲ ਇਹ ਹੈ ਕਿ ਕਿਸੇ ਵੀ ਕੇਸ 'ਚ ਪਾਰਟੀ ਪੁਲਸ ਜਾਂ ਕਾਨੂੰਨ ਲਾਗੂ ਕਰਨ ਵਾਲੀ ਕਿਸੇ ਦੂਹਰੀ ਏਜੰਸੀ ਦੇ ਪਾਸ ਜਾਣਾ ਪਸੰਦ ਨਹੀਂ ਕਰਦੀ ਕਿਉਂਕਿ ਫਿਰ ਉਸ ਨੂੰ ਆਪਣੀ ਕੁਲ ਆਮਦਨ ਖਰਚ ਦਾ ਵੇਰਵਾ ਦੇਣਾ ਪਵੇਗਾ ਤੇ ਫਿਰ ਜਦ ਬਹੁਤੀਆਂ ਪਾਰਟੀਆਂ ਗੈਰ ਕਾਨੂੰਨੀ ਸ੍ਰੋਤਾਂ ਤੋਂ ਪੈਸਾ ਲੈ ਰਹੀਆਂ ਹਨ ਤਾਂ ਉਹ ਪੁਲਸ ਨੂੰ ਇਸ ਕਟਣ ਦੀ ਜਾਣਕਾਰੀ ਨਹੀਂ ਦੇਣਾ ਚਾਹੁੰਦੀਆਂ। ਜਨਤਾ ਅਜੇ ਤਤਕਲੀਨ ਭਾਜਪਾ ਮੁਖੀ ਬੰਗਾਰੂ ਲਕਸ਼ਮਣ ਦੇ ਉਹ ਵੱਡੇ ਟੀ. ਵੀ. ਚਿਤਰ ਨਹੀਂ ਭੁੱਲੀ ਹੈ। ਜਿਸ ਵਿੱਚ ਗੁਪਤ ਕੈਮਰੇ ਨੇ ਉਹਨਾਂ ਨੂੰ ਨੋਟਾਂ ਦੇ ਬੰਡਲ ਲੈਂਦੇ ਵਿਖਾਇਆ ਸੀ। ਰਾਜਸੀ ਪਾਰਟੀਆਂ ਤੇ ਸ਼ਕਤੀਸ਼ਾਹੀ ਸਨਅਤਕਾਰਾਂ ਵਿਚਕਾਰ ਸਬੰਧ ਜੱਗ ਜାਹਿਰ ਹਨ ਅਤੇ ਰਾਜਸੀ ਪਾਰਟੀਆਂ ਕਿਸ ਕਦਰ ਸਨਅਤਕਾਰਾਂ ਤੇ ਵਪਾਰਕ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਕਰਦੀਆਂ ਹਨ ਇਹ ਖੁੱਲ੍ਹਾ ਭੇਦ ਹੈ। ਬਸਪਾ ਪ੍ਰਮੁੱਖ ਤੇ ਮੁੱਖ ਮੰਤਰੀ ਮਾਇਆਵਤੀ ਅਹੁਦੇਦਾਰਾਂ ਸਾਂਸਦਾਂ ਮੰਤਰੀਆਂ ਤੇ ਵਿਧਾਇਕਾਂ ਰਾਹੀਂ ਜਨਤਾ ਤੋਂ ਪੈਸਾ ਜਮ੍ਹਾ ਕਰਨ ਲਈ ਜਾਣੀ ਜਾਂਦੀ ਹੈ ਅਤੇ ਇਸ ਦਾ ਕੋਈ ਹਿਸਾਬ ਕਿਤਾਬ ਆਮਦਨ ਟੈਕਸ ਵਿਭਾਗ ਅਤੇ ਚੋਣ ਕਮਿਸ਼ਨ ਕੋਲ ਨਹੀਂ ਹੈ। ਆਮ ਤੌਰ 'ਤੇ ਹਰ ਰਾਜਸੀ ਪਾਰਟੀ ਨੂੰ ਆਪਣੀ ਆਮਦਨ ਤੇ ਖਰਚੇ ਦਾ ਹਿਸਾਬ ਆਮਦਨ ਟੈਕਸ ਵਿਭਾਗ ਤੇ ਚੋਣ ਕਮਿਸ਼ਨ ਕੋਲ ਦੇਣਾ ਹੁੰਦਾ ਹੈ। ਪਰ ਬਹੁਤੀਆਂ ਪਾਰਟੀਆਂ ਇਸ ਦੀ ਘਾਟ ਵੇਰਵਾ ਦਿੰਦੀਆਂ ਹਨ ਤੇ ਆਪਣੀ ਅਸਲੀ ਆਮਦਨ ਖਰਚ ਦਾ ਖੁਲਾਸਾ ਨਹੀਂ ਕਰਦੀਆਂ।

# ਪਿੱਤੇ ਦੀ ਬਿਮਾਰੀ ਅਤੇ ਚਰਬੀ ਤੋਂ ਪ੍ਰੇਹੇਜ

ਗਾਲ ਬਲੈਡਰ ਜਾਂ ਪਿੱਤਾ ਆਪਣੇ ਸਰੀਰ ਦਾ ਇਕ ਬੇਹੱਦ ਮਹੱਤਵਪੂਰਨ ਅੰਗ ਹੈ। ਜੋ ਜਿਗਰ ਦੇ ਹੇਠਲੇ ਭਾਗ ਦੇ ਸੱਜੇ ਪਾਸੇ ਲੱਗਿਆ ਹੁੰਦਾ ਹੈ। ਇਸ ਦਾ ਅਕਾਰ ਨਾਸ਼ਪਾਤੀ ਵਰਗਾ ਹੁੰਦਾ ਹੈ ਤੇ ਇਸ ਦੀ ਲੰਬਾਈ 10 ਸੈਂਟੀਮੀਟਰ ਤੇ ਚੌੜਾਈ 4-5 ਸੈਂਟੀਮੀਟਰ ਹੁੰਦੀ ਹੈ। ਇਸ ਦਾ ਮੁੱਖ ਕੰਮ ਜਿਗਰ ਵੱਲੋਂ ਤਿਆਰ ਬਾਈਲ ਜੂਸ ਨੂੰ ਸਟੋਰ ਕਰਨਾ ਹੈ। ਇਹ ਪਿੱਤ-ਰਸ (Bile Juice) ਕਲੈਸਟ੍ਰਾਲ ਰੰਗ ਵਣ੍ਹਿਕਾ, ਪਿੱਤ-ਅਮਲ ਤੇ ਪਿਤ-ਲਵਣਾ ਨਾਲ ਬਣਿਆ ਹੁੰਦਾ ਹੈ। ਜਿਸ ਦਾ ਮੁੱਖ ਕੰਮ ਚਰਬੀ ਦੇ ਪਾਚਣ ਤੇ ਅਵਸੇਸ਼ਣ 'ਚ ਸਹਾਇਤਾ ਮੁਹੱਈਆ ਕਰਨਾ ਹੁੰਦਾ ਹੈ। ਨਾਲ ਹੀ ਇਹ ਵਿਟਾਮਿਨ ਏ. ਡੀ. ਕੇ. ਅਤੇ ਕੁੱਝ ਖਣਿਜ ਲਵਣ ਵਿਸ਼ੇਸ਼ ਕਰਕੇ ਕੈਲਸ਼ੀਅਮ ਦੇ ਅਵਸੇਸ਼ਣ ਵਿਚ ਵੀ ਸਹਾਇਕ ਹੁੰਦਾ ਹੈ।

ਜਦ ਬੰਦਾ ਭੋਜਨ ਖਾਂਦਾ ਹੈ ਤਾਂ ਇਹ ਭੋਜਨ ਵਿਅਕਤੀ ਦੇ ਮਿਹਦੇ ਵਿਚੋਂ ਦੀ ਹੋ ਕੇ ਡਿਊਡੀਨਮ ਵਿਚ ਪਹੁੰਚਦਾ ਹੈ ਤਾਂ ਸਾਲ ਬਲੈਡਰ (ਪਿੱਤਾ) ਸੁੰਗੜਦਾ ਹੈ। ਤਾਂ ਪਿੱਤ ਰਸ ਉੱਥੋਂ ਨਿਕਲ ਕੇ ਡਿਊਡੀਨਮ 'ਚ ਪਹੁੰਚਦਾ ਹੈ ਜੋ ਭੋਜਨ ਦੇ ਪਾਚਨ 'ਚ ਮਦਦ ਕਰਦਾ ਹੈ। ਪਰ ਕੁੱਝ ਹਾਲਤਾਂ 'ਚ ਪਿੱਤੇ ਦੀ ਆਮ ਸਰਗਰਮੀ ਪ੍ਰਭਾਵਿਤ ਹੁੰਦੀ ਹੈ। ਸਿੱਟੇ ਵਜੋ ਪਾਚਣ ਦਾ ਅਮਲ ਵੀ ਗੰਭੀਰ ਰੂਪ 'ਚ ਪ੍ਰਭਾਵਿਤ ਹੋਣ ਲੱਗਦੀ ਹੈ। ਪਿੱਤੇ ਦੀਆਂ ਬੀਮਾਰੀਆਂ 'ਚ ਪਿੱਤੇ ਦੀ ਸੋਜ ਤੇ ਪਿੱਤੇ ਦੀਆਂ ਪੱਥਰੀਆਂ ਦੋ ਮੁੱਖ ਹਨ। ਪਿੱਤੇ ਰਸ ਦੇ ਗਠਨ 'ਚ ਤਬਦੀਲੀ ਆਉਣ ਕਾਰਨ ਪਿੱਤੇ ਦੀ ਪੱਥਰੀ ਵੇਖੀ ਜਾਂਦੀ ਹੈ। ਕਲੈਸਟ੍ਰੋਲ ਤੇ ਪਿੱਤ ਲਵਣਾ ਦੇ ਅਨੁਪਾਤ ਵਿਚ ਅਸੁੰਤਲਨ ਕਾਰਨ ਵੀ ਇਹ ਪੱਥਰੀ ਪੈਦਾ ਹੋ ਜਾਂਦੀ ਹੈ। ਪਹਿਲਾਂ ਪੱਥਰੀ ਦਾ ਸਾਈਜ ਛੋਟਾ ਹੀ ਹੁੰਦਾ ਹੈ ਪਰ ਹੌਲੀ ਹੌਲੀ ਇਹ ਵਧਦਾ ਜਾਂਦਾ ਹੈ। ਇਹ ਪਤੀ ਮਰਦਾਂ ਦੇ ਮੁਕਾਬਲੇ ਔਰਤਾਂ 'ਚ ਵੱਧ ਹੁੰਦੀ ਹੈ। ਪਿੱਤੇ ਦੀਆਂ ਬੀਮਾਰੀਆਂ ਖਾਸ ਕਰਕੇ ਮੋਟੇ ਲੋਕਾਂ 'ਚ ਵੱਧ ਹੁੰਦੀਆਂ ਹਨ। ਪਿੱਤੇ ਦੀਆਂ ਬੀਮਾਰੀਆਂ ਵੱਧ ਹੋਣ ਦਾ ਕਾਰਨ ਵੱਧ ਮਾਤਰਾ 'ਚ ਚਰਬੀ ਜਾਂ ਰਿਫਾਇੰਡ ਕਾਰਬੋਹਾਈਡ੍ਰੇਟ ਦੀ ਵਰਤੋਂ। ਰਿਫਾਇੰਡ ਕਾਰਬੋਹਾਈਡ੍ਰੇਟ ਦਾ ਮਤਲਬ ਹੈ ਮੈਦੇ ਨਾਲ ਬਣੇ ਪਦਾਰਥਾਂ ਦੀ ਵਰਤੋਂ। ਵੈਸੇ ਪਿਤਾ ਪੁਰਖੀ ਵੀ ਪਿੱਤੇ ਦੀਆਂ ਬੀਮਾਰੀਆਂ ਪੈਦਾ ਹੋ ਜਾਂਦੀਆਂ ਹਨ। ਡਿੱਗੀ ਹੋਈ ਸਿਹਤ, ਤਣਾਅ, ਮਾਸਪੇਸ਼ੀਆਂ ਦੇ ਵੱਧ ਸੁੰਗੜਨ ਕਰਕੇ ਵੀ ਪਿੱਤੇ ਦੀਆਂ ਬੀਮਾਰੀਆਂ ਵੇਖੀਆਂ ਜਾਂਦੀਆਂ ਹਨ। ਪਿੱਤੇ ਦੀਆਂ ਪੱਥਰੀਆਂ ਤਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ। ਪਹਿਲੇ ਕਿਸਮ ਦੀ ਕੈਲਸ਼ੀਅਮ ਯੁਕਤ ਪੱਥਰੀਆਂ, ਦੂਜੀ ਕਿਸਮ ਦੀਆਂ ਪੱਥਰੀਆਂ ਬਾਈਲ ਪਿਗਮਿੰਟ ਨਾਲ ਬਣੀਆਂ ਹੁੰਦੀਆਂ ਹਨ ਤੇ ਖ਼ੂਨ ਦੀ ਲਾਲ ਰਕਤ ਸੈਲਾਂ ਦੇ ਵੱਧ ਟੁੱਟਣ ਨਾਲ ਬਣਦੀਆਂ ਹਨ ਤੀਜੀ ਕਿਸਮ ਦੀਆਂ ਪੱਥਰੀਆਂ ਮਿਸ਼ਰਿਤ ਹੁੰਦੀਆਂ ਹਨ। ਇਹ ਅਕਸਰ ਬਾਈਲ ਜੂਸ (ਪਿੱਤ-ਰਸ) ਦੇ ਵਹਾਅ 'ਚ ਆਈ ਰੁਕਾਵਟ ਕਾਰਨ ਬਣਦੀਆਂ ਹਨ।

ਪਿੱਤੇ ਦੀਆਂ ਬੀਮਾਰੀਆਂ ਦੇ ਲੱਛਣ :- ਬਦਹਜਮੀ, ਗੈਸ ਬਣਨੀ, ਖਾਣਾ ਖਾਣ ਪਿੱਛੋਂ ਭਾਰੀਪਣ ਦਾ ਅਹਿਸਾਸ, ਜੀ ਕੱਚਾ ਹੋਣਾ, ਕਬਜ਼ ਆਦਿ। ਇਸ ਤੋਂ ਇਲਾਵਾ ਚੱਕਰ ਆਉਣੇ, ਅੱਖਾਂ ਤੋਂ ਠੀਕ ਤਰ੍ਹਾਂ ਨਾ ਦਿਸਣਾ, ਖ਼ੂਨ ਦੀ ਘਾਟ

(ਅਨੀਮੀਆ) ਪੀਲੀਆ, ਖੂਨ ਸੈੱਲਾਂ ਦਾ ਫੁਲਣਾ ਤੇ ਫਟਨਾ ਆਦਿ ਲੱਛਣ ਵੀ ਦਿਸਦੇ ਹਨ ਚਰਬੀ ਨੂੰ ਹਜਮ ਕਰਨ ਦੀ ਸਮੱਰਥਾ ਇਕ ਦਮ ਘੱਟ ਜਾਂਦੀ ਹੈ। ਜੇ ਪਿੱਤੇ ਦੀ ਪੱਥਰੀ ਦਾ ਅਕਾਰ ਕਾਫੀ ਵੱਡਾ ਹੋਵੇ ਤੇ ਅਪ੍ਰੇਸ਼ਨ ਹੀ ਕਰਨਾ ਪੈਂਦਾ ਹੈ ਇਕ ਵਾਰੀ ਪੱਥਰੀਆਂ ਬਣ ਜਾਣ ਤਾਂ ਪਿੱਤਾ ਵੀ ਕੱਢਣਾ ਹੀ ਪੈਂਦਾ ਹੈ ਤਾਂ ਕਿ ਇਹ ਪਿੱਤਾ ਹੋਰ ਪੱਥਰੀਆਂ ਪੈਦਾ ਨਾ ਕਰ ਸਕੇ। ਵੱਧ ਚਰਬੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

# ਸ਼ਰਧਾਂਜਲੀ

ਕਿਵੇਂ ਬੇਹਤਰ ਦੁਨੀਆਂ ਲਈ ਜੂਝਦੇ ਰਹੇ ਸੁਦੀਪ ਬੈਨਰਜੀ? ਕਹਿੰਦੇ ਹਨ ਕਿ ਮਨੁੱਖ ਦਾ ਸੁਭਾਅ ਇੰਨਾ ਗੁੰਝਲਦਾਰ ਹੈ ਕਿ ਉਸ ਦਾ ਪਹਿਲਾ ਅੰਦਾਜ਼ਾ ਲਾਉਣਾ ਕਠਿਨ ਹੈ। ਪਰ ਇਸ ਦੇ ਕੁਝ ਅੱਛੇ ਰੂਪ ਵੀ ਮਿਲਦੇ ਹਨ। ਕਵੀ ਤੇ ਸਮਰਪਿਤ ਬੁਧੀਜੀਵੀ ਸੁਦੀਪ ਬੈਨਰਜੀ ਅਜਿਹੇ ਹੀ ਬੰਦਿਆਂ ਵਿਚੋਂ ਸਨ ਕਿਉਂਕਿ ਉਹਨਾਂ ਦੀ ਛਵੀ ਨੈਤਿਕ ਤੌਰ 'ਤੇ ਏਨੀ ਸਪੱਸ਼ਟ ਤੇ ਨਿਰ ਸੁਆਰਥ ਸੀ ਕਿ ਏਨਾ ਅੰਦਾਜ਼ਾ ਲਾਉਣਾ ਵੀ ਸੰਭਵ ਸੀ ਕਿ ਕਿਸ ਪ੍ਰਸਥਿਤੀ 'ਚ ਉਸ ਦਾ ਕਿਹੋ ਜਿਹਾ ਵਿਹਾਰ ਹੋਵੇਗਾ। ਉਹਨਾਂ ਦੇ ਸੰਪਰਕ 'ਚ ਕੁਝ ਦੇਰ ਲਈ ਆਉਣ ਵਾਲੇ ਲੋਕਾਂ ਅੰਦਰ ਉਹਨਾਂ ਦੀ ਇਛਾਈ ਮਨੁੱਖਤਾ ਤੇ ਹਮਦਰਦੀ ਦੀ ਕੋਈ ਨਾ ਕੋਈ ਛਾਪ ਪਿਛੇ ਰਹਿ ਜਾਂਦੀ ਹੈ। ਮਾਨਵਤਾ, ਸ਼ਰਾਫਤ ਆਦਿ ਅੱਜ ਭਾਵੇਂ ਹੀ ਘਸੀਆਂ ਪਿਟੀਆਂ ਚੀਜ਼ਾਂ ਜਾਂ ਸਿਰਫ ਸ਼ਿਟਾਚਾਰਣ ਦੀ ਗੈਰ ਰਵਾਇਤੀ ਵਿਵਸਥਾ ਦਾ ਹਿੱਸਾ ਬਣ ਕੇ ਰਹਿ ਗਈਆਂ ਹੋਣ ਪਰ ਸੁਦੀਪ ਦੇ ਵਿਅਕਤੀਤਵ 'ਚ ਇਹ ਡੂੰਘੀਆਂ ਅਤੇ ਕੁਲਾਸਿਕੀ ਢੰਗ ਨਾਲ ਰਚੀਆਂ-ਵਸੀਆਂ ਹੋਈਆਂ ਸਨ। ਸੁਦੀਪ ਜਿੰਨੇ ਸੱਚੇ ਅਦੀਬ ਉਨ੍ਹੇ ਹੀ ਸੱਚੇ ਇਨਸਾਨ ਸਨ ਅਤੇ ਇਹਨਾਂ ਦੋਹਾਂ ਪਹਿਲੂਆਂ ਨੂੰ ਅੱਡ ਅੱਡ ਕਰਕੇ ਦਖਣਾ ਸੰਭਵ ਨਹੀਂ ਸੀ। ਅਜਿਹਾ ਵੀ ਨਹੀਂ ਸੀ ਕਿ ਉਹਨਾਂ ਦੀ ਇਹ ਵਿਹਾਰ ਆਪਣੇ ਵਰਗੇ ਲੋਕਾਂ ਤਕ ਸੀਮਤ ਹੋਵੇ। ਉਸ ਦਾ ਡਰਾਈਵਰ ਵੀ ਇਹ ਕਹਿੰਦਾ ਹੈ ਕਿ ਮੈਂ ਕਈ ਸਾਹਿਬਾਂ ਦੀਆਂ ਗੱਡੀਆਂ ਚਲਾਈਆਂ ਹਨ ਪਰ ਇਹਨਾਂ ਵਰਗਾ ਇਨਸਾਨ ਨਹੀਂ ਵੇਖਿਆ। ਇਹਨਾਂ ਨੇ ਮੇਰੇ ਬੱਚਿਆਂ ਦੀ ਜੋ ਮਦਦ ਕੀਤੀ ਹੈ ਉਸ ਨੂੰ ਮੈਂ ਕਦੀ ਨਹੀਂ ਭੁਲਾ ਸਕਦਾ। ਹੈਰਾਨੀ ਭਰੀਆਂ ਚਮਕੀਲੀਆਂ ਅੱਖਾਂ ਵਾਲੀ ਮੁਸਕਾਨ ਉਹਨਾਂ ਦੀ ਸਥਾਈ ਪਹਿਚਾਣ ਸੀ। ਆਪਣੇ ਇਸ ਨਿਰਸੁਆਰਥ ਭਾਵ ਨੇ ਸੁਦੀਪ ਬੈਨਰਜੀ ਨੂੰ ਚਾਰ ਸਾਲ ਤੋਂ ਵੱਧ ਸਮੇਂ ਤਕ ਕੈਂਸਰ ਦਾ ਇਸ ਬਹਾਦਰੀ ਨਾਲ ਮੁਕਾਬਲਾ ਕਰਨਾ ਸਿਖਾਇਆ ਕਿ ਦੇਖਣ ਵਾਲੇ ਹੈਰਾਨ ਰਹਿ ਜਾਂਦੇ ਸਨ। ਦੋ ਅਪ੍ਰੇਸ਼ਨਾਂ ਪਿਛੋਂ ਉਹ ਅਕਸਰ ਬਹੁਤ ਦਰਦ ਝਲਦੇ ਸਨ ਫਿਰ ਵੀ ਸਰਗਰਮ ਹੀ ਰਹਿੰਦੇ ਸਨ। ਦੂਜਿਆਂ ਦੀਆਂ ਦਿੱਕਤਾਂ, ਮੁਸੀਬਤਾਂ ਹੱਲ ਕਰਨ ਦੀ ਤਜਵੀਜ 'ਚ ਲੱਗੇ ਰਹਿੰਦੇ ਜਾਂ ਕਿਸੇ ਦੀ ਮਦਦ ਨਾ ਕਰ ਸਕਣ ਦਾ ਅਫਸ਼ੋਸ਼ ਕਰਦੇ ਤੇ ਜਦ ਕੋਈ ਉਹਨਾਂ ਦੀ ਨਾਇਲਾਜ ਬੀਮਾਰੀ ਦਾ ਜ਼ਿਕਰ ਛੇੜਦਾ ਤਾਂ ਕਹਿੰਦੇ ਸਨ ਕਿ ਇਹ ਤਕਲੀਫ਼ ਏਨੀ ਡਰਾਉਣੀ ਨਹੀਂ ਸਿਰਫ ਇਸ ਦਾ ਨਾਂ ਹੀ ਡਰਾਉਣਾ ਹੈ। ਤੇ ਫਿਰ ਸਹਿਜ ਸੁਭਾਅ ਇਕ ਉਦਾਸ ਪਰਤ ਉਹਨਾਂ ਦੇ ਚਿਹਰੇ 'ਤੇ ਛਾ ਜਾਂਦੀ। ਇਸ ਡਰਾਉਣੇ ਨਾਂ ਨਾਲ ਲੜਦੇ ਹੋਏ ਉਹ ਕਦੀ ਕਦੀ ਝੰਮ ਮਾਰ ਬਰਗਮਾਨ ਦੀ ਫਿਲਮ 'ਦਸੇਵੰਧਸ਼ੀਲ' ਦਾ ਜ਼ਿਕਰ ਕਰਦੇ ਜਿਸ ਵਿਚ ਘਰ ਮੁੜਦਾ ਹੋਇਆ ਇਕ ਯੋਧਾ ਮੌਤ ਦੇ ਨਾਲ ਇਕ ਲੰਬੀ ਸਤਰੰਜ ਦੀ ਬਾਜ਼ੀ ਖੇਡਦਾ ਹੈ ਅਤੇ ਇਸ ਤਰ੍ਹਾਂ ਆਪਣੇ ਸਮਾਜ ਦੀ ਜ਼ਿੰਦਗੀ ਨੂੰ ਲੰਬਾ ਕਰਦਾ ਹੈ। ਸ਼ਾਇਦ ਆਪਣੇ ਕੈਂਸਰ ਤੋਂ ਕਿਤੇ ਵੱਧ ਸਦੀਪ ਬੈਨਰਜੀ ਉਸ ਕੈਂਸਰ ਤੋਂ ਚਿੰਤਤ ਸਨ ਜੋ ਕਾਫੀ ਸਮੇਂ ਤੋਂ ਫਿਰਕਾਪ੍ਰਸਤੀ, ਹਿੰਦੂਤਵਵਾਦੀ ਫਾਸਿਜ਼ਮ, ਨਿਜੀਕਰਣ ਅਮਰੀਕੀਕਰਣ ਤੇ ਮੱਧਵਰਗੀ ਸੁਆਰਥ ਵਜੋਂ ਸਾਡੇ ਦੇਸ਼ ਤੇ ਸਮਾਜ ਨੂੰ ਖੋਖਲਾ ਕਰਦੇ ਹਨ। ਇਸ ਦੇ ਕਈ ਸਬੂਤ

ਉਹਨਾਂ ਦੀਆਂ ਕਵਿਤਾਵਾਂ ਤੋਂ ਇਲਾਵਾ ਆਦੀਵਾਸੀ ਜੀਵਨ, ਸਿੱਖਿਆ ਤੇ ਸਿਵਲ ਸੇਵਾ ਵਰਗੇ ਵਿਸ਼ਿਆਂ 'ਤੇ ਤਿਆਰ ਕੀਤੇ ਗਏ ਉਹਨਾਂ ਦੇ ਰੈਡੀਕਲ ਭਾਸ਼ਣਾ 'ਚ ਮਿਲਦੇ ਹਨ। ਜਿਹਨਾਂ 'ਚ ਨਿਜੀਕਰਣ ਤੇ ਨਵਪੂੰਜੀਵਾਦ ਦੀਆਂ ਕਰਤੂਤਾਂ ਤੇ ਉਹਨਾਂ ਦੀ ਅਮੀਰ ਜਮਾਤ ਦੀ ਤਿੱਖੀ ਚੀਰਫਾੜ ਦਿਸਦੀ ਹੈ। ਇਹਨਾਂ ਵਿਸ਼ਿਆਂ 'ਤੇ ਉਹਨਾਂ ਦਾ ਅਧਿਐਨ ਏਨਾ ਅੱਛਾ ਸੀ ਕਿ ਇਕ ਭਾਸ਼ਣ 'ਚ ਉਹ ਖਪਤਕਾਰੀ ਵਸਤੂਆਂ ਦਾ ਵੱਜਣ ਕੁਝ ਗ੍ਰਾਮ ਘੱਟ ਕੀਤੇ ਜਾਣ ਅਤੇ ਉਹਨਾਂ ਨੂੰ ਪੁਰਾਣੇ ਹੀ ਭਾਵਾਂ 'ਤੇ ਵੇਚਣ ਨਾਲ ਸਨਅਤਕਾਰਾਂ ਨੂੰ ਮਿਲਣ ਵਾਲੇ ਵਿਰਾਟ ਮੁਨਾਫੇ ਦਾ ਜ਼ਿਕਰ ਵੀ ਕਰਦੇ ਹਨ। ਇਹਨਾਂ ਬਿਆਨਾਂ 'ਚ ਏਜਾਜ ਅਹਿਮਦ, ਏਡਵਰਡ ਸਈਦ ਅਤੇ ਪੀ. ਸਾਈਨਾਥ ਦੇ ਵਿਚਾਰਾਂ ਵਰਗਾ ਪਰਪੱਕ ਬੌਧਿਕ ਆਵੇਗ ਮਿਲਦਾ ਹੈ। ਇਹ ਬੇਵਜਾ ਨਹੀਂ ਕਿ ਉਹ ਇਹਨਾਂ ਜਨਤਕ ਬੁੱਧੀਜੀਵੀਆਂ ਅਤੇ ਮਹਾਂਸ਼ਵੇਤਾ ਦੇਵੀ ਅਰੁੰਧਤੀ ਰਾਏ ਖੱਬੇ ਅਰਥਸਾਸਤਰੀਆਂ-ਉਤਸਾ ਪਟਨਾਇਕ ਤੇ ਪ੍ਰਭਾਤ ਪਟਨਾਇਕ ਆਦਿ ਦੇ ਗਹਿਰੇ ਪ੍ਰਸ਼ੰਸਕ ਸਨ ਅਤੇ ਉਹਨਾਂ ਵਿਗਿਆਨਕਾਂ ਦੇ ਵੀ ਜੋ ਵਿਗਿਆਨ ਨੂੰ ਨੌਕਰਸ਼ਾਹੀ ਜਾਂ ਕੈਰੀਵਾਦ ਤੋਂ ਬਾਹਰ ਲੈ ਜਾਂਦੇ ਮੌਜੂਦਾ ਯਥਾ ਸਥਿਤੀ ਨੂੰ ਬਦਲਣ ਲਈ ਵਰਤੋਂ 'ਚ ਲਿਆ ਰਹੇ ਹਨ। ਉਤਸਾ ਪਟਨਾਇਕ ਦੀ ਕਿਤਾਬ 'ਦ ਰਿਪਬਲਿਕ ਆਫ ਹੰਗਰ' ਉਹਨਾਂ ਦੀਆਂ ਪਸੰਦੀ ਦੀਆਂ ਕਿਤਾਬਾਂ ਵਿੱਚ ਸੀ। ਇਕ ਪੱਧਰ ਤੇ ਸੁਦੀਪ ਬੈਨਰਜੀ ਅਜਿਹੀ ਹੀ ਕੋਈ ਭੂਮਿਕਾ ਖੁਦ ਲਈ ਚੁਨਣਾ ਚਾਹੁੰਦੇ ਸਨ। ਹਿੰਦੀ ਦੇ ਸਾਹਿਤਕ ਤੰਤਰ ਨਾਲ ਉਹਨਾਂ ਦੀ ਸ਼ਿਕਾਇਤ ਇਹ ਸੀ ਕਿ ਉਹ ਆਪਣੇ ਸਾਹਿਤਕਾਰਾਂ ਦੀ ਸਮਾਜਿਕ ਮੌਜੂਦਗੀ ਤੇ ਭੂਮਿਕਾ ਨੂੰ ਨਿਰਮਤ ਨਹੀਂ ਕਰਨਾ ਚਾਹੁੰਦਾ। ਸੁਦੀਪ ਵਿਗਿਆਨਕ ਸੰਸਥਾਵਾਂ 'ਚ ਬਹੁਤ ਹਰਮਨ ਪਿਆਰੇ ਸਨ ਅਤੇ ਉਹਨਾਂ ਨੂੰ 'ਥੋੜਾ ਬੇਹਤਰ' ਬਣਾਉਣ ਦਾ ਸੰਤੋਸ਼ ਕਦੀ-ਕਦੀ ਉਹਨਾਂ ਦੀਆਂ ਗੱਲਾਂ 'ਚ ਝਲਕ ਉੱਠਦਾ ਸੀ। ਉਹ ਆਈ. ਆਈ. ਟੀ. ਤੇ ਆਈ. ਆਈ. ਐਮ. ਵਰਗੇ ਪੂੰਜੀਪ੍ਰਸਤ ਕਿਲਿਆਂ ਵਿੱਚ ਜਾ ਕੇ ਕੋਈ ਇਨਕਲਾਬੀ ਗੱਲ ਬੇਝਿਜਕ ਕਹਿ ਆਉਂਦੇ ਸਨ, ਜਿਸਦੀ ਵਿਸ਼ਵਾਸਨੀਅਤਾ ਕਾਰਨ ਇਹਨਾਂ ਸੰਸਥਾਵਾਂ ਦੇ ਆਲਾ ਅਧਿਕਾਰੀਆਂ ਨੂੰ ਥੋੜੀ ਦੇਰ ਸਹੀ, ਸਵੈਪਣ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਸੀ। ਸੁਦੀਪ ਬੈਨਰਜੀ ਦੀ ਵਿਚਾਰਧਾਰਾ ਤੇ ਕਵਿਤਾ 'ਤੇ ਇਕ ਵੱਡਾ ਅਸਰ ਬਸਤਰ ਖੇਤਰ ਦਾ ਰਿਹਾ ਜਿਥੇ ਉਹਨਾਂ ਨੇ ਆਈ. ਏ. ਐਸ. ਅਧਿਕਾਰੀ ਵਜੋਂ ਜੀਵਨ ਦਾ ਸ਼ਾਇਦ ਸਭ ਤੋਂ ਅੱਛਾ ਹਿੱਸਾ ਗੁਜ਼ਾਰਿਆ ਸੀ। ਆਦੀਵਾਸੀ ਸਰਲਤਾ, ਸਾਦਗੀ, ਦ੍ਰਿੜਤਾ ਉਸ ਦੇ ਪੇੜ ਤੇ ਪਾਣੀ ਉਹਨਾਂ ਦੀਆਂ ਨਦੀਆਂ ਤੇ ਬਨਸਪਤੀਆਂ ਉਹਨਾਂ ਦੀਆਂ ਕਵਿਤਾਵਾਂ 'ਚ ਪ੍ਰਾਣ ਤੱਤ ਵਜੋਂ ਮੌਜੂਦ ਹਨ। ਬਸਤਰ 'ਚ ਰਹਿੰਦਿਆਂ ਉਹਨਾਂ ਨੇ ਆਦਵਾਸੀਆਂ ਦੀ ਜਿਸ ਨੈਸਗ੍ਰਿਕ ਸ਼ਕਤੀ ਤੇ ਭੌਤਿਕ ਬਦਹਾਲੀ ਦਾ ਅਨੁਭਵ ਕੀਤਾ ਉਸ ਦੇ ਸੰਕਤੇ ਉਹਨਾਂ ਦੀ ਕਵਿਤਾ 'ਚ ਥਾਂ ਥਾਂ ਦਿਸਦੇ ਹਨ। "ਬੈਲਾਡੀਲਾ" ਵਰਗੀ ਕਵਿਤਾ ਲਗਾਤਾਰ ਵਾਰ ਝਦਲੇ ਅਤੇ ਕੱਟੇ ਜਾਣ ਪਿਛੋਂ ਵੀ ਇਕ ਪਹਾੜ ਦੇ ਆਂਚਲ 'ਚ ਰਹਿਣ ਦਾ ਅਨੁਭਵ ਦਰਜ ਕਰਦੀ ਹੈ ਤਾਂ 'ਇਸ ਸਾਲ ਜਾਂ ਬੂਖਾਂਦਨ 'ਚ ਵੀ' ਵਰਗੀਆਂ ਕਵਿਤਾਵਾਂ ਆਦਿਮ ਕੁਦਰਤ ਤੇ ਜੀਵਨ ਨਾਲ ਉਹਨਾਂ ਦੇ ਡੂੰਘੇ ਲਗਾਅ ਨੂੰ ਦਰਸਾਉਂਦੀ ਹੈ। ਜਾਂਬੂਖਾਂਦਨ 'ਚ ਇਕ ਸਕੂਲ ਖੁੱਲ੍ਹਣ 'ਤੇ ਜਿਸ ਵਿਡੰਬਨਾ ਨੂੰ ਉਹਨਾਂ ਨੇ ਜ਼ਾਹਿਰ ਕੀਤਾ ਹੈ ਉਹ ਹਿੰਦੀ 'ਚ ਦੁਰਲੱਭ ਹੈ। ਬਸਤਰ 'ਚ ਰਹਿੰਦਿਆਂ

ਉਹਨਾਂ ਨੇ ਆਦੀਵਾਸੀਆਂ ਦੇ ਵਿਕਾਸ ਲਈ ਠੋਸ ਕੰਮ ਕੀਤੇ ਸਨ ਪਰ ਉਸ ਜੀਵਨ ਨੂੰ ਉਹ ਕਿਸ ਤਰ੍ਹਾਂ ਯਾਦ ਕਰਦੇ ਹਨ ਉਸ ਵਿਚ ਵਿਡੰਬਨਾ ਅਤੇ ਗਲਾਨ ਵੀ ਹੈ ਕਿ ਸਰਕਾਰੀ ਵਿਵਸਥਾ 'ਚ ਉਹਨਾਂ ਦੇ ਅਤੇ ਆਦੀਵਾਸੀ ਜੀਵਨ ਵਿਚਕਾਰ ਇਕ ਫਾਂਕ ਬਣੀ ਹੋਈ ਹੈ। ਇਹ ਸਾਧਾਰਨ ਤੇ ਠੋਸ ਆਦੀਵਾਸੀ ਹਨ ਜਿਸ ਦੇ ਜੀਵਨ ਵਿੱਚ ਸਦੀਪ ਵਾਰ ਵਾਰ ਸਰੀਕ ਹੋਣ ਚਾਹੁੰਦੇ ਹਨ। ਸਦੀਪ ਕੋਲ ਆਦੀਵਾਸੀਆਂ ਤਜ਼ਰਬਿਆਂ ਦਾ ਜੋ ਭੰਡਾਰ ਸੀ ਉਸਨੂੰ ਉਹ ਲਿਖਣਾ ਚਾਹੁੰਦੇ ਸਨ ਅਤੇ ਇਸ ਲਈ ਉਹ ਅਨਕੂਲ ਫੌਅ ਲੱਭ ਰਹੇ ਸਨ। ਮਾਰਕਸਵਾਦੀ ਹੋਣ ਕਾਰਨ ਉਹ ਆਦੀਵਾਸੀ ਜੀਵਨ ਜਾਂਚ ਨੂੰ ਸਿਰਫ ਸਮੋਹਨ ਦੀ ਬਜਾਏ ਸਮਾਜ ਸਾਸ਼ਤਰ ਤੇ ਵਿਗਿਆਨਕ ਨਜ਼ਰੀਏ ਨਾਲ ਜਾਂ ਇਕ ਆਦਿਮ ਸਾਮਵਾਦੀ ਵਿਵਸਥਾ ਵਾਂਗੂੰ ਦੇਖਦੇ ਹਨ। 'ਡਾਊਨ ਟੂ ਅਰਥ' ਵਰਗੀਆਂ ਪਤ੍ਰਿਕਾਵਾਂ 'ਚ ਪ੍ਰਕਾਸ਼ਿਤ ਆਪਣੇ ਵਿਚਾਰਾਂ 'ਚ ਵਣਾਂ (ਜੰਗਲਾਂ) 'ਤੇ ਮੂਲਵਾਸੀਆਂ ਦੇ ਸਮੂਹਕ ਅਧਿਕਾਰ ਦਾ ਜ਼ੋਰਦਾਰ ਪੱਖ ਲੈਂਦੇ ਹਨ। ਬਸਤਰ ਖੇਤਰ 'ਚ ਚਲ ਰਹੇ ਛਾਪਾਮਾਰ ਯੁੱਧ ਦੇ ਸਿੱਧੇ ਹਮਾਇਤੀ ਨਾ ਹੁੰਦੇ ਹੋਏ ਵੀ ਉਹ ਉਸ ਤਕਲੀਫ ਤੇ ਰੋਹ ਦੇ ਨਾਲ ਸਨ ਜੋ ਅਜਿਹੀਆਂ ਲੜਾਈਆਂ ਨੂੰ ਜਨਮ ਦਿੰਦੇ ਹਨ। ਤਤਕਾਲੀਨ ਮੱਧ ਪ੍ਰਦੇਸ਼ ਦੀ ਤੇਂਦੂ ਪੱਤਾ ਨੀਤੀ ਅਤੇ ਝੁਗੀ ਝੌਂਪੜੀ ਤੇ ਭੂਪਾਲ ਗੈਸ ਤਰਾਸਦੀ ਤੋਂ ਲੈ ਕੇ ਆਈ. ਆਈ. ਐਮ. ਵਰਗੀਆਂ ਸੰਸਥਾਵਾਂ ਵਿੱਚ ਬੁਨਿਆਦੀ ਬਦਲਾਅ ਲਿਆਉਣ ਲਈ ਉਹਨਾਂ ਨੇ ਜੋ ਕੰਮ ਕੀਤੇ, ਉਹਨਾਂ ਦੀ ਸੂਚੀ ਬਹੁਤ ਲੰਬੀ ਹੈ ਅਤੇ ਉਹ ਇਹਨਾਂ ਖੇਤਰਾਂ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਭੁੱਲ ਨਹੀਂ ਸਕਣਗੇ। ਇਥੋਂ ਤਕ ਕਿ ਮੱਧ ਪ੍ਰਦੇਸ਼ ਦੀ ਸਾਹਿਤ ਪ੍ਰੀਸ਼ਦ ਦੇ ਮੈਗਜ਼ੀਨ 'ਸਾਕਸ਼ਾਤਕਰ' (ਜੋ ਹੁਣ ਭਾਜਪਾਈ ਹਕੂਮਤ ਦੇ ਹੱਥਾਂ 'ਚ ਚੜ੍ਹ ਕੇ ਬਰਬਾਦ ਹੋ ਚੁੱਕੀ ਹੈ) ਦਾ ਥੋੜੇ ਸਮੇਂ ਤਕ ਸੰਪਾਦਨ ਕਰਦੇ ਹੋਇਆ ਉਹਨਾਂ ਨੇ 'ਪਾਠਕ ਮੰਚ' ਵਰਗੇ ਕਾਲਮ ਦੀ ਸ਼ੁਰੂਆਤ ਕੀਤੀ ਸੀ ਜਿਸ ਨੇ ਮੱਧ ਪ੍ਰਦੇਸ਼ ਦੀਆਂ ਛੋਟੀਆਂ ਛੋਟੀਆਂ ਥਾਵਾਂ 'ਚ ਸਾਹਿਤ ਪੜ੍ਹਨ ਦੀ ਰੁਚੀ ਦਾ ਵਿਕਾਸ ਕੀਤਾ। ਧਰਮ ਨਿਰਪੱਖਤਾ ਇਕ ਹੋਰ ਮੋਰਚਾ ਸੀ ਜਿਥੇ ਸੁਦੀਪ ਬੈਨਰਜੀ ਸਾਰੀ ਉਮਰ ਸਰਗਰਮ ਰਹੇ। ਸਮਾਜ ਦੇ ਸਾਂਝੇ ਸਭਿਆਚਾਰ ਨੂੰ ਰੇਖਾਂਕਿਤ ਕਰਨ ਵਾਲੇ ਪ੍ਰੋਗਰਾਮਾਂ 'ਚ ਉਹ ਪੂਰਾ ਸਮੇਂ ਹਾਜ਼ਰ ਰਹਿੰਦੇ ਸਨ। ਪੱਖੇ ਪੱਖੀ ਪਾਰਟੀਆਂ ਨਾਲ ਜੁੜੀਆਂ ਸਾਹਿਤ ਸਭਾਵਾਂ ਪ੍ਰਗਤੀਸ਼ੀਲ ਲੇਖਕ ਮੰਚ, ਜਨਵਾਦੀ ਲੇਖਕ ਸੰਘ ਤੇ ਲੋਕ ਸਭਿਆਚਾਰ ਮੰਚ ਦੇ ਆਪਸੀ ਮਤਭੇਦਾਂ ਨੂੰ ਰੱਦ ਕਰਦਿਆਂ ਉਹ ਇਕੋ ਜਿਹੀ ਖੁਲਦਿਲੀ ਨਾਲ ਉਹਨਾਂ ਦਾ ਸਾਥ ਦਿੰਦੇ ਸਨ। ਇਹ ਕੋਈ ਭੋਲਾਪਣ ਨਹੀਂ ਸੀ ਬਲਕਿ ਉਹ ਆਪਣੇ ਇਸ ਬੁਨਿਆਦੀ ਵਿਸ਼ਵਾਸ ਤੋਂ ਡਿੱਗੇ ਨਹੀਂ ਸਨ ਕਿ ਸਾਰੀਆਂ ਜਥੇਬੰਦੀਆਂ ਬਰਾਬਰ ਕਦਰਾਂ ਕੀਮਤਾਂ ਲਈ ਕੰਮ ਕਰ ਰਹੀਆਂ ਹਨ। ਖੱਬੇ ਪੱਖ ਦੀਆਂ ਸਾਰੀਆਂ ਰੰਗਤਾਂ ਪ੍ਰਤੀ ਏਨੀ ਉਦਰਤਾ, ਦੂਜੇ ਖੱਬੇ ਪੱਖੀਆਂ 'ਚ ਨਹੀਂ ਵਿਖਾਈ ਦਿੰਦੀ ਸੀ। ਸਾਲ 2006 'ਚ ਸੇਵਾ ਮੁਕਤੀ ਦੇ ਤੁਰੰਤ ਬਾਅਦ ਉਹਨਾਂ ਨੇ ਪਹਿਲਾ ਕਵਿਤਾ ਪਾਠ ਲੋਕ ਸਭਿਆਚਾਰ ਮੰਚ ਤੋਂ ਹੀ ਕੀਤਾ ਸੀ। ਸੁਦੀਪ ਦੀ ਕਵਿਤਾ ਸਮਾਜਿਕ ਲਗਾਅ ਤੇ ਦਾਰਸ਼ਨਿਕ ਵਿਭਾਗ ਨਾਲ ਭਰਪੂਰ ਹੈ ਤੇ ਉਸ 'ਚ ਸ਼ਿਲਪ ਦੀ ਅਜਿਹੀ ਉਸਤਾਦੀ ਤੇ ਕਸਾਵਟ ਦੇਖਣ ਨੂੰ ਮਿਲਦੀ ਹੈ ਕਿ ਕਿਸੇ ਸ਼ਬਦ ਦਾ ਵੀ ਹੇਰਾਫੇਰੀ ਕਰਨਾ ਮੁਸ਼ਕਲ ਹੈ। ਉਸ 'ਚ ਆਏ ਉਰਦੂ ਦੇ ਅਲਫਾਜ ਕਈ ਲੋਕਾਂ ਨੂੰ ਓਪਰੇ ਵੀ ਲੱਗਦੇ ਹਨ ਪਰ ਪੁੱਛਣ 'ਤੇ ਉਹ ਕਹਿੰਦੇ ਸਨ, 'ਇਹ ਸ਼ਬਤ ਮੈਂ ਕੋਰਟ–

ਕਚਹਿਰੀ ਦੀ ਭਾਸ਼ਾ ਤੋਂ ਲਏ ਹਨ ਜਿਹਨਾਂ ਨਾਲ ਆਮ ਆਦਮੀ ਦਾ ਰੋਜ਼ਾਨਾ ਵਾਹ ਪੈਂਦਾ ਹੈ। ਇਕ ਦਿਨ ਉਹਨਾਂ ਨੇ ਕਿਹਾ, 'ਮੈਂ ਕਈ ਵਾਰ ਉਰਦੂ ਦੇ ਸ਼ਬਦ ਜਾਣ ਬੁੱਝ ਕੇ ਰੱਖਦਾ ਹਾਂ ਕਿਉਂਕਿ ਮੈਨੂੰ ਲੱਗਦਾ ਹੈ, ਇਸ ਫਿਰਕਾਪ੍ਰਸਤ ਦੌਰ ਵਿੱਚ ਸਾਨੂੰ ਉਰਦੂ ਨਾਲ ਆਪਣਾ ਭਾਈਚਾਰਾ ਜ਼ਾਹਿਰ ਕਰਦੇ ਰਹਿਣਾ ਚਾਹੀਦਾ ਹੈ। ਸੁਦੀਪ ਬੈਨਰਜੀ ਕਿਤੇ ਨਾ ਕਿਤੇ ਕੈਂਸਰ ਨੂੰ ਸਮਾਜ ਦੇ ਕੈਂਸਰ ਨਾਲ ਜੋੜ ਕੇ ਦੇਖਦੇ ਸਨ ਤੇ ਦੋਹਾਂ ਨਾਲ ਜੂਝਣ ਦਾ ਹੌਂਸਲਾ ਕਰਦੇ ਸਨ। ਪ੍ਰਸਾਸ਼ਨ ਤੋਂ ਲੈ ਕੇ ਕਵਿਤਾ ਤਕ ਉਹਨਾਂ ਨੇ ਜੋ ਵੀ ਕੀਤਾ ਉਸ ਦੇ ਕੇਂਦਰ ਆਮ ਲੋਕਾਂ ਦੀ ਮੰਦਹਾਲੀ ਤੇ ਫਿਰਕਾਪ੍ਰਸਤ ਤਾਕਤਾਂ ਦੇ ਉਭਾਰ ਤੋਂ ਚਿੰਤਤ ਮਨੁੱਖ ਦੇ ਸਰੋਕਾਰ ਦਿਸਦੇ ਹਨ। ਇਹੀ ਕਾਰਨ ਹੈ ਕਿ ਉਹਨਾਂ ਦੇ ਦੇਹਾਂਤ ਦੀ ਸ਼ਾਮ ਦਿਲੀ ਦੀ ਲੋਧੀ ਰੋਡ ਦੇ ਬਿਜਲੀ ਵਾਲੀ ਸਮਸ਼ਾਨ ਘਾਟ ਤੇ ਫਿਰ ਉਹਨਾਂ ਦੀਆਂ ਸ਼ਰਧਾਂਜਲੀ ਸਭਾਵਾਂ 'ਚ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਆਏ ਲੋਕਾਂ ਦੀਆਂ ਅੱਖਾਂ ਨਮ ਸਨ ਅਤੇ ਉਹਨਾਂ ਨੂੰ ਲੱਗ ਰਿਹਾ ਸੀ ਜਿਵੇਂ ਉਹਨਾਂ ਦਾ ਆਪਣਾ ਕੋਈ ਅੰਗ ਖੁਸ ਗਿਆ ਹੋਵੇ। ਜਰਮਨ ਕਵੀ ਨਾਟਕਕਾਰ ਬੇਟੋ੍ਲਟ ਬ੍ਰੇਸ਼ਟ ਦੇ ਇਕ ਨਾਟਕ, 'ਸੇਂਟ ਜੁਆਨ ਆਫ ਸਟਾਕਬਾਰਡ' ਦੀ ਨਾਇਕਾ ਕਹਿੰਦੀ ਹੈ ਕਿ ਮਨੁੱਖ ਨੂੰ ਇਸ ਦੁਨੀਆਂ 'ਚ ਨਾ ਸਿਰਫ ਅੱਛਾ ਬਣ ਕੇ ਰਹਿਣਾ ਚਾਹੀਦਾ ਹੈ ਬਲਕਿ ਉਸ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਆਪਣੇ ਪਿਛੇ ਇਕ ਬੇਹਤਰ ਤੇ ਬਰਾਬਰੀ ਵਾਲੀ ਦੁਨੀਆਂ ਛੱਡ ਕੇ ਜਾਵੇ। ਸੁਦੀਪ ਬੈਨਰਜੀ ਆਪਣੇ ਜੀਵਨ ਤੇ ਕੰਮ ਦੋਹਾਂ ਰਾਹੀਂ ਇਕ ਲੁੱਟ ਰਹਿਤ ਤੇ ਜਮਾਤ ਰਹਿਤ ਬੇਹਤਰ ਦੁਨੀਆਂ ਬਣਾਉਣ 'ਚ ਲੱਗੇ ਰਹੇ।

# ਅੱਧੀ ਆਬਾਦੀ ਅਧਿਕਾਰਾਂ ਤੋਂ ਵੰਚਿਤ ਕਿਉਂ?

ਕਾਗਜ਼ਾਂ 'ਚ ਕਹਿਣ ਨੂੰ ਅਸੀਂ ਆਜ਼ਾਦ ਹਾਂ, ਸਾਡਾ ਮੁਲਕ ਆਜ਼ਾਦ ਹੈ, ਸਾਡੀ ਆਪਣੀ ਅਖੰਡਤਾ ਹੈ ਸਾਡੇ ਆਪਣੇ ਤੌਰ ਤਰੀਕੇ ਹਨ, ਚੀਜ਼ਾਂ ਨੂੰ ਦੇਖਣ ਸਮਝਣ ਅਤੇ ਪਰਖਣ ਦੇ, ਕਿਉਂਕਿ ਸਾਡੇ ਕੋਲ ਕਿਤਾਬ ਹੈ। ਉਹ ਕਿਤਾਬ ਜਿਸ ਨਾਲ ਕਾਨੂੰਨ ਸੰਵਿਧਾਨ ਤੇ ਸੰਸਦ ਤਿੰਨੇ ਸਾਡੇ ਸਾਹਮਣੇ ਹਨ ਪਰ ਸਾਰਾ ਕੁੱਝ ਥੋਥਾ ਤੇ ਅਧੂਰਾ ਸੱਚ ਹੈ ਤਸਵੀਰ ਦਾ ਅੱਧਾ ਪਹਿਲੂ। ਪੂਰਾ ਸੱਚ ਇਹ ਹੈ ਕਿ ਅਸੀਂ ਨਾਹਰੇ ਖੂਬ ਦਿੱਤੇ, ਭਾਸ਼ਣਾਂ ਦੇ ਪਹਾੜ ਖੂਬ ਬਣਾਏ, ਤਾੜੀਆਂ ਖੂਬ ਬਟੋਰੀਆਂ ਪਰ ਅੱਧੀ ਆਬਾਦੀ ਨੂੰ ਉਸ ਦੇ ਵਾਜਬ ਹੱਕਾਂ ਤੋਂ ਵਾਂਝਿਆਂ ਹੀ ਰੱਖਿਆ। ਉਸ (ਔਰਤ) ਨੂੰ ਚੁੱਲੇ ਚੌਂਕੇ ਅਤੇ ਭਾਂਡੇ ਧੋਣ, ਸਫਾਈ ਕਰਨ ਦੀ ਦੁਨੀਆਂ ਤੋਂ ਉੱਪਰ-ਉੱਠਣ ਦੇਣ ਦਾ ਕੋਈ ਸੁਚੇਤ ਯਤਨ ਅਸੀਂ ਨਹੀਂ ਕੀਤਾ। ਅਸੀਂ ਦੁਨੀਆਂ ਸਾਹਮਣੇ ਵੱਡੀ ਸਾਜ਼ਿਸ਼ ਵਿਚ ਭਾਗੀਦਾਰ ਹਾਂ। ਲੋਕ ਸਭਾ 'ਚ ਕਦੀ ਵੀ ਅਜਿਹਾ ਮੌਕਾ ਨਹੀਂ ਆਇਆ ਜਦ ਅੱਧੀ ਆਬਾਦੀ ਨੂੰ 10 ਫੀਸਦੀ ਤੋਂ ਵੱਧ ਸੀਟਾਂ ਮਿਲੀਆਂ ਹੋਣ, ਪਾਰਟੀ ਚਾਹੇ ਕੋਈ ਵੀ ਹੋਵੇ ਅਤੇ ਕਿੰਨੇ ਵੀ ਦਿਲਦਾਰ ਹੋਵੇ। ਦੇਸ਼ 'ਚ ਔਰਤ ਨੂੰ ਵੱਧ ਮਜ਼ਬੂਤ ਕਰਨ ਦੀ ਗੂੰਜ ਦੇ ਬਾਵਜੂਦ ਸੰਵਿਧਾਨ ਦੀ ਸਰਵ-ਉੱਚ ਸੰਸਥਾ ਲੋਕ ਸਭਾ 'ਚ ਔਰਤਾਂ ਦੀ ਭਾਗੀਦਾਰੀ ਕਦੀ 10 ਫੀਸਦੀ ਤੱਕ ਵੀ ਨਹੀਂ ਪਹੁੰਚ ਸਕੀ। ਪਿਛਲੀਆਂ ਚਾਰ ਲੋਕ ਸਭਾ ਚੋਣਾਂ ਦੇ ਨਤੀਜੇ ਇਸ ਦੇ ਗਵਾਹ ਹਨ। ਔਰਤਾਂ ਨੂੰ 33 ਫੀਸਦੀ ਦੀ ਹਿੱਸੇਦਾਰੀ ਦਿੱਤੇ ਜਾਣ ਲਈ ਰਾਜਸੀ ਪਾਰਟੀਆਂ ਵਾਅਦੇ ਤਾਂ ਖੂਬ ਕਰਦੀਆਂ ਹਨ ਪਰ ਇਸ ਨੂੰ ਅਮਲੀ ਜਾਮਾ ਪਹਿਨਾਉਣ 'ਚ ਉਨ੍ਹਾਂ ਦੀ ਆਵਾਜ਼ ਖਾਮੋਸ਼ ਹੋ ਜਾਂਦੀ ਹੈ। ਪਿਛਲੇ ਦਿਨੀ ਫਰਵਰੀ ਮਹੀਨੇ 'ਚ ਦਿੱਲੀ ਦੇ ਜੰਤਰ-ਮੰਤਰ 'ਤੇ ਔਰਤ ਰਾਖਵਾਂਕਰਨ ਬਿਲ ਪਾਸ ਕਰਾਉਣ ਦੀ ਮੰਗ ਕਰਦੀਆਂ ਹੋਈਆਂ ਹਜ਼ਾਰਾਂ ਔਰਤਾਂ ਅੰਦੋਲਨ 'ਤੇ ਉੱਤਰ ਆਈਆਂ। ਵੱਖ ਵੱਖ ਔਰਤ ਜਥੇਬੰਦੀਆਂ ਨੇ ਸੰਸਦ ਅਤੇ ਵਿਧਾਨ ਸਭਾਵਾਂ 'ਚ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਦੇਣ ਸਬੰਧੀ ਬਿਲ ਜਲਦੀ ਪਾਸ ਕਰਨ ਦੀ ਮੰਗ ਕੀਤੀ ਗਈ। ਆਪਣੀ ਮੰਗ ਦੀ ਹਮਾਇਤ 'ਚ ਕਰੀਬ 52 ਔਰਤਾਂ ਸੰਗਠਨਾਂ ਨੇ 12 ਫਰਵਰੀ ਨੂੰ ਦਿੱਲੀ ਦੇ ਜੰਤਰ-ਮੰਤਰ ਤੋਂ ਸੰਸਦ ਮਾਰਗ ਤੱਕ ਮਾਰਚ ਕੀਤਾ। ਉਨ੍ਹਾਂ ਨੇ ਰਾਸ਼ਟਰਪਤੀ ਲੋਕ ਸਭਾ ਸਪੀਕਰ ਤੇ ਸੰਸਦ ਦੀ ਸਥਾਈ ਸੰਮਤੀ ਦੇ ਪ੍ਰਧਾਨ ਨੂੰ ਮੰਗ ਪੱਤਰ ਵੀ ਦਿੱਤਾ। ਏਡਵਾ, ਜੇ. ਡਬਲਯੂ. ਪੀ., ਵਾਈ ਡਬਲਯੂ ਸੀ ਏ, ਗਿਲਡ ਆਫ ਸਰਵਿਸ ਸੈਂਟਰ ਫਾਰ ਵੂਮੈਨ ਡਿਵੈਲਪਮੈਂਟਰ ਸਟੱਡੀਜ਼, ਮੁਸਲਿਮ ਵੋਮੇਨ ਫੋਰਮ ਅਤੇ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੂਮੇਨ ਦੇ ਨੁਮਾਇੰਦਿਆਂ ਨੇ ਸਾਂਝੇ ਤੌਰ 'ਤੇ ਮੰਗ ਕੀਤੀ ਹੈ ਕਿ ਸਹਿਮਤੀ ਬਣਾਉਣ ਦੇ ਬਹਾਨੇ ਬਿਲ ਨੂੰ ਕਮਜ਼ੋਰ ਨਾ ਕੀਤਾ ਜਾਵੇ। ਕੁਲ ਹਿੰਦ ਭਾਰਤੀ ਜਮਹੂਰੀ ਔਰਤ ਸੰਮਤੀ ਦੀ ਸੁਧਾ ਸੁੰਦਰਮ ਰਾਮਨ ਨੇ ਕਿਹਾ ਕਿ ਔਰਤਾਂ ਨਾਲ ਇਕ ਵਾਰ ਫਿਰ ਧੋਖਾ ਹੋਇਆ ਹੈ।

ਹੁਣ ਚੌਧਵੀਂ ਲੋਕ ਸਭਾ ਦੇ ਆਖਰੀ ਸੈਸ਼ਨ 'ਚ ਇਸ ਨੂੰ ਝਟਕਾ ਦਿੱਤਾ ਗਿਆ ਹੈ। ਗਿਲਡ ਆਫ ਸਰਵਿਸ ਦੀ ਸੁਮਨ ਨੇ ਕਿਹਾ ਹੈ ਕਿ 12 ਸਾਲਾਂ ਤੋਂ ਔਰਤਾਂ ਦਾ ਰਾਖਵਾਂਕਰਨ ਬਿਲ ਲਟਕਿਆ ਹੋਇਆ ਹੈ। ਰਾਜਨੀਤੀ 'ਚ ਸਰਗਰਮ ਰਹੀਆਂ ਔਰਤਾਂ ਨੂੰ ਸੰਸਦ 'ਚ ਉਹ ਥਾਂ ਨਹੀਂ ਮਿਲੀ ਹੈ, ਜੋ ਮਿਲਣੀ ਚਾਹੀਦੀ ਸੀ। ਸਭ ਤੋਂ

ਵੱਡੀ ਗੱਲ ਇਹ ਹੈ ਕਿ ਔਰਤ ਰਾਖਵਾਂਕਰਨ ਬਿੱਲ ਰਾਜਸੀ ਪਾਰਟੀਆਂ ਲਈ ਇਕ ਖੇਡ ਹੀ ਬਣ ਗਈ ਹੈ, ਜੋ ਪਾਰਟੀ ਹਕੂਮਤ 'ਚ ਹੁੰਦੀ ਹੈ ਜਦ ਵਿਰੋਧੀ ਧਿਰ ਦੀ ਮੰਸ਼ਾ ਸਪੱਸ਼ਟ ਨਹੀਂ ਹੁੰਦੀ। ਇੰਨਾ ਹੀ ਨਹੀਂ ਰਾਜਸੀ ਪਾਰਟੀਆਂ ਟਿਕਟਾਂ ਦੀ ਵੰਡ ਵੇਲੇ ਵੀ ਦਰਿਆ ਦਿਲੀ ਨਹੀਂ ਵਿਖਾਉਂਦੀਆਂ। ਇਹੀ ਕਾਰਨ ਹੈ ਕਿ ਦੇਸ਼ ਨੂੰ ਸਰਭ ਉੱਚ ਸੰਸਥਾ ਲੋਕ ਸਭਾ ਵਿਚ ਔਰਤਾਂ ਦੀ ਭਾਗੀਦਾਰੀ ਹਾਸਲ ਨਹੀਂ ਹੁੰਦੀ।

ਸੰਨ 2004 – ਲੋਕ ਸਭਾ ਦੀ ਸੰਨ 2004 ਦੀ ਚੋਣ 'ਚ ਵੋਟਰ ਸੂਚੀ ਮੁਤਾਬਕ ਕੁਲ ਵੋਟਰਾਂ 'ਚ ਔਰਤਾਂ 58.07 ਫੀਸਦੀ ਸਨ। ਜਿਸ ਵਿਚੋਂ 53.64 ਫੀਸਦੀ ਔਰਤਾਂ ਨੇ ਵੋਟ ਪਾਈ ਸੀ। ਇਸ ਚੋਣ ਵਿਚ ਖੁਸ਼ਹਾਲ ਔਰਤ ਉਮੀਦਵਾਰ 61 ਉੱਤਰ ਪ੍ਰਦੇਸ਼ ਤੋਂ ਚੋਣਾਂ 'ਚ ਉਤਰੀਆਂ ਸਨ। ਦੂਜੇ ਥਾਂ 'ਤੇ ਪੱਛਮੀ ਬੰਗਾਲ ਤੋਂ 34 ਅਤੇ ਤੀਜੇ ਥਾਂ 'ਤੇ ਮੱਧ ਪ੍ਰਦੇਸ਼ ਤੋਂ 40 ਔਰਤਾਂ ਉਮੀਦਵਾਰ ਸਨ। ਔਰਤ ਉਮੀਦਵਾਰਾਂ ਦੇ ਚੋਣ ਜਿੱਤਣ 'ਚ ਪਹਿਲਾ ਸੂਬਾ ਉੱਤਰ ਪ੍ਰਦੇਸ਼ ਰਿਹਾ ਸੀ ਜਿਥੋਂ 7 ਔਰਤਾਂ ਚੋਣ ਜਿੱਤੀਆਂ। ਇਸ ਪਿੱਛੋਂ ਪੰਜ ਔਰਤ ਉਮੀਦਵਾਰਾਂ ਪੱਛਮੀ ਬੰਗਾਲ ਤੋਂ ਜਿੱਤੀਆਂ। ਬਾਕੀ ਦੀ ਔਰਤ ਉਮੀਦਵਾਰ ਹੋਰ ਰਾਜਾਂ ਤੋਂ ਜਿੱਤ ਕੇ ਲੋਕ ਸਭਾ ਪਹੁੰਚੀਆਂ ਸਨ।

ਸੰਨ 1999 – ਲੋਕ ਸਭਾ ਦੀ 1999 ਦੀ ਚੋਣ ਵਿਚ 60 ਫੀਸਦੀ ਔਰਤ ਵੋਟਰਾਂ ਵਿਚੋਂ 55.64 ਫੀਸਦੀ ਔਰਤਾਂ ਨੇ ਵੋਟ ਪਾਈ ਸੀ। ਇਸ ਚੋਣ ਵਿਚ 61 ਔਰਤਾਂ ਚੋਣ ਮੈਦਾਨ 'ਚ ਉੱਤਰ ਪ੍ਰਦੇਸ਼ ਤੋਂ ਸਨ। ਇਸ ਪਿੱਛੋਂ ਪੱਛਮੀ ਬੰਗਾਲ 'ਚ 26 ਅਤੇ ਮੱਧ ਪ੍ਰਦੇਸ਼ ਤੋਂ 23 ਉਮੀਦਵਾਰਾਂ ਨੇ ਚੋਣ ਲੜੀ ਸੀ। ਕਾਮਯਾਬੀ 'ਚ ਉੱਤਰ ਪ੍ਰਦੇਸ਼ ਅਵੱਲ ਰਿਹਾ ਸੀ। ਉਥੋਂ ਨੌਂ ਔਰਤ ਉਮੀਦਵਾਰ ਚੋਣਾਂ ਜਿੱਤੀਆਂ ਸਨ ਜਦ ਕਿ ਬਿਹਾਰ ਤੋਂ ਪੰਜ ਅਤੇ ਮਹਾਂਰਾਸ਼ਟਰ ਤੋਂ ਚਾਰ ਔਰਤਾਂ ਚੁਣ ਕੇ ਲੋਕ ਸਭਾ ਪਹੁੰਚੀਆਂ ਸਨ। ਬਾਕੀ 31 ਔਰਤ ਉਮੀਦਵਾਰ ਹੋਰ ਰਾਜਾਂ ਤੋਂ ਲੋਕ ਸਭਾ ਚੋਣ ਜਿੱਤੀ ਸੀ।

ਸੰਨ 1998 – ਲੋਕ ਸਭਾ ਦੀ ਸੰਨ 1998 ਦੀ ਚੋਣ 'ਚ 61.97 ਫੀਸਦੀ ਔਰਤ ਵੋਟਰਾਂ 'ਚੋਂ 57.89 ਫੀਸਦੀ ਔਰਤਾਂ ਨੇ ਵੋਟ ਪਾਈ। ਇਸ ਚੋਣ ਵਿਚ ਮਹਿਲਾ ਉਮੀਦਵਾਰ 56 ਫਿਰ ਉੱਤਰ ਪ੍ਰਦੇਸ਼ ਤੋਂ ਲੜੀਆਂ ਸਨ। ਇਸ ਪਿੱਛੋਂ ਮੱਧ ਪ੍ਰਦੇਸ਼ ਤੋਂ 28 ਅਤੇ ਬਿਹਾਰ ਤੋਂ 22 ਔਰਤਾਂ ਉਮੀਦਵਾਰ ਚੋਣਾਂ 'ਚ ਸਨ। ਸਫਲਤਾ ਦੇ ਮਾਮਲੇ 'ਚ ਪਹਿਲੀ ਥਾਂ 'ਤੇ ਉੱਤਰ ਪ੍ਰਦੇਸ਼ ਰਿਹਾ ਸੀ ਉੱਥੋਂ 9 ਔਰਤ ਉਮੀਦਵਾਰ ਜਿੱਤੀਆਂ ਸਨ। ਜਦ ਕਿ ਦੂਜੇ ਨੰਬਰ 'ਤੇ ਪੱਛਮੀ ਬੰਗਾਲ ਤੋਂ ਪੰਜ ਅਤੇ ਗੁਜਰਾਤ ਤੋਂ ਚਾਰ ਔਰਤ ਉਮੀਦਵਾਰਾਂ ਨੇ ਚੋਣ ਜਿੱਤੀ ਸੀ। ਬਾਕੀ 25 ਔਰਤ ਉਮੀਦਵਾਰ ਹੋਰ ਰਾਜਾਂ ਤੋਂ ਲੋਕ ਸਭਾ 'ਚ ਪਹੁੰਚੀਆਂ ਸਨ। ਸੰਨ 1996 – 57.94 ਫੀਸਦੀ ਔਰਤ ਵੋਟਰਾਂ 'ਚੋਂ 53.41 ਫੀਸਦੀ ਔਰਤ ਵੋਟਰਾਂ ਨੇ ਆਪਣੀ ਵੋਟ ਦੀ ਵਰਤੋਂ ਕੀਤੀ ਸੀ। ਇਸ ਚੋਣ ਵਿਚ 107 ਔਰਤ ਉਮੀਦਵਾਰ ਉੱਤਰ ਪ੍ਰਦੇਸ਼ ਤੋਂ ਮੈਦਾਨ ਵਿਚ ਸਨ ਜਦ ਕਿ ਦੂਜੀ ਥਾਂ 'ਤੇ 90 ਉਮੀਦਵਾਰ ਆਂਧਰਾ ਪ੍ਰਦੇਸ਼ ਤੋਂ ਅਤੇ ਮੱਧ ਪ੍ਰਦੇਸ਼ ਤੋਂ 75 ਔਰਤਾਂ ਚੋਣਾਂ ਲੜੀਆਂ ਸਨ। ਚੋਣਾਂ ਵਿਚ ਸਫਲਤਾ ਦੀ ਬੁਲੰਦੀ ਨੂੰ ਛੂਹਣ ਵਾਲੀਆਂ ਨੌਂ ਔਰਤ ਉਮੀਦਵਾਰਾਂ ਉੱਤਰ ਪ੍ਰਦੇਸ਼ ਤੋਂ ਪੰਜ ਉਮੀਦਵਾਰ ਤੇ ਰਾਜਸਥਾਨ ਤੋਂ ਚਾਰ ਜਿੱਤੀਆਂ ਸਨ। ਬਾਕੀ 22 ਔਰਤ ਉਮੀਦਵਾਰ ਹੋਰ ਰਾਜਾਂ ਤੋਂ ਚੋਣਾਂ ਜਿੱਤ ਕੇ ਲੋਕ ਸਭਾ 'ਚ ਪਹੁੰਚੀਆਂ ਸਨ। ਭਾਰਤ 'ਚ ਪੰਚਾਇਤਾਂ 'ਚ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਤਾਂ ਮਿਲ ਗਿਆ ਹੈ ਪਰ ਵਿਧਾਨ ਸਭਾ ਤੇ ਸੰਸਦ ਦੇ ਗਲਹਿਰਿਆਂ 'ਚ ਔਰਤਾਂ ਦੀ ਮੁਕਾਬਲਾਤਨ ਸ਼ਮੂਲੀਅਤ ਯਕੀਨੀ ਬਣਾਉਣ 'ਚ ਕੌਮੀ ਰਾਜਸੀ ਦਲ

ਇਮਾਨਦਾਰੀ ਨਹੀਂ ਵਿਖਾ ਰਹੇ ਹਨ। ਭਾਰਤ 'ਚ ਸੰਸਦ 'ਚ ਔਰਤ ਦਾ ਫੀਸਦ ਪਾਕਿਸਤਾਨ ਨੇਪਾਲ ਤੇ ਇਰਾਕ ਤੋਂ ਵੀ ਘੱਟ ਹੈ। ਲੋਕ ਸਭਾ ਹਿੱਸੇਦਾਰੀ 9.10% ਹੈ ਹੋਰ ਦੇਸ਼ਾਂ ਦੀ ਤੁਲਨਾ ਕੀਤੀ ਜਾਵੇ ਤਾਂ ਇਸ ਮਾਮਲੇ 'ਚ ਰਵਾਂਡਾ ਸਭ ਤੋਂ ਉੱਪਰ ਹੈ। ਇਥੇ ਹੇਠਲੇ ਹਾਊਸ 'ਚ 56.30% ਔਰਤਾਂ ਹਨ।

**ਔਰਤ ਤੇ ਮਰਦ ਵਿਚਕਾਰ ਸਮਾਜਕ ਅੰਤਰ**

ਸੰਸਾਰ ਆਰਥਕ ਮੰਚ ਦੀ ਤਾਜਾ ਰਿਪੋਰਟ ਅਨੁਸਾਰ ਔਰਤ ਤੇ ਮਰਦ ਵਿਚਕਾਰ ਮੌਜੂਦ ਸਮਾਜਕ ਅੰਤਰ ਸਬੰਧੀ 130 ਦੇਸ਼ਾਂ ਦੀ ਸੂਚੀ ਵਿਚ ਭਾਰਤ ਦੀ 113 ਵੀ ਥਾਂ ਹੈ ਰਿਪੋਰਟ ਅਨੁਸਾਰ ਨਾਰਵੇ ਨੇ ਜਿੱਥੇ ਇਸ ਸੂਚੀ ਵਿਚ ਸਭ ਤੋਂ ਉੱਚਾ ਸਥਾਨ ਹਾਸਲ ਕੀਤਾ ਹੈ ਉਥੇ ਫਿਨਲੈਂਡ, ਸਵੀਡਨ ਤੇ ਆਈਸਲੈਂਡ ਕ੍ਰਮਵਾਰ ਦੂਜੀ ਤੀਜੀ ਤੇ ਚੌਥੀ ਥਾਂ 'ਤੇ ਰਹੇ ਹਨ। ਦੱਖਣੀ ਏਸ਼ੀਆਈ ਦੇਸ਼ਾਂ ਵਿਚ ਸਭ ਤੋਂ ਅੱਛਾ ਪ੍ਰਦਰਸ਼ਨ ਸ੍ਰੀ ਲੰਕਾ ਦਾ ਹੈ ਜੋ ਇਸ ਵਿਚ 12ਵੇਂ ਸਥਾਨ 'ਤੇ ਹੈ ਜਦ ਕਿ ਵਿਸ਼ਵ ਦੀ ਸਭ ਤੋਂ ਵੱਡੀ ਅਰਥ ਵਿਵਸਥਾ ਵਾਲਾ ਦੇਸ਼ ਅਮਰੀਕਾ 27ਵੇਂ ਸਥਾਨ 'ਤੇ ਅਤੇ ਚੀਨ 57ਵੇਂ ਸਥਾਨ 'ਤੇ ਹੈ। ਔਰਤ ਨੂੰ ਸ਼ਕਤੀ ਦੇਣ ਤੇ ਔਰਤਾਂ ਲਈ ਵਿਸ਼ੇਸ਼ ਉਪਾਅ ਵਰਗੇ ਪ੍ਰੋਗਰਾਮਾਂ ਦੇ ਨਾਕਾਮ ਕਾਰਨ ਭਾਰਤ ਇਸ 'ਚ ਪਹਿਲੇ ਸੌ 'ਚ ਵੀ ਸਥਾਨ ਨਹੀਂ ਬਣਾ ਸਕਿਆ। ਗੁਆਂਢੀ ਦੇਸ਼ਾਂ 'ਚ ਇਰਾਨ 116, ਨੇਪਾਲ-120, ਪਾਕਿਸਤਾਨ 127 ਵੀ ਪਿਛੜੇ ਦੇਸ਼ਾਂ ਵਿਚ ਸ਼ਾਮਲ ਹੈ ਜਦ ਕਿ ਜਰਮਨੀ 11, ਇੰਗਲੈਂਡ 13, ਸਪੇਨ 17 ਪਹਿਲਾਂ ਦੇ ਮੁਕਾਬਲੇ ਆਪਣੇ ਪੱਧਰ ਤੋਂ ਹੇਠਾਂ ਆ ਗਏ ਹਨ ਪਰ ਸ਼ੁਰੂਆਤੀ ਵੀਹ ਦੇਸ਼ਾਂ ਦੀ ਸੂਚੀ ਵਿਚ ਆਉਣ 'ਚ ਕਾਮਯਾਬ ਰਹੇ। ਨੀਦਰਲੈਂਡ 09, ਲਾਟਵਿਆ 10, ਸ੍ਰੀ ਲੰਕਾ 12 ਅਤੇ ਫਰਾਂਸ 15 ਨੇ ਆਪਣੀ ਪਹਿਲਾਂ ਦੀ ਸਥਿਤੀ 'ਚ ਸੁਧਾਰ ਕੀਤਾ ਹੈ। ਇਸ ਕਾਰਨ ਉੱਥੇ ਔਰਤਾਂ ਦੀ ਸਥਿਤੀ 60 ਫੀਸਦੀ ਤੋਂ ਵੀ ਵੱਧ ਪਹੁੰਚ ਗਈ ਹੈ। ਵਿਸ਼ਵੀ ਲਿੰਗਕ ਪਾੜ ਭਾਵ ਔਰਤ-ਮਰਦ ਵਿਚਕਾਰ ਸਮਾਜਕ ਫਰਕ ਵਾਲਾ ਸੂਚਕਾਂਕ ਇਸ ਅਧਾਰ 'ਤੇ ਬਣਾਇਆ ਜਾਂਦਾ ਹੈ ਕਿ ਦੋਹਾਂ ਵਿਚਕਾਰ ਸਮਾਜਕ ਦੂਰੀ ਨੂੰ ਕਿੰਨਾ ਘੱਟ ਕੀਤਾ ਗਿਆ ਹੈ। ਇਸ ਨਾਲ ਔਰਤਾਂ ਨੂੰ ਉੱਚ ਪੱਧਰ 'ਤੇ ਰਾਜਸੀ ਤੇ ਸਰਕਾਰ 'ਚ ਭਾਗੀਦਾਰੀ ਅਤੇ ਦੇਸ਼ ਦੀਆਂ ਵਿੱਤੀ ਸੰਸਥਾਵਾਂ ਵਿਚ ਮਹੱਤਵਪੂਰਨ ਭੂਮਿਕਾ ਅਤੇ ਸਿੱਖਿਆ ਆਦਿ ਦੇ ਪੱਧਰ ਨੂੰ ਅਧਾਰ ਬਣਾਇਆ ਜਾਂਦਾ ਹੈ। ਇਸ ਸੂਚਕਾਂਕ 'ਚ ਉੱਚ ਸਥਾਨ ਹਾਸਲ ਕਰਨ ਦਾ ਮਤਲਬ ਇਹ ਹੈ ਕਿ ਉਕਤ ਦੇਸ਼ਾਂ ਵਿਚ ਇਨ੍ਹਾਂ ਪੱਧਰਾਂ 'ਤੇ ਮਰਦ ਤੇ ਔਰਤ ਵਿਚਕਾਰ ਦੀ ਦੂਰੀ ਘੱਟ ਰਹਿ ਗਈ ਹੈ। ਜਦ ਕਿ ਹੇਠਲੇ ਪੱਧਰ 'ਤੇ ਆਉਣ ਦਾ ਮਤਲਬ ਇਹ ਨਿਕਲਦਾ ਹੈ ਕਿ ਸਮਾਜਕ ਮਾਮਲਿਆਂ 'ਚ ਜੋ ਅਧਿਕਾਰ ਮਰਦਾਂ ਨੂੰ ਹਾਸਲ ਹੈ। ਔਰਤਾਂ ਉਸ ਤੋਂ ਵੰਚਿਤ ਹਨ।

ਉਪਰੋਕਿਤ ਵਿਸਲੇਸ਼ਣ ਅਨੁਸਾਰ ਪਹਿਲੀ, ਦੂਜੀ ਅਤੇ ਤੀਜੀ ਥਾਂ 'ਤੇ ਆਏ ਦੇਸ਼ਾਂ ਨੇ ਔਰਤ ਤੇ ਮਰਦ ਵਿਚਕਾਰ ਸਮਾਜਕ ਫਰਕਾਂ ਨੂੰ 80 ਫੀਸਦੀ ਤੱਕ ਘੱਟ ਕਰ ਲਿਆ ਹੈ ਜਦ ਕਿ ਪਿਛਲੇ ਥਾਵਾਂ 'ਤੇ ਆਈ ਦੇਸ਼ਾਂ 'ਚ ਇਹ ਮੁਕਾਮ ਨਾ ਮਾਤਰ ਹੀ ਹਾਸਲ ਹੋਇਆ ਹੈ।

# ਟੀ. ਵੀ. ਚੈਨਲਾਂ ਦਾ ਵਪਾਰੀਕਰਣ ਕੌਣ ਰੋਕੇ?

ਮਨੋਰੰਜਨ ਅਤੇ ਖਬਰਾਂ ਦੇ ਨਾਂ 'ਤੇ ਕੁਝ ਵੀ ਪਰੋਸ ਦੇਣ ਦਾ ਰੁਝਾਣ ਖੇਤਰੀ ਚੈਨਲਾਂ 'ਤੇ ਹਾਵੀ ਹੁੰਦਾ ਜਾ ਰਿਹਾ ਹੈ। ਦਿਲੀ, ਮੁੰਬਈ ਤੇ ਹੋਰ ਵੱਡੇ ਸ਼ਹਿਰਾਂ ਵਿੱਚ ਕੌਮੀ ਚੈਨਲਾਂ ਨੇ ਵੱਖ ਵੱਖ ਸੂਬਿਆਂ 'ਚ ਆਪਣਾ ਵਿਸਥਾਰ ਕਰਨਾ ਸ਼ੁਰੂ ਕੀਤਾ ਤਾਂ ਲੋਕਾਂ ਨੂੰ ਲੱਗਿਆ ਕਿ ਹੁਣ ਉਹਨਾਂ ਨੇ ਆਪਣੀ ਜੁਬਾਨ 'ਚ ਮਨੋਰੰਜਨ ਦੇ ਨਾਲ ਨਾਲ ਸਥਾਨਕ ਖਬਰਾਂ ਮਿਲਣਗੀਆਂ। ਪਰ ਬਾਜ਼ਾਰ 'ਤੇ ਆਪਣਾ ਦਬਦਬਾ ਕਾਇਮ ਰੱਖਣ ਦੀ ਹੋੜ ਨੇ ਖੇਤਰੀ ਚੈਨਲਾਂ 'ਚ ਸਮਾਚਾਰ ਤੇ ਮਨੋਰੰਜਨ ਦਾ ਪੱਧਰ ਡੇਗ ਦਿੱਤਾ। ਗੱਲ ਚਾਹੇ ਮਨੋਰੰਜਨ ਚੈਨਲਾਂ ਦੀ ਹੋਵੇ ਜਾਂ ਸਮਾਚਾਰ ਚੈਨਲਾਂ ਦੀ ਕੌਮੀ ਪੱਧਰ ਦੇ ਟੀ. ਵੀ. ਚੈਨਲਾਂ ਦੇ ਮੁਕਾਬਲੇ ਇਹ ਕਿਧਰੇ ਨਹੀਂ ਟਿਕ ਸਕਦੇ। ਖੇਤਰੀ ਟੀ. ਵੀ. ਚੈਨਲਾਂ 'ਚ ਗੁਣਵੰਣਤਾ ਦਾ ਸਭ ਤੋਂ ਵੱਧ ਖਿਆਲ ਦੱਖਣੀ ਭਾਰਤ 'ਚ ਹੀ ਰੱਖਿਆ ਜਾਂਦਾ ਹੈ। ਉਤਰ ਭਾਰਤ ਦੇ ਹਿੰਦੀ ਭਾਸ਼ੀ ਰਾਜਾਂ ਵਿਚ ਸਿਰਫ਼ ਪ੍ਰੋਗਰਾਮ ਪ੍ਰੇਸ਼ਨ ਦੀ ਹਫੜਾ ਦਫੜੀ ਹੀ ਵੇਖਣ ਨੂੰ ਮਿਲਦੀ ਹੈ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਪੱਛਮੀ ਬੰਗਾਲ ਦੀ ਜਿਥੇ ਕੇਵਲ ਤੇ ਸੈਟੇਲਾਈਟ ਚੈਨਲਾਂ ਦੀ ਭਰਮਾਰ ਹੈ। ਪੱਛਮੀ ਬੰਗਾਲ 'ਚ ਬੰਗਲਾ ਭਾਸ਼ਾ ਦੇ ਦੋ ਚੈਨਲ ਹਨ ਜਿਹਨਾਂ 'ਚ ਬਹੁ ਕੌਮੀ ਕੰਪਨੀਆਂ ਦੀ ਹਿੱਸੇਦਾਰੀ ਹੈ। ਇਹਨਾਂ ਵਿੱਚ ਇਕ ਹੈ ਸਟਾਰ ਜਲਸਾ ਅਤੇ ਦੂਜਾ ਹੈ ਜੀ ਬੰਗਲਾ। ਸਟਾਰ ਜਲਸਾ ਤੇ ਜੀ ਬੰਗਲਾ ਵਿਚਕਾਰ ਹਮੇਸ਼ਾ ਸਖਤ ਮੁਕਾਬਲਾ ਰਿਹਾ ਹੈ। ਜੀ ਬੰਗਲਾ ਨੇ ਪਹਿਲਾਂ ਪਹਿਲਾਂ ਤਾਂ ਪਰਿਵਾਰਿਕ ਡ੍ਰਾਮਾ ਵਿਖਾ ਕੇ ਖ਼ੂਬ ਦਰਸ਼ਕ ਖਿੱਚੇ ਪਰ ਪਿਛੋਂ ਉਸ ਨੇ ਆਪਣਾ ਧਿਆਨ ਸਾਰੇ ਗਾਮਾਪਾ, ਲਿਟਲ ਚੈਂਪ ਅਤੇ ਮਿਥਨ ਚੱਕਰਵਰਤੀ ਦੇ ਨਾਲ ਮਹਾਂਗੁਰੂ ਸੋ ਤੇ ਕੇਂਦਰਿਤ ਕਰ ਦਿੱਤਾ। ਸ਼ੁਰੂਆਤ ਵਿਚ ਤਾਂ ਇਸ ਦਾ ਵੱਧ ਜਿਆਦਾ ਫਾਇਦਾ ਜੀ ਬੰਗਲਾ ਨੂੰ ਖ਼ੂਬ ਮਿਲਿਆ। ਪਰ ਹੌਲੀ ਹੌਲੀ ਦਰਸ਼ਕਾਂ ਦਾ ਮਨ ਇਹਨਾਂ ਪ੍ਰੋਗਰਾਮਾਂ ਤੋਂ ਅੱਕ ਗਿਆ। ਲੋਕ ਸਟਾਰ ਜਲਸਾ ਨੂੰ ਪਸੰਦ ਕਰਨ ਲੱਗੇ। ਇਸ ਦੇ ਦਰਸ਼ਕਾਂ 'ਚ 20 ਤੋਂ ਲੈ ਕੇ 40 ਸਾਲਾਂ ਤਕ ਦੇ ਲੋਕ ਵੱਧ ਹਨ। ਇਲਾਕੇ ਆਕਾਸ਼ ਨੀਲ, ਦੁਰਗਾ ਅਤੇ ਬੋਓ ਕੋਥਾ ਕਓ ਵਰਗੇ ਪਰਿਵਾਰ 'ਚ ਤਣਾਅ ਵਿਖਾਉਣ ਵਾਲੇ ਪ੍ਰੋਗਰਾਮਾਂ ਰਾਹੀਂ ਸਟਾਰ ਜਲਸਾ ਨੂੰ ਖ਼ੂਬ ਦਰਸ਼ਕ ਖਿੱਚੇ। ਸਟਾਰ ਜਲਸਾ ਨੇ ਅੱਜ ਪੱਛਮੀ ਬੰਗਾਲ ਦੇ 60 ਫੀਸਦੀ ਮਨੋਰੰਜਨ ਬਾਜ਼ਾਰ 'ਤੇ ਆਪਣੀ ਪਕੜ ਮਜਬੂਤ ਕਰ ਲਈ ਹੈ। ਜੀ ਨੈਟਵਰਕ ਵਲੋਂ ਪੁਰਾਣੀਆਂ ਬੰਗਲਾ ਫਿਲਮਾਂ ਦੇ ਪ੍ਰਦਰਸ਼ਨ ਦੀ ਅਜ਼ਾਰੇਦਾਰੀ ਨੂੰ ਵੀ ਸਟਾਰ ਨੇ ਤੋੜ ਦਿੱਤਾ ਹੈ ਅਤੇ ਹੁਣ ਇਸ ਚੈਨਲ 'ਤੇ ਹਾਲੀਆ ਜਲਸਾ ਰਿਲੀਜ ਬੰਗਲਾ ਫਿਲਮਾਂ ਵਿਖਾਈਆਂ ਜਾਣ ਲੱਗੀਆਂ ਹਨ। ਵੈਸੇ ਵੀ ਪੱਛਮੀ ਬੰਗਾਲ ਵਿੱਚ ਬੰਗਲਾ ਫਿਲਮਾਂ ਸਿਨੇਮਾ ਘਰਾਂ 'ਚ ਲੱਗਦੀਆਂ ਤਾਂ ਜਰੂਰ ਹਨ ਪਰ ਉਹਨਾਂ ਨੂੰ ਦਰਸ਼ਕ ਨਹੀਂ ਮਿਲਦੇ। ਮਨੋਰੰਜਨ ਦੀ ਦੁਨੀਆਂ ਚ ਜਦੋਂ ਤੋਂ ਖੇਤਰੀ ਟੀ. ਵੀ. ਚੈਨਲਾਂ ਦਾ ਪ੍ਰਭਾਵ ਵਧਿਆ ਹੈ ਉਦੋਂ ਤੋਂ ਲੋਕ ਸਥਾਨਕ ਭਾਸ਼ਾ 'ਚ ਬਣੀਆਂ ਫਿਲਮਾਂ ਨੂੰ ਆਪਣੇ ਘਰਾਂ 'ਚ ਹੀ ਵੇਖਣਾ ਪਸੰਦ ਕਰਦੇ ਹਨ ਨਾ ਕਿ ਸਿਨੇਮਾ ਘਰਾਂ ਜਾਂ ਮਲਟੀਪਲੈਕਸ ਵਿੱਚ। ਪਿਛਲੇ ਚਾਰ-ਪੰਜ ਸਾਲਾਂ ਦੌਰਾਨ ਇਹਨਾਂ ਚੈਨਲਾਂ ਤੋਂ ਵੱਖਰੇ ਬੰਗਲਾ ਸਮਾਚਾਰ ਚੈਨਲਾਂ ਦੀ ਗਿਣਤੀ 'ਚ ਕਾਫੀ ਵਾਧਾ ਹੋਇਆ ਹੈ। ਸਟਾਰ ਅਨੰਦਾ ਤੇ ਚੌਵੀ ਘੰਟੇ

ਤੋਂ ਇਲਾਵਾ ਕਲਕੱਤਾ ਟੀ. ਵੀ. ਨੇ ਬਾਜ਼ਾਰ 'ਚ ਜ਼ੋਰਦਾਰ ਦਸਤਕ ਦਿੱਤੀ ਹੈ। ਇਕ ਸਾਲ ਪਹਿਲਾਂ ਤਕ ਤਾਰਾ ਨਿਊਜ਼ ਇਕ ਸੂਬਾਈ ਚੈਨਲ ਸੀ ਪਰ ਹੁਣ ਉਹ ਕੇਬਲ ਚੈਨਲ ਵਜੋਂ ਹੀ ਸਿਮਟ ਕੇ ਰਹਿ ਗਿਆ ਹੈ। ਖੇਤਰੀ ਚੈਨਲਾਂ ਦੇ ਰੈਵਨਿਊ 'ਚ ਨੁਕਸਾਨ ਦਾ ਸਿੱਧਾ ਅਸਰ ਇਹ ਹੁੰਦਾ ਹੈ ਕਿ ਉਹਨਾਂ ਨੂੰ ਆਫ ਏਅਰ ਕਰ ਦੇਣਾ ਪੈਂਦਾ ਹੈ। ਕਲਕੱਤਾ ਟੀ. ਵੀ. ਦੇ ਨਾਲ ਵੀ ਇਹੀ ਹੋਇਆ ਅਤੇ ਹੁਣ ਏਨਈ ਬੰਗਲਾ ਵੀ ਇਸੇ ਰਾਹ 'ਤੇ ਹੈ।

ਮਾੜੇ ਅਸਮ ਤੇ ਤ੍ਰਿਪੁਰਾ ਲਈ ਪੱਛਮੀ ਬੰਗਾਲ ਤੋਂ ਹੀ ਏਨਈ ਬੰਗਲਾ ਦਾ ਪ੍ਰਸਾਰਣ ਹੋ ਰਿਹਾ ਹੈ। ਈ. ਟੀ. ਵੀ. ਬੰਗਲਾ, ਜੋ ਕਿਸੇ ਜਮਾਨੇ 'ਚ ਬੰਗਾਲ ਦਾ ਮਸ਼ਹੂਰ ਲੋਕ ਲਭਾਉਣਾ ਚੈਨਲ ਹੁੰਦਾ ਸੀ ਅੱਜ ਚੌਥੇ ਨੰਬਰ 'ਤੇ ਸੰਘਰਸ਼ ਕਰ ਰਿਹਾ ਹੈ। ਕਿਉਂਕਿ ਈ. ਟੀ. ਵੀ. ਦਾ ਕਾਰਜ ਖੇਤਰ ਵਿਆਪਕ ਹੈ, ਇਸ ਲਈ ਇਹ ਚੈਨਲ ਅੱਜ ਤੱਕ ਟਿਕਿਆ ਹੋਇਆ ਹੈ। ਬਿਹਾਰ ਤੇ ਝਾਰਖੰਡ ਵਿੱਚ ਦਿਖਾਏ ਜਾਣ ਵਾਲੇ ਖੇਤਰੀ ਚੈਨਲਾਂ 'ਚ ਈ. ਟੀ. ਵੀ. ਬਿਹਾਰ ਝਾਰਖੰਡ ਮੁੱਖ ਹਨ। ਈ. ਟੀ. ਵੀ. ਮਨੋਰੰਜਨ ਸਮਾਚਾਰ ਚੈਨਲ ਹੈ। ਜਦ ਕਿ ਸਹਾਰਾ ਸਮੇਂ ਬਿਹਾਰ ਤੇ ਝਾਰਖੰਡ ਦੀਆਂ ਖਬਰਾਂ ਨੂੰ ਚੌਵੀ ਘੰਟੇ ਪ੍ਰਸਾਰਿਤ ਕਰਨ ਵਾਲਾ ਚੈਨਲ ਹੈ। ਵੈਸੇ ਪੂਰੇ ਦੱਖਣੀ ਬਿਹਾਰ 'ਚ ਪਹਿਲੀ ਵਾਰ ਦਸੰਬਰ 1993 'ਚ ਪ੍ਰਤੀਬਿੰਬਕ ਨਾਮਕ ਵੀਡਿਓ ਨਿਊਜ਼ ਸ਼ੁਰੂ ਕੀਤਾ ਗਿਆ ਸੀ। ਅੱਧੇ ਘੰਟੇ ਦਾ ਇਹ ਸਪਤਾਹਿਕ ਵੀਡੀਓ ਨਿਊਜ਼ ਵੀ ਐਚ. ਐਸ. ਕੈਸੇਟ ਰਾਹੀਂ ਕੇਬਲ 'ਤੇ ਵਿਖਾਇਆ ਜਾਂਦਾ ਸੀ। ਝਾਰਖੰਡ ਤੇ ਬਿਹਾਰ ਵਿੱਚ ਕਈ ਵੀਡੀਓ ਅਤੇ ਨਿਊਜ਼ ਪ੍ਰੋਗਰਾਮ ਚਲੇ ਗਏ। ਮਸਲਿਨ ਦ੍ਰਿਸ਼ਟੀ ਸੱਚੀਆਂ ਖਬਰ ਆਜ ਤਕ ਪ੍ਰਤਬੂਸ਼ ਟੈਲੀਵਿਜ਼ਨ ਨੈਟਵਰਕ ਆਦਿ। ਸੈਟੇਲਾਈਜ਼ ਚੈਨਲਾਂ ਦੇ ਦਾਖਲੇ ਪਿਛੋਂ ਸਥਾਨਕ ਪੱਧਰ 'ਤੇ ਨਿਊਜ਼ ਵੀਡੀਓ ਬਣਾਉਣ ਦਾ ਕੰਮ ਲਗਭਗ ਸਭ ਨਿਰਮਾਤਾਵਾਂ ਨੇ ਛੱਡ ਦਿੱਤਾ ਕਿਉਂਕਿ 2002 ਦੇ ਬਾਅਦ ਤੋਂ ਸਿਰਫ ਸੰਚਾਲਕਾਂ ਨੇ ਵੀਡੀਓ ਨਿਊਜ਼ ਖਰੀਦਣਾ ਬੰਦ ਕਰ ਦਿੱਤਾ। ਅੱਜ ਬਿਹਾਰ ਤੇ ਝਾਰਖੰਡ ਵਿੱਚ ਅੱਧੀ ਦਰਜਨ ਤੋਂ ਵੱਧ ਸਥਾਨਕ ਚੈਨਲ ਚੱਲਦੇ ਹਨ ਪਰ ਉਹ ਸਾਰੇ ਰਾਸ਼ਟਰੀ ਚੈਨਲਾਂ ਦੇ ਪਿਛਲੱਗ ਬਣ ਕੇ ਰਹਿ ਗਏ ਹਨ। ਝਾਰਖੰਡ ਤੇ ਬਿਹਾਰ ਵਿੱਚ ਈ. ਟੀ. ਵੀ. ਸਹਾਰਾ, ਮਹੂਮਲ ਹਮਰ, ਸਾਧਨਾ ਪੀ. ਟੀ. ਐਨ ਝਾਰਖੰਡ ਟੀ. ਵੀ. 365 ਦਿਨ, ਪੀ. ਬੀ. ਐਲ. ਤਾਜਾ ਟੀ. ਵੀ. ਆਦਿ ਖੇਤਰੀ ਚੈਨਲਾਂ ਦਾ ਪ੍ਰਸਾਰਣ ਹੋ ਰਿਹਾ ਹੈ। ਝਾਰਖੰਡ ਵਿੱਚ ਅਜੇ ਇਕ ਸਥਾਨਕ ਸ਼ੇਅਰ ਕਾਰੋਬਾਰੀ ਦੀ ਕੰਪਨੀ ਅਤੇ ਇਕ ਨਿਊਜ਼ ਚੈਨਲ 'ਚ ਜੰਗ ਛਿੜੀ ਤਾਂ ਮੀਡੀਆ ਦੀ ਭੂਮਿਕਾ 'ਤੇ ਇਕੋ ਵੇਲੇ ਕਈ ਸੁਆਲ ਉਠੇ। ਦਰਅਸਲ ਇਕ ਚੈਨਲ 'ਤੇ ਉਕਤ ਸ਼ੇਅਰ ਕਾਰੋਬਾਰੀ ਨੇ ਦੋਸ਼ ਲਾਇਆ ਕਿ ਉਹਨਾਂ ਤੋਂ 24 ਲੱਖ ਰੁਪਏ ਦੀ ਮੰਗ ਕੀਤੀ ਗਈ। ਦੂਜੇ ਪਾਸੇ ਉਕਤ ਚੈਨਲ ਦਾ ਕਹਿਣਾ ਸੀ ਕਿ ਉਸ ਨੇ ਕੰਪਨੀ ਦੇ ਗੋਰਖਧੰਦਿਆਂ ਨੂੰ ਉਜਾਗਰ ਕੀਤਾ। ਇਸ ਲਈ ਉਸ 'ਤੇ ਦੋਸ਼ ਗੜੇ ਗਏ। ਜੋ ਵੀ ਹੋਵੇ ਇਸ ਅਮਲ ਨੇ ਮੀਡੀਆ ਤੇ ਸਮਾਜ ਵਿਚਕਾਰ ਦੀ ਕੜੀ ਨੂੰ ਕਮਜ਼ੋਰ ਹੀ ਕੀਤਾ। ਵੈਸੇ ਝਾਰਖੰਡ ਤੇ ਬਿਹਾਰ ਵਿੱਚ ਚੈਨਲਾਂ ਦੀ ਆਰਥਿਕ ਸਥਿਤੀ ਅੱਛੀ ਨਹੀਂ ਹੈ। ਇਸ਼ਤਿਹਾਰ ਮਿਲਣਾ ਮੁਸ਼ਕਲ ਹੋ ਗਿਆ ਹੈ ਉੜੀਸਾ 'ਚ ਸਥਿਤੀ ਕੁਝ ਜ਼ਿਆਦਾ ਹੀ ਗੜਬੜ ਹੈ। ਚੈਨਲਾਂ ਵਿਚਕਾਰ ਦੌੜ ਕਾਰਨ ਉੜੀਸਾ ਵਿੱਚ ਐਸੇ-ਐਸੇ ਪ੍ਰੋਗਰਾਮਾ ਦਾ ਪ੍ਰਸਾਰਣ ਹੋ ਰਿਹਾ ਹੈ ਜੋ ਪਰਿਵਾਰ ਨਾਲ ਬੈਠ ਕੇ ਨਹੀਂ ਵੇਖੇ ਜਾ ਸਕਦੇ। ਰਾਜ

ਦੇ ਸਭ ਤੋਂ ਪੁਰਾਣੇ ਟੀ. ਵੀ. ਚੈਨਲ 'ਓ. ਟੀ. ਵੀ.' ਨੇ ਹਲਕੇ ਫੁਲਕੇ ਸੈਕਸ ਸਬੰਧੀ ਪ੍ਰੋਗਰਾਮਾਂ ਦੇ ਪ੍ਰਸਾਰਣ ਦਾ ਸਹਾਰਾ ਲਿਆ ਹੈ। ਉੜੀਸਾ 'ਚ ਜਦ ਸਿਰਫ ਦੂਰਦਰਸ਼ਨ ਹੀ ਇਕੋ ਇਕ ਚੈਨਲ ਹੁੰਦਾ ਸੀ ਤਦ ਕਲਾ, ਸਭਿਆਚਾਰ, ਸੈਰ ਸਪਾਟਾ ਆਦਿ ਨੂੰ ਕੋਈ ਖਾਸ ਤਵੱਜੋ ਨਹੀਂ ਮਿਲਦੀ ਸੀ। ਘਿਸੇ ਪਿਟੇ ਪ੍ਰੋਗਰਾਮਾਂ ਤੋਂ ਦਰਸ਼ਕ ਅੱਕ ਚੁੱਕੇ ਸਨ। ਇਸ ਪਿਛੋਂ ਬੇਰੁਜ਼ਗਾਰ ਨੌਜਵਾਨਾਂ ਨੇ ਸਿਰਫ ਨੈਟਵਰਕ ਨੂੰ ਰੁਜ਼ਗਾਰ ਦਾ ਸਾਧਨ ਬਣਾਇਆ ਪਰ ਘੱਟ ਗਿਣਤੀ ਵਿੱਚ ਚੈਨਲ ਵਿਖਾਉਣ ਅਤੇ ਗੁਣਾਤਮਕ ਨਾ ਹੋਣ ਕਰਕੇ ਉਹ ਆਪਣੇ ਕਾਰੋਬਾਰ 'ਚ ਖਰੇ ਨਹੀਂ ਉਤਰਦੇ ਸਨ। 1996 ਦੇ ਆਸ ਪਾਸ ਸਨਅਤੀ ਘਰਾਣੇ ਇਰਾਫਾ ਨੂੰ ਲੱਗਿਆ ਕਿ ਇਸ ਧੰਦੇ 'ਚ ਅੱਛੀ ਕਮਾਈ ਹੈ।

ਇਸ ਨੇ ਔਰਟੇਲ ਕਮਿਊਨੀਕੇਸ਼ਨ ਨਾਂ ਦੀ ਕੰਪਨੀ ਬਣਾਈ ਅਤੇ ਫਿਰ ਸ਼ੁਰੂ ਹੋਇਆ ਓ. ਟੀ. ਵੀ. ਦਾ ਪ੍ਰਸਾਰਣ। ਜ਼ਿਕਰਯੋਗ ਹੈ ਕਿ ਔਰਟੇਲ ਨੇ ਸਭ ਕੇਬਲ ਨੈਟਵਰਕ ਨੂੰ ਖਰੀਦ ਲਿਆ ਸੀ। ਅੱਜ 'ਓ. ਟੀ. ਵੀ. ਉੜੀਸਾ' 'ਨਕਸਤਰ ਟੀ. ਵੀ.', 'ਔਲੀਵਡ ਟੀ. ਵੀ.' 'ਕਾਮਯਾਬ ਟੀ. ਵੀ. 'ਕਾਮਯਾਬ ਟੀ. ਵੀ. ਇਕਾਅ ਟੀ. ਵੀ.' ਕਨਕ ਟੀ. ਵੀ. ਆਦਿ ਚਲ ਰਹੇ ਹਨ। ਓ. ਟੀ. ਵੀ. ਨੇ ਦੋ ਹੋਰ ਚੈਨਲ ਵੀ ਸ਼ੁਰੂ ਕੀਤੇ ਹਨ 'ਤਰੰਗ' ਅਤੇ 'ਤਰੰਗ ਮਿਊਜ਼ਕ' ਈ. ਟੀ. ਵੀ. ਉੜੀਸਾ ਨੇ ਲਗਭਗ ਦਸ ਸਾਲ ਪਹਿਲਾਂ ਹੀ ਪ੍ਰਸਾਰਨ ਸ਼ੁਰੂ ਕਰ ਦਿੱਤਾ ਸੀ। ਇਸ ਦੇ ਪ੍ਰੋਗਰਾਮ ਵੀ ਲੋਕਾਂ ਨੂੰ ਓ. ਟੀ. ਵੀ. ਤੋਂ ਵੱਧ ਚੰਗੇ ਲੱਗ ਰਹੇ ਸਨ। ਸਮਾਚਾਰਾਂ ਦੇ ਲਿਹਾਜ਼ ਨਾਲ ਲੋਕ ਈ. ਟੀ. ਵੀ. ਨੂੰ ਓ. ਟੀ. ਵੀ. ਤੋਂ ਵੱਧ ਭਰੋਸੇਯੋਗ ਮੰਨਦੇ ਸਨ। ਪਰ ਕੇਬਲ ਨੈਟਵਰਕ 'ਤੇ ਅਜਿਹੀ ਅਜਾਰਦੇਦਾਰੀ ਕਾਰਨ ਔਰਟੇਲ ਨੇ ਈ. ਟੀ. ਵੀ. ਦਾ ਪ੍ਰਸਾਰਣ ਹੀ ਰੋਕ ਦਿੱਤਾ। ਅਜਿਹਾ ਕਿਉਂ ਕੀਤਾ ਗਿਆ। ਇਹ ਪੁੱਛਣ 'ਤੇ ਸਿਰਫ ਇਕ ਲਾਈਨ 'ਚ ਜੁਆਬ ਮਿਲਦਾ ਹੈ (ਉਹ ਵੀ ਆਫ ਦਾ ਰਿਕਾਰਡ) ਕਿ ਈ. ਟੀ. ਵੀ. ਕਈ ਰਵਾਇਤਾਂ ਨੂੰ ਪੂਰਾ ਕਰਨ ਲਈ ਤਿਆਰ ਨਹੀਂ ਸੀ। ਸਿਰਫ ਨੈਟਵਰਕ 'ਤੇ ਡੀ. ਟੀ. ਐਚ. ਦੀ ਸਹੂਲਤ ਆ ਜਾਣ ਪਿਛੋਂ ਮਾਹੌਲ ਬਦਲ ਰਿਹਾ ਹੈ। ਹੁਣ ਲੋਕ ਆਪਣੀ ਪਸੰਦ ਦੇ ਚੈਨਲ ਦੇਖਣ ਨੂੰ ਆਜ਼ਾਦ ਹਨ। ਵੈਸੇ ਸਥਾਨਕ ਚੈਨਲਾਂ ਦੀ ਹਕੀਕਤ ਇਹ ਹੈ ਕਿ ਇਹਨਾਂ 'ਚ ਅਸ਼ਲੀਲਤਾ ਪ੍ਰੇਸ਼ਾਨ ਤੋਂ ਕੋਈ ਪ੍ਰਹੇਜ ਨਹੀਂ ਕੀਤਾ ਜਾ ਰਿਹਾ। ਮੱਧ ਪ੍ਰਦੇਸ਼ 'ਚ ਫਿਲਹਾਲ ਚਾਰ ਖੇਤਰੀ ਹਿੰਦੀ ਸਮਾਚਾਰ ਚੈਨਲ ਚੱਲ ਰਹੇ ਹਨ। ਮੱਧ ਪ੍ਰਦੇਸ਼ ਇਕ ਹਿੰਦੀ ਭਾਸ਼ੀ ਰਾਜ ਹੈ। ਦੇਸ਼ ਦੇ ਬਹੁਤੇ ਮਨੋਰੰਜਨ ਚੈਨਲ ਹਿੰਦੀ ਵਿੱਚ ਹੀ ਹਨ। ਇਹੀ ਵਜਾਹ ਹੈ ਕਿ ਸੂਬੇ ਨੂੰ ਕਦੀ ਖੇਤਰੀ ਮਨੋਰੰਜਨ ਚੈਨਲ ਦੀ ਲੋੜ ਮਹਿਸੂਸ ਨਹੀਂ ਹੋਈ। ਹਾਂ, ਚਾਰ ਸਮਾਚਾਰ ਚੈਨਲ ਹਨ, ਉਹਨਾਂ ਦੀ ਮਨੋਰੰਜਨ ਚੈਨਲ ਦੀ ਕਮੀ ਪੂਰੀ ਕਰ ਦਿੰਦੇ ਹਨ। ਸਮਾਚਾਰ ਦੇ ਨਾਂ 'ਤੇ ਮਨੋਰੰਜਨ ਪ੍ਰੋਗਰਾਮ ਵੀ ਪਰੋਸੇ ਜਾਂਦੇ ਹਨ। ਸਹਾਰਾ ਮੱਧ ਪ੍ਰਦੇਸ਼, ਵਾਇਸ ਆਫ ਇੰਡੀਆ ਮੱਧ ਪ੍ਰਦੇਸ਼ ਵਰਗੇ ਨਿਊਜ਼ ਚੈਨਲ ਪ੍ਰਦੇਸ਼ਿਕ ਖਬਰਾਂ ਨਾਲ ਸੂਬਾ ਨਿਵਾਸੀਆਂ ਨੂੰ ਜਾਣੂ ਕਰਵਾਉਂਦੇ ਹਨ। ਦੂਜੇ ਪਾਸੇ ਸਥਾਨਕ ਕੇਬਲ ਨੈਟਵਰਕ ਰਾਹੀਂ ਚੱਲਣ ਵਾਲੇ ਚੈਨਲਾਂ ਵਿੱਚ ਅਸ਼ਲੀਲਤਾ ਦੀ ਭਰਮਾਰ ਹੈ। ਹਰ ਸਾਲ ਜਿਥੇ ਇਕ ਪਾਸੇ ਰਾਤ ਨੂੰ ਬਾਲਗ ਫਿਲਮਾਂ ਤੇ ਅਸ਼ਲੀਲ ਪ੍ਰੋਗਰਾਮ ਪ੍ਰੋਸੇ ਜਾਂਦੇ ਹਨ ਉੱਥੇ ਸ਼ਹਿਰ 'ਚ ਆਯੋਜਿਤ ਹੋਣ ਵਾਲੇ ਹਰ ਤਰ੍ਹਾਂ ਦੇ ਪ੍ਰੋਗਰਾਮ ਤੇ ਖਬਰਾਂ ਵੀ ਇਸ 'ਤੇ ਦਿੱਤੀਆਂ ਜਾਂਦੀਆਂ ਹਨ। ਕੁਝ ਕੇਬਲ ਤੇ ਸਥਾਨਕ ਨੈਟਵਰਕ ਸੰਚਾਲਕ ਸੇਟੇਲਾਈਟ ਰਾਹੀਂ ਡਿਜਿਟਲ ਅਪਲਿੰਕਿੰਗ ਦੀ ਤਿਆਰੀ ਕਰ ਰਹੇ ਹਨ। ਹੋਰ ਸੂਬਿਆਂ

ਵਾਂਗੂੰ ਮੱਧ ਪ੍ਰਦੇਸ਼ ਦੇ ਲੋਕਾਂ ਦੀ ਵੀ ਪੀੜਾ ਅਸ਼ਲੀਲਤਾ ਕਰਕੇ ਹੈ। ਭੋਪਾਲ ਦੇ ਮਨੋਰੰਜਨ ਚੈਨਲਾਂ ਨੇ ਅਸ਼ੀਲਲਤਾ ਪਰੋਸਨ 'ਚ ਸਭ ਹੱਦਾਂ ਤੋੜ ਦਿੱਤੀਆਂ ਹਨ। ਜਿੰਨੇ ਵੀ ਹਾਸਰਾਸ ਪ੍ਰੋਗਰਾਮ ਆਉਂਦੇ ਹਨ, ਉਹਨਾਂ 'ਚ ਦੱਬੇ ਤੇ ਦੂਹਰੇ ਅਰਥਾਂ ਵਾਲੇ ਸੰਵਾਦ ਹੁੰਦੇ ਹਨ। ਐਸੀ ਭਾਸ਼ਾ ਦੀ ਵਰਤੋਂ ਕਰਦੇ ਹਨ ਜਿਸ ਦਾ ਬੱਚਿਆਂ ਤੇ ਗਲਤ ਅਸਰ ਪੈਂਦਾ ਹੈ।

ਦੇਸ਼ ਭਰ 'ਚ ਖੇਤਰੀ ਮਨੋਰੰਜਨ ਤੇ ਸਮਾਚਾਰ ਚੈਨਲਾਂ ਦੀ ਹਕੀਕਤ ਕੀ ਹੈ, ਇਹ ਤਾਂ ਕੋਈ ਵੀ ਚੈਨਲ ਵੇਖ ਕੇ ਸਮਝੀ ਜਾ ਸਕਦੀ ਹੈ। ਪਰ ਸਰਸਰੀ ਤੌਰ 'ਤੇ ਏਨਾ ਤਾਂ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਅੱਜ ਖੇਤਰੀ ਚੈਨਲਾਂ 'ਚ ਬਾਜ਼ਾਰ ਦਾ ਪ੍ਰਭਾਵ ਇਸ ਹੱਦ ਤਕ ਹਾਵੀ ਹੈ ਕਿ ਇਹਨਾਂ ਨੂੰ ਇਕ ਦੂਜੇ ਤੋਂ ਅੱਗੇ ਨਿਕਲਣ ਤੇ ਵੱਧ ਤੋਂ ਵੱਧ ਰੈਵਨਿਊ ਇਕੱਠਾ ਕਰਨ ਦੇ ਚੱਕਰ 'ਚ ਇਹ ਅੰਦਾਜ਼ਾ ਹੀ ਨਹੀਂ ਹੋ ਰਿਹਾ ਕਿ ਉਸ ਨੇ ਪ੍ਰਗਰਾਮ ਘਰ-ਘਰ 'ਚ ਦੇਖਣ ਲਾਇਕ ਹਨ ਵੀ ਜਾਂ ਨਹੀਂ।

# ਬੁੰਦਲੇਖੰਡ 'ਚ ਬਦਹਾਲੀ ਤਾਂ ਅੰਤ ਹੋਊ ਕਦੇ?

ਬੁਦਲੇਖੰਡ ਦੇ ਲੋਕ ਪਿਛਲੇ ਛੇ ਮਹੀਨਿਆਂ ਤੋਂ ਸੋਕੇ ਦਾ ਮਾਰ ਝੱਲ ਰਹੇ ਹਨ। ਦੇਰ ਨਾਲ ਆਈ ਮੌਨਸੂਨ ਵੀ ਉਹਨਾਂ ਦੇ ਕੰਮ ਨਹੀਂ ਆ ਰਹੀ। ਸੋਕੇ ਦਾ ਪ੍ਰਤੀਕ ਬਣ ਚੁੱਕੇ ਇਸ ਖੇਤਰ ਦੀ ਰਿਪੋਰਟ ਆਓ ਪੜੀਏ ਕਹਾਵਤ ਹੈ 'ਕੀ ਵਰਖਾ ਜਦ ਖੇਤੀ ਸੁੱਕੇ' ਜਿਸ ਤਰ੍ਹਾਂ ਦੇਰ ਨਾਲ ਮਿਲੇ ਨਿਆਂ ਦਾ ਕੋਈ ਅਰਥ ਨਹੀਂ ਹੁੰਦਾ, ਕੁਝ ਇਸ ਤਰ੍ਹਾਂ ਇਸ ਸਾਲ ਦੇਰ ਨਾਲ ਆਈ ਮੌਨਸੂਨ ਦਾ ਕਿਸਾਨਾਂ ਲਈ ਕੋਈ ਮਤਲਬ ਨਹੀਂ ਹੈ। ਸਰਕਾਰਾਂ ਅਜੇ ਭਾਵੇਂ ਹੀ ਸੋਕਾ ਐਲਾਨ ਕਰਨ 'ਚ ਟਾਲਮਟੋਲ ਕਰ ਰਹੀਆਂ ਹੋਣ ਪਰ ਹਾਲਾਤ ਕੌਮੀ ਪੱਧਰ 'ਤੇ ਸੋਕੇ ਵਰਗੇ ਹੀ ਹਨ। ਘੱਟ ਮੀਂਹ ਦਾ ਪੰਜਾਬ, ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼, ਹਿਮਾਚਲ, ਮੱਧ ਪ੍ਰਦੇਸ਼ ਤੇ ਬਿਹਾਰ 'ਚ ਸਾਉਣੀ ਦੀ ਫਸਲ 'ਤੇ ਸਭ ਤੋਂ ਵੱਧ ਬੁਰਾ ਅਸਰ ਪੈਣਾ ਹੈ। ਮੌਸਮ ਵਿਭਾਗ ਨੇ 1 ਤੋਂ 15 ਜੁਲਾਈ ਵਿਚਕਾਰ ਔਸਤ ਤੋਂ ਘੱਟ ਪੱਧਰ ਦਾ ਮੀਂਹ ਨੋਟ ਕੀਤਾ ਹੈ। ਦੇਰ ਨਾਲ ਹੀ ਸਹੀ, ਮੌਨਸੂਨ ਆਉਣ ਦੀ ਆਸ ਲਾਈ ਬੈਠਾ ਕਿਸਾਨਾਂ ਲਈ ਇਹ ਸਥਿਤੀ ਲੱਕ ਭੰਨਣ ਵਾਲੀ ਹੈ। ਇਸ ਵਜ੍ਹਾ ਨਾਲ ਕੁਲ ਘਰੇਲੂ ਉਤਪਾਦ 'ਚ ਖੇਤੀ ਉਪਜ ਦੀ ਭਾਗੀਦਾਰੀ ਪਿਛਲੇ ਸਾਲ 3.8 ਫੀਸਦੀ ਦੇ ਮੁਕਾਬਲੇ ਘਟ ਕੇ 1.8 ਫੀਸਦੀ ਰਹਿ ਸਕਦੀ ਹੈ। ਮੌਨਸੂਨ ਦੀ ਇਹ ਬੇਵਫਾਈ ਮੰਦੀ ਦੇ ਦੌਰ 'ਚ ਗੁਜਰ ਰਹੇ ਭਾਰਤੀ ਅਰਥਚਾਰੇ ਦੀਆਂ ਮੁਸ਼ਕਲਾਂ ਹੋਰ ਵਧਾਉਣ ਵਾਲੀ ਹੈ ਜਾਹਿਰ ਹੈ ਇਸ ਦਾ ਸਮੁੱਚਾ ਅਸਰ ਲਗਾਤਾਰ ਛੇ ਸਾਲਾਂ ਤੋਂ ਸੋਕੇ ਦੀ ਜਦ 'ਚ ਜੀ ਰਹੇ ਬੁੰਦਲੇਖੰਡੀਆਂ ਨੂੰ ਝਲਣਾ ਪੈਣਾ ਹੈ। ਦੇਸ਼ ਦੇ ਦੋ ਵੱਡੇ ਰਾਜ ਉਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਕੁੱਲ ਮਿਲਾ ਕੇ ਪਿਛੜੇ, ਉਜੜੇ ਤੇ ਸੋਕਾ ਗ੍ਰਸਤ ਜ਼ਿਲ੍ਹਿਆਂ ਨੂੰ ਜੋੜ ਕੇ ਜਿਸ ਭੂ ਖੰਡ ਦਾ ਅਸਰ ਭਾਰਤ ਦੇ ਨਕਸ਼ੇ 'ਤੇ ਉਭਰਦਾ ਹੈ, ਉਸ ਨੂੰ ਬੁੰਦਲੇਖੰਡ ਕਿਹਾ ਜਾਂਦਾ ਹੈ। ਇਹ ਭੂ ਖੰਡ ਕੇਨ ਤੇ ਬੇਤਵਾ ਨਦੀਆਂ ਵਿਚਾਲੇ ਹੈ ਬੁੰਦਲੇਖੰਡ ਦਾ ਨਾਂ ਸੋਕੇ ਦੀ ਸੂਚੀ ਵਿਚ ਵਿਦਰਭ ਤੋਂ ਬਾਅਦ ਆਉਂਦਾ ਹੈ। ਹਾਲਾਂਕਿ ਪਿਛਲੇ ਸਾਲ ਇਥੇ ਅੱਛਾ ਮੀਂਹ ਪਿਆ ਸੀ। ਪਰ ਕਿਸਾਨਾਂ ਦਾ ਕੋਈ ਫਾਇਦਾ ਨਹੀਂ ਹੋਇਆ ਕਿਉਂਕਿ ਬਾਰਸ਼ ਸਮੇਂ ਤੋਂ ਇਕ ਮਹੀਨਾ ਪਹਿਲਾਂ ਮਈ 'ਚ ਸ਼ੁਰੂ ਹੋ ਗਈ ਅਤੇ 15 ਜੂਨ ਪਿਛੋਂ ਅਗਸਤ ਤੱਕ ਰੁਕੀ ਨਹੀਂ। ਸਾਉਣੀ ਫਸਲਾਂ ਦਾ ਸਹੀ ਸਮਾਂ ਇਸ ਇਲਾਕੇ 'ਚ 15 ਜੂਨ ਤੋਂ ਬਾਅਦ ਸ਼ੁਰੂ ਹੁੰਦਾ ਹੈ। ਰਿਹਾ ਸੁਆਲ ਪਾਣੀ ਰੋਕਣ ਦਾ, ਤਾਂ ਉਸ ਦੀ ਕੋਈ ਵਿਵਸਥਾ ਨਹੀਂ ਹੈ। ਖੇਤਰ ਦੀਆਂ ਨਹਿਰਾਂ ਤੇ ਖੇਤਾਂ ਵਿੱਚ ਸਿਵਾਏ ਇਸ ਦੇ ਕੋਈ ਫਰਕ ਨਹੀਂ ਬਚਿਆ ਹੈ ਕਿ ਨਹਿਰਾਂ 'ਚ ਥੋੜ੍ਹੀ ਡੂੰਘਾਈ ਹੈ। ਜ਼ਿਆਦਾਤਰ ਨਲਕੇ ਤੇ ਖੂਹ ਖੇਡ ਬਣ ਚੁੱਕੇ ਹਨ ਤੇ ਖੂਹ ਕੂੜਾ ਸੁੱਟਣਾ ਦੀ ਸੁਰੱਖਿਅਤ ਥਾਂ। ਰਵਾਇਤੀ ਤੌਰ 'ਤੇ ਬੁੰਦਲੇਖੰਡ 'ਚ ਪਾਣੀ ਦੇ ਰਖਾਅ ਦੀ ਸਭ ਤੋਂ ਮਨੁਸਿਬ ਥਾਂ ਤਲਾਅ ਰਹੇ ਹਨ। ਮਹੋਬਾ, ਬਾਂਦਾ, ਹਮੀਰਪੁਰ, ਚਿਤ੍ਰਕੂਟ ਹੋਵੇ ਜਾਂ ਕੋਈ ਹੋਰ ਜ਼ਿਲ੍ਹਾ, ਹਰ ਪਿੰਡ ਸ਼ਹਿਰ ਵਿੱਚ ਤਲਾਬਾਂ ਦਾ ਜਾਲ ਹੈ। ਮਹੋਬਾ ਜ਼ਿਲ੍ਹੇ ਦਾ ਚਾਰਖਾਰੀ ਨਗਬ ਪਾਲਿਕਾ ਖੇਤਰ ਇਸ ਦੀ ਆਦਰਸ਼ ਮਿਸਾਲ ਹੈ। ਜਿਥੇ 7 ਵਿਸ਼ਾਲ ਤਲਾਅ ਇਕ ਦੂਜੇ ਨਾਲ ਜੁੜੇ ਹੋਏ ਹਨ। ਇਸ ਲਈ ਇਸ ਨੂੰ ਬੁੰਦਲੇਖੰਡ ਦਾ ਕਸ਼ਮੀਰ ਵੀ ਕਿਹਾ ਜਾਂਦਾ ਹੈ। ਉਤਰ ਪ੍ਰਦੇਸ਼ ਸੈਰ ਸਪਾਟਾ ਵਿਭਾਗ

ਨੇ ਸਹੀ ਸੋਚ ਕੇ ਇਹਨਾਂ ਤਲਾਬਾਂ ਦੇ ਸੁੰਦਰੀਕਰਨ ਲਈ ਸੰਨ 2003 'ਚ ਤੀਹ ਕਰੋੜ ਵੀ ਦਿੱਤੇ ਸਨ ਜਿਸ ਦਾ ਠੇਕਾ ਸਮਾਜਵਾਦੀ ਪਾਰਟੀ ਪ੍ਰਮੁੱਖ ਮੁਲਾਇਮ ਸਿੰਘ ਦੇ ਸਾਢੂ ਐਸ਼ ਚੰਦਰ ਯਾਦਵ ਨੂੰ ਮਿਲਿਆ। ਪਰ ਇਥੇ ਭਰਿਸ਼ਟ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਸਨ ਕਿ ਮੁਲਾਇਮ ਸਿੰਘ ਯਾਦਵ ਦੇ ਸਾਢੂ ਤਲਾਅ ਦੀ ਸੁੰਦਰੀਕਰਨ ਕਰਨ ਦੀ ਬਜਾਏ ਅਧਿਕਾਰੀਆਂ ਦੀ ਜੇਬਾਂ ਦੀ ਰੌਣਕ ਵਧਾ ਕੇ ਇਸ ਰਾਸ਼ੀ ਦੀ ਬਾਂਦਰਵੰਡ ਕਰ ਲਈ। ਕੰਮ ਤੋਂ ਅਸੰਤੁਸ਼ਟ ਪ੍ਰਸਾਸ਼ਨ ਨੇ ਕੁੱਲ ਪਹਾੜ ਤਹਿਸੀਲ ਦੇ ਨਾਇਬ ਤਹਿਸੀਲਦਾਰ ਗੁਲਾਬ ਸਿੰਘ ਨੂੰ ਜਾਂਚ ਅਧਿਕਾਰੀ ਨਿਯੁਕਤ ਕੀਤਾ ਗਿਆ। ਚਰਖਾਰੀ ਦੇ ਲੋਕ ਵੀ ਖੁਸ਼ ਸਨ ਕਿ ਜਾਂਚ ਦਾ ਜਿੰਨਾ ਜਦ ਗੁਲਾਬ ਸਿੰਘ ਵਰਗੇ ਇਮਾਨਦਾਰ ਅਧਿਕਾਰੀ ਨੂੰ ਮਿਲਿਆ ਹੈ ਤਾਂ ਘਪਲੇਬਾਜ਼ੀ ਦੀ ਪੋਲ ਖੁੱਲ੍ਹ ਕੇ ਰਹੇਗੀ। ਗੁਲਾਬ ਸਿੰਘ ਨੇ ਇਸ ਮਾਮਲੇ 'ਚ ਦਸ ਲੋਕਾਂ ਨੂੰ ਦੋਸ਼ੀ ਬਣਾਇਆ। ਚਰਖਾਰੀ ਦੇ ਨਗਰਪਾਲਿਕਾ ਅਧਿਕਾਰੀ ਅਰਵਿੰਦਰ ਸਿੰਘ ਚੌਹਾਨ ਕਹਿੰਦੇ ਹਨ 'ਜਾਂਚ 'ਤੇ ਕੋਈ ਕਾਰਵਾਈ ਹੁੰਦੀ ਇਸ ਤੋਂ ਪਹਿਲਾਂ ਹੀ ਉਸ ਵੇਲੇ ਦੇ ਜ਼ਿਲ੍ਹਾ ਅਧਿਕਾਰੀ ਰਵਿੰਦਰ ਇਸ ਕੇਸ ਦੇ ਵਾਦੀ ਬਣ ਗਏ ਅਤੇ ਦੁਬਾਰਾ ਸਿਰਫ ਚਾਰ ਦੋਸੀਆਂ ਖਿਲਾਫ ਹੀ ਮੁਕੱਦਮਾ ਦਰਜ ਹੋਇਆ ਉਹ ਵੀ ਹੇਠਲੀ ਸ਼੍ਰੇਣੀ ਦੇ ਕਰਮਚਾਰੀਆਂ ਖਿਲਾਫ।'

ਬੁਦਲੇਖੰਡੀਆਂ ਦੇ ਜੀਵਨ ਨੂੰ ਅਧਿਕਾਰੀਆਂ ਨੇਤਾਵਾਂ ਤੇ ਲੱਠਮਾਰਾਂ ਗੁੰਡਿਆਂ ਦੀ ਤਿਕੜੀ ਨੇ ਬੇਵਸ ਬਣਾ ਦਿੱਤਾ ਹੈ। ਪੇਂਡੂ ਭੀਖ ਮੰਗਿਆ ਵਰਗੀ ਹਾਲਤ ਵਿਚ ਹਨ। ਇਸ ਖੇਤਰ ਦੇ ਪਿੰਡਾਂ 'ਚ ਜੋ ਵੀ ਜਾਂਦਾ ਹੈ। ਉਸ ਤੋਂ ਕੁਝ ਹਾਸਲ ਕਾਰਨ ਦੀ ਹਾਲਤ 'ਚ ਉਸ ਦੇ ਅੱਗੇ ਪਿੱਛੇ ਚੱਕਰ ਕੱਢਣ ਲੱਗਦੇ ਹਨ। ਰਾਸ਼ਣ ਕਾਰਡ, ਗਰੀਬੀ ਰੇਖਾ ਕਾਰਡ, ਨਰੇਗਾ ਕਾਰਡਾਂ ਦੇ ਘਪਲੇ ਅਤੇ ਕਿਸਾਨਾਂ ਕਰੈਡਿਟ ਕਾਰਡਾਂ 'ਚ ਕੀਤੇ ਜਾ ਰਹੇ ਗਲਤ ਲੈਣ ਦੇਣ ਤੋਂ ਲੋਕ ਦੁਖੀ ਹਨ। ਪੰਡੁਈ ਪਿੰਡ ਦੇ ਨੌਜਵਾਨ ਊਦੇ ਯਾਦਵ ਕਹਿੰਦੇ ਹਨ, "ਪਹਿਲਾਂ ਅਸੀਂ ਵਧ ਕੰਮ ਕਰਦੇ ਸੀ ਤਾਂ ਸਰਪੰਚ ਵਿਕਾਸ ਅਧਿਕਾਰੀ ਕੰਮ ਦਿਖਾ ਕੇ ਪੈਸਾ ਡਕਾਰ ਜਾਂਦੇ ਹਨ। ਜਦੋਂ ਤੋਂ ਸਰਕਾਰ ਨੇ ਖਾਤਾ ਖੋਲ੍ਹ ਦਿੱਤਾ ਹੈ ਤਾਂ ਵੱਧ ਕੰਮ ਦਿਖਾ ਕੇ ਸਾਡੇ ਕੋਲੋਂ ਪੈਸਾ ਕਢਵਾ ਲੈਂਦੇ ਹਨ ਤੇ ਬਾਕੀ ਪੈਸਾ ਹਜਮ ਕਰ ਜਾਂਦੇ ਹਨ, ਉਤਰ ਪ੍ਰਦੇਸ਼ ਦੀ ਸਰਕਾਰ ਵਿੱਚ ਤਿੰਨ ਵਾਰੀ ਪੇਂਡੂ ਵਿਕਾਸ ਮੰਤਰੀ ਰਹਿ ਚੁੱਕੇ ਜਮੁਨਾ ਪ੍ਰਸ਼ਾਦ ਬੋਸ ਇਸ ਬਾਰੇ ਕਹਿੰਦੇ ਹਨ 'ਸਰਕਾਰਾਂ ਲੋਕਾਂ ਦਾ ਫਿਰਕ ਕਰਨ ਦੀ ਥਾਂ ਦਲਾਲਾਂ ਦੀ ਚਿੰਤਾ ਕਰਦੀਆਂ ਹਨ। ਚਾਹੇ ਜਿਸ ਦੀ ਸਰਕਾਰੀ ਰਹੇ, ਲੁੱਟੂ ਦੀ ਹਿੱਸੇਦਾਰੀ ਯਕੀਨੀ ਬਣਾਉਣ ਲਈ ਲੱਠਮਾਰਾਂ ਦੀਆਂ ਲਾਲਬੱਤੀਆਂ ਲਾ ਦਿੱਤੀਆਂ ਜਾਂਦੀਆਂ ਹਨ। 'ਬੁਦੇਲਖੰਡ 'ਚ ਪਾਣੀ ਦੀ ਘਾਟ ਕਾਰਨ ਹਰ ਸਾਲ ਲਗਭਗ 70 ਫੀਸਦੀ ਖੇਤੀਯੋਗ ਭੂਮੀ ਖਾਲੀ ਰਹਿ ਜਾਂਦੀ ਹੈ। ਇਸ ਦੀ ਵਜਾਹ ਕਰਕੇ ਕਿਸਾਨਾ-ਮਜ਼ਦੂਰਾਂ ਦਾ ਵੱਡੇ ਪੈਮਾਨੇ 'ਤੇ ਪਲਾਇਨ ਜਾਰੀ ਹੈ। ਪਿੰਡਾਂ 'ਚ ਪਹਿਲੀ ਨਜ਼ਰੇ ਬਜੁਰਗ ਹੀ ਦਿਸਦੇ ਹਨ। ਪਿੰਡਾਂ ਦੇ ਸਵਰਣ ਟੋਲਿਆਂ ਵਿੱਚ ਨੌਜਵਾਨ ਔਰਤਾਂ ਅਤੇ ਬੱਚੇ ਵੀ ਦਿਸ ਜਾਂਦੇ ਹਨ ਪਰ ਦਲਿਤ ਟੋਲਿਆਂ ਵਿੱਚ ਮੰਨੇ ਜਿਵੇਂ ਛਾਂਟ-ਛਾਂਟ ਕੇ ਸਿਰਫ਼ ਬਜ਼ੁਰਗ ਹੀ ਰਹਿ ਗਏ ਹੋਣ। ਦੇ ਬਹੁਤੇ ਨੌਜਵਾਨ ਪਿੰਡ ਖਾਲੀ ਕਰ ਚੁੱਕੇ ਹਨ, ਲੋਕ ਇਕੋ ਅਵਾਜ 'ਚ ਕਹਿੰਦੇ ਹਨ ਕਿ ਬੁੰਦੇਲਖੰਡ ਵਿੱਚ ਪਾਣੀ ਦੀ ਉਪਲਭਤਾ ਹੀ ਸਭ ਸਮੱਸਿਆਵਾਂ ਦੂਰ ਕਰਨ ਦਾ ਸਭ ਤੋਂ ਮਕਬੂਲ ਉਪਾਅ ਹੈ। ਪਰ ਸੁੱਕ ਚੁੱਕੇ ਤਲਾਬਾਂ ਦੇ ਪੁਨਰਵਾਸ ਲਈ ਸਰਕਾਰ ਕੌਮੀ ਰੁਜ਼ਗਾਰ ਗਰੰਟੀ

ਯੋਜਨਾ ਦੇ ਤਹਿਤ ਜੋ ਕੰਮ ਕਰਵਾਇਆ ਹੈ ਉਹ ਹੁਣ ਤੱਕ ਸਿਰਫ ਖਾਨਾਪੂਰਤੀ ਕਰਕੇ ਬਜਟ ਪਾਸ ਕਰਨ ਦਾ ਜਰੀਆ ਬਣ ਕੇ ਰਹਿ ਗਿਆ ਹੈ। ਪਰ ਭਰਿਸ਼ਟਾਚਾਰ ਦੇ ਸਮੂਹ ਵਿੱਚ ਟਾਪੂ ਵਾਂਗੂ ਹੀ ਸੀ ਬੁਦੇਲਖੰਡ 'ਚ ਕੁਝ ਇਮਾਨਦਾਰ ਕੋਸ਼ਿਸ਼ਾਂ ਵੀ ਜਾਰੀ ਹਨ। ਰਾਹੁਲ ਗਾਂਧੀ ਆਏ ਪਰ ਬਾਂਦਾ ਜ਼ਿਲ੍ਹੇ ਦੇ ਮਾਧੋਪੁਰ ਪਿੰਡ 'ਚ ਕਿਸੇ ਦੇ ਘਰ ਸਾਲ ਸਭ ਤੋਂ ਖਾਣ ਨੂੰ ਅਨਾਜ ਦਾ ਦਾਣਾ ਵੀ ਨਹੀਂ ਹੈ। ਬਹੁਤ ਪੇਂਡੂ ਰੋਟੀ-ਚਟਨੀ ਨਾਲ ਜਿੰਦਾ ਹਨ। ਰਾਹੁਲ ਸਿਰਫ ਗਰੀਬੀ ਦੇ ਦਰਸ਼ਨ ਕਰਨ ਆਏ। ਤੰਗਹਾਲੀ ਜਾਰੀ ਹੈ। ਸਰਕਾਰ ਮਗਨ ਹੈ।

# ਬੈਂਕ ਕਿਸਾਨਾਂ ਨੂੰ ਠਗਦੇ ਕਿਵੇਂ ਹਨ?

ਸਹਾਰਨਪੁਰ ਤੇ ਮੁਜ਼ਫਰਨਗਰ ਦੇ ਹਜਾਰਾਂ ਕਿਸਾਨਾਂ ਨਾਲ ਇਕ ਬੈਂਕ ਤੇ ਇਕ ਚੀਨੀ ਮਿੱਲ ਨੇ ਖਾਤਾ ਖੋਲ੍ਹਣ ਦੇ ਨਾਂ ’ਤੇ ਕਰੋੜਾਂ ਰੁਪਏ ਦੀ ਠੱਗੀ ਕੀਤੀ ਹੈ। ਜਿਸ ਦੇ ਵਿਸਥਾਰ ਅਨੁਸਾਰ ਪੱਛਮੀ ਉਤਰ ਪ੍ਰਦੇਸ਼ ਦੇ ਦੇਵਨੰਦ ਤੇ ਖਤੌਲੀ ’ਚ ਹਜ਼ਾਰਾਂ ਗੰਨਾ ਕਿਸਾਨਾਂ ਨੂੰ ਆਈ ਸੀ ਆਈ ਸੀ ਆਈ ਬੈਂਕ ਨੇ ਇੱਕ ਪੈਸਾ ਕਰਜ਼ਾ ਦਿੱਤੇ ਬਗ਼ੈਰ ਹੀ ਸੱਤ ਸੌ ਕਰੋੜ ਰੁਪਏ ਦਾ ਕਰਜ਼ਦਾਰ ਬਿਨਾ ਦਿੱਤਾ ਇਨ੍ਹਾਂ ਕਿਸਾਨਾਂ ਨੂੰ ਆਈ ਸੀ ਆਈ ਬੈਂਕ ਤੋਂ ਕਦੀ ਕੋਈ ਚੈੱਕ ਮਿਲਿਆ ਨਾ ਪਾਸ ਬੁੱਕ ਬਾਵਜੂਦ ਇਸ ਦੇ ਮੁੰਬਈ ਸਥਿਤ ਬੈਂਕ ਦੀ ਮੁੱਖ ਸਾਖਾ ਤੋਂ ਡੇਢ ਲੱਖ ਤੋਂ ਲੈ ਕੇ ਛੇ ਲੱਖ ਤੱਕ ਦੇ ਕਰਜੇ ਦਿੱਤੇ ਜਾਣ ਬਦਲੇ ਕਿਸਾਨਾਂ ਨੂੰ ਰਿਕਵਰੀ ਪ੍ਰੰਤੂ ਭੇਜੇ ਗਏ ਹਨ। ਬੈਂਕ ਦੇ ਰਿਕਵਰੀ ਪ੍ਰਾਂਤ ’ਚ ਲਿਖਿਆ ਹੋਇਆ ਹੈ ਕਿ ‘ਜੇ ਕਰਜਦਾਰ ਕਿਸਾਨ ਪ੍ਰਾਂਤ ਮਿਲਣ ਦੇ 15 ਦਿਨਾਂ ਦੇ ਅੰਦਰ ਕੋਈ ਜੁਆਬ ਨਹੀਂ ਦਿੰਦਾ ਤਾਂ ਬੈਂਕ ਦਾ ਦਾਅਵਾ ਸਹੀ ਮੰਨਿਆ ਜਾਵੇਗਾ। ਦੇਵਬੰਦ ਦੇ ਸਮਾਜਵਾਦੀ ਪਾਰਟੀ ਦੇ ਵਿਧਾਇਕ ਇਮਰਾਨ ਮਸੂਦ ਮੁਤਾਬਕ ‘ਸਹਾਰਨਪੁਰ ਦੇ ਇਤਿਹਾਸ ’ਚ ਇਹ ਸਭ ਤੋਂ ਵੱਡਾ ਘਪਲਾ ਹੈ।’ ਆਈ. ਸੀ. ਆਈ. ਸੀ. ਆਈ. ਬੈਂਕ ਅਤੇ ਤ੍ਰਿਵੈਣੀ ਇੰਜਨੀਅਰਿੰਗ ਐਂਡ ਇੰਢਸਟਰੀਜ਼ ਲਿਮਟਿਡ ਸ਼ੂਗਰ ਯੂਨਿਟ (ਤ੍ਰਿਵੈਣੀ ਸ਼ੂਗਰ ਮਿਲ) ਨੇ ਮਿਲੀਭੁਗਤ ਕਰਕੇ ਸਹਾਰਨਪੁਰ ਤੇ ਮੁਜ਼ੱਫਰਪੁਰ ਦੇ 60 ਪਿੰਡਾ ਦੇ ਹਜਾਰਾਂ ਕਿਸਾਨਾਂ ਦੇ ਨਾਂ ’ਤੇ ਖਾਤਾ ਖੋਲ ਕੇ ਖੇਤ ਤੋਂ ਕਰੋੜਾਂ ਰੁਪਏ ਕੱਢ ਕੇ ਠੱਗੀ ਦਾ ਨਵਾਂ ਨਮੂਨਾ ਪੇਸ਼ ਕੀਤਾ ਹੈ। ਗਲਤੀ ਨਾਲ ਕਿਹਾ ਜਾਵੇ ਜਾਂ ਫਿਰ ਕਿਸਾਨਾਂ ਦੇ ਦਬਾਅ ਹਨ। ਬੈਂਕ ਨੇ ਲਗਭਗ 20 ਪਿੰਡਾਂ ਦੇ 1800 ਲੋਕਾਂ ਨੂੰ ‘ਨੋ ਡਿਊਜ਼’ ਭੇਜ ਕੇ ਖੁਦ ਇਸ ਦੀ ਪੁਸ਼ਟੀ ਕਰ ਦਿੱਤੀ ਹੈ। ਬਾਕੀ ਕਿਸਾਨਾਂ ਤੱਕ ਰਿਕਵਰੀ ਪੱਤਰ ਪਹੁੰਚਣ ਤੋਂ ਪਹਿਲਾਂ ਹੀ ਇਲਾਕੇ ’ਚ ਵਧਦੇ ਰੋਸ ਨੂੰ ਭਾਂਪ ਕੇ ਅਤੇ ਮਿਲ ਕੇ ਕਰਮਚਾਰੀਆਂ ਨੇ ਪੋਸ਼ਟ ਆਫਿਸ ਤੋਂ ਰਿਕਵਰੀ ਪਤ ਬਟੋਰ ਲਏ। ਜਿਹਨਾਂ ਕਿਸਾਨਾਂ ਨੂੰ ਪ੍ਰੰਤੂ ਮਿਲਿਆ ਉਹਨਾਂ ਨੇ ਇਸ ਖਿਲਾਫ ਆਵਾਜ਼ ਉਠਾਈ ਤਾਂ ਬੈਂਕ ਨੇ ਕਿਸਾਨਾਂ ਨੂੰ ‘ਨੋ ਡਿਊਜ਼’ ਦਾ ਪੱਤਰ ਫੜਾ ਦਿੱਤਾ। ਜਦ ਕਿ ਤ੍ਰਿਵੈਣੀ ਸਮੂਹ ਦੇ ਮੁਖੀ ਅਨਿਲ ਤੰਵਰ ਦਾ ਜੁਆਬ ਸੀ ‘ਅਸੀਂ ਤਾਂ ਅਜੇਹਾ ਹੀ ਕਰਦੇ ਹਾਂ। ਜੇ ਕਿਸਾਨਾਂ ਦੇ ਸਿਰ ’ਤੇ ਕਰਜਾ ਨਹੀਂ ਲਵਾਂਗੇ ਤਾਂ ਕਿਸਾਨਾਂ ਦੇ ਗੰਨੇ ਦਾ ਪੈਸਾ ਕੰਪਨੀ ਕਿਵੇਂ ਅਦਾ ਕਰ ਸਕੇਗੀ? ਤ੍ਰਿਵੈਣੀ ਸਮੂਹ ਦੇ ਮੁਖੀ ਨੇ ਇਸ ਜੁਆਬ ’ਤੇ ਦੋਨਾਂ ਜ਼ਿਲਿਆਂ ਦੇ ਕਿਸਾਨ ਅਤੇ ਸਹਾਰਨਪੁਰ ਡੀ. ਐਮ. ਅਲੋਕ ਕੁਮਾਰ ਕਹਿੰਦੇ ਹਨ ਕਿ ਠੱਗੀ ਦਾ ਇਹ ਤਰੀਕਾ ਉਹਨਾਂ ਸਮਿਆਂ ਦੇ ਲਈ ਬਿਲਕੁਲ ਨਵਾਂ ਹੈ। ਭਾਐਲਾ ਕਲਾਂ ਪਿੰਡ ਦੇ ਕਿਸਾਨ ਅਤੇ ਭਾਜਪਾ ਨੇਤਾ ਰਾਮਪਾਲ ਸਿੰਘ ਪੁੰਡੀਰ ਨੇ ਦੱਸਿਆ ਕਿ ਫਰਵਰੀ 2007 ’ਚ ਤ੍ਰਿਵੈਣੀ ਖੰਡ ਮਿਲ ਅਤੇ ਆਈ. ਸੀ. ਆਈ. ਸੀ. ਆਈ. ਬੈਂਕ ਦੀ ਸਹਾਰਨਪੁਰ ਸ਼ਾਖਾ ਦੇ ਕਰਮਚਾਰੀਆਂ ਅਧਿਕਾਰੀਆਂ ਨੇ ਪਿੰਡ ਪਿੰਡ ਘੁਸ ਕੇ ਦੱਸਿਆ ਕਿ ਜੇ ਕਿਸਾਨ ਬੈਂਕ ਵਿਚ ਖਾਤਾ ਖੋਲ੍ਹ ਲੈਣ ਤਾਂ ਤ੍ਰਿਵੈਣੀ ਚੀਨੀ ਮਿੱਲ ਤੋਂ ਗੰਨੇ ਦੇ ਬਕਲੇ ਕਿਸਾਨਾਂ ਨੂੰ ਮਿਲਣ ਵਾਲਾ ਪੈਸਾ ਸਿੱਧਾ ਬੈਂਕ ਵਿਚ ਆਵੇਗਾ ਇਸ ਤੋਂ ਇਲਾਵਾ 50 ਹਜ਼ਾਰ ਤਕ ਦਾ ਉਧਾਰ ਏ. ਟੀ. ਐਮ. ਕਾਰਡ ਅਤੇ ਕਰਜ਼ੇ

ਦੀਆਂ ਹੋਰ ਸਹੂਲਤਾਂ ਵੀ ਮਿਲਣਗੀਆਂ। ਹਰ ਪਿੰਡ ਵਿਚ ਬੈਂਕ ਅਤੇ ਮਿੱਲ ਦੀਆਂ ਹੋਰ ਸਹੂਲਤਾਂ ਵੀ ਮਿਲਣਗੀਆਂ। ਹਰ ਪਿੰਡ ਵਿਚ ਬੈਂਕ ਅਤੇ ਮਿੱਲ ਦੇ ਦੋ-ਚਾਰ ਕਮਰਚਾਰੀ ਹੋਣ ਦੇ ਨਾਤੇ ਪੇਂਡੂਆਂ ਨੇ ਸਿਰਫ ਭਰੋਸਾ ਕਰ ਲਿਆ ਅਤੇ ਖਾਤਾ ਖੁੱਲ੍ਹ ਗਿਆ। ਖਾਤਾ ਖੋਲ੍ਹਣ ਪਿਛੋਂ ਕਿਸਾਨਾਂ ਨੂੰ ਇਹ ਰਿਕਵਰੀ ਪ੍ਰਤ ਮਿਲਿਆ। ਕਰਜੇ ਦੇ ਨਾਂ ਤੇ ਚਵਾਨੀ ਵੀ ਨਹੀਂ ਮਿਲੀ, ਸਹਾਰਨਪੁਰ ਦੇ ਕਿਸਾਨਾ ਨੇ ਜਦ 7 ਜੂਨ ਨੂੰ ਬੈਂਕ ਦੀ ਸਾਖਾ ਮੂਹਰੇ ਮੁਜਾਹਰਾ ਕੀਤਾ ਤਾਂ ਜਿਲਾ ਅਧਿਕਾਰੀ ਅਸ਼ੋਕ ਕੁਮਾਰ ਨੇ ਸਹਾਰਨਪੁਰ ਗੰਨਾ ਕਮਿਸ਼ਨਰ ਨੇ ਉਪਾਧਿਆਏ ਨੂੰ ਇਸ ਦੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ। ਗੰਨਾ ਕਮਿਸ਼ਨਰ ਨੇ ਦੱਸਿਆ ਕਿ 'ਤ੍ਰਿਵੈਣੀ ਸ਼ੂਗਰ ਮਿਲ ਅਤੇ ਆਈ. ਸੀ. ਆਈ. ਸੀ. ਬੈਂਕ ਨੇ ਜੋ ਜੁਆਬ ਦਿੱਤਾ ਹੈ 'ਉਹ ਸਿਰਫ ਖਾਨਾ ਪੂਰਤੀ ਹੈ। ਬੈਂਕ ਨੇ ਹੁਣ ਤਕ ਇਹ ਨਹੀਂ ਦੱਸਿਆ ਕਿ ਰਿਜ਼ਰਵ ਬੈਂਕ (ਆਰ. ਬੀ. ਆਈ.) ਦੀ ਕਿਸ ਯੋਜਨਾ ਤਹਿਤ ਕਿਸਾਨਾਂ ਨੂੰ ਕਰਜ਼ਾ ਦਿੱਤਾ ਗਿਆ ਸੀ।' ਪਰ ਕਿਸਾਨਾਂ ਦੇ ਨਾਂ 'ਤੇ ਕਰਜ਼ਾ ਬੈਂਕ ਤੋਂ ਕੱਢੇ ਜਾਣ ਦੇ ਮੁੱਦੇ 'ਤੇ ਕਮਿਸ਼ਨਰ ਨੇ ਕਿਹਾ ਕਿ 'ਇਸ 'ਤੇ ਦੋ-ਟੁਕਰਾਇ ਦੇਣਾ ਜਲਦਬਾਜੀ ਹੋਵੇਗੀ।

ਇਸ ਘੁਟਾਲੇ ਸਬੰਧੀ ਸਪੱਸ਼ਟ ਬੋਲਣ 'ਚ ਜਾਂਚ ਅਧਿਕਾਰੀ ਭਾਵੇਂ ਝਿਜਕ ਰਹੇ ਹੋਣ ਪਰ ਪੀੜਤ ਕਿਸਾਨ ਸੀ. ਬੀ. ਆਈ. ਜਾਂਚ ਦੀ ਮੰਗ ਕਰ ਰਹੇ ਹਨ। ਨਵਾਂ ਪਿੰਡ ਦੇ ਕਿਸਾਨ ਚੰਦਰਪਾਲ ਸਿੰਘ ਦਾ ਕਹਿਣਾ ਹੈ ਕਿ 'ਕਿਸਾਨ-ਕਰਜ਼ੇ ਦੇ ਨਾਂ 'ਤੇ ਆਰ. ਬੀ. ਆਈ. ਤੋਂ ਸੱਤ ਫੀਸਦੀ ਦੀ ਵਿਆਜ ਦਰ 'ਤੇ ਆਈ. ਸੀ. ਆਈ. ਸੀ. ਬੈਂਕ ਨੇ ਤ੍ਰਿਵੈਣੀ ਖੰਡ ਮਿਲ ਨੂੰ ਜੋ ਕਰੋੜਾਂ ਰੁਪਿਆ ਦਿੱਤਾ ਹੈ, ਉਹ ਨਾ ਸਿਰਫ ਘਪਲਾ ਹੈ, ਬਲਕਿ ਇਹ ਦੇਸ਼ ਦੇ ਨਾਲ ਚਾਰ ਸੌ ਵੀਹ ਹੈ।' ਜਦਕਿ ਬੈਂਕ ਦੀ ਤਰਫੋਂ ਸਫਾਈ 'ਚ ਮੀਡੀਆ ਪ੍ਰਤੀਨਿਧੀ ਰਾਖੀ ਦਾ ਕਹਿਣਾ ਹੈ ਕਿ ਤਕਨੀਕੀ ਗਲਤੀ ਕਾਰਨ ਕਿਸਾਨਾ ਕੋਲ ਰਿਕਵਰੀ ਪੱਤਰ ਚਲਾ ਗਿਆ ਸੀ ਸਭ ਤੋਂ ਵੱਧ ਬੇਫ਼ਿਕਰ ਜੁਆਬ ਤ੍ਰਿਵੈਣੀ ਸ਼ੂਗਰ ਮਿਲ ਦੇ ਮਹਾਂ ਪ੍ਰਬੰਧਨ ਡੀ. ਐਨ. ਮਿਸ਼ਰ ਦਾ ਹੈ ਕਿ 'ਕੰਪਨੀ ਨੇ ਐਲ ਆਰ ਯੋਜਨਾ ਦੇ ਤਹਿਤ ਬੈਂਕ ਤੋਂ ਕਰਜਾ ਲਿਆ ਸੀ ਉਸ ਨੂੰ ਅਪ੍ਰੈਲ ਮਹੀਨੇ 'ਚ ਜਮਾ ਕਰ ਦਿੱਤਾ ਗਿਆ ਸੀ' ਕਰਜਾ ਜਿਸ ਵੀ ਯੋਜਨਾ ਦੇ ਤਹਿਤ ਲਿਆ ਗਿਆ ਹੋਵੇ ਪਰ ਸੁਆਲ ਹੈ ਕਿ ਜਿਨ੍ਹਾਂ ਕਿਸਾਨਾਂ ਦੇ ਖਾਤੇ ਤੋਂ ਪੈਸੇ ਕੱਢੇ ਗਏ, ਉਹਨਾਂ ਨੂੰ ਇਸ ਗੱਲ ਦਾ ਪਤਾ ਤੱਕ ਨਹੀਂ ਸੀ ਜਦ ਕਿ ਬੈਂਕ ਤੇ ਚੀਨੀ ਮਿੱਲ ਦੋਨੋਂ ਮਿਲ ਕੇ ਮਿਲਾਈ ਇਕੱਠੀ ਕਰ ਰਹੇ ਸਨ। ਦੱਖਣੀ ਭਾਰਤ 'ਚ ਵਿਦਰਭ ਪਿਛੋਂ ਉਮਰ ਭਾਰਤ 'ਚ ਸਭ ਤੋਂ ਵੱਧ ਸੋਕਾ ਪ੍ਰਭਾਵਿਤ ਇਲਾਕਾ ਬੁੰਦਲੇਖੰਡ ਹੈ। ਇੱਥੇ ਵੀ ਸਰਕਾਰ ਸਿਰਫ਼ ਚ੍ਰਿਤਕੂਟ ਮੰਡਲ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ ਲਗਭਗ 700 ਕਰੋੜ ਤੋਂ ਵੱਧ ਦਾ ਪੈਕੇਜ਼ ਦੇ ਚੁੱਕੀ ਹੈ, ਉੱਥੇ ਦੂਜੇ ਪਾਸੇ ਇਨ੍ਹਾਂ ਹੀ ਤਿੰਨ ਸਾਲਾਂ ਵਿੱਚ ਚਿਤ੍ਰਕੂਟ ਮੰਡਲ ਦੇ ਕਿਸਾਨ ਦਰਵਾਜ਼ਿਆਂ ਤੋਂ ਬੈਂਕ ਨੇ ਇਕ ਹਜ਼ਾਰ ਤੋਂ ਵੱਧ ਟ੍ਰੈਕਟਰ ਖਿਚਵਾ ਲਏ ਹਨ। ਬੁਦਲੇਖੰਡ ਦੇ ਕਗਤੂਆ ਕੋਢੀ ਨੇ ਕਦੀ ਕਿਸੇ ਬੈਂਕ ਤੋਂ ਕਰਜਾ ਨਹੀਂ ਲਿਆ ਸੀ ਪਰ ਉਸ ਨੂੰ ਭਾਰਤੀ ਸਟੇਟ ਬੈਂਕ ਮਹੋਵਾ ਦੀ ਸ਼ਾਖਾ ਨੇ ਕਰਜਦਾਰ ਐਲਾਨ ਦਿੱਤਾ। ਕਮਤੂਆ ਕੋਢੀ ਨੇ ਜਦ ਸੁਣਿਆ ਕਿ ਇਸ ਦੇ ਨਾਂ 'ਤੇ ਟ੍ਰੈਕਟਰ ਦੀ ਨਿਕਾਸੀ ਹੋਈ ਹੈ ਅਤੇ ਉਹ ਤਿੰਨ ਲੱਖ ਤੋਂ ਵੱਧ ਦਾ ਕਰਜ਼ਦਾਰ ਹੈ ਤਾਂ ਉਸ ਦਾ ਸਾਹ ਰੁਕ ਗਿਆ ਅਤੇ ਉਸ ਦੀ ਮੌਤ ਹੋ ਗਈ। ਬਾਪ ਦੇ ਮਰਨ ਦੀ ਸੂਚਨਾ ਮਿਲਣ 'ਤੇ ਦਿਲੀ 'ਚ

ਮਜ਼ਦੂਰੀ ਕਰ ਰਿਹਾ ਕਮਤੂਆ ਦਾ ਬੇਟਾ ਆਪਣੇ ਪਿੰਡ ਭੰਡਰਾ ਪਹੁੰਚਿਆ ਤਾਂ ਗਲੀ ਵਾਲਿਆਂ ਨੇ ਦੱਸਿਆ ਕਿ ਹੁਣ ਸਟੇਟ ਬੈਂਕ ਕਰਜ਼ਦਾਰਾਂ ਦੀ ਜੋ ਫੋਟੋ ਲਈ ਹੈ ਕਿ ਉਸ 'ਚ ਉਸ ਦੀ ਫੋਟੋ ਹੈ। ਉਦੋਂ ਤੋਂ ਹੀ ਉਹ ਪਿਛੋਂ ਲਾਪਤਾ ਹੈ। ਇਸ ਤਰ੍ਹਾਂ ਬੁਦਲੇਖੰਡ ਦੇ ਬਾਂਦਾ ਜ਼ਿਲ੍ਹੇ ਵਿਚ ਕਰਜਾ ਲਏ ਬਗੈਰ ਹੀ ਲੋਹਾਰੀ ਪਿੰਡ ਦੇ ਮੁਰਲਿਆ ਸ਼ਿਵ ਲਾਲ ਦੀ ਆਰ ਸੀ ਕਟ ਗਈ। ਇਕ ਅੰਕੜੇ ਅਨੁਸਾਰ ਬੁੰਦਲੇਖੰਡ 'ਚ ਹਰ ਸਾਲ ਦੋ ਫੀਸਦੀ ਕਰਜ ਦੀ ਫਰਜ਼ੀ ਨਿਕਾਸੀ ਹੁੰਦੀ ਹੈ। ਬੁੰਦਲੇਖੰਡ ਖੇਤਰ ਦੇ ਹਮੀਰਪੁਰ, ਬਾਂਦਾ, ਮਹੋਬਾ, ਚਿਤ੍ਰਕਟ, ਜਾਲੌਨ ਤੇ ਝਾਂਸੀ ਜ਼ਿਲ੍ਹੇ ਵਿੱਚ ਭਾਰਤੀ ਸਟੇਟ ਬੈਂਕ ਇਲਾਹਾਬਾਦ ਬੈਂਕ, ਤ੍ਰਿਵੈਣੀ, ਗ੍ਰਾਮੀਨ ਬੈਂਕ ਅਤੇ ਤੁਲਸੀ ਪੇਂਡੂ ਬੈਂਕ ਨੇ ਕਿਸਾਨਾਂ ਦੇ ਨਾਲ ਅਜਿਹੇ ਸੈਂਕੜੇ ਫਰਜੀਵਾੜੇ ਕੀਤੇ ਹਨ। ਜਿਸ ਨੇ ਸੋਕੇ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਮੌਤ ਕੰਢੇ ਪਹੁੰਚਾ ਦਿੱਤਾ ਹੈ। ਪੰਚਾਇਤ ਅਧਿਐਨ ਸੰਦਰਭ ਕੇਂਦਰ ਬਾਂਦਾ ਦੀ ਇਕ ਰਿਪੋਰਟ ਅਨੁਸਾਰ 'ਬੈਂਕ ਜ਼ਿਆਦਾਤਰ ਨੀ ਲਾਮੀ ਆਪਣੇ ਰਿਸ਼ਤੇਦਾਰਾਂ ਵਿਚਕਾਰ ਕਰਦੇ ਹਨ। ਬੈਂਕਾਂ ਨੂੰ ਵੱਡਾ ਫਾਇਦਾ ਉਹਨਾਂ ਕਿਸਾਨਾਂ ਤੋਂ ਵੀ ਮਿਲਦਾ ਹੈ ਜੋ ਗ਼ਰੀਬੀ ਕਾਰਨ ਕਾਨੂੰਨ ਅਮਲ ਦਾ ਨਹੀਂ ਢੋਰ ਸਕਦੇ, ਇਸ ਲਈ ਉਹ ਪਤਾ ਹੀ ਨਹੀਂ ਕਰਦੇ ਕਿ ਉਹਨਾਂ ਨੇ ਦੇ ਸਮਾਨ ਦੀ ਨਿਲਾਮੀ ਹੋਈ ਵੀ ਜਾਂ ਨਹੀਂ।" ਸੁਪਰੀਮ ਕੋਰਟ ਦੀ ਪ੍ਰਵਾਹ ਨਾ ਕਰਦੇ ਹੋਇਆ ਬੈਂਕ ਵਸੂਲੀ ਲਈ ਗੁੰਡਿਆਂ ਦਾ ਸਹਾਰਾ ਵੀ ਲੈਂਦੇ ਹਨ। ਵਸੂਲੀ ਪੂਰੀ ਨਾ ਹੋਣ ਦੀ ਸਥਿਤੀ 'ਚ ਬੈਂਕ ਨਿਲਾਮੀ ਕਰਨੀ ਸ਼ੁਰੂ ਕਰ ਦਿੰਦੇ ਹਨ। ਬਾਂਦਾ ਜ਼ਿਲ੍ਹੇ ਦੇ ਨੱਥ ਬਾਲਮੀਕ ਅਨੁਸਾਰ 'ਇਕ ਰਿਸਤੇਦਾਰ ਨਾਲ ਮਿਲ ਕੇ ਉਹਨਾਂ ਟ੍ਰੈਕਟਰ ਲਿਆ। ਬੈਂਕ ਦੇ ਗੁੰਡਿਆਂ ਨੇ ਟ੍ਰੈਕਟਰ ਖੋਹ ਲਿਆ ਕਿਉਂਕਿ ਕਰਜਾ ਵਸੂਲੀ ਨਾ ਹੋਈ। ਪਿੱਛੋਂ ਕਰਜ਼ੇ ਦਾ ਇਕ ਹਿਸਾ ਮੋੜ ਕੇ 'ਤੇ ਵੀ ਟ੍ਰੈਕਟਰ ਵਾਪਸ ਨਾ ਮਿਲਿਆ। ਅਜੇ ਵੀ ਤਿੰਨ ਲੱਖ ਕਰਜਾ ਖੜ੍ਹਾ ਹੈ।' ਖੇਤੀ ਸਮੇਂ ਬੈਂਕ ਵੱਲੋਂ ਟ੍ਰੈਕਟਰ ਚੁੱਕ ਲੈਣ ਕਰਕੇ ਇਕ ਪਰਿਵਾਰ ਲੱਖਾਂ ਦੇ ਕਰਜੇ 'ਚ ਡੁੱਬ ਗਿਆ। ਜਿਨ੍ਹਾਂ ਕਿਸਾਨਾਂ ਨੇ ਬੈਂਕ ਤੋਂ ਕਰਜਾ ਲਿਆ ਨਹੀਂ ਉਹਨਾਂ ਨੂੰ ਵੀ ਕਰਜ਼ਦਾਰਾਂ ਦੀ ਸੂਚੀ 'ਚ ਪਾ ਰੱਖਿਆ ਹੈ ਫਿਰ ਆਰ ਸੀ ਕੱਟ ਦਿੱਤੀ ਗਈ ਹੈ। ਕਾਨੂੰਨ ਅਨੁਸਾਰ ਬੈਂਕ ਕਿਸੇ ਵੀ ਕਰਜਦਾਰ ਤੋਂ ਮੂਲਧਨ ਦੇ ਦੁੱਗਣੇ ਤੋਂ ਵੱਧ ਵਿਆਜ ਨਹੀਂ ਵਸੂਲ ਸਕਦਾ ਪਰ ਇਸ ਦੇ ਬਾਵਜੂਦ ਬਹੁਤੇ ਬੈਂਕ ਪੰਜ ਤੋਂ ਦੱਸ ਗੁਣਾ ਵਿਆਜ ਵਸੂਲਦੇ ਹਨ।

# ਕੀ ਹੈ ਪੁਲਸ ਤੇ ਸ਼ਰਾਬ ਮਾਫੀਆ 'ਚ ਮਿਲੀਭੁਗਤ? ਨਸ਼ਾਬੰਦੀ ਕਨੂੰਨ ਬੇਅਸਰ, ਜ਼ਹਿਰੀਲੀ ਸ਼ਰਾਬ ਨਾਲ ਮੌਤਾਂ

ਚਾਰੇ ਪਾਸੇ ਚੀਕ-ਚਿੰਗਾੜਾ ਆਵਾਜ਼ ਰੁਕਣ ਦਾ ਨਾਂ ਨਹੀਂ ਲੈ ਰਹੀ ਸੀ ਇਹ ਤਰਸਯੋਗ ਨਜ਼ਾਰਾ ਅਹਿਮਦਾਬਾਦ ਵਿੱਚ ਸਰਸੁਪਰ ਸਥਿਤ ਸ਼ਾਰਦਬੇਨ ਹਸਪਤਾਲ ਦਾ ਸੀ। ਸੁਬਾਹ ਤੋਂ ਹੀ ਜ਼ਹਿਰੀਲੀ ਸ਼ਰਾਬ ਪੀਣ ਨਾਲ ਪ੍ਰਭਾਵਿਤ ਲੋਕਾਂ ਨੂੰ ਬਚਾਉਣ ਲਈ ਹਸਪਤਾਲ ਲਿਆਂਦਾ ਜਾ ਰਿਹਾ ਸੀ। ਇਹਨਾਂ ਲੋਕਾਂ ਦੇ ਬਹੁਤੇ ਰਿਸ਼ਤੇਦਾਰ ਹਸਪਤਾਲ ਪਹੁੰਚਣ ਲੱਗੇ ਸਨ। ਇਕ ਐਂਬੂਲੈਂਸ ਸਾਇਰਨ ਵਜਾਉਂਦੇ ਹੋਏ ਜਿਥੇ ਪ੍ਰਭਾਵਿਤ ਲੋਕਾਂ ਨੂੰ ਲੈ ਕੇ ਆ ਰਹੀ ਸੀ ਉਥੇ ਦੂਜੇ ਪਾਸੇ ਐਂਬੂਲੈਸ ਮ੍ਰਿਤਕਾਂ ਨੂੰ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਵੱਲ ਲੈ ਕੇ ਜਾ ਰਹੀ ਸੀ। ਸਾਇਰਨਾ ਦੀ ਘਬਰਾਹਟ ਭਰੀ ਆਵਾਜ਼ ਵਿਚਕਾਰ ਲੋਕਾਂ ਦਾ ਹਜੂਮ ਹਸਪਤਾਲ ਵਿਚ ਸੀ ਅਤੇ ਪੁੱਛ ਰਿਹਾ ਸੀ "ਕੀ ਇਹ ਕਾਂਡ ਰੋਕਿਆ ਜਾ ਸਕਦਾ ਸੀ?" ਇਹ ਘਟਨਾ 7 ਜੁਲਾਈ ਦੀ ਸੀ। 30 ਜੂਨ ਨੂੰ ਮੁੱਖ ਮੰਤਰੀ ਦਫਤਰ ਨੂੰ ਇਕ ਈ-ਮੇਲ ਭੇਜੀ ਗਈ ਸੀ, ਰਖਿਆਲ ਦੇ ਇਹਸਾਨ ਸ਼ੇਖ (28) ਵੱਲੋਂ। ਉਹਨਾਂ ਕੋਲ ਆਪਣੀ ਈ-ਮੇਲ ਦੀ ਕਾਪੀ ਅੱਜ ਵੀ ਮੌਜੂਦ ਹੈ। ਇਹਸਾਨ ਸ਼ੇਖ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੇਰੀ ਜੰਗ ਇਲਾਕੇ 'ਚ ਸ਼ਰਾਬ ਦੀ ਨਜਾਇਜ ਵਿਕਰੀ ਦੇ ਖਿਲਾਫ ਹੈ। ਤਾਰਿਕ ਨਾ ਦੇ ਇਕ ਤਾਕਤਵਾਰ ਮਾਫੀਆ ਵੱਲੋਂ ਇਹ ਕਾਰੋਬਾਰ ਚਲਾਇਆ ਜਾ ਰਿਹਾ ਹੈ। ਮਜੂਰ ਪਿੰਡ 'ਚ ਕਈ ਲੋਕਾਂ ਦੀ ਜਾਨ ਜ਼ਹਿਰੀਲੀ ਸ਼ਰਾਬ ਨੇ ਲੈ ਲਈ। ਉਸ ਤੋਂ ਦੂਜੇ ਦਿਨ ਯਾਨੀ 8 ਜੁਲਾਈ ਨੂੰ ਵੀ ਰਖਿਆਲ 'ਚ ਤਾਰਿਕ ਦੇ ਅੱਡੇ ਤੋਂ ਸ਼ਰਾਬ ਮਿਲ ਰਹੀ ਸੀ ਅਤੇ ਉਸ ਨੂੰ ਪੀਣ ਤੋਂ ਬਾਅਦ 9 ਜੁਲਾਈ ਨੂੰ ਰਖਿਆਲ ਦੇ ਬਸ਼ਿੰਦੇ ਯਾਮਿਨ ਖਾਨ ਨੇ ਆਪਣੀ ਜਾਨ ਗਵਾਈ ਸੀ। ਬਾਪੂ ਨਗਰ ਪੁਲਸ ਸਟੇਸ਼ਨ ਦੇ ਇੰਸਪੈਕਟਰ ਤਾਰਿਕ ਨੂੰ ਸ਼ਹਿਦੇ ਰਹੇ ਸਨ ਜਿਨ੍ਹਾਂ ਦੇ ਅਧਿਕਾਰ ਖੇਤਰ 'ਚ ਪੈਂਦਾ ਹੈ। ਇਹ ਸਾਨ ਸ਼ੇਖ ਇਕੱਲਾ ਨਹੀਂ ਹੈ। ਜਿਸ ਨੇ ਸਰਕਾਰ ਨੂੰ ਇਸ ਖਤਰੇ ਤੋਂ ਚੋਕੰਨਾ ਕੀਤਾ ਸੀ। ਲੱਠਾ ਕਾਂਡ ਦੇ ਨਾਲ ਚਰਚਿਤ ਘਟਨਾ ਪਿਛੋਂ 1800 ਛਾਪਾ ਮਾਰੀਆਂ ਕੀਤੀਆਂ ਗਈਆਂ। 1200 ਗੈਰ-ਕਾਨੂੰਨੀ ਸ਼ਰਾਬ ਦੇ ਅੱਡੇ ਬੰਦ ਕਰਵਾਏ ਗਏ। ਸ਼ਰਾਬ ਦਾ ਨਜਾਇਜ਼ ਕਾਰੋਬਾਰ ਕਰਨ ਦੇ ਦੋਸ਼ ਵਿੱਚ ਨੌ ਲੋਕਾਂ ਨੂੰ 'ਪਾਸਾ' ਕਨੂੰਨ ਤਹਿਤ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਇਲਾਵਾ ਔਰਤਾਂ ਸਮੇਤ 596 ਲੋਕਾਂ ਨੂੰ ਫੜਿਆ ਗਿਆ। ਇਹ ਸਭ ਜ਼ਹਿਰੀਲੀ ਸ਼ਰਾਬ ਕਾਂਡ ਹੋਣ ਦੇ 72 ਘੰਟੇ ਪਿਛੋਂ ਹੋਇਆ। ਤਾਂ ਕੀ ਇਹ ਜਾਣਕਾਰੀ ਪੁਲਸ ਦੇ ਖੁਫੀਆ (ਸੂਹੀਆਂ) ਨੂੰ ਅਚਾਨਕ ਮਿਲੀ ਸੀ? ਜੇ ਗੁਜਰਾਤ ਦੀ ਪੁਲਸ ਨੂੰ ਇਹ ਜਾਣਕਾਰੀ ਪਹਿਲਾਂ ਹੀ ਸੀ ਤਾਂ ਉਹ ਕਰਦੀ ਕੀ ਰਹੀ? ਰਾਜ ਦੇ ਮੁੱਖ ਅਖਬਾਰ 'ਗੁਜਰਾਤ ਸਮਾਚਾਰ' ਅਨੁਸਾਰ ਸ਼ਰਾਬ ਦੇ ਨਜਾਇਜ਼ ਕਾਰੋਬਾਰੀ ਰੋਜ਼ਾਨਾ ਇਕ ਕਰੋੜ ਰੁਪਏ ਦਾ ਨਜ਼ਰਾਨਾ ਗ੍ਰਹਿ ਵਿਭਾਗ ਦੇ ਆਲਾ ਅਫਸਰਾਂ ਤੋਂ ਲੈ ਕੇ ਮਤਾਹਿਤਾਂ ਤੱਕ ਪਹੁੰਚਦੇ ਰਹੇ ਹਨ। ਇਸ ਵਜਾਹ ਕਰਕੇ ਜਦ-ਜਦ ਪੁਲਸ ਗ੍ਰਿਫ਼ਤਾਰੀ ਕਰਨ ਪਹੁੰਚੀ

ਤਦ ਪਹਿਲਾਂ ਜਾਣਕਾਰੀ ਦੀ ਵਜਾਹ ਕਾਰਨ ਮੁਜਰਮ ਫਰਾਰ ਹੋ ਜਾਂਦੇ ਸਨ। ਮਸ਼ਹੂਰ ਪੱਤਰਕਾਰ ਗੁਣਵੰਡ ਝਾਅ ਸ਼ਾਹ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਇਸ ਲੱਠਾ ਕਾਂਡ ਦੀ ਪਹਿਲੀ ਗੁਨਾਹਗਾਰ ਭਾਰਤੀ ਜਨਤਾ ਪਾਰਟੀ ਹੀ ਹੈ। ਜਦ ਭਾਜਪਾ ਨੇਤਾ ਖੁਦ ਸ਼ਰਾਬ ਮਾਫੀਆ ਹੋਵੇ ਅਤੇ ਉਹਨਾਂ ਨੂੰ ਲੋਕ ਸਭਾ ਲਈ ਪਾਰਟੀ ਦਾ ਟਿਕਟ ਮਿਲੇ ਤਦ ਲੱਠਾ ਕਾਂਡ ਨੇਤਾ ਹੋਣਾ ਹੀ ਸੀ। ਜੇ ਮੁੱਖ ਮੰਤਰੀ ਚਾਹੇ ਤਾਂ ਸ਼ਰਾਬ ਦੀ ਵਿਕਰੀ ਤੁਰੰਤ ਬੰਦ ਹੋ ਜਾਵੇ। ਗੁਜਰਾਤ ਪੁਲਸ ਦੇ ਸਾਬਕਾ ਮਹਾਂ ਨਿਰਦੇਸ਼ਕ ਆਰਬੀ ਸ੍ਰੀ ਕੁਮਾਰ ਇਸ ਕਾਂਡ ਲਈ ਨੇਤਾਵਾਂ ਨੂੰ ਹੀ ਜਿੰਮੇਵਾਰ ਮੰਨਦੇ ਹਨ। ਸ੍ਰੀ ਕੁਮਾਰ ਕਹਿੰਦੇ ਹਨ ਕਿ ਅਜਿਹੀਆਂ ਘਟਨਾਵਾਂ ਦਾ ਕਾਰਨ ਸ਼ਰਾਬ ਮਾਫੀਆ ਦਾ ਨੇਤਾਵਾਂ ਨਾਲ ਗੱਠਜੋੜ ਹੈ। ਸ਼ਰਾਬ ਮਾਫੀਆ ਨੂੰ ਨੱਥ ਨਾ ਪਾ ਸਕਣ ਦੀ ਮੁੱਖ ਵਜਾਹ ਨੇਤਾ ਹੀ ਹਨ। ਚੋਣਾਂ ਦਾ ਬਹੁਤਾ ਖਰਚ ਸ਼ਰਾਬ ਮਾਫੀਆ ਹੀ ਕਰਦੇ ਹਨ ਅਤੇ ਉਹ ਆਪਣੇ ਪ੍ਰਭਾਵ ਵਾਲੇ ਇਲਾਕਿਆਂ ਤੋਂ ਵੋਟ ਵੀ ਦਬਾਉਂਦੇ ਹਨ। ਪੁਲਸ ਤੇ ਸ਼ਰਾਬ ਮਾਫੀਆ ਵਿਚਕਾਰ ਗੱਠਜੋੜ ਦੀ ਗੱਲ ਕਿਸੇ ਤੋਂ ਛੁਪੀ ਹੋਈ ਨਹੀਂ ਹੈ। ਸਰਕਾਰ ਨੇ ਇਸ ਗੱਠਜੋੜ ਨੂੰ ਹੋਰ ਮਜ਼ਬੂਤ ਕਰਨ ਵਾਲੇ ਕਦਮ ਚੁੱਕੇ ਹਨ। ਥਾਂ ਥਾਂ ਲਾਇਸੰਸੀ ਦੁਕਾਨਾਂ ਵੇਖਣ ਨੂੰ ਨਹੀਂ ਮਿਲਦੀਆਂ ਪਰ ਸ਼ਰਾਬ ਉਥੇ ਮੁਹੱਈਆ ਹੈ। ਸ੍ਰੀ ਕੁਮਾਰ ਅਨੁਸਾਰ, ਨਸ਼ਾਬੰਦੀ ਇਲਾਜ ਨਹੀਂ ਹੈ ਇਹ ਤਾਂ ਤਰਕੂ ਤਾਂ ਹੀ ਜੇ ਲੋਕ ਜਾਗਰੂਕ ਹੋਣਗੇ। ਸਰਕਾਰ ਕੁਝ ਨਿਯਮ ਵੀ ਬਣਾ ਸਕਦੀ ਹੈ। ਜਿਵੇਂ ਸੀਮਤ ਸਮੇਂ 'ਚ ਸ਼ਰਾਬ ਦੀ ਵਿਕਰੀ ਧਾਰਮਕ ਥਾਵਾਂ ਅਤੇ ਸਿੱਖਿਆ ਸੰਸਥਾਵਾਂ ਕੋਲ ਸ਼ਰਾਬ ਦੀਆਂ ਦੁਕਾਨਾਂ ਆਦਿ ਨੂੰ ਮੰਜੂਰੀ ਨਾ ਦੇਣਾ ਆਦਿ। ਗੁਜਰਾਤ 'ਚ ਜ਼ਹਿਰੀਲੀ ਸ਼ਰਾਬ ਨਾਲ 150 ਤੋਂ ਵੱਧ ਲੋਕਾਂ ਦੀ ਮੌਤ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਰਾਜ 'ਚ ਸ਼ਰਾਬ ਬੰਦੀ ਦੇ ਬਾਵਜੂਦ ਅਜਿਹਾ ਹਾਦਸਾ ਹੋਣਾ ਰਾਜ ਸਰਕਾਰ ਲਈ ਸ਼ਰਮਨਾਕ ਹੈ। ਇਸ ਕਾਂਡ ਸਬੰਧੀ ਕਈ ਸੁਆਲ ਉਠਣ ਲੱਗੇ ਹਨ। ਮਸਲਨ ਨਜਾਇਜ਼ ਸ਼ਰਾਬ ਦਾ ਨਿਰਮਾਣ ਅਤੇ ਸ਼ਰਾਬ ਦੀ ਤਸਕਰੀ ਕਿਉਂ ਨਹੀਂ ਰੋਕ ਪਾ ਰਹੀ ਹੈ।? ਕੀ ਸ਼ਰਾਬ ਦੀ ਵੀ ਅਜਿਹੇ ਹਾਦਸਿਆਂ ਲਈ ਜਿੰਮੇਵਾਰ ਹੈ ਅਤੇ ਕੀ ਪੁਲਿਸ ਤੇ ਸ਼ਰਾਬ ਮਾਫੀਆ ਵਿਚਕਾਰ ਕੋਈ ਗੱਠਜੋੜ ਪਣਪ ਰਿਹਾ ਹੈ? ਜੇ ਹਾਂ ਤਾਂ ਸਰਕਾਰ ਨੇ ਇਸ ਗੱਠਜੋੜ ਨੂੰ ਤੋੜਨ ਲਈ ਕੀ ਕਦਮ ਉਠਾਏ? ਗੁਜਰਾਤ 'ਚ ਨਸ਼ਾਬੰਦੀ ਹੋਣ ਦੇ ਬਾਵਜੂਦ ਇਥੇ ਸ਼ਰਾਬ ਦੀ ਹਜ਼ਾਰਾਂ ਭੱਠੀਆਂ ਚੱਲ ਰਹੀਆਂ ਹਨ ਅਤੇ ਲੋਕ ਹਰ ਮਹੀਨੇ ਕਰੋੜਾਂ ਰੁਪਏ ਦੀ ਨਜਾਇਜ਼ ਸ਼ਰਾਬ ਪੀ ਜਾਂਦੇ ਹਨ। ਇਥੇ ਸ਼ਰਾਬ ਖਰੀਦਣਾ ਉਨ੍ਹਾਂ ਹੀ ਆਸਾਨ ਹੈ ਜਿਨ੍ਹਾਂ ਕਿ ਦੁੱਖ ਖਰੀਦਣਾ ਅਤੇ ਪੁਲਸ ਸਭ ਕੁਝ ਜਾਣਦੇ ਹੋਏ ਵੀ ਮੂਨ ਦਰਸ਼ਕ ਬਣ ਕੇ ਇਸ ਧੰਦੇ ਨੂੰ ਚੱਲਣ ਦੇ ਰਹੀ ਹੈ। ਇਹ ਭ੍ਰਿਸ਼ਟਾਚਾਰ ਰਿਸ਼ਵਤ ਤੇ ਹਫਤਾ ਵਸੂਲੀ ਨੂੰ ਜਾਹਰ ਕਰਦਾ ਹੈ। ਫਿਰ ਵੀ ਮੁੱਖ ਮੰਤਰੀ ਨੰਬਰ ਵਨ ਕਹਿੰਦੇ ਫਿਰਦੇ ਹਨ। ਹੂੰ ਖੇਤੀ ਨਤੀ ਖਾਣਾ ਦੇ ਤੋ ਨਥੀ'। (ਮੈਂ ਖਾਂਦ ਨਹੀਂ! ਖਾਣ ਦੇਣਾ ਨਹੀਂ।) ਇਸ ਤੋਂ ਪਹਿਲਾਂ ਵੀ ਗੁਜਰਾਤ 'ਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਕੁਝ 'ਲੱਠਾ ਕਾਂਡ' ਹੋ ਚੁੱਕੇ ਹਨ ਅਤੇ ਉਹਨਾਂ 'ਚ ਵੀ ਕਈ ਲੋਕ ਮਾਰੇ ਹਨ। ਹਰੇਕ ਲੱਠਾ ਕਾਂਡ ਪਿਛੋਂ ਰਾਜ ਸਰਕਾਰ ਨੇ ਇਸ ਨੂੰ ਰੋਕਣ ਲਈ ਸੰਮਤੀਆਂ ਗਠਿਤ ਕੀਤੀਆਂ ਸਨ। ਸੰਮਤੀਆਂ ਨੇ ਸਿਫ਼ਾਰਸ਼ਾਂ ਵੀ ਕੀਤੀਆਂ ਪਰ ਉਹਨਾਂ ਨੂੰ ਮੰਨਿਆ ਨਹੀਂ ਗਿਆ। ਸੰਨ 1937 ਤੋਂ ਗੁਜਰਾਤ 'ਚ ਸੰਪੂਰਨ ਸ਼ਰਾਬਬੰਦੀ ਹੋਣ ਦੇ ਬਾਵਜੂਦ ਲੱਠਾ ਕਾਂਡ ਹੁੰਦੇ ਰਹਿੰਦੇ ਹਨ। ਪਰ ਇਸ ਵਾਰ ਬਹੁਤ ਜ਼ਿਆਦਾ

ਮੌਤਾਂ ਹੋਈਆਂ। ਵਿਧਾਨ ਸਭਾ ’ਚ ਇਸ ’ਤੇ ਚਰਚਾ ਹੋਣ ਨਾਲ ਮੋਦੀ ਸਰਕਾਰ ਅਤੇ ਉਹਨਾਂ ਦੇ ਚਹੇਤੇ ਵਿਧਾਨ ਸਭਾ ਸਪੀਕਰ ਨੂੰ ਪ੍ਰਹੇਜ ਹੈ। ਗੁਜਰਾਤ ਵਿਧਾਨ ਸਭਾ ਵਿੱਚ 27 ਵਾਰੀ ‘ਲੱਠਾ ਕਾਂਡ’ ਤੇ ਚਰਚਾ ਹੋ ਚੁੱਕੀ ਹੈ ਪਰ ਇਸ ਵਾਰੀ ਨਹੀਂ ਹੋਈ। ਕਾਂਗਰਸੀ ਵਿਧਾਇਕਾਂ ਨੇ ਕਾਲੇ ਕੁੜਤੇ ਪਹਿਨ ਕੇ ਸਰਕਾਰ ਦੀ ਕੋਤਾਹੀ ਦਾ ਵਿਰੋਧ ਕੀਤਾ ਹੈ। ਕਾਂਗਰਸੀ ਨੇਤਾਵਾਂ ਨੇ ਰਾਜਪਾਲ ਨੂੰ ਮੰਗਪੱਤਰ ਦਿੱਤਾ ਅਤੇ ਧਰਨਾ-ਮੁਜਾਹਰਾ ਵੀ ਕੀਤਾ। ਪ੍ਰਤੀਕਿਰਿਆ ’ਚ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੇ ਕਾਂਗਰਸੀ ਵਿਧਾਇਕਾਂ ’ਤੇ ਹਮਲਾ ਕੀਤਾ। ਲੋਕ ਸਭਾ ਵਿਚ ਵੀ ਕਾਂਗਰਸੀ ਸਾਂਸਦਾ ਨੇ ਇਸ ਮੁੱਦੇ ’ਤੇ ਕਾਫੀ ਹੰਗਾਮਾ ਮਚਾਇਆ। ਭਾਜਪਾ ਨੇ ਲੋਕ ਸਭਾ ਵਿੱਚ ਕਾਂਗਰਸੀ ਸੰਸਦਾਂ ਵੱਲੋਂ ਕੀਤੇ ਗਏ ਹੰਗਾਮੇ ਨੂੰ ਬਦਕਿਸਮਤ ਦੱਸਿਆ ਹੈ। ਜਦ ਕਿ ਰਾਜ ਵਿਧਾਨ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਸ਼ਕਤੀ ਸਿੰਘ, ਗੋਹਿਲ ਨੇ ਜਿਥੇ ਇਸ ਮੁੱਦੇ ’ਤੇ ਸਦਨ ’ਚ ਚਰਚਾ ਦੀ ਇਜਾਜ਼ਤ ਨਾ ਦਿੱਤੇ ਜਾਣ ਤੇ ਵਿਧਾਨ ਸਭਾ ਮੁਖੀ ਅਸ਼ੋਕ ਭੱਟ ਨੂੰ ਅਹੁਦੇ ਤੋਂ ਹਟਾਉਣ ਲਈ ਵਿਧਾਨ ਸਭਾ ਸਕੱਤਰ ਨੂੰ ਨਿਯਮ-103 ਤਹਿਤ ਨੋਟਿਸ ਦਿੱਤਾ ਹੈ। ਉਧਰ ਗੁਜਰਾਤ ਪੁਲਸ ਮਹਾਂ ਨਿਰਦੇਸ਼ਕ ਨੇ ਦੱਸਿਆ ਕਿ ਸ਼ਰਾਬ ਕਾਂਡ ਦਾ ਮਾਸਟਰ ਆਈਡ ਵਿਨੋਦ ਡਾਗਰੀ ਗੁਜਰਾਤ ਜ਼ਹਿਰੀਲੀ ਸ਼ਰਾਬ ਵਿੱਚ ਅਜੇ ਤਕ 155 ਲੋਕਾਂ ਦੀ ਮੌਤ ਹੋ ਚੁੱਕੀ ਹੈ। ਜਦਕਿ 362 ਲੋਕਾਂ ਦਾ ਵੱਖ ਵੱਖ ਹਸਪਤਾਲਾਂ ’ਚ ਇਲਾਜ ਚਲ ਰਿਹਾ ਹੈ।

# ਕਿਵੇਂ ਗਾਇਬ ਹੁੰਦੀਆਂ ਹਨ ਆਦੀਵਾਸੀ ਲੜਕੀਆਂ?

ਛਤੀਸਗੜ੍ਹ ਦੀਆਂ ਗਿਆਰਾਂ ’ਚੋਂ ਦਸ ਸੀਟਾਂ ਜਿੱਤਣਾ ਕੋਈ ਸੌਖਾ ਕੰਮ ਨਹੀਂ ਹੈ। ਉਹ ਵੀ ਤਦ ਜਦ ਭਾਜਪਾ ਪ੍ਰਤੀ ਪੂਰੇ ਦੇਸ਼ ’ਚ ਆਦਰਸ਼ਨ ਘਟਿਆ ਹੋਵੇ ਅਤੇ ਗੁਆਂਢੀ ਰਾਜਾਂ ਮੱਧ ਪ੍ਰਦੇਸ਼ ਮਹਾਂਰਾਸ਼ਟਰ, ਉੜੀਸਾ ’ਚ ਭਾਜਪਾ ਦੀ ਤਾਕਤ ਘਟੀ ਹੋਵੇ। ਅਜਿਹੇ ’ਚ ਇਹ ਮੰਨਣ ’ਚ ਕੋਈ ਗੁਰੇਜ਼ ਨਹੀਂ ਹੋਣਾ ਚਾਹੀਦਾ ਕਿ ਛਤੀਸਗੜ੍ਹ ’ਚ ਡਾ. ਰਮਨ ਸਿੰਘ ਦਾ ਜਾਦੂ ਇਕ ਵਾਰੀ ਫਿਰ ਚਲ ਗਿਆ ਹੈ। ਇਸ ਲਈ ਪਿਛਲੀਆਂ ਲੋਕ ਸਭਾ ਚੋਣਾਂ ’ਚ ਵੀ ਇਥੇ ਭਾਜਪਾ ਗਿਆਰਾਂ ’ਚੋਂ ਦਸ ਸੀਟਾ ਲੈਣ ’ਚ ਸਫਲ ਰਹੀ ਸੀ ਅਤੇ ਛੇ ਮਹੀਨੇ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ’ਚ ਵੀ ਦੁਬਾਰਾ ਸੱਤਾ ’ਤੇ ਕਾਬਜ਼ ਹੋਣ ਦਾ ਮੌਕਾ ਉਸੇ ਨੂੰ ਮਿਲਿਆ। ਛਤੀਸਗੜ੍ਹ ’ਚ ਚੋਣ ਨਤੀਜਿਆਂ ’ਚ ਜਿੱਥੇ ਭਾਜਪਾ ਦਾ ਰਸੂਖ ਵਧਿਆ ਹੈ। ਉਥੇ ਕਾਂਗਰਸ ਦੀ ਤਰਸਯੋਗ ਹਾਲਤ ਵੀ ਸਾਹਮਣੇ ਆਈ ਹੈ। ਕਾਂਗਰਸ ਨੂੰ ਜਿਥੇ ਸਿਰਫ ਇਕ ਸੀਟ ਮਿਲੀ। ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਚਰਨਦਾਸ ਮਹੰਤ ਨੇ ਕੋਰਬਾ ਸੀਟ ਜਿੱਤ ਕੇ ਪਾਰਟੀ ਦਾ ਨੱਕ ਬਚਾ ਲਿਆ। ਡਾ. ਰਮਨ ਸਿੰਘ ਜੇ ਗਿਆਰਾਂ ’ਚੋਂ ਦਸ ਸੀਟਾਂ ਜਿੱਤ ਕੇ ਲੋਕ ਸਭਾ ਪਹੁੰਚਾਉਣ ’ਚ ਸਫਲ ਰਹੇ ਤਾਂ ਇਸ ਦੀ ਵਜਾਹ ਉਹਨਾਂ ਦੀ ਛਵੀ ਦੇ ਨਾਲ ਨਾਲ ਨਰੇਂਦਰ ਮੋਦੀ ਦਾ ਫਾਰਮੂਲਾ ਵੀ ਰਿਹਾ ਹੈ। ਇਹ ਫਾਰਮੂਲਾ ਸੀ ਟਿਕਟ ਕੱਟਣ ’ਚ ਕੁਤਾਹੀ ਨਾ ਵਰਤਣਾ। ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਡਾ. ਰਮਨ ਸਿੰਘ ਨੇ ਆਦੀਵਾਸੀ ਮੁੱਖ ਮੰਤਰੀ ਦੇ ਸਭ ਤੋਂ ਵੱਡੇ ਦਾਅਵੇਦਾਰ ਨੰਦ ਕੁਮਾਰ ਦੀ ਟਿਕਟ ਕੱਟ ਦਿੱਤੀ ਅਤੇ ਕਿਧਰੇ ਹਲਚਲ ਵੀ ਨਹੀਂ ਹੋਈ। ਇਸ ਦੀ ਵਜਾਹ ਸਾਫ ਹੈ ਕਿ ਉਹਨਾਂ ਨੂੰ ਪਾਰਟੀ ਲੀਡਰਸ਼ਿਪ ਦੀ ਹਮਾਇਤ ਹਾਸਲ ਸੀ ਇਸ ਲਈ ਉਹ ਅਜਿਹਾ ਕਰ ਸਕੇ। ਉਪਰੋਕਤ ਵਿਸਲੇਸ਼ਣ ਤੋਂ ਸਪੱਸ਼ਟ ਹੁੰਦਾ ਹੈ ਕਿ ਡਾ. ਰਮਨ ਸਿੰਘ ਰਾਜਨੀਤੀ ਦੇ ਧੁਰੰਤਰ ਖਿਡਾਰੀ ਹਨ ਪਰ ਜਦ ਸੂਬੇ ਦੇ ਵਿਕਾਸ ਤੇ ਸਾਸ਼ਨ ਵਿਵਸਥਾ ’ਤੇ ਨਜ਼ਰ ਜਾਂਦੀ ਹੈ ਤਾਂ ਦੂਜਾ ਬੁਰਾ ਪੱਖ ਵੀ ਸਾਹਮਣੇ ਆ ਜਾਂਦਾ ਹੈ। ਏਧਰ ਕਈ ਸਾਲਾਂ ਤੋਂ ਛਤੀਸਗੜ੍ਹ ਦੇ ਆਦੀਵਾਸੀ ਇਲਾਕਿਆਂ ਤੋਂ ਔਰਤਾਂ ਤੇ ਲੜਕੀਆਂ ਗਾਇਬ ਹੋ ਰਹੀਆਂ ਹਨ। ਇਹਨਾਂ ਦੀ ਗਿਣਤੀ ਹਜ਼ਾਰਾਂ ’ਚ ਹੋ ਗਈ ਹੈ। ਪੁਲਸ ਵਿਭਾਗ ਵੀ ਇਸ ਮਾਮਲੇ ਨੂੰ ਲੈ ਕੇ ਖਾਸਾ ਪ੍ਰੇਸ਼ਾਨ ਹੈ। ਜਦ ਕਿ ਰਾਜ ਦੀ ਮੁੱਖ ਵਿਰੋਧੀ ਪਾਰਟੀ ਇਸ ਸਰਕਾਰ ਦੀ ਨਾਕਾਮੀ ਦੱਸ ਰਹੀ ਹੈ। ਇਸ ਖੇਤਰ ਦੀਆਂ ਸਮਾਜ ਸੈਵੀ ਸੰਸਥਾਵਾਂ ਉਹਨਾਂ ਦਲਾਲਾਂ ’ਤੇ ਕਾਰਵਾਈ ਕਰਨ ਦੀ ਮੰਗ ਕਰ ਰਹੀਆਂ ਹਨ ਜੋ ਕੰਮ ਦਵਾਉਣ ਦੇ ਬਹਾਨੇ ਨਜਾਇਜ਼ ਤਰੀਕਿਆਂ ਨਾਲ ਔਰਤਾਂ ਤੇ ਲੜਕੀਆਂ ਨੂੰ ਆਪਣੇ ਨਾਲ ਲੈ ਜਾਂਦੇ ਹਨ। ਸਪੱਸ਼ਟ ਸ਼ਬਦਾਂ ’ਚ ਕਿਹਾ ਜਾਵੇ ਤਾਂ ਆਦੀਵਾਸੀ ਖੇਤਰਾਂ ਦੀਆਂ ਕਿਸ਼ੋਰੀਆਂ ਨੂੰ ਅੱਛੀ ਕਮਾਈ ਦਾ ਲਾਲਚ ਦੇ ਕੇ ਬਾਹਰ ਲੈ ਜਾਣ ਅਤੇ ਵੇਚਣ ਦਾ ਕਾਰੋਬਾਰ ਏਧਰ ਆਪਣੇ ਪੈਰ ਪਸਾਰ ਚੁੱਕਿਆ ਹੈ। ਛਤੀਸਗੜ੍ਹ ਦੇ ਜਸਪੁਰ ਜਿਲ੍ਹੇ ’ਚ ਰਹਿਣ ਵਾਲੇ ਗਿਰਧਾਰੀ ਸਾਏ ਆਪਣੀ 17 ਸਾਲਾਂ ਬੇਟੀ ਕਜਰੀ ਸਬੰਧੀ ਨਜਰੀ ਨੂੰ ਬੇਹਤਰ ਤੇ ਅੱਛੀ ਤਨਖਾਹ ਦੀ ਨੌਕਰੀ ਦਵਾਉਣ ਦਾ ਵਾਅਦਾ ਕਰਕੇ ਦਿੱਲੀ ਲੈ ਕੇ ਗਈ ਸੀ। ਇਕ ਸਾਲ ਤਕ ਤਾਂ ਗਿਰਧਾਰੀ ਦੀ ਆਪਣੀ ਬੇਟੀ

ਕਜਰੀ ਨਾਲ ਫੋਨ ’ਤੇ ਗੱਲਬਾਤ ਹੁੰਦੀ ਰਹੀ ਪਰ ਉਸ ਪਿੱਛੋਂ ਗੱਲਬਾਤ ਹੋਣੀ ਬੰਦ ਹੋ ਗਈ। ਜਦ ਦੋ ਮਹੀਨੇ ਲੰਘ ਗਏ ਤਾਂ ਗਿਰਧਾਰੀ ਜਸ਼ਪੁਰ ਦੇ ਉਸੇ ਪਲੇਸਮੈਂਟ ਦਫ਼ਤਰ ਪਹੁੰਚੇ ਪਰ ਉੱਥੇ ਕੋਈ ਪਲੇਸਮੈਂਟ ਦਫ਼ਤਰ ਹੀ ਨਹੀਂ ਸੀ। ਆਸ ਪਾਸ ਪੁੱਛਣ ਤੇ ਵੀ ਇਸ ਪਲੇਸਮੈਂਟ ਏਜੰਸੀ ਸਬੰਧੀ ਕੋਈ ਜਾਣਕਾਰੀ ਨਹੀਂ ਮਿਲੀ। ਲਾਚਾਰ ਹੋ ਕੇ ਗਿਰਧਾਰੀ ਨੂੰ ਪੁਲਸ ਕੋਲ ਜਾਣਾ ਪਿਆ। ਰਾਜ ਦੇ ਪੁਲਸ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਛਤੀਸਗੜ੍ਹ ਸੂਬਾ ਬਣਨ ਤੋਂ ਲੈ ਕੇ ਹੁਣ ਤਕ ਰਾਜ ’ਚ ਪਿਛਲੇ ਨੌਂ ਸਾਲਾਂ ਤੋਂ ਪੁਲਸ ਨੇ ਗੁੰਮਸ਼ਾਦੀ ਦੇ 34691 ਕੇਸ ਦਰਜ ਕੀਤੇ। ਇਨ੍ਹਾਂ ਵਿੱਚੋਂ 18787 ਔਰਤਾਂ ਤੇ ਕਿਸ਼ੋਰੀਆਂ ਸ਼ਾਮਲ ਹਨ। ਪੁਲਸ ਨੇ 29859 ਲੋਕਾਂ ਨੂੰ ਲੱਭ ਲੈਣ ਦਾ ਦਾਅਵਾ ਕੀਤਾ ਹੈ। ਪਰ ਸਰਕਾਰੀ ਅੰਕੜਿਆਂ ਦੇ ਅਨੁਸਾਰ 5000 ਲੋਕਾਂ ਬਾਰੇ ਪੁਲਸ ਕੋਲ ਕੋਈ ਜਾਣਕਾਰੀ ਨਹੀਂ ਹੈ। ਇਹਨਾਂ 5000 ’ਚ 3000 ਤੋਂ ਵੱਧ ਗਿਣਤੀ ਔਰਤਾਂ ਤੇ ਕਿਸ਼ੋਰੀਆਂ ਦੀ ਹੈ। ਪੁਲਸ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਰਾਜ ਦੇ ਆਦੀਵਾਸੀ ਇਲਾਕੇ, ਜਿਹਨਾਂ ’ਚ ਉਤਰ ਦੇ ਰਾਏਗੜ੍ਹ, ਸਰਗੁਜਾ, ਜਸ਼ਪੁਰ, ਕੋਰੀਆ ਤੇ ਦੱਖਣ ਦੇ ਜਗਦਲਪੁਰ, ਦਾਂਤੇਵਾੜੇ, ਕਾਂਕੇਰ, ਬੀਜਾਪੁਰ ਤੇ ਨਾਰਾਇਣਪੁਰ ਜਿਲੇ ਸ਼ਾਮਲ ਹਨ, ਤੋਂ ਪਿਛਲੇ ਨੌਂ ਸਾਲਾਂ ਵਿੱਚ 5371 ਔਰਤਾਂ ਤੇ ਲੜਕੀਆਂ ਦੀ ਗੁੰਗਸ਼ੁਦੀ ਦੀ ਰਿਪੋਰਟ ਦਰਜ ਕੀਤੀ ਗਈ ਹੈ। ਇਹਨਾਂ ’ਚ 4255 ਔਰਤਾਂ ਤੇ ਲੜਕੀਆਂ ਨੂੰ ਪੁਲਸ ਨੇ ਖੋਜ ਲਿਆ ਹੈ। ਪੁਲਸ ਅਜੇ 1116 ਗੁੰਮਸ਼ੁਦਾ ਔਰਤਾਂ ਤੇ ਲੜਕੀਆਂ ਦੀ ਤਲਾਸ਼ ਵਿੱਚ ਹੈ। ਇਹ ਅੰਕੜੇ ਪੁਲਸ ਨੇ ਗੁੰਮ ਸ਼ੁਦਗੀ ਵਜੋਂ ਦਰਜ ਕੀਤੇ ਹਨ ਪਰ ਰਾਜ ਦੇ ਉਤਰ ਖੇਤਰ ਦੇ ਜ਼ਿਲ੍ਹੇ ਸਰਗੁਜਾ, ਜਸਪੁਰ ਤੇ ਰਾਏਗੜ੍ਹ ਦੇ ਇਲਾਕੇ ਦੇ ਲੋਕ ਇਕ ਵੱਖ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਪਲੇਸਮੈਂਟ ਏਜੰਸੀ ਦੇ ਕਾਮੇ ਇੱਥੋਂ ਔਰਤਾਂ ਤੇ ਕਿਸ਼ੋਰੀਆਂ ਨੂੰ ਵੱਡੇ ਸ਼ਹਿਰਾਂ ’ਚ ਉੱਚੀਆਂ ਤਨਖਾਹ ਤੇ ਕੰਮ ਦਿਵਾਉਣ ਦਾ ਝਾਸਾ ਦੇ ਕੇ ਆਪਣੇ ਨਾਲ ਲੈ ਜਾਂਦੇ ਹਨ। ਜਸ਼ਪੁਰ ਜਿਲੇ ’ਚ ਕੰਮ ਕਰਨ ਵਾਲੀ ਐੱਨ. ਜੀ. ਓ. ਪੇਂਡੂ ਵਿਕਾਸ ਕੇਂਦਰ ਦੇ ਅੰਕੜਿਆਂ ’ਤੇ ਗੌਰ ਕਰੀਏ ਤਾਂ ਜਿਲੇ ਦੇ 259 ਪਿੰਡਾਂ ਦੀ 3000 ਤੋਂ ਵੱਧ ਔਰਤਾਂ ਤੇ ਕਿਸ਼ੋਰੀਆਂ ਵੱਡੇ ਸ਼ਹਿਰਾਂ ਵਿੱਚ ਕੰਮ ਦੇ ਲਈ ਗਈਆਂ ਫਿਰ ਇਕ ਦੋ ਮਹੀਨੇ ਦਰਮਿਆਨ ਹੀ ਉਹ ਉਥੋਂ ਗਾਇਬ ਹੋ ਗਈਆਂ। ਇਹਨਾਂ ’ਚੋਂ ਕੁਝ ਨੂੰ ਲੱਭ ਸਕਣ ’ਚ ਪੁਲਸ ਤੇ ਐੱਨ. ਜੀ. ਓ. ਕਾਮਯਾਬ ਤਾਂ ਰਹੀਆਂ ਪਰ ਉਹਨਾਂ ਦੀ ਆਪ ਬੀਤੀ ਸੁਣ ਕੇ ਕਲੇਜਾ ਰਹਿ ਗਿਆ। ਪੇਂਡੂ ਵਿਕਾਸ ਕੇਂਦਰ ਦੀ ਪ੍ਰਬੰਧਕ ਸੇਵਤੀ ਪੰਨਾ ਦਾ ਕਹਿਣਾ ਹੈ ਕਿ ਰਾਜ ਦੇ ਜਸ਼ਪੁਰ ਤੇ ਰਾਏਗੜ੍ਹ ਜ਼ਿਲ੍ਹੇ ’ਚ ਦਰਜਨਾ ਐਸੀਆਂ ਪਲੇਸਮੈਂਟ ਏਜੰਸੀਆਂ ਸਰਗਰਮ ਹਨ ਜੋ ਇਥੋਂ ਦੀਆਂ ਲੜਕੀਆਂ ਨੂੰ ਵੱਡੇ ਸ਼ਹਿਰਾਂ ’ਚ ਕੰਮ ਲਈ ਲੈ ਜਾਂਦੀਆਂ ਹਨ। ਉਥੇ ਉਹਨਾਂ ਨੂੰ ਘਰੇਲੂ ਕੰਮ ਲਈ ਭੇਜ ਦਿੱਤਾ ਜਾਂਦਾ ਹੈ। ਇਹਨਾਂ ਘਰਾਂ ’ਚ ਮਿਲਣ ਵਾਲੀ ਤਨਖਾਹ ’ਚੋਂ ਅੱਧੇ ਰੁਪਏ ਦਲਾਲ ਖਾ ਜਾਂਦੇ ਹਨ। ਅੱਧੀ ਤਨਖਾਹ ਹੀ ਇਹ ਲੜਕੀਆਂ ਨੂੰ ਮਿਲਦੀ ਹੈ। ਸੇਵਤੀ ਪੰਨਾ ਨੇ ਦੱਸਿਆ ਕਿ ਇਹਨਾਂ ਲੜਕੀਆਂ ਨੂੰ ਕਈ ਲੋਕ ਆਪਣੇ ਇਥੇ ਨੌਕਰਾਨੀ ਵਜੋਂ ਰੱਖਦੇ ਹਨ ਅਤੇ ਉਸ ਤੋਂ ਘਰ ਦਾ ਸਾਰਾ ਕੰਮ ਕਰਵਾਉਂਦੇ ਹਨ। ਕੁਝ ਮਾਲਕ ਇਹਨਾਂ ਮੁਟਿਆਰਾਂ ਨਾਲ ਏਨੀ ਬੇਰਹਿਮੀ ਨਾਲ ਪੇਸ਼ ਆਉਂਦੇ ਹਨ ਕਿ ਇਹਨਾਂ ਦੀ ਸਰੀਰਕ ਤੇ ਮਾਨਸਿਕ ਸਥਿਤੀ ਖਰਾਬ ਹੋ ਜਾਂਦੀ ਹੈ। ਮੱਧ ਪ੍ਰਦੇਸ਼ ਦੇ ਮੰਡਲਾ ਦੀ ਰਹਿਣ ਵਾਲੀ 17 ਸਾਲਾਂ ਦੀ ਰੋਬਾਈ ’ਤੇ ਉਸ ਦੇ

ਮਾਲਿਕ ਨੇ ਐਸਾ ਅਤਿਆਚਾਰ ਕੀਤਾ ਕਿ ਉਸ ਦੀ ਆਵਾਜ਼ ਹੀ ਬੰਦ ਹੋ ਗਈ। ਉਹ ਗੂੰਗੀ ਜਿਹੀ ਹੋ ਗਈ। ਦਿੱਲੀ, ਮੁੰਬਈ, ਕੋਲਕੱਤਾ, ਨਾਗਪੁਰ, ਬੰਗਲੌਰ, ਹੈਦਰਾਬਾਦ, ਚੰਡੀਗੜ੍ਹ ਆਦਿ ਸ਼ਹਿਰਾਂ ਵਿੱਚ ਨਵਧਨਾਢ ਆਯਾਸ਼ਾ ਦੀ ਕਮੀ ਨਹੀਂ ਹੈ। ਉਹ ਆਪਣੀ ਜ਼ਰੂਰਤ ਲਈ ਦੇਸੀ-ਵਿਦੇਸ਼ੀ ਮਾਲ ਮੁਹੱਈਆ ਕਰਵਾ ਹੀ ਦਿੰਦੇ ਹਨ। ਏਧਰ ਕੁਝ ਆਯਾਸ਼ਾਂ ’ਚ ਯੌਨ ਸੁਭਾਅ ਦੀ ਤਬਦੀਲੀ ਵੀ ਹੋਈ ਹੈ। ਉਹਨਾਂ ਨੂੰ ਗੋਰੀ-ਚਿੱਟੀ ਤੋਂ ਵੱਧ ਭਰਪੂਰ ਕਸਾਵ ਵਾਲੀ ਜਿਸਮ ਪਸੰਦ ਹੈ। ਐਸਾ ਜਿਸਮ ਜਿਸ ਨੂੰ ਨਿਚੋੜਨ ’ਚ ਉਹਨਾਂ ਨੂੰ ਭਰਪੂਰ ਤਾਕਤ ਲਾਉਣੀ ਪਵੇ ਅਤੇ ਤਾਕਤ ਦਾ ਇਹੀ ਜੋਰ ਨਾ ਸਿਰਫ ਉਹਨਾਂ ਨੂੰ ਉੱਤੇ ਜਿੱਤ ਕਰਦਾ ਹੈ। ਬਲਕਿ ਉਹਨਾਂ ਭਰਪੂਰ ਸੰਤੁਸ਼ਟੀ ਵੀ ਪ੍ਰਦਾਨ ਕਰਦਾ ਹੈ। ਉਹਨਾਂ ਦੀ ਚਾਹਤ ਦੀ ਕਸੌਟੀ ’ਤੇ ਆਦੀਵਾਸੀ ਕਿਸ਼ੋਰੀਆਂ ਭਰਪੂਰ ਖਰੀਆਂ ਉਤਰਦੀਆਂ ਹਨ ਫਿਰ ਤਾਂ ਉਹਨਾਂ ਨੂੰ ਹਾਸਲ ਕਰਨ ਲਈ ਉਹ ਪਾਣੀ ਦੀ ਤਰ੍ਹਾਂ ਪੈਸਾ ਵਹਾਉਂਦੇ ਹਨ। ਜਿਸਮਾਂ ਦੇ ਦਲਾਲ ਇਹਨਾਂ ਨਵਧਨਾਢਾਂ ਦੀ ਮਾਨਸਿਕਤਾ ਤਾਂ ਜਾਣ ਹੀ ਗਏ ਹਨ। ਕਈ ਮਹਾਂਨਗਰਾਂ ਵਿੱਚ ਉਥੋਂ ਦੇ ਨਿਵਾਸੀਆਂ ਨੂੰ ਨੌਕਰਾਣੀ ਦੀ ਲੋੜ ਹੁੰਦੀ ਹੈ ਪਰ ਸਥਾਨਕ ਨੌਕਰਾਣੀ ਮਹਿੰਗੀ ਵੀ ਹੁੰਦੀ ਹੈ ਅਤੇ ਨਖਰੇ ਵਾਲੀ ਵੀ। ਜਦ ਕਿ ਇਹ ਲੋਕ ਘੱਟ ਤਨਖਾਹ ਦੇ ਕੇ ਘਰ ਦਾ ਸਾਰਾ ਕੰਮ ਕਰਾਉਣ ਦੀ ਤਾਕ ’ਚ ਹੁੰਦੇ ਹਨ। ਇਸ ਲਈ ਉਹਨਾਂ ਨੂੰ ਐਸੀ ਨੌਕਰਾਣੀ ਚਾਹੀਦੀ ਹੈ ਜੋ 17-18 ਸਾਲ ਦੀ ਰਿਸ਼ਟ-ਪੁਸ਼ਟ ਸਰੀਰ ਦੀ ਹੋਵੇ ਜਦ ਇਹਨਾਂ ਲੋਕਾਂ ਨੇ ਪਲੇਸਮੈਂਟ ਏਜੰਸੀਆਂ ’ਚ ਜਾ ਕੇ ਆਪਣੀ ਜ਼ਰੂਰਤ ਦੱਸੀ ਤਾਂ ਉਹਨਾਂ ਦੀਆਂ ਵਾਛਾਂ ਖਿਲ ਗਈਆਂ। ਉਹਨਾਂ ਨੂੰ ਇਹ ਗੱਲ ਸਮਝਾਉਣ ’ਚ ਦੇਰੀ ਨਹੀਂ ਲੱਗੀ ਕਿ ਇਹ ਲੋਕ ਐਸੀਆਂ ਲੜੀਆਂ ਚਾਹੁੰਦੇ ਹਨ ਜੋ ਉਹਨਾਂ ਦੇ ਘਰ ਦਾ ਕੰਮ ਤਾਂ ਕਰਨ ਹੀ ਲੋੜ ਪੈਣ ’ਤੇ ਉਹਨਾਂ ਦੀ ਹਵਸ਼ ਵੀ ਪੂਰੀ ਕਰਨ। ਅਖੌਤੀ ਇਹ ਪਲੇਸਮੈਂਟ ਏਜੰਸੀਆਂ ਜਿਸਮ ਦੇ ਸੌਦਾਗਰਾਂ ਦੀਆਂ ਹੁੰਦੀਆਂ ਹਨ। ਇਹ ਏਜੰਸੀਆਂ ਧਾਰਮਕ ਨਾਂ ਮਸਲਨ ਗਣੇਸ਼ ਲਕਸ਼ਮੀ ਪਲੇਸਮੈਂਟ, ਸ਼ਿਵ ਸ਼ਕਤੀ ਪਲੇਸਮੈਂਟ ਆਦਿ ਨਾਵਾਂ ਹੇਠ ਹੁੰਦੀਆਂ ਹਨ ਜਿਸ ਕਾਰਨ ਅਨਪੜ੍ਹ, ਧਰਮ ਭੀਰੂ ਆਦੀਵਾਸੀ ਇਹਨਾਂ ਦਲਾਲਾਂ ਦੇ ਚੱਕਰ ’ਚ ਅਸਾਨੀ ਨਾਲ ਆ ਜਾਂਦੇ ਹਨ ਨਵਧਨਾਢ ਆਯਾਸਾਂ ਦੇ ਨਾਲ ਹੀ ਘਰ ’ਚ ਕੰਮ ਕਰਨ ਲਈ ਨੌਕਰਾਣੀ ਰੱਖਣ ਦੇ ਲੋਕਾਂ ਦੀ ਮਾਨਸਿਕਤਾ ਨੇ ਉਹਨਾਂ ਦਲਾਲਾਂ ਨੂੰ ਛਤੀਸਗੜ੍ਹ ਦੇ ਆਦੀਵਾਸੀ ਔਰਤਾਂ ਦੇ ਵਿਸ਼ੇ ਲਈ ਮਜ਼ਬੂਰ ਕੀਤਾ। ਕਈ ਸਾਲ ਪਹਿਲਾਂ ਤੱਕ ਬਸਤਰ ਖੇਤਰ ’ਚ ਰਹਿਣ ਵਾਲੇ ਨੰਗ-ਧੜੰਗ ਆਦਿਵਾਸੀਆਂ ਦੀਆਂ ਤਸਵੀਰਾਂ ਲੈਣ ’ਤੇ ਪਾਬੰਦੀ ਨਹੀਂ ਸੀ। ਉਹਨਾਂ ਦਲਾਲਾਂ ਨੇ ਕਿਸੇ ਤਰ੍ਹਾਂ ਜੁਗਾੜ ਲਾ ਕੇ 30-40 ਮੁਟਿਆਰਾਂ ਦੀਆਂ ਤਸਵੀਰਾਂ ਜਮ੍ਹਾਂ ਕੀਤੀਆਂ ਤੇ ਜਦ ਉਹਨਾਂ ਨੇ ਦਲਾਲਾਂ ਦੀ ਮੂੰਹ ਮੰਗੀ ਕੀਮਤ ’ਤੇ ਉਹਨਾਂ ਨੂੰ ਹਾਸਲ ਕਰਨ ਦਾ ਐਲਾਨ ਕਰ ਦਿੱਤਾ। ਫਿਰ ਕੀ ਸੀ ਛਤੀਸਗੜ੍ਹ ਦੇ ਆਦੀਵਾਸੀ ਇਲਾਕਿਆਂ ਤੋਂ ਲੜਕੀਆਂ ਗਾਇਬ ਹੋਣ ਲੱਗੀਆਂ ਅਤੇ ਅਯਾਸ਼ਾਂ ਦੇ ਬਿਸਤਰ ’ਤੇ ਪਹੁੰਚਣ ਲੱਗੀਆਂ। ਜਦ ਕਿਸੇ ਅਯਾਸ਼ ਦਾ ਆਪਣੇ ਪਾਸ ਆਈ ਲੜਕੀ ਤੋਂ ਮਨ ਭਰ ਜਾਂਦਾ ਤਾਂ ਉਹ ਉਸੇ ਦਲਾਲ ਨੂੰ ਵੇਚ ਦਿੰਦਾ। ਦਲਾਲ ਉਸ ਨੂੰ ਕੋਠੇ ਵਾਲੀ ਬਣਾਉਂਦਾ ਜਾਂ ਦੂਜੇ ਦੇਸ਼ ਪਹੁੰਚਾਉਂਦਾ। ਯੂਰਪ ਅਮਰੀਕਾ ਤੇ ਖਾੜੀ ਦੇਸ਼ਾਂ ’ਚ ਭਾਰਤੀ ਮੁਟਿਆਰਾਂ ਦੀ ਵੱਧ ਤੋਂ ਵੱਧ ਮੰਗ ਹੈ ਯੂਰਪ ਤੇ ਅਮਰੀਕਾ ’ਚ ਮੁੱਖ ਤੌਰ ’ਤੇ ਇਹਨਾਂ ਨੌਕਰਾਣੀਆਂ ਨੂੰ ਕੰਮ ਮਿਲਦਾ ਹੈ

ਜਦ ਕਿ ਖਾੜੀ ਦੇਸ਼ ਦੇ ਸ਼ੇਖ ਇਨ੍ਹਾਂ ਦੇ ਜਿਸਮ ਦੇ ਦੀਵਾਨੇ ਹੁੰਦੇ ਹਨ। ਇਹ ਪਲੇਸਮੈਂਟ ਏਜੰਸੀਆਂ ਜਾਂ ਸਪੱਸ਼ਟ ਸ਼ਬਦਾਂ 'ਚ ਜਿਸਮ ਦੇ ਸੌਦਾਗਰ ਕਹੀਏ, ਜਦ ਲੜਕੀਆਂ ਨੂੰ ਇਹਨਾਂ ਦੇ ਖੇਤਰ ਤੋਂ ਬਾਹਰ ਲੈ ਜਾਂਦੇ ਹਨ ਤਾਂ ਉਹਨਾਂ ਦਾ ਨਾਂ ਬਦਲ ਦਿੰਦੇ ਹਨ। ਇਹਨਾਂ ਦੇ ਮਾਪਿਆਂ ਕੋਲ ਇਹਨਾਂ ਦੀ ਤਸਵੀਰ ਵੀ ਨਹੀਂ ਹੁੰਦੀ ਜਿਸ ਨਾਲ ਇਹਨਾਂ ਦੀ ਪਹਿਚਾਣ ਕੀਤੀ ਜਾ ਸਕੇ। ਇਸ ਲਈ ਇਹਨਾਂ ਨੂੰ ਲੱਭਣ 'ਚ ਪ੍ਰੇਸ਼ਾਨੀ ਹੁੰਦੀ ਹੈ।

ਰਾਜ ਦੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਦਾ ਦੋਸ਼ ਹੈ ਕਿ ਰਾਜ ਸਰਕਾਰ ਅਜਿਹੇ ਮਾਮਲਿਆਂ ਸਬੰਧੀ ਗੰਭੀਰ ਨਹੀਂ ਹੈ। ਰਾਜ ਵਿਧਾਨ ਸਭਾ 'ਚ ਕੋਈ ਠੋਸ ਕਾਰਵਾਈ ਨਹੀਂ ਕਰ ਸਕੀ।

ਇਥੋਂ ਦੀਆਂ ਲੜਕੀਆਂ ਦੇ ਬਾਹਰ ਜਾਣ ਦਾ ਸਭ ਤੋਂ ਵੱਡਾ ਕਾਰਨ ਗਰੀਬੀ ਹੈ, ਅਨਪੜ੍ਹਤਾ ਹੈ। ਜੇ ਸਰਕਾਰ ਇਹਨਾਂ ਖੇਤਰਾਂ 'ਚ ਵਿਕਾਸ ਕਰਾਏ ਤਾਂ ਇਸ ਤਰ੍ਹਾਂ ਦੀਆਂ ਘਟਨਾਵਾਂ 'ਚ ਕਮੀ ਆ ਸਕਦੀ ਹੈ ਪਰ ਭਾਜਪਾ ਸਰਕਾਰ ਭ੍ਰਿਸ਼ਟਾਚਾਰ 'ਚ ਗਰਕੀ ਹੋਈ ਹੈ। ਰਾਜਸੀ ਨੇਤਾਵਾਂ ਦਾ ਐਸਾ ਸੁਭਾਅ ਹੀ ਬਣ ਗਿਆ ਹੈ ਕਿ ਉਹ ਹਰ ਮਾਮਲੇ ਤੋਂ ਚਾਹੇ ਉਹ ਆਫਤ ਹੀ ਹੋਵੇ, ਹਾਦਸਾ ਹੋਵੇ ਜਾਂ ਕੋਈ ਤਿਉਹਾਰ ਹੋਵੇ, ਉਸ ਤੋਂ ਰਾਜਸੀ ਰੋਟੀਆਂ ਸੇਕਣ ਤੋਂ ਬਾਜ ਨਹੀਂ ਆਉਂਦੇ। ਨੰਦ ਕੁਮਾਰ ਪਟੇਲ ਆਦੀਵਾਸੀਆਂ ਦੀ ਗਰੀਬੀ ਤੇ ਸਿੱਖਿਆ ਦੀ ਗੱਲ ਕਰਦੇ ਹਨ ਤਾਂ ਉਸ ਤੋਂ ਵੀ ਮਹੱਤਵਪੂਰਨ ਹੈ ਉਹਨਾਂ ਦੀ ਖੁਦ ਦੀ ਮਾਨਸਿਕਤਾ ਵੀ। ਥੋੜ੍ਹੇ ਜਿਹੇ ਪੈਸਿਆਂ ਦੇ ਲਾਲਚ 'ਚ ਲੜਕੀਆਂ ਅਤੇ ਉਹਨਾਂ ਦੇ ਮਾਪੇ ਕਿਉਂ ਵਰਗਲਾਏ ਜਾਂਦੇ ਹਨ? ਅਜਿਹੀ ਗੱਲਾਂ ਦੀ ਵੀ ਜਾਣਕਾਰੀ ਮਿਲੀ ਹੈ ਕਿ ਸ਼ਹਿਰ ਸੀਮਾ ਦੇ ਨਾਲ ਦੇ ਆਦੀਵਾਸੀ ਖੇਤਰਾਂ ਦੀਆਂ ਮੁਟਿਆਰਾਂ ਬਣ ਸੰਵਰ ਕੇ ਸ਼ਾਮ ਨੂੰ ਬਾਹਰ ਘੁੰਮਣ ਨਿਕਲ ਜਾਂਦੀਆਂ ਹਨ ਅਤੇ ਮਰਦਾਂ ਨੂੰ ਸੱਦਾ ਦਿੰਦੀਆਂ ਹਨ। ਪੂਰੀ ਕਾਰਵਾਈ 'ਤੇ ਛਾਣਬੀਣ ਕਰਨ 'ਤੇ ਇਹ ਪਤਾ ਨਹੀਂ ਚੱਲਿਆ ਕਿ ਕਿਸੇ ਵੀ ਆਦੀਵਾਸੀ ਲੜਕੀ ਦਾ ਅਗਵਾ ਕੀਤਾ ਗਿਆ ਹੋਵੇ। ਉਹ ਆਪਣੀ ਇੱਛਾ ਤੇ ਆਪਣੇ ਮਾਪਿਆਂ ਦੀ ਸਲਾਹ ਨਾਲ ਪਲੇਸਮੈਂਟ ਕਰਮੀਆਂ ਨਾਲ ਗਈਆਂ ਹਨ।

ਸ਼ਾਸ਼ਨ-ਪ੍ਰਸ਼ਾਸ਼ਨ ਤਾਂ ਪੂਰੀ ਤਰ੍ਹਾਂ ਲਿਪਾ ਪੋਚੀ ਕਰਨ 'ਚ ਜੁਟਿਆ ਹੋਇਆ ਹੈ। ਗੱਲ ਹੀ ਕੁਝ ਅਜਿਹੀ ਹੈ। ਆਖਰ ਇਹਨਾਂ ਗਰੀਬ ਆਦੀਵਾਸੀਆਂ ਦੀ ਫਿਕਰ ਹੈ ਕਿਸ ਨੂੰ?

# ਕਿੰਨੀ ਕੁ ਜਾਇਜ਼ ਨਿਆਂ ਪ੍ਰਣਾਲੀ 'ਚ ਸੁਧਾਰਾਂ ਦੀ ਮੰਗ?

ਸਾਬਕਾ ਚੀਫ ਜਸਟਿਸ ਐਸ ਪੀ ਭਰੂਚਾ ਨੇ ਕਿਹਾ ਸੀ ਕਿ ਸੁਪਰੀਮ ਕੋਰਟ ਤੇ ਹਾਈ ਕੋਰਟਾਂ ਦੇ ਕੁਲ ਜੱਜਾਂ ਵਿਚੋਂ 20 ਫੀਸਦੀ ਭ੍ਰਿਸ਼ਟ ਹਨ ਅਤੇ ਰਿਸ਼ਵਤ ਲੈਂਦੇ ਹਨ। ਕਈਆਂ ਦਾ ਤਾਂ ਮੰਨਣਾ ਹੈ ਕਿ ਵੀਹਵੀ ਸਦੀ ਉਹਨਾਂ ਨੇ ਬਹੁਤ ਹਿਚਕਚਾਉਂਦੇ ਹੋਏ ਕਿਹਾ ਕਿ ਹੈ, ਇਹ ਤੈਦਾਦ ਹੋਰ ਵੱਧ ਹੋ ਸਕਦੀ ਹੈ। ਪਿੱਛੇ ਜਿਹੇ ਹੀ ਕੇਂਦਰ ਸਰਕਾਰ ਨੇ ਰਾਜ ਸਭਾ 'ਚ ਜੱਜਾਂ ਦੀ ਸੰਪਤੀ ਤੇ ਜੁਆਬਦੇਹੀ ਦੇ ਐਲਾਨ ਨਾਲ ਸਬੰਧਤ ਬਿਲ ਪੇਸ਼ ਕੀਤਾ ਗਿਆ ਜਿਸ ਨੂੰ ਭਾਰੀ ਵਿਰੋਧ ਕਾਰਨ ਵਾਪਸ ਲੈਣਾ ਪਿਆ ਇਸ ਘਟਨਾ ਨਾਲ ਨਿਆਂ ਪ੍ਰਣਾਲੀ 'ਚ ਭ੍ਰਿਸ਼ਟਾਚਾਰ 'ਤੇ ਗੰਭੀਰ ਬਹਿਸ ਸ਼ੁਰੂ ਹੋ ਗਈ ਹੈ ਅਤੇ ਨਿਆਂਇਕ ਸੁਧਾਰਾਂ ਦੀ ਮੰਗ ਜੋਰ ਫੜ ਰਹੀ ਹੈ। ਜਦ ਸਰਕਾਰੀ ਕਰਮਚਾਰੀਆਂ ਵਲੋਂ ਹਰ ਸਾਲ ਜਾਇਦਾਦ ਦਾ ਐਲਾਨ ਦਾ ਨਿਯਮ ਬਣਾਇਆ ਗਿਆ ਸੀ ਤਾਂ ਉਸ ਦਾ ਕਾਰਨ ਇਹ ਸੀ ਕਿ ਉਨ੍ਹਾਂ ਕੋਲ ਬਹੁਤ ਸਾਰੇ ਅਧਿਕਾਰ ਹੁੰਦੇ ਹਨ ਜਿਨ੍ਹਾਂ ਦੀ ਦੁਰਵਰਤੋਂ ਕਰਕੇ ਉਹ ਰਿਸ਼ਵਤ ਲੈ ਸਕਦੇ ਹਨ। ਇਹ ਸਭ ਜਾਣਦੇ ਹਨ ਕਿ ਵੱਡੀ ਗਿਣਤੀ 'ਚ ਕਰਮਚਾਰੀ ਰਿਸ਼ਵਤ ਲੈਂਦੇ ਰਹੇ ਹਨ। ਇਹ ਰਿਸ਼ਵਤਖੋਰੀ 'ਤੇ ਰੋਕ ਲਾਉਣ ਦੀ ਕੋਸ਼ਿਸ਼ ਸੀ। ਜੇ ਉਹਨਾਂ ਨੇ ਹਰ ਸਾਲ ਜਾਇਦਾਦ ਦਾ ਵੇਰਵਾ ਦੇਣਾ ਹੋਵੇ ਤਾਂ ਵੇਖਿਆ ਜਾ ਸਕਦਾ ਹੈ ਕਿ ਇਕ ਸਾਲ ਵਿਚ ਉਹਨਾਂ ਦੀ ਜਾਇਦਾਦ ਕਿੰਨੀ ਵਧੀ ਹੈ। ਅਜਿਹੇ 'ਚ ਉਹਨਾਂ ਤੋਂ ਪੁੱਛਿਆ ਜਾ ਸਕਦਾ ਹੈ ਕਿ ਇਹ ਜਾਇਦਾਦ ਆਈ ਕਿੱਥੋਂ? ਪਰ ਕੋਈ ਕਰਮਚਾਰੀ ਉਸ ਦੀ ਸਫਾਈ ਨਾ ਦੇ ਸਕੇ ਤਾਂ ਇਹ ਮੰਨਿਆ ਜਾਵੇਗਾ ਕਿ ਉਸ ਨੇ ਰਿਸ਼ਵਤ ਲੈ ਕੇ ਜਾਇਦਾਦ ਇਕੱਠੀ ਕੀਤੀ ਹੈ।

ਭ੍ਰਿਸ਼ਟਾਚਾਰ ਰੋਕੂ ਕਾਨੂੰਨ 'ਚ ਇਕ ਵਿਵਸਥਾ ਹੈ ਕਿ ਜੇ ਕੋਈ ਲੋਕ ਸੇਵਕ ਆਮਦਨੀ ਦੇ ਜ਼ਰੀਏ ਰਾਹੀਂ ਵਧੀ ਜਾਇਦਾਦ ਦਾ ਸਪੱਸ਼ਟੀਕਰਨ ਨਾਂ ਦੇ ਸਕੇ ਤਾਂ ਮੰਨਿਆ ਜਾਵੇਗਾ ਕਿ ਉਹ ਭ੍ਰਿਸ਼ਟ ਹੈ। ਬਹੁਤ ਸਾਰੇ ਕਰਮਚਾਰੀ ਇਸ ਨਿਯਮ ਤਹਿਤ ਦੋਸ਼ੀ ਪਾਏ ਗਏ ਹਨ ਅਤੇ ਉਹਨਾਂ ਨੂੰ ਸਜਾ ਵੀ ਮਿਲੀ ਹੈ। ਭ੍ਰਿਸ਼ਟਾਚਾਰ ਰੋਕੂ ਕਾਨੂੰਨ 'ਚ ਇਸ ਦੀ ਵਿਆਖਿਆ ਹੈ ਅਤੇ ਸੁਪਰੀਮ ਕੋਰਟ ਕਹਿ ਚੁੱਕੀ ਹੈ ਕਿ ਇਹ ਹਾਈਕੋਰਟ ਤੇ ਸੁਪਰੀਮ ਕੋਰਟ ਦੇ ਜੱਜਾਂ 'ਤੇ ਵੀ ਲਾਗੂ ਹੁੰਦੀ ਹੈ। ਇਸ ਦਾ ਅਰਥ ਇਹ ਹੋਇਆ ਕਿ ਜੇ ਦੀ ਜਾਇਦਾਦ ਵਧੇ ਤੇ ਉਹ ਇਸ ਦਾ ਹਿਸਾਬ ਨਾ ਦੇ ਸਕਣ ਤਾਂ ਉਹਨਾਂ ਨੂੰ ਰਿਸ਼ਵਤ ਦਾ ਦੋਸ਼ੀ ਮੰਨਿਆ ਜਾਵੇਗਾ ਅਤੇ ਉਹਨਾਂ ਨੂੰ ਸਜਾ ਮਿਲੇਗੀ। ਜਦ ਦੇਸ਼ ਦਾ ਸੰਵਿਧਾਨ ਬਣਿਆ ਸੀ, ਉਸ ਸਮੇਂ ਇਸ ਗੱਲ ਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ ਕਿ ਏਨੇ ਉੱਚੇ ਅਹੁਦਿਆਂ 'ਤੇ ਬੈਠੇ ਜੱਜ ਭ੍ਰਿਸ਼ਟ ਵੀ ਹੋ ਸਕਦੇ ਹਨ। 1947 ਦੀ ਸੱਤਾ ਬਦਲੀ ਤੋਂ ਪਹਿਲਾਂ ਇਹ ਸੋਚਣਾ ਵੀ ਮੁਮਕਿਨ ਨਹੀਂ ਸੀ ਕਿ ਕੋਈ ਜੱਜ ਰਿਸ਼ਵਤ ਲੈ ਸਕਦਾ ਹੈ ਪਰ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ। ਹਾਲਾਤ ਬਦਲ ਗਏ। ਅੱਜ ਇਹ ਹਾਲਾਤ ਹੈ ਕਿ ਸਾਬਕਾ ਚੀਫ ਜਸਟਿਸ ਐਸ. ਪੀ. ਭਰੂਚਾ ਨੇ ਕਿਹਾ ਸੀ ਕਿ ਸੁਪਰੀਮ ਕੋਰਟ ਤੇ ਹਾਈਕੋਰਟ ਦੇ ਕੁਲ ਜੱਜਾਂ 'ਚੋਂ ਵੀਹ ਫੀਸਦੀ ਭ੍ਰਿਸ਼ਟ ਹਨ ਅਤੇ ਰਿਸ਼ਵਤ ਲੈਂਦੇ ਹਨ। ਖੈਰ ਗੱਲ ਵੀਹਵੀ ਸਦੀ ਜਾਂ ਵੱਧ ਦੀ ਨਹੀਂ ਬਲਕਿ ਇਹ ਹੈ ਕਿ ਅਗਰ ਦੋ ਵੀਸਦੀ ਜੱਜ ਵੀ ਭਰਿਸ਼ਟ ਹਨ ਤਾਂ ਇਹ ਨਿਆਂ ਅਮਲ ਤੇ ਬਹੁਤ

ਵੱਡੀ ਸੱਟ ਹੈ। ਕਿਸੇ ਨੂੰ ਪਤਾ ਨਹੀਂ ਲੱਗੇਗਾ ਕਿ ਰਿਸ਼ਵਤ ਹੈ ਕੇ ਗ਼ਲਤ ਫੈਸਲਾ ਦਿੱਤਾ ਗਿਆ ਸੀ ਜਾਂ ਇਮਾਨਦਾਰੀ ਨਾਲ ਗਲਤੀ ਹੋ ਗਈ ਹੈ। ਨਿਆਂ ਅਮਲ 'ਚ ਭ੍ਰਿਸ਼ਟਾਚਾਰ ਦੀ ਕੋਈ ਥਾਂ ਨਹੀਂ ਹੈ। ਇਸ ਲਈ ਇਹ ਮੰਗੀ ਉੱਠੀ ਕਿ ਜੇ ਹਰ ਸਾਲ ਜੱਜ ਆਪਣੀ ਜਾਇਦਾਦ ਦਾ ਵੇਰਵਾ ਦੇਣ ਤਾਂ ਉਹਨਾਂ ਦੇ ਭ੍ਰਿਸ਼ਟ ਹੋਣ 'ਤੇ ਇਕ ਰੋਕ ਲੱਗੇਗੀ। ਜਾਣੇ ਪਹਿਚਾਣੇ ਫਲੀ ਐਸ ਨਰੀਮਨ ਮੁਤਾਬਕ ਅਮਰੀਕਾ 'ਚ ਕਾਨੂੰਨ ਹੈ ਜਿਸ ਦੇ ਤਹਿਤ ਸੁਪਰੀਮ ਕੋਰਟ ਤੇ ਦੂਜੇ ਉੱਚੇ ਅਹੁਦਿਆਂ ਤੇ ਨਿਯੁਕਤ ਜੱਜ ਨੂੰ ਹਰ ਸਾਲ ਆਪਣੀ ਜਾਇਦਾਦ ਦਾ ਵੇਰਵਾ ਦੇਣਾ ਚਾਹੀਦਾ ਹੈ। ਜਾਇਦਾਦ ਦਾ ਵੇਰਵਾ ਦੇਣ ਨਾਲ ਇਕ ਰੋਕ 'ਤੇ ਲਾਜ਼ਮੀ ਲੱਗੇਗੀ ਪਰ ਇਹ ਜ਼ਰੂਰੀ ਨਹੀਂ ਕਿ ਭ੍ਰਿਸ਼ਟ ਜੱਜ ਉਸ ਵਿਚ ਫੜੇ ਹੀ ਜਾਣਗੇ। ਅਕਸਰ ਭ੍ਰਿਸ਼ਟ ਲੋਕ ਦੂਜੇ ਤਰੀਕੇ ਕੱਢ ਲੈਂਦੇ ਹਨ। ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਆਪਣੇ ਕਿਸੇ ਰਿਸ਼ਤੇਦਾਰ ਜਾਂ ਵਿਸਵਾਸ਼ਪਾਤਰ ਦੇ ਨਾਂ 'ਤੇ ਜਾਇਦਾਦ ਬਣਾ ਲੈਂਦੇ ਹਨ ਅਤੇ ਬਚ ਵੀ ਜਾਂਦੇ ਹਨ। ਫਿਰ ਵੀ ਇਸ ਨਾਲ ਬਹੁਤ ਵੱਡੀ ਰੋਕ ਲੱਗ ਸਕਦੀ ਹੈ ਪਰ ਇਸ ਤਰਕ 'ਚ ਕੋਈ ਦਮ ਨਹੀਂ ਕਿ ਜੱਜ ਸਿਰਫ ਚੀਫ ਜਸਟਿਸ ਨੂੰ ਇਹ ਵੇਰਵਾ ਦਿੰਦੇ ਹਨ ਅਤੇ ਉਸ ਨੂੰ ਜਨਤਕ ਨਹੀਂ ਕੀਤਾ ਜਾਂਦਾ। ਗੁਪਤ ਤਰੀਕੇ ਨਾਲ ਦਿੱਤੀ ਗਈ ਸੂਚਨਾ ਵਿੱਚ ਲੋਕਾਂ ਨੂੰ ਪਤਾ ਕਰਨਾ ਮੁਸ਼ਕਲ ਹੋ ਜਾਂਦਾ ਹੈ ਕਿ ਕਿਸ ਜੱਜ ਨੇ ਸੰਪਤੀ ਦਾ ਜਾਣਕਾਰੀ ਛੁਪਾਈ ਹੈ। ਜੇ ਇਹ ਜਾਣਕਾਰੀ ਜਨਤਕ ਹੋਵੇ ਤਾਂ ਬਹੁਤ ਸਾਰੇ ਕੇਸਾਂ ਵਿੱਚ ਜਨਤਾ ਜਾਣ ਸਕਦੀ ਹੈ ਕਿਸ ਜੱਜ ਨੇ ਕਿਹੜੀ ਸੰਪਤੀ ਦੀ ਜਾਣਕਾਰੀ ਛਿਪਾ ਲਈ ਹੈ। ਇਸ ਲਈ ਜਦ ਤਕ ਸੰਪਤੀ ਦੀ ਸੂਚਨਾ ਨੂੰ ਜਨਤਕ ਨਹੀਂ ਕੀਤਾ ਜਾਂਦਾ ਨਿਆਂਇਕ ਭ੍ਰਿਸ਼ਟਚਾਰ ਤੇ ਰੋਕ ਲਾਉਣ ਦਾ ਮੂਲ ਉਦੇਸ਼ ਹਾਸਲ ਨਹੀਂ ਹੁੰਦਾ ਹੋਵੇਗਾ। ਜੇ ਸਿਰਫ ਮੁੱਖ ਚੀਫ ਜਸਟਿਸ ਕੋਲ ਐਸੀ ਜਾਣਕਾਰੀ ਰਹੇ ਤਾਂ ਉਸਦਾ ਕੋਈ ਅਰਥ ਨਹੀਂ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਹਰੇਕ ਜੱਜ ਹਰ ਸਾਲ ਆਪਣੀ ਜਾਇਦਾਦ ਦਾ ਲੇਖਾ ਜੋਖਾ ਦੇਵੇ। ਇਸਦਾ ਲੋਕਾਂ ਨੂੰ ਪਤਾ ਰਹੇ ਅਤੇ ਉਹ ਲੋੜ ਪੈਣ 'ਤੇ ਇਹ ਜਾਣਕਾਰੀ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਭੇਜ ਸਕਣ ਕਿ ਫਲਾਣੇ ਜੱਜ ਨੇ ਆਪਣੇ ਵੇਰਵਿਆਂ 'ਚ ਕਿਹੜੀ ਸੰਪਤੀ ਦਾ ਸਰੋਤ ਕੀ ਹੈ। ਪਰ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਕਿ ਸੰਪਤੀ ਲਗਾਤਾਰ ਵਧ ਰਹੀ ਹੈ ਤਾਂ ਉਨ੍ਹਾਂ ਤੋਂ ਪੁੱਛਿਆ ਜਾ ਸਕਦਾ ਹੈ ਕਿ ਜਦ ਇਹ ਸੂਚਨਾ ਜਨਤਕ ਤੌਰ 'ਤੇ ਮੁਹੱਈਆ ਹੋਵੇ। ਜੱਜਾਂ ਵੱਲੋਂ ਸੰਪਤੀ ਦੇ ਬਿਉਰੋ ਨੂੰ ਜਨਤਕ ਕੀਤੇ ਜਾਣ ਦਾ ਵਿਰੋਧ ਕਰਨ 'ਤੇ ਜਨਤਾ 'ਚ ਇਹ ਸੰਦੇਸ਼ ਜਾਂਦਾ ਰਿਹਾ ਹੈ ਕਿ ਉਹ ਭ੍ਰਿਸ਼ਟ ਹਨ ਤੇ ਆਪਣੇ ਭ੍ਰਿਸ਼ਟਾਚਾਰ ਨੂੰ ਛੁਪਾਉਣਾ ਚਾਹੁੰਦੇ ਹਨ। ਫਲੀ ਐਸ ਨਰੀਮਨ ਦਾ ਮੰਨਣਾ ਹੈ ਕਿ ਅਜਿਹੇ ਵਿਰੋਧ ਦੀ ਵਜਾਹ ਕਰਕੇ ਨਿਆਂਧੀਸਾਂ ਦੀ ਸ਼ਾਖ 'ਤੇ ਆਂਚ ਆ ਰਹੀ ਹੈ। ਉਲਟੇ ਜੱਜਾਂ ਨੂੰ ਖ਼ੁਦ ਅੱਗੇ ਵਧ ਕੇ ਉਦਾਹਰਣ ਪੇਸ਼ ਕਰਨੀ ਚਾਹੀਦੀ ਹੈ ਕਿ ਅਸੀਂ ਵੀ ਅਮਰੀਕਾ ਦੇ ਉਹਨਾਂ ਜੱਜਾਂ ਵਾਂਗੂੰ ਹੈ ਜੋ ਹਰ ਸਾਲ ਆਪਣੀ ਜਾਇਦਾਦ ਦੇ ਵੇਰਵੇ ਜਨਤਕ ਕਰਨੋਂ ਨਹੀਂ ਝਿਜਕਦੇ। ਇੱਕ ਗੱਲ ਇਹ ਵੀ ਕਹੀ ਜਾ ਰਹੀ ਹੈ ਕਿ ਇਹ ਬਿਊਰੋ ਦੇਣ 'ਤੇ ਲੋਕ ਜੱਜਾਂ ਨੂੰ ਪ੍ਰੇਸ਼ਾਨ ਕਰ ਸਕਦੇ ਹਨ ਪਰ ਇਹ ਸੰਕਾ ਅਧਾਰਹੀਣ ਹੈ। ਜੇ ਉਹ ਇਹ ਵੇਰਵੇ ਦੇਣਗੇ ਤਾਂ ਕੌਣ ਪ੍ਰੇਸ਼ਾਨ ਕਰੇਗਾ? ਦੂਜੇ ਪਾਸੇ ਇਹੋ ਜਿਹੀ ਹੀ ਗੱਲ ਵਕੀਲਾਂ ਬਾਰੇ ਉਠਦੀ ਹੈ। ਪਰ ਵਕੀਲ ਅਜਿਹੇ ਅਹੁਦੇ 'ਤੇ ਨਹੀਂ ਹਨ ਜਿਥੇ ਉਹ ਰਿਸ਼ਵਤ ਲੈ ਸਕਣ। ਕਿਉਂ ਉਹ

ਤਾਂ ਆਪਣੇ ਮੁਵਕਿਲ ਤੋਂ ਫੀਸ ਲੈਂਦੇ ਹਨ, ਰਸੀਦ ਭਾਵੇਂ ਨਹੀਂ ਦਿੰਦੇ। ਮੁਵਕਿਲ ਵੀ ਇਹ ਦੇਖ ਕੇ ਆਪ ਕਿੰਨੇ ਅੱਛੇ ਵਕੀਲ ਹੋ, ਆਪ ਉਸ ਨੂੰ ਨਿਆਂ ਦਵਾ ਸਕਦੇ ਹੋ ਜਾਂ ਨਹੀਂ, ਇਸ ਅਧਾਰ 'ਤੇ ਵਕੀਲਾਂ ਨੂੰ ਭਾਰੀ ਭਾਰੀ ਫੀਸਾਂ ਦਿੰਦੇ ਹਨ ਜਿਹਨਾਂ ਦੀ ਉਪਰਲੀ ਸੀਮਾ ਦੀ ਕੋਈ ਹੱਦ ਨਹੀਂ ਹੈ ਤਾਂ ਇਹ ਵੀ ਲੋਕਾਂ 'ਤੇ ਬੇਲੋੜਾ ਭਾਰ ਹੀ ਪਰ ਵਕੀਲਾਂ 'ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਲਾਗੂ ਨਹੀਂ ਹੁੰਦਾ। ਜੇ ਕਿਸੇ ਬੰਦੇ ਦੀ ਜਾਇਦਾਦ ਵਧ ਰਹੀ ਹੈ ਤਾਂ ਉਸ ਨਾਲ ਇਹ ਸਾਬਤ ਨਹੀਂ ਹੁੰਦਾ ਕਿ ਉਹ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਲਾਗੂ ਨਹੀਂ ਹੁੰਦਾ। ਜੇ ਕਿਸੇ ਬੰਦੇ ਦੀ ਜਾਇਦਾਦ ਵਧ ਰਹੀ ਹੈ ਤਾਂ ਉਸ ਨਾਲ ਇਹ ਸਾਬਤ ਨਹੀਂ ਹੁੰਦਾ ਕਿ ਉਹ ਭ੍ਰਿਸ਼ਟਾਚਾਰ ਕਰ ਰਿਹਾ ਹੈ। ਤਾਂ ਕਾਨੂੰਨ ਤਹਿਤ ਉਸ ਦੀ ਜਾਂਚ ਹੋ ਸਕਦੀ ਹੈ। ਇਸ ਦੇ ਬਾਵਜੂਦ ਜੇ ਐਸੀ ਮੰਗ ਉੱਠਦੀ ਹੈ ਤਾਂ ਹਰ ਵਕੀਲ ਵੀ ਹਰ ਸਾਲ ਆਪਣੀ ਆਮਦਨ ਤੇ ਜਾਇਦਾਦ ਦਾ ਵੇਰਵਾ ਦੇਵੇ ਤਾਂ ਇਸ 'ਚ ਕੋਈ ਇਤਰਾਜ ਵਾਲੀ ਗੱਲ ਨਹੀਂ ਹੋਣੀ ਚਾਹੀਦੀ। ਕਈ ਅਜਿਹੇ ਵੱਡੇ ਵੱਡੇ ਵਕੀਲ ਹਨ ਜਿਹਨਾਂ ਦੀ ਬਹੁਤ ਆਮਦਨ ਹੈ ਅਤੇ ਸਭ ਆਮਦਨ ਟੈਕਸ ਦਿੰਦੇ ਹਨ। ਲੋਕਾਂ ਵੱਲੋਂ ਜੱਜਾਂ ਦੀ ਜਾਇਦਾਦ ਜਨਤਕ ਕੀਤੇ ਜਾਣ ਦੀ ਮੰਗ ਵਧਦੀ ਜਾ ਰਹੀ ਹੈ ਅਤੇ ਦਬਾਅ ਕਾਰਨ ਸਰਕਾਰ ਸੰਸਦ 'ਚ ਇਸ ਤਰ੍ਹਾਂ ਦਾ ਬਿਲ ਲਿਆਈ। ਜਿਸ ਦਾ ਵਿਰੋਧ ਕੀਤਾ ਗਿਆ। ਸੂਚਨਾ ਅਧਿਕਾਰ ਕਾਨੂੰਨ ਤਹਿਤ ਇਹ ਪੁੱਛਿਆ ਗਿਆ ਕਿ ਜੱਜ ਜਾਇਦਾਦ ਦਾ ਵੇਰਵਾ ਚੀਫ ਜਸਟਿਸ ਨੂੰ ਦੇਣਗੇ ਤਾਂ ਉਸ ਨੂੰ ਜਨਤਕ ਕਿਉਂ ਨਾ ਕੀਤਾ ਜਾਵੇ। ਇਹ ਕੇਸ ਦਿੱਲੀ ਦੀ ਹਾਈਕੋਰਟ 'ਚ ਚਲ ਰਿਹਾ ਸੀ। ਉਸ ਸੂਚਨਾ ਤਹਿਤ ਕਮਿਸ਼ਨ ਨੇ ਹੁਕਮ ਦਿੱਤਾ ਤਾਂ ਉਸ ਖਿਲਾਫ ਸੁਪਰੀਮ ਕੋਰਟ ਦੀ ਰਜਿਸਟਰੀ ਅਪੀਲ 'ਚ ਕੀਤੀ ਗਈ। ਸੁਪਰੀਮ ਕੋਰਟ ਦੀ ਰਜਿਸਟਰੀ ਅਪੀਲ 'ਚ ਕੀਤੀ ਗਈ। ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਹੋਈ। ਇਸ ਨਾਲ ਜਨਤਾ 'ਚ ਹੋਰ ਬੇਬਕੀ ਵੀ ਪੈਦਾ ਹੋਈ ਕਿ ਭਲਾ ਜੱਜ ਕਿਉਂ ਵੇਰਵੇ ਛੁਪਾਉਣਾ ਚਾਹੁੰਦੇ ਹਨ ਕੋਈ ਬੰਦਾ ਜਦ ਕੋਈ ਗੱਲ ਛੁਪਾਉਂਦਾ ਹੈ ਤਾਂ ਸੁਭਾਵਿਕ ਤੌਰ 'ਤੇ ਸੋਚਿਆ ਜਾਂਦਾ ਹੈ ਕਿ ਕਿਤੇ ਨਾ ਕਿਤੇ ਕੋਈ ਬੇਈਮਾਨੀ ਹੈ। ਉਧਰ ਸਰਕਾਰ ਨੇ ਸੰਸਦ 'ਚ ਪੇਸ਼ ਇਸ ਨਾਲ ਜੁੜੇ ਬਿਲ 'ਚ ਦਫਾ 6 ਲਈ ਕਿ ਹਰ ਜੱਜ ਦੀ ਇਹ ਕਾਨੂੰਨੀ ਜਿੰਮੇਵਾਰੀ ਹੋਵੇਗੀ ਕਿ ਉਹ ਚੀਫ ਜਸਟਿਸ ਨੂੰ ਜਾਇਦਾਦ ਦਾ ਵੇਰਵਾ ਹਰ ਸਾਲ ਦੇਵੇ। ਪਰ ਇਸ ਨੂੰ ਜਨਤਕ ਨਹੀਂ ਕੀਤਾ ਜਾਵੇਗਾ ਇਸ ਗੱਲ ਨਾਲ ਲੋਕਾਂ 'ਚ ਰੋਸ ਸੁਭਾਵਿਕ ਹੈ ਕਿਉਂਕਿ ਐਸਾ ਬਿੱਲ ਜਨਤਾ ਦੇ ਫਾਇਦੇ ਲਈ ਨਹੀਂ ਬਲਕਿ ਉਸ ਨੂੰ ਰੋਕਣ ਲਈ ਹੈ ਕਿ ਉਹ ਪੁੱਛਗਿੱਛ ਨਾ ਕਰੇ। ਲੋਕ ਸਭ ਤੋਂ ਉੱਪਰ ਹੈ ਅਤੇ ਦੇਸ਼ ਦੀ ਪ੍ਰਭੂਸੱਤਾ ਜਨਤਾ ਕਰਕੇ ਹੀ ਹੈ। ਜੋ ਲੋਕ ਕੰਮ ਕਰ ਰਹੇ ਹਨ ਚਾਹੇ ਉਹ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸੁਪਰੀਮ ਕੋਰਟ ਦੇ ਚੀਫ ਜਸਟਿਸ ਜਾਂ ਕੋਈ ਸਰਕਾਰੀ ਅਫਸਰ ਜਾਂ ਕਰਮਚਾਰੀ ਹੋਣ ਸਭ ਜਨਤਾ ਦੀ ਤਨਖਾਹ ਪਾਉਣ ਵਾਲੇ ਨੌਕਰ ਹਨ। ਜਨਤਾ ਦੇ ਮਾਲਕ ਨਹੀਂ ਹਨ ਬਲਕਿ ਜਨਤਾ ਹੀ ਮਾਲਕ ਹੈ। ਇਸ ਲਈ ਇਹਨਾਂ ਸਾਰਿਆਂ ਦੀ ਇਮਾਨਦਾਰੀ ਜਨਤਾ ਪ੍ਰਤੀ ਹੈ। ਸਾਡੇ ਸੰਵਿਧਾਨ 'ਚ ਵੀ ਇਹੀ ਕਿਹਾ ਗਿਆ ਹੈ ਕਿ ਜਨਤਾ ਨੂੰ ਇਹ ਜਾਨਣ ਦਾ ਅਧਿਕਾਰ ਹੈ ਕਿ ਲੋਕ ਜਿਸ ਕੰਮ ਲਈ ਨਿਯੁਕਤ ਕੀਤੇ ਗਏ ਹਨ, ਉਸ ਨੂੰ ਉਹ ਪੂਰੀ ਨਿਸ਼ਚਾ ਤੇ ਇਮਾਨਦਾਰੀ ਨਾਲ ਕਰ ਰਹੇ ਹਨ ਜਾਂ ਨਹੀਂ? ਜਨਤਾ ਦੇ ਇਸ ਅਧਿਕਾਰ 'ਤੇ ਰੋਕ ਕਿਵੇਂ ਲਾਈ ਜਾ ਸਕਦੀ

ਹੈ? ਜੇ ਕਿਸੇ ਸੂਚਨਾ ਨਾਲ ਜਨਹਿਤ ਦੀ ਹਾਨੀ ਹੁੰਦੀ ਹੈ ਤਾਂ ਗੱਲ ਸਮਝ 'ਚ ਆਉਂਦੀ ਹੈ। ਪਰ ਇਸ ਵਿਚ ਐਸੀ ਕੋਈ ਗੱਲ ਨਹੀਂ ਹੈ। ਇਹ ਤਰਕ ਵੀ ਸਮਝੋਂ ਬਾਹਰ ਹੈ ਕਿ ਜਨਤਾ ਇਮਾਨਦਾਰ ਤੇ ਸੁਹਿਰਦ ਵਿਅਕਤੀਆਂ ਨੂੰ ਪ੍ਰੇਸ਼ਾਨ ਕਰਨ ਲੱਗੇਗੀ। ਏਨੇ ਸਾਲਾਂ ਦੇ ਇਤਿਹਾਸ ਵਿੱਚ ਐਸਾ ਕਦੀ ਨਹੀਂ ਹੋਇਆ ਕਿ ਜਨਤਾ ਦੇ ਕਿਸੇ ਇਮਾਨਦਾਰ ਜੱਜ ਦੇ ਖਿਲਾਫ ਦੋਸ਼ ਲੱਗੇ ਹੋਣ। ਵਿਅਕਤੀਆਂ ਦੀ ਇਮਾਨਦਾਰੀ ਹੀ ਉਸ ਦਾ ਸਭ ਤੋਂ ਵੱਡਾ ਕਵਚ ਹੁੰਦੀ ਹੈ ਇਸ ਲਈ ਕੋਈ ਵੀ ਅਜਿਹੇ ਲੋਕਾਂ 'ਤੇ ਝੂਠੇ ਦੋਸ਼ ਨਹੀਂ ਲਾਉਂਦਾ। ਕਿਸੇ ਦੀ ਹਿੰਮਤ ਨਹੀਂ ਕਿ ਇਮਾਨਦਾਰ ਜੱਜ ਨੂੰ ਭ੍ਰਿਸ਼ਟ ਕਹਿ ਦੇਵੇ। ਜੇ ਭੁੱਲ ਕੇ ਅਜਿਹਾ ਕੋਈ ਕਹਿ ਦੇਵੇ ਤਾਂ ਉਸਨੂੰ ਪਾਗਲ ਮੰਨਿਆ ਜਾਵੇਗਾ। ਇਸ ਲਈ ਇਹ ਸੋਚਣਾ ਕਿ ਜੱਜਾਂ ਨੂੰ ਲੋਕ ਪ੍ਰੇਸ਼ਾਨ ਕਰਨਗੇ। ਸਰਾਸਰ ਗਲਤ ਹੈ। ਦਰਅਸਲ ਸਰਕਾਰ ਨੇ ਬਿਲ 'ਚ ਦਫਾ 6 ਲਾ ਕੇ ਭਾਰੀ ਭੁੱਲ ਕੀਤੀ ਹੈ। ਵਿਰੋਧੀ ਧਿਰ ਦੇ ਨਾਲ ਨਾਲ ਖੁਦ ਕਾਂਗਰਸ ਪਾਰਟੀ ਦੇ ਸਾਂਸਦਾ ਨੇ ਵੀ ਬਿੱਲ ਦੀ ਇਸ ਧਾਰਾ ਦਾ ਵਿਰੋਧ ਕੀਤਾ ਜਿਸ ਪਿੱਛੋਂ ਸਰਕਾਰ ਨੇ ਇਹ ਕਹਿੰਦੇ ਹੋਏ ਬਿੱਲ ਵਾਪਸ ਲੈ ਲਿਆ ਕਿ ਉਹ ਸਾਰੇ ਸਾਂਸਦਾ ਨਾਲ ਮਸ਼ਵਰਾ ਕਰਕੇ ਹੀ ਅੱਗੇ ਵਧੇਗੀ। ਕਾਨੂੰਨ ਮੰਤਰੀ ਨੂੰ ਇਹ ਧਾਰਾ ਹਟਾਉਣ ਲਈ ਮਜ਼ਬੂਰ ਹੋਣਾ ਪਵੇਗਾ। ਇਕ ਹੋਰ ਗੱਲ ਸੰਸਦ ਵੱਲੋਂ ਨਿਆਂਪਾਲਿਕਾ ਨੂੰ ਅਨੁਸਾਸ਼ਿਤ ਕਰਨ ਦੀ ਕਹੀ ਜਾ ਰਹੀ ਹੈ। ਪਹਿਲਾਂ ਸਰਕਾਰ ਨੂੰ ਜੱਜਾਂ ਦੀ ਨਿਯੁਕਤੀ ਦਾ ਅਧਿਕਾਰ ਸੀ ਪਰ ਬਾਅਦ ਵਿੱਚ ਨੌਂ ਜੱਜਾਂ ਦੇ ਬੈਂਚ ਨੇ ਇਸ ਨੂੰ ਆਪਣੇ ਹੱਥ 'ਚ ਲੈ ਲਿਆ। ਸੰਭਵ ਹੈ ਕਿ ਸਰਕਾਰ ਚਾਹੁੰਦੀ ਹੋਵੇ ਕਿ ਉਹ ਇਹ ਅਧਿਕਾਰ ਵਾਪਸ ਲੈ ਲਵੇ ਤੇ ਐਸੇ ਜੱਜਾਂ ਦੀ ਨਿਯੁਕਤੀ ਕਰੋ ਜੋ ਉਹਨਾਂ ਦੀ ਮਦਦ ਕਰ ਸਕਣ। ਨਾ ਤਾਂ ਹੁਣ ਦਾ ਪ੍ਰਬੰਧ ਠੀਕ ਹੈ ਤੇ ਨਾ ਹੀ ਇਹ ਅਧਿਕਾਰ ਸਰਕਾਰ ਨੂੰ ਮਿਲਣਾ ਚਾਹੀਦਾ ਹੈ। ਦਰਅਸਲ ਨਿਆਂਇਕ ਸੁਧਾਰ ਕਮਿਸ਼ਨ ਹੀ ਵਿਚਕਾਰਲਾ ਰਾਹ ਹੈ। ਇਸ ਨਿਆਂਪਾਲਿਕਾ ਦੇ ਨੁਮਾਇੰਦੇ ਹੋਣ। ਕਾਰਜਪਾਲਿਕਾ ਦੇ ਹੋਣ, ਵਿਧਾਇਕਾਂ ਦੇ ਵੀ ਹੋਣ ਅਤੇ ਉਹ ਸਭ ਮਿਲ ਕੇ ਅਜਿਹੇ ਲੋਕਾਂ ਨੂੰ ਨਿਯੁਕਤ ਤੇ ਅਨੁਸਾਸ਼ਿਤ ਕਰਨ ਦਾ ਅਧਿਕਾਰ ਨਿਆਂਇਕ ਕਮਿਸ਼ਨ ਦਾ ਹੋਣਾ ਚਾਹੀਦਾ ਹੈ। ਦੇਸ਼ ਦੀ ਜਨਤਾ ਇਸ ਗੱਲ ਨੂੰ ਸਵੀਕਾਰ ਨਹੀਂ ਕਰੇਗੀ ਕਿ ਕਾਰਜਪਾਲਿਕਾ ਇਸ ਨੂੰ ਆਪਣੇ ਹੱਥ ਵਿਚ ਲਵੇ। ਮੌਜੂਦਾ ਨਿਆਂਪਾਲਿਕਾ 'ਚ ਭ੍ਰਿਸ਼ਟਾਚਾਰ ਦੇ ਮਾਮਲੇ 'ਆਟੇ 'ਚ ਲੂਣ ਬਰਾਬਰ' ਹਨ। ਭ੍ਰਿਸ਼ਟਾਚਾਰ ਤਾਂ ਇਸ ਤੋਂ ਕਈ ਗੁਣਾ ਵੱਧ ਵਿਆਪਕ ਹੈ। ਕਦੀ ਕਦੀ ਕੁਝ ਮਾਮਲੇ ਸਾਹਮਣੇ ਆ ਜਾਂਦੇ ਹਨ ਜਿਸ ਨਾਲ ਜਨਤਾ ਵਾਕਿਫ ਹੋ ਜਾਂਦੀ ਹੈ। ਅੱਜ ਸਾਡੀ ਨਿਆਂਪਾਲਿਕਾ ਸਾਹਮਣੇ ਦੋ ਵੱਡੀਆਂ ਚੁਣੌਤੀਆਂ ਹਨ ਪਹਿਲੀ ਭ੍ਰਿਸ਼ਟਾਚਾਰ 'ਤੇ ਦੂਜੀ ਅਕੁਸ਼ਲਤਾ। ਬਹੁਤ ਸਾਰੇ ਜੱਜ ਅਜਿਹੇ ਹਨ ਜੋ ਕਾਬਲੀਅਤ ਹੀ ਨਹੀਂ ਰੱਖਦੇ। ਸਿਖਲਾਈ ਦੀ ਘਾਟ ਵੀ ਬਹੁਤ ਵੱਡੀ ਸਮੱਸਿਆ ਹੈ। ਜੱਜਾਂ ਨੂੰ ਹੇਠਾਂ ਤੋਂ ਉਪਰ ਤਕ ਸਿਖਲਾਈ ਦੇਣ ਦਾ ਵਿਆਪਕ ਪ੍ਰਬੰਧ ਹੋਣਾ ਚਾਹੀਦਾ ਹੈ। ਕਾਬਿਲ ਲੋਕਾਂ ਨੂੰ ਨਿਆਂਪਾਲਿਕਾ ਵੱਲ ਆਕਰਸ਼ਿਤ ਕਰਨ ਦੀ ਲੋੜ ਹੈ ਤਾਂ ਕਿ ਅੱਛੇ ਤੇ ਜਾਣਕਾਰ ਲੋਕਾਂ ਦੀ ਨਿਯੁਕਤੀ ਹੋਵੇ। ਇਹਨਾਂ ਦੋਹਾਂ ਕਾਰਨਾਂ ਕਰਕੇ ਨਿਆਂ ਮਿਲਣ 'ਚ ਦੇਰੀ ਹੋ ਜਾਂਦੀ ਹੈ। ਜੋ ਨਿਆਂ ਕੁਝ ਮਹੀਨਿਆਂ 'ਚ ਮਿਲਣਾ ਚਾਹੀਦਾ ਹੈ ਉਸ 'ਚ ਅਨੇਕਾਂ ਸਾਲ ਲੱਗ ਜਾਂਦੇ ਹਨ। ਜੇ ਜੱਜ ਪੂਰੇ ਅਤੇ ਕਾਬਿਲ ਹੋਣ ਤਾਂ ਕੁਝ ਹਫਤਿਆਂ ਵਿਚ ਹੀ ਮਾਮਲਾ ਨਿਬੜ ਸਕਦਾ ਹੈ। ਜਿਹਾ ਕਿ ਬਲਾਤਕਾਰ ਦੇ

ਕੁਝ ਕੇਸਾਂ 'ਚ ਹੋਇਆ ਹੈ। ਗੰਭੀਰਤ ਨਾਲ ਵੇਖਿਆ ਜਾਵੇ ਹੇਠਾਂ ਤੋਂ ਲੈ ਕੇ ਸੁਪਰੀਮ ਕੋਰਟ ਤਕ 6 ਤੋਂ 8 ਮਹੀਨਿਆਂ ਅੰਦਰ ਮਾਮਲੇ ਨਿਪਟਾਏ ਜਾ ਸਕਦੇ ਹਨ। ਜੱਜਾਂ ਨੂੰ ਭ੍ਰਿਸ਼ਟਾਚਾਰ ਤੋਂ ਕਿਸੇ ਤਰ੍ਹਾਂ ਦੀ ਛੋਟ ਨਹੀਂ ਹੈ। ਕਾਨੂੰਨ ਵਿਚ ਕਿਹਾ ਗਿਆ ਹੈ ਕਿ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਜੱਜ ਨੂੰ ਵੀ ਜੇਲ੍ਹ ਭੇਜਿਆ ਜਾ ਸਕਦਾ ਹੈ। ਪਰ ਕੋਰਟ ਦੀ ਉਲੰਘਣਾ ਦੀ ਆੜ ਵਿੱਚ ਅਜਿਹੇ ਕੇਸ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਰ ਕੋਈ ਝੂਠਾ ਦੋਸ਼ ਲਾਵੇ ਤਾਂ ਮਨਹਾਨੀ ਦੀ ਗੱਲ ਸਮਝ ਆਉਂਦੀ ਹੈ ਪਰ ਜੇ ਕੋਈ ਸੱਚ ਕਹਿ ਰਿਹਾ ਹੋਵੇ ਤਾਂ ਮਾਨਹਾਨੀ ਕਾਹਦੀ? 'ਮਿਡ ਡੇ' ਦੇ ਮਾਮਲੇ ਪਿਛੋਂ ਹੁਣ ਹਾਲਾਤ ਬਦਲ ਗਏ ਹਨ। ਕਿਉਂਕਿ ਤਦ ਨਿਆਂਪਾਲਿਕਾ 'ਚ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਲੋਕ ਤੇ ਮੀਡੀਆ ਖੜ੍ਹੇ ਹੋ ਗਏ ਸਨ। ਅੱਜ ਜੇ ਕੋਈ ਇਮਾਨਦਾਰੀ ਨਾਲ ਕਿਸੇ ਜੱਜ ਦੇ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਦਾ ਹੈ ਤਾਂ ਕਿਸੇ ਜੱਜ 'ਚ ਹਿੰਮਤ ਨਹੀਂ ਕਿ ਉਹ ਅਦਾਲਤ ਦੀ ਮਾਨਹਾਨੀ ਸਮਝੇ। ਪਰ ਮੀਡੀਆ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਸਿਰਫ ਤੱਥਾਂ 'ਤੇ ਅਧਾਰਤ ਸੱਚ ਸਾਹਮਣੇ ਲਿਆਵੇ ਅਤੇ ਅਧਾਰਹੀਣ ਦੋਸ਼ਾਂ 'ਤੋਂ ਬਚੇ। ਨਿਆਂਪਾਲਿਕਾ ਕੋਲ ਏਨੀ ਸ਼ਕਤੀ ਹੈ ਕਿ ਬਾਕੀ ਸਾਰੀਆਂ ਸੰਸਥਾਵਾਂ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰ ਸਕਦੀ ਹੈ। ਪਰ ਜਦ ਤਕ ਉਹ ਖੁਦ ਔਰਤਾਂ ਸਮਝੌਤਾ ਕਰਦੀ ਰਹੇਗੀ। ਤਦ ਤਕ ਉਹ ਇਸ ਸ਼ਕਤੀ ਦੀ ਵਰਤੋਂ ਨਹੀਂ ਕਰ ਸਕਦੀ। ਪ੍ਰਜਾਤੰਤਰ 'ਚ ਲੋਕਾਂ ਦੀ ਵੱਡੀ ਜਿੰਮੇਵਾਰੀ ਹੈ ਕਿ ਉਹ ਸਿਰਫ ਤੱਥਾਂ 'ਤੇ ਆਧਾਰਤ ਸੱਚ ਸਾਹਮਣੇ ਲਿਆਵੇ ਅਤੇ ਆਧਾਰਹੀਣ ਦੋਸ਼ਾਂ ਤੋਂ ਬਚੇ। ਨਿਆਂਪਾਲਿਕਾ ਕੋਲ ਏਨੀ ਸ਼ਕਤੀ ਹੈ ਕਿ ਬਾਕੀ ਸਾਰੀਆਂ ਸੰਸਥਾਵਾਂ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰ ਸਕਦੀ ਹੈ। ਪਰ ਜਦ ਤਕ ਉਹ ਖੁਦ ਸਮਝੌਤਾ ਕਰਦੀ ਰਹੇਗੀ। ਤਦ ਤਕ ਉਹ ਇਸ ਸ਼ਕਤੀ ਦੀ ਵਰਤੋਂ ਨਹੀਂ ਕਰ ਸਕਦੀ। ਪ੍ਰਜਾਤੰਤਰ 'ਚ ਲੋਕਾਂ ਦੀ ਵੱਡੀ ਜਿੰਮੇਵਾਰੀ ਹੈ ਕਿ ਉਹ ਆਪਣੇ ਫਰਜਾਂ ਤੇ ਅਧਿਕਾਰਾਂ ਨੂੰ ਸਮਝੋ ਕਿਉਂਕਿ ਇਹ ਉਸ ਦੇ ਫਾਇਦੇ ਲਈ ਹੈ। ਜੇ ਜਨਤਾ ਜਿੰਮੇਵਾਰੀ ਤੇ ਇਮਾਨਦਾਰੀ ਨਾਲ ਆਪਣੀ ਆਵਾਜ਼ ਉਠਾਏਗੀ ਤਾਂ ਅਸਰ ਲਾਜ਼ਮੀ ਹੋਵੇਗਾ।

# ਫਿਰਕੂ ਦੰਗੇ, ਫਿਰਕੂ ਵੰਡ ਤੇ ਆਰਥਕ ਵਿਕਾਸ

ਇਤਿਹਾਸ ਦੱਸਦਾ ਹੈ ਕਿ ਦੰਗੇ ਭਾਰਤ ਦੀ ਫਿਰਕੂ ਵੰਡ ਦੀ ਮੁੱਖ ਜੜ ਰਹੇ ਹਨ, ਕੀ ਇਹ ਹਕੀਕਤ ਬਣੀ ਰਹੇਗੀ? ਆਉਣ ਵਾਲੇ ਦਹਾਕਿਆਂ ਵਿੱਚ ਵੱਡੇ ਪੈਮਾਨੇ ਤੇ ਹੋਣ ਵਾਲੇ ਦੰਗਿਆਂ 'ਚ ਕਮੀ ਆਉਣ ਦੀ ਸੰਭਾਵਨਾ ਹੈ, ਤੁਲਨਾਤਮਕ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਇਕ ਸਥਿਤੀ ਪਿਛੋਂ ਆਮਦਨ ਵਧਣ ਦੇ ਨਾਲ ਹੀ ਦੰਗੇ ਘੱਟ ਹੋ ਜਾਂਦੇ ਹਨ, ਹਾਲਾਂਕਿ ਉਹ ਪੂਰੀ ਤਰ੍ਹਾਂ ਖਤਮ ਨਹੀਂ ਹੁੰਦੇ। ਸੋ ਭਾਰਤ ਦੇ ਤੇਜ ਆਰਥਕ ਵਿਕਾਸ 'ਚ ਪੁਰਾਣੀ ਸ਼ੈਲੀ ਦੇ ਫਿਰਕੂ ਦੰਗਿਆਂ ਨੂੰ ਦਬਾਉਣ ਦਾ ਮਾਦਾ ਹੈ, ਇਸ ਤੋਂ ਇਲਾਵਾ, ਤਕਨਾਲੋਜੀ ਦੇ ਵਿਆਪਕ ਪ੍ਰਸਾਰ ਟੀ. ਵੀ. ਤੋਂ ਲੈ ਕੇ ਸੈਲਫੋਨ ਤਕ ਨਾਲ ਵੀ ਭਵਿੱਖ 'ਚ ਦੰਗਿਆਂ 'ਤੇ ਰੋਕ ਲਗੇਗੀ। ਸੂਚਨਾ ਤਕਨਾਲੋਜੀ ਦੀ ਵਜਾਹ ਨਾਲ ਭੀੜ ਵਿੱਚ ਛਿਪਣ ਦੀ ਆਜਾਦੀ ਖਤਮ ਹੁੰਦੀ ਜਾ ਰਹੀ ਹੈ, ਤਾਂ ਕੀ ਇਸ ਦਾ ਮਤਲਬ ਇਹ ਹੈ ਕਿ ਫਿਰਕੂ ਹਿੰਸਾ ਖਤਮ ਹੋ ਜਾਵੇਗੀ? ਨਹੀਂ, ਹਿੰਸਾ ਦੇ ਰੂਪ 'ਚ ਬਦਲ ਸਕਦੇ ਸਨ, ਯਾਨੀ ਇਹਨਾਂ ਪਾੜਿਆਂ ਨੂੰ ਅਜੇ ਤਕ ਕਾਡੀ ਹੱਦ ਤਕ ਪੂਰਿਆ ਨਹੀਂ ਗਿਆ ਹੈ। ਭਵਿੱਖ 'ਚ ਵੱਡਾ ਮੁੱਦਾ ਇਹ ਹੋਵੇਗਾ ਕਿ ਧਰਮ ਦੇ ਨਾਂ ਤੇ ਅੱਤਵਾਦ ਨਾਲ ਕਿਵੇਂ ਨਿਪਟਿਆ ਜਾਵੇਗਾ, ਇਕ ਪਾਸੇ ਜਿਥੇ ਹਿੰਦੂ ਅੱਤਵਾਦੀ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਉਥੇ ਜਿਹਾਦੀ ਅੱਤਵਾਦ ਵੱਧ ਗੰਭੀਰ ਮੁੱਦਾ ਹੈ। ਪਾਕਿਸਤਾਨ 'ਚ ਇਸ ਤਰ੍ਹਾਂ ਦਾ ਅੱਤਵਾਦ ਹੈਰਾਨਕੁੰਨ ਸਥਿਤੀ 'ਚ ਪੁੱਜ ਗਿਆ ਹੈ। ਉਸ ਦਾ ਭਾਰਤੀ ਅਧਾਰ ਅਜੇ ਤਕ ਕਾਫੀ ਛੋਟਾ ਹੈ ਪਰ ਇਹ ਅਜਿਹਾ ਹੀ ਨਹੀਂ ਰਹਿ ਸਕਦਾ। ਖੋਜ ਤੋਂ ਪਤਾ ਲੱਗਦਾ ਹੈ ਕਿ ਅੱਤਵਾਦੀ ਨੈੱਟਵਰਕ ਦੀ ਅਗਵਾਈ ਅਕਸਰ ਬੇਅਤ ਸਿੱਖਿਆਤ ਪੇਸ਼ੇਵਰ ਤੇ ਬੁੱਧੀਜੀਵੀ ਕਰਦੇ ਹਨ, ਪਰ ਵੱਡੇ ਪੈਮਾਨੇ 'ਤੇ ਗੁਰਗਿਆਂ ਦੀ ਨਿਯੁਕਤੀ ਤਾਂ ਹੀ ਹੁੰਦੀ ਹੈ ਜੇ ਸਰਕਾਰ ਲੋਕ ਭਲਾਈ ਦੇ ਆਪਣੇ ਕੰਮਕਾਜ ਨੂੰ ਨਜ਼ਰ ਅੰਦਾਜ਼ ਕਰਦੀ ਹੈ ਜਾਂ ਕੋਈ ਘੱਟਗਿਣਤੀ ਫਿਰਕਾ ਆਰਥਕ ਮਾਮਲਿਆਂ 'ਚ ਨਿਰਾਸ਼ ਹੋ ਜਾਂਦਾ ਹੈ ਜਾਂ ਕਿਸੇ ਫਿਰਕੇ ਨਾਲ ਲਗਾਤਾਰ ਭੇਦ-ਭਾਵ ਵਰਤਿਆ ਹੈ ਜਾਂ ਉਹਨਾਂ ਦੀ ਨਿਯੁਕਤੀ ਅਤੇ ਸਿਖਲਾਈ ਲਈ ਪੈਸਾ ਮੁਹੱਈਆ ਹੋਵੇ। ਇਹ ਹਾਲਾਤ ਭਾਰਤੀ ਮੁਸਲਮਾਨਾਂ ਤੇ ਅੰਸ਼ਿਕ ਰੂਪ ਨਾਲ ਲਾਗੂ ਹੁੰਦੀਆਂ ਹਨ। ਕਿਉਂਕਿ ਭਾਰਤੀ ਰਾਜਨੀਤੀ ਅਰਥਚਾਰਾ ਤੇ ਸਭਿਆਚਾਰ ਖੇਤਰ 'ਚ ਮੁਸਲਮਾਨ ਇਸ ਦੇਸ਼ ਦੇ ਸਭ ਤੋਂ ਗਰੀਬ ਤੇ ਸਭ ਤੋਂ ਘੱਟ ਪੜ੍ਹੇ ਲਿਖੇ ਫਿਰਕਿਆਂ 'ਚ ਸ਼ਾਮਲ ਹਨ, ਸੱਚਰ ਸੰਮਤੀ ਦੀ ਰਿਪੋਰਟ 2006 'ਚ ਭਾਰਤ ਦੇ ਮੁਸਲਮਾਨਾਂ ਦੀ ਸਮਾਜਿਕ ਆਰਥਿਕ ਦਸ਼ਾ ਦਾ ਵਿਸਥਾਰਿਤ ਬਿਉਰਾ ਦਿੱਤਾ ਗਿਆ ਹੈ। ਉਸ ਤੋਂ ਪਤਾ ਲੱਗਦਾ ਹੈ ਕਿ ਨਾ ਬਰਾਬਰੀ ਹੈਰਾਨ ਕਰਨ ਵਾਲੀਆਂ ਹਨ। ਮੁਸਲਮਾਨਾਂ 'ਚ ਸਾਵਰਤਾ ਦਰ ਕੌਮੀ ਔਸਤ ਤੋਂ ਕਾਫੀ ਘੱਟ ਅਤੇ ਦਲਿਤਾਂ ਤੇ ਆਦੀਵਾਸੀਆਂ ਵਿੱਚੋਂ ਸਾਖਰਤਾ ਦਰ ਤੋਂ ਥੋੜੀ ਹੀ ਵੱਧ ਹੈ। 2004-05 'ਚ ਜਿੱਥੇ 23 ਸਾਲਾਂ ਤੋਂ ਵੱਧ ਉਮਰ ਦੇ 16 ਫ਼ੀਸਦੀ ਭਾਰਤੀ ਬਾਲਗ ਸਨ। ਉੱਥੇ ਸਿਰਫ਼ 4 ਫੀਸਦੀ ਹੀ ਮੁਸਲਮਾਨ ਸਨ। ਦੇਸ਼ ਦੇ ਬਾਹਰੀ ਇਲਾਕਿਆਂ 'ਚ ਕੁਲ 22.8 ਫੀਸਦੀ ਗਰੀਬ ਸਨ, ਗਰੀਬੀ ਦੀ ਇਹ ਦਰ ਸ਼ਹਿਰੀ ਦਲਿਤਾਂ ਤੇ ਆਦੀਵਾਸੀਆਂ ਦੇ ਮੁਕਾਬਲੇ ਵੱਧ ਸੀ। ਮੁਸਲਮਾਨ ਬਹੁਤੇ ਪਿੰਡਾਂ 'ਚ ਲੋੜੀਂਦੇ ਪ੍ਰਾਇਮਰੀ ਸਕੂਲ ਪੱਕੀਆਂ ਸੜਕਾਂ

ਤੇ ਜਨਤਕ ਆਵਾਜਾਈ ਦੀ ਵਿਵਸਥਾ ਨਹੀਂ ਹੈ। ਇਹ ਸਪੱਸ਼ਟ ਹੈ ਕਿ ਭਾਰਤੀ ਮੁੱਖ ਧਾਰਾ ਤੋਂ ਅੱਡ ਹਨ, ਇਸ ਲਈ ਵੱਧ ਸਾਰਥਕ ਏਕੀਕਰਨ ਜ਼ਰੂਰੀ ਹੈ। ਨਹੀਂ ਤਾਂ ਉਹਨਾਂ ਅੰਦਰ ਸ਼ਿਕਾਇਤ ਤੇ ਅਨਿਆਂ ਨਾਲ ਪੀੜਤ ਹੋਣ ਦੀ ਭਾਵਨਾ ਘਰ ਕਰਨ ਅਤੇ ਸ਼ਹਿਰੀ ਸਰੋਤਾਂ ਤੋਂ ਧਨ ਮਿਲਣ ਦੇ ਨਾਲ ਹੀ ਜਿਹਾਦੀ ਅੱਤਵਾਦ ਦਾ ਇਕ ਵੱਡਾ ਅਧਾਰ ਤਿਆਰ ਹੋ ਸਕਦਾ ਹੈ। ਇਸ ਤੋਂ ਬਚਣ ਲਈ ਕੀ ਕੀਤਾ ਜਾ ਸਕਦਾ ਹੈ? ਮੁਹੱਈਆ ਖੋਜਾਂ ਤੋਂ ਸੰਕੇਤ ਮਿਲਦਾ ਹੈ ਕਿ ਅੱਤਵਾਦ ਅਕਸਰ ਸ਼ਹਿਰੀ ਇਲਾਕਿਆਂ ’ਚ ਉਪਜਦਾ ਹੈ। ਪੇਂਡੂ ਇਲਾਕਿਆਂ ਵਿਚ ਨਹੀਂ ਭਾਰਤੀ ਮੁਸਲਮਾਨ ਆਪਣੀ ਆਬਾਦੀ ਦੇ ਲਿਹਾਜ ਨਾਲ ਦੂਜੇ ਧਰਮ ਵਾਲਿਆਂ ਦੇ ਮੁਕਾਬਲੇ ਸ਼ਹਿਰ ’ਚ ਵੱਧ ਰਹਿੰਦੇ ਹਨ। 2001 ’ਚ ਦੇਸ਼ ’ਚ ਕੁੱਲ 27.8 ਫੀਸਦੀ ਸ਼ਹਿਰੀ ਆਬਾਦੀ ਸੀ ਪਰ 35.7 ਫੀਸਦੀ ਮੁਸਲਿਮ ਸ਼ਹਿਰੀ ਸਨ। ਵਿਕਾਸ ਦੀ ਸ਼ਹਿਰੀ ਰਣਨੀਤੀ ਦੇ ਤਹਿਤ ਕੌਮੀ ਵਿਕਾਸ ਦੇ ਯਤਨਾ ’ਚ ਮੁਸਲਮਾਨਾਂ ਨੂੰ ਸ਼ਾਮਲ ਕਰਨ ਦੀ ਗੁੰਜ਼ਾਇਸ਼ ਹੈ। ਸਾਨੂੰ ਇਸ ਦੀ ਰਣਨੀਤੀ ਕਿਵੇਂ ਬਣਾਉਣੀ ਚਾਹੀਦੀ ਹੈ? ਭਾਰਤ ’ਚ ਪੂਰੀ ਤਰ੍ਹਾਂ ਮੁਸਲਮਾਨਾਂ ਦੀ ਆਰਥਕ ਖੁਸ਼ਹਾਲੀ ਲਈ ਵੱਡੇ ਪੈਮਾਨੇ ’ਤੇ ਸਰਕਾਰੀ ਪ੍ਰੋਗਰਾਮ ਅਸਾਨੀ ਨਾਲ ਨਹੀਂ ਚਲਾਇਆ ਜਾ ਸਕਦਾ। ਇਸ ਤਰ੍ਹਾ ਦੀ ਪਹਿਲ ਨਾ ਸਿਰਫ ਹਿੰਦੂ ਕੌਮਵਾਦੀ ਬਲਕਿ ਦੂਜੀਆਂ ਰਾਜਸੀ ਸ਼ਕਤੀਆਂ ਪੁਰਜੋਰ ਵਿਰੋਧ ਕਰਨਗੀਆਂ ਜਿਸ ਨਾਲ ਸਮਾਜਕ ਵੰਡ ਵਧੇਗੀ। ਇਸ ਤੋਂ ਇਲਾਵਾ ਇਸ ਤਰ੍ਹਾਂ ਦੀ ਰਣਨੀਤੀ ਪ੍ਰਵਾਨ ਨਹੀਂ ਹੋਣੀ ਮੁਸਲਮਾਨਾਂ ਦੀ ਆਰਥਕ ਖੁਸ਼ਹਾਲੀ ਲਈ ਤਿਆਰ ਕੀਤੀ ਗਈ। ਯੋਜਨਾ ਨਾਲ ਪਹਿਚਾਣ ਦੀ ਰਾਜਨੀਤੀ ਦੇ ਕੁਝ ਬੇਹੱਦ ਖਰਾਬ ਰੂਪ ਨੂੰ ਹੱਲਾਸ਼ੇਰੀ ਮਿਲ ਸਕਦੀ ਹੈ। ਪਿਛਲੇ ਤਿੰਨ ਦਹਾਕਿਆਂ ਦੌਰਾਨ ਇਸ ਤਰ੍ਹਾਂ ਦੀ ਰਾਜਨੀਤੀ ਨੇ ਭਾਰਤੀ ਰਾਜਸੀ ਵਿਵਸਥਾ ਦੀਆਂ ਚੂਲਾਂ ਹਿਲਾ ਕੇ ਰੱਖ ਦਿੱਤੀਆਂ ਹਨ ਤੇ ਹੁਣ ਸਾਡੀ ਰਾਜਨੀਤੀ ਇਸ ਨਾਲ ਉਭਰਦੀ ਲੱਗ ਰਹੀ ਹੈ। ਇਨੀ ਹੀ ਮਹੱਤਵਪੂਰਨ ਉਹ ਰਣਨੀਤੀ ਹੈ ਜਿਸ ’ਚ ਮੁਸਲਮਾਨਾ ਤੇ ਗੈਰ ਮੁਸਲਮਾਨਾਂ ਵਿਚਕਾਰ ਆਰਥਕ ਸੰਪਰਕ ਬਣਾਉਣ ਦਾ ਟੀਚਾ ਰੱਖਿਆ ਜਾਂਦਾ ਹੈ, ਆਰਥਕ ਤੇ ਸਮਾਜਕ ਜੀਵਨ ’ਚ ਇਕੱਤਰ ਹਿੰਦੂ-ਮੁਸਲਮਾਨ ਸ਼ਾਂਤੀ ਨਾਲ ਰਹਿੰਦੇ ਹਨ। ਜਦ ਕਿ ਦੰਗਿਆ ਪ੍ਰਤੀ ਸੰਵੇਦਨਸ਼ੀਲ ਸ਼ਹਿਰਾਂ ’ਚ ਉਹ ਬਿਲਕੁਲ ਵੱਖ-ਵੱਖ ਰਹਿੰਦੇ ਹਨ। ਲਿਹਾਜ਼ਾ ਸਭ ਤੋਂ ਸਮਝਦਾਰੀ ਭਰਿਆ ਤਰੀਕਾ ਅਸਿੱਧੇ ਉਪਾਵਾਂ ਦਾ ਹੋਵੇਗਾ। ਸ਼ਹਿਰਾਂ ਦੇ ਵਿਕਾਸ ਨੂੰ ਹੱਲਾਸ਼ੇਰੀ ਦੇਣ ਅਤੇ ਸ਼ਹਿਰੀ ਗਰੀਬੀ ਦੇ ਹੱਲ ਵਾਲੇ ਪ੍ਰੋਗਰਾਮ ਮੁਸਲਮਾਨਾ ਨੂੰ ਮੁੱਖ ਧਾਰਾ ’ਚ ਸ਼ਾਮਲ ਕਰਨ ਦੇ ਸਭ ਤੋਂ ਸਮਝਦਾਰੀ ਭਰੇ ਰਾਜਸੀ ਉਪਾਅ ਹੋਣਗੇ। ਆਉਣ ਵਾਲੇ ਸਾਲਾਂ ’ਚ ਸ਼ਹਿਰੀ ਭਾਰਤ ਦਾ ਵਿਕਾਸ ਹੋ ਸਕਦਾ ਹੈ ਤੇ ਪਿੰਡ ਦੇ ਬਹੁਤੇ ਗਰੀਬ ਸ਼ਹਿਰੀ ਝੁੱਗੀਆਂ-ਝੌਂਪੜੀਆਂ ’ਚ ਪਹੁੰਚ ਜਾਣਗੇ। ਇਸ ਤਰ੍ਹਾਂ ਦੇ ਪ੍ਰੋਗਰਾਮ ਦਾ ਲਾਭ ਸਿਰਫ ਮੁਸਲਮਾਨਾਂ ਨੂੰ ਹੀ ਨਹੀਂ ਬਲਕਿ ਹਿੰਦੂ ਫਿਰਕੇ ਦੇ ਸਭ ਤੋਂ ਗਰੀਬੀ ਹਿੱਸਿਆਂ ਦਲਿਤ ਤੇ ਪਿਛੜਿਆਂ ਨੂੰ ਵੀ ਮਿਲੇਗਾ ਇਸ ਹਕੀਕਤ ਨੂੰ ਚਿੰਤਾ ਦੇ ਵਿਸ਼ੇ ਨਹੀਂ ਬਲਕਿ ਮੌਕੇ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਸ਼ਹਿਰੀ ਨਵੀਨੀਕਰਨ ਯੋਜਨਾਵਾਂ ਰਾਹੀਂ ਗਰੀਬ ਹਿੰਦੂਆਂ ਤੇ ਮੁਸਲਮਾਨਾ ਵਿਚਕਾਰ ਯੋਜਨਾਬੱਧ ਤਰੀਕੇ ਨਾਲ ਆਰਥਕ ਸਬੰਧ ਬਣਾਉਣਾ ਵਿਕਾਸ ਦੇ ਨਾਲ ਹੀ ਕੌਮੀ ਸੁਰੱਖਿਆ ਲਈ ਬੇਹਤਰ ਹੋਵੇਗਾ।

# ਅੱਗ ਅੱਛੀ ਸਿਹਤ ਲਈ ਅੱਛਾ ਤੰਤਰ ਕਿਉਂ ਜ਼ਰੂਰੀ?

ਕਲਪਨਾ ਕਰੋ ਅਜਿਹੀ ਚਿੱਪ ਦੀ ਜਿਸ ਨੂੰ ਜੇ ਦਿਮਾਗ 'ਚ ਲਾ ਦਿੱਤਾ ਜਾਵੇ ਅਤੇ ਜੋ ਅੱਖਾਂ 'ਚ ਲੱਗੇ ਬਣਾਉਟੀ ਰੇਟਿਨਾ ਦੀ ਮਦਦ ਨਾਲ ਛਵੀਆਂ ਨੂੰ ਕੈਦ ਕਰਕੇ ਨੇਤਰਹੀਣ ਵਿਅਕਤੀ ਦੀ ਨਿਗਾਹ ਬਣ ਜਾਵੇ। ਜਾਂ ਦਵਾ ਵਿੱਚ ਮੌਜੂਦ ਐਸੇ ਨੈਨੋ ਕਣ ਦੀ ਜੋ ਕੈਂਸਰ ਦੀ ਰੋਕਥਾਮ ਲਈ ਸਹੀ ਮੇਲ ਦੀ ਦਵਾ ਨੂੰ ਸਰੀਰ 'ਚ ਠੀਕ ਥਾਂ 'ਤੇ ਪਹੁੰਚਾਵੇ। ਉਹ ਵੀ ਨੁਕਸਾਨ ਪਹੁੰਚਾਏ ਬਗੈਰ, ਇਲਾਜ ਤੇ ਡਾਕਟਰੀ ਦੇ ਭਵਿੱਖ ਦੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਅੱਜ ਦੁਨੀਆਂ ਭਰ ਦੀਆਂ ਮੋਹਰੀ ਯੂਨਵਰਸਿਟੀਆਂ ਜੁਟੀਆਂ ਹੋਈਆਂ ਹਨ ਪਰ ਇਸ ਨੂੰ ਇਕ ਪ੍ਰਯੋਗਸ਼ਾਲਾਂ 'ਚ ਸਾਕਾਰ ਨਹੀਂ ਕੀਤਾ ਜਾ ਸਕਦਾ ਬਲਕਿ ਬਣਾਉਟੀ ਅੱਖ ਦੀ ਅਸਲੀਅਤ ਸਾਕਾਰ ਕਰਨ ਲਈ ਇਕ ਇਲੈਕਟ੍ਰਾਨਿਕ ਇੰਜਨੀਅਰ, ਇਕ ਕੰਪਿਊਟਰ ਵਿਗਿਆਨਕ ਤੇ ਅੱਖਾਂ ਦੇ ਰੋਗਾਂ ਦੇ ਮਾਹਰ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ, ਅਤੇ ਨੈਨੋਮੈਡੀਸਿਨ ਤਿਆਰ ਕਰਨ ਲਈ ਜਰੂਰਤ ਹੋਵੇਗੀ ਇਕ ਰਸਾਇਣ ਸਾਸ਼ਤਰੀ ਇਕ ਜੈਵ ਇੰਜੀਨੀਅਰ, ਇਕ ਜੀਵ ਵਿਗਿਆਨੀ ਅਤੇ ਇਕ ਡਾਕਟਰ ਦੇ ਨਾਲ ਮਿਲ ਕੇ ਕੰਮ ਕਰਨ ਦੀ ਡਾਕਟਰੀ ਉਪਾਵਾਂ ਤੇ ਰੋਕਥਾਮ ਦਾ ਭਵਿੱਖ ਟੈਕਨਾਲੋਜੀ ਨਾਲ ਮਿਲ ਕੇ ਜੁੜਿਆ ਹੋਇਆ ਹੈ ਤਾਂ ਕੀ ਭਾਰਤ ਅੱਜ ਉਸ ਥਾਂ 'ਤੇ ਹੈ? ਜੁਆਬ ਹੈ ਨਹੀਂ, ਕੀ ਅਸੀਂ ਉਥੇ ਪਹੁੰਚ ਸਕਦੇ ਹਾਂ? ਜੀ ਹਾਂ ਨਿਸਚੈ ਹੀ ਇਹ ਸੰਭਵ ਹੈ, ਆਖਰਕਾਰ ਟੈਕਨੋਲੋਜੀ ਨਾਲ ਮਿਲ ਕੇ ਜੁੜਿਆ ਹੋਇਆ ਹੈ ਤਾਂ ਕੀ ਭਾਰਤ ਅੱਜ ਉਸ ਥਾਂ 'ਤੇ ਹੈ? ਜੁਆਬ ਹੈ ਨਹੀਂ, ਕੀ ਅਸੀਂ ਉਥੇ ਪਹੁੰਚ ਸਕਦੇ ਹਾਂ? ਜੀ ਹਾਂ ਨਿਸਚੈ ਹੀ ਇਹ ਸੰਭਵ ਹੈ, ਆਖਰਕਾਰ ਟੈਕਨੋਲੋਜੀ ਦੇ ਖੇਤਰ ਵਿੱਚ ਭਾਰਤ ਦੀ ਪ੍ਰਗਤੀ ਦਰਸਾਉਣ ਲਈ 'ਤਕਨੀਕੀ ਛਾਲ' ਵਰਗੇ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਅਜਿਹਾ ਕੋਈ ਕਾਰਨ ਨਜ਼ਰ ਨਹੀਂ ਆਉਂਦਾ ਕਿ ਸਿਹਤ ਦੀ ਦੇਖਭਾਲ ਵਿੱਚ ਨਵੀਂ ਖੋਜ ਕਰਨ 'ਚ ਭਾਰਤ ਵਰਗੀ ਛਾਲ ਨਾ ਲੱਗ ਸਕੇ। ਜਦ ਮੈਂ ਭਾਰਤ ਵੱਲ ਵੇਖਦਾ ਹਾਂ ਤਾਂ ਜੋ ਨਹੀਂ ਹੈ, ਉਸ ਨੂੰ ਨਹੀਂ ਵੇਖਦਾ ਬਲਕਿ ਉਹਨਾ ਅਨੰਤ ਸੰਭਾਵਨਾਵਾਂ ਨੂੰ ਵੇਖਦਾ ਹਾਂ ਜੋ ਇਸ ਸੁਪਨੇ ਨੂੰ ਸਾਕਾਰ ਕਰ ਸਕਦੀਆਂ ਹਨ ਸਾਡੀ ਸਭ ਤੋਂ ਵੱਡੀ ਸੰਪਤੀ ਹੈ ਕੱਲ੍ਹ ਦੇ ਤਕਨੀਕੀ ਰਾਹ ਦਰਸਾਊ ਜੋ ਸਾਡੀਆਂ ਹੀ ਇਜਨੀਅਰਿੰਗ ਸੰਸਥਾਵਾਂ ਵਿੱਚ ਤਿਆਰ ਹੋ ਰਹੇ ਹਨ। ਰਾਸ਼ਟਰੀ ਲਬਾਰਟਰੀਆਂ 'ਚ ਸਿੱਖਿਅਤ ਕੀਤੇ ਗਏ ਕੁਝ ਬੇਹਤਰੀਨ ਰਸਾਇਣ ਸਾਸ਼ਤਰੀ ਉਤਸ਼ਾਹੀ ਡਾਕਟਰ ਤੇ ਸਾਡੇ ਅਕਾਦਮਿਕ ਸੰਸਥਾਨ ਸਿਰਫ ਸਿੱਖਿਆ ਤਕ ਹੀ ਤਿਆਰ ਕਰਨ ਯਾਨੀ ਸਾਨੂੰ ਜ਼ਰੂਰਤ ਹੈ ਇਨੋਵੇਸ਼ਨ (ਨਵੀਕਰਣ ਨੂੰ ਹੱਲਾਸ਼ੇਰੀ ਦੇਣ ਵਾਲੀਆਂ) ਯੂਨੀਵਰਸਿਟੀਆਂ ਦੀ ਜੋ ਸਿਰਫ ਚਾਲ-ਪਲੂਸ ਹੀ ਨਹੀਂ ਬਲਕਿ ਚਿੰਤਨ ਕਰਨ ਵਾਲੇ ਨੇਤਾ ਤਿਆਰ ਕਰ ਸਕਣ ਇਹ ਤਾਂ ਹੀ ਸੰਭਵ ਹੈ ਜੇ ਇੰਜਨੀਅਰਿੰਗ ਸੰਸਥਾਵਾਂ 'ਕੌਮੀ ਲਬਾਰਟਰੀਆਂ ਤੇ ਮੈਡੀਕੂਲ ਸਕੂਲ ਮਜੂਦਾ ਅੜਿੱਕਿਆਂ ਨੂੰ ਭੰਨਣ, ਡੂੰਘਾ ਚਿੰਤਨ ਕਰਨ ਅਤੇ ਵੱਖ-ਵੱਖ ਸੰਸਥਾਵਾਂ ਦੇ ਮੇਲਜੋਲ ਨਾਲ ਕੰਮ ਕਰਦਿਆਂ ਨਵ-ਸਿਰਜਨਾ ਕਰਨ। ਹਾਲਾਂਕਿ ਆਊਟ ਸਰੋਸਿੰਗ ਨਾਲ ਅਸੀਂ ਸੰਪਦਾ ਤਾਂ ਕਰ ਲਿਐ ਪਰ ਦੇਸ਼ ਦੇ ਅੰਦਰ ਹੀ ਨਵਾਚਾਰ ਦੇ ਜ਼ਰੀਏ

ਹੋਰ ਵੀ ਸੰਪਤੀ ਬਣਾਈ ਜਾ ਸਕਦੀ ਹੈ ਜਿਸ ਦਾ ਪ੍ਰਭਾਵ ਵਿਸ਼ਵੀ ਹੋਵੇਗਾ, ਨਵਾਚਾਰ ਦੇ ਤਿੰਨ ਜਰੂਰੀ ਪਹਿਲੂ ਹਨ। ਆਜ਼ਾਦੀ, ਪੂੰਜੀ ਤੇ ਲੋਕ, ਸਾਡੇ ਅਕਾਦਮਿਕ ਸੰਸਥਾਨ ਰਵਾਇਤੀ ਤੌਰ 'ਤੇ ਸਰਕਾਰ ਦੇ ਦਾਇਰੇ 'ਚ ਆਉਂਦੇ ਹਨ ਹਾਲਾਂਕਿ ਕੁਝ ਵਿਭਾਗਾਂ ਨੂੰ ਸੁਤੰਤਰਤਾ ਦਿੱਤੀ ਗਈ ਹੈ ਅਤੇ ਨਵਾਚਾਰ ਨੂੰ ਸੁਗਮ ਬਣਾ ਦਿੱਤਾ ਗਿਆ ਹੈ ਪਰ ਦੂਜਿਆਂ ਨੂੰ ਦਮ ਘੋਟੂ ਕੰਟਰੋਲ ਨਾਲ ਜੂਝਣਾ ਪੈ ਰਿਹਾ ਹੈ। ਜੋ ਨਵਾਚਾਰ ਦੇ ਅਸਲੀ ਰੁਝਾਣ ਨੂੰ ਖਤਮ ਕਰ ਸਕਦਾ ਹੈ। ਸਾਡੀਆਂ ਯੂਨੀਵਰਸਿਟੀਆਂ ਤੇ ਕੌਮੀ ਸੰਸਥਾਵਾਂ ਨੂੰ ਵਿਸ਼ਵੀ ਮੋਹਰੀ ਬਣਾਉਣ ਲਈ ਬੇਹੱਦ ਜ਼ਰੂਰੀ ਹੈ ਕਿ ਸਰਕਾਰ ਸੁਗਮ ਵਾਤਾਵਰਣ ਬਣਾਉਣ ਵਜੋਂ ਆਪਣੀ ਭੂਮਿਕਾ ਨੂੰ ਸਮਝੇ ਅਤੇ ਐਸਾ ਮਾਹੌਲ ਤਿਆਰ ਕਰੇ ਜਿਥੇ ਨਵਾਚਾਰ ਨੂੰ ਸਿਰ ਮੱਥੇ ਬਿਠਾਇਆ ਜਾਵੇ ਪਰ ਨਾਲ ਹੀ ਇਹ ਵੀ ਕਿ ਉਸ ਦਾ ਲਾਭ ਸਮਾਜ ਨੂੰ ਮਿਲੇ ਸਰਕਾਰ ਦੇ ਕਈ ਕਦਮ ਸਹੀ ਦਿਸ਼ਾ ਦੀ ਸਥਾਪਨਾ ਕਰ ਰਹੀ ਹੈ। ਜੋ ਮੈਡੀਸਨ, ਇੰਜਨੀਰਿੰਗ ਬੇਸਿਕ ਸਾਇੰਸਜ਼ ਅੰਤ ਟੈਕਨਾਲੋਜੀ ਇੰਸਟੀਚਿਊਟ ਤੇ ਬੈਸਿਕ ਸਾਇਸਜ਼ ਵਿੱਚ ਹਨ। ਮਸਲਨ ਬਾਇਟੈਕਨੋਲੋਜੀ ਵਿਭਾਗ, ਟਰਾਂਸਲੇਸ਼ਨਲ ਨਾਲ ਹੈਲਥ ਸਾਇੰਸਜ਼ ਅਤੇ ਕਾਰੋਬਾਰ ਜਗਤ ਨੂੰ ਆਪਸ 'ਚ ਜੋੜੇਗਾ। ਇਸ ਤਰ੍ਹਾਂ ਆਈ. ਆਈ ਟੀ. ਸੰਸਥਾਵਾਂ 'ਚ ਵਿਭਿੰਨਤਾ ਵੀ ਇਕ ਅਗਾਂਹਵਧੂ ਕਦਮ ਹੈ। ਹਾਲਾਂਕਿ ਇਸ ਲਈ ਸਾਡੀਆਂ ਯੂਨੀਵਰਸਿਟੀਆਂ ਵਿੱਚ ਖੋਜ ਹੋਣੀ ਜ਼ਰੂਰੀ ਹੈ ਤਾਂ ਕਿ ਸ਼ੁਰੂਆਤੀ ਪੱਧਰ 'ਤੇ ਹੀ ਵਿਦਿਆਰਥੀਆਂ 'ਚ ਮੋਟੇ ਤੌਰ 'ਤੇ ਸਿਰਜਨਾਤਮਕ ਸੱਚ ਅਤੇ ਨਵਾਚਾਰ ਦਾ ਸਭਿਆਚਾਰ ਬੀਜ ਬੀਜਿਆ ਜਾ ਸਕਣ। ਨਵਾਚਾਰ ਦਾ ਸਭਿਆਚਾਰ ਤਿਆਰ ਕਰਨ ਲਈ ਸਾਨੂੰ ਬੇਹਤਰੀਨ ਪ੍ਰਦਰਸ਼ਨ ਕਰਨ ਵਾਲੇ ਲੋਕਾਂ ਦੀ ਲੋੜ ਹੋਵੇਗੀ, ਮੌਜੂਦਾ ਪ੍ਰਣਾਲੀ 'ਚ ਬੁਨਿਆਦੀ ਤਬਦੀਲੀ ਕਰਨੀ ਹੋਵੇਗੀ। ਸਾਡੇ ਲਈ ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਸਾਨੂੰ ਜਿੰਨੀ ਜਲਦੀ ਹੋਵੇ ਇਹ ਸਮਝਣ ਦੀ ਲੋੜ ਹੈ ਕਿ ਪ੍ਰਤਿਭਾ ਦੇ ਲਈ ਅਧਿਆਪਕ ਵਰਗਾ ਤੇ ਕਾਰਪੋਰੇਟ ਜਗਤ ਵਿੱਚ ਖੁਸ਼ਹਾਲੀ ਹੈ। ਇਸ ਤਰ੍ਹਾਂ ਅਧਿਆਪਕ ਵਰਗ ਤੇ ਕਾਰਪੋਰੇਟ ਜਗਤ ਵਿੱਚ ਖੁਸ਼ਹਾਲੀ ਹੈ। ਇਸ ਤਰ੍ਹਾਂ ਅਧਿਆਪਕਾਂ ਤੇ ਖੋਜ ਕਰਨ ਵਾਲਿਆਂ ਦੀ ਤੁਰੰਤ ਲੋੜ ਨੂੰ ਵੇਖਦਿਆਂ ਸਾਨੂੰ ਕਿਸੇ ਵੀ ਤਰ੍ਹਾਂ ਦੇ ਕੌਮੀਅਤਾਂ ਦੇ ਵਿਰੋਧ ਨੂੰ ਦੂਰ ਕਰਦਿਆਂ ਕੌਮਾਂਤਰੀ ਪੱਧਰ 'ਤੇ ਖੋਜ ਕਰਨੀ ਪੈਣੀ ਹੈ ਅਤੇ ਯੋਗਤਾ ਕੇਵਲ ਇੱਕ ਹੋਵੇਗੀ ਅਤੇ ਉਹ ਹੈ ਉਤਮ ਹੋਣਾ। ਇਸ ਦਾ ਮਤਲਬ ਹੈ ਕਿ ਸਾਨੂੰ ਖੁਦ ਤੋਂ ਪੁੱਛਣਾ ਹੋਵੇਗਾ ਕਿ ਚੋਟੀ ਦੇ ਕਿਸੇ ਵੀ ਵਿਸ਼ਵੀ ਸੰਸਥਾ ਜਿਨ੍ਹਾਂ ਦਾ ਸ਼ੁਰੂਆਤੀ ਪੈਕੇਜ ਵੀ ਇਕ ਮਿਲੀਅਨ ਡਾਲਰ ਤੋਂ ਵੱਧ ਦਾ ਹੁੰਦਾ ਹੈ ਦੇ ਉਚਤਮ ਦਿਮਾਗਾਂ ਨੂੰ ਲੁਭਾਉਣ ਲਈ ਅਸੀਂ ਕਿੰਨੇ ਪੈਸਿਆਂ ਦਾ ਪ੍ਰਸਤਾਵ ਦੇ ਸਕਦੇ ਹਾਂ। ਪਹਿਲਾਂ ਕਦਮ ਹੋਵੇਗਾ ਉਸ ਪ੍ਰਣਾਲੀ ਤੋਂ ਵੱਧ ਹਟਣਾ ਜਿਥੇ ਤਨਖਾਹ ਸਰਕਾਰ ਦੇ ਨਿਸ਼ਚਤ ਪੈਮਾਨੇ ਕਾਰਨ ਹੀ ਖੜੀ ਰਹਿੰਦੀ ਹੈ। ਆਕ੍ਰਸ਼ਕ ਸ਼ੁਰੂਆਤੀ ਪੈਕੇਜ ਅਤੇ ਲਚੀਲੇ ਤਨਖਾਹ ਢਾਂਚੇ ਲਈ ਸੰਸਥਾਵਾਂ ਨੂੰ ਪੈਸੇ ਦੀ ਲੋੜ ਹੋਵੇਗੀ। ਇਥੇ ਸਮਾਜ ਨੂੰ ਦਖਲ ਦੇਣਾ ਪਵੇਗਾ। ਚੋਟੀ ਦੇ ਕੌਮਾਂਤਰੀ ਕਾਲਜ ਯੂਨੀਵਰਸਿਟੀਆਂ 'ਚ ਵੱਧ ਪੀਠ ਦਾਨ ਦਾਤਿਆਂ ਦੇ ਨਾਂ 'ਤੇ ਸਥਾਪਤ ਹੁੰਦੀ ਰਹਿੰਦੀ ਹੈ। ਸਾਡੇ ਦੇਸ਼ ਦਾ ਸਭਿਆਚਾਰ ਵੀ ਪਰ ਉਪਕਾਰੀ ਹੈ, ਅਸੀਂ ਲੱਖਾਂ ਰੁਪਏ ਮੰਦਰਾਂ ਨੂੰ ਦਾਨ ਕਰ ਦਿੰਦੇ ਹਾਂ ਜਦ ਅਸੀਂ ਇਤਿਹਾਸ ਵੱਲ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਕੁਝ ਮੰਦਰ ਵੀ ਵਿਦਿਆ ਹਾਸਲ ਕਰਨ ਦੀ ਥਾਂ ਹੁੰਦੇ ਹਨ। ਸਾਨੂੰ ਸਮਝਣਾ

ਹੋਵੇਗਾ ਕਿ ਸਾਡੇ ਅਕਾਦਮਿਕ ਸੰਸਥਾਨ ਸਿੱਖਿਆ ਦੇ ਆਧੁਨਿਕ ਮੰਦਰ ਹੀਨ ਅਤੇ ਲੋੜ ਹੈ ਅਤੇ ਲੋਕ ਹਿਤੈਸ਼ੀਆਂ ਵਲੋਂ ਅਜਿਹੀਆਂ ਸੰਸਥਾਵਾਂ ਤਿਆਰ ਕਰਨ ਦੀ ਜਾਂ ਹਾਰਵਰਡ ਜਾਂ ਸਟੇਨਫੋਰਡ ਦੀ ਬਰਾਬਰੀ ਕਰ ਸਕੇ। ਇਸ ਤਰ੍ਹਾਂ ਨਿੱਜੀ ਤੇ ਸਰਕਾਰੀ ਸਾਂਝੇਦਾਰੀ ਨੂੰ ਹੱਲਾਸ਼ੇਰੀ ਦੇਣਾ। ਇਸ ਦਾ ਮਤਲਬ ਹੋ ਸਕਦਾ ਹੈ ਕਿ ਰੋਸ਼ਣ ਦਿਮਾਗਾਂ ਨੂੰ ਕਾਰਪੋਰੇਟ ਪੱਧਰ ਦੀਆਂ ਤਨਖਾਹ 'ਤੇ ਨਿਯੁਕਤ ਕੀਤਾ ਜਾ ਸਕੇਗਾ ਪਰ ਉਹ ਸਿੱਖਿਆ ਸਮੂਹ ਦੇ ਲਚੀਲੇਪਣ ਤੇ ਆਜ਼ਾਦੀ ਦਾ ਆਨੰਦ ਵੀ ਲੈ ਸਕਣਗੇ ਹਾਲਾਂਕਿ ਪਿਛਲੇ ਦੋ ਦਹਾਕਿਆਂ 'ਚ ਸਾਡੀ ਸਿਹਤ ਸੰਭਾਲ ਦੇ ਪੱਧਰ 'ਚ ਕਾਫੀ ਵਿਕਾਸ ਹੋਇਆ ਹੈ ਪਰ ਅਸੀਂ ਅਜੇ ਵੀ ਵਿਕਸਤ ਦੁਨੀਆਂ ਤੋਂ ਪਿੱਛੇ ਹਾਂ। ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਅਨੁਸਾਰ ਅਮਰੀਕਾ 'ਚ 1990 ਤੇ 2006 'ਚ ਬਾਲਗ ਮੌਤ ਦਰ (ਪ੍ਰਤੀ) 1000 ਆਬਾਦੀ ਮਗਰ 15-60 ਸਾਲ ਦੀ ਉਮਰ 'ਚ ਮਰਨ ਵਾਲਿਆਂ ਦੀ ਗਿਣਤੀ ਕ੍ਰਮਵਾਰ 136 ਤੇ 109 ਸੀ ਜਦਕਿ ਬ੍ਰਿਟੇਨ 'ਚ 104 ਤੇ 80 ਸੀ, ਇਸ ਦੀ ਤੁਲਨਾ 'ਚ ਭਾਰਤ 'ਚ 1990 ਤੇ 2006 'ਚ ਬਾਲਗ ਮੌਤ ਦਰ 206 ਤੇ 241 ਸੀ ਇਥੋਂ ਤਕ ਕਿ ਬ੍ਰਾਜੀਲ ਦਾ ਰਿਕਾਰਡ ਸਭ ਤੋਂ ਬੇਹਤਰ ਹੈ ਜਿਥੇ ਬਾਲਗ ਮੌਤ ਦਰ 1990 ਤੇ 2006 'ਚ ਕ੍ਰਮਵਾਰ 212 ਤੇ 176 ਸੀ ਸਾਫ ਹੈ ਕਿ ਇਕ ਕੌਮ ਵਜੋਂ ਸਾਨੂੰ ਸਿਹਤ ਪੱਧਰ ਦੇ ਅਜਿਹੇ ਪੈਮਾਨੇ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਸ ਦੀ ਤੁਲਨਾ ਵਿਕਸਤ ਦੇਸ਼ਾਂ ਦੇ ਪੈਮਾਨੇ ਨਾਲ ਕੀਤੀ ਜਾ ਸਕੇ ਇਸ ਲਈ ਜਰੂਰਤ ਹੋਵੇਗੀ ਸੰਸਥਾਵਾਂ ਵਧਾਉਣ ਦੀ ਪਰ ਜੁਆਬਦੇਹੀ ਦੇ ਨਾਲ ਸਿਹਤ ਸੰਭਾਲ ਦੇ ਮੌਜਦੂਾ ਪੁਨਰਗਠਨ ਦੀ ਪਰ ਭਾਰਤ ਵਰਗੇ ਵੱਡੇ ਦੇਸ਼ਾਂ 'ਚ ਏਨਾ ਹੀ ਕਾਫੀ ਨਹੀਂ। ਤਕਨੀਕੀ ਸਮਰਥਾ ਨੂੰ ਇਲਾਜ ਨਾਲ ਮੇਲਣਾ ਹੋਵੇਗਾ ਤਾਂ ਕਿ ਇਸ ਦੇ ਖਰਚ ਤੇ ਉਲੱਭਤਾ ਨੂੰ ਬੇਹਤਰ ਕੀਤਾ ਜਾ ਸਕੇ। ਲੰਬੀ ਛਾਲ ਦੀ ਲੋੜ ਹੈ।

# ਕੀ ਹੈ ਗਰੀਬੀ ਦੀ ਰਾਜਨੀਤੀ?

ਸਾਡੀ ਗਰੀਬੀ ਦੀ ਰਾਜਨੀਤੀ, ਸਾਡੀ ਗਰੀਬ ਰਾਜਨੀਤੀ ਤੋਂ ਪਤਾ ਲੱਗਦਾ ਹੈ ਹਾਲਾਂਕਿ ਗਰੀਬੀ ਸਾਡੇ ਕੌਮੀ ਜੀਵਨ ਦੀ ਚੌਂਕਾ ਦੇਣ ਵਾਲੀ ਹਕੀਕਤ ਹੈ ਪਰ ਉਹ ਸਾਡੀ ਰਾਜਨੀਤੀ ਦਾ ਸ਼ਾਇਦ ਹੀ ਵਿਸ਼ਾ ਹੈ। ਚੌਂਕਾ ਦੇਣ ਵਾਲੀ ਜੀ. ਡੀ. ਪੀ. ਵਿਕਾਸ ਦਰ ਸੰਸਦ ਤੇ ਮੀਡੀਆ ਦਾ ਧਿਆਨ ਖਿੱਚਦੀ ਹੈ ਪਰ ਉਹਨਾਂ ਦੇ ਨਾਲ ਹੀ ਅਰਥਚਾਰੇ ’ਚ ਨਾਬਰਾਬਰੀਆਂ ਮਾਪਨ ਵਾਲੇ ‘ਗਿਨੀ ਨੂੰ ਇਫਿਸ਼ਇੰਟ’ ’ਚ ਗਿਰਾਵਟ ’ਤੇ ਸ਼ਾਇਦ ਹੀ ਧਿਆਨ ਦਿੱਤਾ ਜਾਂਦਾ ਹੈ। ਇਹ ਐਸੀਆਂ ਨਾਬਰਾਬਰੀਆਂ ਹਨ ਜੋ ਸਾਡੇ ਇੱਥੇ ਏਨੀ ਤੇਜ਼ੀ ਨਾਲ ਵਧ ਰਹੀਆਂ ਹਨ ਕਿ ਲੋਕਤੰਤਰ ਦੇ ਰੂਪ ’ਚ ਸਾਡੇ ਭਵਿੱਖ ਲਈ ਖਰਤਨਾਕ ਹੈ। ਸੰਸਦ ਦੇ ਹਰ ਸੈਸ਼ਨ ਵਿੱਚ ਇਸ ਰਸਮੀ ਤੌਰ ’ਤੇ ਸੋਕਾ, ਹੜ੍ਹ, ਬੇਰੁਜ਼ਗਾਰੀ ਤੇ ਪੇਂਡੂ ਵਿਕਾਸ ’ਤੇ ਬਹਿਸ ਕਰਦੇ ਹਨ ਜਿਵੇਂ ਹੀ ਇਹਨਾਂ ਵਿਸ਼ਿਆਂ ਨੂੰ ਉਠਾਇਆ ਜਾਂਦਾ ਹੈ, ਸਦਨ ਹਮੇਸ਼ਾ ਖਾਲੀ ਹੋ ਜਾਂਦਾ ਹੈ ਅਤੇ ਕਾਰਵਾਈ ਦੌਰਾਨ ਪ੍ਰੈਸ ਗੈਲਰੀ ਵੀ ਖਾਲੀ ਨਜ਼ਰ ਆਉਂਦੀ ਹੈ। ਉਹ ਸਾਂਸਦ ਖੁਸ਼ਕਿਸਮਤ ਹੁੰਦਾ ਹੈ ਜੋ ਸ਼ਾਮ ਨੂੰ ਟੀ. ਵੀ. ਦੀਆਂ ਖਬਰਾਂ ’ਚ ਜਾਂ ਅਗਲੀ ਸੁਬਾਹ, ਅਖਬਾਰ ਦੀਆਂ ਸੁਰਖੀਆਂ ਵਿੱਚ ਆਪਣੀ ਕਹੀ ਗਈ ਗੱਲ ਵੇਖਦਾ ਹੈ। ਗਤੀਸ਼ੀਲ ਉਭਰਦਾ ਤੇ ਖਬਰਾਂ ਤੇ ਨਜ਼ਰ ਰੱਖਣ ਵਾਲਾ ਮੱਧ ਵਰਗ ਸਾਡੇ ਬਹੁਤੇ ਲੋਕਾਂ ਦੀ ਰੋਜ਼ ਮਾਰਗ ਦੀ ਜ਼ਿੰਦਗੀ ਬਾਰੇ ਜਾਣਦਾ ਹੈ। ਪਰ ਉਸ ਨੂੰ ਅਰਜਨ ਸੇਨਗੁਪਤਾ ਸੰਮਤੀ ਮੁਤਾਬਕ ਰੋਜ਼ਾਨਾ 20 ਰੁਪਏ ਤੋਂ ਘੱਟ ਪੈਸਿਆਂ ’ਚ ਗੁਜਾਰਾ ਕਰਨ ਵਾਲੇ 83.6 ਕਰੋੜ ਲੋਕਾਂ ਦੀ ਜਾਣਕਾਰੀ ਤੋਂ ਪੂਰੀ ਤਰ੍ਹਾਂ ਵਾਂਝਿਆਂ ਕਰ ਦਿੱਤਾ ਜਾਂਦਾ ਹੈ। ਤਿੰਨ ਮਹੀਨੇ ਪਹਿਲਾਂ ਇਕ ਪ੍ਰਸਿੱਧ ਚੈਨਲ ’ਚ ਕਾਰਪੋਰੇਟ ਜਗਤ ਦੇ ਕਈ ਦਿਗਜਾਂ ਨਾਲ ਬੈਠ ਕੇ ਉਸ ਆਰਥਕ ਸਰਵੇਖਣ ’ਤੇ ਉਸ ਦੇ ਉਤਸ਼ਾਹ ਬਾਰੇ ਗੱਲ ਹੋ ਰਹੀ ਸੀ। ਜੋ ਉਹਨਾਂ ਨੂੰ ਅਨੇਕਾਂ ਛੋਟਾਂ ਵਜੋਂ ਮਿਲਣ ਦੀ ਉਮੀਦ ਸੀ ਪ੍ਰਸਤੋਤਾ ਉਹਨਾਂ ਸੁਝਾਵਾਂ ਨੂੰ ਸਮਝਦਾਰੀ ਭਰਿਆ ਦਸ ਰਿਹਾ ਸੀ। ਉਸ ਨੂੰ ਆਰਥਕ ਤੇ ਨੈਤਿਕਤਾ ਦੋਨੋਂ ਕੇਸਾਂ ’ਚ ਸਬਕ ਲੈਣਾ ਚਾਹੀਦਾ ਸੀ, ਬਜਟ ਪੇਸ਼ ਕੀਤੇ ਜਾਣ ਵਾਲੇ ਨੂੰ ਕੁਝ ਮਿਲਾ ਕੇ ਵਿਕਾਸ ਗਰੀਬ ਹਟਾਓ ਤੇ ਕਿਰਤ ਕਾਨੂੰਨਾਂ ’ਤੇ ਗੱਲ ਕਰਨੀ ਸੀ। ਸਾਡੇ ਗਰੀਬ ਲੋਕਾਂ ਲਈ ਇਹ ਬਦਕਿਸਮਤ ਹੈ (ਪਰ ਸਾਡੇ ਅਮੀਰਾਂ ਲਈ ਖੁਸ਼ੀ ਭਰਪੂਰ ਹੈ) ਕਿ ਸ਼ੇਅਰ ਬਜ਼ਾਰਾਂ ਦੀ ਪ੍ਰੇਸ਼ਾਨੀ ਅਸਫਲ ਹੁੰਦੇ ਹਰ ਉਪਕਰਣ ਨੂੰ ਪੂੰਜੀ ਮੁਹੱਈਆ ਕਰਵਾਉਣਾ ਅਤੇ ਆਰਥਕ ਮੰਦੀ ਸਮੇਂ ਅਮੀਰ ਤੇ ਮਸ਼ਹੂਰ ਹੋਣ ਦੀ ਲਾਲਸਾ ਨੇ ਉਹਨਾਂ ਸਭ ਪ੍ਰੀਚਾਰਚਾਵਾਂ ਨੂੰ ਖੂੰਜੇ ਲਾ ਦਿੱਤਾ ਜਿਸ ਤਹਿਤ ਇਹ ਗੱਲ ਹੋਣੀ ਚਾਹੀਦੀ ਸੀ ਕਿ ਇਕ ਪਾਸੇ ਜਿਥੇ ਅਸੀਂ ਉਭਰਦੀ ਆਰਥਕ ਸ਼ਕਤੀ ਵਜੋਂ ਆਪਣੇ ਟੀਚੇ ਵੱਲ ਵਧ ਰਹੇ ਹਾਂ, ਉਥੇ ਸਾਡੀ ਆਬਾਦੀ ਦਾ ਦੋ ਤਿਹਾਈ ਹਿੱਸਾ ਬੇਹੱਦ ਤਰਸਯੋਗ ਹਾਲਾਤਾਂ ’ਚ ਜਿਉਂ ਰਿਹਾ ਹੈ। ਵਾਲ ਸਟਰੀਟ ਦੀ ਵਾਹਵਾਹੀ ਸਾਡੀ ਵਿਧਵਤਾਵਾਂ ਨੂੰ ਬੇਕਿਰਕੀ ਨਾਲ ਦਬਾ ਦਿੰਦੀ ਹੈ। ਅਸੀਂ ਕਾਮਯਾਬ ਨਾਲ ਬਹੁਤ ਪਿਆਰ ਕਰਦੇ ਹਾਂ। ਐਸਾ ਇਸ ਲਈ ਕਤਈ ਨਹੀਂ ਹੈ ਕਿ ਸਾਡੇ ਰਾਜਸੀ ਨੇਤਾ ਜਾਂ ਪੱਤਰਕਾਰ ਵਿਸੇਸ ਤੌਰ ’ਤੇ ਲਿਬੜੇ ਹੋਏ ਹਨ। ਕਾਰਲ ਮਾਰਕਸ ਨੇ 150 ਸਾਲ ਪਹਿਲਾਂ ਇਹ ਕਿਹਾ ਸੀ ਕਿ ਕਿਸੇ ਵੀ

ਸਮਾਜ ਦਾ ਸਭਿਆਚਾਰਕ, ਸਮਾਜਕ ਤੇ ਨੈਤਿਕ ਵਿਸਾਲ ਢਾਂਚਾ ਉਸ ਦੀਆਂ ਜਮਾਤਾਂ ਤੇ ਪੈਦਾਵਾਰ ਦੇ ਸਾਧਨਾ ਵਿਚਕਾਰ ਸਬੰਧ ਨੂੰ ਦਰਸਾਉਂਦਾ ਹੈ, ਵਿਕਟੋਰੀਆ ਦੇ ਜ਼ਮਾਨੇ ਦੇ ਇੰਗਲੈਂਡ ਬਿਸਮਾਰਕ ਦੇ ਜਮਾਨੇ ਦੇ ਯੂਰਪ ਅਤੇ 19ਵੀਂ ਸਦੀ ਵਿੱਚ ਪ੍ਰਭਾਵਸ਼ਾਲੀ ਹੋ ਰਹੇ ਅਮਰੀਕਾ ਲਈ ਜੋ ਗੱਲਾਂ ਸਹੀ ਸਨ। ਉਹ ਸਾਡੇ ਲਈ ਵੀ ਸਹੀ ਹਨ। ਉਹ ਬਾਜ਼ਾਰ ਲਈ ਉਨ੍ਹੇ ਹੀ ਮਹੱਤਵਪੂਰਨ ਹੋ ਜਾਂਦੇ ਹਨ। ਸਾਡੇ ਨਾਗਰਿਕ ਸਿਰਫ 80-90 ਕਰੋੜ ਤੇ ਉਹਨਾਂ ਦੀ ਜੇਬ ਕਿੰਨੀ ਭਾਰੀ ਹੁੰਦੀ ਹੈ, ਉਹ ਬਾਜਾਰ ਲਈ ਉਨ੍ਹੇ ਹੀ ਮਹੱਤਵਪੂਰਨ ਹੋ ਜਾਂਦੇ ਹਨ। ਸਾਡੇ ਨਾਗਰਿਕ (ਸਿਰਫ 80-90 ਕਰੋੜ ਤੇ ਉਹਨਾਂ ਦੀ ਗਿਣਤੀ ਵਧ ਰਹੀ ਹੈ) ਬਾਜ਼ਾਰ ਦੇ ਹਾਸ਼ੀਏ (ਜਾਂ ਅਕਸਰ ਉਸ ਤੋਂ ਬਾਹਰ ਹੋਣ) ਤੇ ਹੋਣ ਅਤੇ ਉਨ੍ਹਾਂ ਦੀ ਮੁਦਰਿਕ ਸਮਰਥਾ ਨੂੰ ਬੁਨਿਆਦੀ ਵਸਤੂਆਂ ਤੇ ਸੇਵਾਵਾਂ (ਅਨਾਜ, ਬਾਲਣ, ਪੀਣ ਵਾਲਾ ਪਾਣੀ ਤੇ ਰਿਹਾਇਸ਼) ਲਈ ਉਹਨਾਂ ਦੀ ਮੰਗ ਨੂੰ ਪ੍ਰਭਾਵੀ ਮੰਗ 'ਚ ਤਬਦੀਲ ਕਰਨ ਦੇ ਅਧਾਰ 'ਤੇ ਪ੍ਰਭਾਸ਼ਿਤ ਕੀਤੇ ਜਾਂਦੇ ਹਨ। ਪਿਛਲੇ ਪੰਜ ਸਾਲਾਂ ਦੌਰਾਨ ਸਾਡੀ 9 ਫੀਸਦੀ ਵਿਕਾਸ ਦਰ ਨੂੰ ਹਰ ਪਾਠਕ ਤੋਤੇ ਵਾਗਰਟ ਸਕਦਾ ਹੈ ਅਤੇ ਇਸ ਸਾਲ ਦੇ ਅਤੰਤਕ ਉਸੇ ਵਿਕਾਸ ਦਰ ਨੂੰ ਹਾਸਲ ਕਰਨ ਦੀ ਸੰਭਾਵਨਾ ਬਾਰੇ ਦੱਸ ਸਕਦਾ ਹੈ ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ 1994 ਵਿੱਚ ਪਹਿਲੀ ਵਾਰੀ ਸੰਯੁਕਤ ਰਾਸ਼ਟਰ ਮਾਨਵ ਵਿਕਾਸ ਸੂਚਕਾਂਕ 'ਚ 134ਵੇਂ ਨੰਬਰ 'ਤੇ ਹੋਣ ਪਿਛੋਂ ਅਜੇ ਤਕ ਅਸੀਂ ਉਸ ਸੂਚਕਾਂਕ ਵਿੱਚ 132ਵੇਂ ਸਥਾਨ 'ਤੇ ਪਹੁੰਚ ਸਕੇ ਹਾਂ। ਗਰੀਬੀ ਹਟਾਓ ਪ੍ਰੋਗਰਾਮ 'ਤੇ ਕੇਂਦਰ ਸਰਕਾਰ ਦਾ ਬਜਟ 15 ਗੁਣਾ ਵਧਾਏ ਜਾਣ ਦੇ ਬਾਵਜੂਦ ਅਸੀਂ ਪਿਛਲੇ 15 ਸਾਲਾਂ 'ਚ ਸਿਰਫ ਦੋ ਪਾਇਦਾਨ ਉਪਰ ਖਿਸਕ ਸਕੇ ਹਾਂ। 1993-94 'ਚ ਕਰੀਬ 7500 ਕਰੋੜ ਰੁਪਏ ਤੋਂ ਵਧ ਕੇ ਇਹ ਰਕਮ 2008-09 'ਚ 120000 ਕਰੋੜ ਰੁਪਏ ਕਰ ਦਿੱਤੀ ਗਈ। (ਇਸ ਤੋਂ ਇਲਾਵਾ 70000 ਕਰੋੜ ਰੁਪਏ ਕਿਸਾਨਾ ਨੂੰ ਕਰਜ਼ਾ ਦੇਣ ਦੀ ਮਦਦ ਵਿੱਚ ਦਿੱਤੇ ਗਏ) ਸਪੱਸ਼ਟ ਹੈ ਕਿ ਖਰਚ ਤੇ ਨਤੀਜੇ 'ਚ ਕੋਈ ਬਰਾਬਰੀ ਨਹੀਂ ਹੈ। ਖਰਚ ਵੱਧ ਗਿਆ। ਨਤੀਜਾ ਜਿਉਂ ਦਾ ਤਿਉਂ ਹੈ। ਰਵਾਇਤ ਸੱਚ ਇਹ ਹੈ ਕਿ ਵੱਧ ਵਿਕਾਸ ਨਾਲ ਸਰਕਾਰ ਨੂੰ ਵੱਧ ਰੈਵਨਿਊ ਮਿਲਦਾ ਹੈ ਅਤੇ ਇਸ ਤਰ੍ਹਾਂ ਸਮਾਜਕ ਖੇਤਰ 'ਤੇ ਖਰਚ ਵਧ ਜਾਂਦਾ ਹੈ। 2004-09 ਦੌਰਾਨ ਸਰਕਾਰ ਦੇ ਰੈਵਨਿਊ 'ਚ ਜਬਰ ਇਜਾਫੇ ਨੂੰ ਵੇਖਦੇ ਹੋਇਆ ਇਹ ਸਹੀ ਲੱਗਦਾ ਹੈ। ਰਾਜਗ ਦੇ ਆਖਰੀ ਸਾਲ ਵਿੱਚ ਗਰੀਬੀ ਹਟਾਓ ਦੀ ਰਕਮ 36000 ਕਰੋੜ ਰੁਪਏ ਤੋਂ ਵਧ ਕੇ ਯੂ. ਪੀ. ਏ. ਪਿਛਲੇ ਸਾਲ 'ਚ 120000 ਕਰੋੜ ਰੁਪਏ ਹੋ ਗਈ। ਇਸ ਦੇ ਬਾਵਜੂਦ ਉਨ੍ਹਾਂ ਭਾਰਤੀਆਂ ਦੀ ਗਿਣਤੀ ਵਧਾਉਣ ਜਿਨ੍ਹਾਂ ਦੀ ਆਮਦਨ ਪ੍ਰਤੀ ਦਿਨ 8.99 ਤੋਂ ਵੱਧ ਕੇ 9.01 ਰੁਪਏ ਹੋ ਗਈ ਜੋ ਬੀ. ਪੀ. ਐਸ. ਅਤੇ ਗੈਰ ਬੀ. ਪੀ. ਐਲ. 'ਚ ਫਰਕ ਵਾਲੀ ਫਪਿਲਮਸੋਲ ਲਾਈਨ ਹੈ ਦੇ ਇਲਾਵਾ ਗਰੀਬਾਂ ਲਈ ਮਨੁੱਖੀ ਵਿਕਾਸ ਦਰ 'ਤੇ ਇਸ ਦਾ ਕੀ ਅਸਰ ਪਿਆ? ਸੰਯੁਕਤ ਰਾਸ਼ਟਰ ਐਚ. ਡੀ. ਆਈ. ਮੁਤਾਬਕ ਇਸ ਦਾ ਅਸਰ ਲਗਭਗ ਜੀਰੋ ਰਿਹਾ। ਯੋਜਨਾ ਕਮਿਸ਼ਨ ਦੇ ਹਰੇਕ ਖੇਤਰਵਾਰ ਮੁਲਾਂਕਣ (ਮੁੱਢਲੀ ਸਿੱਖਿਆ, ਮੁੱਢਲੀ ਸਿਹਤ ਆਦਿ) 'ਚ ਲਗਭਗ ਕੁਝ ਨਹੀਂ ਜੁੜਦਾ। ਰਾਜੀਵ ਗਾਂਧੀ ਨੇ 20 ਸਾਲ ਪਹਿਲਾਂ ਦੱਸਿਆ ਸੀ ਕਿ ਇਕ ਰੁਪਏ 'ਚੋਂ 85 ਪੈਸੇ ਪ੍ਰਸ਼ਾਸਨਿਕ ਖਰਚਿਆਂ ਦੀ ਮਦਦ 'ਚ ਨਿਕਲ ਜਾਂਦੇ ਹਨ। ਲਾਭਪਾਤਰੀਆਂ ਤਕ ਸਿਰਫ 15 ਪੈਸੇ ਹੀ ਪਹੁੰਚਦੇ ਹਨ। ਮੀਡੀਆ

ਤੇ ਸੰਸਦ ਦੋਨਾਂ 'ਚ ਗਰੀਬੀ ਦੀ ਰਾਜਨੀਤੀ ਕਰਨ ਵਾਲੇ ਲੋਕ ਰਾਜੀਵ ਗਾਂਧੀ ਦੇ ਇਸ ਬਿਆਨ ਦਾ ਵਾਰ ਵਾਰ ਹਵਾਲਾ ਦਿੰਦੇ ਰਹੇ ਹਨ। ਉਹ ਨਿਰੰਤਰ ਗਰੀਬੀ ਨੂੰ ਸਮਝਾਉਣ ਲਈ ਨਹੀਂ ਬਲਕਿ ਉਸ ਬਿਆਨ ਨੂੰ ਉਚ ਅਹੁਦਿਆਂ 'ਤੇ ਭ੍ਰਿਸ਼ਟਾਚਾਰ ਨੂੰ ਸਵੀਕਾਰ ਰੂਪ 'ਚ ਪੇਸ਼ ਕੀਤਾ ਗਿਆ ਹੈ। ਇਸ ਜਾਣ-ਬੁਝ ਕੇ ਕੀਤੀ ਗਈ ਹਰਕਤ ਜਾਂ ਅੱਧੀ ਕੱਚੀ ਜਾਣਕਾਰੀ ਵਾਂਗੂੰ ਮੁੱਖ ਗੱਲ ਨੂੰ ਨਿਰੰਤਰ ਨਜ਼ਰ ਅੰਦਾਜ ਕਰ ਦਿੱਤਾ ਗਿਆ। ਮੁੱਖ ਗੱਲ ਇਹ ਹੈ ਕਿ ਸਾਨੂੰ ਪਹਿਲੇ 'ਸਾਮਵੇਸੀ ਸਾਸ਼ਨ' ਤਹਿ ਕੀਤੇ ਬਿਨਾਂ 11ਵੀ ਯੋਜਨਾ ਦੇ (ਸਾਮਵੇਸੀ ਵਿਕਾਸ) ਦੇ ਟੀਚੇ ਨੂੰ ਹਾਸਲ ਨਹੀਂ ਕਰ ਸਕਦੇ। ਸਾਨੂੰ 2004 'ਚ ਕੇਂਦਰ ਪ੍ਰਯੋਜਿਤ ਕਰੀਬ 300 ਗਰੀਬੀ ਹਟਾਓ ਦੀਆਂ ਯੋਜਨਾਵਾਂ ਵਿਰਾਸਤ 'ਚ ਮਿਲੀਆਂ। ਉਦੋਂ ਤੋਂ ਉਹਨਾਂ ਦੀ ਗਿਣਤੀ ਘਟ ਕੇ 200 ਰਹਿ ਗਈ ਹੈ। ਇਹਨਾਂ ਵਿਚੋਂ ਹਰੇਕ ਯੋਜਨਾ ਦੀ ਆਪਣੀ ਡਲਿਵਰੀ ਵਿਵਸਥਾ ਹੈ, ਸਭ ਨੂੰ ਇਕ ਹੀ ਲਾਭਪਾਤਰੀ ਵਰਗ ਗਰੀਬ ਨੂੰ ਬੁਨਿਆਦੀ ਵਸਤੂ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਲਈ ਤਿਆਰ ਕੀਤਾ ਗਿਆ ਹੈ। ਪਰ ਉਹਨਾਂ ਨੇ ਡਲਿਵਰੀ ਦੇ ਦੂਜੇ ਮਾਧਿਅਮ ਤੋਂ ਏਨਾ ਵੱਖ ਰੱਖਿਆ ਗਿਆ ਹੈ ਕਿ ਉਹਨਾਂ ਯੋਜਨਾਵਾਂ ਦੇ ਅਮਲ ਦੇ ਯਤਨਾਂ ਨੂੰ ਇਕ ਜੁੱਟ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ। ਹਰੇਕ ਡਲਿਵਰੀ ਵਿਵਸਥਾ ਦੇ ਆਪਣੇ ਵਿਸ਼ੇਸ਼ ਅਧਿਕਾਰ ਵਾਲੇ ਲੋਕ ਹਨ। ਜਿਲਾ ਤੇ ਉਪ ਜਿਲਾ ਪੱਧਰਾਂ ਦੇ ਅਧਿਕਾਰੀ ਦਲਾਲ ਸਮਾਜ ਸੇਵੀ ਸੰਗਠਨ ਆਪਣੇ ਬਾਬੂ ਰਾਖਿਆਂ ਦੇ ਸਾਹਮਣੇ ਦੰਡਵਤ ਹੁੰਦੇ ਹਨ। ਚਾਪਲੂਸ ਉਹਨਾਂ ਸਾਰਿਆਂ ਨੂੰ ਏਨਾ ਮੁਨਾਫਾ ਹੋ ਜਾਂਦਾ ਹੈ ਕਿ ਅਸਲੀ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਡਲਿਵਰੀ ਦੀ ਵਿਵਸਥਾ ਬਣਨ 'ਚ ਹੀ ਰੁਪਏ 'ਚੋਂ 85 ਪੈਸੇ ਖਰਚ ਹੋ ਜਾਂਦੇ ਹਨ। ਦੂਜੇ ਸ਼ਬਦਾਂ ਵਿੱਚ ਇਹ ਯੋਜਨਾਵਾਂ ਸਿਰਫ ਆਪਣੇ ਲਈ ਹੋਂਦ ਵਿਚ ਹਨ, ਉਹ ਨੌਕਰਸ਼ਾਹੀ ਦੇ ਅਜਿਹੇ ਛੋਟੇ ਸਾਮਰਾਜ ਹਨ ਜਿਹਨਾਂ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਅਤੇ ਲਾਭਪਾਤਰੀਆਂ ਦੀ ਇਸ 'ਚ ਕੋਈ ਭਾਗੀਦਾਰੀ ਨਹੀਂ ਹੈ ਅਤੇ ਉਸ ਦੀ ਆਪਣੀ ਹੀ ਬੇਹਤਰੀ ਦੇ ਕੰਮਕਾਜ ਬਾਰੇ ਜਾਣਕਾਰੀ ਹੋਰ ਵੀ ਘੱਟ ਹੈ।

ਕੈਬਨਿਟ ਸਕੱਤਰ ਤੋਂ ਲੈ ਕੇ ਸਭ ਤੋਂ ਹੇਠਲੀ ਪੱਧਰ 'ਤੇ ਪਟਵਾਰੀ ਤਕ ਨੌਕਰਸ਼ਾਹੀ ਇਹ ਮੰਨਦੀ ਹੈ ਕਿ ਕਿਉਂਕਿ ਉਹ ਬੇਹਤਰ ਢੰਗ ਨਾਲ ਸਿੱਖਿਅਤ ਹੈ ਅਤੇ ਉਹ ਜਿਹਨਾਂ ਦੀ ਸੇਵਾ ਕਰਦੇ ਹਨ ਉਹਨਾਂ ਦੇ ਮੁਕਾਬਲੇ ਉਹਨਾਂ ਨੂੰ ਵੱਧ ਨਿਯਮਤ ਰੂਪ 'ਚ ਤਨਖਾਹ ਮਿਲਦੀ ਹੈ। ਲਿਹਾਜਾ ਉਹਨਾਂ ਨੂੰ ਅਗਿਆਨੀ ਲੋਕਾਂ ਜਾਂ ਅਮਲ 'ਚ ਸ਼ਾਮਲ ਕਰਨ ਦੀ ਕੋਈ ਲੋੜ ਨਹੀਂ ਹੈ। ਇਸ ਤੋਂ ਇਲਾਵਾ ਨੌਕਰਸ਼ਾਹੀ ਨੇ ਆਪਣੀ ਛਵੀ ਕੋਈ ਲੋੜ ਨਹੀਂ ਹੈ। ਇਸ ਤੋਂ ਇਲਾਵਾ ਨੌਕਰਸ਼ਾਹੀ ਨੇ ਆਪਣੀ ਛਵੀ ਇਹ ਬਣਾ ਰੱਖੀ ਹੈ ਕਿ ਉਹ ਵਿਸੇਸ਼ਕਾਰ ਨਿਮਨ ਪੱਧਰੀ ਰਾਜਸੀ ਨੇਤਾਵਾਂ ਤੋਂ ਨਾ ਸਿਰਫ ਵੱਧ ਸਮਰਥ ਹਨ ਬਲਕਿ ਉਹਨਾਂ ਤੋਂ ਵੱਧ ਇਮਾਨਦਾਰ ਵੀ ਹਨ। ਪਿਛਲੇ 15 ਸਾਲਾਂ ਤੋਂ ਸਾਡੀਆਂ ਸੰਵਿਧਾਨਕ ਵਿਵਸਥਾਵਾਂ ਦੇ ਬਾਵਜੂਦ ਸਾਡੀਆਂ ਵਿਧਾਨ ਸਭਾਵਾਂ ਜਾਂ ਸਰਕਾਰਾਂ ਜਾਂ ਮੀਡੀਆ ਵਿਸਥਾਰਿਤ ਚਰਚਾ ਨਹੀਂ ਹੋਈ ਕਿ ਇਕ ਪੈਸਾ ਖਰਚ ਵਧਾਵੇ ਅਤੇ ਕਈ ਗੁਣਾ ਨਤੀਜਾ ਕਿਵੇਂ ਸੁਧਾਰਿਆ ਜਾਵੇ। ਅਸਲੀ ਕੰਮਕਾਜ, ਵਿੱਤ ਅਤੇ ਅਹੁਦੇਦਾਰਾਂ ਦੀ ਤਬਦੀਲੀ ਦੀ ਹਰ ਕੋਸਿਸ 'ਚ ਖਾਸ ਕਰਕੇ ਰਾਜਾਂ ਵਿਚ ਵਿਧਾਇਕ ਅੜਿੱਕਾ ਲਾ ਦਿੰਦੇ ਹਨ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਇਸ ਨਾਲ

ਉਨ੍ਹਾਂ ਦੇ ਰਾਖਵੇਂ ਅਧਿਕਾਰ ਖਤਮ ਹੋ ਜਾਣਗੇ। ਜਦ ਤਕ ਅਸੀਂ ਗਰੀਬਾਂ ਨੂੰ ਬਿਨਾ ਮਨ ਦੇ ਵਿਕਾਸ 'ਡਿਲਿਵਰ' ਕਰਨ ਵਾਲੀ ਅਜਨਬੀ ਤੇ ਚਾਲੂ ਨੌਕਰਸ਼ਾਹੀ 'ਤੇ ਭਰੋਸਾ ਕਰਨਗੇ। ਤਦ ਤਕ ਡਲਿਵਰੀ ਵਿਵਸਥਾ ਖੁਦ ਨੂੰ ਸਹਿਜ ਬਣਾਉਣ ਲਈ ਜ਼ਿਆਦਾਤਰ ਸਾਧਨ ਪੀ ਜਾਵੇਗੀ। ਇਹ ਤਾਂ ਹੀ ਹੋ ਸਕਦਾ ਹੈ ਜਦ ਬੁਨਿਆਦੀ ਪੱਧਰ ਚੁਣੇ ਨੁਮਾਇੰਦਿਆਂ ਦੇ ਰੈਵਨਿਊ ਖਾਤੇ 'ਚ ਪੈਸਾ ਸਿੱਧਾ ਜਾਵੇ। ਬੁਨਿਆਦੀ ਪੱਧਰ ਦੇ ਪ੍ਰਸਾਸ਼ਨ ਦੀਆਂ ਸੰਸਥਾਵਾਂ ਗ੍ਰਾਮ ਸਭਾ ਲਈ ਸਪੱਸ਼ਟ ਅਤੇ ਫੌਰੀ ਤੌਰ 'ਤੇ ਜ਼ਿੰਮੇਵਾਰ ਹੋਣ ਅਤੇ ਗ੍ਰਾਮ ਸਭਾ ਹਰੇਕ ਗ੍ਰਾਮ ਪੰਚਾਇਤ ਦੇ ਸਭ ਯੋਗ ਵੋਟਰਾਂ ਦੀ ਚੁਣੀ ਸੰਵਿਧਾਨਿਕ ਸਭਾ ਹੁੰਦੀ ਹੈ। ਸੰਵਿਧਾਨ ਨੇ ਰਾਜਸੀ ਵਿਵਸਥਾ ਨੂੰ ਸਥਾਨਕ ਪੱਧਰ 'ਤੇ ਸਵੈ ਸਾਸ਼ਨ ਲਈ ਕਰੀਬ 250, 000 ਸੰਸਥਾਵਾਂ ਬਣਾਉਣ ਦਾ ਮੌਕਾ ਦਿੱਤਾ ਹੈ। ਜਿਹਨਾਂ 'ਚ ਅਸੀਂ 32 ਲੱਖ ਤੋਂ ਵੱਧ ਨੁਮਾਇੰਦੇ ਚੁਣੇ ਹਨ ਅਤੇ ਇਨ੍ਹਾਂ 'ਚੋਂ 12 ਲੱਖ ਔਰਤਾਂ ਹਨ। 80000 ਪ੍ਰਧਾਨ ਹਨ। ਇਹ ਪੂੰਜੀਵਾਦੀ ਲੋਕ ਰਾਜ ਦੀ ਸਭ ਤੋਂ ਵੱਡੀ ਵਰਤੋਂ ਹੈ। ਪਰ ਉਭਰਦੇ ਮੱਧਵਰਗ ਨੇ ਆਪਣੀਆਂ ਤੁਛ ਚਿੰਤਾਵਾਂ ਨਾਲ ਮੀਡੀਆ ਤੇ ਰਾਜਸੀ ਪੱਧਰ 'ਤੇ ਇਸ ਹੱਦ ਤਕ ਅਜ਼ਾਰੇਦਾਰੀ ਜਮਾ ਲਈ ਹੈ ਕਿ ਗਰੀਬੀ ਹੀ ਰਾਜਨੀਤੀ ਲਗਭਗ ਬਾਹਰ ਹੋ ਗਈ ਹੈ। ਨੌਕਰਸ਼ਾਹੀ, ਲੋਕ ਨੁਮਾਇੰਦਿਆਂ ਜਿੰਨੀ ਲੋਕਾਂ ਦੇ ਕਰੀਬ ਨਹੀਂ ਹੋ ਸਕਦੀ। ਜੁਆਬਦੇਹ ਪ੍ਰਸਾਸ਼ਨ ਨੂੰ ਲੋਕਾਂ ਤਕ ਪਹੁੰਚਾਉਣ ਲਈ ਲੋਕ ਨੁਮਾਇੰਦੇ ਜਿੰਮੇਵਾਰ ਹਨ। ਉੱਚੇ ਅਹੁਦਿਆਂ 'ਤੇ ਬੈਠੇ ਲੋਕ ਹੇਠਲੇ ਨੁਮਾਇੰਦਿਆਂ ਦੇ ਰੈਵਨਿਊ ਖਾਤੇ 'ਚ ਪੈਸਾ ਸਿੱਧਾ ਜਾਵੇ। ਬੁਨਿਆਦੀ ਪੱਧਰ ਦੇ ਪ੍ਰਸਾਸ਼ਨ ਦੀਆਂ ਸੰਸਥਾਵਾਂ ਗ੍ਰਾਮ ਸਭਾ ਲਈ ਸਪੱਸ਼ਟ ਅਤੇ ਫੌਰੀ ਤੌਰ 'ਤੇ ਜਿੰਮੇਵਾਰ ਹੋਣ ਅਤੇ ਗ੍ਰਾਮ ਸਭਾ ਹਰੇਕ ਗ੍ਰਾਮ ਪੰਚਾਇਤ ਦੇ ਸਭ ਯੋਗ ਵੋਟਰਾਂ ਦੀ ਚੁਣੀ ਸੰਵਿਧਾਨਕ ਸਭਾ ਹੁੰਦੀ ਹੈ। ਸੰਵਿਧਾਨ ਨੇ ਰਾਜਸੀ ਵਿਵਸਥਾ ਨੂੰ ਸਥਾਨਕ ਪੱਧਰ 'ਤੇ ਸਵੈ ਸਾਸ਼ਨ ਲਈ ਕਰੀਬ 250,000 ਸੰਸਥਾਵਾਂ ਬਣਾਉਣ ਦਾ ਮੌਕਾ ਦਿੱਤਾ ਹੈ। ਜਿਹਨਾਂ 'ਚ ਅਸੀਂ 32 ਲੱਖ ਤੋਂ ਵੱਧ ਨੁਮਾਇੰਦੇ ਚੁਣੇ ਹਨ ਅਤੇ ਇਨ੍ਹਾਂ 'ਚੋਂ 12 ਲੱਖ ਔਰਤਾਂ ਹਨ। 80,000 ਪ੍ਰਧਾਨ ਹਨ। ਇਹ ਪੂੰਜੀਵਾਦੀ ਲੋਕ ਰਾਜ ਦੀ ਸਭ ਤੋਂ ਵੱਡੀ ਵਰਤੋਂ ਹੈ। ਪਰ ਉਭਰਦੇ ਮੱਧ ਵਰਗ ਨੇ ਆਪਣੀਆਂ ਤੁਛ ਚਿੰਤਾਵਾਂ ਨਾਲ ਮੀਡੀਆ ਤੇ ਰਾਜਸੀ ਪੱਧਰ 'ਤੇ ਇਸ ਹੱਦ ਤੱਕ ਅਜ਼ਾਰੇਦਾਰੀ ਜ਼ਮਾ ਲਈ ਹੈ ਕਿ ਗਰੀਬੀ ਦੀ ਰਾਜਨੀਤੀ ਲਗਭਗ ਬਾਹਰ ਹੋ ਗਈ ਹੈ। ਨੌਕਰਸ਼ਾਹੀ ਲੋਕ ਨੁਮਾਇੰਦਿਆ ਜਿੰਨੀ ਲੋਕਾਂ ਦੇ ਕਰੀਬ ਨਹੀਂ ਹੋ ਸਕਦੀ। ਜੁਆਬਦੇਹੀ ਪ੍ਰਸਾਸ਼ਨ ਨੂੰ ਲੋਕਾਂ ਤਕ ਪਹੁੰਚਾਉਣ ਲਈ ਲੋਕ ਨੁਮਾਇੰਦੇ ਜਿੰਮੇਵਾਰ ਹਨ। ਉਚੇ ਅਹੁਦਿਆਂ 'ਤੇ ਬੈਠੇ ਲੋਕ ਹੇਠਲੇ ਨੁਮਾਇੰਦਿਆਂ ਨੂੰ ਅਕਸਰ ਖੁੰਡੇਲਾਇਨ ਲਾ ਦਿੰਦੇ ਹਨ। ਜਾਂ ਫਿਰ ਨਜ਼ਰਅੰਦਾਜ ਕਰਦੇ ਹਨ। ਲੋਕ ਨੁਮਾਇੰਦੇ 32 ਲੱਖ ਜਦ ਕਿ ਸਾਂਸਦ ਤੇ ਵਿਧਾਇਕ 5000 ਹਨ। ਹੇਠਲੀ ਪੱਧਰ ਦੇ ਲੋਕ ਨੁਮਾਇੰਦਿਆਂ ਨੂੰ 5000 ਸੰਸਦ ਵਿਧਾਇਕਾਂ ਤੇ ਦਬਾਅ ਬਣਾਉਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਸੰਵਿਧਾਨਿਕ ਹਾਸਲ ਕਰਕੇ ਆਪਣੀ ਹੋਣੀ ਦੇ ਮਾਲਕ ਆਪ ਬਣਨ ਤਾਂ ਹੀ ਗਰੀਬੀ ਦੀ ਰਾਜਨੀਤੀ ਸਹੀ ਅਰਥਾਂ ਨਾਲ ਆਪਣੇ ਅਸਲੀ ਰੰਗ 'ਚ ਆਵੇਗੀ।

# ਅੱਗ ਇਹ ਉਠਦੀ ਕਿਥੋਂ ਹੈ?

ਅੱਗ ਕਿਸ ਨੇ ਲਾਈ? ਕਿਵੇਂ ਲੱਗੀ? ਜਦ ਕਿਧਰੇ ਕੋਈ ਅੱਗ ਬਲਦੀ ਹੈ ਤਾਂ ਇਹ ਸੁਆਲ ਹਰ ਪਾਸੋ ਆਮ ਦੀ ਜੁਬਾਨ 'ਤੇ ਹੁੰਦੇ ਹਨ। ਝਾਰਖੰਡ ਦੇ ਲੋਕ ਵੀ ਪਿਛਲੇ 93 ਸਾਲਾਂ ਤੋਂ ਇਹ ਸੁਆਲ ਪੁੱਛ ਰਹੇ ਹਨ। ਇਥੋਂ ਦੀਆਂ ਵੱਖ-ਵੱਖ ਕੋਲਾ ਖਾਣਾ 'ਚ ਸਾਲਾਂ ਤੋਂ ਜਮੀਨ ਹੇਠ ਅੱਗ ਲੱਗੀ ਹੋਈ ਹੈ ਅਤੇ ਅਕਸਰ ਨਵੇਂ ਨਵੇਂ ਇਲਾਕੇ ਇਸ ਦੀ ਮਾਰ ਹੇਠ ਆ ਰਹੇ ਹਨ। ਪਰ ਅੱਜ ਤਕ ਝਾਰਖੰਡ ਵਾਸੀਆਂ ਨੂੰ ਨਾ ਤਾਂ ਆਪਣੇ ਸੁਆਲ ਦਾ ਮੁਕੰਮਲ ਜੁਆਬ ਮਿਲਿਆ ਤੇ ਨਾ ਹੀ ਅੰਤਿਮ ਤੌਰ 'ਤੇ ਦੋਸ਼ੀਆਂ ਦੀ ਪਹਿਚਾਣ ਹੋ ਸਕੀ। ਭੂਮੀਗਤ ਅੱਗੇ 'ਤੇ ਲੰਮੇ ਸਮੇਂ ਤੋਂ ਖੋਜ ਕਰ ਰਹੇ ਪ੍ਰਸਿੱਧ ਵਿਗਿਆਨਕ ਤੇ ਦੇਸ਼ ਦੀ ਚੋਟੀ ਖੁਦਾਈ ਖੋਜ ਸੰਸਥਾ ਸੈਂਟਰਲ ਮਾਈਨਿੰਗ ਰਿਸਰਚ ਇੰਸਟੀਚਿਊਟ (CMRI) ਦੇ ਸਾਬਕਾ ਨਿਰਦੇਸ਼ਕ ਟੀ. ਐਨ ਸਿੰਘ ਤੋਂ ਜਦ ਪੁੱਛਿਆ ਗਿਆ ਕਿ ਝਾਰਖੰਡ ਦੀ ਜਮੀਨ ਦੇਖ ਅੱਗ ਲਈ ਕੌਣ ਜਿੰਮੇਵਾਰ ਹੈ ਤਾਂ ਉਹਨਾਂ ਇਕ ਸ਼ਬਦ 'ਚ ਜੁਆਬ ਦਿੱਤਾ 'ਭ੍ਰਿਸ਼ਟਾਚਾਰ' ਇਹ ਵੱਖਰੀ ਗੱਲ ਹੈ ਕਿ ਝਾਰਖੰਡ ਦੀਆਂ ਕੋਲਅਰੀਆਂ 'ਚ ਲੱਗੀ ਅੱਗ ਨੂੰ ਬੁਝਾਉਣ ਤੇ ਵਧਣ ਤੋਂ ਰੋਕਣ ਲਈ ਜਿੰਮੇਵਾਰ ਏਜੰਸੀਆਂ ਸੈਂਟਰਲ ਕੋਲ ਫੀਲਡਸ ਲਿਮਟੇਡ (ਸੀ. ਸੀ. ਐਲ) ਭਾਰਤ ਕੋਕਿੰਗ ਕੋਲ ਫੀਲਡਸ ਲਿਮਟਿਡ (DGMS) ਡਾਇਰੇ ਕਟਰ ਜਨ ਰਲ ਆਫ਼ ਮਾਈਸ ਸੇਫਟੀ ਤੇ ਜ਼ਿਲ੍ਹਾ ਪ੍ਰਸਾਸ਼ਨ ਟੀ. ਐਨ. ਸਿੰਘ ਦੇ ਜੁਆਬ ਨਾਲ ਇਤਫਾਕ ਨਹੀਂ ਰੱਖਦੀ। ਪਰ ਮਾਮਲੇ ਦੀ ਛਾਣਬੀਣ ਪਿਛੋਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਸੰਸਥਾਗਤ ਸ਼ਕਲ ਅਖਤਿਆਰ ਕਰ ਚੁੱਕਿਆ ਅਤੇ ਲਾਪ੍ਰਵਾਹੀ ਹੀ ਇਸ ਦੀ ਸਭ ਤੋਂ ਵੱਡੀ ਵਜਾਹ ਹੈ। ਝਾਂਰਖੰਡ ਦੀਆਂ ਇਕ ਤੋਂ ਵੱਧ ਕੋਲਿਰੀਆਂ 'ਚ ਪਿਛਲੇ ਕਈ ਸਾਲਾਂ ਤੋਂ ਭੂਮੀਗਤ ਅੱਗ ਲੱਗੀ ਹੋਈ ਹੈ। ਇਹਨਾਂ 'ਚ ਝਰਿਆਂ, ਬੇਰਮੋ ਭੁਰਕੁੰਡਾ ਰਜਰਪਾ, ਸੁਆਲ ਸੌਂਦਾ, ਘਾਟੋ ਪਿਪਰਵਰ ਸਮੇਤ ਦਰਜਨਾਂ ਛੋਟੀਆਂ ਵੱਡੀਆਂ ਕੋਲਿਰੀਆਂ ਸ਼ਾਮਲ ਹਨ। ਹਾਲ ਵਿਚ ਹੀ ਕੁਜੂਕੋਲਿਆਰੀ ਦੀ ਭੂਮੀਗਤ ਅੱਗ ਨੇ ਰਾਜ ਦੀ ਜੀਵਨ ਰੇਖਾ ਕਹੇ ਜਾਣ ਵਾਲੇ ਕੌਮੀ ਰਾਜ ਮਾਰਗ 33 (ਐਨ. ਐਚ. 33) ਨੂੰ ਆਪਣੀ ਲਪੇਟ 'ਚ ਲੈ ਲਿਆ। ਭੂਮੀਗਤ ਅੱਗ ਕਾਰਨ ਹਜਾਰੀਬਾਗ ਦੇ ਨੇੜੇ ਕੁਜੂ ਇਲਾਕੇ 'ਚ ਜਦ ਥਾਂ-ਥਾਂ ਇਸ ਸੜਕ ਦੇ ਹੇਠਾਂ ਤੋਂ ਅੱਗ ਦੀ ਲਪਟਾਂ ਉੱਠਣ ਲੱਗੀਆਂ ਤਾਂ ਪ੍ਰਸਾਸ਼ਨ ਨੂੰ ਆਖਰਕਾਰ 8 ਅਗਸਤ ਨੂੰ 30 ਕਿਲੋਮੀਟਰ ਦੀ ਲੰਬੀ ਪੱਟੀ ਨੂੰ ਖਤਰਨਾਕ ਜੋਨ ਐਲਾਨ ਕਰਨਾ ਪਿਆ ਅਤੇ ਐਨ ਐਚ ਨੂੰ ਪੂਰੀ ਤਰ੍ਹਾਂ ਬੰਦ ਕਰਨਾ ਪਿਆ। ਪ੍ਰਸਾਸ਼ਨ ਨੇ ਦਸ ਅਗਸਤ ਨੂੰ ਖਤਰਨਾਕ ਜੋਨ ਦੇ ਆਸ ਪਾਸ ਵਸੇ 48 ਪਰਿਵਾਰਾਂ ਨੂੰ ਤੁਰੰਤ ਇਲਾਕਾ ਛੱਡ ਦੇਣ ਦਾ ਨੋਟਿਸ ਵੀ ਭੇਜ ਦਿੱਤਾ। ਅੱਗ ਦੀ ਭਿਅੰਕਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਕਰੀਬ ਇਕ ਦਰਜਨ ਥਾਂਵਾਂ 'ਤੇ ਸੜਕ ਦੇ ਵਿਚੋਂ ਵਿਚ ਦਸ ਬਾਰ੍ਹਾਂ ਮੀਟਰ ਦੇ ਵਿਆਸ ਦੇ ਖੱਡੇ ਬਣ ਗਏ ਹਨ ਤੇ ਦਸ ਪੰਦਰਾਂ ਮੀਟਰ ਉੱਚੀਆਂ ਲਪਟਾਂ ਉੱਠਣ ਲੱਗੀਆਂ। ਐਨ. ਐਚ. 33 ਦੀ ਬੰਦੀ ਕਾਰਨ ਹੁਣ ਰਾਂਚੀ ਤੋਂ ਹਜਾਰੀਬਾਗ, ਕੋਲਕਾਤਾ, ਵਾਰਾਣਸੀ, ਪਟਨਾ ਦੇ ਦਿੱਲੀ ਸਮੇਤ ਕਈ ਸ਼ਹਿਰਾਂ ਦੀ ਦੂਰੀ ਲਗਭਗ 60 ਕਿਲੋਮੀਟਰ ਵੱਧ ਹੋ ਗਈ ਹੈ। ਵੈਸੇ ਝਾਰਖੰਡ ਦੀਆਂ ਕੋਲਿਰੀਆਂ

’ਚ ਭੂਮੀਗਤ ਅੱਗ ਦੀ ਗੱਲ ਨਵੀਂ ਨਹੀਂ ਹੈ। ਪਹਿਲੀ ਵਾਰੀ ਸੰਨ 1916 ’ਚ ਧੰਨਵਾਦ ਦੀ ਝਰੀਆਂ ਕੋਲਿਰੀ ’ਚ ਭੂਮੀਗਤ ਅੱਗ ਲੱਗਣ ਦੀ ਪਹਿਲੀ ਘਟਨਾ ਘਟੀ ਸੀ। ਜੋ ਹੁਣ ਇਸ ਇਲਾਕੇ ਦੇ ਇਕ ਵੱਡੇ ਭੂ-ਭਾਗ ਨੂੰ ਆਪਣੀ ਲਪੇਟ ’ਚ ਲੈ ਚੁੱਕੀ ਹੈ। ਝਰਿਆ ਦੀ ਅੱਗ ਨੂੰ ਬੁਝਾਉਣ ਲਈ ਦਹਾਕਿਆਂ ਤਕ ਜਦੋ ਜਹਿਦ ਚਲਦੀ ਰਹੀ, ਤਰ੍ਹਾਂ ਤਰ੍ਹਾਂ ਦੀਆਂ ਯੋਜਨਾਵਾਂ ਬਣੀਆਂ ਦੇਸ਼-ਵਿਦੇਸ਼ ਤੋਂ ਮਾਹਰ ਆਏ। ਵੱਡੀ ਰਾਸ਼ੀ ਖਰਚ ਕੀਤੀ ਗਈ ਪਰ ਅੱਗ ਰੁਕਣ ਦੀ ਬਜਾਏ ਪਸਰਦੀ ਹੀ ਰਹੀ ਤੇ ਜੋ ਅੱਜ ਵੀ ਜਾਰੀ ਹੈ।

ਇਕ ਵਿਗਿਆਨਕ ਅਨੁਮਾਨ ਮੁਤਾਬਕ, ਝਰਿਆ ’ਚ ਇਹਨੀ ਦਿਨੀਂ ਰੋਜਾਨਾ ਲੱਗਭਗ 2500 ਟਨ ਕੋਲਾ ਅੱਗ ਦੇ ਹਵਾਲੇ ਹੋ ਰਿਹਾ ਹੈ। ਇਸ ਅੱਗ ਦੇ ਫੈਲਾਅ ਦੀ ਦਰ 15 ਮੀਟਰ ਪ੍ਰਤੀ ਮਹੀਨੇ ਤਕ ਪੁੱਜ ਚੁੱਕੀ ਹੈ ਅਤੇ ਪਿਛਲੇ ਸਾਲ ਤਕ ਲਗਭਗ 18 ਵਰਗ ਕਿਲੋਮੀਟਰ ਦੀ ਜਮੀਨ ਇਸ ਦੀ ਸ਼ਿਕਾਰ ਹੋ ਚੁੱਕੀ ਹੈ। ਹੁਣ ਤਾਂ ਸਥਿਤੀ ਇਹ ਹੈ ਕਿ ਕੋਲ ਇੰਡੀਆ ਸਮੇਤ ਕੇਂਦਰ ਅਤੇ ਰਾਜ ਸਰਕਾਰਾਂ ਵੀ ਇਕ ਤਰ੍ਹਾਂ ਨਾਲ ਝਰਿਆ ਦੀ ਭੂਮੀਗਤ ਅੱਗ ਸਾਹਮਣੇ ਗੋਡੇ ਟੇਕ ਚੁੱਕੀਆਂ ਹਨ। ਇਸ ਇਲਾਕੇ ਦੇ ਬਾਸ਼ਿੰਦਿਆਂ ਨੂੰ ਖਾਲੀ ਕਰਾਉਣ ਲਈ ਬਹੁਪੱਧਰੀ ਮੁਸ਼ੱਕਤ ਜਾਰੀ ਹੈ। ਕਿਉਂਕਿ ਝਰਿਆ ਦੀ ਅੱਗ ਹੁਣ ਵਿਆਪਕ ਤੇ ਭਿਆਨਕ ਰੂਪ ਲੈ ਕੇ ਕੰਟਰੋਲ ਤੋਂ ਬਾਹਰ ਹੋ ਚੁੱਕੀ ਹੈ। ਇਸ ਲਈ ਸਰਕਾਰ ਤੇ ਕੋਲ ਇੰਡੀਆ ਦੀ ਮਜ਼ਬੂਰੀ ਸਮਝ ’ਚ ਆਉਂਦੀ ਹੈ। ਪਰ ਕੁਜੂ ’ਚ ਮਹਿਜ ਦੋ ਤਿੰਨ ਸਾਲਾਂ ਵਿਚ ਹੀ ਜਿਸ ਤਰ੍ਹਾਂ ਅੱਗ ਦਾ ਫੈਲਾਅ ਹੋਇਆ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਰਾਜ ਸਰਕਾਰ ਅਤੇ ਕੋਲ ਇੰਡੀਆ ਨੇ ਝਰਿਆ ਤੋਂ ਕੋਈ ਸਬਕ ਨਹੀਂ ਸਿੱਖਿਆ। ਦੋ ਸਾਲ ਪਹਿਲਾਂ ਤੋਂ ਹੀ ਇਸ ਗੱਲ ਦਾ ਡਰ ਜਾਹਰ ਕੀਤਾ ਜਾ ਰਿਹਾ ਸੀ ਕਿ ਕੁਜੂ ’ਚ ਐਨ. ਐਚ. 33 ਦੇ ਆਸਪਾਸ ਗੈਰਕਾਨੂੰਨੀ ਤੇ ਗੈਰ ਵਿਗਿਆਨਕ ਤਰੀਕ ਨਾਲ ਕੋਲੇ ਦੀ ਖੁਦਾਈ ਹੋ ਰਹੀ ਹੈ ਜਿਸ ਕਾਰਨ ਇਸ ਮਾਰਗ ਦੇ ਹੇਠਾਂ ਅੱਗ ਪੈਦਾ ਹੋ ਸਕਦੀ ਹੈ। ਅਕਤੂਬਰ 2007 ’ਚ ਸੀ. ਸੀ. ਐਲ. ਕੁਜੂ ਏਰਿਆ ਦੇ ਉਪ ਮੁੱਖ ਸੁਰੱਖਿਆ ਅਧਿਕਾਰੀ ਐਮ ਐਚ ਇਸ ਬਾਬਤ ਸਥਾਨਕ ਕੋਲ ਮੁੱਖ ਦਫਤਰ ਨੂੰ ਇਕ ਪੱਤਰ ਵੀ ਭੇਜਿਆ ਸੀ। ਪਰ ਕੋਈ ਕਾਰਵਾਈ ਨਹੀਂ ਹੋਈ। ਪਿਛਲੇ ਮਹੀਨੇ ਜਦ ਅੱਗ ਐਨ. ਐਚ. 33 ਦੇ ਕਾਫੀ ਨਜ਼ਦੀਕ ਪਹੁੰਚ ਗਈ ਤਾਂ ਸੀ. ਸੀ. ਐਲ. ਤੇ ਸਥਾਨਕ ਜਿਲਾ ਪ੍ਰਸ਼ਾਸ਼ਨ ਨੇ ਇਕ-ਦੂਜੇ ’ਤੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ। ਝਾਰਖੰਡ ਦੇ ਨਵ-ਨਿਯੁਕਤ ਰਾਜਪਾਲ ਕੇ ਐਸ ਨਾਰਾਇਣ ਨੇ ਇਸ ਲਈ ਸੀ. ਸੀ. ਐਲ. ਨੂੰ ਦੋਸ਼ੀ ਠਹਿਰਾਇਆ ਹੈ। ਉਹਨਾਂ ਨੇ ਕੇਂਦਰੀ ਕੋਲਾ ਰਾਜ ਮੰਤਰੀ ਪ੍ਰਕਾਸ਼ ਜਾਇਸਵਾਲ ਨੂੰ ਪੱਤਰ ਲਿਖ ਕੇ ਕਿਹਾ ਕਿ ਸੀ. ਸੀ. ਐਲ. ਦੀ ਅੱਗ ਦੀ ਬਾਬਤ ਪਿਛਲੀ 16 ਜੁਲਾਈ ਨੂੰ ਪੱਤਰ ਲਿਖਿਆ ਸੀ। ਪਰ ਉਸ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਦਰਅਸਲ ਝਾਰਖੰਡ ’ਚ ਗੈਰ ਕਾਨੂੰਨੀ ਖੁਦਾਈ ਦਾ ਕਾਲਾ ਕਾਰੋਬਾਰ ਸਾਲਾਂ ਤੋਂ ਵਧ ਫੂਲ ਰਿਹਾ ਹੈ। ਐਲਾਨੀਆ ਤੌਰ ’ਤੇ ਛੱਡੀਆਂ (ਟਬੈਂਡਡ) ਖਾਣਾ ਤੋਂ ਰੋਜਾਨਾ ਸੈਂਕੜੇ ਟਨ ਕੋਲਾ ਕੱਢਿਆ ਜਾਂਦਾ ਹੈ। ਅਤੇ ਇਸ ਨੂੰ ਸਥਾਨਕ ਤੇ ਦੂਰ ਦਰਾਡੇ ਦੇ ਬਜ਼ਾਰਾਂ ’ਚ ਉੱਚੀ ਕੀਮਤ ਤੇ ਵੇਚ ਦਿੱਤਾ ਜਾਂਦਾ ਹੈ। ਨਜਾਇਜ ਖੁਦਾਈ ਨੂੰ ਰੋਕਣ ਲਈ ਜਿੰਮੇਵਾਰੀ ਸਥਾਨਕ ਪ੍ਰਸਾਸ਼ਨ ਤੇ ਕੋਲ ਇੰਡੀਆ ਦੀ ਸਥਾਨਕ ਇਕਾਈ ’ਤੇ ਆਉਂਦੀ ਹੈ। ਪਰ ਭ੍ਰਿਸ਼ਟਾਚਾਰ ਕਰਕੇ ਇਹ ਧੰਦਾ

ਝਾਰਖੰਡ ਦੇ ਲਗਭਗ ਸਭ ਕੋਇਲਰੀਆ 'ਚ ਲਗਭਗ ਜਾਰੀ ਹੈ। ਦੂਜੇ ਪਾਸੇ ਕਾਲੀ ਕਮਾਈ ਲਈ ਖੁਦਾਈ ਪਿੱਛੋਂ ਬਾਲੂ ਭਰਾਈ ਦਾ ਕੰਮ ਵੀ ਠੀਕ ਤਰ੍ਹਾਂ ਨਾਲ ਨਹੀਂ ਕੀਤਾ ਜਾਂਦਾ ਜੋ ਬਾਅਦ 'ਚ ਭੂਮੀਗਤ ਅੱਗ ਵਜੋਂ ਸਾਹਮਣੇ ਆਉਂਦਾ ਹੈ। ਇਸ ਨੂੰ ਸਪੱਸ਼ਟ ਕਰਨ ਲਈ ਟੀਐਨ ਸਿੰਘ ਕਹਿੰਦੇ ਹਨ ਕਿ ਜੇ ਖੁਦਾਈ ਪੂਰੀ ਹੋਣ ਪਿੱਛੋਂ ਖਾਣਾ ਨੂੰ ਇਮਾਨਦਾਰੀ ਨਾਲ ਬਾਲੂ ਮਿੱਟੀ ਨਾਲ ਭਰ ਦਿੱਤਾ ਜਾਵੇ ਤੇ ਨਜਾਇਜ ਖੁਦਾਈ ਨੂੰ ਸਖਤੀ ਨਾਲ ਰੋਕ ਦਿੱਤਾ ਜਾਵੇ ਤਾਂ ਕਿਸੇ ਵੀ ਸੂਰਤ 'ਚ ਅੱਗ ਨਹੀਂ ਲੱਗੇਗੀ, ਕੋਲੇ ਦੀਆਂ ਭੂਮੀਗਤ ਖਾਣਾ 'ਚ ਖੁਦਾਈ ਲਈ ਥਾਂ-ਥਾਂ ਲੰਬਾ ਚੌੜਾ ਪਿਲਰ (ਸਲੈਬ) ਛੱਡਿਆ ਜਾਂਦਾ ਹੈ ਜਿਸ 'ਚ ਭਰਪੂਰ ਕੋਲਾ ਹੁੰਦਾ ਹੈ। ਇਸ ਪਿਲਰ ਦੇ ਸਲਾਹ ਸਹਾਰੇ ਹੀ ਖੁਦਾਈ ਖੇਤਰ ਦੀ ਜਮੀਨ ਟਿਕੀ ਰਹਿੰਦੀ ਹੈ। ਉਸ ਨੂੰ ਹਵਾ (ਆਕਸੀਜਨ) ਤੋਂ ਬਚਾਉਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਧਰਤੀ ਦੇ ਭਾਰ ਕਾਰਨ ਇਹ ਪਿਲਰ ਬੇਹੱਦ ਜਲਣਸ਼ੀਲ ਅਵਸਥਾ 'ਚ ਰਹਿੰਦੇ ਹਨ। ਇਸ ਤੱਥ ਨੂੰ ਸਪੱਸ਼ਟ ਕਰਦੇ ਹੋਇਆ ਰਾਂਚੀ ਯੂਨੀਵਰਸਿਟੀ ਦੇ ਭੂਗਰਭ ਸ਼ਾਸਤਰੀ ਡਾ. ਨਤੀਸ਼ ਪ੍ਰਿਅਦਰਸ਼ੀ ਕਹਿੰਦੇ ਹਨ। ਖਾਣਾ ਦੇ ਪਿਲਰ ਨੂੰ ਹਵਾ ਦੇ ਸੰਪਰਕ 'ਚ ਲਿਆਉਣ ਦਾ ਸਿੱਧਾ ਮਤਲਬ ਹੈ ਕਿ ਅੱਗ ਨੂੰ ਸੱਦਾ। ਪਰ ਨਜਾਇਜ਼ ਕਮਾਈ ਲਈ ਇਸ ਨੂੰ ਕੱਟ ਕੇ ਕੱਢ ਦਿੱਤਾ ਜਾਂਦਾ ਹੈ, ਜਿਸ ਕਾਰਨ ਅੱਗ ਸੁਲਗ ਉੱਠਦੀ ਹੈ। ਇਕ ਵਾਰੀ ਜੇ ਅੱਗ ਲੱਗ ਜਾਂਦੀ ਹੈ ਤਾਂ ਜਮੀਨ ਧਸਣੀ ਸ਼ੁਰੂ ਹੋ ਜਾਂਦੀ ਹੈ ਇਸ ਪਿਛੋਂ ਤਾਂ ਹਵਾ ਦੇ ਅਣਗਿਣਤ ਸਰੋਤ ਵਿਕਸਤ ਹੋ ਜਾਂਦੇ ਹਨ ਅਤੇ ਪੂਰਾ ਕੋਲ ਇਲਾਕਾ ਅੱਗ ਦੀ ਲਪੇਟ 'ਚ ਆ ਜਾਂਦਾ ਹੈ। ਐਨ. ਐਚ. 33 ਦੇ ਬੰਦ ਹੋਣ ਦੇ ਇਹ ਹਫਤੇ ਪਿੱਛੋਂ ਸੀ. ਸੀ. ਐਲ. ਦੀ ਬੇਨਤੀ 'ਤੇ ਅੱਗ ਬੁਝਾਉਣ ਲਈ CMRI ਦੇ ਨਿਰਦੇਸ਼ਕ ਡਾ. ਅਮਲੇ ਦਾ ਸਿਨਹਾ ਦੀ ਅਗਵਾਈ 'ਚ ਵਿਗਿਆਨਕਾਂ ਦੇ ਇਕ ਦਲ ਨੇ ਪ੍ਰਭਾਵਿਤ ਇਲਾਕੇ ਦਾ ਦੌਰਾ ਕੀਤਾ ਅਤੇ ਕਿਹਾ ਕਿ ਸੜਕ ਨੂੰ ਫਿਰ ਤੋਂ ਚਾਲੂ ਕਰਨ 'ਚ ਘੱਟੋ ਘੱਟ ਦੋ-ਤਿੰਨ ਮਹੀਨੇ ਲੱਗਣਗੇ। ਵਿਗਿਆਨਕਾਂ ਨੇ ਸ਼ੁਰੂ ਦੀ ਖੋਜ 'ਚ ਪਾਇਆ ਕਿ ਨਜਾਇਜ਼ ਖੁਦਾਈ ਕਾਰਨ ਸੜਕ ਦੇ ਸੱਤ ਅੱਠ ਮੀਟਰ ਹੇਠਾਂ ਕਈ ਸੁਰੰਗਾਂ ਬਣ ਗਈਆਂ ਹਨ। ਦਲ 'ਚ ਸ਼ਾਮਲ CMRI ਦੇ ਉਚ ਵਿਗਿਆਨੀ ਐਨ. ਡੀ. ਸਹਾਏ ਨੇ ਦੱਸਿਆ 'ਸੜਕ ਦੀ ਲਗਭਗ ਤੀਹ ਕਿਲੋਮੀਟਰ ਦੀ ਪੱਟੀ ਨੂੰ ਖੋਦ ਕੇ ਸਾਫ ਕਰਨਾ ਪਵੇਗਾ ਅਤੇ ਇਸ ਨੂੰ ਨਾਲ ਦੀ ਜਮੀਨ ਤੋਂ ਵੱਖ ਕਰਨਾ ਹੋਵੇਗਾ। ਇਸ ਪਿੱਛੋਂ ਹੀ ਸੜਕ ਦੀ ਦੁਬਾਰਾ ਉਸਾਰੀ ਹੋ ਸਕਦੀ ਹੈ। ਹਾਲ ਦੀ ਘੜੀ ਹਰ ਪਲ ਵਾਹਨਾ ਨਾਲ ਭਰੀ ਰਹਿਣ ਵਾਲੀ ਇਹ ਸੜਕ ਉਜੜ ਗਈ ਹੈ। ਆਸ ਪਾਸ ਦਾ ਵਾਤਾਵਰਣ ਜਹਿਰੀਲੀਆਂ ਗੈਸਾਂ ਤੇ ਧੂੰਏ ਨਾਲ ਭਰ ਗਿਆ ਹੈ। ਕਦੀ ਕਦੀ ਇਕ ਦੂਜੇ ਸਥਾਨਕ ਲੋਕ ਜਾਂ ਮੀਡੀਆ ਕਰਮੀ ਪ੍ਰਭਾਵਿਤ ਥਾਂ ਪਹੁੰਚਦੇ ਹਨ ਤੇ ਪੁੱਛਦੇ ਹਨ 'ਕਦੋਂ ਬੁਝੇਗੀ ਇਹ ਅੱਗ?'

# ਗੁੱਜ਼ਰ ਤੇ ਮੀਣਾ ਆਪਸੀ ਵੈਰੀ ਕਿਵੇਂ ਬਣੇ?

ਗੁੱਜ਼ਰ ਰਾਖਵਾਂਕਰਨ ਅੰਦੋਲਨ ਤੋਂ ਪਹਿਲਾਂ ਦੋਸ਼ਾਂ ਨੂੰ ਰਾਜੇਸ਼ ਪਾਈਲਟ ਤੇ ਮੇਹੰਦੀਪੁਰ ਬਾਲਾ ਜੀ ਦੇ ਲਈ ਜਾਣਿਆ ਜਾਂਦਾ ਸੀ। 2007 ਵਿਚ ਕਨਰਲ ਕਿਰੋੜੀ ਸਿੰਘ ਬੈਂਗਲਾ ਦੀ ਅਗਵਾਈ 'ਚ ਸ਼ੁਰੂ ਹੋਇਆ ਗੁਜ਼ਰ ਰਖਵਾਂਕਰਨ ਅੰਦੋਲਨ ਆਪਣੇ ਦੋ ਪੜਾਵਾਂ ਪਿੱਛੋਂ ਹੁਣ ਰੁਕ ਗਿਆ ਹੈ ਪਰ ਇਸ ਦੀਆਂ ਲਪਟਾਂ ਹੁਣ ਤੱਕ ਉੱਠ ਰਹੀਆਂ ਹਨ। ਹਾਲਾਂਕਿ ਹੁਣ ਮੱਦਾ ਗੁੱਜ਼ਰ ਰਾਖਵੇਂਕਰਨ ਦਾ ਨਹੀਂ ਬਲਕਿ ਜਾਤੀਆਂ ਵਿਚਕਾਰ ਹੋਂਦ ਦੀ ਲੜਾਈ ਦਾ ਹੈ। ਮੀਣਾ ਤੇ ਗੁੱਜਰ ਜਾਤੀਆਂ ਵਿਚਕਾਰ ਵੱਧਦੀਆਂ ਝਪਟਾਂ ਨੇ ਖੇਤਰ ਵਿਚ ਤਣਾਅ ਵਧਾ ਦਿੱਤਾ ਹੈ। ਲੋਕਾਂ 'ਚ ਦਹਿਸ਼ਤ ਹੈ। ਸਿਆਸਤ ਲੋਕ ਇਸ ਨੂੰ ਦੂਰ ਕਰਨ ਦੀ ਬਜਾਏ ਆਪਣੀਆਂ-ਆਪਣੀਆਂ ਰੋਟੀਆਂ ਸੇਕਣ ਵਿਚ ਲੱਗੇ ਹੋਏ ਹਨ ਅਜ਼ਾਦ ਚੋਣ ਲੜੇ ਡਾ. ਕਿਰੋੜੀ ਲਾਲ ਮੀਣਾ, ਮੀਣਾ ਜਾਤੀ ਅਤੇ ਕਸ਼ਮੀਰ ਤੋਂ ਆਏ ਕਮਰ ਰੁਬਾਨੀ ਚੇਚੀ ਗੁੱਜਰ ਜਾਤੀ ਦੇ ਝੰਡਾ ਬਰਦਾਰ ਬਣੇ ਹੋਏ ਹਨ। ਜਾਤੀਗਤ ਪੰਚਾਇਤਾਂ ਵਿਚ ਦੋਨੋਂ ਨੇਤਾ ਇਕ ਦੂਜੇ ਖਿਲਾਫ ਦੱਬ ਕੇ ਜ਼ਹਿਰ ਉਗਲ ਰਹੇ ਹਨ। ਪਰਿਸ਼ੀਅਨ 'ਚ ਦੋਸਾਂ ਸੀਟ ਦੇ ਅਨੁਸੂਚਿਤ ਜਨਜਾਤੀ ਦੀ ਰਾਖਵੀਂ ਹੁੰਦੇ ਹੋਏ ਵੀ ਕਈ ਮੀਣਾ ਨੇਤਾਵਾਂ ਦੀ ਇਸ ਸੀਟ 'ਤੇ ਨਜ਼ਰ ਸੀ। ਕਾਂਗਰਸ ਦੇ ਨਮੋਨਰਾਇਣ ਮੀਣਾ ਨੇ ਤਾਂ ਉਥੇ ਬਕਾਇਦਾ ਤਿਆਰੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ ਪਰ ਵਿਧਾਨ ਸਭਾ ਚੋਣ ਪਿੱਛੋਂ ਬਦਲੀਆਂ ਹਾਲਤਾਂ ਵਿਚ ਕਰੋੜੀ ਲਾਲ ਮੀਣਾ ਨੇ ਵੀ ਇਥੋਂ ਦਾਅਵੇਦਾਰ ਜਤਾ ਦਿੱਤੀ। ਕਿਰੋੜੀ ਨੇ ਕਾਂਗਰਸ ਉੱਪਰ ਹਮਾਇਤ ਦੇਣ ਲਈ ਦਬਾਅ ਵੀ ਪਾਇਆ। ਪਰ ਕਾਂਗਰਸ ਆਪਣੇ ਚੋਣ ਨਿਸ਼ਾਨ 'ਤੇ ਕਰੋੜੀ ਨੂੰ ਚੋਣ ਲੜਾਉਣਾ ਚਾਹੁੰਦੀ ਸੀ। ਲੰਮੀਂ ਜਦੋ-ਜਹਿਦ ਪਿੱਛੋਂ ਕਿਰੋੜੀ ਆਜ਼ਾਦ ਹੀ ਮੈਦਾਨ ਵਿਚ ਉਤਰ ਆਏ। ਕਿਰੋੜੀ ਦੇ ਆਉਣ ਤੇ ਨਮੋਨਾਰਾਇਣ ਨੇ ਉਥੋਂ ਦਾਅਵੇਦਾਰੀ ਛੱਡ ਦਿੱਤੀ ਅਤੇ ਉਹ ਮਾਧੋਪੁਰ ਲੋਕ ਸਭਾ ਸੀਟ ਤੋਂ ਚੋਣ ਲੜੇ। ਕਾਂਗਰਸ ਨੇ ਇਥੋਂ ਪੁਲਸ ਅਫ਼ਸਰ ਰਹੇ ਲਛਮਣ ਮੀਣਾ ਨੂੰ ਉਮੀਦਵਾਰ ਬਣਾਇਆ ਤਾਂ ਭਾਜਪਾ ਨੇ ਰਾਮ ਕਿਸ਼ੋਰ ਮੀਣਾ ਨੂੰ ਉਮੀਦਵਾਰ ਬਣਾਇਆ। ਇਨ੍ਹਾਂ ਉਮੀਦਵਾਰਾਂ ਦੇ ਵਿਚ ਹੀ ਮੁਕਾਬਲਾ ਰਹਿੰਦਾ ਤਾਂ ਕੋਈ ਦਿੱਕਤ ਨਹੀਂ ਸੀ ਪਰ ਕਾਫ਼ੀ ਪਹਿਲਾਂ ਮੈਦਾਨ 'ਚ ਕੁੱਦ ਚੁੱਕੇ ਕਮਰ ਰਬਾਨੀ ਚੇਚੀ ਦੇ ਟੱਕਰ 'ਚ ਆਉਣ ਨਾਲ ਮਹੌਲ ਤਣਾਅਪੂਰਨ ਹੋ ਗਿਆ। ਰਾਜਸਥਾਨ ਵਿਚ ਅਨਸੂਚਿਤ ਜਨਜਾਤੀ ਲਈ ਰਾਖਵੀਆਂ ਸੀਟਾਂ ਤੇ ਮੀਣਿਆਂ ਦਾ ਹੀ ਦਬਦਬਾ ਰਿਹਾ ਹੈ। ਪਹਿਲੀ ਵਾਰੀ ਕਿਸੇ ਹੋਰ ਜਾਤੀ ਦੇ ਨੇਤਾ ਨੇ ਮੀਣਿਆਂ ਨੂੰ ਉਨ੍ਹਾਂ ਦਾ ਗੜ੍ਹ ਵਿਚ ਆ ਕੇ ਚੁਣੌਤੀ ਦਿੱਤੀ। ਚੇਚੀ ਕਸ਼ਮੀਰੀ ਮੁਸਲਮਾਨ ਹਨ ਪਰ ਇਨ੍ਹਾਂ ਦੇ ਵੰਸ਼ ਗੁੱਜਰ ਰਹੇ ਹਨ। ਦੋਸਾ ਵਿਚ ਚੇਚੀ ਨੇ ਖ਼ੁਦ ਨੂੰ ਇਕ ਗੁੱਜਰ ਵਜੋਂ ਹੀ ਪ੍ਰਚਾਰਿਆ ਚੇਚੀ ਨੂੰ ਗੁੱਜਰਾਂ ਦੀ ਇਕ ਤਰਫ਼ਾ ਹਮਾਇਤ ਮਿਲਣ ਲੱਗੀ। ਮੁਸਲਮਾਨ ਵੀ ਉਨ੍ਹਾਂ ਦੇ ਨਾਲ ਹੋ ਗਏ। ਸਵਰਣ ਜਾਤੀ ਦੀਆਂ ਵੋਟਾਂ ਵਿਚ ਵੀ ਉਹ ਸੰਨ੍ਹ ਲਾਉਂਦੇ ਨਜ਼ਰ ਆਏ। ਉੱਧਰ ਮੀਣਾ ਵੋਟਾਂ ਤਿੰਨ ਥਾਵਾਂ ਤੇ ਵੰਡਦੀਆਂ ਨਜ਼ਰ ਆ ਰਹੀਆਂ ਹਨ। ਕਿਰੋੜੀ ਨੂੰ ਇਹ ਰਾਸ ਨਹੀਂ ਆਇਆ। ਉਨ੍ਹਾਂ ਨੇ ਚੇਚੀ ਨੂੰ ਕਸ਼ਮੀਰ ਤੋਂ ਆਇਆ ਦਹਿਸ਼ਤਗਰਦ ਦੱਸਣਾ ਸ਼ੁਰੂ ਕਰ ਦਿੱਤਾ। ਹਾਲਾਂਕਿ ਦੋਸ਼ਾਂ 'ਚ ਦਹਿਸ਼ਤ

ਫੈਲਾਉਣ ਦਾ ਕੰਮ ਕਰੋੜੀ ਹਮਾਇਤੀਆਂ ਨੇ ਕੀਤਾ। ਥਾਂ-ਥਾਂ ਲੋਕਾਂ ਨੂੰ ਡਰਾਇਆ ਧਮਕਾਇਆ ਗਿਆ ਪਰ ਇਸ ਨਾਲ ਵੀ ਗੱਲ ਨਹੀਂ ਬਣੀ। ਕਾਂਗਰਸੀ ਉਮੀਦਵਾਰ ਲਛਮਣ ਮੀਣਾ ਦੀ ਮੰਨੀਏ ਤਾਂ ਕਿਰੋੜੀ ਹਿੰਸਾ ਫੈਲਾਅ ਕੇ ਚੋਣਾਂ ਜਿੱਤਣਾ ਚਾਹੁੰਦੇ ਸਨ। ਮੀਣਾ ਕਹਿੰਦੇ ਹਨ, 'ਕਿਰੋੜੀ ਲੋਕਤੰਤਰ 'ਚ ਵਿਸ਼ਵਾਸ ਨਹੀਂ ਰੱਖਦੇ। ਉਨ੍ਹਾਂ ਦੇ ਪੱਖ 'ਚ ਮਹੌਲ ਹੋਵੇ ਤਾਂ ਠੀਕ ਹੈ ਨਹੀਂ ਤਾਂ ਉਹ ਗੁੰਡਾ ਗਰਦੀ ਤੇ ਉਤਾਰੂ ਹੋ ਜਾਂਦੇ ਹਨ। ਵਿਧਾਨ ਸਭਾ ਚੋਣਾਂ ਵੀ ਉਹ ਇਉਂ ਹੀ ਜਿੱਤੇ।

ਵੋਟਾਂ ਵਾਲੇ ਦਿਨ ਮੀਣਾ ਤੇ ਗੁੱਜਰਾਂ ਵਿਚਕਾਰ ਕਈ ਥਾਂ ਝੜਪਾਂ ਹੋਈਆਂ। ਕਰੋੜੀ ਦੇ ਕਾਫਲੇ ਤੇ ਹਮਲਾ ਹੋਇਆ ਪਰ ਸੂਤਰਾਂ ਮੁਤਾਬਿਕ ਇਹ ਸਭ ਤਹਿਸ਼ੁਦਾ ਸੀ ਤਾਂ ਕਿ ਕਿਰੋੜੀ ਨੂੰ ਮੀਨੀਅਮ ਦੀ ਹਮਦਰਦੀ ਮਿਲ ਸਕੇ। ਮੀਣਾ ਵੋਟਾਂ ਦੀ ਹੋ ਰਹੀ ਵੰਡ ਨੂੰ ਰੋਕਣ ਲਈ ਉਨ੍ਹਾਂ ਨੇ ਇਲਾਕੇ ਦੇ ਪੁਲਿਸ ਸਟੇਸ਼ਨ 'ਚ ਦਿਨ ਭਰ ਹੁਲੜਬਾਜ਼ੀ ਕੀਤੀ। ਕਿਰੋੜੀ ਆਪਣੇ ਸਮਰੱਥਕਾਂ ਨਾਲ ਚੇਚੀ ਦੀ ਗ੍ਰਿਫਤਾਰੀ ਦੀ ਮੰਗ ਲੈ ਕੇ ਦਿਨ ਭਰ ਪੁਲਿਸ ਸਟੇਸ਼ਨ ਹੀ ਬੈਠੇ ਰਹੇ। ਉਹ ਵਾਰ-ਵਾਰ ਆਪਣੇ ਪੈਰ 'ਚ ਆਈ ਮੋਚ ਵੀ ਵਿਖਾ ਰਹੇ ਸਨ। ਆਖਿਰ ਵਿਚ ਚੇਚੀ ਦੇ ਖਿਲਾਫ ਰਿਪੋਰਟ ਲਿਖੇ ਜਾਣ ਅਤੇ ਅਧਿਕਾਰੀਆਂ ਵੱਲ ਚੇਚੀ ਦੇ ਵਿਸ਼ਵਾਸ ਦਵਾਏ ਜਾਣ ਪਿਛੋਂ ਹੀ ਉਹ ਉਥੇ ਰਵਾਨਾ ਹੋਏ। ਵੋਟਾਂ ਦਾ ਅਗਲਾ ਦਿਨ ਵੀ ਖੇਤਰ ਦੇ ਲੋਕਾਂ ਲਈ ਦਹਿਸ਼ਤ ਭਰਿਆ ਰਿਹਾ। ਨਾਂਗਲ ਪਿਆਰੀਵਾਸ ਪਿੰਡ 'ਚ ਮੀਣਾ ਸਮਾਜ ਦੀ ਮਹਾਂ ਪੰਚਾਇਤ ਪਿੱਛੋਂ ਲੋਕਾਂ ਨੇ ਜਮ ਕੇ ਸਿਆਪਾ ਕੀਤਾ। ਅਜਿਹੇ ਹਾਲਾਤ ਵਿਚ ਗੁੱਜਰ ਵੀ ਕਿਥੇ ਚੁੱਪ ਰਹਿਣ ਵਾਲੇ ਸਨ। ਅਗਲੇ ਹੀ ਦਿਨ ਉਨ੍ਹਾਂ ਨੇ ਵੀ ਰਾਖਵੇਂਕਰਨ ਸੰਘਰਸ਼ ਦੌਰਾਨ ਚਰਚਾ 'ਚ ਆਏ ਸਿਕੰਦਰਾ ਚੌਰਾਹੇ 'ਤੇ ਮਹਾਂ ਪੰਚਾਇਤ 'ਤੇ ਕਰੋੜੀ ਲਾਲ ਦੀ ਗ੍ਰਿਫਤਾਰੀ ਦੀ ਮੰਗ ਵੱਲ ਆਰ-ਪਾਰ ਦੀ ਲੜਾਈ ਦਾ ਐਲਾਨ ਕੀਤਾ ਹੈ।

ਆਮ ਗੁੱਜਰ ਤੇ ਮੀਣਾ ਇਥੇ ਸ਼ਾਂਤੀ ਨਾਲ ਰਹਿਣਾ ਚਾਹੁੰਦੇ ਹਨ ਪਰ ਕੁਝ ਲੋਕਾਂ ਦੀ ਸਿਆਸਤ ਕਾਰਨ ਉਹ ਪ੍ਰੇਸ਼ਾਨ ਹਨ। ਚੋਣਾਂ ਦੇ ਨਤੀਜੇ ਆਉਣ ਤੱਕ ਇਥੇ ਸਥਿਤੀ ਹੋਰ ਵਿਗੜ ਸਕਦੀ ਹੈ। ਚੇਚੀ ਦੀ ਹਾਰ ਤੇ ਸ਼ਾਇਦ ਘੱਟ ਰੱਟਾ ਪਵੇ ਪਰ ਕਿਰੋੜੀ ਆਪਣੀ ਹਾਰ ਨਹੀਂ ਸਹਿਣ ਕਰ ਸਕਣਗੇ। ਪ੍ਰਚਾਰ ਦੌਰਾਨ ਵੀ ਕਿਰੋੜੀ ਨੇ ਚੇਚੀ ਖਿਲਾਫ਼ ਜੰਮ ਕੇ ਜ਼ਹਿਰ ਉਗਲਿਆ ਸੀ ਕਿ "ਚੇਚੀ ਕਸ਼ਮੀਰ ਤੋਂ ਟਰੇਨਿੰਗ ਲੈ ਕੇ ਆਇਆ ਦਹਿਸ਼ਤਗਰਦ ਹੈ, ਉਥੇ ਇਥੇ ਗੁੱਜਰ ਬਣ ਕੇ ਲੋਕਾਂ ਨੂੰ ਵਰਗ ਲਾਉਂਦਾ ਹੈ। ਉਸ ਨੇ ਮੇਰੇ ਉੱਪਰ ਹਮਲਾ ਕਰਵਾਇਆ। ਪ੍ਰਸ਼ਾਸਨ ਵੀ ਉਸ ਦਾ ਸਾਥ ਦੇ ਰਿਹਾ ਹੈ। ਹੁਣ ਖੇਤਰ ਦੇ ਲੋਕ ਵੀ ਉਨ੍ਹਾਂ ਨੂੰ ਸਬਕ ਸਿਖਾਉਣਗੇ। ਅਜਿਹੇ ਲੋਕ ਨੁਮਾਇੰਦੇ ਤਾਂ ਕੀ ਨਾਗਰਿਕ ਬਣਨ ਦੇ ਲਾਇਕ ਹੀ ਨਹੀਂ ਹਨ।" ਚੇਚੀ ਉਨ੍ਹਾਂ ਤੇ ਪਲਟਵਾਰ ਕਰਦਿਆਂ ਕਹਿੰਦੇ ਹਨ, "ਅੱਤਵਾਦੀ ਉਹ ਹੈ ਜੋ ਦਹਿਸ਼ਤ ਫੈਲਾਏ। ਆਪ ਦੋਸਾ ਦੇ ਲੋਕਾਂ ਤੋਂ ਹੀ ਪੁੱਛ ਲਵੋ ਕਿ ਦਹਿਸ਼ਤ ਕੌਣ ਫੈਲਾਅ ਰਿਹਾ ਹੈ। ਕਿਰੋੜੀ ਦੇ ਲੋਕਾਂ ਨੇ ਬੂਥਾਂ 'ਤੇ ਕਬਜ਼ੇ ਕੀਤੇ, ਲੋਕਾਂ ਨੂੰ ਵੋਟ ਨਾ ਪਾਉਣ ਦਿੱਤੀ ਤੇ ਫਿਰ ਹਮਲੇ ਦਾ ਡਰਾਮਾ ਕੀਤਾ। ਲੋਕ ਸਭ ਜਾਣਦੇ ਹਨ।" ਅਜਿਹਾ ਨਹੀਂ ਕਿ ਗੁੱਜਰ ਅਤੇ ਮੀਣਾ ਜਾਤੀਆਂ ਵਿਚਕਾਰ ਵੈਰ ਸ਼ੁਰੂ ਹੋ ਰਿਹੈ ਰਾਖਵੇਂਕਰਨ ਸੰਘਰਸ਼ ਤੋਂ ਪਹਿਲਾਂ ਤੱਕ, ਦੋਨਾਂ ਜਾਤੀਆਂ ਵਿਚਕਾਰ ਬੇਹੱਦ ਅੱਛੇ ਸਬੰਧ ਸਨ। ਕਈ ਮੌਕਿਆਂ ਤੇ ਦੋਨੋਂ ਜਾਤੀਆਂ ਨੇ ਆਪਸੀ ਭਾਈਚਾਰੇ ਦਾ ਸਬੂਤ ਦਿੱਤਾ। ਘਾਗਰੇਨ ਪਿੰਡ ਦੇ 80 ਸਾਲ ਲੱਖੀ ਮੀਣਾ

ਉਨ੍ਹਾਂ ਦਿਨਾਂ ਨੂੰ ਯਾਦ ਕਰਕੇ ਕਹਿੰਦਾ ਹਨ 'ਗੁੱਜਰ ਤੇ ਮੀਣਿਆਂ ਵਿਚਕਾਰ ਕਦੇ ਕੋਈ ਲੜਾਈ ਨਹੀਂ ਰਹੀ। ਇਕ ਦੂਜੇ ਦੇ ਸੁੱਖ-ਦੁੱਖ 'ਚ ਖੂਬ ਕੰਮ ਆਉਂਦੇ ਸਨ। ਇਤਿਹਾਸ ਵਿਚ ਵੀ ਜ਼ਿਕਰ ਹੈ ਕਿ ਅਸੀਂ ਆਪਸੀ ਰਿਸ਼ਤੇਦਾਰ ਰਹੇ ਹਾਂ। ਪਰ ਰਾਖਵੇਂਕਰਨ ਦੀ ਲੜਾਈ ਨੇ ਸਭ ਕੁਝ ਤਬਾਹ ਕਰ ਦਿੱਤਾ। ਗਲਤੀਆਂ ਦੋਨੋਂ ਪਾਸਿਓਂ ਹੋਈਆਂ। ਕੁਝ ਲੋਕਾਂ ਦੇ ਬਹਿਕਾਵੇ ਵਿਚ ਆ ਕੇ ਦੋਨੋਂ ਜਾਤੀਆਂ ਭਰਮਾਈਆਂ ਗਈਆਂ ਹਨ।' ਥੋੜਾ ਜਿੰਨਾ ਡੂੰਘਾਈ 'ਚ ਜਾਣ ਨਾਲ ਹੀ ਪਤਾ ਲੱਗ ਜਾਂਦਾ ਹੈ ਕਿ ਮੀਣਿਆਂ ਤੇ ਗੁਜਰਾਂ ਵਿਚਕਾਰ ਸਬੰਧ ਕਿੰਨੇ ਡੂੰਘੇ ਹਨ। 72 ਸਾਲਾਂ ਦੇ ਗੋਬਿੰਦ ਗੁਜਰ ਕਹਿੰਦੇ ਹਨ ਕਿ "ਗੁੱਜਰ-ਮੀਣਾ ਦੇ ਕਿੱਸਿਆਂ ਦੀ ਕਮੀ ਨਹੀਂ ਹੈ। ਮਹਾਂਵੀਰ ਜੀ ਵਿਚ ਸ਼ੋਭਾ ਯਾਤਰਾ ਦਾ ਰੱਥ ਦੋਨੋਂ ਜਾਤੀਆਂ ਦੇ ਲੋਕ ਮਿਲ ਕੇ ਖਿੱਚਦੇ ਹਨ, ਸੱਭਿਆਚਾਰਕ ਸਰਗਰਮੀਆਂ ਵਿਚ ਹਿੱਸਾ ਲੈਂਦੇ ਹਨ ਅਤੇ ਸ਼ਾਦੀ ਸਮਾਗਮਾਂ 'ਚ ਆਉਂਦੇ ਜਾਂਦੇ ਹਨ।"

ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ 'ਚ ਕਈ ਵਾਰੀ ਦੋਸਾਂ ਦੀ ਨੁਮਾਇੰਦਗੀ ਕਰਨ ਵਾਲੇ ਸਵਰ ਰਾਜੇਸ਼ ਪਾਈਲਟ ਨੇ ਗੁੱਜਰ ਮੀਣਾ ਰਿਸ਼ਤਿਆਂ ਵਿਚ ਮਿਠਾਸ ਘੋਲਣ ਲਈ ਖੂਬ ਕੰਮ ਕੀਤਾ। ਕਦੀ ਕਦਾਈਂ ਦੋਹਾਂ ਜਾਤੀਆਂ ਵਿਚਕਾਰ ਤਣਾਅ ਹੁੰਦਾ ਤਾਂ ਪਾਇਲਟ ਸਹਿਜਤਾ ਨਾਲ ਹੱਲ ਕਰ ਦਿੰਦੇ। ਦੋਹਾਂ ਜਾਤੀਆਂ ਤੇ ਉਨ੍ਹਾਂ ਦੀ ਪਕੜ ਸੀ। ਗੁਜਰਿਆਂ ਤੇ ਮੀਣਿਆਂ ਦੋਹਾਂ ਦੇ ਵੋਟ ਉਨ੍ਹਾਂ ਨੂੰ ਮਿਲਦੇ ਸਨ। ਇਕ ਵਾਰੀ ਕਰੋੜੀ ਲਾਲ ਨੇ ਉਨ੍ਹਾਂ ਖਿਲਾਫ਼ ਚੋਣ ਲੜੀ ਸੀ ਤਦ ਵੀ ਮੀਣਿਆਂ ਨੇ ਪਾਇਲਟ ਨੂੰ ਵੋਟ ਦਿੱਤੇ ਸਨ। ਸਭ ਉਨ੍ਹਾਂ ਦੀ ਗੱਲ ਮੰਨਦੇ ਸਨ, ਉਹ ਗੁੱਸੇ ਨੂੰ ਸ਼ਾਂਤ ਕਰ ਦਿੰਦੇ ਸਨ।

ਮੀਣਿਆਂ-ਗੁੱਜਰਾਂ ਵਿਚਕਾਰ ਪਣਪੀ ਇਸ ਕੱਟੜਤਾ ਲਈ ਵੈਸੇ ਤਾਂ ਕੁਝ ਲੋਕਾਂ ਦੀਆਂ ਰਾਜਸੀ ਲਾਲਸਾਵਾਂ ਜ਼ਿੰਮੇਵਾਰ ਹਨ। ਰਾਖਵੇਂਕਰਨ ਅੰਦੋਲਨ ਦੀ ਅਗਵਾਈ ਕਰਨ ਵਾਲੇ ਕਰਨਲ ਕਿਰੋੜੀ ਸਿੰਘ ਬੈਂਸਲਾ ਦੇ ਭਾਜਪਾ ਦੀ ਸ਼ਰਨ 'ਚ ਜਾ ਕੇ ਲੋਕ ਸਭਾ ਚੋਣਾਂ ਲੜਨ ਨਾਲ ਇਹ ਗੱਲ ਸਾਬਤ ਹੋ ਗਈ ਹੈ। ਅੰਦੋਲਨ ਦੌਰਾਨ ਕਰਨਲ ਵਾਰ ਵਾਰ ਇਹ ਕਹਿੰਦੇ ਸਨ ਕਿ ਇਹ ਇਕ ਰਾਜਸੀ ਅੰਦੋਲਨ ਹੈ। ਉਹ ਇਸ ਵਿਚ ਸ਼ਾਮਿਲ ਹੋਣ ਵਾਲੇ ਨੇਤਾਵਾਂ ਸਾਹਮਣੇ ਸ਼ਰਤ ਰੱਖਦੇ ਹਨ ਕਿ ਭਵਿੱਖ 'ਚ ਚੋਣ ਨਹੀਂ ਲੜਨੀ ਹੋਵੇਗੀ ਤਾਂ ਹੀ ਉਸ ਅੰਦੋਲਨ 'ਚ ਸ਼ਿਰਕਤ ਕਰ ਸਕਦੇ ਹਾਂ। ਅੱਜ ਉਹੀ ਕਰਨਲ ਖੁਦ ਰਾਜਨੀਤੀ 'ਚ ਕੁੱਦ ਚੁੱਕੇ ਹਨ। ਉਹ ਵੀ ਉਸ ਪਾਰਟੀ ਰਾਹੀਂ ਜਿਸ ਦੀ ਸਰਕਾਰ ਨੂੰ ਉਹ ਤਾਨਾਸ਼ਾਹ ਤੇ ਹਤਿਆਰੀ ਕਹਿੰਦੇ ਹੋਏ ਨਹੀਂ ਥੱਕਦੇ ਸਨ। ਕਰਨਲ ਦੇ ਇਕ ਇਸ਼ਾਰੇ ਤੇ ਮਰਨ-ਮਰਾਉਣ ਲਈ ਤਿਆਰ ਰਹਿਣ ਵਾਲੇ ਬਹੁਤੇ ਗੁੱਜਰ ਉਨ੍ਹਾਂ ਦੀਆਂ ਰਾਜਸੀ ਲਾਲਸਾਵਾਂ ਤੇ ਅਜੇ ਤੱਕ ਅਣਭਿੱਜ ਸਨ। ਗੁੱਜਰਾਂ ਦਾ ਬਹੁਮਤ ਅੱਜ ਵੀ ਬੈਂਸਲਾ ਦੇ ਪਿੱਛੇ ਹੈ ਜੋ ਇਹ ਮੰਨਦਾ ਹੈ ਕਿ ਕਰਨਲ ਗੁੱਜਰਾਂ ਦੀ ਭਲਾਈ ਲਈ ਹੀ ਰਾਜਨੀਤੀ ਵਿਚ ਆਏ ਪਰ ਇਕ ਵਰਗ ਜੋ ਪੜ੍ਹਿਆ-ਲਿਖਿਆ ਹੈ, ਉਨ੍ਹਾਂ ਤੋਂ ਕਾਫੀ ਖਫਾ ਹੈ। ਰਾਜੇਸ਼ ਖਟਾਨਾ ਕਹਿੰਦੇ ਹਨ ਕਿ "ਕਰਨਲ ਸਾਹਿਬ ਨੇ ਰਾਜਸੀ ਨੇਤਾਵਾਂ ਦੇ ਨਾਲ ਰਹਿੰਦੇ ਰਹਿੰਦੇ ਜਲਦੀ ਹੀ ਰਾਜਨੀਤੀ ਸਿੱਖ ਲਈ। 71 ਲੋਕਾਂ ਦੀਆਂ ਲਾਸ਼ਾਂ 'ਤੇ ਚੜ੍ਹ ਕੇ ਸੰਸਦ 'ਚ ਪਹੁੰਚਣਾ ਚਾਹੁੰਦੇ ਹਨ। ਇਕ ਕਿਸੇ ਵਿਅਕਤੀ ਦੀ ਲਾਲਸਾ ਦੀ ਅੱਤ ਹੈ ਕਰਨਲ ਸਾਹਿਬ ਦੇ ਇਸ ਕਦਮ ਨਾਲ ਸਾਫ ਹੋ ਗਿਆ ਹੈ ਕਿ ਆਪਣੇ ਫਾਇਦੇ ਲਈ ਉਨ੍ਹਾਂ ਨੇ ਸਮਾਜ ਦੀ ਵਰਤੋਂ ਕੀਤੀ"

ਦਹਾਕਿਆਂ ਤੋਂ ਇਕੱਠੇ ਚਲੇ ਆ ਰਹੇ ਮੀਣਾ-ਗੁੱਜਰਾਂ ਵਿਚਕਾਰ ਚੌੜੀ ਹੁੰਦੀ ਖਾਈ ਦੇ ਨਾਲ ਡਾ. ਕਿਰੋੜੀ ਲਾਲ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਕਿਰੋੜੀ ਹਮੇਸ਼ਾ ਸਿਖ਼ਰ 'ਤੇ ਰਹਿਣ ਦਾ ਆਦੀ ਹੈ। ਹਾਰ ਖਾਣਾ ਉਸ ਨੂੰ ਪਸੰਦ ਨਹੀਂ ਹੈ। ਉਹ ਆਪਣਾ ਮਕਸਦ ਪੂਰਾ ਕਰਨ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ। ਰਖਵਾਂਕਰਨ ਅੰਦੋਲਨ ਦੌਰਾਨ ਮੀਣਿਆਂ ਨੂੰ ਉਕਸਾਉਣ ਵਾਲਿਆਂ ਵਿਚ ਉਹ ਸਭ ਤੋਂ ਉਪਰ ਸਨ। ਗੁੱਜਰ ਰਾਖਵਾਂਕਰਨ ਸੰਘਰਸ਼ ਸੰਮਤੀ ਦੇ ਬੁਲਾਰੇ ਰਹੇ ਡਾ. ਰੂਪ ਸਿੰਘ ਦੀ ਮੰਨੀਏ ਤਾਂ ਕਿਰੋੜੀ ਨੇ ਹੀ ਮੀਣਿਆਂ ਤੇ ਗੁੱਜਰਾਂ ਵਿਚਕਾਰ ਨਫ਼ਰਤ ਦੇ ਬੀਜ ਬੀਜੇ। ਉਹ ਕਹਿੰਦੇ ਹਨ, "ਕਿਰੋੜੀ ਨੇ ਪਿੰਡਾਂ 'ਚ ਜਾ ਜਾ ਕੇ ਮੀਣਿਆਂ ਨੂੰ ਕਿਹਾ ਕਿ ਗੁੱਜਰਾਂ ਨੂੰ ਰਾਖਵਾਂਕਰਨ ਮਿਲ ਗਿਆ ਤਾਂ ਉਨ੍ਹਾਂ ਦੇ ਬੱਚਿਆਂ ਨੂੰ ਨੌਕਰੀਆਂ ਨਹੀਂ ਮਿਲਣੀਆਂ। ਗੁੱਜਰ ਰਾਖਵਾਂਕਰਨ ਮੰਗ ਕੇ ਸਾਡਾ ਹੱਕ ਮਾਰ ਰਹੇ ਹਨ।' ਉਹ ਅੱਗੇ ਕਹਿੰਦੇ ਹਨ ਕਿ 'ਆਮ ਮੀਣਿਆਂ ਨੂੰ ਗੁੱਜਰਾਂ ਨੂੰ ਰਾਖਵਾਂਕਰਨ ਮਿਲਣ ਤੇ ਕੋਈ ਇਤਰਾਜ਼ ਨਹੀਂ ਸੀ, ਦਿੱਕਤ ਤਾਂ ਕਰੋੜੀ ਵਰਗੇ ਨੇਤਾਵਾਂ ਦੀ ਸੀ। ਜਿਹਨਾਂ ਦੀ ਸਿਆਸਤ ਸੰਕਟ 'ਚ ਆ ਸਕਦੀ ਸੀ, ਅਜਿਹੇ ਨੇਤਾਵਾਂ ਨੇ ਹੀ ਲੋਕਾਂ ਨੂੰ ਵਰਗ ਲਾਇਆ।

# ਕੀ ਅਮਨ ਕਨੂੰਨ ਦੀ ਰਾਖੀ ਕਰਦੀ ਹੈ ਨਰੇਂਦਰ ਮੋਦੀ ਸਰਕਾਰ?

ਸੰਵਿਧਾਨ ਦੇ ਤਹਿਤ ਰਾਜ ਸਰਕਾਰਾਂ ਦਾ ਗਠਨ ਇਸ ਲਈ ਕੀਤਾ ਜਾਂਦਾ ਹੈ ਕਿ ਉਹ ਤੇ ਸੰਵਿਧਾਨ ਦੀ ਰਾਖੀ ਕਰੇ ਅਤੇ ਜੇ ਸਰਕਾਰ ਨੇ ਲੱਗੇ ਕਿ ਕਿਧਰੇ ਕਿਸੇ ਨਾਲ ਅਪਰਾਧ ਹੋਇਆ ਹੈ ਤਾਂ ਤਰੁੰਤ ਜ਼ਰੂਰੀ ਕਦਮ ਉਠਾਵੇ। ਪਰ ਗੁਜਰਾਤ ਦੀ ਮੋਦੀ ਹਕੂਮਤ ਬਿਲਕੁਲ ਉਲਟ ਆਚਰਣ ਕਰ ਰਹੀ ਹੈ। ਗੁਜਰਾਤ ਦੇ ਕਾਂਗਰਸੀ ਵਿਧਾਇਕ ਨੇ ਜਦ ਰਾਜਪਾਲ ਨਵਲ ਕਿਸ਼ੋਰ ਸ਼ਰਮਾ ਨੇ ਇਹ ਕਿਹਾ ਕਿ ਰਾਜ ਭਵਨ 'ਚ ਚੁੱਪ ਛਾਂ ਗਈ। ਗੁਜਰਾਤ ਹਾਈਕੋਰਟ ਦੇ ਸਾਹਮਣੇ ਰਾਜ ਸਰਕਾਰ ਇਕ ਤਰਫ਼ਾ ਹਲਫ਼ਨਾਮਾ ਪੇਸ਼ ਕਰਦੇ ਹੋਏ ਇਹ ਮੰਨਦੀ ਹੈ ਕਿ 2002 ਵਿਚ ਨਰੋਡਾ ਪਾਟੀਆ ਤੇ ਨਰੋਡਾ ਪਿੰਡ ਵਿਚ 106 ਲੋਕਾਂ ਦੀ ਹੱਤਿਆ ਕਰਨ ਵਾਲੀ 15000 ਤੋਂ 17000 ਹਿੰਦੂਆਂ ਦੀ ਭੀੜ ਦੀ ਅਗਵਾਈ ਡਾ. ਮਾਇਆਬੇਨ ਤੇ ਡਾ. ਜੈਦੀਪ ਪਟੇਲ ਕਰ ਰਹੇ ਸਨ। ਦੋਨਾਂ ਨੇ ਭੀੜ ਨੂੰ ਹਿੰਸਾ ਲਈ ਉਕਸਾਇਆ, ਤਲਵਾਰਾਂ ਵੰਡੀਆਂ ਅਤੇ ਆਪਣੇ ਰਿਵਾਲਵਰ 'ਚੋਂ ਗੋਲੀਆਂ ਚਲਾਈਆਂ। ਸੁਪਰੀਮ ਕੋਰਟ ਵੱਲੋਂ ਨਿਯੁਕਤ ਵਿਸ਼ੇਸ਼ ਜਾਂਚ ਪਾਰਟੀ ਮਾਇਆਬੇਨ ਤੇ ਜੈਦੀਪ ਪਾਟੇਲ ਨੂੰ ਫਰਾਰ ਐਲਾਨਦੀ ਹੈ। ਪਰ ਦੂਜੇ ਪਾਸੇ ਮੋਦੀ ਸਰਕਾਰ ਦੀ ਇਹ ਮਹਿਲਾ ਮੰਤਰੀ ਖਾਕੀ ਵਰਦੀ ਦੀ ਰਾਖੀ 'ਚ ਵਿਧਾਨ ਸਭਾ ਸਦਨ 'ਚ ਪਹੁੰਚਦੀ ਹੈ ਅਤੇ ਸਵਾਲਾਂ ਦੇ ਜੁਆਬ ਦੇ ਕੇ ਮੰਤਰੀ ਦੀ ਜ਼ਿੰਮੇਵਾਰੀ ਅਦਾ ਕਰਦੀ ਹੈ। ਮਾਇਆਬੇਨ ਨੇ ਨਾ ਵਿਧਾਨ ਸਭਾ ਸਪੀਕਰ ਅਸ਼ੋਕ ਭੱਟ ਇਸ ਆਚਰਨ 'ਤੇ ਕੋਈ ਸੁਆਲ ਕਰਦੇ ਹਨ, ਨਾ ਮੁੱਖ ਮੰਤਰੀ ਅਤੇ ਨਾ ਹੀ ਫਰਾਰਾਂ ਦੀ ਗ੍ਰਿਫ਼ਤਾਰੀ ਲਈ ਕੋਈ ਕਦਮ ਉਠਾਇਆ ਜਾਂਦਾ ਹੈ। ਇਸ ਤਰ੍ਹਾਂ ਦੀ ਇਕ ਹੋਰ ਘਟਨਾ ਹੈ। ਰਾਜ ਸਰਕਾਰ ਅਦਾਲਤ ਦੇ ਸਾਹਮਣੇ ਮੰਨਦੀ ਹੈ ਕਿ ਆਸਾਰਾਮ ਆਸ਼ਰਮ ਨੇ ਅਹਿਮਦਾਬਾਦ ਦੇ ਕਰੀਬ ਸਾਬਰਮਤੀ ਨਦੀ ਦੇ ਕੰਢੇ ਕਰੀਬ 70 ਹਜ਼ਾਰ ਵਰਗ ਮੀਟਰ 'ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਮੋਦੀ ਸਰਕਾਰ ਦੇ ਮੰਤਰੀ ਨੇ ਵੀ ਇਹ ਗੱਲ ਵਿਧਾਨ ਸਭਾ 'ਚ ਮੰਨੀ, ਪਰ ਆਸ਼ਰਮ ਬਾਬੂ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਹੋਈ। ਦੂਜੇ ਰਾਜਾਂ ਵਿਚ ਆਸਾਰਾਮ ਆਸ਼ਰਮ 'ਤੇ ਭਾਜਪਾਈ ਸਰਕਾਰਾਂ ਸ਼ੀਲ ਲਵਾਉਂਦੀਆਂ ਹਨ ਪਰ ਗੁਜਰਾਤ ਤਾਂ ਇਹ ਵੀ ਨਹੀਂ ਕਰਦਾ। 'ਕੀ ਇਹੀ ਹੈ ਕਨੂੰਨ ਦਾ ਰਾਜ?' ਗੁਜਰਾਤ ਦੇ ਸਾਬਕਾ ਮੰਤਰੀ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸ਼ਕਤੀ ਸਿੰਘ ਗੋਹਿਲ ਪੁੱਛਦੇ ਹਨ ਜਿਸ ਦਾ ਜੁਆਬ ਹਾਂ ਵਿਚ ਦੇਣਾ ਆਮ ਲੋਕਾਂ ਮੁਸ਼ਕਲ ਨਹੀਂ। ਦੰਗਾ ਘਟਨਾਕ੍ਰਮ ਨਾਲ ਜੂੜੇ ਨਨੂੰ ਮੀਆਂ ਕਹਿੰਦੇ ਹਨ 'ਦੁਨੀਆ ਲਈ ਭਲੇ ਹੀ 2002 ਤੋਂ ਪਿੱਛੋਂ ਸੱਤ ਸਾਲ ਲੰਘ ਗਏ ਹਨ ਪਰ ਗੁਜਰਾਤ ਦੀ ਸਰਕਾਰ ਅਜੇ ਵੀ ਉਥੇ ਹੀ ਰਹੀ ਹੈ। ਹਕੂਮਤ ਅੱਜ ਵੀ ਫਿਰਕੂ ਦੰਗਿਆਂ ਦੇ ਕਸੂਰਵਾਰ ਮੰਨੇ ਜਾਣ ਵਾਲੇ ਤੇ ਸਰਕਾਰੀ ਜ਼ਮੀਨ ਹੜੱਪਣ ਵਾਲਿਆਂ ਨੂੰ ਬਚਾਉਣ ਵਿੱਚ ਲੱਗੀ ਹੋਈ ਹੈ।' ਰਸੂਲ ਮੀਆਂ ਤੇ ਦਿਲਰਾਵ ਉਮਰਾਵ ਸੈਅਦ ਤੇ ਇਮੀਬਾਜ ਹੁਸੈਨ ਅਹਿਮਦ ਹੁਸੈਨ ਕੁਰੇਸ਼ੀ ਦੇ ਨਾਲ ਨਨੂੰ ਮੀਆਂ ਨੇ ਵੀ ਅਗਾਉਂ ਜ਼ਮਾਨਤ ਦਾ

ਵਿਰੋਧ ਕਰਦਿਆਂ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਹੈ ਕਿ ਮਾਇਆਬੇਨ ਅਤੇ ਜਗਦੀ ਪਟੇਲ ਦੋਨੋਂ ਦੰਗਿਆਂ ਦਾ ਹਿੱਸਾ ਸਨ। 2 ਮਾਰਚ ਨੂੰ ਨਿਆਂ ਮੂਰਤੀ ਡੀ. ਐਚ. ਵਾਘੇਲਾ ਦੋਸ਼ੀ ਮਾਇਆਬੇਨ ਤੇ ਜਗਦੀਪ ਭਾਈ ਮਾਮਲੇ ਦੀ ਸੁਣਵਾਈ ਕਰਨ ਵਾਲੇ ਹਨ। ਗੋਧਰਾ ਦੀ ਪ੍ਰਤੀਕਿਰਿਆ ਵਿਚ ਹੋਏ ਦੰਗਿਆਂ ਦੌਰਾਨ ਨਰੋਡਾ ਪੁਲਸ ਥਾਣੇ ਦੇ ਉਸ ਵੇਲੇ ਦੀ ਨਿਰੀਖਕ ਵੀ. ਐਸ. ਗੋਹਿਲਾ ਨੇ ਅਦਾਲਤ ਵਿਚ ਆਤਮ ਸਮਰਪਣ ਕਰ ਦਿੱਤਾ। ਦੰਗਿਆਂ ਦੇ ਦੋਸ਼ ਦਾ ਸਾਹਮਣਾ ਕਰ ਰਹੇ ਗੋਹਿਲਾ ਵਲਸਾਡ ਦੇ ਪੁਲਸ ਡੀ. ਐਸ. ਪੀ. ਕੇਜੇ ਇਰੇਡਾ ਤੇ ਵਿਸਨਗਰ ਦੇ ਸਾਬਕਾ ਐਸ. ਪੀ. ਐਮ. ਕੇ. ਪਟੇਲ ਪਿੱਛੋਂ ਤੀਜੇ ਅਜਿਹੇ ਪੁਲਸ ਅਧਿਕਾਰੀ ਹਨ ਜਿਨਾਂ ਨੇ ਸੁਪਰੀਮ ਕੋਰਟ ਵੱਲੋਂ ਨਿਯੁਕਤ ਐਸ. ਆਈ. ਟੀ. ਗ੍ਰਿਫਤਾਰ ਕਰ ਚੁੱਕੀ ਹੈ। ਦੰਗਿਆਂ ਦੌਰਾਨ ਇਰੇਡਾ ਅਹਿਮਦਾਬਾਦ ਦੇ ਮੇਘਾਨੀ ਨਗਰ ਪੁਲਸ ਥਾਣੇ 'ਚ ਨਿਰੀਖਕ ਤੇ ਏ. ਐਮ. ਪਟੇਲ ਮੇਹਸਾਣਾ ਜ਼ਿਲ੍ਹੇ ਵਿਚ ਵਿਸਨਗਰ ਪੁਲਸ ਥਾਣੇ ਦੇ ਨਿਰੀਖਕ ਵਜੋਂ ਤਾਇਨਾਤ ਸਨ। ਤਿੰਨਾਂ 'ਤੇ ਡਿਊਟੀ ਦੌਰਾਨ ਲਾਹਪ੍ਰਵਾਹੀ ਕਰਨ ਦਾ ਦੋਸ਼ ਹੈ। ਤਿੰਨਾਂ ਨੂੰ ਗੋਧਰਾ ਕਾਂਡ ਪਿਛੋਂ ਪ੍ਰਮੋਸ਼ਨ ਮਿਲੀ ਹੈ ਅਤੇ ਮਾਇਆ ਨੂੰ ਮੰਤਰੀ ਦੇ ਅਹੁਦੇ ਨਾਲ ਨਿਵਾਜਿਆ ਗਿਆ ਹੈ।

ਰਾਜ ਸਰਕਾਰ ਦੀ ਇਸ ਨਵਾਜ਼ਿਸ ਦਾ ਮਤਲਬ ਵੱਖਰੇ ਤੌਰ 'ਤੇ ਸਮਝਾਉਣ ਦੀ ਲੋੜ ਨਹੀਂ। ਇਸ ਨਾਲ ਪਹਿਲਾਂ ਐਸ. ਆਈ. ਟੀ. ਦੰਗਿਆਂ ਦੌਰਾਨ ਨਰੋਡਾ ਪੁਲਸ ਥਾਣੇ ਦੇ ਮੁੱਖ ਨਿਰੀਖਕ ਰਹਿ ਚੁੱਕੇ ਕੇ. ਕੇ. ਮਸੂਰਵਾਲਾ ਦੇ ਨਾਲ ਕੁਝ ਹੋਰ ਪੁਲਸ ਅਧਿਕਾਰੀਆਂ ਤੋਂ ਪੁੱਛਗਿੱਛ ਕਰ ਚੁੱਕੀ ਹੈ। ਉਧਰ ਹੇਠਲੀ ਅਦਾਲਤ ਵੱਲੋਂ ਗੁਲਬਰਗਾ ਸੋਸਾਇਟੀ ਦੰਗਾ ਘਟਨਾ ਦੇ ਦੋ ਫਰਾਰ ਭਾਜਪਾਈ ਪਰੀਸ਼ਦਾਂ ਬੀ. ਪੀ. ਐਨ. ਪਟੇਲ ਤੇ ਸਾਬਕਾ ਪਰੀਸ਼ਦ ਚੁੰਨੀ ਲਾਲ ਪ੍ਰਜਾਪਤੀ ਦੀ ਜ਼ਮਾਨਤ ਅਰਜ਼ੀ ਖਾਰਜ਼ ਕਰ ਦੇਣ ਪਿੱਛੋਂ ਵਿਸ਼ੇਸ਼ ਜਾਂਚ ਦਲ ਨੇ ਉਹਨਾਂ ਨੂੰ ਗ੍ਰਿਫਤਾਰ ਕੀਤਾ ਹੈ। ਦੋਨਾਂ ਨੇ ਟ੍ਰਾਇਲ ਕੋਰਟ ਦੇ ਜ਼ਮਾਨਤ ਅਰਜ਼ੀ ਖਤਮ ਕਰਨ ਦੇ ਫੈਸਲੇ ਨੂੰ ਹਾਈ ਕੋਰਟ 'ਚ ਚਣੌਤੀ ਦਿੱਤੀ ਸੀ। ਗੁਜਰਾਤ ਦੰਗਿਆਂ ਦਾ ਥੋੜ੍ਹਾ ਇਤਿਹਾਸ ਵੀ ਜਾਣ ਲੈਣਾ ਜ਼ਰੂਰੀ ਹੈ। ਜਦ ਭਾਰਤੀ ਜਨਤਾ ਪਾਰਟੀ ਨੇ ਕੇਸ਼ ਭਾਈ ਪਟੇਲ ਨੂੰ ਹਟਾ ਕੇ ਮੁੱਖ ਮੰਤਰੀ ਅਹੁਦਾ ਨਰੇਂਦਰ ਮੋਦੀ ਨੂੰ ਦੇਣ ਦਾ ਫੈਸਲਾ ਕੀਤਾ ਤਾਂ ਉਹ ਉਨੇ ਹੀ ਅਨੁਭਵਹੀਣ ਸਨ ਜਿੰਨੇ ਮੋਦੀ ਨੂੰ ਅੱਜ 'ਅਕਵੇਰਿਅਨ ਦੀ ਮੱਛੀ' ਵਰਗੇ ਰਾਹੁਲ ਗਾਂਧੀ ਲੱਗ ਰਹੇ ਹਨ। ਫਿਰ ਵੀ ਸੱਤ ਸਾਲ 'ਚ ਮੋਦੀ ਜੇ ਭਾਰਤੀ ਜਨਤਾ ਪਾਰਟੀ ਦੇ ਸੰਭਾਵੀ ਪ੍ਰਧਾਨ ਮੰਤਰੀ ਨੰਬਰ ਦੋ ਹੋ ਗਏ ਹਨ ਤਾਂ ਇਹ ਕਿਵੇਂ ਹੋਇਆ? ਜਦ ਕੇਸ਼ੂ ਭਾਈ ਨੂੰ ਹਟਾਉਣ ਦਾ ਫੈਸਲਾ ਕੀਤਾ ਗਿਆ ਸੀ ਤਾਂ ਨਰੇਂਦਰ ਮੋਦੀ ਦੇ ਮੁੱਖ ਮੰਤਰੀ ਬਣਨ ਦੀ ਖਬਰ ਹਵਾ 'ਚ ਤੈਰ ਰਹੀ ਸੀ। ਇਸ ਸਮੇਂ ਸੁੱਕਰ ਸਿੰਘ ਬਘੇਲਾ ਨੇ ਬਗਾਵਤ ਕੀਤੀ ਅਤੇ ਮੋਦੀ ਨੂੰ ਕੇਸਰੀ ਬ੍ਰਿਗੇਡ ਨੇ ਗੁਜਰਾਤ ਤੋਂ ਤੜੀਪਾਰ ਕਰ ਦਿੱਤਾ ਸੀ। ਉਪ ਚੋਣਾਂ 'ਚ ਭਾਜਪਾ ਕੁਝ ਸੀਟਾਂ ਗਵਾ ਚੁੱਕੀ ਸੀ। ਇਹੀ ਉਹ ਅਪਰਾਧ ਸੀ ਜਿਸ ਕਾਰਨ ਕੇਸ਼ੂ ਭਾਈ ਤੋਂ ਦੂਜੀ ਵਾਰ ਮੁੱਖ ਮੰਤਰੀ ਅਹੁਦਾ ਛੁਡਵਾਇਆ ਜਾ ਰਿਹਾ ਸੀ। ਮੋਦੀ ਉਦੋਂ ਲੋਕਾਂ ਨੂੰ ਸਮਝਾ ਰਹੇ ਸਨ ਕਿ ਇਸ ਵਿਗੜਦੇ ਵਾਤਾਵਰਣ ਵਿਚ ਨਰੇਂਦਰ ਮੋਦੀ ਤਾਂ ਕੀ, ਉਪਰੋਂ ਖ਼ੁਦ ਭਗਵਾਨ ਨਰੇਂਦਰ ਵੀ ਉਤਰ ਆਉਣ ਤਾਂ ਵੀ ਭਾਜਪਾ ਨੂੰ ਕੋਈ ਨਹੀਂ ਜਿੱਤ ਸਕਦਾ। ਮੁੱਖ ਮੰਤਰੀ ਅਹੁਦਾ ਸੰਭਾਲਣ ਦੇ ਕੁਝ ਹੀ ਦਿਨਾਂ ਬਾਅਦ

ਪੱਤਰਕਾਰਾਂ ਮੂਹਰੇ ਨਰੇਂਦਰ ਮੋਦੀ ਨੇ ਜੋ ਪਹਿਲਾਂ ਜੁਮਲਾ ਬੋਲਿਆ ਸੀ ਕਿ 'ਮੈਂ ਇਥੇ ਟੈਸਟ ਮੈਚ ਖੇਡਣ ਨਹੀਂ, ਵਨ-ਡੇ-ਖੇਡਣ ਆਇਆ ਹਾਂ ਤੇ ਜਿੱਤਣ ਲਈ ਮੇਰੇ ਕੋਲ ਕੁੱਲ 12000 ਘੰਟੇ ਬਚੇ ਹਨ।' ਉਹ ਉਸ ਦਿਨ ਤੋਂ ਚੋਣਾਂ ਦੀ ਤਰੀਖ ਤੱਕ ਦੇ ਸਮੇਂ ਦੀ ਗਿਣਤੀ ਕਰ ਰਹੇ ਸਨ। ਜ਼ਾਹਿਰ ਹੈ ਕੇ ਮੁੱਖ ਮੰਤਰੀ ਤੇ ਉਨ੍ਹਾਂ ਦੀ ਟੋਲੀ ਸੰਭਾਵੀ ਜਿੱਤ ਹਾਸਲ ਕਰਨ ਲਈ ਕੁਝ ਚਮਤਕਾਰ ਕਰਨ ਦੇ ਚੱਕਰ ਵਿੱਚ ਸੀ। ਅਜਿਹਾ ਕੁਝ ਕਰਨ ਦੀ ਜ਼ਰੂਰਤ ਸੀ ਜਿਸ ਨਾਲ ਖਿੰਡ ਰਹੀਆਂ ਹਿੰਦੂ ਵੋਟਾਂ ਦਾ ਮਜ਼ਬੂਤ ਧਰੂਵੀਕਰਨ ਹੋ ਸਕੇ। ਇਸ ਲਈ ਕੁਝ ਸੈਕੂਲਰ ਸਮਾਜਕਰਮੀ ਗੁਜਰਾਤ ਬਾਰੇ ਕਹਿੰਦੇ ਹਨ ਕਿ ਜੇ ਗੋਧਰਾ ਨਾ ਹੋਇਆ ਹੁੰਦਾ ਤਦ ਕੁਝ ਹੋਰ ਹੁੰਦਾ। ਪਰ ਕੁਝ ਤਾਂ ਹੋਣਾ ਹੀ ਸੀ। ਜਿਸ ਸਮੇਂ ਗੋਧਰ 'ਚ ਸਾਬਰਮਤੀ ਐਕਸਪ੍ਰੈਸ ਦਾ ਡਿੱਬਾ ਐਸ-6 ਸੜਿਆ ਉਸ ਨੂੰ ਪਾਕਿਸਤਾਨੀ ਖੂਫੀਆ ਏਜੰਸੀ ਇੰਟਰ ਸਰਵਿਸ ਇੰਟੈਲੀਜੈਸ (151) ਦੀ ਸ਼ਾਜ਼ਿਸ ਕਰਾਰ ਦਿੱਤਾ ਗਿਆ। ਪਰ 2002 ਪਿੱਛੋਂ ਅਡਵਾਨੀ ਜਾਂ ਮੋਦੀ ਦੀ ਜੁਬਾਨ ਤੋਂ ਕਦੀ ਇਸ ਤਰ੍ਹਾਂ ਦਾ ਜ਼ਿਕਰ ਸੁਨਣ ਨੂੰ ਨਹੀਂ ਮਿਲਿਆ। ਬਾਅਦ 'ਚ ਟ੍ਰੇਡ ਸਾੜਨ ਦੀ ਸ਼ਾਜ਼ਿਸ ਦੇ ਅਪਰਾਧ 'ਚ 'ਪੋਟਾ' ਲਾਇਆ ਗਿਆ ਜਿਸ ਨੂੰ ਪਹਿਲਾਂ ਰਵੀਊ ਕਮੇਅੀ ਦੇ ਬਾਅਦ 'ਚ ਕੋਰਟ ਨੇ ਖਾਰਜ਼ ਕਰ ਦਿੱਤਾ। ਹੁਣ ਸਪਰੀਮ ਕੋਰਟ ਦੇ 136 ਦੋਸ਼ੀਆਂ ਖਿਲਾਫ਼ ਲਾਏ ਗਏ ਪੋਟਾ ਕਨੂੰਨ ਨੂੰ ਹਟਾਉਣ ਅਤੇ ਸਾਰੇ ਮੁਕੱਦਮਿਆਂ ਨੂੰ ਪੋਟਾ ਕੋਰਟ ਤੋਂ ਸੈਸ਼ਨ ਅਦਾਲਤ ਵਿਚ ਭਾਰਤੀ ਦੰਡ ਧਾਰਾ ਤਹਿਤ ਕਾਰਵਾਈ ਦਾ ਹੁਕਮ ਦਿੱਤਾ ਗਿਆ।

ਦੰਗਿਆਂ ਨਾਲ ਜੁੜੇ ਅਹਿਮ ਮੁਕਦਮੇ ਗੁਜਰਾਤ ਦੇ ਬਾਹਰ ਚਲਾਉਣ ਦਾ ਫੈਸਲਾ ਗੁਜਰਾਤ ਦੀ ਅਦਾਲਤ ਤੋਂ ਬਾਇਜ਼ਤ ਵਰੀ ਹੋਣ ਵਾਲੇ ਬੈਸਟ ਬੇਕਰੀ ਵਰਗੇ ਕੇਸਾਂ 'ਚ ਸਜ਼ਾ ਸੁਣਾਉਣ ਵਾਲਾ ਬਾਹਰੀ ਅਦਾਲਤ ਦਾ ਫੈਸਲਾ ਇਨਕਾਊਟਰ ਤੇ ਨਰੋਡਾ ਪਾਟੀਆ ਕੇਸ਼ 'ਚ ਮੋਦੀ ਸਰਕਾਰ ਦਾ ਹਲਫ਼ਨਾਮਾ ਆਦਿ ਭਾਜਪਾਈ ਨਕਾਰਖਨੇ 'ਚ ਮੁੱਖ ਮੰਤਰੀ ਖਿਲਾਫ਼ ਸੰਯੋਜਿਕ ਸਬੂਤ ਨਹੀਂ ਤਾਂ ਹੋਰ ਕੀ ਹੈ?

# ਬੇਹੱਦ ਸੁੰਦਰ ਡੱਲ ਵੀ ਸੰਕਟ ਵਿਚ ਕਿਵੇਂ?

ਕਸ਼ਮੀਰ ਖ਼ੁਦ ਹੀ ਸੁੰਦਰ ਤੇ ਮੁਕੰਮਲ ਝੀਲ ਸੀ; ਸਤੀਸਰ ਰਿਸ਼ੀ ਕਸ਼ਅਪ ਨੇ ਇਸ ਨੂੰ ਕੁਦਰਤੀ ਸਿੰਗਾਰ ਨਾਲ ਸਜਿਆ ਧੱਜਿਆ ਭੂਖੰਡ ਬਣਾਇਆ। ਇਕ ਤਰ੍ਹਾਂ ਇਸ ਦਾ ਇਤਿਹਾਸ ਇਕ ਝੀਲ ਤੋਂ ਸ਼ੁਰੂ ਹੁੰਦਾ ਹੈ। ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਜਦ ਆਪਾਂ ਕਸ਼ਮੀਰ ਦੇ ਦਿਲ-ਸੂਬੇ ਸ਼੍ਰੀ ਨਗਰ 'ਚ ਦਾਖ਼ਲ ਹੁੰਦੇ ਹਾਂ ਪਹਿਲੀ ਨਜ਼ਰ ਝੀਲ 'ਤੇ ਪੈਂਦੀ ਹੈ। ਗਜ਼ਬ ਦੀ ਸੁੰਦਰਤਾ। ਪਹਿਲਾਂ ਪ੍ਰਭਾਵ ਡੱਲ ਦਾ ਹੀ ਪੈਂਦਾ ਹੈ। ਲੰਬੇ-ਲੰਬੇ ਸਫੇਦਿਆਂ ਚੌੜੇ, ਵਿਸ਼ਾਲ ਤੇ ਸੰਘਣੇ ਚਿਨਾਰਾ ਦੀ ਪਹਿਰੇਦਾਰੀ ਵਿਚ ਪਸਰੀ ਚਾਂਦੀ ਦੀਆਂ ਅਣਗਿਣਤ ਵਰਕਿਆਂ ਵਰਗੀ ਲਹਿਰਦਾਰ ਡਲਾ ਲਹਿਰਾਂ ਵੀ ਅਜਿਹੀ ਜਿਵੇਂ ਕੋਈ ਸੁੰਦਰ ਨਾਇਕਾ ਆਪਣੀ ਹੀ ਸੁੰਦਰਤਾ 'ਚ ਮਗਨ ਕਦਮ ਉਠਾ ਉਠਾ ਕੇ ਕਿਤੇ ਜਾਣ ਦੀ ਇੱਛਾ ਜ਼ਾਹਿਰ ਕਰ ਰਹੀ ਹੋਵੇ। ਇਸ ਦਾ ਪ੍ਰਚੀਨ ਨਾਂ ਹੈ ਸਰੇਸ਼ਵਰੀ। ਪਰ ਇਸ ਦੀ ਹੋਂਦ ਹੁਣ ਸੰਕਟ ਵਿਚ ਫਸ ਗਈ ਹੈ। ਇਸ ਦੀ ਸੁੰਦਰਤਾ ਨੂੰ ਬਚਾਉਣ ਵਾਲੇ, ਇਸ ਦੇ ਸੁਹੱਪਣ ਤੋਂ ਰੋਟੀ ਰੋਜ਼ੀ ਕਮਾਉਣ ਵਾਲੇ ਤੇ ਇਸ ਦੇ ਸੁਹੱਪਣ ਦੀ ਅਖੌਤੀ ਰਾਖੀ ਕਰਨ ਵਾਲੇ ਘਪਲੇਬਾਜਾਂ ਦੀ ਨੀਅਤ ਨੇ ਇਸ ਨੂੰ ਪ੍ਰੇਸ਼ਾਨ ਤੇ ਅਲੋਪ ਕਰਨ ਦੇ ਡਰ ਨਾਲ ਭਰ ਦਿੱਤਾ ਹੈ। ਸਚਮੁੱਚ ਕਿਧਰੇ ਵਿਲੀਨ ਹੋ ਜਾਣ ਦੇ ਡਰ ਨਾਲ ਕਿਧਰੇ ਵੀ। ਇਸ ਦਾ ਘੇਰਾ 1200 ਈਸਵੀਂ 'ਚ 75 ਕਿਲੋਮੀਟਰ ਤੱਕ ਫੈਲਿਆ ਹੋਇਆ ਸੀ ਉਥੇ 1980 'ਚ ਸਿਰਫ 25 ਕਿਲੋਮੀਟਰ ਤੱਕ ਸਿਮਟ ਗਿਆ। ਜਦ 75 ਕਿਲੋਮੀਟਰ ਦੇ ਘੇਰੇ ਦੀ ਕਲਪਨਾ ਬੰਦੇ ਦੇ ਮਨ 'ਚ ਛਾ ਜਾਂਦੀ ਹੈ ਤਾਂ ਇਹ ਦਿਲ ਨੂੰ ਪਾਣੀ ਦੀ ਅਥਾਹ ਜੀਵਨ ਦਾਨ ਦਾ ਅਹਿਸਾਸ ਦਿੰਦੀ ਹੈ। ਉਥੇ 1980 ਵਿਚ ਇਸ ਦਾ ਸਿਰਫ 25 ਕਿਲੋਮੀਟਰ ਤੱਕ ਹੀ ਬਚਣਾ ਚਿੰਤਾਜਨਕ ਹੋਣਾ ਚਾਹੀਦਾ ਹੈ ਕਿ 50 ਵਰਗ ਕਿਲੋਮੀਟਰ ਦੀ ਹੋਂਦ ਖਤਮ ਹੋਣਾ ਕਿੰਨੀ ਵੱਡੀ ਕੁਦਰਤੀ ਤਰਾਸਦੀ ਹੈ ਤੇ ਅੱਜ 2009 ਵਿਚ ਇਸ ਦਾ ਘੇਰਾ ਸਿਰਫ 13 ਕਿਲਮੀਟਰ ਬਚਿਆ ਹੈ। ਇਸ ਰਫਤਾਰ ਦੇ ਅਧਾਰ 'ਤੇ ਹਰ ਕੋਈ ਸਾਫ ਅੰਦਾਜ਼ਾ ਲਗਾ ਸਕਦਾ ਹੈ ਕਿ ਇਸ ਝੀਲ ਦਾ ਜੀਵਨ ਮਸਾ ਵੀਹ-ਪੱਚੀ ਸਾਲ ਬਚਿਆ ਹੈ ਅਤੇ ਕਰੀਬ 20-25 ਸਾਲਾਂ ਬਾਅਦ ਇਹ ਇਕ ਬਦਬੂਦਾਰ ਤਲਾਅ 'ਚ ਬਦਲ ਜਾਵੇਗੀ।

ਇਹ ਝੀਲ ਵੱਡੀ ਮਨੁੱਖੀ ਤਰਾਸਦੀ ਦੀ ਗਵਾਹ ਰਹੀ ਹੈ। ਇਹ ਝੀਲ ਉਸ ਚੌਥੇ ਬੁੱਧ ਧਰਮ ਦੇ ਵਿਸ਼ਵ ਸੰਮੇਲਨ ਦੀ ਵੀ ਗਵਾਹ ਰਹੀ ਹੈ ਜੋ ਇੱਥੇ ਨਾਗਾਰਜੁਨ ਨੇ 2000 ਸਾਲ ਪਹਿਲਾਂ ਆਯੋਜਿਤ ਕੀਤਾ ਸੀ। ਇਸ ਦੇ ਕਿਨਾਰੇ 'ਤੇ ਨਿਸ਼ਾਤ, ਸਲੀਮਾਰ, ਚਸ਼ਮਾਸ਼ਾਹੀ ਦੇ ਮੁਗਲ ਬਾਰ ਹਨ। ਇੱਕ ਝੀਲ 'ਤੇ ਇਕ ਅਦੁਭੁਤ ਦ੍ਰਿਸ਼ ਹੈ। ਇਕ ਪਾਸੇ ਸ਼ੁੱਕਰਾਚਾਰੀਆ ਪਰਬਤ ਤੇ ਦੂਜੇ ਪਾਸਿਓ ਪਾਰਬਤੀ ਦਾ ਭਾਰੀ ਪਰਬਤ; ਇਕ ਪਾਸਿਓ ਸ਼ਿਵ ਸਾਧਨਾ ਅਤੇ ਦੂਜੇ ਕਿਨਾਰੇ ਤੇ ਸ੍ਰੀ ਚੱਕਰ (ਜਿਕੂ) ਸਾਧਨ ਦੀ ਜਗਾਹ। ਇਸ ਭਾਰੀ ਪਰਬਤ ਨੂੰ ਇਸੇ ਕਾਰਨ ਚਕ੍ਰੇਸ਼ਵਰ ਵੀ ਕਹਿੰਦੇ ਹਨ।

ਪਰ ਮਨੁੱਖ ਦੇ ਜ਼ਬਰ ਰੁਝਾਨ ਨੇ ਇਸ ਨੂੰ ਵਿਗਾੜਿਆ, ਬਦਲਿਆ ਅਤੇ ਸਮੇਟਿਆ। ਹੁਣ ਜਦ ਇਹ ਖਾਤਮੇ ਕੰਢੇ ਹੈ ਤਾਂ ਸ਼ੋਰ ਮਚਾਇਆ ਜਾ ਰਿਹਾ ਹੈ। ਇਸ

ਦੀ ਅੰਨੇਵਾਹ ਲੁੱਟ ਹੁਣ ਉਹਨਾਂ ਨੂੰ ਆਤਮਘਾਤੀ ਨਜ਼ਰ ਆਉਣ ਲੱਗੀ ਹੈ। 1970 ’ਚ ਇਕ ਰੀਪੋਰਟ ਆਈ ਸੀ ਕਿ ਡਲ ਦੇ ਘੇਰੇ ’ਚ ਖੇਤੀ ਦੀਆਂ ਸਰਗਰਮੀਆਂ ਤੇਜ਼ ਹੋਣ ਨਾਲ ਤੇ ਸੈਲਾਨੀਆ ਤੋਂ ਧਨ ਕਮਾਉਣ ਦੀ ਲਾਲਸਾ ਕਾਰਨ ਇਸ ’ਤੇ ਨਜ਼ਾਇਜ ਉਸਾਰੀ ਨੇ ਇਸ ਨੂੰ ਬੁਰੀ ਤਰ੍ਹਾਂ ਸੁੰਗਾੜ ਦਿੱਤਾ ਹੈ। ਅੱਜ ਇਸ ਝੀਲ ਦੇ ਆਸ-ਪਾਸ ਲੱਗਭਗ ਤਿੰਨ ਲੱਖ ਲੋਕ ਰਹਿ ਰਹੇ ਹਨ। ਜਿਹਨਾਂ ’ਚੋਂ 3000 ਤਾਂ ਝੀਲ ਵਿਚ ਹੀ ਹਾਊਸ ਬੋਟ ’ਚ ਜਿਉਂ ਰਹੇ ਹਨ। ਝੀਲ ਅੰਦਰ ਜਾਣ ਵਾਲੇ ਲੋਕਾਂ ਦੀਆਂ ਸਰਗਮੀਆਂ ਨਾਲ ਇਸ ਦੀ ਬੇਰਹਿਮ ਲੁੱਟ ਹੋਈ ਹੈ। ਲੋਕ ਇਸ ਵਿਚ ਤੈਰਦੇ ਹੋਏ ਖੇਤਾਂ ਦੀ ਉਸਾਰੀ ਕਰਕੇ ਸਬਜ਼ੀਆਂ ਉਗਾਉਂਦੇ ਹਨ। ਇਹ ਤੈਰਦੇ ਹੋਏ ਖੇਤ ਜੈਵ-ਰਸਾਇਣਾਂ ਨਾਲ ਬੇਹੱਦ ਊਰਜਾ ਭਰਪੂਰ ਬਣਾਏ ਜਾਂਦੇ ਹਨ। ਸ਼ਹਿਰ ਭਰ ਨੂੰ ਇਸ ਦੀਆਂ ਪੈਦਾ ਕੀਤੀਆਂ ਸਬਜ਼ੀਆਂ ਦੀ ਸਪਲਾਈ ਹੁੰਦੀ ਹੈ। ਇਸ ਅਮਲ ’ਚ ਝੀਲ ਦੇ ਤਲ ਦੀ ਡੂੰਘਾਈ ਬਹੁਤ ਘੱਟ ਹੁੰਦੀ ਜਾ ਰਹੀ ਹੈ। ਖੇਤ ਸਰਗਰਮੀਆਂ ਤੇ ਨਜਾਇਜ਼ ਉਸਾਰੀ ਤੇ ਇਸ ਮਲ ਜਾਣ ਕਰਕੇ ਗਹਿਰਾਈ 17 ਫੁੱਟ ਤੋਂ ਘੱਟ ਕੇ ਸਿਰਫ 9 ਫੁੱਟ ਰਹਿ ਗਈ ਹੈ। ਇਹ ਇਕ ਭਿਆਨਕ ਤੇ ਸੁਚੇਤ ਕਰਨ ਵਾਲੀ ਸਮੱਸਿਆ ਹੈ। ਇਸ ਦੇ ਤਲ ਵਿਚ ਜ਼ਹਿਰੀਲੇ ਸ਼ੈਕਾਵਾਂ ਦੇ ਝਾਰਖੰਡਾਂ ਦਾ ਸਮਾਜ ਬਣ ਗਿਆ ਹੈ ਅਤੇ ਬੇਹੱਦ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਹਾਲ ਹੀ ਵਿਚ ਇਕ ਜ਼ਹਿਰੀਲੇ ਰੰਗ ਦੀ ਸ਼ੈਵਾਲ ਦਾ ਬੇਰੋਕ ਵਿਕਾਸ ਹੁੰਦੇ ਵੇਖਿਆ ਗਿਆ ਹੈ ਅਤੇ ਇਸ ਨੂੰ ਆਮ ਤੌਰ ਤੇ ਗੁਪਤ ਸ਼ੈਵਾਲ ਕਿਹਾ ਜਾਂਦਾ ਹੈ। ਇਸ ਸਮੇਂ ਇਸ ਦਾ ਸੌ ਫੀਸਦੀ ਪਾਣੀ ਹੁਣ ਜ਼ਹਿਰੀਲੀਆਂ ਧਾਤੂਆਂ ਕਾਰਨ ਪੀਣ ਲਾਇਕ ਨਹੀਂ ਰਿਹਾ ਹੈ। 2007 ਵਿਚ ਸੂਬੇ ਦੇ ਵਿੱਤ ਕੰਟਰੋਲਰ ਨੇ ਬਿਆਨ ’ਚ ਕਿਹਾ ਕਿ ਇਸ ਪਾਣੀ ਜਾਂਚ ’ਚ 1000 ਤੋਂ ਵੱਧ ਜ਼ਹਿਲੀਰੀਆਂ ਧਾਤੂਆਂ ਪਾਈਆਂ ਗਈਆਂ ਹਨ। ਇਸ ਦਾ ਕਾਰਨ ਇਸ ਅੰਦਰ ਮਲ ਦਾ ਵਗਣਾ, ਇਸ ਵਿਚ ਰਹਿਣ ਵਾਲੇ ਮਨੁੱਖਾਂ ਵੱਲੋਂ ਇਸ ਨੂੰ ਦੂਸ਼ਿਤ ਕਰਨਾ ਤੇ ਤੈਰਦੀ ਹੋਈ ਖੇਤੀ ਹੈ। ਹੋਰ ਤਾਂ ਹੋਰ ਝੀਲ ਵਿਚ ਮੱਛੀਆਂ ’ਚ ਵੀ ਕਮੀ ਆਈ ਹੈ। ਇਸ ਅੰਦਰ ਜਿਸ ਪੈਮਾਨੇ ਤੇ ਮੱਛੀਆਂ ਹੁੰਦੀਆਂ ਸਨ ਉਨ੍ਹਾਂ ਦੀ ਗਿਣਤੀ ਤੇ ਪੈਦਾਵਾਰ ’ਚ ਖਾਸੀ ਗਿਰਾਵਟ ਹੋਈ ਹੈ। ਮੱਛੀ ਪਾਲਣ ਵਿਭਾਗ ਨੇ ਇਸ ਨੂੰ ਚਿੰਤਾਜਨਕ ਕਰਾਰ ਦਿੰਦਿਆਂ ਜਦ ਕਾਰਨਾਂ ਦੀ ਖੋਜ ਕੀਤੀ ਤਾਂ ਪਾਇਆ ਕਿ ਪਾਣੀ ’ਚ ਜ਼ਹਿਰੀਲੇ ਤੱਤਾਂ ਦੀ ਮੌਜੂਦਗੀ ਹੋਣਾ ਇਸ ਦਾ ਵੱਡਾ ਕਾਰਨ ਹੈ। 1984 ਵਿਚ ਡਾਲ ਵਿਕਾਸ ਪ੍ਰੋਜੈਕਟ ਦੇ ਤਹਿਤ ਇਕ ਮੁਹਿੰਮ ਚਲਾਈ ਗਈ। ਇਸ ਦੇ ਬਚਾਅ ਲਈ ਕਰੋੜਾਂ ਰੁਪਏ ਦੀ ਗਰਾਂਟ ਦਿੱਤੀ ਗਈ ਸੀ। ਇਸ ਤਹਿਤ ਡਲ ਦੇ ਖਤਮ ਹੋਣ ਤੋਂ ਬਚਾਉਣ ਦੀ ਵੀ ਮੁਹਿੰਮ ਸ਼ਾਮਲ ਸੀ। ਪਰ ਇਹ ਪੈਸਾ ਕਿਥੇ ਗਿਆ ਕੋਈ ਨਹੀਂ ਜਾਣਦਾ। ਬਿਲਕੁਲ ਗੰਗਾ ਬਚਾਓ ਮੁਹਿੰਮ ਵਾਂਗੂੰ ਇਸ ਪੈਸੇ ਨਾਲ ਜੇਬਾਂ ਭਰੀਆਂ ਗਈਆਂ ਦਲਾਲਾਂ ਦੀਆਂ। ਹੁਣ ਇਸ ਦਾ ਵਿਆਸ ਸਿਰਫ 13 ਕਿਲੋਮੀਟਰ ਬਚਿਆ ਹੈ ਤੇ ਡੂੰਘਾਈ ਵੀ 10 ਫੁੱਟ ਘਟੀ ਹੈ ਤਾਂ ਅਦਾਲਤ ਤੋਂ ਨਿਰਦੇਸ਼ ਆਏ ਹਨ ਕਿ ਝੀਲ ਨੂੰ ਲੋਕਾਂ ਤੋਂ ਖਾਲੀ ਕਰਵਾਇਆ ਜਾਵੇ ਤਾਂਕਿ ਝੀਲ ਦਾ ਪਾਣੀ ਜ਼ਹਿਰ ਮੁਕਤ ਹੋ ਸਕੇ ਅਤੇ ਇਸ ਨੂੰ ਜਿਉਂਦਾ ਰੱਖਿਆ ਜਾ ਸਕੇ। ਲੱਗਭਗ 18 ਹਜ਼ਾਰ ਹੋਟਲਾਂ ਦੀ ਉਸਾਰੀ ਇਸ ਦੇ ਦਾਇਰੇ ਵਿਚ ਹੋ ਚੁੱਕੀ ਹੈ ਦੋ ਹਜ਼ਾਰ ਹਾਊਸ ਬੋਟ ਇਸ ਦੇ ਅੰਦਰ ਤੈਨਾਤ ਹਨ। ਅਦਾਲਤ ਦੇ ਹੁਕਮ ਦੇਖਣ ਨੂੰ ਤਾਂ ਸਖ਼ਤ ਲੱਗਦੇ ਹਨ ਅਤੇ ਇਥੋਂ ਦੇ ਜਨ ਜੀਵਨ ’ਚ ਖਲਬਲੀ ਮੱਚ ਚੁੱਕੀ ਹੈ।

ਸਭ ਤੋਂ ਵੱਡੀ ਗਾਜ ਹਾਊਸ ਬੋਟ ਵਾਸੀਆਂ ਤੇ ਡਿੱਗੀ ਹੈ। ਫਿਰ ਹੋਟਲ ਵਾਲਿਆਂ ਤੇ ਵੀ। ਇਸ ਖਲਬਲੀ ਨਾਲ ਲੋਕਾਂ ਦੇ ਹਜੂਮ ਨੇ ਨਾਹਰੇਬਾਜ਼ੀ ਕੀਤੀ ਅਤੇ ਇਥੋਂ ਤੱਕ ਕਹਿ ਦਿੱਤਾ ਕਿ 30 ਸਾਲ ਪਹਿਲਾਂ ਜਿਥੋਂ ਤੱਕ ਇਸ ਝੀਲ ਦਾ ਵਜੂਦ ਸੀ ਉਥੋਂ ਤਰਦੇ ਲੋਕਾਂ ਨੂੰ ਇਸ ਦੇ ਘੇਰੇ ਅੰਦਰ ਲਿਆਂਦਾ ਜਾਵੇ ਅਤੇ ਉਨ੍ਹਾਂ ਨੂੰ ਵੀ ਨਜਾਇਜ਼ ਉਸਾਰੀ ਮੰਨ ਕੇ ਜਗਾਹ ਖਾਲੀ ਕਰਾਉਣ ਨੂੰ ਕਿਹਾ ਜਾਵੇ। ਇਹ ਲੋਕਾਂ ਨੇ ਤਾਂ ਕੀਤਾ ਜਦ ਅਦਾਲਤ ਵੱਲੋਂ ਦਿੱਤੇ ਨਿਰਦੇਸ਼ਾਂ ’ਤੇ ਕਾਰਵਾਈ ਕਰਦਿਆਂ ਹੋਟਲਾਂ ਦੇ ਚਲਾਨ ਤੇ ਹੋਰ ਸਾਰੇ ਅਮਲ ਰੋਕਣ ਨੂੰ ਕਿਹਾ ਗਿਆ। ਇਸ ਨਾਲ ਡੱਲ ਦੀ ਹੋਂਦ ਖਤਰੇ ਵਿਚ ਪੈਂਦੀ ਹੈ। ਅਦਾਲਤ ਨੂੰ ਨਿਰਮਾਣ ਨੂੰ ਵੀ ਢਾਉਣ ਦੇ ਹੁਕਮ ਦਿੱਤੇ ਹਨ। ਇਹ ਹੁਕਮ ਇਕ ਦਵੰਦ ਦੀ ਸਥਿਤੀ ਪੈਦਾ ਕਰ ਰਹੇ ਹਨ। ਉਹ ਵੀ ਉਦੋਂ ਜਦੋਂ ਸੈਰ ਸਪਾਟੇ ਦਾ ਮੌਸਮ ਹੈ। ਅਜਿਹੇ ’ਚ ਡਲ ’ਤੇ ਆਪਣੀ ਰੋਟੀ ਰੋਜ਼ ਚਲਾਉਣ ਵਾਲੇ ਲੋਕ ਦੁੱਖੀ ਹਨ। ਉਹਨਾਂ ਦੀ ਰਿਹਾਇਸ਼ ਦੇ ਬਦਲਵੇਂ ਪ੍ਰਬੰਧ ਹੋਣੇ ਚਾਹੀਦੇ ਹਨ।

# ਜਨਮ ਸ਼ਤਾਬਦੀ ਮੌਕੇ ਦੋ ਵਿਗਿਆਨੀਆਂ ਨੂੰ ਯਾਦ ਕਰਦਿਆਂ

ਸਮਾਜ ’ਚ ਜੜ੍ਹਾਂ ਜਮਾਂ ਚੁੱਕੀਆਂ ਮਾਨਵਤਾਵਾਂ ਨੂੰ ਪਲਟ ਦੇਣਾ ਕਠਿਨ ਹੀ ਨਹੀਂ ਬਲਕਿ ਜੋਖਿਮ ਭਰਿਆ ਵੀ ਹੈ। ਅਜਿਹੀ ਕੋਸ਼ਿਸ਼ ਕਰਨ ਵਾਲਿਆਂ ਨੂੰ ਹਿੰਮਤੀ ਕਿਹਾ ਜਾਂਦਾ ਹੈ। ਪਰ ਅੱਜ ਸਿਰਫ ਆਪਣੇ ਕੰਮ ਅਤੇ ਯੋਗਦਾਨ ਦੇ ਸਿਰ ’ਤੇ ਦੁਨੀਆ ’ਚ ਅਮਰ ਹੋਣਾ ਹੋਵੇ ਤਾਂ ਅਜਿਹੀ ਹਿੰਮਤ ਤਾਂ ਵਿਖਾਉਣੀ ਹੀ ਪੈਂਦੀ ਹੈ। ਚਾਰਲਸ ਡਾਰਵਿਨ ਤੇ ਗੈਲੀਲੀਓ ਨੇ ਅਜਿਹਾ ਹੀ ਕੀਤਾ ਤੇ ਅੱਜ ਪੂਰੀ ਦੁਨੀਆ ਉਨ੍ਹਾਂ ਨੂੰ ਯਾਦ ਕਰ ਰਹੀ ਹੈ। ਉਹਨਾਂ ਦੀਆਂ ਖੋਜਾਂ ਨੂੰ ਸਲਾਹ ਰਹੀ ਹੈ ਇਸ ਸਾਲ 12 ਫਰਵਰੀ ਨੂੰ ਇਗਲੈਂਡ ਦੇ ਚਾਰਲਸ ਡਾਰਵਿਨ ਦੇ ਜਨਮ ਨੂੰ 200 ਸਾਲ ਪੂਰੇ ਹੋ ਗਏ ਹਨ ਅਤੇ ਉਨ੍ਹਾਂ ਦੀ ਦੁਨੀਆ ਬਦਲਣ ਵਾਲੀ ਕਿਰਤ ‘ਆਨ ਦਾ ਉਰਿਜਨ ਆਫ਼ ਸਪੀਸ਼ੀਜ’ ਆਉਣ ਵਾਲੇ 24 ਨਵੰਬਰ ਨੂੰ ਡੇਢ ਸ਼ਤਾਬਦੀ ਪੂਰੀ ਕਰ ਲਵੇਗੀ। ਦੂਜੇ ਪਾਸੇ ਇਟਲੀ ਦੇ ਗਲੀਲੀਓ ਨੇ ਅੱਜ ਤੋਂ 400 ਸਾਲ ਪਹਿਲਾਂ ਦੂਰਬੀਨ ਦੀ ਵਰਤੋਂ ਕਰਕੇ ਚੰਦ ਸਿਤਾਰਿਆਂ ਦੀ ਦੁਨੀਆ ਨੂੰ ਇਨਸਾਨ ਦੇ ਸਾਹਮਣੇ ਲਿਆ ਖੜ੍ਹਾ ਕੀਤਾ ਸੀ। ਇਨ੍ਹਾਂ ਸ਼ਤਾਬਦੀਆਂ ਨੂੰ ਮਨਾਉਣ ਲਈ ਦੁਨੀਆ ਭਰ ’ਚ ਪ੍ਰੋਗਰਾਮ ਕੀਤੇ ਜਾ ਰਹੇ ਹਨ। ਸੰਯੁਕਤ ਰਾਸ਼ਟਰ ਨੇ ਸਾਲ 2009 ਨੂੰ ਕੌਮਾਂਤਰੀ ਖਗੋਲ ਸਾਲ ਨੂੰ ਕੌਮਾਂਤਰੀ ਖਗੋਲ ਸਾਲ ਵਜੋਂ ਮਨਾਉਣ ਦਾ ਫੈਸਲਾ ਲਿਆ ਹੈ। ਭਾਰਤ ਵਿਚ ਵੀ ਇਸ ਸਿਲਸਿਲੇ ’ਚ ਅਨੇਕਾਂ ਆਯੋਜਨ ਹੋ ਰਹੇ ਹਨ ਤਾਂ ਕਿ ਆਮ ਚੰਦ ਸਿਤਾਰਿਆਂ ਦੀ ਦੁਨੀਆ ਦੇ ਰੂ-ਬ-ਰੂ ਹੋ ਸਕਣ। ਚਾਰਲਿਸ ਡਾਰਵਿਨ ਨੇ ਆਪਣੀ ਮਹਾਨ ਅਤੇ ਯੁਗਾਂਤਰਕਾਰੀ ਕਿਰਤ ਰਾਹੀਂ ਜਿਸ ਸਮੇਂ ਦੁਨੀਆ ਦੇ ਸਾਹਮਣੇ ਜੀਵਾਂ ਦੇ ਵਿਕਾਸ ਦਾ ਨਵਾਂ ਸਿਧਾਂਤ ਸਾਹਮਣੇ ਰੱਖਿਆ। ਉਦੋਂ ਇਹ ਆਮ ਮਾਨਵਤਾ ਸੀ ਕਿ ਜੀਵਾਂ ਦੀ ਉਤਪੱਤੀ ਪ੍ਰਮਾਤਮਾ ਨੇ ਕੀਤੀ ਹੈ। ਵੱਖ-ਵੱਖ ਜੀਵਾਂ ਨੂੰ ਖ਼ੁਦ ਪ੍ਰਮਾਤਮਾ ਨੇ ਰਚਿਆ ਹੈ। ਇਗਲੈਂਡ ਤੇ ਪੂਰੀ ਦੁਨੀਆ ਦੇ ਚਰਚ ਇਸ ’ਤੇ ਵਿਸਵਾਸ਼ ਕਰਦੇ ਸਨ ਅਤੇ ਜਨ ਮਾਨਸ ਨੂੰ ਵੀ ਇਹੀ ਪਾਠ ਪੜ੍ਹਾਇਆ ਜਾਂਦਾ ਸੀ ਪਰ ਡਾਰਵਿਨ ਨੇ ਆਪਣੀ ਮੌਲਿਕ ਸੋਚ ’ਤੇ ਖੋਜ ਰਾਹੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਅਜਿਹਾ ਨਹੀਂ ਹੈ। ਜੀਵਾਂ ਦਾ ਵਿਕਾਸ ਕੁਦਰਤ ਨੇ ਕ੍ਰਮਬੱਧ ਢੰਗ ਨਾਲ ਕੀਤਾ ਹੈ ਜਿਸ ਵਿਚ ਕਰੋੜਾਂ ਸਾਲ ਲੱਗੇ ਹਨ। ਕੁਦਰਤ ਨੇ ਜੀਵਾਂ ਦੀ ਰਚਨਾ, ਵਿਹਾਰ ਦੇ ਅਨੁਕੂਲਨ ਦੇ ਖੇਤਰ ਵਿਚ ਅਨੇਕ ਪ੍ਰਯੋਗ ਕੀਤੇ ਤਾਂ ਕਿ ਉਹ ਆਪਣਾ ਜੀਵਨ ਸਫਲਤਾਪੂਰਵਕ ਬਤੀਤ ਕਰ ਸਕਣ। ਅਨੁਕੂਲ ਤੇ ਸਹਾਇਕ ਗੁਣ ਜੀਵਾਂ ਵਿਚ ਜਮਾਂਦਰੂ (ਪਿਤਾ ਪੁਰਖੀ) ਤੌਰ ’ਤੇ ਸ਼ਾਮਲ ਹੁੰਦੇ ਗਏ। ਜਿਹੜੀਆਂ ਜੀਵ ਪ੍ਰਜਾਤੀਆਂ ਵਿਚ ਇਹ ਅਨੁਕੂਲਨ ਨਹੀਂ ਹੋ ਸਕਿਆ, ਉਹ ਹੌਲੀ-ਹੌਲੀ ਅਲੋਪ ਹੁੰਦੀਆਂ ਗਈਆਂ। ਇਸੇ ਲਈ ਡਾਰਵਿਨ ਨੇ ਅੰਗਰੇਜ਼ੀ ਵਿਚ ‘ਸਰਵਾਈਵਲ ਆਫ਼ ਫਿਟੈਸਟ’ ਕਿਹਾ ਜੋ ਅੱਜ ਹਰਮਨ ਪਿਆਰਾ ਮੁਹਾਵਰਾ ਬਣ ਗਿਆ ਹੈ। ਪਰ ਵਿਗਿਆਨ ’ਚ ਸਿਰਫ ਕਹਿਣ ਨਾਲ ਗੱਲ ਨਹੀਂ ਬਣਦੀ, ਬਲਕਿ ਸਾਬਤ ਕਰਕੇ ਵਿਖਾਉਣਾ ਪੈਂਦਾ ਹੈ। ਚਾਰਲਸ ਡਾਰਵਿਨ ਨੇ ‘ਐਚ. ਐਮ. ਐਸ. ਬੀਗਲ’

ਨਾਂ ਦੇ ਸਮੁੰਦਰੀ ਜਹਾਜ਼ 'ਤੇ ਸਵਾਰ ਹੋ ਕੇ ਮਹੀਨਿਆਂ ਬੱਧੀ ਯਾਤਰਾ ਕੀਤੀ। ਥਾਂ-ਥਾਂ ਉਤਰ ਕੇ ਜੀਵਾਂ ਦੀ ਰਚਨਾ ਤੇ ਵਿਹਾਰ ਦਾ ਬਰੀਕੀ ਨਾਲ ਅਧਿਐਨ ਕੀਤਾ। ਨਮੂਨੇ ਇਕੱਠੇ ਕੀਤੇ। ਸੈਂਕੜੇ ਚਿੱਤਰ ਬਣਾਏ। ਵਾਪਸ ਇੰਗਲੈਂਡ ਆ ਕੇ ਮਾਈਕਰੋਸਕੋਪ ਰਾਹੀਂ ਅਧਿਐਨ ਅੱਗੇ ਵਧਾਇਆ ਅਤੇ ਚਿੱਠੀ, ਪੱਤਰਾਂ ਰਾਹੀਂ ਜਾਣਕਾਰੀਆਂ ਇਕੱਠੀਆਂ ਕੀਤੀਆਂ। ਤਦ ਕਿਤੇ ਜਾ ਕੇ 'ਆਨ ਦ ਆਰਿਜਨ ਆਫ਼ ਸਪੀਸ਼ੀਜ਼' ਦੀ ਰਚਨਾ ਸੰਭਵ ਹੋਈ। ਡਾਰਵਿਨ ਨੇ ਆਪਣੀ ਤਰਕਸ਼ੀਲ ਬੁੱਧੀ ਨਾਲ ਨਤੀਜੇ ਤਾਂ ਕੱਢ ਦਿੱਤੇ ਪਰ ਉਨ੍ਹਾਂ ਨਤੀਜਿਆਂ ਦੇ ਪਿੱਛੇ ਦੇ ਅਮਲ ਲਈ ਉਨ੍ਹਾਂ ਕੋਲ ਵਿਗਿਆਨਕ ਸਬੂਤ ਮੌਜੂਦ ਨਹੀਂ ਸਨ। ਇਸ ਲਈ ਉਨ੍ਹਾਂ ਦਾ ਦੁਨੀਆ ਭਰ 'ਚ ਵਿਰੋਧ ਹੋਇਆ। ਖਾਸ਼ ਤੌਰ 'ਤੇ ਚਰਚਾ ਵਿਚ ਡਾਰਵਿਨ ਕੋਲ ਵਿਗਿਆਨਕ ਸਬੂਤਾਂ ਦੀ ਭਾਰੀ ਘਾਟ ਸੀ। ਮਸਲਨ, ਉਸ ਸਮੇਂ ਤੱਕ, ਜੀਵਾਸ਼ਮੋ (ਫਾਸਿਲ) ਦੀ ਵਿਆਪਕ ਖੋਜ ਨਹੀਂ ਹੋ ਸਕੀ ਸੀ। ਇਸ ਲਈ ਵਿਕਾਸ ਦੀਆਂ ਪਿਛਲੀਆਂ ਘੜੀਆਂ ਮਿਲਾਉਣੀਆਂ ਮੁਸ਼ਕਲ ਸਨ।

ਅੱਜ ਜੀਵਾਸ਼ਵਾਂ ਰਾਹੀਂ ਧਰਤੀ 'ਤੇ ਜੀਵਾਂ ਦੇ ਵਿਕਾਸ ਨੂੰ 34 ਅਰਬ ਸਾਲ ਪਿੱਛੇ ਤੱਕ ਵੇਖਿਆ ਜਾ ਸਕਦਾ ਹੈ। ਡਾਰਵਿਨ ਨੇ ਦੱਸਿਆ ਕਿ ਵਿਭਿੰਨਤਾ ਦੇ ਨਾਲ ਪੀੜੀ ਦਰ ਪੀੜੀ ਗੁਣਾਂ ਸਿਲਸਲਾ ਦੇ ਮੇਲ ਨਾਲ ਜੀਵਾਂ ਦੇ ਵਿਕਾਸ ਦਾ ਕ੍ਰਮ ਪੀੜੀ ਦਰ ਪੀੜੀ ਜਾਰੀ ਹੈ ਪਰੰਤੂ ਅਜਿਹਾ ਕਿਵੇਂ ਹੋ ਰਿਹਾ ਹੈ, ਉਨ੍ਹਾਂ ਕੋਲ ਇਸ ਸਵਾਲ ਦਾ ਕੋਈ ਠੋਸ ਜਵਾਬ ਮੌਜੂਦ ਨਹੀਂ ਸੀ। ਡਾਰਵਿਨ ਦੇ ਵਿਚਾਰਾਂ ਦੇ ਪ੍ਰਕਾਸ਼ਨ ਨੇ ਲਗਭਗ 100 ਸਾਲ ਬਾਅਦ ਵਿਗਿਆਨਕਾਂ ਨੇ ਦੱਸਿਆ ਕਿ ਇਸ ਦਾ ਜੁਆਬ ਹੈ ਡੀ. ਐਨ. ਏ. ਜੋ ਦਰਅਸਲ ਜੀਵਨ ਦੀ ਚਾਬੀ ਹੈ।

ਅੱਜ ਅਸੀਂ ਜਾਣਦੇ ਹਾਂ ਕਿ ਡੀ. ਐਨ. ਏ. ਹੀ ਉਹ ਮੂਲ ਰਚਨਾ ਹੈ, ਜਿਸ ਦੇ ਆਧਾਰ 'ਤੇ ਵੱਖ-ਵੱਖ ਕਿਸਮ ਦੀਆਂ ਜੀਵ ਪ੍ਰਜਾਤੀਆਂ ਦਾ ਉਭਾਰ ਅਤੇ ਵਿਕਾਸ ਸੰਭਵ ਹੋਇਆ। ਜ਼ਰੂਰਤ ਤੇ ਮੰਗ ਅਨੁਸਾਰ ਡੀ. ਐਨ. ਏ. 'ਚ ਬਦਲਾਅ ਹੋਣ ਨਾਲ ਨਵੇਂ ਜੀਵਾਂ ਜਾਂ ਕਹੀਏ ਜੀਵ ਪ੍ਰਜਾਤੀਆਂ ਦੀ ਉਤਪੱਤੀ ਹੋਈ। ਜੋ ਆਪਣੇ ਪੂਰਵਜਾਂ ਤੋਂ ਵੱਧ ਕੁਸ਼ਲ ਤੇ ਕੁਦਰਤ ਦੇ ਅਨੁਕੂਲ ਪਾਏ ਗਏ। ਡਾਰਵਿਨ ਨੇ 150 ਸਾਲ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਹਰ ਜੀਵ ਦਾ ਵਿਕਾਸ ਉਸ ਦੇ ਪੁਰਖਿਆਂ ਤੋਂ ਹੋਇਆ ਹੈ। ਇਸ ਲਈ ਉਨ੍ਹਾਂ ਨੇ ਜੀਵਾਂ ਦੇ ਵਿਕਾਸ ਦੀ ਤੁਲਨਾ ਦਰੱਖਤ ਦੀਆਂ ਟਹਿਣੀਆਂ ਨਾਲ ਕੀਤੀ ਅਤੇ ਅੱਜ ਵੀ ਜੀਵਾਂ ਦੇ ਵਿਕਾਸ ਨੂੰ ਦਰੱਖਤ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਪਿੱਛੇ ਜਿਹੇ ਹੀ ਹੋਈਆਂ ਖੋਜਾਂ ਦੱਸਦੀਆਂ ਹਨ ਕਿ ਕੁਝ ਕਾਰਨਾਂ ਕਰਕੇ ਡੀ. ਐਨ. ਏ. ਇਕ ਪ੍ਰਜਾਤੀ ਤੋਂ ਉਛਲ ਕੇ ਦੂਜੀ ਪ੍ਰਜਾਤੀ 'ਚ ਵੀ ਪਹੁੰਚ ਜਾਂਦੇ ਹਨ। ਇਸ ਲਈ ਅਕਸਰ ਦਰੱਖਤ ਦੀਆਂ ਸਾਖਾਵਾਂ ਜਾਲ ਦਾ ਰੂਪ ਵੀ ਲੈ ਲੈਂਦੀਆਂ ਹਨ ਅਤੇ ਇਹੀ ਵਜ੍ਹਾ ਹੈ ਕਿ ਜੀਵਾਂ ਦੇ ਵਿਕਾਸ ਦਾ ਅਮਲ ਏਨਾ ਸਿੱਧਾ-ਸਰਲ ਨਹੀਂ ਹੈ, ਜਿਨ੍ਹਾਂ ਬਾਹਰੋਂ ਵਿਖਾਈ ਦਿੰਦਾ ਹੈ। ਡਾਰਵਿਨ ਦੇ ਮੁੱਖ ਤੌਰ 'ਤੇ ਕੇਵਲ ਆਪਣੇ ਅਧਿਐਨਾਂ ਨਾਲ ਦਿਖਾ ਦਿੱਤਾ ਸੀ ਕਿ ਮਨੁੱਖ ਦਾ ਵਿਕਾਸ ਅਫ਼ਰੀਕਾ 'ਚ ਬਾਂਦਰਾਂ ਤੋਂ ਹੋਇਆ। ਆਪਣੇ ਇਸ ਵਿਚਾਰ ਲਈ ਦੁਨੀਆ ਭਰ 'ਚ ਉਸ ਦਾ ਮਾਖੌਲ ਵੀ ਉਡਾਇਆ ਗਿਆ। ਪਰ ਅੱਜ ਡੀ. ਐਨ. ਏ. ਅਧਿਐਨਾਂ ਤੋਂ ਸਾਬਤ ਹੋ ਗਿਆ ਹੈ ਕਿ ਚਿੰਪੈਂਜੀ ਤੇ ਬੋਨੋਬੋ ਸਾਡੇ ਸਭ ਤੋਂ ਨਜ਼ਦੀਕੀ ਸੰਬੰਧੀ ਹਨ। ਜੀਵਾਂ ਦੇ ਅਧਿਐਨਾਂ

ਨੇ ਦੱਸਿਆ ਹੈ ਕਿ ਮੌਜੂਦਾ ਬੁੱਧੀਮਾਨ ਮਨੁੱਖ ਦਾ ਵਿਕਾਸ ਪਿਛਲੇ ਲਗਭਗ 70 ਲੱਖ ਸਾਲਾਂ ਵਿਚ ਅਫਰੀਕਾ ’ਚ ਪਾਏ ਜਾਣ ਵਾਲੇ ਕਪਿ ਵਰਗੇ ਪ੍ਰਾਣੀਆਂ ਤੋਂ ਹੋਇਆ ਹੈ। ਇਸ ਤਰ੍ਹਾਂ ਡਾਰਵਿਨ ਨੇ ਇਹ ਵੀ ਦੱਸ ਦਿੱਤਾ ਸੀ ਕਿ ਵੱਖ-ਵੱਖ ਪ੍ਰਾਣੀਆਂ ’ਚ ਮੌਜੂਦ ਗੁੰਝਲਦਾਰ ਅਤੇ ਵੱਧ ਕੁਸ਼ਲ ਅੰਗਾਂ ਦਾ ਵਿਕਾਸ ਵੀ ਕ੍ਰਮਿਕ ਤੌਰ ’ਤੇ ਵੱਖ-ਵੱਖ ਪਾਏ ਦਾਨਾ ਵਿਚ ਹੁੰਦਾ ਹੋਇਆ ਸਭ ਤੋਂ ਉੱਚੇ ਪੱਧਰ ਤੇ ਪਹੁੰਚਿਆ ਹੈ। ਇਸ ਵਿਕਾਸ ਦੌਰਾਨ ਕੁਦਰਤ ਨੇ ਅੰਗਾਂ ਦੀ ਰਚਨਾ ਸੰਬੰਧੀ ਅਨੇਕ ਤਜ਼ਰਬੇ ਵੀ ਕੀਤੇ ਅਤੇ ਸਿਰਫ ਕਾਮਯਾਬ ਪ੍ਰਯੋਗਾਂ ਨੂੰ ਅੱਗੇ ਵਧਾਇਆ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਇਹ ਸਭ ਹੋਇਆ ਕਿਵੇਂ। ਪਿਛਲੇ 25 ਸਾਲਾਂ ’ਚ ਹੋਈਆਂ ਅਧੁਨਿਕ ਖੋਜਾਂ ਤੋਂ ਪਤਾ ਲੱਗਿਆ ਹੈ ਕਿ ਅੰਗਾਂ ਦੀ ਰਚਨਾ ਦੀ ਜ਼ਿੰਮੇਵਾਰੀ ਕੁਝ ਵਿਸ਼ੇਸ਼ ਜੀਵਾਂ ਜਾਂ ਜਨ ਸਮੂਹ ’ਤੇ ਹੁੰਦੀ ਹੈ। ਡਾਰਵਿਨ ਨੂੰ ਇਹ ਵੀ ਉਮੀਦ ਸੀ ਕਿ ਜਲਦੀ ਹੀ ਉਨ੍ਹਾਂ ਦੇ ਸਿਧਾਂਤਾਂ ਅਤੇ ਪ੍ਰੀਕਲਪਨਾਵਾਂ ਨੂੰ ਠੋਸ ਵਿਗਿਆਨਕ ਆਧਾਰ ਮਿਲ ਜਾਵੇਗਾ। ਇਸ ਲਈ ਉਨ੍ਹਾਂ ਨੇ ਆਪਣੀ ਮਹਾਨ ਕ੍ਰਿਤ ਦੇ ਉਪ ਸੰਹਾਰ ’ਚ ਕੁਦਰਤ ਦੇ ਇਤਿਹਾਸ ਵਿਚ ਨੇੜੇ ਭਵਿੱਖ ਵਿਚ ਹੋਣ ਵਾਲੇ ਇਨਕਲਾਬ ਦੀ ਸੰਭਾਵਨਾ ਪ੍ਰਗਟ ਕੀਤੀ ਸੀ। ਉਨ੍ਹਾਂ ਨੇ ਆਪਣੇ ਕੰਮ ਨੂੰ ਜੀਵ ਵਿਗਿਆਨ ਦੇ ਅੰਤ ਵਜੋਂ ਨਹੀਂ ਬਲਕਿ ਸ਼ੁਰੂਆਤ ਵਜੋਂ ਵੇਖਿਆ ਸੀ ਅਤੇ ਇਹ ਅੱਜ ਸੱਚ ਵੀ ਸਾਬਤ ਹੋ ਰਿਹਾ ਹੈ।

ਡਾਰਵਿਨ ਵਾਗੂੰ ਗੈਲੀਲੀਓ ਨੇ ਵੀ ਇਕ ਨਵੇਂ ਯੁੱਗ ਦੀ ਸ਼ੁਰੂਆਤ ਦੀ ਨੀਂਹ ਰੱਖੀ। ਉਹਨਾਂ ਨੇ ਚੰਦ ਸਿਤਾਰਿਆਂ ਦੀ ਦੁਨੀਆ ਨੂੰ ਇਨਸਾਨ ਦੇ ਕਰੀਬ ਲਿਆਉਣ ਦਾ ਇਕ ਬੇਹੱਦ ਕਾਮਯਾਬ ਜ਼ਰੀਆ ਖੋਜ਼ ਲਿਆ। ਸੰਨ 1609 ਵਿਚ ਜਦ ਉਹਨਾਂ ਨੇ ਆਪਣੀ ਦੂਰਬੀਨ (ਟੈਲੀਸਕੋਪ) ਦਾ ਰੁਖ ਚੰਦਰਮਾ, ਤਾਰਿਆਂ ਤੇ ਆਕਾਸ਼ ਗੰਗਾ ਵੱਲ ਕੀਤਾ ਤਾਂ ਇਕ ਅਜੀਬ ਨਜ਼ਾਰਾ ਸਾਹਮਣੇ ਆਇਆ। ਇਸ ਪਿੱਛੋਂ ਤਾਂ ਜਿਵੇਂ ਖਗੋਲ ਵਿਗਿਆਨ ਦੀ ਦੁਨੀਆ ਹੀ ਬਦਲ ਗਈ। ਪਰ ਦੂਰਬੀਨ ਦੀ ਖੋਜ ਗਲੀਲੀਓ ਨੇ ਨਹੀਂ ਕੀਤੀ ਸੀ। ਇਹ ਕੰਮ ਡੱਚ ਜਰਮਨ ਐਨਕਾਂ ਬਣਾਉਣ ਵਾਲੇ ਹੈਸ ਲਿੰਪਰਸ਼ੇ ਨੇ ਕੀਤਾ ਸੀ। ਉਸ ਦਾ ਮੰਨਣਾ ਹੈ ਕਿ ਉਪਕਰਣ ਵਿਸ਼ਾਲ ਸਮੁੰਦਰ ’ਚ ਦੂਰ ਤੱਕ ਨਿਗਾਹ ਰੱਖਣ, ਦੂਰ ਤੋਂ ਹੀ ਫ਼ੌਜ ਦੀ ਚੌਕਸੀ ਕਰਨ ਅਤੇ ਜਾਸੂਸੀ ਵਰਗੇ ਕੰਮਾਂ ਲਈ ਵਰਤਿਆ ਜਾ ਸਕਦਾ ਹੈ। ਜਦ ਇਸ ਦੀ ਖਬਰ ਇਟਲੀ ’ਚ ਗਲੀਲੀਓ ਨੂੰ ਲੱਗੀ ਤਾਂ ਉਸ ਨੇ ਖੁਦ ਦੂਰਬੀਨ ਬਣਾਉਣ ਦਾ ਇਰਾਦਾ ਕਰ ਲਿਆ। ਉਹਨਾਂ ਦੀ ਦੂਰਬੀਨ ਤਿੰਨ ਗੁਣਾਂ ਵੱਡੀ ਦਿੱਸਦੀ ਸੀ, ਦੂਜੀ ਦੂਰਬੀਨ ਵਿਚ ਅੱਠ ਗੁਣਾਂ ਦੇਖਣ ਦੀ ਸਮਰੱਥਾ ਆ ਗਈ ਅਤੇ ਇਸ ਦੂਰਬੀਨ ਨਾਲ ਉਨ੍ਹਾਂ ਨੇ ਪਹਿਲੀ ਵਾਰੀ ਚੰਦ ਤਾਰਿਆਂ ਨੂੰ ਗਹੁ ਨਾਲ ਵੇਖਿਆ। ਉਸ ਵਿਚ ਚੀਜ਼ਾਂ ਨੂੰ 20 ਗੁਣਾਂ ਵੱਡਾ ਕਰ ਕੇ ਵੇਖਣ ਦੀ ਸਮਰੱਥਾ ਸੀ। ਚੰਦ, ਤਾਰਿਆਂ ਨੂੰ ਦੂਰਬੀਨ ਨਾਲ ਵੇਖ ਕੇ ਬ੍ਰਹਿਮੰਡੀ ਪਿੰਡਾਂ ਬਾਰੇ ਜ਼ਿਆਦਾ ਜਾਣਕਾਰੀ ਹਾਸਲ ਕਰਨਾ ਉਨ੍ਹਾਂ ਦੀ ਮੌਲਿਕ ਸੋਚ ਸੀ। ਇਸ ਸੋਚ ਨੇ ਉਸ ਨੂੰ ਅਮਰ ਬਣਾ ਦਿੱਤਾ। ਪੁਲਾੜ ਤੇ ਬ੍ਰਹਿਮੰਡੀ ਪਿੰਡਾਂ ਦੇ ਭੇਦ ਜਾਨਣ ਦੀਆਂ ਸਾਡੀਆਂ ਮੌਜੂਦਾ ਸਮਰਥਾਵਾਂ ਦੇ ਸਾਹਮਣੇ ਗਲੀਲੀਓ ਵਲੋਂ ਵਰਤੀਆਂ ਗਈਆਂ ਦੂਰਬੀਨਾਂ ਬੱਚਿਆਂ ਦੇ ਖਿਡੌਣੇ ਲੱਗਦੀਆਂ ਹਨ। ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਗੱਲ 400 ਸਾਲ ਪਹਿਲਾਂ ਦੀ ਹੈ। ਜਦ ਬ੍ਰਹਿਮੰਡ ਦਾ ਖਗੋਲ ਵਿਗਿਆਨ ਆਪਣੀ ਸ਼ੁਰੂਆਤੀ ਅਵਸਥਾ ਵਿਚ ਸੀ। ਉਸ ਸਮੇਂ ਮਾਨਤਾ ਸੀ ਕਿ ਚੰਦ ਇਕ ਸੁੰਦਰ,

ਸੋਹਣਾ ਤੇ ਚਿਕਨਾ ਪਿੰਡ ਹੈ। ਗਲੀਲੀਓ ਨੇ ਉਥੇ ਉੱਚੇ-ਉੱਚੇ ਪਹਾੜਾਂ ਨੂੰ ਵੇਖਿਆ ਤੇ ਗਾੜ੍ਹੇ ਰੰਗ ਦੇ ਸਾਗਰਾਂ ਦੇ ਦਰਸ਼ਨ ਕੀਤੇ ਜਿਨ੍ਹਾਂ ਨੂੰ ਉਨ੍ਹਾਂ ਨੇ 'ਮਾਰਿਆ' ਕਿਹਾ। ਉਹਨਾਂ ਨੇ ਆਪਣੀ ਦੂਰਬੀਨ ਦੇ ਸਹਾਰੇ ਬ੍ਰਹਿਸਪਤੀ ਗ੍ਰਹਿ ਦੇ ਚਾਰ ਚੰਦਰਮਿਆਂ ਨੂੰ ਵੇਖਿਆ ਪਰਖਿਆ। ਗਲੀਲੀਓ ਦੇ ਸਨਮਾਨ ਵਿਚ ਇਹਨਾ ਨੂੰ ਗਲੀਲਿਆਨ ਚੰਦ ਕਿਹਾ ਜਾਂਦਾ ਹੈ। ਇਸ ਤੋਂ ਉਸ ਨੇ ਆਪਣਾ ਰੁਖ ਕੀਤਾ ਭੇਦ ਭਰੇ ਸ਼ੁਕਰ ਵੱਲ। ਗਲੀਲੀਓ ਨੇ ਦੇਖਿਆ ਕਿ ਸ਼ੁਕਰ ਗ੍ਰਹਿ ਵੀ ਠੀਕ ਉਸੇ ਤਰ੍ਹਾਂ ਆਪਣਾ ਕਲਾਵਾ ਪੇਸ਼ ਕਰਦਾ ਹੈ ਜਿਵੇਂ ਚੰਦਰਮਾ। ਇਸ ਆਧਾਰ 'ਤੇ ਉਹਨਾਂ ਨੇ ਦੱਸਿਆ ਕਿ ਸ਼ੁਕਰ ਆਪਣੀ ਖ਼ੁਦ ਦੀ ਰੋਸ਼ਨੀ ਕਾਰਨ ਨਹੀਂ ਚਮਕਦਾ ਬਲਕਿ ਸੂਰਜ ਦੀ ਰੋਸ਼ਨੀ ਨੂੰ ਪ੍ਰਵਰਤਿਤ ਕਰਨ ਨਾਲ ਹੀ ਰੋਸ਼ਨੀ ਬਿਖੇਰਦਾ ਹੈ। ਇਸ ਨਾਲ ਇਹ ਮਾਨਤਾ ਵੀ ਪੁਖਦਾ ਹੋਈ ਹੈ ਕਿ ਸੂਰਜ ਨਹੀਂ ਬਲਕਿ ਸਾਰੇ ਗ੍ਰਹਿ ਸੂਰਜ ਦੀ ਪ੍ਰੀਕਰਮਾ ਕਰਦੇ ਹਨ। ਅਜਿਹਾ ਨਾ ਹੁੰਦਾ ਤਾਂ ਸ਼ੁੱਕਰ ਗ੍ਰਹਿ ਕਿਸੇ ਤਰ੍ਹਾਂ ਆਪਣਾ ਕਲਾਵਾਂ ਪ੍ਰਦਰਸ਼ਿਤ ਨਹੀਂ ਸੀ ਕਰ ਸਕਦਾ। ਗੈਲੀਲੀਓ ਨੇ ਦੂਰਬੀਨ ਸਹਾਰੇ ਦਿੱਤੇ ਗਏ ਆਪਣੇ ਬ੍ਰਹਿਮੰਡੀ ਅਧਿਐਨਾਂ ਨੂੰ 'ਸਿੰਡੇਰੀਅਸ ਨੰਸਿਆਸ' ਸੁਰਖੀ ਹੇਠ ਪ੍ਰਕਾਸ਼ਿਤ ਕੀਤਾ। ਇਸ ਗ੍ਰੰਥ ਨੇ ਪਹਿਲਾਂ ਯੂਰਪ ਤੇ ਫਿਰ ਦੁਨੀਆ ਵਿਚ ਥਲਥੱਲੀ ਮਚਾ ਦਿੱਤੀ। ਪੂਰੀ ਸੱਤਰਵੀਂ ਸ਼ਤਾਬਦੀ ਇਸ ਤੋਂ ਪ੍ਰਭਾਵਿਤ ਹੋਈ। ਅਤੇ ਬਾਅਦ ਵਿਚ ਇਸ ਨੇ ਸਮੁੱਚੀ ਮਨੁੱਖ ਜਾਤੀ ਤੇ ਡੂੰਘਾ ਪ੍ਰਭਾਵ ਪਾਇਆ। ਅੱਜ ਖਗੋਲ ਵਿਗਿਆਨ ਸਾਧਾਰਨ ਦੂਰਬੀਨਾਂ ਦੇ ਦਾਇਰੇ ਤੋਂ ਬਹੁਤ ਅੱਗੇ ਵੱਧ ਕੇ ਇਹ ਵੀ ਦੇਖ ਪਰਖ ਰਿਹਾ ਹੈ ਜੋ ਅਸੀਂ ਆਪਣੀਆਂ ਅੱਖਾਂ ਨਾਲ ਨਹੀਂ ਦੇਖ ਸਕਦੇ। ਬ੍ਰਹਿਮੰਡ 'ਚ ਰੇਡਿਓ ਤਰੰਗਾਂ ਦੇ ਰੂਪ 'ਚ ਮੌਜੂਦਾ ਜਾਣਕਾਰੀ ਨੂੰ ਇਕੱਠਾ ਕਰਨ ਲਈ ਰੇਡਿਓ ਦੂਰਬੀਨਾਂ ਬਣਾਈਆਂ ਗਈਆਂ ਹਨ। ਜੋ ਬ੍ਰਹਿਮੰਡ ਦੇ ਭੇਦਾਂ ਤੋਂ ਪਰਦਾ ਹਟਾ ਰਹੀਆਂ ਹਨ। ਅੱਜ ਅਸੀਂ ਜਾਣਦੇ ਹਾਂ ਕਿ ਅਨੰਤ ਬ੍ਰਹਿਮੰਡ 'ਚ ਸੂਰਜ ਵਰਗੇ ਅਣਗਿਣਤ ਤਾਰੇ ਮੌਜੂਦ ਹਨ। ਹੋਰ ਤਾਰਿਆਂ ਦੇ ਇਧਰ-ਗਿਰਧ ਪ੍ਰਕਿਰਿਆ ਕਰਨ ਵਾਲੇ 200 ਤੋਂ ਵੱਧ ਗ੍ਰਹਿ ਖੋਜੇ ਜਾ ਚੁੱਕੇ ਹਨ। ਪੁਲਾੜ 'ਚ ਤੈਰੀਆਂ ਦੂਰਬੀਨਾਂ ਲਗਾਤਾਰ ਸਾਰੀਆਂ ਜਾਣਕਾਰੀਆਂ ਇਕੱਠੀਆਂ ਕਰ ਰਹੀਆਂ ਹਨ ਜੋ ਭਵਿੱਖ ਵਿਚ ਮਨੁੱਖ ਦੀਆਂ ਪੁਲਾੜ ਯਾਤਰਾਵਾਂ ਨੂੰ ਬੇਹੱਦ ਸੌਖਾ ਤੇ ਕਾਮਯਾਬ ਬਣਾ ਦੇਣਗੀਆਂ ਇਸ ਸਭ ਵਿਕਾਸ ਦੇ ਬਾਵਜੂਦ ਅਜੇ ਵੀ ਪੁਲਾੜ 'ਚ ਬਹੁਤ ਕੁਝ ਖੋਜਣਾ ਬਾਕੀ ਹੈ। ਸੰਨ 2009 ਨੂੰ ਕੌਮਾਂਤਰੀ ਪੁਲਾੜ ਵਰੇ ਵਜੋਂ ਮਨਾਉਣ ਦਾ ਇਕ ਮਕਸਦ ਵੱਧ ਤੋਂ ਵੱਧ ਵਿਅਕਤੀਆਂ ਨੂੰ ਪੁਲਾੜ ਬਾਰੇ ਖਿਚ ਪੈਦਾ ਕਰਨਾ ਹੈ।